# ਯੂਰਪ ਦਾ ਸਫ਼ਰਨਾਮਾ

(ਯੂਰਪ ਦੇ 25 ਦੇਸ਼ਾਂ ਦੀ ਯਾਤਰਾ)

ਪ੍ਰੋ. ਹਰਦੇਵ ਸਿੰਘ ਵਿਰਕ

ਪੇਸ਼ਕਸ਼

**ਰਘਬੀਰ ਰਚਨਾ ਪ੍ਰਕਾਸ਼ਨ**

**ਇਸੇ ਕਲਮ ਤੋਂ:**

* ਬ੍ਰਹਿਮੰਡ ਦੀ ਰਚਨਾ
* ਬ੍ਰਹਿਮੰਡੀ ਕਿਰਣਾਂ ਦੀ ਕਹਾਣੀ
* ਵਾਯੂ ਮੰਡਲ
* ਧੁਨੀ ਵਿਗਿਆਨ
* ਤਾਪਗਤੀ ਵਿਗਿਆਨ
* ਐਟਮੀ ਭੌਤਿਕ ਵਿਗਿਆਨ
* ਆਦਰਸ਼ ਅਤੇ ਹਕੀਕਤ
* ਸਾਡੇ ਵਿਗਿਆਨੀ
* ਵਿਗਿਆਨ ਦੇ ਕ੍ਰਿਸ਼ਮੇ
* ਵਿਗਿਆਨ ਅਤੇ ਵਿਗਿਆਨੀਆਂ ਬਾਰੇ ਰੌਚਿਕ ਕਥਾਵਾਂ
* ਗੁਰੂ ਗ੍ਰੰਥ ਸਾਹਿਬ ਵਿਚ ਵਿਗਿਆਨਕ ਦ੍ਰਿਸ਼ਟੀਕੋਣ (ਅੰਗ੍ਰੇਜ਼ੀ)
* ਪ੍ਰੋਫ਼ੈਸਰ ਪੂਰਨ ਸਿੰਘ : ਵਿਗਿਆਨੀ, ਕਵੀ ਅਤੇ ਚਿੰਤਕ
* ਅਮਰੀਕਾ ਕੈਨੇਡਾ ਦੀ ਯਾਤਰਾ
* ਸਿੱਖ ਕੌਮ ਦਾ ਦਰਦ ਅਤੇ ਸੰਤਾਪ
* ਸਿੱਖ ਧਰਮ ਅਤੇ ਵਿਗਿਆਨ
* ਮੇਰੀ ਵਿਸ਼ਵ ਯਾਤਰਾ

©  Author

Edition : 2009

Price : Rs. 350/-

ISBN :

**Europe Da Safarnama**
(Travelogue of Europe)
by : Prof. Hardev Singh Virk
E-mail : hardevsingh.virk@gmail.com

Published by :
Tarlochan Publishers
3236, Sector 15-D, Chandigarh
Tel. : 0172-4613236 (M) 9878603236
E-mail : tarlochanpublishers@yahoo.co.in

| | | |
|---|---|---|
| ਯੂਰਪ ਦਾ ਸਫ਼ਰਨਾਮਾ | : | ਲੇਖਕ ਪ੍ਰੋ. ਹਰਦੇਵ ਸਿੰਘ ਵਿਰਕ |
| ਪ੍ਰਕਾਸ਼ਕ | : | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ |
| ਛਾਪਕ | : | ਮੋਨਾ ਐਂਟਰਪ੍ਰਾਈਜਸ, ਦਿੱਲੀ |
| ਟਾਈਟਲ | : | ਲਲਿਤ |

# ਤਤਕਰਾ


| | | |
|---|---|---|
| | ਸਫ਼ਰਨਾਮੇ ਦੀ ਭੂਮਿਕਾ | 9 |
| 1. | ਮੇਰਾ ਪਹਿਲਾ ਵਿਦੇਸ਼ੀ ਦੌਰਾ : ਪੈਰਿਸ | 12 |
| 2. | ਮਿੱਤਰ ਦੇਸ - ਯੂਗੋਸਲਾਵੀਆ | 18 |
| 3. | ਹੰਗਰੀ ਦੇ ਸਿੱਖ | 23 |
| 4. | ਧਰਤੀ ਉਪਰ ਸਵਰਗ ਦਾ ਟੁਕੜਾ - ਸਾਲਜ਼ਬੁਰਗ | 27 |
| 5. | ਦਿੱਲੀ ਤੋਂ ਮਾਸਕੋ | 32 |
| 6. | ਮਾਸਕੋ ਤੋਂ ਸਾਰਾਜੀਵੋ | 39 |
| 7. | ਯਾਤਰੀਆਂ ਦਾ ਸ਼ਹਿਰ : ਦੁਬਰੋਵਨੀਕ | 43 |
| 8. | ਵਿਗਿਆਨੀਆਂ ਦਾ ਸ਼ਹਿਰ : ਤਰੀਸਤੇ | 48 |
| 9. | ਇਟਲੀ ਦੇ ਦੋ ਰਮਣੀਕ ਸ਼ਹਿਰ: ਪੀਸਾ ਅਤੇ ਫਲੋਰੈਂਸ | 53 |
| 10. | ਮੇਰੀ ਜਰਮਨ ਯਾਤਰਾ | 57 |
| 11. | ਪੈਰਿਸ ਦਾ ਸਰਕਾਰੀ ਚੱਕਰ | 62 |
| 12. | ਮੇਰੇ ਦੋਸਤ ਦਾ ਸ਼ਹਿਰ - ਲੀਓਂ | 68 |
| 13. | ਐਲਪਸ ਦਾ ਬੱਚਾ - ਗਰੀਨੋਬਲ | 75 |
| 14. | ਮਾਰੀ ਕਲੌਡ ਦਾ ਸ਼ਹਿਰ - ਕਾਨ | 81 |
| 15. | ਮੌਂਪਿਲੀਏ | 89 |
| 16. | ਸਿੱਖਾਂ ਦਾ ਬਾਰਸੀਲੋਨਾ | 94 |
| 17. | ਵਿੱਲਾਜੋਇਸਾ | 102 |
| 18. | ਮੈਡਰਿਡ ਦੀ ਯਾਤਰਾ | 109 |
| 19. | ਪੈਰਿਸ ਦੇ ਸਿੱਖ | 115 |
| 20. | ਯੂਰਪ ਦੇ ਪੰਜਾਬੀ ਪੂਰਬੀਏ | 121 |
| 21. | ਬਰਲਿਨ ਦੀ ਯਾਤਰਾ | 126 |
| 22. | ਬੈਲਜੀਅਮ ਦਾ ਦੌਰਾ | 130 |
| 23. | ਮਿੱਤਰਾਂ ਦਾ ਦੇਸ - ਹੰਗਰੀ | 135 |
| 24. | ਹੰਗਰੀ ਦੇ ਪਿੰਡਾਂ ਦੀ ਸੈਰ | 139 |
| 25. | ਐਰਦੋਬੇਨੀਆ | 142 |
| 26. | ਬੁੱਡਾਪੈਸਟ : ਹੰਗਰੀ ਦਾ ਦਿਲ ਅਤੇ ਦਿਮਾਗ | 147 |
| 27. | ਪੈਰਿਸ ਦੀ ਫੇਰੀ | 152 |
| 28. | ਰੋਮ ਦੇ ਰੋਮਨ | 155 |
| 29. | ਸੁੰਦਰਤਾ ਦਾ ਪ੍ਰਤੀਕ - ਵੀਨਸ | 161 |
| 30. | ਲਕਸਮਬੁਰਗ | 165 |
| 31. | ਮਾਰਬੁਰਗ ਦੀ ਯਾਤਰਾ | 168 |
| 32. | ਹੰਗਰੀ ਦੇ ਯਹੂਦੀ ਪ੍ਰੀਵਾਰ 'ਚ ਬਸੇਰਾ | 172 |
| 33. | ਪੋਲੈਂਡ ਦਾ ਸਭਿਆਚਾਰਕ ਕੇਂਦਰ : ਕਰਾਕੋਵ | 177 |

| | | |
|---|---|---|
| 34. | ਪਲੈਂਡ ਦੀ ਰਾਜਧਾਨੀ : ਵਾਰਸਾ | 182 |
| 35. | ਰੂਸ ਦੀ ਦੂਜੀ ਫੇਰੀ | 187 |
| 36. | ਯੂਰਪ ਦੀ ਯਾਤਰਾ : ਹਵਾਈ ਜਹਾਜ਼ ਦਾ ਸਫਰ | 193 |
| 37. | ਰੋਮ ਤੋਂ ਪੋਰਤੋਰੋਜ਼ | 198 |
| 38. | ਸਲੋਵੀਨੀਆ ਦੀ ਯਾਤਰਾ | 203 |
| 39. | ਜਰਮਨੀ ਦਾ ਮਿਊਨਿਖ ਸ਼ਹਿਰ | 207 |
| 40. | ਜਰਮਨ ਪਿੰਡ ਵਿਚ ਦੋ ਰਾਤਾਂ | 211 |
| 41. | ਡਰੈਸਡੈਨ ਦੀ ਯਾਤਰਾ | 215 |
| 42. | ਪਰਾਗ ਦੇ ਮਨਮੋਹਕ ਨਜ਼ਾਰੇ | 220 |
| 43 | ਅਸਟਰੀਆ ਦੀ ਰਾਜਧਾਨੀ ਵੀਆਨਾ | 224 |
| 44. | ਹੰਗਰੀ ਦਾ ਪਿੰਡ ਮਾਤਰਾਦਰੈਚਕੇ | 229 |
| 45. | ਹੰਗਰੀ ਅਤੇ ਭਾਰਤ ਦੀ ਸਭਿਆਚਾਰਕ ਸਾਂਝ | 233 |
| 46. | ਯੂਰਪ ਤੋਂ ਏਸ਼ੀਆ ਦਾ ਸਫ਼ਰ: ਪੁਰਤਗਾਲ ਦੀ ਯਾਤਰਾ | 237 |
| 47. | ਪੈਰਿਸ ਦੀ ਇਕ ਹੋਰ ਫੇਰੀ | 242 |
| 48. | ਐਮਸਟਰਡਮ ਦੇ ਸੁੰਦਰ ਨਜ਼ਾਰੇ | 246 |
| 49. | ਡੈਨਮਾਰਕ ਦੀ ਰਾਜਧਾਨੀ ਕੋਪਨਹੈੱਗਨ ਦਾ ਦੌਰਾ | 250 |
| 50. | ਸਵੀਡਨ ਦੀ ਯਾਤਰਾ | 255 |
| 51. | ਜਰਮਨੀ ਦੀ ਯਾਤਰਾ | 259 |
| 52. | ਹੰਗਰੀ ਵਿਚ ਕਰਿਸ਼ਨਾ ਵਾਦੀ | 265 |
| 53. | ਰੋਮਾਨੀਆ ਦੀ ਰਾਜਧਾਨੀ ਬੁਕਾਰੈਸਟ | 270 |
| 54. | ਬੁਲਗਾਰੀਆ ਦੀ ਸੁੰਦਰਤਾ ਦਾ ਪ੍ਰਤੀਕ : ਸੋਫੀਆ | 275 |
| 55. | ਯੂਨਾਨ ਦਾ ਸੁੰਦਰ ਸ਼ਹਿਰ ਸੈਲੋਨੀਕੀ | 280 |
| 56. | ਤੁਰਕੀ ਦਾ ਨਗੀਨਾ : ਇਸਤੰਬੋਲ | 284 |
| 57. | ਇਜ਼ਮੀਰ ਦੇ ਸੁੰਦਰ ਨਜ਼ਾਰੇ | 289 |
| 58. | ਮੇਰੀ ਲੰਡਨ ਫੇਰੀ | 293 |
| 59. | ਸਕਾਟਲੈਂਡ ਦੀ ਸੈਰ | 297 |
| 60. | ਲੰਡਨ ਵੱਲ ਵਾਪਸੀ | 301 |
| 61. | ਐਲਵੀਡਨ ਦੀ ਯਾਤਰਾ | 305 |
| 62. | ਜਰਮਨੀ ਦੇ ਪੰਜਾਬੀ ਢਾਬੇ | 309 |
| 63. | ਡਰੈਸਡੇਨ ਅਤੇ ਮੀਸਨ ਦੀ ਯਾਤਰਾ | 313 |
| 64. | ਸਵਿਟਜ਼ਰਲੈਂਡ ਦੇ ਰਮਣੀਕ ਨਜ਼ਾਰੇ | 317 |
| 65. | ਫਰਾਂਸ ਦੇ ਸ਼ਹਿਰ ਲੂਰਦ ਅਤੇ ਤੁਲੂਜ਼ ਦੀ ਯਾਤਰਾ | 321 |
| 66. | ਪੈਰਿਸ ਦੀ ਯਾਤਰਾ ਅਤੇ ਸਿੱਖ ਪਗੜੀ ਦਾ ਮਸਲਾ | 325 |

# ਸਫ਼ਰਨਾਮੇ ਦੀ ਭੂਮਿਕਾ

---

ਮੇਰੀ ਵਿਸ਼ਵ ਯਾਤਰਾ ਕੋਈ ਸੋਚੀ ਸਮਝੀ ਸਕੀਮ ਅਧੀਨ ਨਹੀਂ ਅਰੰਭੀ ਗਈ ਸੀ । 1970 ਵਿਚ ਮੇਰੀ ਫਰਾਂਸ ਜਾਣ ਦੀ ਤਿਆਰੀ ਹੋਈ ਕਿਉਂਕਿ ਉਚੇਰੀ ਖੋਜ ਲਈ ਮੈਨੂੰ ਫਰਾਂਸੀਸੀ ਸਰਕਾਰ ਦਾ ਵਜ਼ੀਫਾ ਪ੍ਰਾਪਤ ਹੋ ਗਿਆ। ਅਕਤੂਬਰ ਦੇ ਮਹੀਨੇ ਏਅਰ ਫਰਾਂਸ ਦੇ ਜਹਾਜ਼ ਤੇ ਸਵਾਰ ਹੋ ਕੇ ਮੈਂ ਪੈਰਿਸ ਦੇ ਓਰਲੀ ਏਅਰਪਰੋਟ ਤੇ ਜਾ ਉਤਰਿਆ । ਪਹਿਲੀ ਵਿਦੇਸ਼ੀ ਯਾਤਰਾ ਦਾ ਚਾਅ ਤਾਂ ਬਹੁਤ ਸੀ ਪ੍ਰੰਤੂ ਪਿੱਛੇ ਬਜ਼ੁਰਗ ਮਾਤਾ ਅਤੇ ਪਤਨੀ ਸਮੇਤ ਦੋ ਛੋਟੇ ਬੱਚਿਆਂ ਤੋਂ ਵਿਛੋੜਾ ਭੀ ਜਰਨਾ ਪਿਆ। ਖੋਜ ਕੰਮ ਦੇ ਰੁਝੇਵੇਂ ਤੋਂ ਜਦੋਂ ਵਿਹਲ ਮਿਲਿਆ ਤਾਂ ਮੈਂ ਫਰਾਂਸ ਦੇ ਰਮਣੀਕ ਸ਼ਹਿਰਾਂ ਦਾ ਦੌਰਾ ਸ਼ੁਰੂ ਕਰ ਦਿਤਾ । ਇਹ ਟੂਰ ਪ੍ਰੋਗਰਾਮ ਪੈਰਿਸ ਯੂਨੀਵਰਸਿਟੀ ਦੇ ਵਿਦੇਸ਼ੀ ਵਿਦਿਆਰਥੀਆਂ ਦੀ ਸਹੂਲਤ ਲਈ ਸਰਕਾਰੀ ਪੱਧਰ ਤੇ ਉਲੀਕੇ ਜਾਂਦੇ ਸਨ ਅਤੇ ਕਾਫੀ ਸਸਤੇ ਪੈਂਦੇ ਸਨ । ਮੇਰੀ ਮਿੱਤਰਤਾ ਦਾ ਘੇਰਾ ਕਾਫੀ ਫੈਲ ਗਿਆ ਸੀ ਅਤੇ ਵਿਸ਼ਵ ਭਰ ਦੇ ਵਿਦਿਆਰਥੀ ਮੇਰੇ ਸੰਪਰਕ ਵਿਚ ਆਉਣ ਲੱਗ ਪਏ ਸਨ।

ਪੈਰਿਸ ਯੂਨੀਵਰਸਿਟੀ ਵਿਚ ਮੇਰਾ ਖੋਜ ਵਜ਼ੀਫਾ ਤਿੰਨ ਸਾਲ ਦਾ ਮਨਜ਼ੂਰ ਹੋਇਆ ਸੀ। ਮੈਨੂੰ ਆਪਣੇ ਪ੍ਰੀਵਾਰ ਦਾ ਵਿਛੋੜਾ ਹਮੇਸ਼ਾਂ ਸਤਾਉਂਦਾ ਰਹਿੰਦਾ ਅਤੇ ਮੈਂ ਆਪਣੀ ਖੋਜ ਦੋ ਸਾਲ ਵਿਚ ਪੂਰੀ ਕਰਕੇ ਪੀ.ਐਚ.ਡੀ ਦਾ ਥੀਸਜ਼ ਲਿਖ ਕੇ ਪੈਰਿਸ ਯੂਨੀਵਰਸਿਟੀ ਦੇ ਹਵਾਲੇ ਕਰ ਦਿੱਤਾ । ਮੇਰੇ ਇਮਤਿਹਾਨ ਵਿਚ ਦੋ ਮਹੀਨੇ ਦਾ ਸਮਾਂ ਸੀ । ਮੇਰੇ ਲਈ ਚੰਗਾ ਮੌਕਾ ਹੱਥ ਆ ਗਿਆ ਅਤੇ ਮੈਂ ਯੂਰਪ ਦੀ ਯਾਤਰਾ ਸ਼ੁਰੂ ਕਰ ਦਿਤੀ । ਇਸ ਯਾਤਰਾ ਦੌਰਾਨ ਮੈਂ ਜਰਮਨੀ, ਪੋਲੈਂਡ, ਚੈਕੋਸਲਵਾਕੀਆ, ਇਟਲੀ ਅਤੇ ਯੂਗੋਸਲਾਵੀਆ ਦਾ ਦੌਰਾ ਹੀ ਕਰ ਸਕਿਆ । 1972 ਦੇ ਅਖੀਰ ਤੇ ਮੈਂ ਆਪਣੇ ਘਰ ਪਰਤ ਆਇਆ ।

1977 ਵਿਚ ਯੂਰਪ ਜਾਣ ਦਾ ਦੂਜਾ ਮੌਕਾ ਮਿਲਿਆ ਤਾਂ ਮੈਂ ਇਟਲੀ, ਫਰਾਂਸ, ਅਸਟਰੀਆ ਅਤੇ ਯੂਗੋਸਲਾਵੀਆ ਘੁੰਮ ਆਇਆ । ਵਾਪਸ ਮੁੜਨ ਤੋਂ ਪਹਿਲਾਂ ਮੇਰੇ ਇਕ ਅਰਬੀ ਦੋਸਤ ਨੇ ਟਿਊਨੀਸੀਆ ਆਉਣ ਦਾ ਸੱਦਾ ਭੇਜਿਆ । ਅਫਰੀਕਾ ਦਾ ਇਹ ਪਹਿਲਾ ਦੌਰਾ ਸੀ ਪਰੰਤੂ ਮੈਨੂੰ ਅਰਬਾਂ ਦੀ ਪ੍ਰਾਹੁਣਚਾਰੀ ਨੇ ਅਜੇਹਾ ਪ੍ਰਭਾਵਿਤ ਕੀਤਾ ਕਿ ਮੈਂ ਪਿਛਲੇ ਸਾਲ ਫਿਰ ਅਫਰੀਕਾ ਜਾ ਪਹੁੰਚਿਆ ।

1979 ਵਿਚ ਮੇਰੀ ਨਿਯੁਕਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਬਤੌਰ ਮੁਖੀ ਹੋ ਗਈ । ਇਸ ਉਪਰੰਤ ਮੇਰੀ ਵਿਦੇਸ਼ ਯਾਤਰਾ ਲੱਗਭੱਗ ਨਿਰੰਤਰ ਚੱਲਦੀ ਰਹੀ ਹੈ। ਖੋਜ ਕਾਰਜ ਲਈ ਪ੍ਰੋ: ਅਬਦੁੱਸ ਸਲਾਮ ਨੇ ਹੱਲਾਸ਼ੇਰੀ ਦੇਈ ਰੱਖੀ ਅਤੇ ਮੈਂ ਕਈ ਚੱਕਰ ਯੂਰਪ ਦੇ ਲਗਾਉਂਦਾ ਰਿਹਾ। ਮੇਰਾ ਪਹਿਲਾ ਪੜਾਅ ਇਟਲੀ ਦਾ ਅੰਤਰ-ਰਾਸ਼ਟਰੀ ਭੌਤਿਕ ਵਿਗਿਆਨ ਕੇਂਦਰ ਹੋਇਆ ਕਰਦਾ ਸੀ ਜੋ ਤਰੀਸਤੇ ਸ਼ਹਿਰ ਵਿਚ ਸਥਿੱਤ ਹੈ । ਇਸ ਖੋਜ ਕੇਂਦਰ ਤੋਂ ਵਿਤੀ ਸਹਾਇਤਾ ਲੈ ਕੇ ਯੂਰਪ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਦਾ ਚੱਕਰ ਲਗਾ ਆਉਂਦਾ । ਹੰਗਰੀ , ਫਰਾਂਸ, ਜਰਮਨੀ ਅਤੇ ਯੂਗੋਸਲਾਵੀਆ ਦੇ ਵਿਗਿਆਨੀ ਮੇਰੇ ਸੰਪਰਕ ਵਿਚ ਆ ਚੁੱਕੇ ਸਨ ਜਿਸ ਕਰਕੇ ਮੇਰੀ ਰਿਹਾਇਸ਼ ਦਾ ਪ੍ਰਬੰਧ ਉਹ ਖੁਦ ਹੀ ਕਰ ਦਿੰਦੇ । ਬਲਕਿ ਅਸਟਰੀਆ ਵਿਚ ਤਾਂ ਮੈਨੂੰ ਗੈਸਟ ਪ੍ਰੋਫੈਸਰ ਦੀ ਉਪਾਧੀ ਵੀ ਮਿਲ ਗਈ ਅਤੇ ਮੈਂ ਟੈਕਨੀਕਲ ਯੂਨੀਵਰਸਿਟੀ ਇਨਜ਼ਬਰੁੱਕ ਵਿਚ ਇਕ ਮਹੀਨਾ ਖੋਜ ਕਰਦਾ ਰਿਹਾ ।

1970 ਤੋਂ ਲੈ ਕੇ ਹੁਣ ਤੱਕ ਮੈਂ ਪੰਚਤਾਲੀ ਦੇਸ਼ਾਂ ਵਿਚ ਘੁੰਮ ਆਇਆ ਹਾਂ। ਸਭ ਤੋਂ ਵਧੇਰੇ ਚੱਕਰ ਯੂਰਪ ਦੇ ਹੀ ਲੱਗੇ ਹਨ । ਯੂਰਪ ਦੇ 25 ਦੇਸ਼ਾਂ ਦੀ ਯਾਤਰਾ ਕਰ ਚੁੱਕਾ ਹਾਂ। ਨਾਰਵੇ ਅਤੇ ਫਿਨਲੈਂਡ ਤੋਂ ਇਲਾਵਾ ਲੱਗਭੱਗ ਸਾਰਾ ਯੂਰਪ ਹੀ ਗਾਹ ਮਾਰਿਆ ਹੈ। ਸਭ ਤੋਂ ਵੱਧ ਚੱਕਰ ਇਟਲੀ, ਫਰਾਂਸ, ਜਰਮਨੀ ਅਤੇ ਹੰਗਰੀ ਦੇ ਲੱਗੇ ਹਨ। ਹੰਗਰੀ ਵਿਚ ਪ੍ਰੋ: ਜਾਰਜ ਮਾਰਕਸ ਮੇਰੇ ਖੋਜ ਸਾਥੀ ਬਣ ਗਏ ਅਤੇ ਇਹ ਸਿਲਸਿਲਾ ਕਈ ਸਾਲ ਚੱਲਦਾ ਰਿਹਾ । ਹੰਗਰੀ ਦੀ ਪਹਿਲੀ ਯਾਤਰਾ ਦੌਰਾਨ ਕਿਸ਼ ਬੋਲਬਾਲਾ ਦੇ ਪ੍ਰੀਵਾਰ ਦੀ ਪ੍ਰਾਹੁਣਚਾਰੀ ਨੇ ਅਜੇਹਾ ਪ੍ਰਭਾਵਿਤ ਕੀਤਾ ਕਿ ਮੈਂ ਇਸ ਪ੍ਰੀਵਾਰ ਨੂੰ 'ਹੰਗਰੀ ਦੇ ਸਿੱਖ' ਕਹਿਣ ਤੇ ਮਜਬੂਰ ਹੋਇਆ । ਪੈਰਿਸ ਵਿਚ ਮੇਰਾ ਵਿਦਿਆਰਥੀ ਜੀਵਨ ਬੀਤਿਆ ਸੀ ਜਿਸ ਕਰਕੇ ਗਾਹੇ ਬਗਾਹੇ ਮੈਂ ਪੈਰਿਸ ਯੂਨੀਵਰਸਿਟੀ ਦਾ ਚੱਕਰ ਲਗਾ ਆਉਂਦਾ । ਨਰੇਸ਼ਪਾਲ ਸਿੰਘ ਪੈਰਿਸ ਵਿਚ ਮੇਰਾ ਸੰਗੀ ਸਾਥੀ ਬਣ ਗਿਆ ਸੀ ਅਤੇ ਹਰ ਚੱਕਰ ਦੌਰਾਨ ਉਹ ਮੈਨੂੰ

ਏਅਰਪੋਰਟ ਤੋਂ ਆਪਣੇ ਘਰ ਲੈ ਜਾਂਦਾ । 2003 ਵਿਚ ਜਦੋਂ ਮੈਂ ਲੰਡਨ ਤੋਂ ਪੈਰਿਸ ਫ਼ੋਨ ਕੀਤਾ ਤਾਂ ਪਤਾ ਲੱਗਾ ਕਿ ਨਰੇਸ਼ਪਾਲ ਸਿੰਘ ਦਿਲ ਦਾ ਦੌਰਾ ਪੈਣ ਕਰਕੇ ਚਲਾਣਾ ਕਰ ਗਿਆ ਹੈ। ਜੀਵਨ ਭਰ ਦਾ ਸਾਥੀ ਜਾਂਦਾ ਰਿਹਾ ।

ਯੂਰਪ ਦਾ ਸਫ਼ਰਨਾਮਾ ਇਸ ਲੜੀ ਦੀ ਤੀਸਰੀ ਪੁਸਤਕ ਹੈ। ਰਘਬੀਰ ਰਚਨਾ ਪ੍ਰਕਾਸ਼ਨ ਨੇ ਪਹਿਲਾਂ ਹੀ ਦੋ ਪੁਸਤਕਾਂ ਛਾਪ ਰੱਖੀਆਂ ਹਨ : ਅਮਰੀਕਾ ਕੈਨੇਡਾ ਦੀ ਯਾਤਰਾ ਅਤੇ ਮੇਰੀ ਵਿਸ਼ਵ ਯਾਤਰਾ । ਦਰਅਸਲ ਪੰਜਤਾਲੀ ਦੇਸ਼ਾਂ ਦਾ ਵੇਰਵਾ ਇਕ ਪੁਸਤਕ ਵਿਚ ਸੰਭਾਲਣਾ ਕਠਿਨ ਸਮੱਸਿਆ ਬਣ ਗਈ ਸੀ ਜਿਸ ਕਰਕੇ ਵਿਸ਼ਵ ਯਾਤਰਾ ਦੇ ਤਿੰਨ ਭਾਗ ਅਲਹਿਦਾ ਕਰਕੇ ਛਾਪੇ ਗਏ ਹਨ ।

ਮੇਰੇ ਸਫ਼ਰਨਾਮੇ ਅਖਬਾਰਾਂ ਵਿਚ ਤਾਂ ਛਪਦੇ ਰਹੇ ਹਨ ਪਰੰਤੂ ਪੁਸਤਕ ਰੂਪ ਵਿਚ ਇਹ ਪਹਿਲੀ ਵਾਰ ਛਾਪੇ ਜਾ ਰਹੇ ਹਨ। ਉਮੀਦ ਹੈ ਪੰਜਾਬੀ ਪਾਠਕਾਂ ਵਿਚ ਇਹ ਵਿਦੇਸ਼ ਰਟਨ ਦਾ ਠਰਕ ਪੈਦਾ ਕਰਨਗੇ। ਵਿਦਿਆਰਥੀ ਜੀਵਨ ਵਿਚ 'ਕਮਲਾ ਅਕਾਲੀ' ਦਾ 'ਵਿਲਾਇਤ ਦਾ ਸਫ਼ਰਨਾਮਾ' ਪੜ੍ਹਿਆ ਜੋ ਇਕ ਉਤਮ ਰਚਨਾ ਸੀ। ਉਸ ਤੋਂ ਬਾਅਦ ਮੈਂ ਹੋਰ ਕਿਸੇ ਲੇਖਕ ਦਾ ਸਫ਼ਰਨਾਮਾ ਗੌਲਿਆ ਹੀ ਨਹੀਂ। ਯਾਤਰਾ ਦੇ ਸਾਧਨ ਸੁਖਾਲੇ ਹੋਣ ਕਾਰਨ ਹਰ ਜਣਾ ਖਣਾ ਯੂਰਪ ਅਤੇ ਅਮਰੀਕਾ ਘੁੰਮ ਆਉਂਦਾ ਹੈ ਅਤੇ ਵਾਪਸ ਆਉਣ ਸਾਰ ਸਫ਼ਰਨਾਮਾ ਛਪਵਾ ਲੈਂਦਾ ਹੈ । ਮੇਰਾ ਤਜ਼ਰਬਾ ਵੱਖਰੀ ਭਾਂਤ ਦਾ ਹੈ। ਮੈਂ ਕਿਸੇ ਦੇਸ਼ ਦੀ ਵਿਸਥਾਰ ਸਹਿਤ ਚਰਚਾ ਨਹੀਂ ਕੀਤੀ ਜੋ ਅੰਕੜਿਆਂ ਤੇ ਅਧਾਰਿਤ ਹੁੰਦੀ ਹੈ। ਜਿੱਥੇ ਕਿਤੇ ਮੈਂ ਗਿਆ, ਉਥੋਂ ਦੇ ਲੋਕਾਂ ਨਾਲ ਸੰਪਰਕ ਪੈਦਾ ਕੀਤਾ ਅਤੇ ਇਸ ਨਿੱਜੀ ਸੰਪਰਕ ਤੋਂ ਪੈਦਾ ਹੋਏ ਵਲਵਲੇ ਮੇਰੀ ਯਤਾਰਾ ਦਾ ਅਹਿਮ ਭਾਗ ਹੋ ਨਿਬੜੇ । ਅੰਤ ਵਿਚ ਮੈਂ ਆਪਣੇ ਮਿੱਤਰਾਂ, ਸੰਗੀ ਸਾਥੀਆਂ ਅਤੇ ਆਪਣੇ ਪ੍ਰੀਵਾਰ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਸਦਕਾ ਮੈਂ ਇਹ ਜੋਖਮ ਭਰਿਆ ਸਫ਼ਰ ਪੂਰਾ ਕਰ ਸਕਿਆ ਹਾਂ।

**ਪ੍ਰੋ : ਹਰਦੇਵ ਸਿੰਘ ਵਿਰਕ**

360 ਸੈਕਟਰ 71, ਮੋਹਾਲੀ

ਈਮੇਲ: hardevsingh.virk@gmail.com

~~~
~~~

# ਮੇਰਾ ਪਹਿਲਾ ਵਿਦੇਸ਼ੀ ਦੌਰਾ : ਪੈਰਿਸ

ਮੇਰਾ ਬਚਪਨ ਨਾਨਕੇ ਘਰ ਹੀ ਬੀਤਿਆ ਅਤੇ ਸਾਡੀ ਨਾਨਕਾ ਬਰਾਦਰੀ ਦਾ ਬਾਲ ਸਿੰਘ ਬਾਜਵਾ ਅਮਰੀਕਾ ਤੋਂ ਐਮ.ਐਸ.ਸੀ ਐਗਰੀਕਲਚਰ ਦੀ ਡਿਗਰੀ ਕਰਕੇ ਪੰਜਾਬ ਦੇ ਖੇਤੀਬਾੜੀ ਮਹਿਕਮੇ ਵਿਚ ਡਾਇਰੈਕਟਰ ਬਾਗਵਾਨੀ ਦੇ ਅਹੁਦੇ ਤੋਂ ਰੀਟਾਇਰ ਹੋਏ। ਜਦੋਂ ਮੈਂ ਮੈਟਰਿਕ ਪਾਸ ਕੀਤੀ ਤਾਂ ਮੇਰੇ ਨਾਨਕੇ ਪਿੰਡ ਸ਼ੇਕਰਾਂ ਦਾ ਪਰੇਮ ਸਿੰਘ ਕਾਹਲੋਂ ਅਮਰੀਕਾ ਜਾਣ ਦੀ ਤਿਆਰੀ ਕਰ ਰਿਹਾ ਸੀ। ਉਹ ਆਪਣੀ ਜਮੀਨ ਵੇਚ ਕੇ ਅਤੇ ਚਾਚੇ ਤੋਂ ਕਰਜਾ ਲੈ ਕੇ ਅਮਰੀਕਾ ਪਹੁੰਚ ਗਿਆ। ਮੇਰੇ ਗਵਾਂਢੀ ਪਿੰਡ ਮੋਰਾਂਵਾਲੀ ਦਾ ਭਗਤ ਸਿੰਘ ਵੀ ਅਮਰੀਕਾ ਤੋਂ ਪੀ.ਐਚ.ਡੀ ਕਰਕੇ ਮਹਿੰਦਰਾ ਕਾਲਜ ਵਿਚ ਪ੍ਰੋਫੈਸਰ ਲੱਗਾ ਹੋਇਆ ਸੀ। ਜਦੋਂ ਮੈਂ ਐਮ.ਐਸ.ਸੀ ਕਰਕੇ ਪਿੰਡ ਮੁੜਿਆ ਤਾਂ ਭਗਤ ਸਿੰਘ ਦੇ ਪਿਤਾ ਰਘੁਬੀਰ ਸਿੰਘ ਮੈਨੂੰ ਟੱਕਰ ਗਏ ਅਤੇ ਕਹਿਣ ਲੱਗੇ ਕਿ ਪੀ.ਐਚ.ਡੀ ਕਰਨੀ ਮੇਰੇ ਲਈ ਲਾਹੇਵੰਦ ਸਿੱਧ ਹੋਵੇਗੀ। ਖੈਰ ਮੇਰੇ ਲਈ ਨੌਕਰੀ ਕਰਨੀ ਲਾਜ਼ਮੀ ਸੀ ਅਤੇ 1963 ਵਿਚ ਮੈਂ ਪਹਿਲਾਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਅਤੇ ਫਿਰ ਜਲਦੀ ਹੀ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਲੁਧਿਆਣਾ ਵਿਚ ਲੈਕਚਰਾਰ ਭਰਤੀ ਹੋ ਗਿਆ। 1965 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਚਲਾ ਗਿਆ ਪਰੰਤੂ ਇਥੇ ਖੋਜ ਸਹੂਲਤਾਂ ਦੀ ਘਾਟ ਕਾਰਣ ਪੀ.ਐਚ.ਡੀ ਕਰਨ ਲਈ ਵਿਦੇਸ਼ ਜਾਣਾ ਹੀ ਬਿਹਤਰ ਸਮਝਿਆ। ਸਾਡੇ ਵਿਭਾਗ ਦੇ ਕਈ ਅਧਿਆਪਕ ਅਮਰੀਕਾ ਜਾ ਚੁੱਕੇ ਸਨ। 1969 ਵਿਚ ਮੇਰੀ ਮਾਸਕੋ ਯੂਨੀਵਰਸਿਟੀ ਲਈ ਚੋਣ ਹੋ ਗਈ ਅਤੇ ਮੈਂ ਵੀਜ਼ਾ ਲੈ ਕੇ ਜਾਣ ਦੀ ਤਿਆਰੀ ਕਰ ਰਿਹਾ ਸਾਂ ਕਿ ਦਾਖਲਾ ਰੱਦ ਹੋ ਗਿਆ। 1970 ਵਿਚ ਫਰਾਂਸ ਜਾਣ ਲਈ ਮੈਨੂੰ ਫਰਾਂਸ ਸਰਕਾਰ ਦਾ ਵਜ਼ੀਫਾ ਮਿਲ ਗਿਆ ਅਤੇ 5 ਅਕਤੂਬਰ ਨੂੰ ਮੈਂ ਪਾਲਮ ਹਵਾਈ ਅੱਡੇ ਤੋਂ ਏਅਰ ਫਰਾਂਸ ਦੇ ਜਹਾਜ ਤੇ ਸਵਾਰ ਹੋ ਕੇ 6 ਅਕਤੂਬਰ ਦੀ ਸਵੇਰ ਨੂੰ ਓਰਲੀ ਏਅਰਪੋਰਟ ਤੇ ਜਾ ਉਤਰਿਆ। ਮੇਰੇ ਜੀਵਨ ਦਾ ਇਹ ਪਹਿਲਾ ਹਵਾਈ ਸਫਰ ਸੀ। ਜਹਾਜ ਚਾਰ ਜਗਹ ਉਤਰਿਆ : ਕਰਾਚੀ, ਬੈਰੂਤ ਅਤੇ ਏਥਨਜ਼ ਤੋਂ ਬਾਅਦ ਅਸੀਂ ਪੈਰਿਸ ਪਹੁੰਚ ਗਏ। ਏਅਰਪੋਰਟ ਉਪਰ ਵਿਦੇਸ਼ੀ ਵਿਦਿਆਰਥੀਆਂ ਨੂੰ ਅੱਗੋਂ ਲੈਣ ਲਈ ਫਰਾਂਸੀਸੀ ਵਿਦਿਅਕ ਮਹਿਕਮੇ ਦੇ ਕਰਮਚਾਰੀ ਹਾਜਰ ਹੁੰਦੇ ਹਨ। ਬਦਕਿਸਮਤੀ ਨੂੰ ਸਾਡੀ ਵਾਰੀ ਕੋਈ ਲੈਣ ਨਾ ਆਇਆ। ਮੇਰਾ ਸਾਥੀ ਰਮੇਸ਼ ਦਿੱਲੀ ਦਾ ਰਹਿਣ ਵਾਲਾ ਸੀ। ਸੋ ਪਹਿਲਾਂ ਤਾਂ ਅਸੀਂ ਆਪਣਾ ਸਮਾਨ ਲੱਭਣ ਵਿਚ ਹੀ ਬੌਂਦਲ ਗਏ। ਪਹਿਲੀ ਵਾਰ ਏਅਰਪੋਰਟ ਤੇ ਚੱਲਦੀਆਂ ਪਉੜੀਆਂ ਅਤੇ ਪਟਾ ਵੇਖਿਆ। ਇਕ ਦੂਜੇ ਦਾ ਹੱਥ ਫੜ ਕੇ ਅਸੀਂ ਡਰਦੇ ਡਰਦੇ ਪੌੜੀ ਤੇ ਚੜ੍ਹ ਗਏ ਅਤੇ ਏਅਰਪੋਰਟ ਤੋਂ ਬਾਹਰ ਨਿਕਲ ਆਏ।

ਅਸੀਂ ਕਾਫੀ ਚਿਰ ਬੌਂਦਲੇ ਹੋਏ ਫਿਰਦੇ ਰਹੇ ਕਿਉਂਕਿ ਸਾਡੇ ਪਾਸ ਆਪਣੇ ਪੈਰਿਸ ਦੇ ਟਿਕਾਣੇ ਦਾ ਥਹੁ ਪਤਾ ਨਹੀਂ ਸੀ। ਦੂਸਰਾ ਸਰਦੀ ਨਾਲ ਕਾਂਬਾ ਛਿੜਿਆ ਹੋਇਆ ਸੀ। ਖੁਸ਼ਕਿਸਮਤੀ ਨੂੰ ਅਫਰੀਕਨ ਵਿਦਿਆਰਥੀਆਂ ਦਾ ਇਕ ਟੋਲਾ ਏਅਰਪੋਰਟ ਤੋਂ ਬਾਹਰ ਨਿਕਲਿਆ। ਇਹ ਸਾਡੇ ਵਾਂਗ ਵਜ਼ੀਫੇ ਉਪਰ ਪੜ੍ਹਨ ਆਏ ਸਨ ਅਤੇ ਇਨ੍ਹਾਂ ਦੀ ਆਉ-ਭਗਤ ਲਈ ਵਿਦਿਅਕ ਮਹਿਕਮੇ ਦੀ ਇਕ ਬੱਸ ਤਿਆਰ ਖੜ੍ਹੀ ਸੀ। ਅਸੀਂ ਹੌਂਸਲਾ ਕਰਕੇ ਇਸ ਬੱਸ ਉਪਰ ਸਵਾਰ ਹੋ ਗਏ ਅਤੇ ਅਫਰੀਕਨ ਵਿਦਿਆਰਥੀਆਂ ਦੇ ਹੋਸਟਲ ਵਿਚ ਪਹੁੰਚ ਗਏ। ਅਸੀਂ ਬਿਨ ਬੁਲਾਏ ਮਹਿਮਾਨ ਵਾਂਗ ਮਹਿਸੂਸ ਕਰ ਰਹੇ ਸਾਂ। ਕਮਰੇ ਵਿਚ ਦਰਜਨ ਦੇ ਕਰੀਬ ਬੈੱਡ ਲੱਗੇ ਹੋਏ ਸਨ ਅਤੇ ਸਾਨੂੰ ਡਰ ਸੀ ਕਿ ਸਾਡੇ ਪੈਸੇ ਚੋਰੀ ਨਾ ਹੋ ਜਾਣ। ਕੱਦ ਕਾਠ ਵਿਚ ਇਹ ਕਾਲੇ ਵਿਦਿਆਰਥੀ ਆਦਮ ਬੋ ਹੀ ਲਗ ਰਹੇ ਸਨ। ਸਭ ਤੋਂ ਵੱਡੀ ਸਮੱਸਿਆ ਭਾਸ਼ਾ ਦੀ ਹੁੰਦੀ ਹੈ। ਫਰਾਂਸ ਵਿਚ ਅੰਗਰੇਜੀ ਨੂੰ ਨਫਰਤ ਕਰਦੇ ਹਨ ਅਤੇ ਅੰਗਰੇਜੀ ਬੋਲਣ ਵਾਲੇ ਦੀ ਸ਼ਾਮਤ ਆ ਜਾਂਦੀ ਹੈ। ਅਸੀਂ ਆਪਣੇ ਵਜ਼ੀਫਾ ਦਫਤਰ ਦਾ ਪਤਾ ਲਿਖ ਕੇ ਟੈਕਸੀ ਵਾਲੇ ਨੂੰ ਪੜ੍ਹਾਇਆ ਅਤੇ ਦਫਤਰ ਪਹੁੰਚ ਗਏ। ਸੈਕਟਰੀ ਨੇ ਦੱਸਿਆ ਕਿ ਸਾਡੀ ਉੜਾਨ ਦੀ ਸਹੀ ਜਾਣਕਾਰੀ ਨਾ ਮਿਲਣ ਕਰਕੇ ਅਗੋਂ ਕੋਈ ਲੈਣ ਨਹੀਂ ਜਾ ਸਕਿਆ। ਉਸਨੇ ਮੇਰੀ ਫਾਈਲ ਤਿਆਰ ਕਰਕੇ ਇਕ ਮਹੀਨੇ ਦਾ ਵਜ਼ੀਫਾ ਅਤੇ ਕੁਝ ਕਾਰਡ ਮੇਰੇ ਹਵਾਲੇ ਕਰ ਦਿਤੇ। ਜਦੋਂ ਦੁਪਹਿਰ ਦਾ ਲੰਚ ਕਰਨ ਲਈ ਸਰਕਾਰੀ ਰੈਸਟੋਰੈਂਟ ਵਿਚ ਪਹੁੰਚੇ ਤਾਂ ਮੇਰੀ ਸ਼ਾਮਤ ਆ ਗਈ। ਸ਼ਾਕਾਹਾਰੀ ਭੋਜਨ ਤਾਂ ਮਿਲਣਾ ਮੁਸ਼ਕਲ ਸੀ ਪਰੰਤੂ ਮੇਰੇ ਦਾਖਲੇ ਉਪਰ ਹੀ ਰੌਲਾ ਪੈ ਗਿਆ। ਦਰਅਸਲ, ਪੈਰਿਸ ਯੂਨੀਵਰਸਿਟੀ ਵਿਚ ਪਗੜੀ ਵਾਲਾ ਮੈਂ ਪਹਿਲਾ ਸਿੱਖ ਵਿਦਿਆਰਥੀ ਸਾਂ। ਇਥੇ ਦੇ ਰੈਸਤੋਰਾਂ, ਗਿਰਜਾ ਘਰਾਂ ਅਤੇ ਹੋਰ ਮਜਲਸਾਂ ਵਿਚ ਸਿਰ ਢੱਕ ਕੇ ਜਾਣਾ ਵਰਜਿਤ ਹੈ ਅਤੇ ਅਸਭਿਅਕ ਮੰਨਿਆ ਜਾਂਦਾ ਹੈ। ਲਗਭਗ ਇਕ ਮਹੀਨਾ ਲੱਗਿਆ ਅਤੇ ਮੈਂ ਆਪਣੀ ਸਿਖੀ ਪਹਿਚਾਣ ਸਥਾਪਿਤ ਕਰਨ ਵਿਚ ਕਾਮਯਾਬ ਹੋ ਗਿਆ।

ਫਰਾਂਸੀਸੀ ਵਿਦਿਅਕ ਮਹਿਕਮੇ ਦੀ ਕੋਸ਼ਿਸ਼ ਹੁੰਦੀ ਹੈ ਕਿ ਹਰ ਵਿਦੇਸ਼ੀ ਵਿਦਿਆਰਥੀ ਨੂੰ ਪੈਰਿਸ ਤੋਂ ਬਾਹਰ ਭੇਜਿਆ ਜਾਵੇ। ਪਹਿਲਾ ਸਾਲ ਫਰਾਂਸੀਸੀ ਭਾਸ਼ਾ ਦੀ ਸਿਖਲਾਈ ਵਿਚ ਲੰਘ ਜਾਂਦਾ ਹੈ ਅਤੇ ਖੋਜ ਕਾਰਜ ਬਾਅਦ ਵਿਚ ਸ਼ੁਰੂ ਹੁੰਦਾ ਹੈ।

ਪਟਿਆਲੇ ਤੋਂ ਤੁਰਨ ਲੱਗਿਆਂ ਮੈਂ ਪ੍ਰੋ: ਹਰਬੰਸ ਸਿੰਘ ਹੋਰਾਂ ਨੂੰ ਮਿਲਣ ਗਿਆ। ਉਨ੍ਹਾਂ ਨੇ ਅਸ਼ੀਰਵਾਦ ਦਿਤੀ ਅਤੇ ਆਪਣੇ ਜਾਣੂ ਡਾ: ਸ਼ਾਮ ਲਾਲ ਮਲਿਕ ਦਾ ਪਤਾ ਵੀ ਦਿਤਾ ਜੋ ਪੈਰਿਸ ਯੂਨੀਵਰਸਿਟੀ ਵਿਚ ਖੋਜ ਕਰ ਰਿਹਾ ਸੀ। ਵਜ਼ੀਫਾ ਦਫਤਰ ਤੋਂ ਪੁੱਛ ਗਿੱਛ ਕਰਕੇ ਮੈਂ ਡਾਕਟਰ ਮਲਿਕ ਦੀ ਪ੍ਰਯੋਗਸ਼ਾਲਾ ਵਿਚ ਪਹੁੰਚ ਗਿਆ। ਇਹ ਮੁਲਾਕਾਤ ਮੇਰੇ ਲਈ ਬਹੁਤ ਹੀ ਲਾਭਦਾਇਕ ਸਿੱਧ ਹੋਈ। ਇਕ ਤਾਂ ਫਰਾਂਸੀਸੀ ਭਾਸ਼ਾ ਤੋਂ ਖਹਿੜਾ ਛੁੱਟ ਗਿਆ ਅਤੇ ਦੂਸਰਾ ਮੇਰੀ ਖੋਜ ਦਾ ਕਾਰਜ ਪੈਰਿਸ ਯੂਨੀਵਰਸਿਟੀ ਵਿਚ ਹੀ ਸ਼ੁਰੂ ਕਰਨ ਦੀ ਇਜਾਜਤ ਮਿਲ ਗਈ। ਪੈਰਿਸ ਪਹੁੰਚਣ ਦੇ ਦੂਸਰੇ ਦਿਨ ਹੀ ਮੈਂ ਆਪਣੇ ਖੋਜ ਨਿਗਰਾਨ ਪ੍ਰੋ: ਮੈਕਸ ਮੋਰਾਂ (Max Morand) ਨਾਲ ਮੁਲਾਕਾਤ ਕਰਕੇ ਪ੍ਰਯੋਗਸ਼ਾਲਾ ਵਿਚ ਖੋਜ ਕਾਰਜ ਸ਼ੁਰੂ ਕਰ ਲਿਆ। ਮੇਰੇ ਨਾਲ ਦੇ ਹੋਰ ਵਿਦਿਆਰਥੀ ਕਈ ਸਾਲ ਟੱਕਰਾਂ ਮਾਰਦੇ ਰਹੇ।

ਪੈਰਿਸ ਯੂਨੀਵਰਸਿਟੀ ਵਿਚ ਇਕ ਲੱਖ ਦੇ ਕਰੀਬ ਵਿਦਿਆਰਥੀ ਪੜ੍ਹ ਰਹੇ ਸਨ ਅਤੇ ਵਿਸ਼ਵ ਭਰ ਦੇ ਹਰ ਦੇਸ਼ ਤੋਂ ਵਿਦਿਆਰਥੀ ਇਥੇ ਪੜ੍ਹਨ ਲਈ ਆਉਂਦੇ ਹਨ। ਪੈਰਿਸ ਦੇ ਅੰਤਰ-ਰਾਸ਼ਟਰੀ ਕੈਂਪਸ ਵਿਚ ਕੋਈ 50 ਦੇਸ਼ਾਂ ਦੇ ਆਪਣੇ ਹੋਸਟਲ ਹਨ। ਇਕ ਮਹੀਨੇ ਬਾਅਦ ਮੈਨੂੰ ਇੰਡੀਅਨ ਹੋਸਟਲ ਵਿਚ ਰਿਹਾਇਸ਼ੀ ਕਮਰਾ ਮਿਲ ਗਿਆ। ਇਸ ਦੇ ਦੋ ਫਾਇਦੇ ਹੋਏ, ਇਕ ਤਾਂ ਇੰਡੀਅਨ ਮਹੌਲ ਅਤੇ ਦੂਸਰਾ ਕੈਂਪਸ ਵਿਚ ਸੈਰ ਸਪਾਟੇ ਲਈ ਖੁੱਲਾ ਮੈਦਾਨ ਅਤੇ ਬਾਗ ਸੀ ਜੋ ਪੈਰਿਸ ਵਿਚ ਕਿਸੇ ਵਿਰਲੇ ਨੂੰ ਹੀ ਨਸੀਬ ਹੁੰਦਾ ਹੈ। ਇਸ ਕੈਂਪਸ ਤੋਂ ਨੇੜੇ ਹੀ ਮੈਟਰੋ ਦਾ ਸਟੇਸ਼ਨ ਹੈ ਜਿਸ ਤੇ ਸਵਾਰ ਹੋ ਕੇ ਪੈਰਿਸ ਦੇ ਹਰ ਖੂੰਜੇ ਪਹੁੰਚ ਜਾਈਦਾ ਹੈ। ਪ੍ਰਯੋਗਸ਼ਾਲਾ ਵਿਚ ਮੇਰਾ ਰੁਟੀਨ ਸਵੇਰੇ ਅੱਠ ਵਜੇ ਤੋਂ ਸ਼ੁਰੂ ਹੋ ਕੇ ਰਾਤ ਦੇ ਦਸ ਵਜੇ ਤੱਕ ਨਿਰੰਤਰ ਜਾਰੀ ਰਹਿੰਦਾ। ਦੁਪਹਿਰ ਦਾ ਲੰਚ ਅਤੇ ਰਾਤ ਦਾ ਡਿਨਰ ਯੂਨੀਵਰਸਿਟੀ ਦੇ ਰੈਸਤੋਰਾਂ ਵਿਚ ਸਸਤੇ ਭਾਅ ਮਿਲ ਜਾਂਦਾ ਸੀ। ਉਸ ਜਮਾਨੇ ਮੇਰਾ ਵਜੀਫਾ ਸਿਰਫ 300 ਫਰੈਂਕ ਸੀ ਅਤੇ ਫਰੈਂਕ ਰੁਪਏ ਦੇ ਬਰਾਬਰ ਮੁੱਲ ਦਾ ਹੋਇਆ ਕਰਦਾ ਸੀ। ਡਾਲਰ ਪੰਜ ਰੁਪਏ ਤੋਂ ਘੱਟ ਮੁੱਲ ਦਾ ਸੀ। ਇੰਨੀ ਥੋੜੀ ਰਕਮ ਨਾਲ ਗੁਜਾਰਾ ਠੀਕ ਚੱਲ ਰਿਹਾ ਸੀ ਪਰੰਤੂ ਦੋ ਸਾਲ ਦੇ ਅਰਸੇ ਵਿਚ ਮੈਂ ਕਦੇ ਵੀ ਪ੍ਰਾਈਵੇਟ ਹੋਟਲ ਜਾਂ ਰੈਸਤੋਰਾਂ ਵਿਚ ਜਾਣ ਦੀ ਹਿੰਮਤ ਨਾ ਕਰ ਸਕਿਆ।

ਹਫਤੇ ਦੇ ਪੰਜ ਦਿਨ ਪ੍ਰਯੋਗਸ਼ਾਲਾ ਵਿਚ ਸਖਤ ਮਿਹਨਤ ਕਰਨੀ ਪੈਂਦੀ ਸੀ ਅਤੇ ਵੀਕ-ਐਂਡ ਉਪਰ ਪੈਰਿਸ ਤੋਂ ਬਾਹਰ ਘੁੰਮਣ ਦਾ ਪ੍ਰੋਗਰਾਮ ਮੇਰਾ ਮਨ ਭਾਉਂਦਾ ਚੇਟਕ ਬਣ ਗਿਆ। ਵਿਦਿਅਕ ਮਹਿਕਮੇ ਵੱਲੋਂ ਹਰ ਹਫਤੇ ਪਹਿਲਾਂ ਹੀ ਸਸਤੇ ਗਰੁੱਪ ਟੂਰ ਦਾ ਪ੍ਰਬੰਧ ਕਰ ਲਿਆ ਜਾਂਦਾ ਜਿਸ ਵਿਚ ਕੇਵਲ ਵਿਦੇਸ਼ੀ ਵਿਦਿਆਰਥੀ ਹੀ ਸ਼ਾਮਲ ਹੋ ਸਕਦੇ ਸਨ। ਇਨ੍ਹਾਂ ਟੂਰ ਪ੍ਰੋਗਰਾਮਾਂ ਸਦਕਾ ਮੈਂ ਫਰਾਂਸ ਦੇ ਕੋਨੇ ਕੋਨੇ ਨੂੰ ਵੇਖ ਲਿਆ ਅਤੇ ਇਥੋਂ ਦੀ ਸਭਿਅਤਾ ਦੇ ਨਵੇਂ ਅਤੇ ਪੁਰਾਣੇ ਚਿਹਨ ਮੇਰੀ ਸਿਮਰਤੀ ਦਾ ਹਿੱਸਾ ਬਣ ਗਏ। ਸਭ ਤੋਂ ਸੁੰਦਰ ਬਾਦਸ਼ਾਹਾਂ ਦੇ ਮਹੱਲ 'ਸ਼ਾਤੋ ਦਾ ਲਵਾਰ' ਕਈ ਵਾਰ ਵੇਖਣ ਦਾ ਮੌਕਾ ਮਿਲਿਆ। ਇਨ੍ਹਾਂ ਟੂਰਾਂ ਵਿਚ ਹਰ ਦੇਸ਼ ਦਾ ਵਿਦਿਆਰਥੀ ਆਪਣੀ ਬੋਲੀ ਵਿਚ ਕੋਈ ਗੀਤ ਗਾ ਸਕਦਾ ਸੀ। ਪੰਜਾਬੀ ਗੀਤਾਂ ਦੀ ਮੁਹਾਰਤ ਹੋਣ ਕਰਕੇ ਮੇਰੀ ਪੁੱਛ ਗਿੱਛ ਰਹਿੰਦੀ ਸੀ। ਪਰੰਤੂ ਲਾਤੀਨੀ ਅਮਰੀਕਾ ਦੇ ਵਿਦਿਆਰਥੀ ਨਾਚ ਗਾਣੇ ਨਾਲ ਆਪਣਾ ਖੂਬ ਰੰਗ ਬੰਨਦੇ ਸਨ। ਅਰਬੀ, ਈਰਾਨੀ ਅਤੇ ਲਾਤੀਨੀ ਮੇਰੇ ਮਿੱਤਰ ਬਣ ਗਏ ਅਤੇ ਹਰ ਮਹਿਫਲ ਵਿਚ ਮੇਰੀ ਹਾਜ਼ਰੀ ਜਰੂਰੀ ਸਮਝੀ ਜਾਣ ਲੱਗੀ।

ਗਰਮੀ ਦੀਆਂ ਛੁੱਟੀਆਂ ਵਿਚ ਪੈਰਿਸ ਖਾਲੀ ਹੋ ਜਾਂਦਾ ਅਤੇ ਵਿਦੇਸ਼ੀ ਯਾਤਰੀਆਂ ਦੀ ਭੀੜ ਇੱਧਰ ਪਹੁੰਚ ਜਾਂਦੀ। ਪੈਰਿਸ ਦੀ ਸੁੰਦਰਤਾ ਦੇ ਵਿਸ਼ਵ ਭਰ ਵਿਚ ਚਰਚੇ ਹਨ ਅਤੇ ਇਸ ਦੇ ਵੇਖਣ ਯੋਗ ਸਮਾਰਕਾਂ ਵਿਚ ਨੋਟਰ ਡੈਮ ਦਾ ਗਿਰਜਾ ਘਰ, ਈਫਲ ਟਾਵਰ, ਲੂਵਰ ਦਾ ਅਜਾਇਬ ਘਰ ਅਤੇ ਹੋਰ ਅਨੇਕਾਂ ਸੁੰਦਰ ਨਜਾਰੇ ਹਨ। ਵਿਦਿਆਰਥੀਆਂ ਦਾ ਮਨ ਭਾਉਂਦਾ ਇਲਾਕਾ 'ਕਾਰਤੀਏ ਲਾਤੇਂ' ਜਾਂ 'ਲੈਟਿਨ ਕੁਆਰਟਰ' ਵੀ ਵਿਸ਼ਵ ਪ੍ਰਸਿੱਧ ਹੈ। ਇਥੇ ਸਾਰੀ ਰਾਤ ਰੈਸਤੋਰਾਂ, ਡਿਸਕੋ ਅਤੇ ਥੀਏਟਰ ਖੁੱਲੇ ਰਹਿੰਦੇ ਹਨ। ਸੈਨ ਦਰਿਆ ਦੇ ਕਿਨਾਰੇ ਵੱਸਿਆ ਪੈਰਿਸ ਸ਼ਹਿਰ ਰਾਤ ਨੂੰ ਕਿਸੇ ਅਪੱਛਰਾ ਤੋਂ ਘੱਟ ਸੁੰਦਰ ਪ੍ਰਤੀਤ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਰਾਤ ਭਰ ਦਰਿਆ ਕਿਨਾਰੇ ਯਾਤਰੀ ਘੁੰਮਦੇ ਰਹਿੰਦੇ ਹਨ। ਮੇਰੀ ਪ੍ਰਯੋਗਸ਼ਾਲਾ ਵੀ ਇਸ ਦਰਿਆ ਤੋਂ ਨੇੜੇ ਸੀ ਜਿਸ ਕਰਕੇ ਕੰਮ ਦਾ ਅਕੇਵਾਂ ਦੂਰ ਕਰਨ ਲਈ ਮੈਂ ਕਈ ਵਾਰ ਇਸ ਦੇ ਕਿਨਾਰੇ ਟਹਿਲਣ ਲਈ ਪਹੁੰਚ ਜਾਂਦਾ।

ਪੈਰਿਸ ਯੂਨੀਵਰਸਿਟੀ ਵਿਚ 50 ਦੇ ਕਰੀਬ ਭਾਰਤੀ ਵਿਦਿਆਰਥੀ ਸਨ ਜੋ ਹਰ ਸਾਲ ਵਜ਼ੀਫਾ ਪ੍ਰਾਪਤ ਕਰਕੇ ਫਰਾਂਸ ਪਹੁੰਚ ਜਾਂਦੇ। ਕੋਈ ਵਿਰਲਾ ਟਾਵਾਂ ਆਪਣੇ ਬਾਪ ਦੀ ਕਮਾਈ ਉਪਰ ਵੀ ਪੜ੍ਹਨ ਆ ਜਾਂਦਾ। ਇਕ ਦਿਨ ਵਜੀਫਾ ਦਫਤਰ ਤੋਂ ਬਾਹਰ ਨਿਕਲ ਰਿਹਾ ਸਾਂ ਕਿ ਇਕ ਔਰਤ ਨੇ ਅਵਾਜ ਮਾਰੀ 'ਮਿਸਟਰ ਸਿੰਘ'। ਮੈਂ ਪਿਛਾਂਹ ਮੁੜ ਕੇ ਵੇਖਿਆ ਤਾਂ ਔਰਤ ਨਾਲ ਪਗੜੀ ਵਾਲਾ ਸਿੱਖ ਵੀ ਖੜ੍ਹਾ ਸੀ। ਉਹ ਮੀਆਂ-ਬੀਵੀ ਪ੍ਰਤੀਤ ਹੁੰਦੇ ਸਨ। ਔਰਤ ਦਾ ਨਾਮ 'ਮਰੀਆਨ' ਸੀ ਅਤੇ ਪਗੜੀ ਵਾਲਾ ਸਿੱਖ ਨੀਲੋਖੇੜੀ ਦਾ ਨਰੇਸ਼ਪਾਲ ਸਿੰਘ। ਮਰੀਆਨ ਨੇ ਦੱਸਿਆ ਕਿ ਉਹ ਸ਼ਾਦੀ ਕਰਵਾ ਕੇ ਨਰੇਸ਼ ਨੂੰ ਪੈਰਿਸ ਲੈ ਆਈ ਹੈ ਅਤੇ ਉਸਦਾ ਇਥੇ ਜੀਅ ਨਹੀਂ ਲੱਗ ਰਿਹਾ। ਮਰੀਆਨ ਯੂਨੈਸਕੋ ਦੀ ਲਾਇਬਰੇਰੀ ਵਿਚ ਨੌਕਰੀ ਕਰਦੀ ਸੀ ਅਤੇ ਨਰੇਸ਼ ਨੂੰ ਪੈਰਿਸ ਯੂਨੀਵਰਸਿਟੀ ਵਿਚ ਦਾਖਲ ਕਰਵਾਣਾ ਚਾਹੁੰਦੀ ਸੀ। ਸੋ ਅਸੀਂ ਪੈਰਿਸ ਵਿਚ ਇਕ ਤੋਂ ਹੁਣ ਦੋ ਸਾਬਤ ਸੂਰਤ ਸਿੱਖ ਵਿਦਿਆਰਥੀ

ਹੋ ਗਏ। ਮੇਰਾ ਕੰਮ ਨਰੇਸ਼ ਦਾ ਦਿਲ ਪਰਚਾਵਾ ਕਰਨਾ ਸੀ ਪਰੰਤੂ ਉਹ ਪੈਰਿਸ ਵਿਚ ਅਜੇਹਾ ਰਚਮਿਚ ਗਿਆ ਕਿ ਉਹ ਮੇਰਾ ਦਿਲ ਪ੍ਰਚਾਵਾ ਕਰਨ ਲਗ ਪਿਆ। ਪੜ੍ਹਾਈ ਵਿਚੇ ਛੱਡ ਕੇ ਨਰੇਸ਼ ਫੋਟੋ-ਆਰਟਿਸਟ ਬਣ ਗਿਆ ਅਤੇ ਆਪਣੀ ਦੋਸਤ ਕੈਥਰੀਨ ਨੂੰ ਆਪਣਾ ਮਾਡਲ ਬਣਾ ਲਿਆ। ਬੜੇ ਅਫਸੋਸ ਦੀ ਗੱਲ ਹੈ ਕਿ ਇਹ ਰੰਗੀਨ ਜੋੜੀ ਹੁਣ ਇਸ ਸੰਸਾਰ ਤੋਂ ਕੂਚ ਕਰ ਗਈ ਹੈ ਪਰੰਤੂ ਨਰੇਸ਼ ਦੀ ਵੱਡੀ ਧੀ ਉਸਦੇ ਆਰਟ ਦੀ ਜਦੋਂ ਵੀ ਨੁਮਾਇਸ਼ ਲਗਾਉਂਦੀ ਹੈ ਤਾਂ ਮੈਨੂੰ ਇਸਦੀ ਸੂਚਨਾ ਭੇਜ ਦਿੰਦੀ ਹੈ।

ਪੈਰਿਸ ਵਿਚ ਸਿਖਾਂ ਦੀ ਗਿਣਤੀ ਨਾ ਬਰਾਬਰ ਸੀ ਪਰੰਤੂ ਭਾਈ ਗੁਰਦਾਸ ਦਾ ਇਹ ਵਾਕ 'ਇਕ ਸਿੱਖ ਦੋ ਸਾਧ ਸੰਗਤ ਪੰਜੀਂ ਪ੍ਰਮੇਸ਼ਰ' ਮੇਰੇ ਯਾਦ ਆ ਜਾਂਦਾ। ਕੈਥਰੀਨ ਨੂੰ ਸਿਖ ਧਰਮ ਬਾਰੇ ਕਾਫੀ ਜਾਣਕਾਰੀ ਸੀ ਅਤੇ ਉਹ ਮੇਰੇ ਨਾਲ ਇਸ ਬਾਰੇ ਵਿਚਾਰ ਵਿਟਾਂਦਰਾ ਕਰ ਲੈਂਦੀ। ਉਸ ਦੀ ਇਕ ਹੋਰ ਸਹੇਲੀ 'ਆਨ ਮਾਰੀ' ਰਾਮਾ ਕ੍ਰਿਸ਼ਨਾ ਮਿਸ਼ਨ ਦੇ ਮੱਠ ਤੇ ਹਰ ਐਤਵਾਰ ਹਾਜ਼ਰੀ ਭਰਿਆ ਕਰਦੀ ਸੀ। ਇਕ ਦਿਨ ਕੈਥਰੀਨ ਅਤੇ ਉਸਦੀ ਸਹੇਲੀ ਨਰੇਸ਼ ਨਾਲ ਮੇਰੇ ਕਮਰੇ ਵਿਚ ਆਏ ਅਤੇ ਅਸੀਂ ਸਾਰੇ ਆਸ਼ਰਮ ਵੱਲ ਰਵਾਨਾ ਹੋ ਪਏ। ਮੈਂ ਕੈਥਰੀਨ ਨੂੰ ਗੁਰੂ ਨਾਨਕ ਦੇਵ ਉਪਰ ਫਰਾਂਸੀਸੀ ਭਾਸ਼ਾ ਵਿਚ ਛਪੀ ਪ੍ਰੋ: ਹਰਬੰਸ ਸਿੰਘ ਦੀ ਪੁਸਤਕ ਭੇਟ ਕੀਤੀ ਅਤੇ ਇਕ ਕਾਪੀ ਮੱਠ ਦੇ ਸਵਾਮੀ ਜੀ ਨੂੰ ਲਾਇਬਰੇਰੀ ਵਾਸਤੇ ਦੇ ਆਏ। ਆਨ ਮਾਰੀ ਨੇ ਬਾਅਦ ਵਿਚ ਦੱਸਿਆ ਕਿ ਸਵਾਮੀ ਨੇ ਉਹ ਪੁਸਤਕ ਚੁੱਕਵਾ ਦਿਤੀ ਵਰਨਾ ਉਸਦੀਆਂ ਚੇਲੀਆਂ ਬਾਬੇ ਨਾਨਕ ਦੀਆਂ ਸ਼ਰਧਾਲੂ ਬਣ ਜਾਣਗੀਆਂ। ਇਕ ਦਿਨ ਇਹ ਦੋਵੇਂ ਜਣੀਆਂ ਮੱਠ ਤੋਂ ਬਾਗੀ ਹੋ ਕੇ ਮੇਰੇ ਕੋਲ ਆ ਗਈਆਂ ਅਤੇ ਪੈਰਿਸ ਵਿਚ ਸਿਖ ਗੁਰਦਵਾਰਾ ਕਾਇਮ ਕਰਨ ਦੀ ਤਜਵੀਜ਼ ਪੇਸ਼ ਕੀਤੀ। ਮੈਂ ਆਪਣੀ ਖੋਜ ਵਿਚ ਮਸਰੂਫ ਰਹਿੰਦਾ ਸਾਂ ਅਤੇ ਦੋ ਸਾਲ ਬਾਅਦ ਹੀ ਡਿਗਰੀ ਪ੍ਰਾਪਤ ਕਰਕੇ ਪਟਿਆਲੇ ਪਰਤਣਾ ਚਾਹੁੰਦਾ ਸਾਂ। ਨਰੇਸ਼ ਨੇ ਦੱਸਿਆ ਕਿ ਕੈਥਰੀਨ ਦੀ ਸਹੇਲੀ ਆਪਣਾ ਮਕਾਨ ਗੁਰਦਵਾਰੇ ਲਈ ਦਾਨ ਕਰਨਾ ਚਾਹੁੰਦੀ ਹੈ ਕਿਉਂ ਕਿ ਉਸਦਾ ਕੋਈ ਹੋਰ ਵਾਲੀ ਵਾਰਸ ਨਹੀਂ ਬਚਿਆ। ਸਿਖ ਸੰਗਤ ਦੀ ਅਣਹੋਂਦ ਕਾਰਨ ਇਹ ਕੰਮ ਨੇਪਰੇ ਨਾ ਚੜ੍ਹਿਆ। ਬਾਅਦ ਵਿਚ ਪਤਾ ਲਗਾ ਕਿ ਇਨ੍ਹਾਂ ਫਰਾਂਸੀਸੀ ਬੀਬੀਆਂ ਨੇ ਨਰੇਸ਼ ਪਾਲ ਸਿੰਘ ਦੀ ਛਤਰ ਛਾਇਆ ਹੇਠ ਪੈਰਿਸ ਦਾ ਪਹਿਲਾ ਗੁਰਦਵਾਰਾ ਕਾਇਮ ਕਰਨ ਦਾ ਉਪਰਾਲਾ ਕੀਤਾ। ਹੁਣ ਤਾਂ ਪੈਰਿਸ ਸਿਖਾਂ ਦਾ ਗੜ੍ਹ ਬਣ ਗਿਆ ਹੈ ਅਤੇ ਪਗੜੀ ਦਾ ਮਸਲਾ ਜੋ ਮੇਰੇ ਲਈ ਚੁਣੌਤੀ ਬਣਿਆ ਸੀ, ਅੱਜ ਵੀ ਫਰਾਂਸ ਦੇ ਸਿਖਾਂ ਲਈ ਇਕ ਵੰਗਾਰ ਬਣ ਚੁੱਕਾ ਹੈ।

~~~

## ਮਿੱਤਰ ਦੇਸ – ਯੂਗੋਸਲਾਵੀਆ

---

ਭਾਰਤ, ਯੂਗੋਸਲਾਵੀਆ ਅਤੇ ਮਿਸਰ ਦੀ ਦੋਸਤੀ ਅਰਥਾਤ ਨਹਿਰੂ, ਟੀਟੋ ਅਤੇ ਨਾਸਰ ਦੀ ਯਾਰੀ ਇਕ ਇਤਿਹਾਸਕ ਘਟਨਾ ਬਣ ਗਈ ਹੈ । ਪੈਰਿਸ ਵਿਚ ਯੂਗੋਸਲਾਵ ਅਤੇ ਮਿਸਰੀ ਵਿਦਿਆਰਥੀਆਂ ਦੇ ਸਲੂਕ ਤੋਂ ਮੇਰੇ ਇਸ ਅਨੁਭਵ ਦੀ ਪ੍ਰੋੜਤਾ ਹੋਈ । ਇਕ ਸਲਾਵ ਜੋੜੀ ਦਾ ਸੱਦਾ ਪ੍ਰਵਾਨ ਕਰਕੇ ਸਾਲ 1972 ਦੀਆਂ ਗਰਮੀ ਦੀਆਂ ਛੁੱਟੀਆਂ ਦਾ ਪ੍ਰੋਗਰਾਮ ਬਣ ਗਿਆ ਕਿ ਮਿੱਤਰ ਦੇਸ ਯੂਗੋਸਲਾਵੀਆ ਦਾ ਦੌਰਾ ਕੀਤਾ ਜਾਵੇ। ਜੋੜੀ ਸਾਰਾਜੀਵੋ ਸ਼ਹਿਰ ਦੇ ਰਹਿਣ ਵਾਲੀ ਸੀ ਅਤੇ ਇਨ੍ਹਾਂ ਮੀਆਂ ਬੀਵੀ ਦੇ ਨਾਮ ਸਨ, ਇਸਾਕ ਤੋਮਾਸੀਨੋ ਅਤੇ ਗੋਰਦਾਨਾ । ਮੈਂ ਪਿਆਰ ਨਾਲ ਇਨ੍ਹਾਂ ਨੂੰ ਗਵਰਧਨ ਦੇਸ ਦੇ ਵਾਸੀ ਰਾਧਾ ਅਤੇ ਕ੍ਰਿਸ਼ਨ ਜੀ ਕਹਿ ਕੇ ਬੁਲਾਇਆ ਕਰਦਾ ਸਾਂ ।

ਪੈਰਿਸ ਤੋਂ ਅਗਸਤ ਦੇ ਪਹਿਲੇ ਹਫ਼ਤੇ ਕਈ ਸਪੈਸ਼ਲ ਗੱਡੀਆਂ ਯੂਗੋਸਲਾਵੀਆ ਅਤੇ ਤੁਰਕੀ ਵੱਲ ਚਲਦੀਆਂ ਹਨ; ਕਿਉਂਕਿ ਛੁੱਟੀਆਂ ਹੋ ਜਾਣ ਕਰਕੇ ਵਿਦਿਆਰਥੀ ਅਤੇ ਕਾਮੇ ਆਪਣੇ ਦੇਸ਼ ਨੂੰ ਪਰਤਣ ਲਈ ਉਤਾਵਲੇ ਹੁੰਦੇ ਹਨ। ਗਾਰ ਦੇ ਲੀਓਂ (Gare de Lyon) ਸਟੇਸ਼ਨ ਤੋਂ ਸ਼ਾਮ ਦੇ ਛੇ ਵਜੇ ਗੱਡੀ ਚੱਲੀ ਤਾਂ ਹਰ ਕਿਸੇ ਨੂੰ ਕੋਈ ਹੱਥ ਹਿਲਾ ਕੇ ਅਲਵਿਦਾ ਕਹਿ ਰਿਹਾ ਸੀ। ਮੈਂ ਕਾਫ਼ੀ ਉਦਾਸੀ ਦੀ ਹਾਲਤ ਵਿਚ ਸਫ਼ਰ ਸ਼ੁਰੂ ਕੀਤਾ ਕਿਉਂਕਿ ਨਾ ਤਾ ਕੋਈ ਮੇਰਾ ਵਾਕਫ.ਹੀ ਅਲਵਿਦਾ ਕਹਿਣ ਆਇਆ ਅਤੇ ਨਾ ਹੀ ਕੋਈ ਗੱਡੀ ਵਿਚ ਜਾਣ ਪਛਾਣ ਵਾਲੀ ਸਵਾਰੀ ਸੀ। ਸਾਰੇ ਦੇ ਸਾਰੇ ਯਾਤਰੀ ਯੂਗੋਸਲਾਵੀਆ ਅਤੇ ਬੁਲਗਾਰੀਆ ਲਈ ਸੀਟਾਂ ਬੁੱਕ ਕਰਾ ਕੇ ਆਏ ਸਨ। ਕੁਦਰਤੀ ਤੌਰ ਤੇ ਇਨ੍ਹਾਂ ਲੋਕਾਂ ਵਿਚ ਫਰਾਂਸੀਸੀ ਲੋਕਾਂ ਵਾਲੀ ਫੂੰ ਫਾਂ ਨਜ਼ਰ ਨਹੀਂ ਸੀ ਆ ਰਹੀ। ਕੁਝ ਮਿੰਟਾਂ ਵਿਚ ਹੀ ਮੇਰੇ ਨਾਲ ਗੱਲਬਾਤ ਸ਼ੁਰੂ ਕਰਕੇ ਉਨ੍ਹਾਂ ਮੇਰਾ ਉਪਰੇਵਾਂ ਦੂਰ ਕਰ ਦਿਤਾ। ਸਾਰੀ ਰਾਤ ਸਫ਼ਰ ਕਰਕੇ ਅਗਲੇ ਦਿਨ ਦੁਪਹਿਰ ਨੂੰ ਅਸੀਂ ਇਟਲੀ ਦੇ ਸੁੰਦਰ ਸ਼ਹਿਰ ਵੀਨਸ ਵਿਚੋਂ ਦੀ ਲੰਘੇ। ਇਹ ਸ਼ਹਿਰ ਇਕ ਸਮੁੰਦਰੀ ਜਜੀਰੇ ਉਪਰ ਹੈ ਅਤੇ ਇਕ ਪੁਲ ਰਾਹੀਂ ਧਰਤੀ ਨਾਲ ਜੁੜਿਆ ਹੋਇਆ ਹੈ। ਇਉਂ ਜਾਪਦਾ ਹੈ ਜਿਵੇਂ ਗੱਡੀ ਸਮੁੰਦਰ ਵਿਚ ਹੀ ਤਰ ਰਹੀ ਹੋਵੇ। ਵੀਨਸ ਤੋਂ ਚੱਲ ਕੇ ਗੱਡੀ ਰਾਤ ਦੇ 10 ਕੁ ਵਜੇ ਜਗਰੈਬ ਸ਼ਹਿਰ ਪਹੁੰਚੀ ਜੋ ਕਿ ਯੂਗੋਸਲਾਵੀਆ ਦੇ ਸਭ ਤੋਂ ਅਮੀਰ ਸੂਬੇ ਕਰੋਸ਼ੀਆ ਦੀ ਰਾਜਧਾਨੀ ਹੈ।
~~~

ਜਗਰੈਬ ਵਿਚ ਮੇਰਾ ਇਕ ਦੋਸਤ ਐਂਦਰੀਕ ਰਹਿੰਦਾ ਸੀ ਅਤੇ ਉਸਦਾ ਪਤਾ ਮੇਰੇ ਕੋਲ ਸੀ। ਮੈਂ ਉਸ ਦੇ ਘਰ ਕਈ ਵਾਰ ਟੈਲੀਫੋਨ ਕੀਤਾ ਪਰ ਅੱਗੋਂ ਕੋਈ ਜਵਾਬ ਨਾ ਮਿਲਿਆ। ਕਰਦੇ ਕਰਾਂਦੇ ਅਧੀ ਰਾਤ ਦਾ ਸਮਾਂ ਹੋ ਗਿਆ ਅਤੇ ਸਟੇਸ਼ਨ ਤੇ ਆਰਾਮ ਘਰ ਵਿਚ ਐਨੀ ਭੀੜ ਹੋ ਗਈ ਜਿੰਨੀ ਦਿੱਲੀ ਸ਼ਹਿਰ ਦੇ ਸਟੇਸ਼ਨ ਤੇ ਹੋ ਜਾਂਦੀ ਹੈ। ਸਫ਼ਰ ਦੇ ਥਕੇਵੇਂ ਦੇ ਕਾਰਨ ਮੈਂ ਕਿਸੇ ਹੋਟਲ ਵਿਚ ਠਹਿਰਣਾ ਠੀਕ ਸਮਝਿਆ। ਇਕ ਦੋ ਹੋਟਲਾਂ ਵਿਚ ਪਤਾ ਕੀਤਾ ਪਰੰਤੂ ਸਾਰੇ ਭਰੇ ਹੋਏ ਸਨ। ਹਾਰ ਕੇ ਮੁੜ ਸਟੇਸ਼ਨ ਤੇ ਆਇਆ ਤਾਂ ਸਟੇਸ਼ਨ ਮਾਸਟਰ ਨੇ ਮੇਰੀ ਪਰੇਸ਼ਾਨੀ ਵੇਖ ਕੇ ਇਕ ਬੁੱਢੀ ਮਾਈ ਨੂੰ ਬੁਲਾ ਕੇ ਰੈਣ ਬਸੇਰੇ ਲਈ ਕਰਾਇਆ ਤੈਹ ਕੀਤਾ। ਰਾਤ ਅੱਧੀ ਟੱਪ ਚੁੱਕੀ ਸੀ ਜਿਸ ਕਰਕੇ 40 ਰੁਪਏ ਕਰਾਇਆ ਤੈਹ ਕਰਕੇ ਮੈਂ ਉਸ ਮਾਈ ਦੇ ਘਰ ਵਿਚ ਜਾ ਠਹਿਰਿਆ। ਯੂਰਪ ਵਿਚ ਘਰਾਂ ਵਿਚ ਯਾਤਰੀ ਪ੍ਰਾਹੁਣੇ ਰੱਖਣ ਦਾ ਆਮ ਰਿਵਾਜ ਹੈ। ਇਹ ਕਈ ਟੱਬਰਾਂ ਦੀ ਆਮਦਨ ਦਾ ਵਸੀਲਾ ਹੈ। ਯਾਤਰੀਆਂ ਲਈ ਇਥੇ ਸਭ ਸਹੂਲਤਾਂ ਹੁੰਦੀਆਂ ਹਨ ਅਤੇ ਕਰਾਇਆ ਵੀ ਹੋਟਲ ਤੋਂ ਘੱਟ ਹੁੰਦਾ ਹੈ।

ਦੂਸਰੇ ਦਿਨ ਸਵੇਰੇ ਛੇ ਵਜੇ ਮੈਂ ਜਗਰੈਬ ਤੋਂ ਸਾਰਾਜੀਵੋ ਜਾਣ ਵਾਸਤੇ ਗੱਡੀ ਫੜਨੀ ਸੀ। ਸਟੇਸ਼ਨ ਤੇ ਸਮੇਂ ਸਿਰ ਪਹੁੰਚ ਕੇ ਇੰਤਜ਼ਾਰ ਸ਼ੁਰੂ ਕੀਤਾ ਤਾਂ ਕੋਈ ਇੱਕ ਘੰਟਾ ਲੇਟ ਗੱਡੀ ਆਈ। ਆਮ ਗੱਡੀਆਂ ਕੋਲੇ ਨਾਲ ਹੀ ਚਲਦੀਆਂ ਹਨ ਪਰੰਤੂ ਇਥੋਂ ਸਾਰਾਜੀਵੋ ਤੱਕ ਬਿਜਲੀ ਦਾ ਇੰਜਨ ਲਗ ਗਿਆ। ਅੱਠ ਘੰਟੇ ਦੇ ਸਫ਼ਰ ਦੇ ਬਾਦ ਮੈਂ ਸਾਰਾਜੀਵੋ ਸ਼ਹਿਰ ਪਹੁੰਚ ਗਿਆ। ਟੈਕਸੀ ਵਾਲੇ ਇਥੇ ਵੀ ਮੀਟਰ ਦੀ ਵਰਤੋਂ ਘੱਟ ਹੀ ਕਰਦੇ ਹਨ। ਬਦੇਸ਼ੀ ਯਾਤਰੂਆਂ ਤੋਂ ਸਾਡੇ ਦੇਸ਼ ਵਾਂਗ ਲੱਗੀ ਲਾਉਂਦੇ ਹਨ। ਮੈਂ ਅਮਰੀਕਨ ਤਾਂ ਨਹੀਂ ਸੀ ਪਰ ਫਿਰ ਵੀ ਟੈਕਸੀ ਵਾਲੇ ਨੇ ਦੁੱਗਣਾ ਕਰਾਇਆ ਚਾਰਜ ਕਰਕੇ ਮੈਨੂੰ ਠੀਕ ਟਿਕਾਣੇ ਤੇ ਪਹੁੰਚਾ ਦਿੱਤਾ।

ਸਾਰਾਜੀਵੋ ਬੋਸਨਾ ਸੂਬੇ ਦੀ ਰਾਜਧਾਨੀ ਹੈ ਅਤੇ ਇਹ ਬੋਸਨਾ ਨਾਮੀ ਦਰਿਆ ਦੇ ਕਿਨਾਰੇ ਵਸਿਆ ਸੁੰਦਰ ਇਤਿਹਾਸਕ ਸ਼ਹਿਰ ਹੈ। ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਦਾ ਕਾਰਨ ਇਸ ਸ਼ਹਿਰ ਵਿਚ ਵਾਪਰੀ ਇਕ ਘਟਨਾ ਹੀ ਸੀ। ਯੂਗੋਸਲਾਵੀਆ ਦੇ ਇਕ ਦੇਸ਼ ਭਗਤ ਨੇ ਸਾਰਾਜੀਵੋ ਸ਼ਹਿਰ ਵਿਚੋਂ ਲੰਘ ਰਹੇ ਡਿਊਕ ਫਰਡੀਨੈਂਡ ਨੂੰ ਕਤਲ ਕਰ ਦਿਤਾ ਜੋ ਆਸਟਰੀਆ ਦੇ ਬਾਦਸ਼ਾਹ ਦਾ ਪੁੱਤਰ ਸੀ। ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਆਸਟਰੀਆ ਯੂਰਪ ਦੀ ਸਭ ਤੋਂ ਮਹਾਨ ਤਾਕਤ ਮੰਨੀ ਜਾਂਦੀ ਸੀ ਅਤੇ ਯੂਗੋਸਲਾਵੀਆ ਇਸ ਦੀ ਸਲਤਨਤ ਦਾ ਇਕ ਅੰਗ ਸੀ।

ਸਾਰਾਜੀਵੋ ਦੇ ਦੋ ਭਾਗ ਹਨ, ਪੁਰਾਣਾ ਅਤੇ ਨਵਾਂ ਸ਼ਹਿਰ। ਮੇਰੇ ਦੋਸਤ ਤੋਮਾਸੀਨੋ ਅਤੇ ਗੋਰਦਾਨਾ ਨਵੇਂ ਸ਼ਹਿਰ ਦੇ ਖਿਤੇ ਵਿਚ ਸਰਕਾਰੀ ਕਰਮਚਾਰੀਆਂ ਲਈ ਬਣੇ ਫਲੈਟਾਂ ਵਿਚ ਰਹਿੰਦੇ ਸਨ। ਮੇਰੇ ਪਹੁੰਚਣ ਉਪਰੰਤ ਪਤਾ ਲਗਾ ਕਿ ਗੋਰਦਾਨਾ ਆਪਣੇ ਪੇਕਿਆਂ ਦੇ ਘਰ ਗਈ ਹੈ ਜੋ ਕਿ ਨਾਲ ਦੇ ਮਹੱਲੇ ਵਿਚ ਹੀ ਰਹਿੰਦੇ ਸਨ। ਜਿਸ ਘਰ ਤੋਂ ਮੈਂ ਪੁੱਛ ਗਿੱਛ ਕੀਤੀ ਉਹ ਮੁਸਲਮਾਨਾਂ ਦਾ ਘਰ ਸੀ ਅਤੇ ਮੇਰੀ ਪਗੜੀ ਵੇਖ ਕੇ ਉਹ ਮੈਨੂੰ ਤੁਰਕ ਸਮਝ ਬੈਠੇ। ਇਸ ਸ਼ਹਿਰ ਵਿਚ ਚੌਥਾ ਹਿਸਾ ਅਬਾਦੀ ਤੁਰਕਾਂ ਦੀ ਹੈ ਜੋ ਕਈ ਸਦੀਆਂ ਪਹਿਲੋਂ ਯੂਗੋਸਲਾਵੀਆ ਤੇ ਰਾਜ ਕਰਨ ਉਪਰੰਤ ਇਥੋਂ ਦੇ ਵਸਨੀਕ ਹੀ ਬਣ ਗਏ। ਇਹਨਾਂ ਦੀ ਆਓ ਭਗਤ ਤੋਂ ਮੈਂ ਬਹੁਤ ਹੀ ਪ੍ਰਭਾਵਿਤ ਹੋਇਆ। ਇਉਂ ਜਾਪਿਆ ਜਿਵੇਂ ਮੈਂ ਆਪਣੇ ਦੇਸ਼ ਵਿਚ ਹੀ ਕਿਸੇ ਪੰਜਾਬੀ ਦੋਸਤ ਦੀ ਪ੍ਰਾਹੁਣਚਾਰੀ ਦਾ ਅਨੰਦ ਮਾਣ ਰਿਹਾ ਹੋਵਾਂ । ਤਰੁਕੀ ਮੁਸਲਮਾਨ ਮੁਟਿਆਰ ਚਾਈਂ ਚਾਈਂ ਮੇਰੇ ਲਈ ਅੰਗੂਰਾਂ ਦੀ ਸ਼ਰਾਬ ਅਤੇ ਕੁਝ ਫਲ ਪਰੋਸ ਲਿਆਈ। ਮੈਂ ਇਸ ਪਿਆਰ ਭੇਟਾ ਨੂੰ ਪ੍ਰਵਾਨ ਕਰ ਲਿਆ (ਵੈਸੇ ਯੂਰਪ ਵਿਚ ਰਹਿ ਕੇ ਵੀ ਮੈਂ ਮਾਸ ਅਤੇ ਸ਼ਰਾਬ ਦੀ ਵਰਤੋਂ ਤੋਂ ਸੰਕੋਚ ਰੱਖਿਆ)। ਫਿਰ ਉਹ ਕਿਸੇ ਆਹਰ ਵਿਚ ਰੁੱਝੀ ਜਾਪੀ ਅਤੇ ਝੱਟ ਹੀ ਹੁੱਕਾ ਬੀੜ ਲਿਆਈ। ਮੈਂ ਇਸ਼ਾਰੇ ਨਾਲ ਦਸਿਆ ਕਿ ਇਹ ਮੇਰੇ ਲਈ ਵਰਜਿਤ ਹੈ। ਇਸ ਮੁਟਿਆਰ ਦੀਆਂ ਅਦਾਵਾਂ ਤੋਂ ਇਸ ਤਰ੍ਹਾਂ ਜਾਪੇ ਜਿਵੇਂ ਇਹ ਆਪਣੇ 'ਕੰਠੇ ਵਾਲੇ ਪ੍ਰਾਹੁਣੇ' ਦੀ ਸੇਵਾ ਵਿਚ ਰੁੱਝੀ ਹੋਈ ਹੈ।

ਅੱਧੇ ਘੰਟੇ ਬਾਅਦ ਮੇਰੇ ਦੋਸਤ ਘਰ ਪਰਤ ਆਏ ਅਤੇ ਮੈਂ ਆਪਣੀ ਮੇਜ਼ਬਾਨ ਦਾ ਜ਼ਿਕਰ ਕੀਤਾ। ਉਹ ਬਹੁਤ ਹੱਸੇ ਅਤੇ ਕਹਿਣ ਲਗੇ ਕਿ ਇਥੇ ਪੱਗ ਵਾਲੇ ਨੂੰ ਮੁਸਲਮਾਨ ਹੀ ਸਮਝਦੇ ਹਨ ਅਤੇ ਉਹ ਪ੍ਰਵਾਰ ਤੁਰਕੀ ਮੁਸਲਮਾਨਾਂ ਦਾ ਹੈ ਜਿਸ ਕਰਕੇ ਆਓ ਭਗਤ ਵਿਚ ਕੋਈ ਕਸਰ ਨਹੀਂ ਛੱਡੀ ਹੋਣੀ। ਮੇਰੇ ਦੋਸਤ ਦੀ ਪਤਨੀ ਗੋਰਦਾਨਾ ਉਹਨਾਂ ਦਾ ਸ਼ੁਕਰੀਆ ਕਰਨ ਗਈ ਦਸ ਕੇ ਆਈ ਕਿ ਪ੍ਰਾਹੁਣਾ ਇਕ ਭਾਰਤੀ ਸਿੱਖ ਹੈ, ਮੁਸਲਮਾਨ ਨਹੀਂ।

ਛੁੱਟੀ ਦਾ ਦਿਨ ਹੋਣ ਕਰਕੇ ਮੇਰੇ ਮਿਤਰ ਲਈ ਰਾਤ ਦਾ ਖਾਣਾ ਉਸਦੇ ਸੌਹਰੇ ਘਰ ਵਰਜਿਆ ਹੋਇਆ ਸੀ। ਕੋਈ ਦਸ ਵਜੇ ਦੇ ਕਰੀਬ ਅਸੀਂ ਆਪਣੇ ਮੇਜ਼ਬਾਨ ਦੇ ਘਰ ਪਹੁੰਚੇ। ਅੱਗੇ ਤੋਮਾਸੀਨੋ ਦੇ ਸਾਲੇ, ਸਾਲੀਆਂ ਅਤੇ ਸਾਲੇਹਾਰਾਂ ਦੀ ਚੋਖੀ ਭੀੜ ਜਮਾਂ ਸੀ। ਮੇਰੀ ਜਾਣ ਪਛਾਣ ਕਰਾਈ ਗਈ ਅਤੇ ਨਹਿਰੂ ਟੀਟੋ ਦੋਸਤੀ ਉਪਰ ਵਾਰਤਾਲਾਪ ਚਲਦੀ ਰਹੀ। ਭਾਰਤ ਬਾਰੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛੇ ਗਏ ਅਤੇ ਖਾਸ ਕਰਕੇ ਸਿੱਖੀ ਸਰੂਪ ਅਤੇ ਧਰਮ ਬਾਬਤ ਜਾਣਕਾਰੀ। ਉਹਨਾਂ ਲਈ ਸਿੱਖ ਨੂੰ ਤੁਰਕੀ ਮੁਸਲਮਾਨ ਤੋਂ ਨਿਖੇੜ ਸਕਣਾ ਇਕ ਮਨੋਵਿਗਿਆਨਕ ਗੁੰਝਲ ਬਣ ਗਈ। ਪ੍ਰਾਹੁਣਿਆਂ ਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਮੇਰੇ ਤਿੰਨ ਪੁੱਤਰ ਹਨ ਅਤੇ ਕੋਈ ਧੀ ਨਹੀਂ। ਤੋਮਾਸੀਨੋ ਦੇ ਸਾਰੇ ਸਬੰਧੀਆਂ ਵਿਚ ਪੁੱਤਰਾਂ ਦੀ ਲਗਭਗ ਅਣਹੋਂਦ ਸੀ ਜਿਸ ਕਰਕੇ ਸਾਰੀਆਂ ਤੀਵੀਂਆਂ ਪੁੱਤਰ ਪ੍ਰਾਪਤ ਕਰਨ ਲਈ ਮੈਥੋਂ ਕਈ ਤਰ੍ਹਾਂ ਦੇ ਭਾਰਤੀ ਨੁਖਸਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ

ਚਾਹਵਾਨ ਸਨ। ਕਈ ਮੈਨੂੰ ਹੱਥ ਹੀ ਵਿਖਾਣ ਲਗ ਪਈਆਂ। ਸਾਡੇ ਸਿੱਖ ਭਾਟੜੇ ਪੈਰਿਸ ਅਤੇ ਲੰਡਨ ਵਿਚ ਵੀ ਆਪਣਾ ਧੰਧਾ ਚਲਾ ਰਹੇ ਹਨ ਅਤੇ ਰਹਿੰਦੀ ਖੂੰਹਦੀ ਕਸਰ ਸਾਡੇ ਭਾਰਤੀ ਯੋਗੀ ਪੂਰੀ ਕਰ ਰਹੇ ਹਨ।

ਅੱਧੀ ਰਾਤ ਬੀਤੀ ਤੱਕ ਖਾਣਾ ਅਤੇ ਰਾਗ ਰੰਗ ਦਾ ਪ੍ਰੋਗਰਾਮ ਚਲਦਾ ਰਿਹਾ। ਘਰ ਦੇ ਬੁੱਢੇ ਮਾਲਕ ਨੇ ਦੂਸਰੀ ਵਿਸ਼ਵ ਯੁੱਧ ਵਿਚ ਕੀਤੇ ਕਾਰਨਾਮਿਆਂ ਤੇ ਵੇਰਵੇ ਸਹਿਤ ਰੋਸ਼ਨੀ ਪਾਈ। ਮੈਨੂੰ ਆਪਣੇ ਪਿੰਡ ਸ਼ੇਕਰਾਂ ਦਾ ਮੱਖਣ ਸਿੰਘ ਜਮਾਂਦਾਰ ਯਾਦ ਆ ਗਿਆ ਜੋ ਹਰ ਰਾਤ ਪਿੰਡ ਦੀ ‘ਖੁੰਢ ਸਭਾ’ ਦੇ ਸਰੋਤਿਆਂ ਨੂੰ ਯੂਰਪੀਨ ਦੇਸ਼ਾਂ ਵਿਚ ਲੜੀਆਂ ਲੜਾਈਆਂ ਅਤੇ ਮੇਮਾਂ ਦੇ ਪੱਟਾਂ ਦੀਆਂ ਗੱਲਾਂ ਸੁਣਾ ਕੇ ਨਿਹਾਲ ਕਰਿਆ ਕਰਦਾ ਸੀ। ਜਿਵੇਂ ਸਾਨੂੰ ਪੰਜਾਬੀਆਂ ਨੂੰ ਪੰਜਾਬ ਦੀ ਧਰਤੀ ਉਪਰ ਮਾਣ ਹੈ ਇਸੇ ਤਰ੍ਹਾਂ ਹੀ ਇਹ ਬੁੱਢਾ ਸਲਾਵ ਸ਼ਰਾਬ ਦਾ ਪੈਗ ਪਾ ਕੇ ਯੂਗੋਸਲਾਵੀਆ ਭਾਰਤ ਦੀ ਦੋਸਤੀ ਦਾ ਨਹੀਂ ਸਗੋਂ ਬੋਸਨੀਆ -ਪੰਜਾਬ ਦਾ ਜਾਮ ਪੀਂਦਾ ਤੇ ਪਿਆਂਦਾ ਰਿਹਾ। ਇਹੋ ਜਿਹੇ ਪ੍ਰੀਤੀ ਭੋਜਨਾਂ ਉਪਰ ਯੂਰਪ ਵਿਚ ਗਾਣੇ ਅਤੇ ਨਾਚ ਦਾ ਆਮ ਰਿਵਾਜ ਹੈ। ਉਸ ਰਾਤ ਨਾਚ ਤਾਂ ਨਹੀਂ ਪਰ ਕੁਝ ਲੋਕ ਗੀਤ ਸੁਣਾਏ ਗਏ। ਲੋਕ ਗੀਤਾਂ ਵਿਚ ਸਾਡੇ ਇਕਤਾਰੇ ਵਾਂਗ ਇਕ ਸਾਜ਼ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਹ ਸਾਜ਼ ਅੱਜ ਵੀ ਇਥੋਂ ਦੇ ਟੱਪਰਵਾਸੀ ਲੋਕ (ਜਿਪਸੀ) ਗਾਉਣ ਲਈ ਵਰਤਦੇ ਹਨ। ਪੰਜਾਬੀ ਗੀਤਾਂ ਦੀ ਭਾਵੇਂ ਇਨ੍ਹਾਂ ਨੂੰ ਸਮਝ ਤਾਂ ਨਾ ਆਈ ਪਰ ਜਿੰਦੂਏ ਦੇ ਗੀਤ ਵਿਚ ਇਨ੍ਹਾਂ ਜਿਸ ਤਾਲ ਮੇਲ ਨਾਲ ਤਾੜੀ ਵਜਾਈ ਉਸ ਨਾਲ ਮਹਿਫ਼ਲ ਵਿਚ ਚੰਗਾ ਰੰਗ ਬੱਝ ਗਿਆ ਅਤੇ ਮੇਰੇ ਗਵੱਈਆ ਹੋਣ ਦਾ ਚੰਗਾ ਪ੍ਰਭਾਵ ਪਿਆ। ਅੰਮ੍ਰਿਤ ਵੇਲੇ ਤੋਂ ਕੁਝ ਚਿਰ ਪਹਿਲਾਂ ਇਹ ਮਹਿਫ਼ਲ ਬਿਖਰ ਗਈ। ਚੰਨ ਚਾਨਣੀ ਰਾਤ ਦੀ ਸਾਰਾਜੀਵੋ ਦੀ ਇਹ ਮਹਿਫ਼ਲ ਅੱਜ ਤੱਕ ਮੇਰੀਆਂ ਅਭੁੱਲ ਯਾਦਾਂ ਵਿਚ ਸਾਂਭੀ ਪਈ ਹੈ।

ਦੂਸਰੇ ਦਿਨ ਪ੍ਰੋਗਰਾਮ ਅਨੁਸਾਰ ਤੋਮਾਸੀਨੋ ਨੇ ਆਪਣੇ ਦਫ਼ਤਰ ਵਿਚ ਜਾਣਾ ਸੀ ਅਤੇ ਗੋਰਦਾਨਾ ਨੇ ਆਪਣੀ ਕਾਰ ਵਿਚ ਮੈਨੂੰ ਸਾਰਜੀਵੋ ਸ਼ਹਿਰ ਦੀ ਸੈਰ ਕਰਾਣੀ ਸੀ। ਅਸੀਂ ਭਾਰਤੀ ਆਪਣੀਆਂ ਤੀਵੀਆਂ ਨੂੰ ਇਹੋ ਜੇਹੀ ਖੁੱਲ੍ਹ ਦੇਣ ਨੂੰ ਤਿਆਰ ਨਹੀਂ ਹੁੰਦੇ। ਗੋਰਦਾਨਾ ਨੇ ਮੇਰੇ ਸਮੇਤ ਆਪਣੀ ਨਣਦ ਅਤੇ ਧੀ ਨੂੰ ਵੀ ਘੁਮਾਣ ਲਈ ਸਾਥ ਲੈ ਲਿਆ। ਅਸੀਂ ਸਾਰਾਜੀਵੋ ਸ਼ਹਿਰ ਦੇ ਪੁਰਾਤਨ ਖਿਤੇ ਵਿਚ ਗਏ। ਇਥੋਂ ਦੀ ਮਸਜਦ ਅਤੇ ਪੁਰਾਣੀ ਮਾਰਕੀਟ ਦਾ ਚੱਕਰ ਲਗਾਇਆ। ਮੁੱਲਾਂ ਨੇ ਮੈਨੂੰ ਉਚੇਚੇ ਆਦਰ ਨਾਲ ਅੰਦਰ ਲਿਜਾ ਕੇ ਪੰਡਤ ਨਹਿਰੂ ਦੇ ਹੱਥੀਂ ਭੇਂਟ ਕੀਤਾ ਭਾਰਤੀ ਗਲੀਚਾ ਅਤੇ ਕੁਝ ਹੋਰ ਤੋਹਫ਼ੇ ਵਿਖਾਏ। ਮਾਰਕੀਟ ਵਿਚ ਚੋਖੀ ਭੀੜ ਸੀ ਅਤੇ ਖਾਣ ਪੀਣ ਨੂੰ ਸਾਡੇ ਦੇਸ਼ ਵਾਂਗ ਕਈ ਮਠਿਆਈਆਂ ਵੀ ਮਿਲ ਗਈਆਂ। ਹਰ ਦੁਕਾਨਦਾਰ ਮੇਰੀ ਮੇਜ਼ਬਾਨ ਤੋਂ ਬੜੇ ਅਚੰਭੇ ਨਾਲ ਮੇਰੇ ਸਰੂਪ ਬਾਰੇ ਪੁੱਛ ਰਿਹਾ ਸੀ। ਪਹਿਲਾ ਸ਼ਬਦ ਹਰ ਇਕ ਦੇ ਮੂੰਹੋਂ ‘ਤੁਰਕ’ ਹੀ ਨਿਕਲਦਾ। ਉਹ ਮੇਰੇ ਭਾਰਤੀ ਹੋਣ ਤੇ ਹੋਰ ਵੀ ਅਚੰਭਿਤ ਹੋ ਉਠਦੇ। ਕਿਹੋ ਜਿਹਾ ਭਾਰਤੀ-ਹਿੰਦੂ? ਸਿੱਖ ਸ਼ਬਦ ਉਨ੍ਹਾਂ ਲਈ ਓਪਰਾ ਹੀ ਜਾਪਦਾ ਅਤੇ ਉਸ ਤੋਂ ਵਧੇਰੇ ਸਿੱਖੀ ਸਰੂਪ।

ਸਾਰਾਜੀਵੋ ਦੀ ਯਾਤਰਾ ਕਰਕੇ ਸ਼ਾਮ ਨੂੰ ਮੈਂ ਅਗਲੇ ਪੜਾਅ ਵਾਸਤੇ ਰਵਾਨਾ ਹੋ ਗਿਆ। ਗੋਰਦਾਨਾ ਨੇ ਮੇਰੇ ਸਫ਼ਰ ਲਈ ਕੁਝ ਖਾਣ-ਪੀਣ ਦਾ ਸਮਾਨ ਤਿਆਰ ਕਰ ਰੱਖਿਆ ਸੀ। ਮੈਂ ਸ਼ੁਕਰਾਨੇ ਵਜੋਂ ਕੁਝ ਭਾਰਤੀ ਤੋਹਫੇ ਉਸ ਦੀ ਧੀ ਨੂੰ ਦਿੱਤੇ। ਗੋਰਦਾਨਾ ਨੇ ਵਾਇਦਾ ਕੀਤਾ ਉਹ ਆਪਣੀ ਧੀ ਦਾ ਰਿਸ਼ਤਾ ਮੇਰੇ ਪੁੱਤਰ ਨਾਲ ਕਰੇਗੀ। ਮੇਰੇ ਦੋਸਤ ਮੈਨੂੰ ਰੇਲਵੇ ਸਟੇਸ਼ਨ ਤੱਕ ਵਿਦਾ ਕਰਨ ਆਏ। ਗੱਡੀ ਤੁਰਨ ਹੀ ਵਾਲੀ ਸੀ। ਵਿਛੜਨ ਲੱਗਿਆਂ ਦੋਹਾਂ ਮਿੱਤਰਾਂ ਨੇ ਮੇਰੇ ਨਾਲ ਚੁੰਮਣ ਸਾਂਝੇ ਕੀਤੇ। ਨਸ਼ਿਆਏ ਨੈਣਾਂ ਦੇ ਦਿਸ ਹੱਦੇ ਤੱਕ ਮੈਨੂੰ ਗੋਰਦਾਨਾ ਦਾ ਹਿਲ ਰਿਹਾ ਹੱਥ ਨਜ਼ਰ ਆਉਂਦਾ ਰਿਹਾ ਅਤੇ ਫਿਰ ਇਹ ਖਿਲਾਅ ਦੀ ਅਸੀਮ ਸੀਮਾ ਵਿਚ ਅਲੋਪ ਹੋ ਗਿਆ।

~~~

## ਹੰਗਰੀ ਦੇ ਸਿੱਖ

---

ਅਕਤੂਬਰ, 1981 ਵਿੱਚ ਪ੍ਰੋਫੈਸਰ ਅਬਦੁੱਸ ਸਲਾਮ ਦੇ ਸੱਦੇ ਉਪਰ ਮੈਂ ਇਟਲੀ ਦੀ ਭੌਤਿਕ ਵਿਗਿਆਨ ਦੀ ਅੰਤਰ-ਰਾਸ਼ਟਰੀ ਸੰਸਥਾ ਵਿੱਚ ਪਹੁੰਚ ਗਿਆ। ਲਗਭਗ ਤਿੰਨ ਹਫਤੇ ਦੀ ਕਾਨਫਰੰਸ ਪਿਛੋਂ ਇਸ ਸੰਸਥਾ ਵੱਲੋਂ ਹੀ ਮੇਰਾ ਹੰਗਰੀ ਤੇ ਯੂਗੋਸਲਾਵੀਆ ਜਾਣ ਦਾ ਵੀ ਪ੍ਰਬੰਧ ਕੀਤਾ ਗਿਆ ਤਾਂ ਕਿ ਉਥੋਂ ਦੇ ਵਿਗਿਆਨੀਆਂ ਨਾਲ ਵਿਚਾਰ-ਵਟਾਂਦਰਾ ਕਰ ਸਕਾਂ। ਦਰਅਸਲ, ਪ੍ਰੋ: ਸਲਾਮ ਨੇ ਇਹ ਸੰਸਥਾ ਪਛੜੇ ਹੋਏ ਦੇਸ਼ਾਂ ਦੇ ਵਿਗਿਆਨੀਆਂ ਲਈ ਹੀ ਕਾਇਮ ਕੀਤੀ ਹੈ ਪਰ ਮੇਰੇ ਲਈ ਉਹ ਪੰਜਾਬੀ ਹੋਣ ਕਰਕੇ ਖਾਸ ਤੌਰ ਤੇ ਮਿਹਰਬਾਨ ਸਿੱਧ ਹੋਏ।
~~~

22 ਅਕਤੂਬਰ ਨੂੰ ਮੈਂ ਰੋਮ ਤੋਂ ਬੁਡਾਪੈਸਟ ਮਾਲੀਵ ਏਅਰ ਲਾਈਨਜ਼ ਦੇ ਜਹਾਜ਼ ਰਾਹੀਂ ਰਵਾਨਾ ਹੋਇਆ। ਇਕ ਦਰਜਨ ਤੋਂ ਵਧੀਕ ਏਅਰ ਲਾਈਨਜ਼ ਰਾਹੀਂ ਸਫ਼ਰ ਦਾ ਤਜਰਬਾ ਹੋਣ ਤੋਂ ਬਾਅਦ ਇਹ ਪਹਿਲੀ ਏਅਰ ਲਾਈਨਜ਼ ਐਸੀ ਵੇਖੀ ਜਿਸ ਵਿੱਚ ਸਿਗਰਟ ਪੀਣ ਵਾਲਿਆਂ ਦਾ ਕੈਬਿਨ ਬਿਲਕੁਲ ਅਲੱਗ ਸੀ ਜਦ ਕਿ ਏਅਰ ਇੰਡੀਆ ਅਤੇ ਬਾਕੀ ਕੰਪਨੀਆਂ ਵਿਚ ਜਹਾਜ਼ਾਂ ਵਿੱਚ ਸਿਗਰਟਨੋਸ਼ੀ ਦੇ ਅਸਰ ਤੋਂ ਬਚਣਾ ਅਸੰਭਵ ਹੈ। ਦੋ ਘੰਟੇ ਦੀ ਉਡਾਨ ਬਾਅਦ ਜਹਾਜ ਬੁੱਡਾਪੈਸਟ ਦੀ ਏਅਰਪੋਰਟ ਤੇ ਜਾ ਉਤਰਿਆ। ਮੇਰੇ ਪਾਸ ਵੀਜ਼ਾ ਨਹੀਂ ਸੀ ਪਰੰਤੂ ਏਅਰਪੋਰਟ ਉਪਰ ਹੀ ਵੀਜ਼ੇ ਦਾ ਪ੍ਰਬੰਧ ਹੋ ਗਿਆ। ਯੂਰਪ ਅਤੇ ਅਮਰੀਕਾ ਦੇ ਯਾਤਰੀਆਂ ਤੋਂ ਭਾਰੀ ਵੀਜ਼ਾ ਫੀਸ ਵੀ ਲਈ ਗਈ ਪਰ ਮੈਨੂੰ ਮੁਫ਼ਤ ਵਿੱਚ ਹੀ ਵੀਜ਼ਾ ਮਿਲ ਗਿਆ। ਪਾਲਮ ਏਅਰਪੋਰਟ ਉਪਰ ਤਾਂ ਵੀਜ਼ਾ ਹੁੰਦਿਆਂ ਵੀ ਘੰਟਿਆਂ ਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ।

ਏਅਰਪੋਰਟ ਤੋਂ ਬਾਹਰ ਨਿਕਲਕੇ ਮੈਂ ਟੈਕਸੀ ਰਾਹੀਂ ਸਿੱਧਾ ਬੁੱਡਾਪੈਸਟ ਦੇ ਨੁਗਿਆਤੀ-ਪੂ ਰੇਲਵੇ ਸਟੇਸ਼ਨ ਤੇ ਪਹੁੰਚਿਆ ਤਾਂ ਕਿ ਉਥੋਂ ਗੱਡੀ ਰਾਹੀਂ ਦਿਬਰੀਤਸਨ ਸ਼ਹਿਰ ਪਹੁੰਚ ਸਕਾਂ। ਮੈਨੂੰ ਹੈਰਾਨੀ ਹੋਈ ਕਿ ਟੈਕਸੀ ਅਤੇ ਗੱਡੀ ਦਾ ਕਿਰਾਇਆ ਸਾਡੇ ਦੇਸ਼ ਤੋਂ ਵੀ ਘੱਟ ਅਤੇ ਆਰਾਮ ਕਿਤੇ ਵਧੀਕ ਸੀ। ਗੱਡੀ ਤੁਰਨ ਦੀ ਦੇਰ ਸੀ ਸਾਹਮਣੇ ਬੈਠੇ ਜੋੜੇ ਨੇ ਵਿਗਿਆਨਕ ਰਸਾਲਾ ਪੜ੍ਹਨਾ ਸ਼ੁਰੂ ਕਰ ਦਿਤਾ ਜਿਸ ਤੋਂ ਮੈਂ ਅੰਦਾਜ਼ਾ ਲਗਾ ਲਿਆ ਕਿ ਇਹ ਵਿਗਿਆਨ ਦੇ ਅਧਿਆਪਕ ਜਾਂ ਖੋਜੀ ਹੋਣਗੇ। ਮੇਰਾ ਅੰਦਾਜ਼ਾ ਠੀਕ ਨਿਕਲਿਆ। ਸੀਆਰਟੋ ਜ਼ੋਜਫ਼ ਭੌਤਿਕ ਵਿਗਿਆਨ ਅਤੇ ਉਸਦੀ ਪਤਨੀ ਕਿਸ਼ਬੋਰਬਾਲਾ ਹਿਸਾਬ ਦੀ ਅਧਿਆਪਕਾ ਸੀ। ਜਦੋਂ ਮੈਂ ਆਪਣੇ ਦੇਸ਼ ਤੇ ਆਪਣੇ ਵਿਸ਼ੇ ਬਾਰੇ ਦੱਸਿਆ ਤਾਂ ਉਹ ਬਹੁਤ ਖੁਸ਼ ਹੋਏ ਅਤੇ ਸਾਰਾ ਸਫ਼ਰ ਅਸੀਂ ਵਾਕਫੀਅਤ ਭਰਪੂਰ ਚਰਚਾ ਵਿੱਚ ਬਿਤਾ ਦਿੱਤਾ।

ਸ਼ਾਮ ਦੇ ਸੱਤ ਵਜੇ ਦੇ ਕਰੀਬ ਗੱਡੀ ਦਿਬਰੀਤਸਨ ਸਟੇਸ਼ਨ ਤੇ ਪਹੁੰਚੀ ਤਾਂ ਬਹੁਤ ਅਨ੍ਹੇਰਾ ਹੋ ਚੁੱਕਾ ਸੀ ਅਤੇ ਬਾਹਰ ਕਾਫੀ ਸਰਦੀ ਵੀ ਸੀ। ਪਲੇਟਫਾਰਮ ਤੇ ਮੈਂ ਆਪਣੇ ਮਿੱਤਰ ਵਿਗਿਆਨੀ ਦੀ ਅਣਹੋਂਦ ਵੇਖ ਕੇ ਸੋਚੀਂ ਪੈ ਗਿਆ ਕਿ ਉਹ ਲੈਣ ਕਿਉਂ ਨਹੀਂ ਆਇਆ ਜਦ ਕਿ ਮੈਂ ਆਪਣਾ ਸਾਰਾ ਪ੍ਰੋਗਰਾਮ ਚਿੱਠੀ ਰਾਹੀਂ ਲਿਖ ਭੇਜਿਆ ਸੀ। ਸ਼ਾਇਦ ਉਸਨੂੰ ਪੱਤਰ ਨਹੀਂ ਮਿਲਿਆ ਹੋਣਾ। ਓਪਰੇ ਥਾਂ ਅਤੇ ਖਾਸ ਕਰਕੇ ਵਿਦੇਸ਼ ਵਿਚ ਜੇਕਰ ਕੋਈ ਆਪਣਾ ਟੱਕਰ ਜਾਵੇ ਤਾਂ ਮਨ ਖਿੜ ਜਾਂਦਾ ਹੈ ਕਿ ਸਭ ਸਮੱਸਿਆਵਾਂ ਹੱਲ ਹੋ ਜਾਣਗੀਆਂ। ਜਿਸ ਵਿਗਿਆਨੀ ਕੋਲ ਮੈਂ ਜਾਣਾ ਸੀ ਸੀਆਰਟੋ ਜ਼ੋਜਫ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਵੀ ਗੱਡੀ ਤੋਂ ਉਤਰ ਕੇ ਮੇਰੇ ਮੇਜ਼ਬਾਨ ਦੀ ਭਾਲ ਕੀਤੀ ਪਰੰਤੂ ਗੱਡੀ ਕੇਵਲ ਦੋ ਮਿੰਟ ਹੀ ਰੁਕਣੀ ਸੀ। ਮੈਨੂੰ ਸ਼ਸ਼ੋਪੰਜ ਵਿੱਚ ਪਏ ਨੂੰ ਵੇਖ ਕੇ ਗੱਡੀ ਦਾ ਗਾਰਡ ਵੀ ਮੇਰੇ ਪਾਸ ਆ ਗਿਆ ਤੇ ਕਹਿਣ ਲਗਾ ਕਿ ਆਪਣੇ ਮਿੱਤਰ ਨੂੰ ਵੇਟਿੰਗ ਰੂਮ ਤੱਕ ਵੇਖ ਆਵੋ, ਗੱਡੀ ਕੁਝ ਦੇਰ ਹੋਰ ਰੁਕ ਸਕਦੀ ਹੈ।

ਸਫ਼ਰ ਕਰਦਿਆਂ ਰਸਤੇ ਵਿਚ ਕਿਸ਼ਬੋਰਬਾਲਾ ਕਹਿ ਚੁੱਕੀ ਸੀ ਜੇਕਰ ਮੇਰਾ ਮਿੱਤਰ ਸਟੇਸ਼ਨ ਤੇ ਨਾ ਪਹੁੰਚਿਆ ਤਾਂ ਉਹ ਮੈਨੂੰ ਆਪਣੇ ਘਰ ਹੀ ਲੈ ਜਾਣਗੇ ਜੋ ਨਿਆਰਗਾਜ਼ਾ ਸ਼ਹਿਰ ਵਿੱਚ ਦਿਬਰੀਤਸਨ ਤੋਂ ਪੰਜਾਹ ਕਿਲੋਮੀਟਰ ਹੋਰ ਅੱਗੇ ਸੀ। ਮੈਂ ਵੀ ਆਪਣੇ ਆਪ ਨੂੰ ਪਰੇਸ਼ਾਨੀ ਤੋਂ ਬਚਾਉਣ ਲਈ ਇਸ ਹੰਗੇਰੀਅਨ ਜੋੜੇ ਦਾ ਮਹਿਮਾਨ ਬਣਨ ਲਈ ਤਿਆਰ ਹੋ ਗਿਆ ਅਤੇ ਘੰਟੇ ਕੁ ਦੇ ਹੋਰ ਸਫ਼ਰ ਦੇ ਬਾਅਦ ਅਸੀਂ ਨਿਆਰਗਾਜ਼ਾ ਸਟੇਸ਼ਨ ਤੇ ਜਾ ਉਤਰੇ। ਇਸ ਸ਼ਹਿਰ ਵਿਚ ਸ਼ਾਇਦ ਕਦੇ ਕੋਈ ਸਿੱਖ ਆਇਆ ਨਹੀਂ ਹੋਣਾ ਜਿਸ ਕਰਕੇ ਬਜ਼ਾਰਾਂ ਵਿੱਚ ਚਲਦੀ ਵਹੀਰ ਰੁਕ ਰੁਕ ਕੇ ਵੇਖਦੀ। ਮੇਰੇ ਮੇਜ਼ਬਾਨ ਤਾਂ ਖੁਸ਼ ਸਨ ਪਰ ਮੈਂ ਜਰੂਰ ਕੁਝ ਪਰੇਸ਼ਾਨ ਸਾਂ। ਖੈਰ ਅਸੀਂ ਜਲਦੀ ਹੀ ਸੀਆਰਟੋ ਦੇ ਘਰ ਪਹੁੰਚ ਗਏ ਜੋ ਸ਼ਹਿਰ ਦੇ ਬਾਹਰਲੇ ਪਾਸੇ ਸੀ। ਸੀਆਰਟੋ ਨੇ ਆਪਣੇ ਪੁੱਤਰ ਗਾਬਰ ਅਤੇ ਧੀ ਐਦੀਤ ਨਾਲ ਮੁਲਾਕਾਤ ਕਰਾਈ ਜੋ ਦੋਵੇਂ ਸਕੂਲ ਵਿੱਚ ਪੜ੍ਹਦੇ ਸਨ। ਬੱਚਿਆਂ ਨੂੰ ਭਾਰਤ ਬਾਰੇ ਮਾਮੂਲੀ ਜਾਣਕਾਰੀ ਸੀ।

ਕਿਸ਼ਬੋਰਬਾਲਾ ਹਾਇਰ ਸੈਕੰਡਰੀ ਸਕੂਲ ਦੀ ਅਧਿਆਪਕਾ ਸੀ ਅਤੇ ਉਸ ਦਿਨ ਬੁੱਡਾ-ਪੈਸਟ ਦੇ ਵੱਡੇ ਹਸਪਤਾਲ ਵਿੱਚ ਕਿਸੇ ਨਾਮੁਰਾਦ ਬੀਮਾਰੀ ਦਾ ਮੈਡੀਕਲ ਮੁਆਇਨਾ ਕਰਾਕੇ ਆਈ ਸੀ। ਮੇਰੇ ਮਨ ਉਪਰ ਇਹ ਵੀ ਇਕ ਬੋਝ ਸੀ ਕਿ ਵਿਚਾਰੀ ਨੂੰ ਐਂਵੇ ਖੇਚਲ ਪਾਈ। ਮੇਰਾ ਡਰ ਠੀਕ ਹੀ ਨਿਕਲਿਆ ਉਹ ਬਜ਼ਾਰੋਂ ਲੰਘਦੀ ਹੋਈ ਕਾਫੀ ਸਮਾਨ ਖਰੀਦ ਲਿਆਈ ਅਤੇ ਅੰਗਰੇਜੀ ਦੀ ਡਿਕਸ਼ਨਰੀ ਲੈ ਕੇ ਮੇਰੇ ਕੋਲ ਆ ਗਈ ਤਾਂ ਕਿ ਮੈਂ ਆਪਣੀ ਖਾਣਪੀਣ ਦੀ ਪਸੰਦ ਦੱਸ ਸਕਾਂ। ਜਦੋਂ ਮੈਂ ਦੱਸਿਆ ਕਿ ਮੈਂ ਤਾਂ ਸ਼ਾਕਾਹਾਰੀ ਭੋਜਣ ਹੀ ਪਸੰਦ ਕਰਦਾ ਹਾਂ ਤਾਂ ਉਹ ਕਾਫੀ ਪਰੇਸ਼ਾਨ ਹੋਈ ਕਿਉਂਕਿ ਅਜੇਹਾ ਭੋਜਨ ਹੰਗਰੀ ਵਿੱਚ ਰਾਤ ਦੇ ਖਾਣੇ ਵਿੱਚ ਘੱਟ ਹੀ ਸ਼ਾਮਲ ਹੁੰਦਾ ਹੈ। ਆਖਿਰ ਗੋਭੀ ਅਤੇ ਮੱਛੀ ਦੇ ਕੁਝ ਪਕਵਾਨ ਤਿਆਰ ਕੀਤੇ ਗਏ ਅਤੇ ਸਾਰੇ ਪ੍ਰੀਵਾਰ ਨੇ ਰਲਕੇ ਭੋਜਨ ਦਾ ਅਨੰਦ ਮਾਣਿਆ।

ਹੰਗਰੀ ਸਮਾਜਵਾਦੀ ਦੇਸ਼ਾਂ ਦੇ ਸੰਗਠਨ ਵਿੱਚ ਸ਼ਾਮਲ ਹੈ ਅਤੇ ਇਥੋਂ ਦੀ ਸਿਆਸਤ ਰੂਸ ਸਰਕਾਰ ਦੀ ਸੇਧ ਅਤੇ ਇਸ਼ਾਰੇ ਉਪਰ ਹੀ ਚੱਲਦੀ ਹੈ। ਚੈਕੋਸਲਵਾਕੀਆ ਵਾਂਗ ਹੰਗਰੀ ਨੇ ਵੀ ਰੂਸੀ ਦਬਦਬੇ ਵਿਰੁੱਧ ਬਗਾਵਤ ਕੀਤੀ ਸੀ ਪਰੰਤੂ ਰੂਸੀ ਟੈਂਕਾਂ ਨੇ ਹੰਗਰੀ ਦੇ ਬਾਗੀਆਂ ਨੂੰ ਕੁਚਲ ਕੇ ਰੱਖ ਦਿਤਾ। ਇਹੋ ਹਾਲ ਅਮਰੀਕਾ ਨੇ ਪਿਛੇ ਜਿਹੇ ਗਰੀਨਾਡਾ ਦਾ ਕੀਤਾ ਹੈ। ਸਮਾਜਵਾਦ ਦੀ

ਕਰੜੀ ਪਬੰਦੀ ਦੇ ਬਾਵਜੂਦ ਵੀ ਹੰਗੇਰੀਅਨ ਲੋਕ ਖੁਸ਼ ਹਨ। ਸੀਆਰਟੋ ਨੇ ਦੱਸਿਆ ਕਿ ਹਰ ਕਰਮਚਾਰੀ ਲਈ ਮਕਾਨ, ਡਾਕਟਰੀ ਸਹਾਇਤਾ, ਬੱਚਿਆਂ ਦੀ ਪੜ੍ਹਾਈ ਅਤੇ ਸਫ਼ਰ ਦਾ ਪ੍ਰਬੰਧ ਮੁਫਤ ਹੁੰਦਾ ਹੈ। ਕਿਸੇ ਕਿਸਮ ਦਾ ਟੈਕਸ ਨਹੀਂ ਲਿਆ ਜਾਂਦਾ ਅਤੇ ਬਾਕੀ ਲੋੜਾਂ ਪੂਰੀਆਂ ਕਰਨ ਲਈ ਤਨਖਾਹ ਵੀ ਮਿਲਦੀ ਹੈ। ਹੰਗਰੀ ਵਿੱਚ ਤਨਖਾਹ ਦੇ ਨਿਯਮ ਵੀ ਸਾਡੇ ਦੇਸ਼ ਤੋਂ ਵੱਖਰੇ ਹਨ। ਮਜਦੂਰ ਅਤੇ ਸਕੂਲ ਮਾਸਟਰਾਂ ਦੀ ਤਨਖਾਹ ਬਰਾਬਰ ਹੈ। ਬਲਕਿ ਕੋਲੇ ਦੀਆਂ ਖਾਨਾਂ ਵਿੱਚ ਕੰਮ ਕਰਦੇ ਮਜਦੂਰ ਤਾਂ ਇੰਜੀਨੀਅਰ ਤੋਂ ਜ਼ਿਆਦਾ ਤਨਖਾਹ ਲੈਂਦੇ ਹਨ। ਕਿਸ਼ਬੋਰਬਾਲਾ ਨੂੰ ਸਕੂਲ ਵਿੱਚ 5200 ਕਰੋਨਰ (ਲਗਭਗ 1300 ਰੁਪਏ) ਮਹੀਨਾ ਤਨਖਾਹ ਮਿਲਦੀ ਸੀ। ਹੰਗਰੀ ਵਿੱਚ ਹਰ ਮਰਦ ਔਰਤ ਨੂੰ ਲਾਜ਼ਮੀ ਕੰਮ ਕਰਨਾ ਪੈਂਦਾ ਹੈ। ਕੋਈ ਵੀ ਕੰਮ ਘਟੀਆ ਨਹੀਂ ਸਮਝਿਆ ਜਾਂਦਾ। ਖੇਤੀ ਲਈ ਕਿਸਾਨਾਂ ਨੂੰ ਸਰਕਾਰੀ ਫਾਰਮਾਂ ਤੇ ਕੰਮ ਕਰਨਾ ਪੈਂਦਾ ਹੈ ਅਤੇ ਉਹ ਆਪਣੀ ਫਸਲ ਦੇ ਭਾਅ ਆਪ ਨਿਸ਼ਚਤ ਕਰਦੇ ਹਨ। ਇਨ੍ਹਾਂ ਫਾਰਮਾਂ ਤੇ ਤਕਨੀਕੀ ਮਾਹਿਰ ਸਰਕਾਰ ਵੱਲੋਂ ਰੱਖੇ ਜਾਂਦੇ ਹਨ ਅਤੇ ਹੈਲੀਕਾਪਟਰ ਅਤੇ ਛੋਟੇ ਜਹਾਜ਼ ਵੀ ਮੁਹੱਈਆ ਕੀਤੇ ਜਾਂਦੇ ਹਨ। ਫਾਰਮਾਂ ਦੇ ਉਪਰ ਹੀ ਕਾਰਖਾਨੇ ਲਗਾਏ ਜਾਂਦੇ ਹਨ ਤਾਂ ਕਿ ਪੈਦਾਵਾਰ ਤੋਂ ਦਸਤਕਾਰੀ ਤੱਕ ਦਾ ਮੁਨਾਫ਼ਾ ਵੀ ਕਿਸਾਨਾਂ ਦੇ ਕੋਲ ਹੀ ਰਹੇ। ਪ੍ਰਾਈਵੇਟ ਪ੍ਰਾਪਰਟੀ ਦਾ ਕੋਈ ਰਿਵਾਜ ਨਹੀਂ ਕੇਵਲ ਇਕ ਮਕਾਨ ਅਤੇ ਬਾਗ ਲਈ ਕੁਝ ਜਮੀਨ ਰਾਖਵੀਂ ਰੱਖੀ ਜਾ ਸਕਦੀ ਹੈ। ਗਰੀਬੀ ਦਾ ਕਿਤੇ ਪ੍ਰਛਾਵਾਂ ਵੀ ਨਜ਼ਰ ਨਹੀਂ ਪੈਂਦਾ। ਪਰੰਤੂ ਹੰਗਰੀ ਵਿੱਚ ਕਿਤੇ ਕਿਤੇ ਮੰਗਤੇ ਮਿਲਦੇ ਹਨ ਜੋ ਕਿ ਟੱਪਰੀਵਾਸ ਕਿਸਮ ਦੇ ਜਿਪਸੀ ਲੋਕ ਹਨ।

ਨਿਆਰਗਾਜ਼ਾ ਵਿੱਚ ਇਕ ਰਾਤ ਗੁਜ਼ਾਰਕੇ ਅਗਲੀ ਸਵੇਰ ਮੈਂ ਅਤੇ ਸੀਆਰਟੋ ਦਿਬਰੀਤਸਨ ਲਈ ਰਵਾਨਾ ਹੋ ਪਏ। ਕਿਸ਼ਬੋਰਬਾਲਾ ਨੇ ਵੀ ਸਕੂਲ ਜਾਣਾ ਸੀ ਉਹ ਮੈਨੂੰ ਮੇਰੇ ਬੱਚਿਆਂ ਲਈ ਕੁਝ ਤੋਹਫੇ ਦੇ ਗਈ। ਅਸੀਂ ਤੁਰਨ ਲੱਗਿਆਂ ਸੀਆਰਟੋ ਦੇ ਮਾਪਿਆਂ ਦੇ ਘਰ ਵੀ ਗਏ ਜੋ ਲਾਗੇ ਹੀ ਸੀ। ਇਹ ਬਜ਼ੁਰਗ ਸਰਕਾਰੀ ਪੈਨਸ਼ਨ ਤੇ ਗੁਜ਼ਾਰਾ ਕਰ ਰਹੇ ਹਨ ਅਤੇ ਬੱਚਿਆਂ ਤੋਂ ਸਿਵਾਏ ਮਿਲਣ ਦੇ ਹੋਰ ਕੋਈ ਆਸ ਨਹੀਂ ਸਨ ਰੱਖਦੇ। ਦਿਬਰੀਤਸਨ ਪਹੁੰਚ ਕੇ ਸੀਆਰਟੋ ਮੈਨੂੰ ਮੇਰੇ ਮਿਤਰ ਵਿਗਿਆਨੀ ਸ਼ੋਮੋਜ਼ੀ ਦੀ ਖੋਜ ਸੰਸਥਾ ਵਿੱਚ ਛੱਡ ਆਇਆ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਸ਼ੋਮੋਜ਼ੀ ਨੇ ਦੱਸਿਆ ਕਿ ਰਾਤੀਂ ਉਹ ਸਟੇਸ਼ਨ ਤੇ ਮੇਰੀ ਭਾਲ ਕਰਨ ਆਇਆ ਸੀ ਅਤੇ ਉਸੇ ਰਾਤ ਕਿਸੇ ਬਜ਼ੁਰਗ ਨੇ ਉਸਨੂੰ ਟੈਲੀਫੋਨ ਰਾਹੀਂ ਇਹ ਖਬਰ ਵੀ ਦਿਤੀ ਕਿ ਤੇਰਾ ਮਹਿਮਾਨ ਨਿਆਰਗਾਜ਼ਾ ਪਹੁੰਚ ਗਿਆ ਹੈ। ਮੈਂ ਝਟ ਸਮਝ ਗਿਆ ਕਿ ਇਹ ਖਬਰ ਪਹੁੰਚਾਣ ਵਾਲਾ ਹੋਰ ਕੋਈ ਨਹੀਂ ਹੋ ਸਕਦਾ ਸਿਵਾਏ ਉਸ ਬਜ਼ੁਰਗ ਡਾਕਟਰ ਜੋੜੇ ਦੇ ਜੋ ਮੇਰੇ ਸਾਥ ਹੀ ਬੁੱਡਾਪੈਸਟ ਤੋਂ ਗੱਡੀ ਵਿਚ ਸਫ਼ਰ ਕਰ ਰਹੇ ਸਨ ਅਤੇ ਸਾਡੀਆਂ ਗੱਲਾਂ ਬੜੀ ਉਤਸੁਕਤਾ ਨਾਲ ਸੁਣਦੇ ਆ ਰਹੇ ਸਨ। ਹੰਗਰੀ ਦੇ ਲੋਕਾਂ ਦੇ ਪਿਆਰ ਅਤੇ ਸਨੇਹ ਨੇ ਮੈਨੂੰ ਪੁਰਾਤਨ ਪੰਜਾਬ ਦੇ ਸਿੱਖਾਂ ਦੀ ਯਾਦ ਤਾਜ਼ਾ ਕਰਵਾ ਦਿਤੀ ਜੋ 'ਹੱਥੀਂ' ਦੇ ਕੇ ਭਲਾ ਮਨਾਉਣ ਦੀ ਰਵਾਇਤ ਦੇ ਧਾਰਨੀ ਸਨ।

## ਧਰਤੀ ਉਪਰ ਸਵਰਗ ਦਾ ਟੁਕੜਾ – ਸਾਲਜ਼ਬੁਰਗ

---

23 ਜੁਲਾਈ, 1987 ਨੂੰ ਅਸੀਂ ਰਾਤ ਦੀ ਗੱਡੀ ਤੇ ਸਵਾਰ ਹੋ ਕੇ ਤਰੀਸਤੇ (ਇਟਲੀ) ਤੋਂ ਸਾਲਜ਼ਬੁਰਗ (ਅਸਟਰੀਆ) ਵੱਲ ਰਵਾਨਾ ਹੋਏ ਤਾਂ ਲੋਹੜੇ ਦੀ ਗਰਮੀ ਪੈ ਰਹੀ ਸੀ। ਮੇਰੀ ਘਰਵਾਲੀ ਜੋ ਪਹਿਲੀ ਵਾਰ ਯੂਰਪ ਦੇ ਦੌਰੇ ਤੇ ਆਈ ਸੀ, ਆਪਣੇ ਕਿਆਸ ਦੇ ਉਲਟ ਮਹਿਸੂਸ ਕਰ ਰਹੀ ਸੀ। ਗੱਡੀ ਚੱਲਣ ਉਪਰੰਤ ਸੁਖ ਦਾ ਸਾਹ ਆਇਆ ਪਰ ਜਦੋਂ ਸਟੇਸ਼ਨ ਉਪਰ ਰੁਕਦੀ ਤਾਂ ਇੰਜ ਮਹਿਸੂਸ ਹੁੰਦਾ ਜਿਵੇਂ ਕਿਸੇ ਭੱਠੀ ਵਿੱਚ ਜਾ ਡਿਗੇ ਹਾਂ। ਉਦੀਨੇ (ਇਟਲੀ) ਜੰਕਸ਼ਨ ਤੋਂ ਸਾਡੇ ਡੱਬੇ ਨੂੰ ਰੋਮ ਤੋਂ ਮਿਊਨਿਖ (ਜਰਮਨੀ) ਜਾ ਰਹੀ ਗੱਡੀ ਨਾਲ ਜੋੜ ਦਿੱਤਾ ਗਿਆ। ਅਸੀਂ ਸੋਚ ਰਹੇ ਸਾਂ ਕਿ ਡੱਬੇ ਵਿੱਚ ਭੀੜ ਘੱਟ ਹੈ ਅਤੇ ਰਾਤ ਦਾ ਸਫਰ ਅਰਾਮ ਨਾਲ ਪਸਰ ਕੇ ਬੀਤ ਜਾਵੇਗਾ ਪਰੰਤੂ ਉਦੀਨੇ ਜੰਕਸ਼ਨ ਤੋਂ ਐਸੀ ਭੀੜ ਹੋਈ ਕਿ ਸਾਰੀ ਰਾਤ ਸਾਨੂੰ ਬੈਠ ਕੇ ਹੀ ਸਫਰ ਕਰਨਾ ਪਿਆ। ਅੱਧੀ ਰਾਤ ਉਪਰੰਤ ਅਸੀਂ ਇਟਲੀ ਦੀ ਸਰਹੱਦ ਪਾਰ ਕਰਕੇ ਅਸਟਰੀਆ ਦੀ ਹੱਦ ਅੰਦਰ ਦਾਖਲ ਹੋਏ। ਪਾਸਪੋਰਟਾਂ ਉਪਰ ਮੋਹਰਾਂ ਲਗਵਾ ਕੇ ਅਸੀਂ ਆਸਟਰੀਆ ਦੇ ਪਹਾੜੀ ਖੇਤਰ ਵਿਚੋਂ ਗੁਜ਼ਰ ਰਹੇ ਸਾਂ। ਜਿਉਂ-ਜਿਉਂ ਗੱਡੀ ਸਾਲਜ਼ਬੁਰਗ ਵੱਲ ਵਧ ਰਹੀ ਸੀ ਪਹਾੜ ਹੋਰ ਉਚੇ ਹੋ ਰਹੇ ਸਨ ਅਤੇ ਇਕ ਨਦੀ ਦਾ ਵਹਿਣ ਰੇਲ ਗੱਡੀ ਦਾ ਸਾਥ ਦੇ ਰਿਹਾ ਸੀ। ਇਟਲੀ ਦੀ ਗਰਮੀ ਦੀ ਬਜਾਏ ਅਸਟਰੀਆ ਦੀ ਹੱਦ ਅੰਦਰ ਦਾਖਲ ਹੋਣ ਸਾਰ ਹੀ ਵਾਤਾਵਰਨ ਸੁਹਾਵਣਾ ਹੋਣ ਲੱਗਾ ਅਤੇ ਅਮਰਿਤ ਵੇਲੇ ਦੇ ਸ਼ਾਂਤਮਈ ਮਹੌਲ ਵਿੱਚ ਰੁਮਕਦੀ ਪੌਣ ਠੰਡਕ ਵਰਸਾਣ ਲੱਗੀ। ਸਵੇਰ ਹੋਣ ਤੋਂ ਪਹਿਲਾਂ ਸਾਢੇ ਪੰਜ ਵਜੇ ਦੇ ਕਰੀਬ ਅਸੀਂ ਸਾਲਜ਼ਬੁਰਗ ਸਟੇਸ਼ਨ ਉਪਰ ਜਾ ਉਤਰੇ। ਸਟੇਸ਼ਨ ਦੇ ਬਾਹਰ ਨਿਕਲੇ ਹੀ ਸਾਂ ਕਿ ਮੇਰਾ ਭਣੇਵਾਂ 'ਪਿੰਕੀ' ਸਾਡੀ ਇੰਤਜ਼ਾਰ ਵਿੱਚ ਖੜੋਤਾ ਸੀ ਅਤੇ ਅਸੀਂ ਦਸ ਮਿੰਟਾਂ ਅੰਦਰ ਆਪਣੇ ਟਿਕਾਣੇ ਉਪਰ ਪੁੱਜ ਗਏ।

24 ਜੁਲਾਈ ਨੂੰ ਸਵੇਰ ਦਾ ਨਾਸ਼ਤਾ ਕਰਕੇ ਅਤੇ ਹੋਰ ਗੱਪ-ਸ਼ੱਪ ਤੋਂ ਬਾਅਦ ਅਸੀਂ ਸਾਲਜ਼ਬੁਰਗ ਦੇ ਬਾਹਰਲੇ ਇਲਾਕੇ ਵਿੱਚ ਘੁੰਮਣ ਲਈ ਨਿਕਲ ਤੁਰੇ। ਦੁਪਹਿਰ ਤੱਕ ਧੁੱਪ ਨਿਕਲ ਚੁੱਕੀ ਸੀ ਅਤੇ ਹਵਾ ਵਿੱਚ ਠੰਡਕ ਘਟ ਕੇ ਕੋਸਾਪਨ ਵਧ ਗਿਆ ਸੀ। ਸ਼ਾਇਦ ਅਸਟਰੀਆ ਦੇ ਮੌਸਮ ਵਿੱਚ ਇਹ ਅਤੀ ਸੁਹਾਵਣਾ ਦਿਨ ਸੀ। ਪਿੰਕੀ ਸਾਨੂੰ ਸਾਲਜ਼ਬੁਰਗ ਸ਼ਹਿਰ ਤੋਂ ਬਾਹਰ ਉਸ ਖੇਤਰ ਵੱਲ ਲੈ ਗਿਆ ਜਿਥੇ ਯੂਰਪੀਨ ਸੈਲਾਨੀ ਅਸਟਰੀਆ ਦੀਆਂ ਝੀਲਾਂ ਦੀ ਸੈਰ ਲਈ ਆਉਂਦੇ ਹਨ। ਸ਼ਹਿਰ ਤੋਂ ਕੋਈ 30 ਕਿਲੋਮੀਟਰ ਦੀ ਵਿੱਥ ਤੇ ਅਸੀਂ ਇਕ ਝੀਲ ਦੇ ਕਿਨਾਰੇ ਰੁਕੇ ਅਤੇ ਕੁਝ ਫੋਟੋਗਰਾਫੀ ਤੋਂ ਬਾਅਦ ਇਥੋਂ ਦੀ ਰੈਸਤੋਰਾਂ ਵਿੱਚ  ਕਾਫੀ ਆਦਿ ਛਕ ਕੇ ਅੱਗੇ ਲਈ ਰਵਾਨਾ ਹੋ ਪਏ। ਅਗਲੀ ਝੀਲ ਅਸਟਰੀਆ ਦੀ ਸਭ ਤੋਂ ਵੱਡੀ ਝੀਲ ਮੰਨੀ ਜਾਂਦੀ ਹੈ ਅਤੇ ਇਸ ਦੇ ਆਲੇ-ਦੁਆਲੇ ਦੇ ਉਚੇ ਪਹਾੜਾਂ ਵਿਚਕਾਰ ਟਰੌਲੀ ਸਰਵਿਸ ਹੈ ਜਿਸ ਉਪਰ ਸਵਾਰ ਹੋ ਕੇ ਅਸੀਂ ਇਕ ਪਹਾੜ ਦੀ ਚੋਟੀ ‘ਤੇ ਪਹੁੰਚੇ ਜਿਥੋਂ ਹੇਠਲੀ ਵਾਦੀ ਅਤੇ ਦੂਰ-ਦੁਰਾਡੇ ਦਾ ਕੁਦਰਤੀ ਨਜ਼ਾਰਾ ਸਾਫ ਦਿਖਾਈ ਦੇ ਰਿਹਾ ਸੀ। ਸੁਣਿਆ ਸੀ ਕਿ ਸਵਿਟਜ਼ਰਲੈਂਡ ਯੂਰਪ ਦੀ ਸਭ ਤੋਂ ਵੱਧ ਕੁਦਰਤੀ ਨਜ਼ਾਰਿਆਂ ਭਰਪੂਰ ਧਰਤੀ ਹੈ ਪਰੰਤੂ ਇਉਂ ਜਾਪਦਾ ਸੀ ਕਿ ਸਾਲਜ਼ਬੁਰਗ ਦਾ ਇਹ ਖੇਤਰ ਜਿਵੇਂ ਸਵਰਗ ਦਾ ਇਕ ਟੁਕੜਾ ਧਰਤੀ ਉਪਰ ਆ ਡਿਗਿਆ ਹੋਵੇ। ਪਹਾੜ ਦੀ ਚੋਟੀ ਤੋਂ ਅਸੀਂ ਸ਼ਹਿਰ, ਪਿੰਡ, ਵਾਦੀਆਂ, ਝੀਲਾਂ ਅਤੇ ਹੋਰ ਰਮਣੀਕ ਨਜ਼ਾਰੇ ਦੇਖ ਰਹੇ ਸਾਂ। ਆਲਾ-ਦੁਆਲਾ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਕਿਸੇ  ਚਿਤਰਕਾਰੀ ਦਾ ਨਿਰੂਪਣ ਹੋ ਰਿਹਾ ਹੋਵੇ। ਕੁਦਰਤ ਦਾ ਕਾਦਰ ਇਕ ਚਿਤਰਕਾਰ ਹੀ ਤਾਂ ਹੈ। ਇਉਂ ਜਾਪਿਆ ਜਿਵੇਂ ਕਵੀਆਂ ਦੁਆਰਾ ਕਿਆਸੇ ਕੁਦਰਤ ਚਿਤਰਣ ਸਾਲਜ਼ਬੁਰਗ ਦੇ ਇਸ ਪਹਾੜੀ ਖਿਤੇ ਵਿਚ ਉਲੀਕੇ ਮਿਲਦੇ ਹਨ।

ਬਹੁਤੇ ਸੈਲਾਨੀ ਵਾਪਸੀ ਯਾਤਰਾ ਟਰੌਲੀ ਦੀ ਬਜਾਏ ਪੈਦਲ ਹੀ ਕਰ ਰਹੇ ਸਨ ਪਰੰਤੂ ਅਸੀਂ ਸਫਰ ਦੇ ਥਕੇਵੇਂ ਤੋਂ ਬਚਣ ਲਈ ਅਤੇ ਫੋਟੋਗਰਾਫੀ ਲਈ ਟਰੌਲੀ ਦੁਆਰਾ ਹੀ ਵਾਦੀ ਵਿੱਚ ਪਰਤੇ। ਸਾਲਜ਼ਬੁਰਗ  ਨੂੰ ਪਰਤਣ ਲਈ ਅਸੀਂ ਵਾਪਸੀ ਉਪਰ ਨਵਾਂ ਰਾਹ ਚੁਣਿਆ। ਕੁਝ ਕਿਲੋਮੀਟਰ ਸਫਰ ਕਰਕੇ ਅਸੀਂ ਅਸਟਰੀਆਂ ਦੀ ਜਰਨੈਲੀ ਸੜਕ ਉਪਰ ਜਾ ਚੜ੍ਹੇ ਜੋ ਸਾਡੀ ਜੀ.ਟੀ.ਰੋਡ ਤੋਂ ਕਈ ਗੁਣਾ ਵਧੇਰੇ ਚੌੜੀ ਹੋਵੇਗੀ। ਇਸ ਉਪਰ 6 ਕਾਰਾਂ ਜਾਂ ਬੱਸਾਂ ਸਮਾਂਤਰ ਚੱਲ ਸਕਦੀਆਂ ਹਨ ਅਤੇ 150 ਕਿਲੋਮੀਟਰ ਦੀ ਰਫਤਾਰ ਤੇ ਵੀ ਕੋਈ ਹਜੋਕੇ ਮਹਿਸੂਸ ਨਹੀਂ ਹੁੰਦੇ। ਦੁਪਹਿਰ ਢਲ ਰਹੀ ਸੀ ਅਤੇ ਭੁੱਖ ਲੱਗਣ ਤੇ ਅਸੀਂ ਕਾਰ ਵਿੱਚ ਚਲਦੇ-ਚਲਦੇ ਕੁਝ ਟੋਸਟ ਅਤੇ ਫਲ ਆਦਿ ਖਾ ਕੇ ਗੁਜਾਰਾ ਕਰ ਰਹੇ ਸਾਂ। ਇਕ ਸੇਬ ਦਾ ਗੁੱਦਾ ਮੈਂ ਕਾਰ ਦੀ ਬਾਰੀ ‘ਚੋਂ ਪਾਰ ਵਗਾਹ ਮਾਰਿਆ। ਪਿੰਕੀ ਘਬਰਾ ਕੇ ਬੋਲਿਆ, “ਮਾਮਾ ਜੀ ਇਹ ਕੀ ਕੀਤਾ। ਸ਼ੁਕਰ ਹੈ ਮਗਰ ਕੋਈ ਹੋਰ ਕਾਰ ਨਹੀਂ ਆ ਰਹੀ, ਵਰਨਾ ਸੌ ਸ਼ਿਲਿੰਗ ਜੁਰਮਾਨਾ ਭਰਨਾ ਪੈ ਜਾਣਾ ਸੀ।” ਅਸਟਰੀਆ ਵਿੱਚ ਕੋਈ ਆਦਮੀ ਸੜਕ, ਗਲੀ ਜਾਂ ਘਰ ਦੇ ਬਾਹਰ ਕੂੜਾ ਤਾਂ ਕੀਹ, ਕਾਗਜ਼ ਦਾ ਟੁਕੜਾ ਵੀ ਨਹੀਂ ਸੁੱਟਦਾ ਜਿਸ ਕਰਕੇ ਇਥੋਂ ਦੇ ਪਿੰਡ ਅਤੇ ਸ਼ਹਿਰ ਯੂਰਪ ਦੇ ਬਾਕੀ ਦੇਸ਼ਾਂ ਤੋਂ ਵਧੇਰੇ ਸਾਫ ਅਤੇ ਸੁੰਦਰ ਦਿਖਾਈ ਦੇਂਦੇ ਹਨ। ਇਹੋ ਹੀ ਇਥੋਂ ਦੇ ਟਰੈਫਿਕ ਨਿਯਮਾਂ ਦੀ ਪਾਲਣਾ ਬਾਰੇ ਹੈ। ਟਰੈਫਿਕ ਉਲੰਘਣਾ ਕੇਵਲ ਪੁਲਿਸ ਹੀ ਨਹੀਂ ਵੇਖਦੀ, ਕੋਈ ਵੀ ਸ਼ਹਿਰੀ ਰੀਪੋਰਟ ਕਰ ਸਕਦਾ ਹੈ ਕਿ ਫਲਾਂ ਨੰਬਰ ਕਾਰ ਦਾ ਡਰਾਈਵਰ ਲਾਲ ਬੱਤੀ ਤੇ ਨਹੀਂ ਰੁਕਿਆ, ਝੱਟ ਜੁਰਮਾਨੇ ਦੀ ਪਰਚੀ ਕਾਰ ਉਪਰ ਚਿਪਕ ਜਾਂਦੀ ਹੈ। ਅਸਟਰੀਆ ਦੀ ਸਰਕਾਰ ਆਪਣੇ ਸ਼ਹਿਰੀਆਂ ਦੇ ਹਲਫੀਆ ਬਿਆਨ ਜਾਂ ਟੈਲੀਫੋਨ ਉਪਰ ਦਿੱਤੀ ਰਿਪੋਰਟ ਨੂੰ ਪੱਕੀ ਗਵਾਹੀ ਮੰਨ ਕੇ ਹਰ ਕਦਮ ਚੁੱਕ ਸਕਦੀ ਹੈ। ਲੋਕਾਂ ਦਾ ਕਿਰਦਾਰ ਵੀ ਉਚ ਪੱਧਰ ਦਾ ਹੈ ਅਤੇ ਐਵੇਂ ਬਗੈਰ ਕਸੂਰ ਕਿਸੇ ਉਪਰ ਤੋਹਮਤ ਨਹੀਂ ਲਗਾ ਦਿੰਦੇ। ਪਿੰਕੀ ਦਾ ਇਕ ਦੋਸਤ ਅਖਬਾਰ ਵੇਚਣ ਦਾ ਕੰਮ ਕਰਦਾ ਹੈ। ਰਾਤ ਨੂੰ 10 ਵਜੇ ਤੋਂ ਬਾਅਦ ਉਹ ਅਖਬਾਰਾਂ ਰੇਲਵੇ ਸਟੇਸ਼ਨ ਦੇ ਬਾਹਰ ਰੱਸੀ ਨਾਲ ਟੰਗ ਕੇ ਚਲਾ ਜਾਂਦਾ ਹੈ। ਅਖਬਾਰ ਲੈਣ ਵਾਲੇ ਪੈਸੇ ਡੱਬੇ ਵਿੱਚ ਪਾ ਕੇ ਅਖਬਾਰ ਲੈ ਜਾਂਦੇ  ਹਨ। ਉਸ ਦਾ ਕਹਿਣਾ ਹੈ ਕਿ ਅੱਜ ਤੱਕ ਕੋਈ ਐਸਾ ਮੌਕਾ ਨਹੀਂ ਮਿਲਿਆ ਕਿ ਰਕਮ ਘੱਟ ਵਸੂਲ ਹੋਈ ਹੋਵੇ।

ਸਾਲਜ਼ਬੁਰਗ ਦੇ ਆਲੇ-ਦੁਆਲੇ ਜੇਕਰ ਉਚੇ ਪਹਾੜ ਹਨ ਤਾਂ ਇਸ ਦੀ ਹਿੱਕ ਉਪਰ ਸਾਲਜ਼ ਦਰਿਆ ਸੱਪ ਵਾਂਗ ਪਲਸੇਟੇ ਮਾਰਦਾ ਪਰਤੀਤ ਹੁੰਦਾ ਹੈ। ਦਰਅਸਲ ਇਸ ਸ਼ਹਿਰ ਦਾ ਨਾਮ ਵੀ ਇਸ ਦਰਿਆ ਦੇ ਨਾਮ ਉਪਰ ਹੀ ਰੱਖਿਆ ਗਿਆ ਹੈ। ਇਹ ਦਰਿਆ ਸ਼ਹਿਰ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਇਕ ਪਾਸੇ ਪੁਰਾਣਾ ਸ਼ਹਿਰ ਹੈ ਜਿਸ ਵਿੱਚ ਕਾਰਾਂ ਦੀ ਆਵਾਜਾਈ ਤੇ ਪਾਬੰਦੀ ਹੈ ਅਤੇ ਸੈਲਾਨੀ ਗਲੀਆਂ ਵਿੱਚ ਪੈਦਲ ਘੁੰਮ ਕੇ ਆਨੰਦ ਮਾਣਦੇ ਹਨ। ਇਕ ਗਲੀ ਵਿੱਚ ਅਸਟਰੀਆ ਦੇ ਮਹਾਨ ਵਿਸ਼ਵ ਪ੍ਰਸਿੱਧ ਰਾਗੀ ਮੋਜ਼ਾਰਟ ਦਾ ਘਰ ਹੈ, ਜਿਸ ਨੂੰ ਬੜੀ ਸ਼ਰਧਾ ਨਾਲ ਸਜਾ ਕੇ ਅਜਾਇਬ ਘਰ ਬਣਾ ਰੱਖਿਆ ਹੈ। ਇਸ ਦੇ ਸਾਹਮਣੇ ਚੌਂਕ ਵਿੱਚ ਕਈ ਮਸਤ-ਮਲੰਗ ਨੌਜਵਾਨ ਆਪਣੇ ਸਾਜਾਂ ਦੀਆਂ ਧੁਨਾਂ ਅਲਾਪ ਕੇ ਸੈਲਾਨੀਆਂ ਦਾ ਦਿਲ ਬਹਿਲਾਉਂਦੇ ਹਨ। ਪੁਰਾਣੇ ਸ਼ਹਿਰ ਦੇ ਇਕ ਸਿਰੇ ਤੇ ਪਹਾੜੀ ਉਪਰ ਸਾਲਜ਼ਬੁਰਗ ਦਾ ਪ੍ਰਸਿੱਧ ਕਿਲ੍ਹਾ ਹੈ ਜੋ ਅਸਟਰੀਆ ਦੇ ਬਾਦਸ਼ਾਹ ਕਦੀਂ ਮਹੱਲ ਅਤੇ ਕਦੀਂ ਜੇਲ ਦੇ ਤੌਰ ਤੇ ਵਰਤਦੇ ਰਹੇ। ਕਿਲ੍ਹੇ ਤੋਂ ਹੇਠਾਂ ਇਕ ਖੁੱਲ੍ਹਾ ਮੈਦਾਨ ਹੈ ਜਿਸ ਵਿੱਚ ਐਤਵਾਰ ਦੇ ਦਿਨ ਮਾਰਕੀਟ ਲੱਗਦੀ ਹੈ। ਇਹ ਨਜ਼ਾਰਾ ਸਾਡੇ ਪੇਂਡੂ ਮੇਲਿਆਂ ਵਾਂਗ ਹੁੰਦਾ ਹੈ ਜਿਥੇ ਖਾਣ-ਪੀਣ ਦੀਆਂ ਵਸਤਾਂ ਤੋਂ ਇਲਾਵਾ ਵੰਨ-ਸਵੰਨੇ ਗਹਿਣੇ, ਕੱਪੜੇ ਅਤੇ ਹੋਰ ਸਾਜੋ ਸਮਾਨ ਵੀ ਵਿਕਦਾ ਹੈ। ਸਭ ਤੋਂ ਵੱਡੀ ਖੂਬੀ ਇਸ ਮਾਰਕੀਟ ਦੀ ਇਹ ਹੈ ਕਿ ਕਾਰੀਗਰ ਗਾਹਕ ਦੇ ਸਾਹਮਣੇ ਹੀ ਸਾਜੋ-

ਸਮਾਨ ਤਿਆਰ ਕਰਕੇ ਦਿੰਦੇ ਹਨ। ਮਿੱਟੀ ਦੇ ਭਾਂਡੇ, ਲੋਹੇ ਦੇ ਬਰਤਨ, ਕਸ਼ੀਦਾਕਾਰੀ ਅਤੇ ਹੋਰ ਕਈ ਕਿਸਮ ਦੇ ਪੁਰਾਤਨ ਕਿੱਤੇ ਅਜੇ ਵੀ ਸਾਲਜ਼ਬੁਰਗ ਦੇ ਪੁਰਾਣੇ ਸ਼ਹਿਰ ਵਿੱਚ ਸਦੀਆਂ ਦੀ ਰਵਾਇਤ ਕਾਇਮ ਰੱਖਦੇ ਹਨ।

25 ਜੁਲਾਈ ਨੂੰ ਅਸੀਂ ਸਾਲਜ਼ਬੁਰਗ ਦੇ ਨਵੇਂ ਸ਼ਹਿਰ ਦਾ ਦੌਰਾ ਕੀਤਾ। ਸ਼ਹਿਰ ਤੋਂ ਬਾਹਰਵਾਰ ਵੱਡੇ-ਵੱਡੇ ਕੇਂਦਰੀ ਸਟੋਰ ਹਨ ਜਿਥੇ ਲੋਕ ਸਾਰੇ ਹਫਤੇ ਦੀ ਸ਼ਾਪਿੰਗ ਲਈ ਸ਼ਨੀਵਾਰ ਸਵੇਰੇ ਹੀ ਪਹੁੰਚ ਜਾਂਦੇ ਹਨ। ਇਨ੍ਹਾਂ ਸਟੋਰਾਂ ਵਿੱਚ ਖਾਣ-ਪੀਣ ਦੇ ਸਮਾਨ ਤੋਂ ਲੈ ਕੇ ਹਰ ਕਿਸਮ ਦਾ ਲੋੜੀਂਦਾ ਸਮਾਨ ਪ੍ਰਾਪਤ ਹੁੰਦਾ ਹੈ। ਇਨ੍ਹਾਂ ਵਿੱਚ ਬੈਂਕ, ਪੋਸਟ ਆਫਿਸ, ਰੈਸਤੋਰਾਂ, ਬੱਚਿਆਂ ਦੇ ਖੇਡ ਪਾਰਕ ਅਤੇ ਗਾਹਕਾਂ ਲਈ ਹਰ ਕਿਸਮ ਦੀ ਸਹੂਲਤ ਮੁਹੱਈਆ ਕੀਤੀ ਜਾਂਦੀ ਹੈ। ਯੂਰਪ ਦੇ ਸਭ ਦੇਸ਼ਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਆਮਦਨੀ ਦੇ ਲਿਹਾਜ਼ ਨਾਲ ਭਾਰਤ ਤੋਂ ਸਸਤੀਆਂ ਪੈਂਦੀਆਂ ਹਨ ਪਰਤੂੰ ਕੱਪੜੇ ਅਤੇ ਜੁੱਤੀਆਂ ਕਈ ਗੁਣਾਂ ਮਹਿੰਗੇ ਹਨ। ਸਟੋਰਾਂ ਵਿੱਚ ਮਿਆਦ ਖਤਮ ਹੋਣ ਤੋਂ ਬਾਅਦ ਖਾਣ-ਪੀਣ ਦਾ ਸਮਾਨ ਵੇਚਿਆ ਨਹੀਂ ਜਾ ਸਕਦਾ ਸਗੋਂ ਤਬਾਹ ਕਰਨ ਲਈ ਦੁਕਾਨਦਾਰਾਂ ਨੂੰ ਖਰਚਾ ਦੇਣਾ ਪੈਂਦਾ ਹੈ।

ਸਾਲਜ਼ਬੁਰਗ ਵਿੱਚ ਲਗਭਗ ਇਕ ਦਰਜਨ ਪੰਜਾਬੀ ਪਰਿਵਾਰ ਹਨ ਜੋ ਵਧੇਰੇ ਕਰਕੇ ਰੈਸਤੋਰਾਂ ਅਤੇ ਹੋਟਲਾਂ ਵਿੱਚ ਕੰਮ ਕਰਕੇ ਗੁਜ਼ਾਰਾ ਕਰਦੇ ਹਨ। ਕਈਆਂ ਨੇ ਆਪਣੇ ਹੋਟਲ ਵੀ ਖੋਹਲ ਰੱਖੇ ਹਨ। 25 ਜੁਲਾਈ ਸ਼ਾਮ ਦਾ ਖਾਣਾ ਸਾਡੇ ਮੇਜ਼ਬਾਨ ਦੇ ਦੋਸਤ ਦੇ ਘਰ ਸੀ ਜੋ ਸਾਹਨੇਵਾਲ ਦੇ ਨਜ਼ਦੀਕ ਪਿੰਡ ਦਾ ਰਹਿਣ ਵਾਲਾ ਹੈ। ਉਸ ਦੀ ਘਰ ਵਾਲੀ ਅਸਟਰੀਅਨ ਕੁੜੀ ਹੈ, ਜੋ ਸ਼ਾਦੀ ਤੋਂ ਉਪਰੰਤ ਪੂਰੀ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਵਿਚਰ ਰਹੀ ਹੈ। ਉਸ ਦਾ ਨਾਮ ਮਨਜੀਤ ਕੌਰ ਹੈ ਅਤੇ ਉਹ ਪੰਜਾਬੀ ਖਾਣੇ ਤਿਆਰ ਕਰਨ ਵਿੱਚ ਮਾਹਰ ਹੈ। ਉਸ ਦੀ ਇੱਛਾ ਹੈ ਕਿ ਉਹ ਪੰਜਾਬ ਵਿੱਚ ਰਹਿ ਕੇ ਇਥੋਂ ਦੇ ਲੋਕਾਂ ਨੂੰ ਨੇੜੇ ਹੋ ਕੇ ਵੇਖ ਸਕੇ ਅਤੇ ਸਿੱਖ ਧਰਮ ਦੀ ਸਹੀ ਪਹਿਚਾਣ ਕਰ ਸਕੇ। ਮਨਜੀਤ ਕੌਰ ਨੇ ਦੱਸਿਆ ਕਿ ਉਸ ਨੂੰ ਪੱਛਮੀ ਸਭਿਆਚਾਰ ਤੋਂ ਚਿੜ੍ਹ ਹੈ। ਉਸ ਨੇ ਛੋਟੀ ਉਮਰ ਤੋਂ ਹੀ ਮਾਸ ਅਤੇ ਸ਼ਰਾਬ ਤੋਂ ਗੁਰੇਜ਼ ਕੀਤਾ ਹੈ ਅਤੇ ਉਸ ਦੀ ਇਕ ਸੱਧਰ ਹੈ ਕਿ ਉਸ ਦੇ ਬੱਚੇ ਅਤੇ ਪਤੀ ਪੂਰਨ ਰੂਪ ਵਿੱਚ ਸਿੱਖ ਨਜ਼ਰ ਆਉਣ। ਉਹ ਆਪਣੇ ਪਤੀ ਦੀ ਪਗੜੀ ਅਤੇ ਕੇਸਾਂ ਵਾਲੀ ਪੁਰਾਣੀ ਫੋਟੋ ਤੇ ਮੋਹਿਤ ਹੋ ਰਹੀ ਸੀ। ਜਾਪਦਾ ਹੈ ਮਨਜੀਤ ਕੌਰ ਅਸਟਰੀਆ ਦੇ ਸਿੱਖ ਪਰਿਵਾਰਾਂ ਵਿੱਚ ਸਿੱਖੀ ਪਰੰਪਰਾ ਬਹਾਲ ਕਰਕੇ ਰਹੇਗੀ।

## ਦਿੱਲੀ ਤੋਂ ਮਾਸਕੋ

---

ਵਿਦੇਸ਼ ਯਾਤਰਾ ਮੇਰੇ ਲਈ ਕੋਈ ਅਨੋਖੀ ਗੱਲ ਨਹੀਂ ਜਾਪਦੀ ਕਿਉਂਕਿ 1970 ਤੋਂ ਲੈ ਕੇ ਹੁਣ ਤੱਕ ਇਕ ਦਰਜਨ ਫੇਰੀਆਂ ਯੂਰਪ ਅਤੇ ਅਮਰੀਕਾ ਦੀਆਂ ਲਗਾ ਚੁੱਕਾ ਹਾਂ। ਜੇਕਰ ਕੋਈ ਅਨੋਖੀ ਗੱਲ ਹੈ ਤਾਂ ਇਹ ਮਾਸਕੋ ਦਾ ਚੱਕਰ ਹੈ ਜੋ ਪਹਿਲੀ ਵਾਰ ਹੀ ਲਗਾ ਰਿਹਾ ਹਾਂ। ਮੇਰੇ ਮਨ ਵਿਚ ਕਈ ਵਾਰ ਖਿਆਲ ਆਇਆ ਕਿ ਰੂਸ ਦਾ ਨਜ਼ਾਰਾ ਵੀ ਵੇਖਿਆ ਜਾਵੇ। ਕਿਸੇ ਸਮੇਂ ਮੈਨੂੰ ਮਾਸਕੋ ਸਟੇਟ ਯੂਨੀਵਰਸਿਟੀ ਵਿਚ ਦਾਖ਼ਲਾ ਵੀ ਮਿਲਿਆ ਸੀ ਪਰੰਤੂ ਮੇਰੇ ਦੋਸਤਾਂ ਨੇ ਕਿਹਾ ਕਿ ਮਾਸਕੋ ਦੇ ਮੁਕਾਬਲੇ ਪੈਰਿਸ ਜਾਣਾ ਬਿਹਤਰ ਹੈ। ਸੋ ਮੇਰੀ ਰੀਝ ਸੀ ਕਿ ਇਕ ਵਾਰੀ ਮਾਸਕੋ ਦਾ ਗੇੜਾ ਵੀ ਲਾ ਆਵਾਂ। ਮੇਰੇ ਜਾਣਕਾਰਾਂ ਦੀ ਸੂਚੀ ਵਿਚ ਕੁਝ ਰੂਸੀ ਵਿਗਿਆਨੀਆਂ ਦੇ ਨਾਮ ਦਰਜ ਹਨ, ਸੋ ਮੈਂ ਉਨ੍ਹਾਂ ਨੂੰ ਚਿੱਠੀ ਪੱਤਰ ਵੀ ਲਿਖਿਆ ਤਾਂ ਕਿ ਉਹ ਮਾਸਕੋ ਹਵਾਈ ਅੱਡੇ ਤੋਂ ਮੈਨੂੰ ਲੈ ਜਾਣ। ਤੁਰਨ ਤੋਂ ਪਹਿਲਾਂ ਮੈਨੂੰ ਸਾਡੀ ਯੂਨੀਵਰਸਿਟੀ ਦੇ ਪ੍ਰੋ. ਗੁਰਬਖਸ਼ ਸਿੰਘ ਫਰੈਂਕ ਹੋਰਾਂ ਵੀ ਕੁਝ ਜਾਣਕਾਰੀ ਦਿੱਤੀ। ਉਹ ਹੁਣੇ ਹੁਣੇ ਹੀ ਮਾਸਕੋ ਤੋਂ ਵਾਪਸ ਪਰਤੇ ਸਨ। ਉਨ੍ਹਾਂ ਦੱਸਿਆ ਕਿ ਰੂਸ ਵਿੱਚ ਚਿੱਠੀ ਇਕ ਮਹੀਨੇ ਵਿਚ ਟਿਕਾਣੇ ਪਹੁੰਚ ਜਾਵੇ ਤਾਂ ਗਨੀਮਤ ਸਮਝੋ। ਸੋ ਉਨ੍ਹਾਂ ਦੀ ਰਾਏ ਠੀਕ ਨਿਕਲੀ ਕਿਉਂਕਿ ਮੇਰੀ ਯਾਤਰਾ ਅਰੰਭ ਹੋਣ ਤੱਕ ਕਿਸੇ ਵੀ ਰੂਸੀ ਮਿੱਤਰ ਦਾ ਜਵਾਬ ਨਹੀਂ ਸੀ ਆਇਆ।

ਦਿੱਲੀ ਤੋਂ ਮਾਸਕੋ ਜਾਣ ਲਈ ਮੈਂ ਰੂਸੀ ਏਅਰਲਾਈਨ ਐਰੋਫਲੋਟ ਦਾ ਟਿਕਟ ਖਰੀਦਿਆ। ਮੇਰੇ ਏਜੰਟ ਨੇ ਕਿਹਾ ਕਿ ਟਿਕਟ ਯਾਤਰਾ ਤੋਂ ਇਕ ਹਫਤਾ ਪਹਿਲਾਂ ਮੈਨੂੰ ਮਿਲੇਗਾ ਕਿਉਂਕਿ ਅਜੇ ਵਾਪਸੀ ਯਾਤਰਾ ਬੁੱਕ ਕਰਨੀ ਹੈ। ਮੈਂ ਹਰ ਰੋਜ਼ ਦਿੱਲੀ ਟੈਲੀਫੋਨ ਕਰਦਾ ਕਿ ਯਾਤਰਾ ਬੁੱਕ ਹੋਈ ਹੈ ਕਿ ਨਹੀਂ। ਮੈਨੂੰ ਕਈ ਸੱਜਣਾਂ ਨੇ ਦੱਸਿਆ ਸੀ ਕਿ ਐਰੋਫਲੋਟ ਸਸਤੀ ਜ਼ਰੂਰ ਹੈ ਪਰੰਤੂ ਭਰੋਸੇਯੋਗ ਨਹੀਂ। ਸੋ ਮੇਰਾ ਡਰ ਠੀਕ ਨਿਕਲਿਆ। ਸਫ਼ਰ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਮੈਂ ਦਿੱਲੀ ਪਹੁੰਚਿਆ ਤਾਂ ਪਤਾ ਲਗਾ ਕਿ ਵਾਪਸੀ ਯਾਤਰਾ ਤਾਂ ਕੀ ਬੁੱਕ ਹੋਣੀ ਸੀ ਮੇਰਾ ਦਿੱਲੀ ਤੋਂ ਮਾਸਕੋ ਦਾ ਟਿਕਟ ਵੀ ਓ.ਕੇ ਨਹੀਂ ਸੀ। ਕਾਫੀ ਭੱਜ ਨੱਠ ਤੋਂ ਬਾਅਦ ਜਦੋਂ ਟਿਕਟ ਓ.ਕੇ ਹੋਇਆ ਤਾਂ ਇਕ ਹੋਰ ਮੁਸੀਬਤ ਖੜੀ ਹੋ ਗਈ। ਦਰਅਸਲ ਮੈਂ ਮਾਸਕੋ ਦੇ ਰਸਤੇ ਬੈਲਗਰੇਡ ਕਾਨਫਰੰਸ ਤੇ ਜਾ

ਰਿਹਾ ਸਾਂ ਪਰੰਤੂ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਮੇਰੇ ਟਿਕਟ ਤੇ ਬੁਕਿੰਗ ਬੈਲਗਰੇਡ ਦੀ ਜਗ੍ਹਾ ਬੁੱਡਾਪੈਸਟ ਦੀ ਨਿਕਲੀ। ਮੇਰੇ ਏਜੰਟ ਨੇ ਕਿਹਾ ਕਿ ਮਾਸਕੋ ਪਹੁੰਚ ਕੇ ਠੀਕ ਕਰਵਾ ਲੈਣਾ ਕਿਉਂਕਿ ਕਿਰਾਇਆ ਬਰਾਬਰ ਹੈ ਅਤੇ ਟਿਕਟ ਕੱਟਣ ਵਿਚ ਗਲਤੀ ਹੋ ਗਈ ਹੈ। ਅਗਲੀ ਸਵੇਰ ਅੱਠ ਜੂਨ 1991 ਨੂੰ ਮੈਂ ਪਾਲਮ ਹਵਾਈ ਅੱਡੇ ਪਹੁੰਚ ਗਿਆ।ਚੈਕ-ਇਨ ਤੋਂ ਬਾਅਦ ਮੈਂ ਆਪਣਾ ਸੀਟ ਨੰਬਰ ਪੁੱਛਿਆ ਤਾਂ ਕਾਊਂਟਰ ਤੇ ਬੈਠਾ ਬਾਬੂ ਹੱਸ ਪਿਆ। ਉਹ ਕਹਿੰਦਾ ਜਿਥੇ ਜੀ ਕਰੇ ਸੀਟ ਮੱਲ ਲੈਣੀ ਇਹ ਪੰਜਾਬ ਰੋਡਵੇਜ਼ ਹੀ ਸਮਝੋ। ਮੈਂ ਸ਼ੁਕਰ ਕੀਤਾ ਕਿ ਮੈਨੂੰ ਚੈਕ-ਇਨ ਕਰ ਲਿਆ ਹੈ ਕਿਉਂਕਿ ਮੇਰੇ ਨਾਲ ਦੇ ਸੱਠ-ਸੱਤਰ ਮੁਸਾਫਰ ਓ.ਕੇ. ਟਿਕਟ ਦੇ ਬਾਵਜੂਦ ਵੀ ਵਾਪਸ ਕਰ ਦਿੱਤੇ ਸਨ।

ਦਸ ਵਜੇ ਸਾਡੇ ਜਹਾਜ ਨੇ ਉੜਾਨ ਭਰਨੀ ਸੀ। ਸਾਢੇ ਨੌਂ ਵਜੇ ਦੇ ਕਰੀਬ ਗੇਟ ਅੱਗੇ ਭੀੜ ਜਮਾਂ ਹੋ ਗਈ। ਸਿਪਾਹੀ ਅਤੇ ਕੰਪਨੀ ਦੇ ਹੋਰ ਕਾਰਿੰਦੇ ਬਥੇਰਾ ਰੌਲਾ ਪਾਨ ਕਿ ਕਤਾਰ ਬਣਾਓ ਪਰੰਤੂ ਕੌਣ ਸੁਣਦਾ ਹੈ। ਹਰ ਇਕ ਨੂੰ ਕਾਹਲ ਸੀ ਕਿ ਜਹਾਜ ਵਿਚ ਪਹਿਲਾਂ ਚੜ੍ਹ ਕੇ ਸੀਟ ਮੱਲੀ ਜਾਵੇ। ਸੋ ਧੱਕਮ-ਧੱਕਾ ਹੋ ਕੇ ਮੁਸਾਫਰ ਜਹਾਜ ਵੱਲ ਵਧ ਰਹੇ ਸਨ। ਭਾਰਤੀ ਸਿਪਾਹੀ ਰੂਸੀਆਂ ਨੂੰ ਪਹਿਲਾਂ ਲੰਘਾ ਰਿਹਾ ਸੀ। ਸਾਡੇ ਦੇਸ਼ ਵਿਚ ਮਾਨਸਿਕ ਗੁਲਾਮੀ ਅਜੇ ਵੀ ਕਾਇਮ ਹੈ ਅਤੇ ਗੋਰੀ ਚਮੜੀ ਵਾਲਿਆਂ ਦੀ ਕਦਰ ਵੀ। ਇਸ ਜਹਾਜ਼ ਦਾ ਟਿਕਟ ਸਭ ਤੋਂ ਸਸਤਾ ਹੋਣ ਕਰਕੇ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਧੇਰੇ ਸਿੱਖ ਯਾਤਰੀ ਵੀ ਇਸ ਵਿਚ ਸਫ਼ਰ ਕਰ ਰਹੇ ਸਨ। ਬਲਕਿ ਦੋ-ਤਿਹਾਈ ਯਾਤਰੀ ਪੰਜਾਬੀ ਹੀ ਸਨ। ਭਾਰਤੀ ਸਿਪਾਹੀ ਕਈ ਨੌਜਵਾਨਾਂ ਨੂੰ ਧੱਕੇ ਮਾਰ ਕੇ ਪਿਛਾਂਹ ਕਰ ਰਿਹਾ ਸੀ। ਬਰਮਿੰਘਮ ਜਾ ਰਹੇ ਇਕ ਅਮਰਿਤਧਾਰੀ ਪ੍ਰਵਾਰ ਨਾਲ ਤਾਂ ਕਾਫੀ ਵਧੀਕੀ ਹੋ ਰਹੀ ਸੀ। ਪਹਿਲਾਂ ਤਾਂ ਉਨ੍ਹਾਂ ਦੇ ਗਾਤਰੇ ਲੁਹਾ ਲਏ ਗਏ, ਫਿਰ ਉਨ੍ਹਾਂ ਨੂੰ ਜਹਾਜ਼ ਚੜ੍ਹਨ ਤੋਂ ਰੋਕਿਆ ਗਿਆ। ਸਭ ਤੋਂ ਅਖੀਰ ਵਿਚ ਬੰਗੇ ਦੇ ਇਸ ਪ੍ਰਵਾਰ ਦੀ ਵਾਰੀ ਆਈ ਤਾਂ ਸੀਟਾਂ ਦੀ ਸਮੱਸਿਆ ਬਣ ਗਈ। ਇਨ੍ਹਾਂ ਸਾਰੇ ਜੀਆਂ ਨੂੰ ਤੰਬਾਕੂਨੋਸ਼ੀ ਕਰਨ ਵਾਲਿਆਂ ਵਿਚ ਹੀ ਮਜਬੂਰਨ ਬੈਠਣਾ ਪਿਆ। ਭਾਵੇਂ ਮੈਂ ਜਹਾਜ਼ ਵਿਚ ਮੂਹਰਲੀ ਕਤਾਰ ਵਿਚ ਹੀ ਚੜ੍ਹ ਗਿਆ ਪਰੰਤੂ ਮੈਂ ਵੇਖਿਆ ਕਿ ਕੁਝ ਰੂਸੀ ਬੀਬੀਆਂ ਜਹਾਜ਼ ਦੀਆਂ ਸੀਟਾਂ ਤੇ ਆਪਣਾ ਹੱਕ ਜਮਾ ਕੇ ਬੈਠੀਆਂ ਹਨ। ਹਰ ਇਕ ਨੇ ਪੰਜ ਛੇ ਸੀਟਾਂ ਮੱਲ ਰੱਖੀਆਂ ਸਨ। ਇਹੋ ਜੇਹਾ ਤਜਰਬਾ ਪਹਿਲਾਂ ਕਦੇ ਨਹੀਂ ਸੀ ਹੋਇਆ। ਵਾਕਿਆ ਹੀ ਐਰੋਫਲੋਟ ਦਾ ਜਹਾਜ਼ ਪੰਜਾਬ ਰੋਡਵੇਜ਼ ਦੀ ਬੱਸ ਨਾਲ ਮੇਲ ਖਾਂਦਾ ਹੈ।

ਸ਼ੁਕਰ ਕੀਤਾ ਦਸ ਵਜੇ ਦੇ ਕਰੀਬ ਜਹਾਜ ਉੜਾਨ ਭਰਨ ਵਾਲੀ ਪੱਟੀ ਵੱਲ ਰਵਾਨਾ ਹੋਇਆ। ਕੈਬਿਨ ਤੋਂ ਦੱਸਿਆ ਗਿਆ ਕਿ ਜਹਾਜ਼ ਤਾਸ਼ਕੰਦ ਹੋ ਕੇ ਜਾ ਰਿਹਾ ਹੈ ਅਤੇ ਸ਼ਾਮ ਦੇ ਚਾਰ ਵਜੇ ਮਾਸਕੋ ਦੇ ਹਵਾਈ ਅੱਡੇ ਤੇ ਉਤਰੇਗਾ। ਸ਼ਾਇਦ ਦੁਨੀਆਂ ਦੀ ਇਹ ਇਕੋ ਇਕ ਅਜਿਹੀ ਕੰਪਨੀ ਹੈ ਜੋ ਅੰਤਰ-ਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਕੇ ਮੁਸਾਫਰਾਂ ਨੂੰ ਉੜਾਨ ਭਰਨ ਸਮੇਂ ਕੋਈ ਹਦਾਇਤ ਜਾਰੀ ਨਹੀਂ ਕਰਦੀ ਅਤੇ ਨਾ ਹੀ ਸੂਚਨਾ ਕਾਰਡ ਸੀਟਾਂ ਪਿੱਛੇ ਰੱਖਦੀ ਹੈ। ਸਭ ਕੁਝ ਰੱਬ ਆਸਰੇ ਹੀ ਛੱਡ ਦਿੱਤਾ ਗਿਆ।

ਉੜਾਨ ਭਰਨ ਤੋਂ ਤਿੰਨ ਘੰਟੇ ਬਾਅਦ ਸਾਡਾ ਜਹਾਜ਼ ਤਾਸ਼ਕੰਦ ਦੇ ਹਵਾਈ ਅੱਡੇ ਤੇ ਉਤਰ ਗਿਆ। ਸਾਰੇ ਮੁਸਾਫਰਾਂ ਨੂੰ ਹਵਾਈ ਅੱਡੇ ਉਪਰ ਜਾਣ ਦੀ ਖੁੱਲ੍ਹ ਮਿਲ ਗਈ। ਤਾਸ਼ਕੰਦ ਦੇ ਹਵਾਈ ਅੱਡੇ ਉਪਰ ਉਸਾਰੀ ਦਾ ਕੰਮ ਚੱਲ ਰਿਹਾ ਸੀ। ਜਿਸ ਕਰਕੇ ਮੁਸਾਫਰਾਂ ਨੂੰ ਆਰਾਮ ਕਰਨ ਵਿਚ ਪਰੇਸ਼ਾਨੀ ਪੇਸ਼ ਆਈ। ਫਿਰ ਵੀ ਹਰ ਯਾਤਰੀ ਤਾਸ਼ਕੰਦ ਸ਼ਹਿਰ ਵੱਲ ਝਾਤ ਪਾ ਰਿਹਾ ਸੀ ਅਤੇ ਸੜਕ ਤੇ ਕਦੇ ਕਦਾਈਂ ਕੋਈ ਬੱਸ ਜਾਂ ਕਾਰ ਨਜ਼ਰੀ ਪੈ ਜਾਂਦੀ ਸੀ। ਹਵਾਈ ਅੱਡੇ ਉਪਰ ਵਾਤਾ-ਅਨੁਕੂਲਨ ਦਾ ਪ੍ਰਬੰਧ ਵੀ ਨਹੀਂ ਸੀ ਜਿਸ ਕਰਕੇ ਗਰਮੀ ਵਿਚ ਹੀ ਇਕ ਘੰਟਾ ਬਤੀਤ ਕਰਕੇ ਮੁਸਾਫਰ ਮੁੜ ਜਹਾਜ਼ ਵਿਚ ਸਵਾਰ ਹੋ ਗਏ।

ਤਾਸ਼ਕੰਦ, ਦਿੱਲੀ ਅਤੇ ਮਾਸਕੋ ਦੇ ਲਗਭਗ ਅੱਧ ਵਿਚਕਾਰ ਹੈ। ਜਹਾਜ਼ ਨੇ ਤਾਸ਼ਕੰਦ ਤੋਂ ਉੜਾਨ ਭਰੀ ਤਾਂ ਕੈਬਿਨ ਤੋਂ ਪੁਕਾਰ ਹੋਈ ਜਿਸ ਦਵਾਰਾ ਮਾਸਕੋ ਪਹੁੰਚਣ ਦਾ ਸਮਾਂ ਦੱਸਿਆ ਗਿਆ। ਜਹਾਜ ਵਿਚ ਭੋਜਨ ਦਾ ਸਮਾਂ ਹੋ ਗਿਆ ਸੀ। ਸਾਰਿਆਂ ਨੂੰ ਮਾਸਾਹਾਰੀ ਭੋਜਨ ਹੀ ਪੇਸ਼ ਕੀਤਾ ਗਿਆ। ਅਸੀਂ ਸ਼ਾਕਾਹਾਰੀ ਬਥੇਰਾ ਰੌਲਾ ਪਾ ਰਹੇ ਸਾਂ ਕਿ ਅਸੀਂ ਟਿਕਟ ਖਰੀਦਣ ਸਮੇਂ ਨੋਟ ਕਰਵਾਇਆ ਸੀ ਪਰੰਤੂ ਕਿਸੇ ਨੇ ਇਕ ਨਾ ਸੁਣੀ। ਅੰਮ੍ਰਿਤਧਾਰੀ ਪ੍ਰਵਾਰ ਨੇ ਤਾਂ ਸਵੇਰ ਤੋਂ ਹੀ ਕੁਝ ਨਹੀਂ ਸੀ ਖਾਧਾ ਪੀਤਾ। ਕੁਦਰਤੀ ਜਹਾਜ਼ ਵਿਚ ਅੰਬਾਂ ਦੀ ਟੋਕਰੀ ਵਰਤਾਈ ਜਾ ਰਹੀ ਸੀ। ਸੋ ਮੇਰੇ ਕਹਿਣ ਤੇ ਉਨ੍ਹਾਂ ਆਪਣੇ ਬੱਚਿਆਂ ਨੂੰ ਅੰਬ ਖਾਣ ਦੀ ਇਜਾਜ਼ਤ ਦੇ ਦਿੱਤੀ। ਉਹ ਆਪਣੇ ਨਾਲ ਘਰੋਂ ਕੁਝ ਪੰਜੀਰੀ ਆਦਿ ਵੀ ਲੈ ਕੇ ਚਲੇ ਸਨ। ਮੇਰੇ ਕੋਲ ਵੀ ਰਸਤੇ ਵਿਚ ਖਾਣ ਪੀਣ ਦਾ ਚੋਖਾ ਸਮਾਨ ਸੀ। ਸੋ ਗੁਜ਼ਾਰਾ ਹੋ ਗਿਆ।

ਚਾਰ ਵਜੇ ਦੇ ਕਰੀਬ ਸਾਡਾ ਜਹਾਜ਼ ਮਾਸਕੋ ਦੇ ਹਵਾਈ ਅੱਡੇ ਤੇ ਉਤਰਿਆ। ਇਸ ਜਹਾਜ਼ ਦੇ ਵਧੇਰੇ ਯਾਤਰੀ ਇੰਗਲੈਂਡ ਅਤੇ ਕੈਨੇਡਾ ਵੱਲ ਜਾ ਰਹੇ ਸਨ। ਮੇਰੇ ਵਾਂਗ ਇਨ੍ਹਾਂ ਨੇ ਵੀ ਜਹਾਜ ਬਦਲਣਾ ਸੀ ਅਤੇ ਅਗਲੀ ਸਵੇਰ ਮੁੜ ਯਾਤਰਾ ਅਰੰਭ ਕਰਨੀ ਸੀ। ਸਾਨੂੰ ਟਰਾਂਜਿਟ ਯਾਤਰੀ ਹੋਣ ਕਰਕੇ ਰਾਤ ਹਵਾਈ ਅੱਡੇ ਤੇ ਹੀ ਕੱਟਣੀ ਪੈਣੀ ਸੀ। ਮੇਰੇ ਏਜੰਟ ਨੇ ਕਿਹਾ ਸੀ ਕਿ ਟਰਾਂਜਿਟ ਵੀਜ਼ਾ ਦਸ ਡਾਲਰ ਵਿਚ ਮਿਲ ਜਾਂਦਾ ਹੈ ਜਿਸ ਨਾਲ ਮਾਸਕੋ ਸ਼ਹਿਰ ਘੁੰਮਿਆ ਜਾ ਸਕਦਾ ਹੈ। ਸਭ ਤੋਂ ਅੱਗੇ ਮੇਰੀ ਹੀ ਵਾਰੀ ਸੀ।

ਕਾਊਂਟਰ ਤੇ ਰੂਸੀ ਕੁੜੀ ਨੇ ਮੇਰਾ ਟਿਕਟ ਵੇਖ ਕੇ ਹੋਟਲ ਵਿਚ ਜਾਣ ਦੀ ਤਾਈਦ ਕੀਤੀ ਅਤੇ ਸੱਠ ਡਾਲਰ ਮੰਗੇ। ਮੈਂ ਉਸ ਤੋਂ ਵੀਜ਼ੇ ਦੀ ਮੰਗ ਕੀਤੀ। ਉਹ ਅੰਗਰੇਜ਼ੀ ਸਮਝਦੀ ਸੀ। ਸੋ ਉਸਨੇ ਪਹਿਲਾਂ ਤਾਂ ਨਾਂਹ ਕਰ ਦਿੱਤੀ ਪਰ ਮੇਰੇ ਮਗਰ ਪੈਣ ਤੇ ਟਰਾਂਜਿਟ ਹਾਲ ਵਿਚ ਭੇਜ ਦਿੱਤਾ। ਕੁਝ ਚਿਰ ਟੱਕਰਾਂ ਮਾਰ ਕੇ ਮੈਨੂੰ ਉਸ ਦਫ਼ਤਰ ਦਾ ਪਤਾ ਲਗ ਗਿਆ ਜਿਥੋਂ ਟਰਾਂਜਿਟ ਵੀਜ਼ਾ ਮਿਲ ਸਕਦਾ ਸੀ। ਉਥੇ ਅੱਗੇ ਇਕ ਅਮਰੀਕਨ ਨੂੰ ਘੇਰੀ ਬੈਠੇ ਸਨ ਅਤੇ ਮੈਨੂੰ ਭਾਰਤੀ ਵੇਖ ਕੇ ਬੈਠਣ ਦਾ ਇਸ਼ਾਰਾ ਕੀਤਾ। ਮੇਰੇ ਦੱਸਣ ਉਪਰ ਕਿ ਭਾਰਤੀ ਦੂਤਾਵਾਸ ਵਿਚ ਮੇਰਾ ਮਿੱਤਰ ਕੰਮ ਕਰਦਾ ਹੈ ਅਤੇ ਮੈਂ ਇਕ ਰਾਤ ਉਸ ਕੋਲ ਗੁਜ਼ਾਰਣੀ ਚਾਹੁੰਦਾ ਹਾਂ। ਰੂਸੀ ਕਾਰਿੰਦੇ ਨੇ ਮੇਰੇ ਕੋਲੋਂ ਟੈਲੀਫੋਨ ਨੰਬਰ ਲੈ ਕੇ ਆਪ ਪੁੱਛ ਗਿੱਛ ਕੀਤੀ ਅਤੇ ਪੈਂਤੀ ਡਾਲਰ ਲੈ ਕੇ ਰਾਤ ਭਰ ਲਈ ਵੀਜ਼ਾ ਜਾਰੀ ਕਰ ਦਿੱਤਾ। ਕਿਉਂਕਿ ਉਸਨੇ ਟੈਲੀਫੋਨ ਕਰ ਦਿੱਤਾ ਸੀ, ਸੋ ਮੈਂ ਆਪਣੇ ਦੋਸਤ ਦੀ ਇੰਤਜ਼ਾਰ ਵਿਚ ਪਹੁੰਚ-ਹਾਲ ਵਿਚ ਬੈਠ ਗਿਆ।

ਮੈਂ ਹਾਲ ਵਿਚ ਟਹਿਲਣਾ ਸ਼ੁਰੂ ਕਰ ਦਿੱਤਾ ਤਾਂ ਕਿ ਮੇਰੇ ਦੋਸਤ ਨੂੰ ਪਗੜੀ ਵਾਲੇ ਮੁਸਾਫ਼ਰ ਦਾ ਪਤਾ ਲਗ ਜਾਵੇ। ਮੇਰੀ ਹੈਰਾਨੀ ਦੀ ਹੱਦ ਹੋ ਗਈ ਜਦੋਂ ਮੈਂ ਵੇਖਿਆ ਕਿ ਇਥੇ ਤਾਂ ਕਈ ਪਗੜੀ ਵਾਲੇ ਮੁਸਾਫ਼ਰ ਘੁੰਮ ਰਹੇ ਹਨ। ਉਤਸੁਕਤਾ ਲਈ, ਉਹ ਵੀ ਮੇਰੇ ਵੱਲ ਆ ਗਏ। ਪੁੱਛਣ ਤੇ ਪਤਾ ਲੱਗਾ ਕਿ ਉਹ ਸਾਰੇ ਅੱਜ ਹੀ ਭਾਰਤ ਤੋਂ ਰੂਸ ਆਏ ਹਨ ਅਤੇ ਉਨ੍ਹਾਂ ਦੀ ਗਿਣਤੀ ਪੰਜਾਹ ਤੋਂ ਵਧੇਰੇ ਹੈ। ਇਕ ਜਣਾ ਕਾਫੀ ਪਰੇਸ਼ਾਨ ਨਜ਼ਰ ਆ ਰਿਹਾ ਸੀ। ਉਸਨੇ ਦੱਸਿਆ ਕਿ ਅੱਜ ਕੱਲ੍ਹ ਪੰਜਾਬ ਦੇ ਨੌਜਵਾਨ ਮੁੰਡੇ ਏਜੰਟਾਂ ਰਾਹੀਂ ਰੂਸ ਪਹੁੰਚ ਰਹੇ ਹਨ। ਇਹ ਏਜੰਟ ਪਹਿਲਾਂ ਤਾਂ ਭਾਰਤ ਵਿੱਚ ਲੁੱਟਦੇ ਹਨ ਅਤੇ ਫਿਰ ਇਥੇ ਸਭ ਕੋਲੋਂ ਸੌ ਸੌ ਡਾਲਰ ਵਸੂਲ ਕਰ ਲੈਂਦੇ ਹਨ। ਮਾਸਕੋ ਸ਼ਹਿਰ ਦੇ ਪੁਰਾਣੇ ਹਿੱਸੇ ਵਿਚ ਇਨ੍ਹਾਂ ਦੇ ਟਿਕਾਣੇ ਹਨ। ਪੰਜਾਬ ਤੋਂ ਆਏ ਨੌਜਵਾਨ ਕੁਝ ਦਿਨ ਮਾਸਕੋ ਵਿਚ ਰਹਿ ਕੇ ਚੈਕੋਸਲੋਵਾਕੀਆ ਦੇ ਰਸਤੇ ਜੰਗਲਾਂ ਅਤੇ ਪਹਾੜਾਂ ਨੂੰ ਪਾਰ ਕਰਕੇ ਜਰਮਨੀ ਪਹੁੰਚਣਾ ਚਾਹੁੰਦੇ ਸਨ। ਕਈ ਇਕ ਲੰਘ ਜਾਂਦੇ ਹਨ ਪਰੰਤੂ ਵਧੇਰੇ ਪੁਲੀਸ ਦੁਆਰਾ ਪਕੜੇ ਜਾਂਦੇ ਹਨ। ਉਸ ਇਹ ਵੀ ਦੱਸਿਆ ਕਿ ਇਹ ਨੌਜਵਾਨ ਪਹਿਲਾਂ ਤਾਂ ਆਪਣਾ ਪਾਸਪੋਰਟ ਗਵਾਂਦੇ ਹਨ ਤਾਂ ਕਿ ਪਕੜੇ ਜਾਣ ਉਪਰੰਤ ਪੁਲਿਸ ਇਨ੍ਹਾਂ ਨੂੰ ਕੈਦ ਕਰ ਲਵੇ। ਇਸ ਦੇ ਦੋ ਫਾਇਦੇ ਹਨ, ਇਕ ਤਾਂ ਰੋਟੀ ਪਾਣੀ ਮੁਫਤ ਮਿਲ ਜਾਂਦਾ ਹੈ ਅਤੇ ਦੂਸਰਾ ਜਰਮਨੀ ਵਾਲੇ ਸ਼ਰਨਾਰਥੀ ਸਮਝ ਕੇ ਪਨਾਹ ਵੀ ਦੇ ਦਿੰਦੇ ਹਨ। ਮੈਂ ਪੰਜਾਬ ਦੇ ਨੌਜਵਾਨਾਂ ਦੇ ਇਸ ਵਤੀਰੇ ਤੋਂ ਹੈਰਾਨ ਹੋ ਰਿਹਾ ਸਾਂ ਅਤੇ ਸੋਚਿਆ ਕਿ ਪੰਜਾਬ ਪੁਲਿਸ ਦੀ ਕੁੱਟ ਮਾਰ ਦੇ ਮੁਕਾਬਲੇ ਇਹ ਸੌਦਾ ਮਹਿੰਗਾ ਨਹੀਂ ਜਾਪਦਾ।

ਅਜੇ ਪੰਜਾਬੀ ਨੌਜਵਾਨਾਂ ਨਾਲ ਗੱਲਬਾਤ ਚੱਲ ਹੀ ਰਹੀ ਸੀ ਕਿ ਮੇਰਾ ਦੋਸਤ ਵੀ ਆਪਣੀ ਪਤਨੀ ਸਮੇਤ ਮੈਨੂੰ ਲੈਣ ਆ ਗਿਆ। ਅਸੀਂ ਏਅਰਪੋਰਟ ਤੋਂ ਮਾਸਕੋ ਸ਼ਹਿਰ ਨੂੰ ਜਾਣ ਲਈ ਸੜਕ ਤੇ ਪੈ ਗਏ। ਏਅਰਪੋਰਟ ਤੇ ਕਾਰਾਂ ਦੀ ਭੀੜ ਨਹੀਂ ਸੀ ਅਤੇ ਜੋ ਨਜ਼ਰ ਆ ਰਹੀਆਂ ਸਨ ਉਹ ਵੀ ਇਕ ਦੋ ਤਰ੍ਹਾਂ ਦੇ ਰੂਸੀ ਮਾਡਲ ਹੀ। ਮੇਰੇ ਦੋਸਤ ਦੀ ਕਾਰ ਜਾਪਾਨੀ ਮਾਡਲ ਦੀ ਸੀ ਜਿਸ ਕਰਕੇ ਬਹੁਤੇ ਰੂਸੀ ਜੋੜੇ ਕੋਲੋਂ ਦੀ ਲੰਘਦੇ ਤਾਂ ਲਲਚਾਈਆਂ ਅੱਖਾਂ ਨਾਲ ਵੇਖਦੇ। ਇਉਂ ਲਗਦਾ ਸੀ ਕਿ ਰੂਸ ਵਿਚ ਵੀ ਭਾਰਤੀਆਂ ਵਾਂਗ ਇਮਪੋਰਟਿਡ ਵਸਤਾਂ ਦੀ ਕਰੇਜ਼ ਹੈ।

ਚਾਲੀ ਮਿੰਟ ਦੇ ਸਫਰ ਬਾਅਦ ਅਸੀਂ ਮਾਸਕੋ ਸ਼ਹਿਰ ਦੇ ਧੁਰ ਅੰਦਰਲੇ ਹਿਸੇ ਵਿਚ ਪਹੁੰਚ ਗਏ। ਮੇਰਾ ਇਰਾਦਾ ਸ਼ਹਿਰ ਦਾ ਦੌਰਾ ਕਰਕੇ ਘਰ ਜਾਣ ਦਾ ਸੀ। ਸੋ ਮੇਰੇ ਦੋਸਤ ਨੇ ਮੇਰੀ ਭਾਵਨਾ ਦੀ ਤਾਈਦ ਕੀਤੀ ਅਤੇ ਕਾਰ ਨੂੰ ਕਰੈਮਲਿਨ ਵੱਲ ਮੋੜਿਆ। ਇਸ ਜਗ੍ਹਾ ਨੂੰ ਰੈਡ ਸੁਕੇਅਰ ਵੀ ਕਿਹਾ ਜਾਂਦਾ ਹੈ। ਦੁਨੀਆਂ ਭਰ ਦੇ ਯਾਤਰੀ ਮਾਸਕੋ ਪਹੁੰਚ ਕੇ ਇਸ ਦੀ ਸੈਰ ਕਰਦੇ ਹਨ। ਸ਼ਹੀਦਾਂ ਦੀ ਯਾਦ ਵਿਚ ਕਰੈਮਲਿਨ ਦੀ ਦੀਵਾਰ ਨਾਲ ਇਕ ਯਾਦਗਾਰ ਹੈ ਜਿਥੇ ਹਰ ਸਮੇਂ ਜੋਤੀ ਬਲਦੀ ਰਹਿੰਦੀ ਹੈ। ਸ਼ਹਿਰ ਦੇ ਲੋਕ ਆਪਣੇ ਵਤਨ ਦੇ ਸ਼ਹੀਦਾਂ ਨੂੰ ਫੁੱਲ ਭੇਂਟ ਕਰਦੇ ਹਨ। ਉਸ ਦਿਨ ਇਕ ਨਵੀਂ ਸ਼ਾਦੀ ਵਾਲਾ ਜੋੜਾ ਵੀ ਆ ਟਪਕਿਆ। ਬਗੈਰ ਝਿਜਕ ਦੇ ਮੈਨੂੰ ਫੋਟੋ ਖਿੱਚਣ ਦਾ ਮੌਕਾ ਮਿਲ ਗਿਆ ਅਤੇ ਉਹ ਵੀ ਫੋਟੋ ਖਿਚਵਾ ਕੇ ਖੁਸ਼ੀ ਮਹਿਸੂਸ ਕਰ ਰਹੇ ਸਨ। ਕਰੈਮਲਿਨ ਵਿਚ ਲੈਨਿਨ ਦੀ ਸਮਾਧ ਵੀ ਵੇਖੀ ਜਿਥੇ ਹਰ ਘੰਟੇ ਬਾਅਦ ਪਹਿਰੇਦਾਰ ਬਦਲਦੇ ਰਹਿੰਦੇ ਹਨ। ਇਸ ਨਜ਼ਾਰੇ ਨੂੰ ਵੇਖਣ ਲਈ ਯਾਤਰੀ ਬੜੀ ਉਤਸੁਕਤਾ ਨਾਲ ਕਰੈਮਲਿਨ ਦੀ ਵੱਡੀ ਘੜੀ ਦੀਆਂ ਸੂਈਆਂ ਦਾ ਧਿਆਨ ਰੱਖਦੇ ਹਨ। ਅਸੀਂ ਵੀ ਇਹ ਨਜ਼ਾਰਾ ਵੇਖ ਕੇ ਅਗੇ ਵਧੇ। ਰੂਸ ਦੀ ਸਰਕਾਰ ਦਾ ਹੈੱਡ-ਕੁਆਟਰ ਕਰੈਮਲਿਨ ਦੇ ਅੰਦਰ ਹੀ ਹੈ ਜਿਸ ਕਰਕੇ ਕਾਫੀ ਪਹਿਰਾ ਲੱਗਾ ਰਹਿੰਦਾ ਹੈ। ਇਕ ਪੁਰਾਤਨ ਗਿਰਜਾ ਘਰ ਵੀ ਇਸ ਸੁਕੇਅਰ ਅੰਦਰ ਹੈ ਜੋ ਹਾਲੀਂ ਤੱਕ ਨਹੀਂ ਖੋਲ੍ਹਿਆ ਗਿਆ। ਸਟਾਲਿਨ ਦੇ ਰਾਜ ਸਮੇਂ ਰੂਸ ਦੇ ਸਾਰੇ ਗਿਰਜਾ ਘਰ ਕਮਿਊਨਿਸਟ ਸਰਕਾਰ ਨੇ ਬੰਦ ਕਰਵਾ ਦਿੱਤੇ ਸਨ। ਹੁਣ ਬਾਕੀ ਗਿਰਜਾ ਘਰ ਤਾਂ ਖੁੱਲ੍ਹ ਚੁੱਕੇ ਹਨ ਪਰੰਤੂ ਕਰੈਮਲਿਨ ਦਾ ਗਿਰਜਾ ਘਰ ਅਜੇ ਵੀ ਬੰਦ ਪਿਆ ਹੈ।

ਮਾਸਕੋ ਦਾ ਮਹਾਨ ਤੀਰਥ ਅਸਥਾਨ ਵੇਖਣ ਉਪਰੰਤ ਅਸੀਂ ਘਰ ਵੱਲ ਪਰਤ ਗਏ। ਰੂਸ ਵਿਚ ਸਾਰੇ ਲੋਕ ਸਰਕਾਰੀ ਫਲੈਟਾਂ ਵਿਚ ਹੀ ਰਹਿੰਦੇ ਹਨ। ਪ੍ਰਾਈਵੇਟ ਘਰ ਕੋਈ ਨਹੀਂ ਅਤੇ ਜਾਪਦਾ ਹੈ ਸਭ ਅਮੀਰ ਗਰੀਬ ਇਕੋ ਜਹੇ ਘਰਾਂ ਵਿਚ ਹੀ ਰਹਿੰਦੇ ਹਨ। ਆਮ ਤੌਰ ਤੇ ਘਰ ਵਿਚ ਪ੍ਰਾਹੁਣੇ ਰੱਖਣ ਦੀ ਮਨਾਹੀ ਹੈ ਅਤੇ ਘਰ ਛੋਟੇ ਹੋਣ ਕਰਕੇ ਪ੍ਰਾਹੁਣੇ ਦੇ ਸੌਣ ਲਈ ਜਗ੍ਹਾ ਵੀ ਨਹੀਂ ਹੁੰਦੀ।

ਮੇਰਾ ਦੋਸਤ ਖੁਸ਼ਕਿਸਮਤ ਹੈ ਕਿ ਉਸ ਕੋਲ ਨੌਕਰ ਵੀ ਹੈ ਅਤੇ ਘਰ ਵਿਚ ਗੁਜਾਰੇ ਨਾਲੋਂ ਵਧੇਰੇ ਜਗ੍ਹਾ। ਜਾਪਦਾ ਹੈ ਭਾਰਤੀ ਦੂਤਾਵਾਸ ਰੂਸੀਆਂ ਦੇ ਮੁਕਾਬਲੇ ਕਾਫੀ ਅਮੀਰ ਹੈ ਜਾਂ ਆਪਣੀ ਗਰੀਬੀ ਉਪਰ ਪਰਦਾ ਪਾਉਣ ਲਈ ਆਪਣੇ ਕਾਰਿੰਦਿਆਂ ਦੀ ਚੰਗੀ ਦੇਖ ਭਾਲ ਕਰਦਾ ਹੈ। ਖੈਰ! ਚਾਹ ਪੀਣ ਬਾਅਦ ਅਸੀਂ ਮਾਸਕੋ ਦੇ ਬਜ਼ਾਰਾਂ ਦੀ ਰੌਣਕ ਵੇਖਣ ਲਈ ਇਕ ਚੱਕਰ ਹੋਰ ਲਾਣ ਦਾ ਪ੍ਰੋਗਰਾਮ ਬਣਾ ਲਿਆ।

ਮਾਸਕੋ ਸ਼ਹਿਰ ਦੂਸਰੀ ਵਿਸ਼ਵ ਜੰਗ ਤੋਂ ਬਾਅਦ ਦੋਬਾਰਾ ਹੋਂਦ ਵਿਚ ਆਇਆ ਹੈ। ਇਸ ਸ਼ਹਿਰ ਦੀ ਕਈ ਵਾਰ ਤਬਾਹੀ ਹੋ ਚੁੱਕੀ ਹੈ। ਇਸ ਦੀਆਂ ਸੜਕਾਂ ਖੁੱਲ੍ਹੀਆਂ ਹਨ ਅਤੇ ਸ਼ਹਿਰ ਵਿਚ ਸਫਰ ਕਰਨ ਲਈ ਧਰਤੀ ਹੇਠ ਰੇਲ ਗੱਡੀ (ਮੈਟਰੋ) ਚਲਦੀ ਹੈ। ਸੂਰਜ ਛਿਪਣ ਦਾ ਸਮਾਂ ਇਥੇ 9 ਵਜੇ ਦੇ ਕਰੀਬ ਸੀ। ਸੋ ਅਸੀਂ ਇਕ ਰੌਣਕ ਵਾਲੇ ਬਜ਼ਾਰ ਦੀ ਸੈਰ ਕਰਨ ਨਿਕਲ ਤੁਰੇ। ਇਸ ਬਜ਼ਾਰ ਵਿਚ ਦੁਕਾਨਾਂ ਤਾਂ ਬੰਦ ਸਨ ਪਰੰਤੂ ਕਿਤੇ ਕਿਤੇ ਮੁਨਿਆਰੀ ਵਾਲੇ ਚੀਜ਼ਾਂ ਵੇਚ ਰਹੇ ਸਨ। ਕਿਧਰੇ ਆਰਟਿਸਟ ਆਪਣੇ ਚਿਤਰਾਂ ਦੀ ਬੋਲੀ ਲਾ ਰਹੇ ਸਨ। ਇਕ ਜਗ੍ਹਾ ਰੂਸੀ ਲੋਕ-ਨਾਚ ਹੋ ਰਿਹਾ ਸੀ। ਲੋਕ ਅਨੰਦ ਮਾਣ ਰਹੇ ਸਨ ਅਤੇ ਨਾਚ ਮੁੱਕਣ ਤੇ ਟੋਪੀ ਵਿਚ ਪੈਸੇ ਸੁੱਟ ਰਹੇ ਸਨ। ਜਾਪਦਾ ਸੀ ਕਿ ਰੂਸ ਵਿਚ ਚੀਜ਼ਾਂ ਦੀ ਥੁੜ ਹੈ ਕਿਉਂਕਿ ਵੱਡੇ ਸਟੋਰਾਂ ਵਿਚ ਵੀ ਕਤਾਰਾਂ ਲੱਗੀਆਂ ਹੋਈਆਂ ਸਨ। ਸਾਨੂੰ ਲੰਘਦਿਆਂ ਵੇਖ ਕੇ ਇਕ ਸੱਜਣ ਸਿਗਰਟਾਂ ਦੀ ਡੱਬੀ ਬਦਲੇ ਚਿਤਰ ਵੇਚਣਾ ਚਾਹੁੰਦਾ ਸੀ। ਪਰੰਤੂ ਸਾਡੇ ਪਾਸ ਸਿਗਰਟਾਂ ਕਿੱਥੇ।

ਰਾਤ ਗਿਆਰਾਂ ਵਜੇ ਤੱਕ ਅਸੀਂ ਮਾਸਕੋ ਦੇ ਕਈ ਪ੍ਰਸਿੱਧ ਯਾਤਰੀ ਅਸਥਾਨ ਘੁੰਮ ਆਏ ਸਾਂ। ਮਾਸਕੋ ਸਟੇਟ ਯੂਨੀਵਰਸਿਟੀ ਦਾ ਗੇੜਾ ਵੀ ਲਾਇਆ। ਇਸ ਜਗ੍ਹਾ ਤੋਂ ਮਾਸਕੋ ਸ਼ਹਿਰ ਦਾ ਸੁੰਦਰ ਨਜ਼ਾਰਾ ਦਿਸਦਾ ਹੈ ਅਤੇ ਸੱਤ ਇਕੋ ਜੇਹੀਆਂ ਬਿਲਡਿੰਗਾਂ ਵੀ ਨਜ਼ਰ ਆਉਂਦੀਆਂ ਹਨ ਜੋ ਸਟਾਲਿਨ ਨੇ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚ ਬਣਵਾਈਆਂ ਸਨ। ਮਾਸਕੋ ਇਸ ਜਗ੍ਹਾ ਤੋਂ ਰਾਤ ਦੀ ਰੌਸ਼ਨੀ ਵਿਚ ਹੋਰ ਵੀ ਸੁੰਦਰ ਜਾਪਦਾ ਹੈ।

ਘਰ ਪਰਤ ਕੇ ਮੇਰੇ ਮਨ ਉਪਰ ਅਜੀਬ ਪ੍ਰਭਾਵ ਛਾ ਚੁੱਕਾ ਸੀ। ਮੇਰੀ ਮਾਸਕੋ ਵੇਖਣ ਦੀ ਤਮੰਨਾ ਪੂਰੀ ਹੋ ਚੁੱਕੀ ਸੀ। ਮੈਨੂੰ ਜਾਪਿਆ ਕਿ ਜੋ ਕੁਝ ਫੋਟੋ ਵਿਚ ਜਾਪਦਾ ਹੈ ਅਸਲ ਉਸ ਨਾਲੋਂ ਵੱਖਰਾ ਹੁੰਦਾ ਹੈ। ਮੈਂ ਆਪਣੇ ਦੋਸਤ ਨੂੰ ਪੁੱਛ ਰਿਹਾ ਸਾਂ ਕਿ ਮਾਸਕੋ ਵਿਚ ਰੂਸੀ ਲੋਕ ਤਾਂ ਨਜ਼ਰੀ ਨਹੀਂ ਪਏ। ਉਸ ਨੇ ਕਿਹਾ ਕਿ ਉਹ ਥੱਕੇ ਟੁੱਟੇ ਰਹਿੰਦੇ ਹਨ ਅਤੇ ਬਾਹਰ ਘੱਟ ਹੀ ਨਿਕਲਦੇ ਹਨ ਪਰੰਤੂ ਮੇਰੀ ਤਸੱਲੀ ਨਹੀਂ ਸੀ ਹੋ ਰਹੀ। ਪੈਰਿਸ ਅਤੇ ਰੋਮ ਤਾਂ ਰਾਤ ਨੂੰ ਹੀ ਜੀਉਂਦੇ ਸ਼ਹਿਰ ਲਗਦੇ ਹਨ ਪਰੰਤੂ ਮਾਸਕੋ ਮੈਨੂੰ ਦਿਨ ਰਾਤ ਦੋਵੇਂ ਵੇਲੇ ਮੋਇਆਂ ਦੀ ਬਸਤੀ ਜਾਪਿਆ ਕਿਉਂਕਿ ਇਸ ਸ਼ਹਿਰ ਵਿਚ ਕਬਰਿਸਤਾਨ ਵਰਗੀ ਚੁੱਪ ਵਾਪਰਦੀ ਹੈ।

## ਮਾਸਕੋ ਤੋਂ ਸਾਰਾਜੀਵੋ

9 ਜੂਨ ਸਵੇਰੇ ਪੰਜ ਵਜੇ ਅਸੀਂ ਮਾਸਕੋ ਸ਼ਹਿਰ ਤੋਂ ਹਵਾਈ ਅੱਡੇ ਵੱਲ ਚਾਲੇ ਪਾ ਦਿੱਤੇ। ਸੂਰਜ ਤਾਂ ਇਥੇ ਚਾਰ ਵਜੇ ਹੀ ਨਿਕਲ ਪਿਆ ਸੀ। ਮੇਰੀ ਉੜਾਨ ਸਤ ਵਜੇ ਬੈਲਗਰੇਡ ਵੱਲ ਰਵਾਨਾ ਹੋਣੀ ਸੀ। ਕਿਉਂਕਿ ਮੈਂ ਟਰਾਂਜ਼ਿਟ ਮੁਸਾਫਰ ਸਾਂ, ਮੈਂ ਸੋਚਿਆ ਬਗੈਰ ਰੋਕ ਟੋਕ ਦੇ ਜਲਦੀ ਹੀ ਲੰਘ ਜਾਵਾਂਗਾ। ਪਰੰਤੂ ਕਾਊਂਟਰ ਤੇ ਬੈਠਾ ਰੂਸੀ ਕਾਰਿੰਦਾ ਮੈਨੂੰ ਕਹਿਣ ਲਗਾ ਕਿ ਕਸਟਮ ਚੈਕ ਹੋਣਾ ਜ਼ਰੂਰੀ ਹੈ। ਸੋ ਮੈਂ ਵੀ ਭੀੜ ਵਿਚ ਰਲ ਗਿਆ। ਕਸਟਮ ਕਾਊਂਟਰ ‘ਤੇ ਪਹੁੰਚਣ ਲਈ ਕੋਈ ਕਤਾਰ ਨਹੀਂ ਸੀ ਹਰ ਕੋਈ ਅੱਗੇ ਲੰਘਣ ਦੀ ਕੋਸ਼ਿਸ਼ ਵਿਚ ਸੀ। ਕਈ ਯਾਤਰੀ ਤਾਂ ਅੱਖ ਬਚਾ ਕੇ ਰੇਲਿੰਗ ਹੇਠੋਂ ਵੀ ਲੰਘ ਰਹੇ ਸਨ। ਪਰੰਤੂ ਮੈਨੂੰ ਪਗੜੀ ਕਰਕੇ ਇਹ ਸੌਦਾ ਮਹਿੰਗਾ ਪੈ ਸਕਦਾ ਸੀ। ਜਦੋਂ ਮੇਰੀ ਉੜਾਨ ਵਿਚ ਅੱਧਾ ਘੰਟਾ ਬਾਕੀ ਰਹਿ ਗਿਆ ਮੈਂ ਵੀ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ। ਇਕ ਰੂਸੀ ਸਿਪਾਹੀ ਜੋ ਯਾਤਰੀਆਂ ਨੂੰ ਲੰਘਾ ਰਿਹਾ ਸੀ ਬੜੀ ਅਜੀਬ ਤਰ੍ਹਾਂ ਪੇਸ਼ ਆਇਆ। ਜਦੋਂ ਭੀੜ ਕਾਊਂਟਰ ਵਲ ਵਧਦੀ ਉਹ ਸਭ ਨੂੰ ਧੱਕੇ ਮਾਰ ਕੇ ਪਿਛਾਂਹ ਕਰ ਦਿੰਦਾ। ਮੇਰੀ ਵਾਰੀ ਵੀ ਉਸ ਇਹੋ ਕੁਝ ਕੀਤਾ। ਮਸਾਂ ਮਸਾਂ ਵਾਰੀ ਆਈ ਸੀ, ਉਸਨੇ ਮੈਨੂੰ ਧੱਕ ਕੇ ਫਿਰ ਪਿਛਾਂਹ ਮੋੜ ਦਿੱਤਾ। ਮੈਨੂੰ ਸਮਝ ਨਹੀਂ ਸੀ ਆ ਰਹੀ ਮੈਂ ਕੀ ਕਸੂਰ ਕੀਤਾ ਹੈ। ਇਹ ਪਹਿਲਾ ਮੌਕਾ ਸੀ ਕਿਸੇ ਬਗਾਨੇ ਦੇਸ਼ ਵਿਚ ਇਸ ਤਰ੍ਹਾਂ ਦਾ ਸਲੂਕ ਮਿਲਿਆ ਹੋਵੇ। ਖੈਰ ! ਮੈਂ ਵੀ ਡਟਿਆ ਰਿਹਾ ਅਤੇ ਜਦੋਂ ਸਿਪਾਹੀ ਨੇ ਪਰ੍ਹਾਂ ਮੂੰਹ ਕੀਤਾ ਕਸਟਮ ਕਾਊਂਟਰ ਤੱਕ ਪਹੁੰਚ ਗਿਆ। ਕਸਟਮ ਦਾ ਬਾਬੂ ਕਹਿ ਰਿਹਾ ਸੀ ਕਿ ਤੁਸੀਂ ਸਿੱਧੇ ਲੰਘ ਸਕਦੇ ਹੋ। ਸੋ ਮੈਨੂੰ ਖਾਹ-ਮਖਾਹ ਹੀ ਕਤਾਰ ਵਿਚ ਲਗਣਾ ਪਿਆ। ਸਕਿਊਰਟੀ ਚੈਕ ਤੋਂ ਬਾਅਦ ਮੈਂ ਆਪਣੇ ਜਹਾਜ਼ ਵੱਲ ਤੁਰ ਪਿਆ। ਜਹਾਜ ਵਿਚ ਪਹੁੰਚ ਕੇ ਮੈਂ ਆਪਣੇ ਸਮਾਨ ਬਾਰੇ ਪੁੱਛ ਗਿੱਛ ਕੀਤੀ ਜੋ ਦਿੱਲੀ ਤੋਂ ਸਿੱਧਾ ਬੈਲਗਰੇਡ ਲਈ ਬੁੱਕ ਕੀਤਾ ਗਿਆ ਸੀ। ਏਅਰ ਹੋਸਟੈਸ

ਕਹਿਣ ਲੱਗੀ ਸਮਾਨ ਦਾ ਕੋਈ ਫਿਕਰ ਨਾ ਕਰੋ ਉਹ ਚੜ੍ਹ ਜਾਵੇਗਾ ਤੁਸੀਂ ਹੁਣ ਜਹਾਜ ਤੋਂ ਬਾਹਰ ਨਹੀਂ ਜਾ ਸਕਦੇ। ਮੈਨੂੰ ਫਿਕਰ ਸੀ ਕਿ ਟਰਾਂਜਿਟ ਮੁਸਾਫਰਾਂ ਦਾ ਸਮਾਨ ਅਕਸਰ ਗੁੰਮ ਹੋ ਜਾਂਦਾ ਹੈ ਜਾਂ ਠੀਕ ਜਹਾਜ ਵਿਚ ਨਹੀਂ ਚਾੜ੍ਹਿਆ ਜਾਂਦਾ। ਪਰੰਤੂ ਮੈਨੂੰ ਸਮਾਨ ਦੀ ਕੋਈ ਉੱਘ-ਸੁੱਘ ਨਹੀਂ ਸੀ ਮਿਲ ਰਹੀ।

ਮਾਸਕੋ ਤੋਂ ਬੈਲਗਰੇਡ ਦੋ ਘੰਟੇ ਦੀ ਉੜਾਨ ਸੀ। ਜਹਾਜ਼ ਦੇਰੀ ਨਾਲ ਉਡਿਆ ਸੋ ਅਸੀਂ ਦਸ ਵਜੇ ਬੈਲਗਰੇਡ ਦੇ ਹਵਾਈ ਅੱਡੇ ਉਪਰ ਉਤਰ ਗਏ। ਇਕ ਘੰਟਾ ਭਰ ਸਮਾਨ ਦੀ ਇੰਤਜਾਰ ਕੀਤੀ ਪਰੰਤੂ ਮੇਰਾ ਡਰ ਠੀਕ ਨਿਕਲਿਆ। ਮੇਰਾ ਸਮਾਨ ਮਾਸਕੋ ਹੀ ਰਹਿ ਗਿਆ ਸੀ ਅਤੇ ਜਹਾਜ਼ ਵਿਚ ਨਹੀਂ ਸੀ ਚਾੜ੍ਹਿਆ ਗਿਆ। ਐਰੋਫਲੋਟ ਦੇ ਮੁਲਾਜ਼ਮ ਨੇ ਕਿਹਾ ਕਿ ਸਾਡੀ ਗ਼ਲਤੀ ਸਮਝੋ। ਅਸੀਂ ਮਾਸਕੋ ਟੈਲੀਫੋਨ ਕਰਕੇ ਤੁਹਾਡਾ ਸਮਾਨ ਮੰਗਵਾਣ ਦੀ ਕੋਸ਼ਿਸ਼ ਕਰਾਂਗੇ। ਤੁਸੀਂ ਕੱਲ੍ਹ ਆ ਕੇ ਪਤਾ ਕਰਨਾ। ਮੇਰਾ ਬੈਲਗਰੇਡ ਵਿਚ ਠਹਿਰਨ ਦਾ ਕੋਈ ਪ੍ਰੋਗਰਾਮ ਨਹੀਂ ਸੀ। ਮੈਂ ਸਾਰਾਜੀਵੋ ਸ਼ਹਿਰ ਆਪਣੇ ਪੁਰਾਣੇ ਪੈਰਿਸ ਯੂਨੀਵਰਸਿਟੀ ਦੇ ਮਿੱਤਰ ਇਜ਼ਾਕ ਤੋਮੀਸਲਾਵ ਕੋਲ ਪਹੁੰਚਣਾ ਸੀ। ਕੁਝ ਚਿਰ ਸੋਚ ਵਿਚਾਰ ਕਰਨ ਤੋਂ ਬਾਅਦ ਮੈਨੂੰ ਯਾਦ ਆ ਗਿਆ ਕਿ ਬੈਲਗਰੇਡ ਵਿਚ ਇਕ ਭੌਤਿਕ ਵਿਗਿਆਨੀ ਮੇਰਾ ਜਾਣੂ ਹੈ ਜੋ ਦਸ ਸਾਲ ਪਹਿਲਾਂ ਇਕ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਮਿਲਿਆ ਸੀ। ਕੁਦਰਤੀ ਉਸਦੇ ਘਰ ਦਾ ਟੈਲੀਫੋਨ ਨੰਬਰ ਵੀ ਮੇਰੇ ਪਾਸ ਸੀ। ਟੈਲੀਫੋਨ ਤੇ ਮੇਰੇ ਮਿਤਰ ਰੋਡੋਵਾਨ ਮਾਰਤਿੰਕ ਦੀ ਪਤਨੀ ਬੋਲੀ। ਰੋਡੋਵਾਨ ਵੀ ਘਰ ਹੀ ਸੀ। ਮੈਂ ਆਪਣੀ ਪਰੇਸ਼ਾਨੀ ਦਾ ਜ਼ਿਕਰ ਕੀਤਾ। ਰੋਡੋਵਾਨ ਕਹਿਣ ਲੱਗਾ ਕਿ ਉਹ ਕੀ ਮੱਦਦ ਕਰ ਸਕਦਾ ਹੈ। ਮੈਂ ਕਿਹਾ ਬੈਲਗਰੇਡ ਹਵਾਈ ਅੱਡੇ ਤੇ ਪੁੱਜ ਜਾ ਮੈਨੂੰ ਤੇਰੀ ਮੱਦਦ ਚਾਹੀਦੀ ਹੈ। ਯੂਗੋਸਲਾਵੀਆ ਦੇ ਲੋਕਾਂ ਦਾ ਮੈਨੂੰ ਕਾਫੀ ਤਜਰਬਾ ਹੈ ਜੇਕਰ ਕਿਸੇ ਦੀ ਮੱਦਦ ਕਰਨ ਤੇ ਆ ਜਾਣ ਤਾਂ ਪੰਜਾਬੀਆਂ ਵਾਂਗ ਆਪਾ ਵਾਰ ਦਿੰਦੇ ਹਨ। ਰੋਡੋਵਾਨ ਕਾਰ ਲੈ ਕੇ ਹਵਾਈ ਅੱਡੇ ਪਹੁੰਚ ਗਿਆ। ਸਮਾਨ ਪ੍ਰਾਪਤ ਕਰਨ ਲਈ ਮੈਂ ਕਾਗਜ਼ ਪੱਤਰ ਭਰ ਚੁੱਕਾ ਸੀ। ਮੇਰੀ ਚਿੱਠੀ ਤਾਂ ਉਸ ਨੂੰ ਨਹੀਂ ਮਿਲੀ ਸੀ ਕਿਉਂਕਿ ਉਹ ਯੂਨੀਵਰਸਿਟੀ ਤੋਂ ਰੀਟਾਇਰ ਹੋ ਚੁੱਕਾ ਸੀ। ਫਿਰ ਵੀ ਉਸ ਨੇ ਮੈਨੂੰ ਆਪਣੇ ਘਰ ਰੱਖਣ ਦੀ ਪੇਸ਼ਕਸ਼ ਕੀਤੀ। ਰੋਡੋਵਾਨ ਦੇ ਘਰ ਧੀ-ਜਵਾਈ ਵੀ ਆਪਣੇ ਬੱਚਿਆਂ ਸਮੇਤ ਰਹਿੰਦੇ ਸਨ। ਸੋ ਮੈਂ ਉਸ ਨੂੰ ਹੋਰ ਖੇਚਲ ਨਹੀਂ ਦੇ ਸਕਦਾ ਸਾਂ। ਹਾਂ, ਉਸਨੇ ਦੁਪਹਿਰ ਦਾ ਭੋਜਨ ਵਰਜਿਆ ਜੋ ਮੈਂ ਖੁਸ਼ੀ ਨਾਲ ਸਵੀਕਾਰ ਕਰ ਲਿਆ। ਅਸੀਂ ਕਾਰ ਤੇ ਬੈਲਗਰੇਡ ਦੇ ਇਕ ਹੋਟਲ ਵਿਚ ਪਹੁੰਚ ਗਏ। ਪਹਿਲਾਂ ਮੈਂ ਸਾਰਾਜੀਵੋ ਆਪਣੇ ਮਿੱਤਰ ਦੇ ਘਰ ਟੈਲੀਫੋਨ ਕਰਕੇ ਰਾਤ ਗੁਜਾਰਣ ਦਾ ਪ੍ਰੋਗਰਾਮ ਦੱਸਿਆ ਅਤੇ ਫਿਰ ਰੋਡੋਵਾਨ ਦੀ ਦਾਵਤ ਦਾ ਅਨੰਦ ਮਾਣਿਆ। ਉਹ ਮੈਨੂੰ ਸਾਰਾਜੀਵੋ ਦਾ ਟਿਕਟ ਖਰੀਦ ਕੇ ਗੱਡੀ ਵਿਚ ਬਿਠਾ ਕੇ ਹੀ ਗਿਆ।

ਮੈਂ ਆਪਣੇ ਮਨ ਵਿਚ ਸੋਚ ਰੱਖਿਆ ਸੀ ਕਿ ਹੁਣ ਸਮਾਨ ਤਾਂ ਮਿਲਣੋਂ ਰਿਹਾ। ਪਾਸਪੋਰਟ, ਨਕਦੀ ਅਤੇ ਕੁਝ ਹੋਰ ਜਰੂਰੀ ਕਾਗਜ਼ ਮੇਰੇ ਪਾਸ ਮੌਜੂਦ ਸਨ। ਬਾਕੀ ਰਿਹਾ ਕੱਪੜਾ ਲੀੜਾ ਇਹ ਮੈਂ ਸਾਰਾਜੀਵੋ ਜਾ ਕੇ ਖਰੀਦ ਲਵਾਂਗਾ। ਗੱਡੀ ਤਿੰਨ ਵਜੇ ਬੈਲਗਰੇਡ ਤੋਂ ਚੱਲ ਕੇ ਯੂਗੋਸਲਾਵੀਆ ਦੇ ਸਰਬੀਆ ਪ੍ਰਾਂਤ ਦੇ ਮੈਦਾਨੀ ਇਲਾਕੇ ਅਤੇ ਹਰੇ ਭਰੇ ਖੇਤਾਂ ਵਿਚੋਂ ਲੰਘਦੀ ਸ਼ਾਮ ਦੇ ਸੱਤ ਵਜੇ ਬਨੀਆ-ਲੂਕਾ ਦੇ ਕਸਬੇ ਕੋਲ ਪਹੁੰਚ ਗਈ। ਇਸ ਤੋਂ ਅੱਗੇ ਬੜੀ ਰਮਣੀਕ ਯਾਤਰਾ ਸ਼ੁਰੂ ਹੋਈ। ਗੱਡੀ ਦਰਿਆ ਦੇ ਕਿਨਾਰੇ ਪਹਾੜਾਂ ਦੀ ਗੋਦ ਵਿਚੋਂ ਲੰਘਦੀ ਹੋਈ ਰਾਤ ਦੇ ਦਸ ਵਜੇ ਸਾਰਾਜੀਵੋ ਸ਼ਹਿਰ ਪਹੁੰਚ ਗਈ। ਇਹ ਸ਼ਹਿਰ ਯੂਗੋਸਲਾਵੀਆ ਦੇ ਬੋਸਨੀਆਂ ਪ੍ਰਾਂਤ ਦੀ ਰਾਜਧਾਨੀ ਹੈ ਅਤੇ ਸਰਦੀਆਂ ਦੀਆਂ ਉਲੰਪਿਕ ਖੇਡਾਂ ਕਰਕੇ ਮਸ਼ਹੂਰ ਹੈ। ਸਾਰਾਜੀਵੋ ਸ਼ਹਿਰ ਉਚੇ ਪਹਾੜਾਂ ਵਿਚ ਘਿਰਿਆ ਹੋਇਆ ਹੈ। ਇਸ ਵਿਚ ਕਈ ਪੁਰਾਤਨ ਯਾਦਗਾਰਾਂ ਵੀ ਹਨ। ਕਿਸੇ ਸਮੇਂ ਇਹ ਤੁਰਕਾਂ ਦੀ ਮਾਰ ਹੇਠ ਵੀ ਆਇਆ ਜਦੋਂ ਯੂਗੋਸਲਾਵੀਆ, ਹੰਗਰੀ ਅਤੇ ਬੁਲਗਾਰੀਆ ਉਪਰ ਤੁਰਕਾਂ ਦਾ ਰਾਜ ਸੀ। ਪੁਰਾਤਨ ਸ਼ਹਿਰ ਵਿਚ ਤੁਰਕੀ ਮਸਜਿਦ ਅਤੇ ਮੁਸਲਮਾਨ ਲੋਕਾਂ ਦੇ ਘਰ ਹਨ। ਇਸ ਸ਼ਹਿਰ ਨਾਲ ਮੇਰੀ ਪਹਿਲੀ ਮੁਲਾਕਾਤ 1971 ਵਿਚ ਹੋਈ ਜਦੋਂ ਮੈਂ ਪੈਰਿਸ ਯੂਨੀਵਰਸਿਟੀ ਤੋਂ ਗਰਮੀ ਦੀਆਂ ਛੁੱਟੀਆਂ ਵਿਚ ਘੁੰਮਣ ਆਇਆ ਸਾਂ। ਇਹ ਮੁਲਾਕਾਤ ਮੇਰੀ ਯਾਦ ਦਾ ਹਿੱਸਾ ਬਣ ਗਈ ਹੈ, ਮੈਂ ਹੁਣ ਤੀਸਰੀ ਵਾਰ ਉਸੇ ਯਾਦ ਨੂੰ ਤਾਜਾ ਕਰਨ ਲਈ ਆਇਆ ਸਾਂ।

ਸਾਰਾਜੀਵੋ ਵਿਚ ਮੇਰੇ ਪੁਰਾਣੇ ਪੈਰਿਸ ਦੇ ਮਿੱਤਰ ਇਜ਼ਾਕ ਤੋਮੀਸਲਾਵ ਦਾ ਘਰ ਹੈ। ਉਹ ਰਾਤ ਨੂੰ ਸਟੇਸ਼ਨ ਉਪਰ ਲੈਣ ਆਇਆ ਪਰੰਤੂ ਮੈਂ ਟੈਕਸੀ ਕਰਕੇ ਉਸਦੇ ਘਰ ਪਹੁੰਚ ਗਿਆ। ਟੈਕਸੀ ਵਾਲਾ ਤੁਰਕ ਸੀ ਅਤੇ ਇਹ ਲੋਕ ਪਗੜੀ ਵਾਲੇ ਦੀ ਬਹੁਤ ਕਦਰ ਕਰਦੇ ਹਨ। ਉਸਨੇ ਮੈਨੂੰ ਘਰ ਲੱਭਣ ਵਿਚ ਮੱਦਦ ਕੀਤੀ ਅਤੇ ਬਣਦੀ ਰਕਮ ਸੱਤਰ ਦਿਨਾਰ ਹੀ ਵਸੂਲ ਕੀਤੇ। ਮੈਨੂੰ ਡਰ ਸੀ ਰਾਤ ਦਾ ਵੇਲਾ ਹੈ ਕਿਧਰੇ ਲੁੱਟਿਆ ਹੀ ਨਾ ਜਾਵਾਂ। ਯੂਗੋਸਲਾਵੀਆ ਵਿਚ ਸਲੋਵੇਨੀਆ ਅਤੇ ਕਰੋਸ਼ੀਆ ਪ੍ਰਾਂਤ ਆਪਣੀ ਆਜ਼ਾਦੀ ਲਈ ਜਦੋ-ਜਹਿਦ ਕਰ ਰਹੇ ਹਨ ਅਤੇ ਹਾਲਾਤ ਸੁਖਾਵੇਂ ਨਹੀਂ ਸਨ। ਬੈਲਗਰੇਡ ਵੀ ਸਾਨੂੰ ਕਈ ਰਸਤੇ ਬਦਲ ਕੇ ਸਟੇਸ਼ਨ ਤੇ ਪਹੁੰਚਣਾ ਪਿਆ ਕਿਉਂਕਿ ਸ਼ਹਿਰ ਵਿਚ ਸਰਬੀਆ ਪ੍ਰਾਂਤ ਦੇ ਲੋਕ ਮੁਜਾਹਰਾ ਕਰ ਰਹੇ ਸਨ। ਖੈਰ, ਸਾਰਾਜੀਵੋ ਮੇਰਾ ਜਾਣਿਆ ਪਛਾਣਿਆ ਸ਼ਹਿਰ ਹੈ ਅਤੇ ਡਰਾਈਵਰ ਦਾ ਮੁਸਲਮਾਨ ਹੋਣਾ ਮੇਰੇ ਲਈ ਲਾਹੇਵੰਦ ਸਾਬਤ ਹੋਇਆ। ਯੂਗੋਸਲਾਵੀਆ ਵਿਚ ਲੋਕ ਭਾਰਤ ਵਾਂਗ ਹਰ ਵਿਦੇਸ਼ੀ ਦੀ ਮੱਦਦ ਕਰਨਾ ਆਪਣਾ ਫਰਜ਼ ਸਮਝਦੇ ਹਨ। ਬਲਕਿ ਜਦੋਂ 1971 ਵਿਚ ਮੈਂ ਸਾਰਾਜੀਵੋ ਗਿਆ ਤਾਂ

ਮੇਰੇ ਮਿੱਤਰ ਘਰ ਨਹੀਂ ਸਨ। ਗਵਾਂਢੀ ਤੁਰਕ ਪਰਿਵਾਰ ਨੇ ਮੇਰੀ ਆਓ-ਭਗਤ ਕੀਤੀ ਅਤੇ ਕਿਹਾ ਕਿ ਤੁਸੀਂ ਸਾਡੇ ਹੀ ਮਹਿਮਾਨ ਹੋ।

ਰਾਤ ਗਿਆਰਾਂ ਵਜੇ ਦਾ ਸਮਾਂ ਸੀ ਜਦੋਂ ਮੈਂ ਆਪਣੇ ਮਿੱਤਰ ਦੇ ਫਲੈਟ ਵਿਚ ਪਹੁੰਚਿਆ। ਉਸ ਦੀ ਘਰਵਾਲੀ ਗੋਰਦਾਨਾ ਖਿੜੇ ਮੱਥੇ ਮੇਰਾ ਸਵਾਗਤ ਕੀਤਾ। ਉਸ ਦੱਸਿਆ ਕਿ ਉਸਦਾ ਪਤੀ ਸਟੇਸ਼ਨ ਤੇ ਮੈਨੂੰ ਲੈਣ ਗਿਆ ਹੈ। ਅੱਧੇ ਘੰਟੇ ਬਾਅਦ ਤੋਮੀਸਲਾਵ ਵੀ ਪਰਤ ਆਇਆ ਅਤੇ ਸਾਰਾ ਪਰਿਵਾਰ ਗਲੇ ਲੱਗ ਕੇ ਮਿਲਿਆ। ਸਾਡੇ ਪੰਜਾਬ ਵਿਚ ਅਜੇ ਵੀ ਪਿੰਡਾਂ ਵਿਚ ਕਿਧਰੇ ਕਿਧਰੇ ਅਜੇਹੀ ਅਪਣੱਤ ਕਾਇਮ ਹੈ। ਸਾਡੀਆਂ ਬਜ਼ੁਰਗ ਔਰਤਾਂ ਦਾ ਘਰ ਆਏ ਮਹਿਮਾਨ ਦਾ ਮੂੰਹ-ਸਿਰ ਚੁੰਮਣਾ ਅਤੇ ਗਲੇ ਮਿਲਣਾ ਯੂਗੋਸਲਾਵੀਆ ਦੀ  ਤਹਿਜ਼ੀਬ ਵਿਚ ਹੂ-ਬਹੂ ਅੱਜ ਵੀ ਕਾਇਮ ਹੈ। ਗੋਰਦਾਨਾ ਦੀ ਗਲਵਕੜੀ ਇਸੇ ਪਿਆਰ ਭਰੀ ਤਹਿਜ਼ੀਬ ਦੀ ਦੇਣ ਹੈ।

ਤੋਮੀਸਲਾਵ ਦੇ ਘਰ ਪਹੁੰਚਣ ਦੀ ਦੇਰ ਸੀ, ਮੇਰੇ ਲਈ ਰਾਤ ਦਾ ਭੋਜਨ ਪਰੋਸਿਆ ਗਿਆ। ਗੋਰਦਾਨਾ ਭੁੱਲ ਗਈ ਸੀ ਕਿ ਮੈਂ ਸ਼ਾਕਾਹਾਰੀ ਭੋਜਨ ਹੀ ਪਸੰਦ ਕਰਦਾ ਹਾਂ। ਖ਼ੈਰ ਉਸਨੇ ਚਾਵਲ ਅਤੇ ਸਬਜ਼ੀ ਆਦਿ ਤਿਆਰ ਕੀਤੇ ਸਨ ਜਿਸ ਨਾਲ ਗੁਜ਼ਾਰਾ ਹੋ ਗਿਆ। ਗੋਰਦਾਨਾ ਨੇ ਅਗਲੀ ਸਵੇਰ ਇਮਤਿਹਾਨ ਲੈਣ ਨਾਲ ਦੇ ਸ਼ਹਿਰ ਜਾਣਾ ਸੀ, ਸੋ ਉਹ ਸੌਂ ਗਈ ਅਤੇ ਤੋਮੀਸਲਾਵ ਅੱਧੀ ਰਾਤ ਗਈ ਤੱਕ ਮੇਰੀ ਆਉ-ਭਗਤ ਵਿਚ ਰੁੱਝਾ ਰਿਹਾ। ਉਹ ਇਤਿਹਾਸ ਦਾ ਖੋਜੀ ਹੈ ਅਤੇ ਆਪਣੇ ਦੇਸ ਦੀ ਆਜ਼ਾਦੀ ਦੀ ਲਹਿਰ ਬਾਰੇ ਪੁਸਤਕ ਤਿਆਰ ਕਰ ਚੁੱਕਾ ਹੈ। ਅਸੀਂ ਕਾਫੀ ਰਾਤ ਤੱਕ ਆਪੋ ਆਪਣੇ ਦੇਸ਼ ਦੀਆਂ ਸਮੱਸਿਆਵਾਂ ਬਾਰੇ ਗੁਫ਼ਤਗੂ ਕਰਦੇ ਰਹੇ।

ਅਗਲੀ ਸਵੇਰ 10 ਜੂਨ ਨੂੰ ਗੋਰਦਾਨਾ ਤਾਂ ਆਪਣੇ ਸਫ਼ਰ ਤੇ ਰਵਾਨਾ ਹੋ ਗਈ। ਮੈਂ ਅਤੇ ਤੋਮੀਸਲਾਵ ਸ਼ਾਪਿੰਗ ਕਰਨ ਨਿਕਲ ਤੁਰੇ ਕਿਉਂਕਿ ਮੈਂ ਆਪਣਾ ਸਮਾਨ ਗਵਾ ਬੈਠਾ ਸਾਂ, ਸੋ ਲੋੜ ਅਨੁਸਾਰ ਇਕ ਦੋ ਸੂਟ ਖਰੀਦ ਲਏ। ਤੋਮੀਸਲਾਵ ਮੈਨੂੰ ਬੱਸ ਅੱਡੇ ਤੇ ਛੱਡ ਆਇਆ ਜਿਥੋਂ ਮੈਂ ਦੁਬਰੋਵਨੀਕ ਦੇ ਹਰਮਨ ਪਿਆਰੇ ਸ਼ਹਿਰ ਵੱਲ ਰਵਾਨਾ ਹੋ ਗਿਆ। ਇਸ ਵਾਰ ਸਾਰਾਜੀਵੋ ਵਿਚ ਘੁੰਮਣ ਦਾ ਅਵਸਰ ਪ੍ਰਾਪਤ ਨਾ ਹੋਇਆ। ਅੱਗੇ ਇਹ ਜ਼ੁੰਮੇਵਾਰੀ ਗੋਰਦਾਨਾ ਸਿਰ ਸੀ ਪਰੰਤੂ ਇਸ ਵਾਰ ਉਹ ਆਪ ਰੁੱਝੀ ਹੋਈ ਸੀ, ਸੋ ਮੈਂ ਰੈਣ ਬਸੇਰਾ ਕਰਕੇ ਹੀ ਅੱਗੇ ਚੱਲ ਪਿਆ।

## ਯਾਤਰੀਆਂ ਦਾ ਸ਼ਹਿਰ : ਦੁਬਰੋਵਨੀਕ

ਜੇਕਰ ਯੂਰਪ ਦੇ ਯਾਤਰੀ ਸ਼ਹਿਰਾਂ ਦਾ ਜ਼ਿਕਰ ਕਰਨਾ ਹੋਵੇ ਤਾਂ ਫਰਾਂਸ ਦਾ ਪੈਰਿਸ, ਇਟਲੀ ਦੇ ਰੋਮ ਤੇ ਵੀਨਸ ਅਤੇ ਯੂਗੋਸਲਾਵੀਆ ਦਾ ਦੁਬਰੋਵਨੀਕ ਮੂਹਰਲੀ ਕਤਾਰ ਵਿਚ ਗਿਣੇ ਜਾ ਸਕਦੇ ਹਨ। ਐਡਰੀਏਟਿਕ ਸਮੁੰਦਰ ਦੇ ਕੰਢੇ ਵੱਸਿਆ ਇਹ ਪੰਜ ਸੌ ਸਾਲ ਪੁਰਾਣਾ ਸ਼ਹਿਰ ਆਪਣੇ ਆਪ ਵਿਚ ਇਤਿਹਾਸ ਦੀ ਜਿਉਂਦੀ ਜਾਗਦੀ ਤਸਵੀਰ ਪੇਸ਼ ਕਰਦਾ ਹੈ। ਕਿਸੇ ਜ਼ਮਾਨੇ ਵਿਚ ਇਹ ਸ਼ਹਿਰ ਇਕ ਰਿਆਸਤ ਸੀ ਅਤੇ ਦੁਨੀਆਂ ਭਰ ਦੇ ਜਹਾਜ਼ ਇਥੇ ਪਹੁੰਚਦੇ ਸਨ। ਇਸਦੀ ਬੰਦਰਗਾਹ ਯੂਨਾਨ ਅਤੇ ਇਟਲੀ ਦੇ ਵਿਚਕਾਰ ਵੀਨਸ ਤੋਂ ਬਾਅਦ ਇਕ ਖਾਸ ਅਹਿਮੀਅਤ ਰੱਖਦੀ ਸੀ। ਇਸ ਸ਼ਹਿਰ ਦੇ ਵਸਨੀਕ ਬੜੇ ਉਚ ਪਾਏ ਦੇ ਮਲਾਹ ਅਤੇ ਦੁਨੀਆਂ ਭਰ ਨੂੰ ਗਾਹ ਚੁੱਕੇ ਸਨ।

ਸਾਰਾਜੀਵੋ ਤੋਂ ਰਵਾਨਾ ਹੋ ਕੇ ਪਹਾੜੀ ਰਸਤੇ ਸਾਡੀ ਬੱਸ ਦਰਿਆ ਦੇ ਕਿਨਾਰੇ ਮੋਸਤਾਰ ਸ਼ਹਿਰ ਪਹੁੰਚ ਗਈ। ਮੋਸਤਾਰ ਵਿਚ ਵੀ ਤੁਰਕਾਂ ਦੀ ਆਬਾਦੀ ਅੱਧੀ ਤੋਂ ਵਧੇਰੇ ਹੈ। ਇਥੇ ਦੁਪਹਿਰ ਦਾ ਭੋਜਨ ਕਰਕੇ ਅਸੀਂ ਅਗੇ ਰਵਾਨਾ ਹੋ ਪਏ। ਪੂਰੇ ਵੀਹ ਸਾਲ ਪਹਿਲਾਂ ਮੈਂ ਇਸ ਸ਼ਹਿਰ ਦੇ ਇਕ ਤੁਰਕ ਪਰਿਵਾਰ ਦੇ ਘਰ ਰੈਣ ਬਸੇਰਾ ਕੀਤਾ ਸੀ। ਮੇਰਾ ਜੀਅ ਕਰ ਆਇਆ ਕਿ ਇਕ ਵਾਰ ਫਿਰ ਉਸ ਪਰਿਵਾਰ ਨੂੰ ਮਿਲਾਂ ਪਰੰਤੂ ਬੱਸ ਨੇ ਰੁਕਣਾ ਨਹੀਂ ਸੀ ਅਤੇ ਮੇਰੀ ਰੀਝ ਪੂਰੀ ਨਾ ਹੋਈ। ਕੁਦਰਤ ਦੇ ਰੰਗ ਵੀ ਨਿਆਰੇ ਹਨ। ਬੱਸ ਦੀਆਂ ਸਵਾਰੀਆਂ ਵਿਚ ਇਕ ਨੌਜਵਾਨ ਲੜਕੀ ਮੋਸਤਾਰ ਦੇ ਅੱਡੇ ਤੋਂ ਚੜ੍ਹੀ ਅਤੇ ਮੇਰੇ ਨਾਲ ਦੀ ਖਾਲੀ ਸੀਟ ਤੇ ਆ ਬੈਠੀ। ਉਹ ਵੀ ਦੁਬਰੋਵਨੀਕ ਜਾ ਰਹੀ ਸੀ ਜਿਥੇ ਇਕ ਹਸਪਤਾਲ ਵਿਚ ਉਹ ਨਰਸ ਦਾ ਕੰਮ ਕਰਦੀ ਸੀ। ਗੱਲ ਸ਼ੁਰੂ ਕਰਨ ਲਈ ਮੈਂ ਆਪਣੀ ਪੁਰਾਣੀ ਯਾਤਰਾ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਵੀਹ ਸਾਲ ਪਹਿਲਾਂ ਮੈਂ ਫਰਾਂਸੀਸੀ ਭਾਸ਼ਾ ਦੀ ਪ੍ਰੋਫੈਸਰ ਨਾਦੀਆ ਦੇ ਘਰ ਰਹਿ ਚੁੱਕਾ ਹਾਂ। ਇਸ ਲੜਕੀ ਦਾ ਨਾਮ ਸਿਵੀਡੀਨਾ ਸੀ ਅਤੇ ਉਹ ਤੁਰਕ ਮਹੱਲੇ ਦੀ ਵਸਨੀਕ ਹੋਣ ਕਰਕੇ ਨਾਦੀਆ ਦੇ

ਪਰਿਵਾਰ ਨੂੰ ਜਾਣਦੀ ਸੀ। ਸਿਵੀਡੀਨਾ ਨੇ ਦੱਸਿਆ ਕਿ ਨਾਦੀਆ ਦਾ ਪਤੀ ਕਿਸੇ ਹਾਦਸੇ ਵਿਚ ਮਰ ਚੁੱਕਾ ਹੈ ਅਤੇ ਉਹ ਆਪਣੇ ਬੱਚਿਆਂ ਸਮੇਤ ਉਸੇ ਘਰ ਵਿਚ ਹੀ ਰਹਿੰਦੀ ਹੈ।

ਮੋਸਤਾਰ ਤੋਂ ਦੁਬਰੋਵਨੀਕ ਦਾ ਸਫ਼ਰ ਸਾਡੀ ਗੱਲਬਾਤ ਕਾਰਨ ਠੀਕ ਕੱਟ ਗਿਆ। ਦੁਪਹਿਰ ਦਾ ਸਮਾਂ ਹੋਣ ਕਰਕੇ ਗਰਮੀ ਲੋਹੜੇ ਦੀ ਪੈ ਰਹੀ ਸੀ। ਲੋਕ ਕੱਪੜੇ ਉਤਾਰ ਕੇ ਬਨੈਨ ਨਿੱਕਰ ਸਮੇਤ ਹੀ ਸਫ਼ਰ ਕਰ ਰਹੇ ਸਨ। ਮੋਸਤਾਰ ਤੋਂ ਬਾਅਦ ਸਾਡੀ ਬੱਸ ਸਮੁੰਦਰ ਦੇ ਕੰਢੇ ਪਹੁੰਚ ਗਈ ਅਤੇ ਅਗਲਾ ਦੋ ਘੰਟੇ ਦਾ ਸਫ਼ਰ ਸਮੁੰਦਰ ਕੰਢੇ ਵੱਲ ਵਿੰਗ ਖਾਂਦੀ ਪਹਾੜੀ ਸੜਕ ਤੇ ਹੀ ਗੁਜਰਿਆ। ਸ਼ਾਮ ਦੇ ਪੰਜ ਵਜੇ ਅਸੀਂ ਦੁਬਰੋਵਨੀਕ ਸ਼ਹਿਰ ਦੇ ਬੱਸ ਅੱਡੇ ਤੇ ਪਹੁੰਚ ਗਏ।

ਸਿਵਡੀਨਾ ਨੇ ਉਤਰਣ ਤੋਂ ਪਹਿਲਾਂ ਮੇਰੇ ਟਿਕਾਣੇ ਬਾਰੇ ਪੂਰੀ ਵਾਕਫੀ ਦੇ ਦਿੱਤੀ ਸੀ। ਸੋ ਮੈਂ ਲੋਕਲ ਬੱਸ ਤੇ ਸਵਾਰ ਹੋ ਕੇ ਹੋਟਲ ਲਿਬਰਤਾਸ ਪਹੁੰਚ ਗਿਆ। ਮੇਰੇ ਪਾਸ ਬੱਸ ਦਾ ਟਿਕਟ ਨਹੀਂ ਸੀ ਸੋ ਡਰਾਈਟਰ ਨੂੰ ਪੰਜਾਹ ਦਿਨਾਰ ਦਾ ਨੋਟ ਪੇਸ਼ ਕੀਤਾ। ਉਸਦੀ ਮਰਜ਼ੀ ਨਹੀਂ ਸੀ ਕਿ ਵਾਧੂ ਪੈਸੇ ਮੋੜੇ। ਇਥੇ ਅਮਰੀਕਨ ਯਾਤਰੀਆਂ ਦਾ ਤਾਂਤਾਂ ਲੱਗਾ ਰਹਿੰਦਾ ਹੈ ਅਤੇ ਇਥੋਂ ਦੇ ਲੋਕ ਉਨ੍ਹਾਂ ਦੀ ਕਾਫੀ ਛਿੱਲ ਲਾਹੁੰਦੇ ਹਨ। ਮੈਂ ਬਥੇਰਾ ਕਿਹਾ ਕਿ ਮੇਰੇ ਬਣਦੇ ਪੈਸੇ ਉਹ ਮੋੜੇ ਪਰੰਤੂ ਡਰਾਈਵਰ ਨੇ ਕਿਰਾਏ ਤੋਂ ਦੁਗਣੇ ਪੈਸੇ ਰੱਖ ਕੇ ਬਾਕੀ ਦੇ ਮੋੜ ਦਿੱਤੇ। ਮੇਰੀ ਹੈਰਾਨੀ ਦੀ ਹੱਦ ਹੋ ਗਈ ਜਦੋਂ ਪਤਾ ਲੱਗਾ ਕਿ ਲੋਕਲ ਬੱਸ ਦਾ ਕਿਰਾਇਆ ਬਾਰਾਂ ਦਿਨਾਰ ਜੋ ਸਾਡੇ ਦਸ ਰੁਪਏ ਦੇ ਬਰਾਬਰ ਹੈ। ਕੁਝ ਸਾਲ ਪਹਿਲਾਂ ਕਿਰਾਇਆ ਇਕ ਰੁਪਿਆ ਜਾਂ ਇਸਤੋਂ ਘੱਟ ਹੁੰਦਾ ਸੀ ਪਰੰਤੂ ਯੂਗੋਸਲਾਵੀਆ ਵਿਚ ਮਹਿੰਗਾਈ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਕੁਝ ਇਸ ਸ਼ਹਿਰ ਵਿਚ ਯਾਤਰੀਆਂ ਦੀ ਭੀੜ ਕਾਰਣ ਇਥੋਂ ਦੇ ਲੋਕ ਵਪਾਰੀ ਕਿਸਮ ਦਾ ਰਵੱਈਆ ਰੱਖਦੇ ਹਨ।

ਅੰਤਰ-ਰਾਸ਼ਟਰੀ ਕਾਨਫਰੰਸ ਜਿਸ ਵਿਚ ਮੈਂ ਭਾਗ ਲੈਣ ਗਿਆ ਸੀ, ਹੋਟਲ ਲਿਬਰਤਾਸ ਵਿਚ ਹੋ ਰਹੀ ਸੀ। ਸ਼ਾਮ ਦੇ ਸੱਤ ਵਜੇ ਦੇ ਕਰੀਬ ਮੈਂ ਹੋਟਲ ਦੇ ਰੀਸੈਪਸ਼ਨ ਡੈਸਕ ਤੇ ਪਹੁੰਚ ਕੇ ਆਪਣਾ ਨਾਮ ਰਜਿਸਟਰ ਕਰਵਾਇਆ। ਮਿਥੇ ਪ੍ਰੋਗਰਾਮ ਅਨੁਸਾਰ ਮੈਂ ਇਕ ਦਿਨ ਦੇਰੀ ਨਾਲ ਪਹੁੰਚਿਆ ਸਾਂ। ਕਾਨਫਰੰਸ ਵਿਚ ਅਸੀਂ ਦਰਜਨ ਦੇ ਕਰੀਬ ਭਾਰਤੀ ਡੈਲੀਗੇਟ ਸ਼ਾਮਲ ਹੋਏ। ਮੈਨੂੰ ਮਲੇਸ਼ੀਆ ਦੇ ਡਾਕਟਰ ਅਮੀਨ ਟੱਕਰ ਪਏ ਜੋ ਪਹਿਲਾਂ ਕਿਸੇ ਕਾਨਫ੍ਰਰੰਸ ਵਿਚ ਮਿਲੇ ਸਨ। ਉਨ੍ਹਾਂ ਦੱਸ ਪਾਈ ਕਿ ਹੋਟਲ ਬੈਲਵੀਊ ਵਿਚ ਵੀਹ ਡਾਲਰ ਤੋਂ ਵੀ ਘੱਟ ਰੇਟ ਤੇ ਕਮਰਾ ਮਿਲ ਸਕਦਾ ਹੈ ਅਤੇ ਇਹ ਕਾਨਫਰੰਸ ਹਾਲ ਤੋਂ ਨੇੜੇ ਹੀ ਹੈ। ਸੋ ਮੈਂ ਉਨ੍ਹਾਂ ਦੇ ਕਹਿਣ ਮੁਤਾਬਕ ਹੋਟਲ ਬੈਲਵੀਊ ਵਿਚ ਪਹੁੰਚ ਗਿਆ ਜੋ ਸਮੁੰਦਰ ਦੇ ਕਿਨਾਰੇ ਸਥਿਤ ਹੈ। ਕਾਨਫਰੰਸ ਸੈਕਟਰੀ ਨਾਲ ਮੇਲ ਹੋ ਗਿਆ ਅਤੇ ਮੈਂ ਆਪਣੇ ਸਮਾਨ ਦੇ ਗੁੰਮ ਹੋ ਜਾਣ ਬਾਰੇ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਅਤੇ ਕੱਲ੍ਹ ਸਵੇਰੇ ਆ ਕੇ ਪਤਾ ਕਰ ਲੈਣਾ।

ਅਗਲੀ ਸਵੇਰ 11 ਜੂਨ ਮੈਂ ਕਾਨਫ੍ਰੰਸ ਹਾਲ ਵਿਚ ਪਹੁੰਚਿਆ ਹੀ ਸਾਂ ਕਿ ਮੈਨੂੰ ਖਬਰ ਮਿਲ ਗਈ। ਪ੍ਰੋ. ਲੂਬਚਿਕ ਦੀ ਸੈਕਟਰੀ ਕਹਿ ਰਹੀ ਸੀ ਕਿ ਮੇਰਾ ਸਮਾਨ ਮਿਲ ਗਿਆ ਹੈ। ਦਰਅਸਲ ਜਿਸ ਦਿਨ ਮੈਂ ਬੈਲਗਰੇਡ ਪਹੁੰਚਿਆ ਸਮਾਨ ਅਗਲੀ ਉੜਾਨ ਵਿਚ ਉਸੇ ਦਿਨ ਮਾਸਕੋ ਤੋਂ ਬੈਲਗਰੇਡ ਪਹੁੰਚ ਗਿਆ ਸੀ। ਅਗਲੇ ਦਿਨ ਸਮਾਨ ਮੇਰੇ ਦੋਸਤ ਦੇ ਘਰ ਸਾਰਾਜੀਵੋ ਪਹੁੰਚਿਆ ਤਾਂ ਮੈਂ ਦੁਬਰੋਵਨੀਕ ਵੱਲ ਚਾਲੇ ਪਾ ਚੁੱਕਾ ਸਾਂ। ਸੋ ਇਹ ਵਾਪਸ ਬੈਲਗਰੇਡ ਦੇ ਰਸਤੇ ਤੀਸਰੇ ਦਿਨ ਦੁਬਰੋਵਨੀਕ ਮੇਰੇ ਹੋਟਲ ਵਿਚ ਪਹੁੰਚ ਗਿਆ। ਮੈਂ ਸ਼ੁਕਰ ਕੀਤਾ ਇਕ ਤਾਂ ਸਾਰੇ ਕੱਪੜੇ ਮਿਲ ਗਏ ਪਰੰਤੂ ਸਭ ਤੋਂ ਜ਼ਰੂਰੀ ਮੇਰੇ ਕਾਨਫ੍ਰੰਸ ਲਈ ਤਿਆਰ ਕੀਤੇ ਪੋਸਟਰ ਸਨ ਜੋ ਮੈਂ ਆਪਣੇ ਖੋਜ ਪਰਚੇ ਨਾਲ ਪੇਸ਼ ਕਰਨੇ ਸਨ।

ਕਾਨਫ੍ਰੰਸ ਦੀ ਤੀਸਰੇ ਦਿਨ ਦੀ ਸ਼ਾਮ ਨੂੰ ਇਕ ਲਾਗਲੇ ਟਾਪੂ ਤੇ ਪ੍ਰੀਤੀ ਭੋਜਨ ਦੀ ਦਾਅਵਤ ਸੀ। ਸ਼ਾਮ ਨੂੰ ਸਾਰੇ ਵਿਗਿਆਨੀ ਇਕ ਕਿਸ਼ਤੀ ਵਿਚ ਸਵਾਰ ਹੋ ਕੇ ਟਾਪੂ ਤੇ ਪਹੁੰਚ ਗਏ। ਰਾਤ ਅੱਠ ਵਜੇ ਤੋਂ ਇਹ ਪ੍ਰੀਤੀ ਭੋਜਨ ਸ਼ੁਰੂ ਹੋ ਕੇ ਗਿਆਰਾਂ ਵਜੇ ਤਕ ਚਲਦਾ ਰਿਹਾ। ਇਸ ਮੌਕੇ ਤੇ ਕੁਝ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ ਤੇ ਇਨਾਮ ਵੰਡ ਹੋਈ ਤਾਂ ਮੇਰਾ ਵੀ ਨਾਮ ਬੋਲਿਆ ਗਿਆ। ਮੇਰੇ ਪੁੱਛਣ ਤੇ ਪ੍ਰੋ. ਲੂਬਚਿਕ ਨੇ ਦੱਸਿਆ ਕਿ ਮੈਨੂੰ ਸਭ ਤੋਂ ਪਹਿਲਾਂ ਖੋਜ-ਪੱਤਰ ਭੇਜਣ ਲਈ ਇਨਾਮ ਦਿਤਾ ਗਿਆ ਹੈ। ਇਸ ਪ੍ਰੋਗਰਾਮ ਵਿਚ ਚਾਲੀ ਦੇਸ਼ਾਂ ਦੇ ਵਿਗਿਆਨੀ ਸ਼ਾਮਲ ਹੋਏ। ਸਾਰੀ ਪਾਰਟੀ ਅੱਧੀ ਰਾਤ ਨੂੰ ਵਾਪਸ ਦੁਬਰੋਵਨੀਕ ਸ਼ਹਿਰ ਵੱਲ ਚੰਨ ਚਾਨਣੀ ਰਾਤ ਵਿਚ ਸਮੁੰਦਰੀ ਲਹਿਰਾਂ ਦਾ ਨਜ਼ਾਰਾ ਲੈਂਦੀ ਪਰਤ ਰਹੀ ਸੀ।

13 ਜੂਨ ਨੂੰ ਕਾਨਫ੍ਰੰਸ ਵਿਚ ਮੇਰਾ ਪਰਚਾ ਪੇਸ਼ ਹੋਣਾ ਸੀ। ਮੇਰਾ ਸਮਾਨ ਉਸੇ ਦਿਨ ਹੀ ਮਿਲਿਆ ਜਿਸ ਕਰਕੇ ਕੰਮ ਨੇਪਰੇ ਚੜ੍ਹ ਗਿਆ। ਅਸੀਂ ਭੁਚਾਲਾਂ ਬਾਰੇ ਅੰਕੜੇ ਇਕੱਠੇ ਕੀਤੇ ਸਨ ਅਤੇ ਬਹੁਤ ਸਾਰੇ ਵਿਗਿਆਨੀ ਇਸ ਕੰਮ ਵਿਚ ਦਿਲਚਸਪੀ ਰੱਖਦੇ ਸਨ। ਫਰਾਂਸ ਅਤੇ ਰੂਸ ਦੇ ਵਿਗਿਆਨੀ ਤਾਂ ਉਚੇਚੀ ਬਹਿਸ ਲਈ ਮੇਰੇ ਪਾਸ ਆਏ। ਜਿਸ ਤਰ੍ਹਾਂ ਕਿ ਆਮ ਕਾਨਫ੍ਰੰਸਾਂ ਬਾਰੇ ਇਹ ਹਕੀਕਤ ਹੈ ਕਿ ਇਹ ਇਕ ਮੇਲੇ ਤੋਂ ਸਿਵਾਏ ਹੋਰ ਕੁਝ ਨਹੀਂ ਸਵਾਰਦੀਆਂ। ਇਸ ਵਿਚ ਮੇਲੇ ਵਾਲੀ ਹਕੀਕਤ ਦੇ ਬਾਵਜੂਦ ਆਪਸੀ ਮੇਲ ਮਿਲਾਪ ਇਸ ਹੱਦ ਤਕ ਸੀ ਕਿ ਵਿਚਾਰ-ਵਟਾਂਦਰਾ ਲਾਹੇਵੰਦ ਸਿੱਧ ਹੋਇਆ। ਭਾਰਤੀ ਡੈਲੀਗੇਟਾਂ ਨੂੰ ਛੱਡ ਕੇ ਬਾਕੀ

ਸਾਰੇ ਤਾਂ ਸਮੁੰਦਰ ਵਿਚ ਚੁੱਭੀਆਂ ਵੀ ਲਗਾ ਰਹੇ ਸਨ। ਇਸ ਸ਼ਹਿਰ ਵਿਚ ਕਈ ਅੰਤਰ-ਰਾਸ਼ਟਰੀ ਕਾਨਫ਼ਰੰਸਾਂ ਚੱਲ ਰਹੀਆਂ ਸਨ ਅਤੇ ਹਰ ਸਾਲ ਜੂਨ ਦਾ ਮਹੀਨਾ ਸਾਰੇ ਹੋਟਲ ਪੂਰੀ ਤਰ੍ਹਾਂ ਬੁੱਕ ਰਹਿੰਦੇ ਹਨ।

14 ਜੂਨ ਨੂੰ ਕਾਨਫ਼ਰੰਸ ਖਤਮ ਹੋ ਗਈ ਅਤੇ ਸਭ ਨੇ ਆਪੋ ਆਪਣੇ ਵਤਨਾਂ ਵੱਲ ਚਾਲੇ ਪਾ ਦਿੱਤੇ। ਬਹੁਤੇ ਯੂਰਪੀ ਵਿਗਿਆਨੀ ਤਾਂ ਪਰਿਵਾਰਾਂ ਸਮੇਤ ਆਪਣੀਆਂ ਕਾਰਾਂ ਤੇ ਹੀ ਪਧਾਰੇ ਸਨ। ਮੇਰਾ ਪ੍ਰੋਗਰਾਮ 15 ਜੂਨ ਸ਼ਾਮ ਨੂੰ ਦੁਬਰੋਵਨੀਕ ਤੋਂ ਬੱਸ ਰਾਹੀਂ ਇਟਲੀ ਦੇ ਤਰੀਸਤੇ ਸ਼ਹਿਰ ਪਹੁੰਚਣ ਦਾ ਸੀ। ਸੋ ਪੂਰਾ ਦਿਨ ਮੇਰੇ ਪਾਸ ਸ਼ਹਿਰ ਅਤੇ ਸਮੁੰਦਰ ਦੀ ਸੈਰ ਲਈ ਬਚ ਗਿਆ। ਪਹਿਲਾਂ ਤਾਂ ਮੈਂ ਸੋਚਿਆ ਕਿ ਬੱਸ ਰਾਹੀਂ ਯੂਗੋਸਲਾਵੀਆ ਦੇ ਸ਼ਹਿਰ ਸਕੋਪਜ਼ੇ ਦਾ ਚੱਕਰ ਲਗਾ ਆਵਾਂ। ਇਹ ਸ਼ਹਿਰ ਮੈਸੇਡੋਨੀਆ ਪ੍ਰਾਂਤ ਦੀ ਰਾਜਧਾਨੀ ਹੈ ਅਤੇ ਰੋਮਾਂ (ਜਿਪਸੀ) ਲੋਕਾਂ ਦੀ ਆਮਦ ਕਰਕੇ ਪ੍ਰਸਿੱਧ ਹੈ। ਇਹ ਲੋਕ ਪੁਰਾਤਨ ਪੰਜਾਬ ਦੇ ਬਾਸ਼ਿੰਦੇ ਹੋਣ ਦਾ ਦਾਅਵਾ ਕਰਦੇ ਹਨ ਅਤੇ ਇਨ੍ਹਾਂ ਦੀ ਬੋਲੀ ਵਿਚ ਪੁਰਾਤਨ ਪੰਜਾਬੀ ਅਤੇ ਸੰਸਕ੍ਰਿਤ ਦੇ ਕਈ ਸ਼ਬਦ ਮਿਲਦੇ ਹਨ। ਯੂਰਪ ਵਿਚ ਇਨ੍ਹਾਂ ਨੂੰ ਰੋਮਾਂ ਜਾਂ ਜਿਪਸੀ ਕਿਹਾ ਜਾਂਦਾ ਹੈ ਤੇ ਇਹ ਸਾਡੇ ਦੇਸ਼ ਦੇ ਟੱਪਰੀਵਾਸ ਕਬੀਲਿਆਂ ਵਾਂਗ ਘੁੰਮ ਫਿਰ ਕੇ ਦਿਨ ਗੁਜ਼ਾਰਦੇ ਹਨ।

ਦੁਬਰੋਵਨੀਕ ਦੀ ਜੋ ਸ਼ੈਅ ਸ਼ੈਲਾਨੀਆਂ ਨੂੰ ਆਪਣੇ ਵੱਲ ਖਿੱਚਦੀ ਹੈ ਉਹ ਹੈ ਇਥੋਂ ਦਾ ਪੁਰਾਣਾ ਸ਼ਹਿਰ ਜਿਸ ਨੂੰ ਸਲਾਵ ਭਾਸ਼ਾ ਵਿਚ 'ਸਤਾਰੀ ਗਰਾਦ' ਕਹਿੰਦੇ ਹਨ। ਇਹ ਸ਼ਹਿਰ ਇਕ ਚਾਰ ਦੀਵਾਰੀ ਵਿਚ ਘਿਰਿਆ ਹੋਇਆ ਹੈ ਅਤੇ ਆਲੇ ਦੁਆਲੇ ਡੂੰਘੀ ਖਾਈ ਹੈ। ਇਸਦਾ ਇਕ ਪਾਸਾ ਪਹਾੜ ਨਾਲ ਲਗਦਾ ਹੈ ਅਤੇ ਤਿੰਨ ਪਾਸੇ ਸਮੁੰਦਰ ਹੈ। ਸ਼ਹਿਰ ਦੀਆਂ ਗਲੀਆਂ ਅਤੇ ਬਜ਼ਾਰ ਬੜੇ ਸੁਚੱਜੇ ਢੰਗ ਨਾਲ ਉਲੀਕੇ ਗਏ ਹਨ ਅਤੇ ਹੈਰਾਨੀ ਹੁੰਦੀ ਹੈ ਕਿ ਉਸ ਸਮੇਂ ਵੀ ਇਮਾਰਤ ਸਾਜੀ ਆਪਣੀਆਂ ਸਿਖਰਾਂ ਨੂੰ ਛੂਹ ਰਹੀ ਸੀ। ਇਸ ਦੀਆਂ ਇਮਾਰਤਾਂ ਯੂਨਾਨੀ ਅਤੇ ਰੋਮਨ ਸ਼ਿਲਪਕਾਰੀ ਦਾ ਵਧੀਆ ਨਮੂਨਾ ਪੇਸ਼ ਕਰਦੀਆਂ ਹਨ। ਸ਼ਹਿਰ ਦੀ ਫਸੀਲ ਉਪਰ ਤੋਪਾਂ ਬੀੜੀਆਂ ਨਜ਼ਰ ਆਉਂਦੀਆਂ ਹਨ ਜੋ ਕਿਸੇ ਸਮੇਂ ਹਮਲਾਵਰਾਂ ਦੀ ਰੋਕ ਥਾਮ ਲਈ ਵਰਤੀਆਂ ਗਈਆਂ ਸਨ। ਇਸ ਉਪਰ ਤੁਰਕਾਂ ਦੇ ਹੱਲੇ ਵੀ ਹੋਏ ਅਤੇ ਅਖੀਰ ਵਿਚ ਇਹ ਯੂਗੋਸਲਾਵੀਆ ਦੇ ਕਰੋਸ਼ੀਆ ਪ੍ਰਾਂਤ ਵਿਚ ਸ਼ਾਮਲ ਕਰ ਲਿਆ ਗਿਆ। ਪੰਜਾਬ ਵਾਂਗ ਕਰੋਸ਼ੀਆ ਵੀ ਸਭ ਤੋਂ ਅਗਾਂਹ ਵਧੂ ਪ੍ਰਾਂਤ ਹੈ ਅਤੇ ਆਪਣੀ ਆਜ਼ਾਦੀ ਲਈ ਘੋਲ ਕਰ ਰਿਹਾ ਹੈ। ਕਰੋਸ਼ੀਆ ਪ੍ਰਾਂਤ ਦੀ ਅੱਧੀ ਆਮਦਨ ਇਕੱਲੇ ਦੁਬਰੋਵਨੀਕ ਸ਼ਹਿਰ ਦੀ ਸੈਰਗਾਹ ਤੋਂ ਪ੍ਰਾਪਤ ਹੋ ਰਹੀ ਹੈ।

15 ਜੂਨ ਦੀ ਸ਼ਾਮ ਨੂੰ ਬੱਸ ਰਾਹੀਂ ਦੁਬਰੋਵਨੀਕ ਤੋਂ ਰਵਾਨਾ ਹੋਇਆ। ਸਾਰੀ ਰਾਤ ਦੇ ਸਫ਼ਰ ਉਪਰੰਤ 16 ਜੂਨ ਤਰੀਸਤੇ ਸ਼ਹਿਰ ਪਹੁੰਚ ਗਿਆ। ਇਸ ਸਫ਼ਰ ਵਿਚ ਏਡਰੀਆਟਿਕ ਸਮੁੰਦਰ ਦੇ ਕੰਢੇ ਸਥਿਤ ਕਈ ਸ਼ਹਿਰ ਅਤੇ ਸਮੁੰਦਰੀ ਨਜ਼ਾਰੇ ਵੀ ਵੇਖਣ ਵਿਚ ਆਏ। ਪੂਰੇ ਵੀਹ ਸਾਲ ਪਹਿਲਾਂ ਇਸੇ ਸਮੁੰਦਰੀ ਤੱਟ ਉਪਰ ਮੈਂ ਸਪਲਿਟ, ਰੀਅਕਾ ਅਤੇ ਪੂਲਾ ਸ਼ਹਿਰ ਘੁੰਮ ਕੇ ਗਿਆ ਸਾਂ। ਇਨ੍ਹਾਂ ਸ਼ਹਿਰਾਂ ਵਿਚ ਪੁਰਾਣੇ ਰੋਮਨ ਖੰਡਰ ਅਜੇ ਤੱਕ ਰੋਮਨ ਸਾਮਰਾਜ ਦੀ ਤਸਵੀਰ ਪੇਸ਼ ਕਰਦੇ ਹਨ। ਰਾਤ ਦੇ ਘੁੱਪ ਹਨੇਰੇ ਵਿਚ ਮੈਨੂੰ ਪ੍ਰਤੀਤ ਹੋ ਰਿਹਾ ਸੀ ਕਿ ਇਹ ਖੰਡਰ ਨਾ ਸਿਰਫ਼ ਰੋਮਨਾਂ ਦੀ ਸਭਿਅਤਾ ਦਾ ਚਿੰਨ੍ਹ ਹਨ ਬਲਕਿ ਮਨੁੱਖੀ ਹੋਣੀ ਦਾ ਪ੍ਰਤੀਕ । ਸੂਰਜ ਦੀਆਂ ਪਹਿਲੀਆਂ ਕਿਰਨਾਂ ਤੱਕ ਸਾਡੀ ਬੱਸ ਯੂਗੋਸਲਾਵੀਆ ਦੀ ਸਰਹੱਦ ਪਾਰ ਕਰਕੇ ਇਟਲੀ ਦੀ ਹੱਦ ਅੰਦਰ ਦਾਖਲ ਹੋ ਗਈ ਅਤੇ ਮੈਂ ਆਪਣੇ ਮਿੱਤਰਾਂ ਦੇ ਦੇਸ ਨੂੰ ਅਲਵਿਦਾ ਕਹਿ ਕੇ ਤਰੀਸਤੇ ਸ਼ਹਿਰ ਪਹੁੰਚ ਗਿਆ।

## ਵਿਗਿਆਨੀਆਂ ਦਾ ਸ਼ਹਿਰ : ਤਰੀਸਤੇ

---

ਤਰੀਸਤੇ ਯੂਗੋਸਲਾਵੀਆ ਦੀ ਸਰਹੱਦ ਨਾਲ ਲਗਦਾ ਇਟਲੀ ਦਾ ਸੁੰਦਰ ਸ਼ਹਿਰ ਹੈ ਜੋ ਕਿਸੇ ਸਮੇਂ ਅਸਟਰੀਆ ਦਾ ਹਿੱਸਾ ਸੀ। ਬਾਅਦ ਵਿਚ ਇਹ ਕਦੇ ਯੂਗੋਸਲਾਵੀਆ ਦੇ ਹਿੱਸੇ ਆਇਆ ਅਤੇ ਹੁਣ ਇਟਲੀ ਕੋਲ ਹੈ। ਇਹ ਸ਼ਹਿਰ ਅੰਤਰ-ਰਾਸ਼ਟਰੀ ਸਿਧਾਂਤਕ ਭੌਤਿਕ ਵਿਗਿਆਨ ਦਾ ਕੇਂਦਰ ਹੈ ਜਿਸ ਕਰਕੇ ਦੁਨੀਆਂ ਭਰ ਦੇ ਭੌਤਿਕ ਵਿਗਿਆਨੀ ਇਥੇ ਪਧਾਰਦੇ ਹਨ। ਦੂਸਰੀ ਵਿਸ਼ਵ ਜੰਗ ਤੋਂ ਬਾਅਦ ਇਥੇ ਰੂਸੀ ਅਤੇ ਅਮਰੀਕੀ ਫੌਜਾਂ ਦਾ ਅੱਡਾ ਵੀ ਰਿਹਾ ਅਤੇ 1955 ਤੋਂ ਬਾਅਦ ਹੀ ਇਟਲੀ ਦੇ ਹਵਾਲੇ ਕੀਤਾ ਗਿਆ। ਜਿਥੇ ਇਹ ਸ਼ਹਿਰ ਦੁਨੀਆਂ ਭਰ ਦੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ, ਉਥੇ ਹੀ ਇਹ ਤੀਸਰੀ ਦੁਨੀਆਂ ਦੇ ਵਿਗਿਆਨੀਆਂ ਦਾ ਮੱਕਾ ਵੀ ਬਣ ਨਿਬੜਿਆ ਹੈ। ਦਰਅਸਲ, ਇਸ ਸ਼ਹਿਰ ਵਿਚ ਪਿਛਲੇ ਪੰਝੀ ਸਾਲਾਂ ਤੋਂ ਜੋ ਅੰਤਰ-ਰਾਸ਼ਟਰੀ ਵਿਗਿਆਨ ਕੇਂਦਰ ਸਥਾਪਿਤ ਕੀਤਾ ਗਿਆ ਉਸਦੇ ਬਾਨੀ ਪ੍ਰੋ. ਅਬਦੁੱਸ ਸਲਾਮ ਇਕ ਪੰਜਾਬੀ ਨੋਬਲ ਪੁਰਸਕਾਰ ਜੇਤੂ ਵਿਗਿਆਨੀ

ਹਨ। ਪ੍ਰੋ. ਸਲਾਮ ਨੇ ਆਪਣੀ ਸਾਰੀ ਪੂੰਜੀ ਅਤੇ ਨੋਬਲ ਪੁਰਸਕਾਰ ਦੀ ਰਕਮ ਤਾਂ ਇਸ ਕੇਂਦਰ ਨੂੰ ਦਾਨ ਕਰ ਹੀ ਦਿੱਤੀ ਹੈ ਬਲਕਿ ਇਸ ਦੀ ਰੂਹੇ-ਰਵਾਂ ਵੀ ਉਹ ਆਪ ਹੀ ਹਨ।

ਮੇਰਾ ਤਰੀਸਤੇ ਸ਼ਹਿਰ ਨਾਲ ਨਾਤਾ 1977 ਤੋਂ ਜੁੜਿਆ ਜਦੋਂ ਮੈਂ ਇਥੇ ਇਕ ਕੋਰਸ ਕਰਨ ਲਈ ਦੋ ਮਹੀਨੇ ਲਈ ਆਇਆ। ਬਾਅਦ ਵਿਚ ਪ੍ਰੋ. ਸਲਾਮ ਨੇ ਸਾਡੀ ਯੂਨੀਵਰਸਿਟੀ ਲਈ ਕਈ ਸਕੀਮਾਂ ਤਜਵੀਜ਼ ਕੀਤੀਆਂ ਜਿਸ ਕਾਰਨ ਮੈਨੂੰ ਇਸ ਸ਼ਹਿਰ ਵਿਚ ਕਈ ਵਾਰ ਚੱਕਰ ਲਗਾਣ ਦਾ ਮੌਕਾ ਮਿਲਿਆ। ਇਸ ਵਾਰ ਮੇਰਾ ਅਠਵਾਂ ਗੇੜਾ ਸੀ। ਦਰਅਸਲ, ਮੈਨੂੰ ਇਸ ਕੇਂਦਰ ਵੱਲੋਂ ਇਕ ਫੈਲੋਸ਼ਿਪ ਮਿਲੀ ਸੀ ਜਿਸ ਅਧੀਨ ਮੈਂ ਆਖਰੀ ਗੇੜਾ ਲਾ ਰਿਹਾ ਸਾਂ। ਯੂਰਪ ਵਿਚ ਆ ਕੇ ਤਰੀਸਤੇ ਆਉਣਾ ਮੇਰੇ ਲਈ ਲਾਜ਼ਮੀ ਹੋ ਜਾਂਦਾ ਹੈ। ਭਾਵੇਂ ਇਸ ਵਾਰ ਇਕ ਹਫਤਾ ਹੀ ਮੇਰੇ ਕੋਲ ਸੀ ਅਤੇ ਕੇਂਦਰ ਵੱਲੋਂ ਕੋਈ ਮਾਲੀ ਸਹਾਇਤਾ ਮਿਲਣ ਦੀ ਆਸ ਨਹੀਂ ਸੀ ਪਰੰਤੂ ਫਿਰ ਵੀ ਮੇਰਾ ਪ੍ਰੋਗਰਾਮ ਬਣ ਗਿਆ।

ਤਰੀਸਤੇ ਕੇਂਦਰ ਵਿਚ ਮੇਰਾ ਪਹੁੰਚ ਸਮਾਂ 17 ਜੂਨ ਮਿਥਿਆ ਗਿਆ ਸੀ ਪਰੰਤੂ ਮੈਂ 16 ਜੂਨ ਦੀ ਸਵੇਰ ਹੀ ਗੈਲੀਲੀਓ ਗੈਸਟ ਹਾਊਸ ਜਾ ਪਧਾਰਿਆ। ਮੇਰਾ ਖਿਆਲ ਸੀ ਕਿ ਮੇਰੀ ਬੁਕਿੰਗ ਪੱਕੀ ਹੈ, ਇਕ ਦਿਨ ਪਹਿਲਾਂ ਵੀ ਕਮਰਾ ਮਿਲ ਜਾਵੇਗਾ। ਪਰੰਤੂ ਗੈਸਟ ਹਾਊਸ ਦਾ ਇੰਚਾਰਜ ਕੋਈ ਰਿਆਇਤ ਦੇਣ ਨੂੰ ਤਿਆਰ ਨਹੀਂ ਸੀ। ਦੁਪਹਿਰ ਤੱਕ ਇੰਤਜ਼ਾਰ ਕਰਕੇ ਮੈਂ ਅਤੇ ਪ੍ਰੋ. ਪਾਂਡੇ, ਜੋ ਮੇਰਠ ਤੋਂ ਪਹੁੰਚੇ ਸਨ, ਸ਼ਹਿਰ ਵਿਚ ਰਾਤ ਕੱਟਣ ਲਈ ਕਮਰਾ ਢੂੰਢਣ ਨਿਕਲ ਤੁਰੇ। ਸੈਲਾਨੀਆਂ ਦਾ ਮੌਸਮ ਵੀ ਜੂਨ ਵਿਚ ਜ਼ੋਰਾਂ ਤੇ ਹੋਣ ਕਰਕੇ ਹੋਟਲ ਸਾਰੇ ਭਰੇ ਹੋਏ ਸਨ ਅਤੇ ਇਕ ਹਜਾਰ ਰੁਪਏ ਤੋਂ ਘੱਟ ਕਮਰਾ ਕਿਤੇ ਨਹੀਂ ਸੀ ਮਿਲ ਰਿਹਾ। ਸਾਨੂੰ ਯਾਦ ਆਇਆ ਕਿ ਇਕ ਮਾਈ ਪੈਤਰੋਨੀਓ ਆਪਣੇ ਘਰ ਮਹਿਮਾਨਾਂ ਨੂੰ ਠਹਿਰਾ ਲੈਂਦੀ ਹੈ। ਇਕ ਤਾਂ ਕਮਰਾ ਸਸਤਾ ਮਿਲ ਜਾਂਦਾ ਹੈ ਨਾਲੇ ਸ਼ਹਿਰ ਵਿਚ ਹੋਣ ਕਰਕੇ ਖਾਣ-ਪੀਣ ਦਾ ਸਮਾਨ ਮਿਲ ਜਾਂਦਾ ਹੈ। ਕਿਸੇ ਸਮੇਂ ਪੈਤਰੋਨੀਓ ਦਾ ਘਰ ਭਾਰਤੀ ਵਿਦਿਆਰਥੀਆਂ ਦਾ ਅੱਡਾ ਬਣ ਚੁੱਕਾ ਸੀ। ਮੈਂ ਵੀ 1977 ਦੇ ਦੌਰੇ ਸਮੇਂ ਦੋ ਮਹੀਨੇ ਇਸਦੇ ਘਰ ਹੀ ਗੁਜਾਰੇ ਸਨ।

ਲੱਭਦੇ ਲੁਭਾਉਂਦੇ ਅਸੀਂ ਸ਼ਾਮ ਦੇ ਚਾਰ ਵਜੇ ਮੈਡਮ ਪੈਤਰੋਨੀਓ ਦੇ ਘਰ ਪਹੁੰਚ ਗਏ। ਰਾਜੀ ਖੁਸ਼ੀ ਦੀ ਪੁੱਛ ਗਿੱਛ ਤੋਂ ਬਾਅਦ ਅਸੀਂ ਕਮਰਾ ਕਿਰਾਏ ਤੇ ਲੈਣ ਦੀ ਤਜਵੀਜ਼ ਪੇਸ਼ ਕੀਤੀ। ਕੁਝ ਚਿਰ ਨਾਂਹ-ਨੁਕਰ ਤੋਂ ਬਾਅਦ ਉਸਨੇ ਮੰਨ ਲਿਆ ਕਿ 250 ਰੁਪਏ ਪ੍ਰਤੀ ਦਿਨ ਦੇ ਹਿਸਾਬ ਕਿਰਾਇਆ ਵਸੂਲ ਕਰੇਗੀ। ਮੇਰੇ ਕੋਲ ਕੋਈ ਜਗ੍ਹਾ ਨਾ ਹੋਣ ਕਰਕੇ ਮੈਨੂੰ ਸਭ ਕੁਝ ਮਨਜੂਰ ਸੀ। ਪ੍ਰੋ. ਪਾਂਡੇ ਤੇ ਕਿਸੇ ਹੋਰ ਮਹੱਲੇ ਵੱਲ ਨਿਕਲ ਤੁਰੇ ਪਰੰਤੂ ਮੈਂ ਆਪਣਾ ਸਮਾਨ ਲੈ ਆਇਆ ਅਤੇ ਕੁਝ ਦਿਨ ਰਹਿਣ ਦਾ ਫੈਸਲਾ ਕਰ ਲਿਆ। ਐਤਵਾਰ ਦਾ ਦਿਨ ਸੀ ਅਤੇ ਸਾਰੇ ਬਜ਼ਾਰ ਬੰਦ ਹੋਣ ਕਰਕੇ ਮੈਂ ਸ਼ਾਮ ਦਾ ਖਾਣਾ ਮਿਸਟਰ ਗੁਲਾਟੀ ਦੇ ਘਰ ਖਾਣਾ ਮੰਨ ਲਿਆ। ਇਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀ ਰਹਿ ਚੁੱਕੇ ਹਨ ਅਤੇ ਮੈਨੂੰ ਕਈ ਸਾਲ ਤੋਂ ਤਰੀਸਤੇ ਆਉਂਦੇ ਜਾਂਦੇ ਨੂੰ ਮਿਲ ਪੈਂਦੇ ਹਨ। ਕਈ ਦਿਨਾਂ ਬਾਅਦ ਘਰ ਦੀ ਪੱਕੀ ਰੋਟੀ ਖਾਣ ਨੂੰ ਮਿਲੀ।

ਰਾਤ ਦੇ ਖਾਣੇ ਉਪਰੰਤ ਮੈਂ ਆਪਣੇ ਟਿਕਾਣੇ ਉਪਰ ਪਹੁੰਚ ਗਿਆ। ਪੈਤਰੋਨੀਓ ਦਾ ਘਰ ਪਾਣੀ ਦਾ ਤਲਾਬ ਬਣਿਆ ਪਿਆ ਸੀ ਅਤੇ ਉਹ ਵਿਚਾਰੀ ਸਫ਼ਾਈ ਕਰਨ ਵਿਚ ਰੁੱਝੀ ਹੋਈ ਸੀ। ਘਰ ਵਿਚ ਪਾਣੀ ਦਾ ਪਾਈਪ ਫਟ ਜਾਣ ਕਾਰਨ ਪਾਣੀ ਭਰ ਗਿਆ ਸੀ। ਉਸਨੇ ਮੈਨੂੰ ਕਿਹਾ ਕਿ ਹੋਟਲ ਵਿਚ ਚਲਾ ਜਾਵਾਂ ਕਿਉਂਕਿ ਘਰ ਵਿਚ ਪਾਣੀ ਬੰਦ ਕਰਨਾ ਪਿਆ ਹੈ ਅਤੇ ਪੀਣ ਲਈ ਵੀ ਪਾਣੀ ਨਹੀਂ ਮਿਲ ਸਕੇਗਾ। ਮੈਂ ਇਕ ਦੋ ਹੋਟਲਾਂ ਵਿਚ ਪਤਾ ਕੀਤਾ ਪਰੰਤੂ ਰਾਤ ਦੇ ਗਿਆਰਾਂ ਵਜੇ ਕੌਣ ਕਮਰਾ ਦਿੰਦਾ ਹੈ। ਪੀਣ ਜੋਗਾ ਪਾਣੀ ਮੈਂ 25 ਰੁਪਏ ਦੀ ਬੋਤਲ ਖਰੀਦ ਲਿਆਇਆ ਅਤੇ ਮੈਡਮ ਨੂੰ ਅਰਜ ਕੀਤੀ ਕਿ ਰਾਤ ਕੱਟਣ ਦੀ ਆਗਿਆ ਦੇ ਦੇਵੇ। ਮੈਂ ਸੋਚਿਆ ਤਰੀਸਤੇ ਸ਼ਹਿਰ ਇਕ ਦਿਨ ਪਹਿਲਾਂ ਪਹੁੰਚ ਕੇ ਚੰਗੀ ਮੁਸੀਬਤ ਪਈ ਹੈ। ਦਰਅਸਲ, ਪੱਛਮੀ ਸਭਿਅਤਾ ਅਜੇਹੀ ਬਿਰਤੀ ਧਾਰਨ ਕਰ ਚੁੱਕੀ ਹੈ ਕਿ ਮਿਥੇ ਪ੍ਰੋਗਰਾਮ ਤੋਂ ਰਤਾ ਭਰ ਵੀ ਲਾਂਭੇ ਹੋ ਜਾਵੋ ਮੁਸੀਬਤ ਖੜੀ ਹੋ ਸਕਦੀ ਹੈ। ਇਥੇ ਬਿਗਾਨੇ ਨੂੰ ਤਾਂ ਕੀ ਆਪਣੇ ਸੱਕੇ ਜਵਾਈ ਨੂੰ ਵੀ ਘਰ ਵਿਚ ਰੱਖਣਾ ਹੋਵੇ ਤਾਂ ਪਹਿਲਾਂ ਲਿਖ ਕੇ ਪ੍ਰੋਗਰਾਮ ਭੇਜਣਾ ਪੈਂਦਾ ਹੈ। ਵਧੇਰੇ ਲੋਕ ਹੋਟਲਾਂ ਵਿਚ ਹੀ ਰਹਿਣਾ ਪਸੰਦ ਕਰਦੇ ਹਨ ਤਾਂ ਕਿ ਕਿਸੇ ਉਪਰ ਬੋਝ ਨਾ ਪਵੇ।

ਖੈਰ ਰਾਤ ਸੌਂ ਕੇ ਨਿਕਲ ਗਈ ਪਰੰਤੂ ਸਵੇਰੇ ਤਿਆਰ ਹੋਣ ਲਈ ਤਾਂ ਪਾਣੀ ਦੀ ਜ਼ਰੂਰਤ ਪੈਣੀ ਹੀ ਸੀ। ਮੈਨੂੰ ਯਾਦ ਆਇਆ ਕਿ ਆਪਣੇ ਪਿੰਡ 'ਚ ਰਹਿੰਦਿਆਂ ਸਵੇਰੇ ਖੇਤਾਂ ਵੱਲ ਸੈਰ ਨੂੰ ਨਿਕਲ ਜਾਣਾ ਅਤੇ ਗੁਰਦਵਾਰੇ ਦੀ ਖੂਹੀ ਤੇ ਨਹਾ ਕੇ ਘਰ ਵੱਲ ਪਰਤਣਾ। ਤਰੀਸਤੇ ਸ਼ਹਿਰ ਵਿਚ ਖੂਹ ਤਾਂ ਕਿਧਰੇ ਨਹੀਂ ਸੀ ਲੱਭ ਰਿਹਾ ਪਰੰਤੂ ਪੈਤਰੋਨੀਓ ਦੇ ਘਰ ਤੋਂ ਰੇਲਵੇ ਸਟੇਸ਼ਨ ਨੇੜੇ ਹੀ ਸੀ। "ਕਹਿੰਦੇ ਹਨ ਲੋੜ ਕਾਢ ਦੀ ਮਾਂ ਹੈ"। ਮੈਂ ਆਪਣਾ ਤੌਲੀਆ ਫੜਿਆ ਅਤੇ ਸਟੇਸ਼ਨ ਉਪਰ ਨਹਾ ਧੋ ਕੇ ਘਰ ਪਰਤ ਆਇਆ। ਮੈਡਮ ਹੈਰਾਨ ਹੋ ਗਈ ਕਿ ਮੈਂ ਆਪਣੀ ਸਮੱਸਿਆ ਦਾ ਹੱਲ ਲੱਭ ਲਿਆ ਹੈ। ਉਹ ਵਿਚਾਰੀ ਤਾਂ ਰਾਤ ਭਰ ਖਾਣ ਪੀਣ ਤੋਂ ਪਰਹੇਜ਼ ਕਰਦੀ ਰਹੀ ਬਲਕਿ ਫਾਕਾ ਕੱਟਿਆ ਮਤਾ ਕਿਧਰੇ ਕੁਦਰਤੀ ਲੋੜ ਆ ਪਵੇ।

ਅਗਲੇ ਦਿਨ ਸਵੇਰੇ ਹੀ ਪੈਤਰੋਨੀਓ ਦਾ ਕਮਰਾ ਖਾਲੀ ਕਰਕੇ ਮੈਂ ਗੈਸਟ ਹਾਊਸ ਪਹੁੰਚ ਗਿਆ। ਇਥੇ ਹੋਰ ਵੀ ਬਹੁਤ ਸਾਰੇ ਭਾਰਤੀ ਵਿਗਿਆਨੀ ਰਹਿ ਰਹੇ ਸਨ। ਜਦੋਂ ਮੈਂ ਆਪਣੀ ਰਾਤ ਵਾਲੀ ਵਿਥਿਆ ਸੁਣਾਈ ਤਾਂ ਉਹ ਬਹੁਤ ਹੱਸੇ ਅਤੇ ਹੈਰਾਨ ਵੀ ਹੋਏ। ਗੈਲੀਲੀਓ ਗੈਸਟ ਹਾਊਸ ਸਮੁੰਦਰ ਦੇ ਕਿਨਾਰੇ ਤਰੀਸਤੇ ਸ਼ਹਿਰ ਤੋਂ ਪੰਜ ਕਿਲੋਮੀਟਰ ਦੇ ਫਾਸਲੇ ਤੇ ਹੈ। ਇਸ ਇਲਾਕੇ ਨੂੰ ਮੀਰਾਮਾਰੇ ਕਿਹਾ ਜਾਂਦਾ ਹੈ। ਦਰਅਸਲ, ਮੀਰਾਮਾਰੇ ਦਾ ਪਾਰਕ ਅਤੇ ਇਸ ਵਿਚਲਾ ਮਹੱਲ ਅਸਟਰੀਆ ਦੇ ਸ਼ਹਿਜ਼ਾਦੇ ਮੈਕਸਮਿਲੀਅਨ ਦਵਾਰਾ ਤਾਮੀਰ ਕਰਵਾਇਆ ਗਿਆ ਸੀ। ਜਦੋਂ ਮਹੱਲ ਤਿਆਰ ਹੋ ਗਿਆ ਤਾਂ ਮੈਕਸਮਿਲੀਅਨ ਨੂੰ ਮੈਕਸੀਕੋ ਵਿਚ ਹੋਈ ਬਗਾਵਤ ਨੂੰ ਦਬਾਉਣ ਲਈ ਭੇਜਿਆ ਗਿਆ। ਉਹ ਇਸ ਲੜਾਈ ਵਿਚ ਮਾਰਿਆ ਗਿਆ ਅਤੇ ਉਸਦਾ ਇਸ ਸਮੁੰਦਰ ਦੇ ਕਿਨਾਰੇ ਬਣੇ ਮਹੱਲ ਵਿਚ ਰਹਿਣ ਦਾ ਸੁਪਨਾ ਪੂਰਾ ਨਾ ਹੋਇਆ। ਇਹ ਮਹੱਲ ਇਮਾਰਤਸਾਜ਼ੀ ਦਾ ਨਮੂਨਾ ਹੈ ਅਤੇ ਅੱਜ ਕੱਲ੍ਹ ਇਸ ਤੋਂ ਇਕ ਅਜਾਇਬ ਘਰ ਦਾ ਕੰਮ ਲਿਆ ਜਾਂਦਾ ਹੈ।

ਤਰੀਸਤੇ ਵਿਚ ਹਰ ਦੇਸ ਦੇ ਵਿਗਿਆਨੀ ਪਹੁੰਚਦੇ ਹਨ ਪਰੰਤੂ ਅੱਜ ਕੱਲ ਭਾਰਤ ਤੋਂ ਇਲਾਵਾ ਪਾਕਿਸਤਾਨ, ਚੀਨ ਅਤੇ ਲਾਤੀਨੀ ਅਮਰੀਕਾ ਤੋਂ ਵਧੇਰੇ ਵਿਗਿਆਨੀ ਆ ਰਹੇ ਹਨ। ਇਥੇ ਪੜ੍ਹਨ ਲਈ ਸਭ ਸਹੂਲਤਾਂ ਹਨ ਅਤੇ ਇਕ ਚੰਗੀ ਲਾਇਬਰੇਰੀ ਹੈ ਜੋ ਰਾਤ ਦੇ ਦਸ ਵਜੇ ਤੱਕ ਖੁੱਲਦੀ ਹੈ। ਭਾਵੇਂ ਵਿਗਿਆਨੀਆਂ ਨੂੰ ਮਸਾਂ ਗੁਜਾਰੇ ਜੋਗਾ ਹੀ ਖਰਚਾ ਮਿਲਦਾ ਹੈ ਪਰੰਤੂ ਫਿਰ ਵੀ ਭਾਰਤੀ ਅਤੇ ਚੀਨੀ ਵਿਗਿਆਨੀ ਅੱਧੀ ਤੋਂ ਜ਼ਿਆਦਾ ਰਕਮ ਬਚਾ ਲੈਂਦੇ ਹਨ। ਇਹ ਲੋਕ ਡਬਲ ਰੋਟੀ ਖਾ ਕੇ ਹੀ ਗੁਜਾਰਾ ਕਰ ਲੈਂਦੇ ਹਨ। ਇਸ ਵਾਰ ਤਰੀਸਤੇ ਵਿਚ ਇਕ ਰੂਸੀ ਮਿੱਤਰ ਬਣ ਗਿਆ। ਰਾਤ ਨੂੰ ਮੈਂ ਰੋਟੀ ਖਾ ਕੇ ਸੈਰ ਨੂੰ ਨਿਕਲਿਆ ਤਾਂ ਸਮਾਨ ਚੁੱਕੀ ਆਉਂਦਾ ਇਕ ਬੰਦਾ ਅਵਾਜ਼ ਮਾਰ ਕੇ ਗੈਲੀਲੀਓ ਗੈਸਟ ਹਾਊਸ ਪੁੱਛਣ ਲੱਗਾ। ਉਹ ਕਾਫੀ ਥੱਕਿਆ ਅਤੇ ਘਬਰਾਇਆ ਹੋਇਆ ਜਾਪਦਾ ਸੀ। ਇਕ ਤਾਂ ਉਸ ਕੋਲ ਭਾਰਾ ਸਮਾਨ, ਦੂਸਰੇ ਬਾਰਸ਼ ਅਤੇ ਤੀਸਰੇ ਰਸਤਾ ਪਹਾੜੀ। ਮੈਂ ਕਿਹਾ ਤੁਸੀਂ ਹੁਣ ਗੈਲੀਲੀਓ ਪਹੁੰਚ ਗਏ ਹੋ। ਮੈਂ ਉਥੇ ਹੀ ਰਹਿੰਦਾ ਹਾਂ। ਉਹ ਮੇਰੇ ਨਾਲ ਹੋ ਤੁਰਿਆ। ਗੈਸਟ ਹਾਊਸ ਵਾਲੇ ਦੱਸਿਆ ਕੋਈ ਕਮਰਾ ਖਾਲੀ ਨਹੀਂ ਹੈ। ਚੰਗਾ ਹੋਵੇ ਕਿ ਰਾਤ ਭਰ ਲਈ ਸ਼ਹਿਰ ਚਲੇ ਜਾਓ ਨਹੀਂ ਤਾਂ ਪਹਾੜੀ ਤੋਂ ਥੱਲੇ ਇਕ ਯੂਥ ਹੋਸਟਲ ਹੈ ਉਸ ਵਿਚ ਰਾਤ ਭਰ ਲਈ ਬਿਸਤਰ ਮਿਲ ਜਾਵੇਗਾ। ਰੂਸੀ ਬਹੁਤ ਪਰੇਸ਼ਾਨ ਸੀ ਕਿਉਂਕਿ ਉਸ ਕੋਲ ਸਿਰਫ ਰੂਬਲ ਹੀ ਸਨ ਜੋ ਇਥੇ ਕਿਸੇ ਕੰਮ ਨਹੀਂ ਆਉਂਦੇ। ਮੈਂ ਉਸਨੂੰ ਯੂਥ ਹੋਸਟਲ ਛੱਡ ਆਇਆ ਅਤੇ ਕਿਹਾ ਕਿ ਮੈਂ ਕਰਾਇਆ ਦੇ ਦਿੰਦਾ ਹਾਂ। ਉਹ ਇਸ ਇਹਸਾਨ ਬਦਲੇ ਮੇਰਾ ਪੱਕਾ ਮਿੱਤਰ ਬਣ ਗਿਆ। ਉਸਨੇ ਕਿਹਾ ਕਿ ਪੱਛਮੀ ਦੇਸ਼ਾਂ ਵਿਚ ਸਿਵਾਏ ਪੈਸੇ ਦੇ ਕੋਈ ਵਾਤ ਨਹੀਂ ਪੁੱਛਦਾ ਜਦਕਿ ਪੂਰਬੀ ਦੇਸ਼ਾਂ ਦੇ ਲੋਕਾਂ ਵਿਚ ਅਜੇ ਵੀ ਮੋਹ ਹੈ ਅਤੇ ਇਕ ਦੂਸਰੇ ਦੀ ਮੱਦਦ ਲਈ ਉਮਾਹ। ਇਸ ਵਿਗਿਆਨੀ ਦਾ ਨਾਮ ਅਲੀਵ ਅਲਕਰਾਮ ਹੈ ਅਤੇ ਇਹ ਰੂਸ ਦੇ ਅਜ਼ਰਬੇਜ਼ਾਨ ਪ੍ਰਾਂਤ ਦਾ ਰਹਿਣ ਵਾਲਾ ਹੈ।

21 ਜੂਨ ਦੀ ਰਾਤ ਨੂੰ ਮੈਂ ਤਰੀਸਤੇ ਤੋਂ ਅਸਟਰੀਆ ਦੇ ਸੁੰਦਰ ਸ਼ਹਿਰ ਸਾਲਜ਼ਬੁਰਗ ਵੱਲ ਰਵਾਨਾ ਹੋਇਆ। ਮਿਥੇ ਪ੍ਰੋਗਰਾਮ ਅਨੁਸਾਰ ਮੇਰਾ ਰੂਸੀ ਦੋਸਤ ਅਲੀਵ ਮੈਨੂੰ ਗੱਡੀ ਚੜ੍ਹਾਨ ਆਇਆ। ਉਸਨੇ ਮੇਰੇ ਲਈ ਖਾਣ ਪੀਣ ਦਾ ਸਮਾਨ ਵੀ ਲਿਆਂਦਾ। ਨਿਘੇ ਸਨੇਹ ਨਾਲ ਅਲੀਵ ਮੈਨੂੰ ਤਰੀਸਤੇ ਤੋਂ ਵਿਦਾ ਕਰ ਰਿਹਾ ਸੀ। ਉਸਨੇ ਮੈਨੂੰ ਆਪਣੇ ਭਰਾ ਦਾ ਪਤਾ ਦਿੱਤਾ ਅਤੇ ਉਸ ਦੇ ਨਾਮ ਚਿੱਠੀ ਵੀ ਲਿਖ ਦਿੱਤੀ ਤਾਂ ਕਿ ਲੋੜ ਪੈਣ ਤੇ ਮੈਂ ਕੁਝ ਦਿਨ ਉਸ ਕੋਲ ਮਾਸਕੋ ਵਿਚ ਗੁਜਾਰ ਸਕਾਂ। ਉਸਨੂੰ ਮੇਰੀ ਸਮੱਸਿਆ ਦਾ ਪਤਾ ਸੀ ਕਿ ਮੇਰੀ ਵਾਪਸੀ ਸੀਟ ਮਾਸਕੋ ਤੋਂ ਦਿੱਲੀ ਅਜੇ ਤੱਕ ਬੁੱਕ ਨਹੀਂ ਸੀ ਹੋਈ। ਅਲੀਵ ਨਵੰਬਰ ਵਿਚ ਪੂਨੇ ਆ ਰਿਹਾ ਸੀ। ਮੈਂ ਵੀ ਉਸਨੂੰ ਅੰਮ੍ਰਿਤਸਰ ਆਉਣ ਦਾ ਸੱਦਾ ਦਿੱਤਾ। ਸਿਰਫ ਇਕ ਮਾਮੂਲੀ ਜਹੇ ਹਾਦਸੇ ਨੇ ਅਲੀਵ ਨੂੰ ਮੇਰੇ ਨਜ਼ਦੀਕ ਲੈ ਆਂਦਾ ਅਤੇ ਇਹ ਪਿਆਰਾ ਬੰਦਾ ਮੇਰੇ ਨਾਲ ਜੀਵਨ ਭਰ ਦੀ ਦੋਸਤੀ ਦਾ ਵਾਇਦਾ ਕਰ ਰਿਹਾ ਸੀ। ਮੈਂ ਸੋਚ ਰਿਹਾ ਸਾਂ ਕਿ ਭਾਵੇਂ ਧਰਤੀ ਤੇ ਮਨੁੱਖ ਭਾਂਤ ਭਾਂਤ ਦੇ ਇਲਾਕੇ, ਦੇਸ, ਧਰਮ ਅਤੇ ਬੋਲੀ ਦੇ ਆਧਾਰ ‘ਤੇ ਵੰਡੇ ਹੋਏ ਹਨ ਪਰੰਤੂ ਇਨ੍ਹਾਂ ਸਭ ਵੰਡੀਆਂ ਤੋਂ ਉਪਰ ਅਜੇ ਵੀ ਇਨਸਾਨੀਅਤ ਦਾ ਰਿਸ਼ਤਾ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਿਚ ਸਹਾਈ ਹੋ ਸਕਦਾ ਹੈ। ਸੋ ਮੈਂ ਤਰੀਸਤੇ ਦੇ ਸ਼ਹਿਰ ਅਤੇ ਆਪਣੇ ਮਿੱਤਰ ਅਲੀਵ ਨੂੰ ਅਲਵਿਦਾ ਕਹੀ।

## ਇਟਲੀ ਦੇ ਦੋ ਰਮਣੀਕ ਸ਼ਹਿਰ: ਪੀਸਾ ਅਤੇ ਫਲੋਰੈਂਸ

ਰੋਮ ਅਤੇ ਵੀਨਸ ਤੋਂ ਬਾਅਦ ਦੋ ਹੋਰ ਇਟਲੀ ਦੇ ਸ਼ਹਿਰ ਜੋ ਵਿਦੇਸ਼ੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਹਨ, ਪੀਸਾ ਅਤੇ ਫਲੋਰੈਂਸ ਦੇ ਨਾਮ ਨਾਲ ਵਿਸ਼ਵ ਪ੍ਰਸਿੱਧ ਹਨ। ਜਦੋਂ ਵੀ ਮੈਂ ਤਰੀਸਤੇ ਦੇ ਅੰਤਰ-ਰਾਸ਼ਟਰੀ ਸਿਧਾਂਤਕ ਭੌਤਿਕ ਵਿਗਿਆਨ

ਕੇਂਦਰ ਵਿਖੇ ਟ੍ਰੇਨਿੰਗ ਲਈ ਗਿਆ ਤਾਂ ਇਨ੍ਹਾਂ ਦੋਹਾਂ ਸ਼ਹਿਰਾਂ ਦੀ ਯਾਤਰਾ ਦਾ ਨੇਮ ਹੀ ਬਣਾ ਲਿਆ। ਫਲੋਰੈਂਸ ਤਾਂ ਰੋਮ ਅਤੇ ਤਰੀਸਤੇ ਦੇ ਵਿਚਕਾਰ ਰੇਲਵੇ ਸਟੇਸ਼ਨ ਹੈ ਅਤੇ ਪੀਸਾ ਇਸ ਤੋਂ ਲਗਭਗ ਸੌ ਕਿਲੋਮੀਟਰ ਦੀ ਵਿੱਥ ਤੇ ਹੈ। ਦੋਹਾਂ ਸ਼ਹਿਰਾਂ ਦੀ ਸਾਂਝ ਦਾ ਕਾਰਣ ਭੌਤਿਕ ਵਿਗਿਆਨੀ ਗੈਲੀਲੀਓ ਦਾ ਇਨ੍ਹਾਂ ਨਾਲ ਸੰਬੰਧ ਹੈ।

ਪੀਸਾ ਦਾ ਮੀਨਾਰ ਵਿਸ਼ਵ ਭਰ ਵਿਚ ਪ੍ਰਸਿੱਧ ਹੈ। ਇਸਦੀ ਪ੍ਰਸਿੱਧੀ ਦਾ ਕਾਰਣ ਇਸ ਮੀਨਾਰ ਦੀ ਇਮਾਰਤ ਕਲਾ ਹੈ ਅਤੇ ਇਸਨੂੰ ਝੁਕਿਆ ਹੋਇਆ ਮੀਨਾਰ ਕਿਹਾ ਜਾਂਦਾ ਹੈ। ਇਹ ਮੀਨਾਰ ਗਿਰਜਾਘਰ ਦੇ ਘੜਿਆਲ ਲਈ 1173 ਈ: ਵਿਚ ਬਣਨਾ ਸ਼ੁਰੂ ਹੋਇਆ ਸੀ ਅਤੇ 1360 ਈ: ਵਿਚ ਮੁਕੰਮਲ ਹੋ ਸਕਿਆ। ਇਸਦੇ ਕਈ ਕਾਰੀਗਰ ਬਦਲੇ ਪਰੰਤੂ ਡੀਜ਼ਾਇਨ ਵਿਚ ਕੋਈ ਤਬਦੀਲੀ ਨਾ ਹੋਈ। ਦੱਸਿਆ ਜਾਂਦਾ ਹੈ ਕਿ ਨੀਂਹ ਮਜਬੂਤ ਨਾ ਹੋਣ ਕਰਕੇ ਇਹ ਝੁਕਣਾ ਸ਼ੁਰੂ ਹੋ ਗਿਆ। ਇਸ ਅੱਠ ਮੰਜਲੇ ਮੀਨਾਰ ਦੀ ਉਚਾਈ 186 ਫੁੱਟ ਹੈ ਅਤੇ ਭਾਰ 14,500 ਟਨ। ਇਸ ਉਪਰ ਜਾਣ ਲਈ 294 ਪਉੜੀ ਦੇ ਡੰਡੇ ਹਨ ਅਤੇ ਸ਼ਹਿਰ ਦਾ ਸਾਰਾ ਨਜ਼ਾਰਾ ਲੱਭ ਪੈਂਦਾ ਹੈ। ਇਹ ਵਿਸ਼ਵ ਦੇ ਸੱਤ ਅਜੂਬਿਆਂ ਵਿਚ ਸ਼ਾਮਲ ਹੈ। ਦਰਅਸਲ, ਇਸ ਨੂੰ ਤਾਮੀਰ ਕਰਨ ਵਾਲਾ ਜਾਣਦਾ ਸੀ ਕਿ ਜੇਕਰ ਇਸ ਮੀਨਾਰ ਦਾ ਗੁਰੂਤਵੀ ਕੇਂਦਰ ਇਸ ਦੇ ਅਧਾਰ ਵਿਚੋਂ ਦੀ ਹੋ ਕੇ ਗੁਜਰੇ ਤਾਂ ਇਹ ਝੁਕਿਆ ਹੋਇਆ ਵੀ ਸਥਿਰ ਰਹਿ ਸਕਦਾ ਹੈ। ਜਦੋਂ ਸੈਲਾਨੀ ਮੀਨਾਰ ਹੇਠ ਖੜੋ ਕੇ ਇਸਦੀ ਸਿਖਰ ਵੱਲ ਝਾਕਦੇ ਹਨ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਇਹ ਹੁਣੇ ਡਿੱਗਿਆ ਹੀ ਡਿੱਗਿਆ। ਕਈ ਭੁਚਾਲੀ ਝਟਕਿਆਂ ਦੇ ਬਾਵਜੂਦ ਵੀ ਇਹ ਮੀਨਾਰ ਆਪਣੀ ਹੋਂਦ ਕਾਇਮ ਰੱਖ ਸਕਿਆ ਹੈ। ਵਿਗਿਆਨੀਆਂ ਨੇ ਅੰਦਾਜਾ ਲਗਾ ਰੱਖਿਆ ਹੈ ਕਿ ਮੀਨਾਰ ਹਰ ਸਾਲ ਕੁਝ ਮਿਲੀਮੀਟਰ ਹੋਰ ਝੁਕਦਾ ਜਾ ਰਿਹਾ ਹੈ ਅਤੇ ਜੇਕਰ ਇਸ ਅਮਲ ਨੂੰ ਰੋਕਿਆ ਨਾ ਗਿਆ ਤਾਂ ਇਕ ਦਿਨ ਅਜਿਹਾ ਆਵੇਗਾ ਜਦੋਂ ਮੀਨਾਰ ਧਰਤੀ ਉਪਰ ਮੂਧਾ ਲੇਟ ਜਾਵੇਗਾ। ਇਹੋ ਕਾਰਨ ਹੈ ਕਿ ਪਿਛਲੇ ਵੀਹ ਸਾਲ ਤੋਂ ਇਸ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਇਸਦੀਆਂ ਨੀਹਾਂ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਹੁਣ ਤਾਂ ਇਸ ਦੀ ਸਿਖਰ ਉਪਰ ਸੈਲਾਨੀਆਂ ਦੇ ਚੜ੍ਹਨ ਤੇ ਵੀ ਪਾਬੰਦੀ ਲਗਾ ਦਿਤੀ ਗਈ ਹੈ।

ਪ੍ਰੋ: ਬੀਗਾਜ਼ੀ ਨੇ ਮੈਨੂੰ 1987 ਵਿਚ ਪੀਸਾ ਯੂਨੀਵਰਸਿਟੀ ਵਿਚ ਲੈਕਚਰ ਦੇਣ ਲਈ ਬੁਲਾਇਆ। ਸਾਡਾ ਖੋਜ ਖੇਤਰ ਮਿਲਦਾ ਜੁਲਦਾ ਸੀ ਅਤੇ ਅਸੀਂ ਕਈ ਅੰਤਰ-ਰਾਸ਼ਟਰੀ ਕਾਨਫਰੰਸਾਂ ਵਿਚ ਮਿਲ ਚੁੱਕੇ ਸਾਂ। ਮਿਥੇ ਪ੍ਰੋਗਰਾਮ ਅਨੁਸਾਰ ਅਸੀਂ ਪੀਸਾ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਏ। ਮੇਰੀ ਘਰਵਾਲੀ ਵੀ ਇਸ ਯਾਤਰਾ ਵਿਚ ਸ਼ਾਮਲ ਸੀ। ਬੀਗਾਜ਼ੀ ਨੇ ਸਾਡੇ ਰੈਣ ਬਸੇਰੇ ਲਈ ਇਕ ਹੋਟਲ ਵਿਚ ਪ੍ਰਬੰਧ ਕਰ ਰੱਖਿਆ ਸੀ ਜੋ ਝੁਕਵੇਂ ਮੀਨਾਰ ਤੋਂ ਕੇਵਲ ਪੰਜ ਮਿੰਟ ਦੀ ਦੂਰੀ ਤੇ ਸੀ। ਹੋਟਲ ਵਿਚ ਸਮਾਨ ਟਿਕਾ ਕੇ ਅਸੀਂ ਮੀਨਾਰ ਵੇਖਣ ਚੱਲ ਪਏ। ਪੀਸਾ ਦਾ ਮਸ਼ਹੂਰ ਗਿਰਜਾ ਘਰ 'ਡੂਮਾ' ਅਤੇ ਮੀਨਾਰ ਸ਼ਹਿਰ ਦੇ ਕੇਂਦਰ, ਜਿਸ ਨੂੰ 'ਕਰਾਮਾਤਾਂ ਦਾ ਚੌਰਾਹਾ' ਕਹਿੰਦੇ ਹਨ, ਵਿਚ ਸਥਿੱਤ ਹਨ। ਦੱਸਿਆ ਜਾਂਦਾ ਹੈ ਕਿ ਗੈਲੀਲੀਓ ਇਸ ਗਿਰਜਾਘਰ ਵਿਚ ਹੀ ਪ੍ਰਾਰਥਨਾ ਸਭਾ ਵਿਚ ਸ਼ਾਮਲ ਸੀ ਜਦੋਂ ਉਸਨੇ ਪੈਂਡੂਲਮ ਘੜੀ ਦੀ ਮਸ਼ਹੂਰ ਕਾਢ ਕੱਢੀ। ਉਹ ਗਿਰਜੇ ਦੇ ਘੜਿਆਲ ਦੀ ਕੰਬਨ ਗਤੀ ਤੋਂ ਇਸ ਸਿੱਟੇ ਤੇ ਪਹੁੰਚਿਆ ਕਿ ਗੁਰੂਤਵੀ ਖਿੱਚ ਦੇ ਕਾਰਨ ਭਾਵੇਂ ਕੰਬਣ ਦਾ ਆਯਾਮ ਨਿਰੰਤਰ ਘਟਦਾ ਜਾ ਰਿਹਾ ਹੈ ਪਰੰਤੂ ਕੰਬਣ ਪੂਰੀ ਕਰਨ ਲਈ ਲੱਗਾ ਸਮਾਂ ਬਰਾਬਰ ਰਹਿੰਦਾ ਹੈ। ਇਸ ਪ੍ਰਯੋਗ ਤੋਂ ਉਸਨੇ ਪੈਂਡੂਲਮ ਘੜੀ ਦਾ ਨਿਯਮ ਘੜਿਆ ਅਤੇ ਗੁਰੂਤਵੀ ਪ੍ਰਵੇਗ ਨੂੰ ਨਿਰਧਾਰਤ ਕਰਨ ਦੀ ਵਿਧੀ ਲੱਭ ਲਈ ਜੋ ਹੁਣ ਹਰ ਸਕੂਲ ਦਾ ਵਿਦਿਆਰਥੀ ਅਸਾਨੀ ਨਾਲ ਵਰਤ ਰਿਹਾ ਹੈ। ਅਰਸਤੂ ਦਾ ਸਿਧਾਂਤ ਰੱਦ ਕਰਨ ਲਈ ਵੀ ਗੈਲੀਲੀਓ ਨੇ ਪਹਿਲ ਕੀਤੀ। ਅਰਸਤੂ ਦੀ ਮਨੌਤ ਅਨੁਸਾਰ ਭਾਰੀਆਂ ਵਸਤਾਂ ਧਰਤੀ ਵੱਲ ਹੌਲੀਆਂ ਵਸਤਾਂ ਦੇ ਮੁਕਾਬਲੇ ਤੇਜੀ ਨਾਲ ਡਿੱਗਦੀਆਂ ਹਨ। ਗੈਲੀਲੀਓ ਨੇ ਪੀਸਾ ਮੀਨਾਰ ਦੀ ਸਿਖਰ ਤੋਂ ਲੋਹੇ ਦੇ ਭਾਰੇ ਅਤੇ ਹੌਲੇ ਗੋਲੇ ਸੁੱਟ ਕੇ ਅਰਸਤੂ ਦੀ ਮਨੌਤ ਝੂਠੀ ਸਿੱਧ ਕਰ ਦਿੱਤੀ। ਪ੍ਰਯੋਗਿਕ ਭੌਤਿਕ ਵਿਗਿਆਨ ਦਾ ਮੋਢੀ ਗੈਲੀਲੀਓ ਮੰਨਿਆ ਜਾਂਦਾ ਹੈ ਜਿਸਨੇ ਆਪਣੇ ਪ੍ਰਯੋਗਾਂ ਦਵਾਰਾ ਨਿਊਟਨ ਲਈ ਰਾਹ ਪੱਧਰਾ ਕਰ ਦਿਤਾ।

ਪੀਸਾ ਦੀ ਯਾਤਰਾ ਪੂਰੀ ਕਰਕੇ ਅਸੀਂ ਰੇਲ ਗੱਡੀ ਤੇ ਸਵਾਰ ਹੋ ਗਏ ਅਤੇ ਫਲੋਰੈਂਸ ਜਾ ਪਹੁੰਚੇ। ਇਹ ਪੀਸਾ ਤੋਂ ਵੱਡੇ ਅਕਾਰ ਵਿਚ ਫੈਲਿਆ ਹੋਇਆ ਹੈ। ਇਸ ਦੀ ਪ੍ਰਸਿੱਧੀ ਦਾ ਕਾਰਨ ਇਥੋਂ ਦੇ ਅਜਾਇਬ ਘਰ ਅਤੇ ਗਿਰਜਾਘਰ ਹਨ। ਜਦੋਂ ਗੈਲੀਲੀਓ ਨੂੰ ਰੋਮ ਦੇ ਵੈਟੀਕਨ ਚਰਚ ਨੇ ਉਮਰ ਕੈਦ ਦੀ ਸਜਾ ਸੁਣਾਈ ਤਾਂ ਉਸਨੂੰ ਫਲੋਰੈਂਸ ਵਿਚ ਹੀ ਨਜਰਬੰਦ ਕੀਤਾ ਗਿਆ। ਵਿਗਿਆਨੀ ਹੋਣ ਦੇ ਨਾਤੇ ਮੇਰੇ ਲਈ ਇਹ ਦੌਰਾ ਦੋਹਰੀ ਅਹਿਮੀਅਤ ਰੱਖਦਾ ਸੀ। ਗੈਲੀਲੀਓ ਦੀ ਕੁਰਬਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨੇ ਅਤੇ ਫਲੋਰੈਂਸ ਦੀ ਇਤਿਹਾਸਕ ਮਹੱਤਤਾ ਤੋਂ ਜਾਣੂ ਹੋਣਾ।

ਯੂਰਪ ਵਿਚ ਪੁਨਰ ਸੁਰਜੀਤੀ ਦੀ ਲਹਿਰ ਦਾ ਕੇਂਦਰ ਬਿੰਦੂ ਫਲੋਰੈਂਸ ਹੀ ਮੰਨਿਆ ਜਾਂਦਾ ਹੈ। ਇਥੇ ਵਿਗਿਆਨ, ਧਰਮ, ਰਾਜਨੀਤੀ, ਸਹਿਤ ਅਤੇ ਕਲਾ ਦਾ ਨਵਾਂ ਯੁੱਗ ਸ਼ੁਰੂ ਹੋਇਆ ਜੋ ਯੂਰਪ ਦੇ ਬਾਕੀ ਦੇਸ਼ਾਂ ਵਿਚ ਫੈਲ ਗਿਆ। ਇਸ ਸ਼ਹਿਰ ਨੇ ਡੈਂਟੇ ਜਹੇ ਸਹਿਤਕਾਰ, ਗੈਲੀਲੀਓ ਜਹੇ ਵਿਗਿਆਨੀ, ਲੀਓਨਾਰਡੋ ਦਾ ਵਿੰਚੀ ਜਹੇ ਇੰਜੀਨੀਅਰ ਅਤੇ ਮੈਕੀਆਵੇਲੀ ਜਹੇ ਸਿਆਸਤਦਾਨ ਪੈਦਾ ਕੀਤੇ ਜੋ ਨਵੇਂ ਯੁੱਗ ਦਾ ਇਨਕਲਾਬ ਲਿਆਉਣ ਵਿਚ ਸਹਾਈ ਹੋਏ। ਗੱਲ ਕੀ 300 ਸਾਲ ਲਈ ਫਲੋਰੈਂਸ ਨਵੀਂ ਰੌਸ਼ਨੀ ਦਾ

ਕੇਂਦਰ ਬਿੰਦੂ ਬਣਿਆ ਰਿਹਾ। ਟੂਰਿਸਟ ਗਾਈਡ ਨੇ ਦੱਸਿਆ ਕਿ ਫਲੋਰੈਂਸ ਦੀਆਂ ਆਰਟ ਗੈਲਰੀਆਂ ਵਿਸ਼ਵ ਭਰ ਵਿਚ ਪ੍ਰਸਿੱਧ ਹਨ। ਇਟਲੀ ਦੇ ਮਸ਼ਹੂਰ ਪੇਂਟਰ ਅਤੇ ਬੁੱਤ ਘਾੜੇ ਇਸ ਸ਼ਹਿਰ ਨੂੰ ਆਪਣਾ ਮੱਕਾ ਸਮਝਦੇ ਹਨ। ਇਸ ਦੇ ਅਜਾਇਬ ਘਰਾਂ ਵਿਚ ਉਨ੍ਹਾਂ ਦੀ ਚਿਤਰ ਕਲਾ ਦੇ ਨਮੂਨੇ ਸਾਂਭੇ ਪਏ ਹਨ। ਸ਼ਹਿਰ ਦੇ ਕੇਂਦਰ ਵਿਚ ਮਾਈਕਲ ਐਂਜਲੋ ਦਵਾਰਾ ਤਾਮੀਰ ਕੀਤਾ ਡੇਵਿਡ ਦਾ ਬੁੱਤ ਵੀ ਵੇਖਿਆ। ਫਲੋਰੈਂਸ ਦੀਆਂ ਗਲੀਆਂ ਪੱਥਰਾਂ ਦੀਆਂ ਬਣੀਆਂ ਹਨ ਜੋ ਇਕ ਹਜ਼ਾਰ ਸਾਲ ਪੁਰਾਣੀ ਇਮਾਰਤ ਕਲਾ ਦਾ ਨਮੂਨਾ ਪੇਸ਼ ਕਰਦੀਆਂ ਹਨ।

ਅਜਾਇਬ ਘਰਾਂ ਤੋਂ ਵਿਹਲੇ ਹੋ ਕੇ ਅਸੀਂ ਫਲੋਰੈਂਸ ਸ਼ਹਿਰ ਦੇ ਪੁਰਾਤਨ ਖਿੱਤੇ ਦਾ ਦੌਰਾ ਕੀਤਾ। ਇਸ ਦੇ ਦਰਿਆ 'ਅਰਨੋ' ਉਪਰ ਕਈ ਸੁੰਦਰ ਪੁਲ ਤਾਮੀਰ ਕੀਤੇ ਗਏ ਸਨ ਜੋ ਅੱਜ ਤੱਕ ਆਪਣੀ ਮੌਲਿਕਤਾ ਦਾ ਇਜ਼ਹਾਰ ਕਰਦੇ ਹਨ। ਇਕ ਪੁਲ ਤਾਂ ਯਾਤਰੀਆਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਸ ਛੱਤੇ ਹੋਏ ਪੁਲ ਦੀ ਗੈਲਰੀ ਦੇ ਦੋਵੇਂ ਪਾਸੇ ਰਿਹਾਇਸ਼ੀ ਮਕਾਨ ਹਨ। ਜਦੋਂ ਮੈਂ ਪੁਲ ਉਪਰ ਘੁੰਮ ਰਿਹਾ ਸੀ ਤਾਂ ਸ਼ਹਿਰ ਦੇ ਹਿੱਪੀ ਕਿਸਮ ਦੇ ਨੌਜਵਾਨ ਮੇਰੇ ਨਾਲ ਗੁਫਤਗੂ ਕਰਨ ਲੱਗੇ। ਉਹ ਮਸਤੀ ਵਿਚ ਚਿਲਮਾਂ ਪੀਣ ਦੇ ਆਦੀ ਸਨ ਅਤੇ ਇਕ ਸੱਜਣ ਤਾਂ ਪ੍ਰੋ: ਪੂਰਨ ਸਿੰਘ ਵਾਂਗ ਖੁਲ੍ਹੇ ਕੇਸਾਂ ਨਾਲ ਸੁਸ਼ੋਭਿਤ ਬੈਠਾ ਫੱਬ ਰਿਹਾ ਸੀ। ਮੇਰੀ ਯਾਤਰਾ ਬਾਰੇ ਉਹ ਉਤਸੁਕਤਾ ਨਾਲ ਪੁੱਛਣ ਲੱਗੇ। ਉਹ ਹੈਰਾਨ ਸਨ ਕਿ ਮੈਂ ਭੌਤਿਕ ਵਿਗਿਆਨ ਦਾ ਖੋਜੀ ਹਾਂ ਅਤੇ ਕਈ ਵਾਰ ਇਟਲੀ ਦਾ ਚੱਕਰ ਲਗਾ ਚੁੱਕਾ ਹਾਂ। ਇਨ੍ਹਾਂ ਅਲਬੇਲੇ ਤਬੀਅਤ ਦੇ ਸੱਜਣਾਂ ਨੇ ਮਨੀਕਰਨ ਅਤੇ ਮਨਾਲੀ ਦਾ ਗੇੜਾ ਲਗਾਇਆ ਹੋਇਆ ਸੀ। ਹਿਮਾਚਲ ਦਾ ਇਹ ਖਿੱਤਾ ਭੰਗ ਅਤੇ ਚਰਸ ਦੇ ਸ਼ੌਕੀਨਾਂ ਲਈ ਖਿੱਚ ਦਾ ਕੇਂਦਰ ਬਣ ਚੁੱਕਾ ਹੈ। ਫਲੋਰੈਂਸ ਦੇ ਮਸਤ ਫਕੀਰਾਂ ਨਾਲ ਫੋਟੋ ਖਿਚਵਾ ਕੇ ਅਸੀਂ ਰੇਲਵੇ ਸਟੇਸ਼ਨ ਤੇ ਪਰਤ ਆਏ ਅਤੇ ਤਰੀਸਤੇ ਜਾਣ ਵਾਲੀ ਗੱਡੀ ਤੇ ਸਵਾਰ ਹੋ ਗਏ।

~~~

## ਮੇਰੀ ਜਰਮਨ ਯਾਤਰਾ

---

23 ਜੂਨ (1991) ਸਵੇਰੇ ਮੈਂ ਜਰਮਨੀ ਵੱਲ ਰਵਾਨਾ ਹੋ ਪਿਆ। ਸਾਲਜ਼ਬੁਰਗ ਤੋਂ ਗੱਡੀ ਰਾਹੀਂ ਦੋ ਘੰਟੇ ਵਿਚ ਜਰਮਨੀ ਦੇ ਪ੍ਰਸਿੱਧ ਵਪਾਰਕ ਸ਼ਹਿਰ ਮਿਊਨਿਖ ਪਹੁੰਚ ਕੇ ਮੈਂ ਗੱਡੀ ਬਦਲਣੀ ਸੀ। ਮੇਰੀ ਕਾਨਫਰੰਸ ਪੂਰਬੀ ਜਰਮਨੀ ਦੇ ਵਾਈਮਰ ਸ਼ਹਿਰ ਵਿਖੇ ਹੋ ਰਹੀ ਸੀ ਜੋ ਮਿਊਨਿਖ ਤੋਂ 400 ਕਿਲੋਮੀਟਰ ਦੀ ਦੂਰੀ 'ਤੇ ਵਾਕਿਆ ਹੈ। ਇਥੋਂ ਮੈਨੂੰ ਬਰਲਿਨ ਜਾਣ ਵਾਲੀ ਗੱਡੀ 'ਤੇ ਸਵਾਰ ਹੋਣਾ ਪਿਆ। ਪੂਰੇ ਸਮੇਂ ਉਪਰ ਗੱਡੀ ਮਿਊਨਿਖ ਤੋਂ ਰਵਾਨਾ ਹੋ ਪਈ। ਜਰਮਨੀ ਅਤੇ ਆਸਟਰੀਆ ਦੀਆਂ ਗੱਡੀਆਂ ਕਦੇ ਵੀ ਇਕ ਸਕਿੰਟ ਦੀ ਦੇਰੀ ਨਹੀਂ ਕਰਦੀਆਂ। ਮੇਰੇ ਨਾਲ ਦੀ ਸੀਟ 'ਤੇ ਬਰਲਿਨ ਦਾ ਇਕ ਡਾਕਟਰ ਬੈਠਾ ਸੀ ਜੋ ਮਿਊਨਿਖ ਵਿਖੇ ਇਕ ਕਾਨਫਰੰਸ ਵਿਚ ਭਾਗ ਲੈ ਕੇ ਪਰਤ ਰਿਹਾ ਸੀ। ਅਸੀਂ ਖੂਬ ਘੁਲ-ਮਿਲ ਗਏ ਅਤੇ ਜਰਮਨੀ ਦੇ ਏਕੀਕਰਨ ਬਾਰੇ ਵਿਚਾਰ-ਵਿਟਾਂਦਰਾ ਕੀਤਾ। ਡਾਕਟਰ ਹੋਰਾਂ ਬੜੇ ਵਿਸਥਾਰ ਨਾਲ ਵਿਸ਼ਵ ਯੁੱਧ ਵਿਚ ਜਰਮਨ ਕੌਮ ਦੀ ਹਾਰ, ਵੰਡ ਅਤੇ ਮੁੜ ਇਕੱਠੇ ਹੋਣ ਦੀ ਵਿਥਿਆ ਸੁਣਾਈ। ਮੇਰਾ ਤਜਰਬਾ ਹੈ ਕਿ ਗੱਡੀ ਦੇ ਸਫਰ ਵਿਚ ਜਰਮਨ ਲੋਕ ਘੱਟ ਹੀ ਗੱਲਬਾਤ ਕਰਦੇ ਹਨ। ਇਨ੍ਹਾਂ ਦੇ ਮੁਕਾਬਲੇ ਇਟਲੀ ਅਤੇ ਯੂਗੋਸਲਾਵੀਆ ਦੇ ਲੋਕ ਮਿਲਾਪੜੇ ਹਨ ਅਤੇ ਸਾਡੇ ਲੋਕਾਂ ਵਾਂਗ ਗੱਡੀ ਵਿਚ ਕਾਫੀ ਰੌਣਕ ਲਗਾਂਦੇ ਹਨ। ਡਾਕਟਰ ਨੇ ਦੱਸਿਆ ਕਿ ਪੂਰਬੀ ਜਰਮਨੀ ਰੂਸੀ ਕਮਿਊਨਿਸਟਾਂ ਦੇ ਅਧੀਨ ਰਿਹਾ ਹੈ ਅਤੇ ਪਿਛਲੇ 45 ਸਾਲਾਂ ਵਿੱਚ ਪੱਛਮੀ ਜਰਮਨੀ ਤੋਂ ਆਰਥਿਕ ਖੇਤਰ ਵਿਚ ਬਹੁਤ ਪਛੜ ਗਿਆ ਹੈ। ਉਸਨੇ ਦੱਸਿਆ ਕਿ ਜਦੋਂ ਗੱਡੀ ਪੂਰਬੀ ਜਰਮਨੀ ਦੀ ਹੱਦ ਅੰਦਰ ਦਾਖਲ ਹੋਵੇਗੀ ਤਾਂ ਇਸ ਦੀ ਆਵਾਜ਼ ਤੋਂ ਪਤਾ ਲਗ ਜਾਵੇਗਾ ਕਿ ਪੱਛਮੀ ਜਰਮਨੀ ਲੰਘ ਆਏ ਹਾਂ। ਦੂਸਰੇ ਪਿੰਡਾਂ ਵੱਲ ਧਿਆਨ ਰੱਖਣਾ, ਪੂਰਬੀ ਜਰਮਨੀ ਵਿਚ ਘਰਾਂ ਦੀਆਂ ਛੱਤਾਂ ਅਤੇ ਦੀਵਾਰਾਂ ਵੈਰਾਨਗੀ ਦਾ ਮਾਹੌਲ ਪੈਦਾ ਕਰਦੀਆਂ ਹਨ ਜਦਕਿ ਪੱਛਮੀ ਜਰਮਨੀ ਦੇ ਪਿੰਡ ਰੰਗ-ਬਰੰਗੇ ਘਰਾਂ ਨਾਲ ਸਜੇ ਜ਼ਿੰਦਗੀ ਦੀ ਰੌਅ ਦਾ ਪ੍ਰਤੀਕ ਹਨ।

ਦੁਪਹਿਰ ਉਪਰੰਤ ਸਾਡੀ ਗੱਡੀ ਪਰੋਬਸਜ਼ੈਲਾ ਦੇ ਸਟੇਸ਼ਨ 'ਤੇ ਰੁਕੀ। ਇਹ ਪੂਰਬੀ ਜਰਮਨੀ ਦੀ ਹੱਦ ਅੰਦਰ ਵਾਕਿਆ ਹੈ। ਸਟੇਸ਼ਨ ਤੋਂ ਪਹਿਲਾਂ ਗੱਡੀ ਘਣੇ ਜੰਗਲ ਅਤੇ ਪਹਾੜੀਆਂ ਵਿਚੋਂ ਹੋ ਕੇ ਨਿਕਲੀ। ਡਾਕਟਰ ਦੀ ਗੱਲ ਠੀਕ ਸੀ ਜਦੋਂ ਅਸੀਂ ਪੂਰਬੀਂ ਜਰਮਨੀ ਵਿਚ ਦਾਖਲ ਹੋਏ ਤਾਂ ਰੇਲ ਪਟੜੀ ਉਪਰ ਗੱਡੀ ਦੀ ਆਵਾਜ਼ ਭਾਰਤੀ ਰੇਲ ਵਰਗੀ ਹੋ ਗਈ ਅਤੇ ਰਫਤਾਰ ਵੀ ਅੱਧੀ ਰਹਿ ਗਈ। ਬਾਰਡਰ ਉਪਰ ਕੰਡਿਆਲੀ ਤਾਰ ਹੋਇਆ ਕਰਦੀ ਸੀ ਅਤੇ ਕਈ ਜਗਾਹ ਪਿੰਡਾਂ ਦੇ ਵਿਚਕਾਰੋਂ ਪੂਰਬੀ ਅਤੇ ਪੱਛਮੀ ਜਰਮਨੀ ਦੀ ਹੱਦ ਲੰਘਦੀ ਸੀ। ਸਰਹੱਦ ਪਾਰ ਕਰਦੇ ਕਈ ਪਰੀਵਾਰ ਸ਼ਹੀਦ ਕਰ ਦਿੱਤੇ ਗਏ ਅਤੇ ਚੌਕਸੀ ਖਾਤਰ ਤੇਜ਼ ਰਫਤਾਰ
~~~

ਅਤੇ ਖੌਫਨਾਕ ਕੁੱਤੇ ਪਹਿਰੇ ਤੇ ਰੱਖੇ ਜਾਂਦੇ ਸਨ। ਸ਼ੁਕਰ ਹੈ ਕਿ ਪੂਰਬੀ ਅਤੇ ਪੱਛਮੀ ਜਰਮਨੀ ਦੇ ਏਕੀਕਰਨ ਉਪਰੰਤ ਬਰਲਿਨ ਦੀ ਕੰਧ ਅਤੇ ਕੰਡਿਆਲੀ ਤਾਰ ਖਤਮ ਹੋ ਗਈ ਹੈ ਪ੍ਰੰਤੂ ਕਮਿਊਨਿਜ਼ਮ ਦੇ ਪ੍ਰਭਾਵ ਕਾਰਨ ਦਿਲਾਂ ਦੀ ਦੀਵਾਰ ਅਜੇ ਢਹਿ-ਢੇਰੀ ਹੋਣ ਤੋਂ ਆਕੀ ਹੈ।

ਨੌਮਬਰਗ ਦੇ ਜੰਕਸ਼ਨ ਤੋਂ ਗੱਡੀ ਬਦਲ ਕੇ ਮੈਂ ਤਿੰਨ ਵਜੇ ਦੇ ਕਰੀਬ ਵਾਈਮਰ ਦੇ ਸਟੇਸ਼ਨ ‘ਤੇ ਪਹੁੰਚ ਗਿਆ। ਇਹ ਇਤਿਹਾਸਕ ਸ਼ਹਿਰ ਗੈਟੇ ਅਤੇ ਸ਼ਿਲਰ ਵਰਗੇ ਵਿਦਵਾਨਾਂ ਦਾ ਟਿਕਾਣਾ ਰਿਹਾ ਹੈ। ਸਟੇਸ਼ਨ ਦੇ ਸਾਹਮਣੇ ਯੂਥ ਹੋਸਟਲ ਵਿਚ ਰਿਹਾਇਸ਼ ਦਾ ਪ੍ਰਬੰਧ ਸੀ ਅਤੇ ਸਾਡੀ ਕਾਨਫਰੰਸ ਇਸ ਤੋਂ ਨੇੜੇ ਹੀ ਸ਼ਹਿਰ ਦੇ ਟਾਊਨ ਹਾਲ ਵਿਚ ਹੋ ਰਹੀ ਸੀ। ਕਾਨਫਰੰਸ ਲਈ ਇਸ ਸ਼ਹਿਰ ਦੀ ਚੋਣ ਦਾ ਕਾਰਨ ਇਥੋਂ ਦੀ ਪੁਰਾਤਨ ਸਭਿਅਤਾ, ਸਭ ਤੋਂ ਪੁਰਾਣੀ ਯੂਨੀਵਰਸਿਟੀ ਅਤੇ ਇਤਿਹਾਸਕ ਮਹਾਨਤਾ ਹੈ।

24 ਜੂਨ ਨੂੰ ਵਾਈਮਰ ਦੇ ਟਾਊਨ ਹਾਲ ਵਿਖੇ ਅੰਤਰਰਾਸਟਰੀ ਕਾਨਫਰੰਸ ਦਾ ਉਦਘਾਟਨ ਹੋਇਆ ਜਿਸ ਵਿਚ ਦੁਨੀਆਂ ਭਰ ਦੇ 40 ਦੇਸ਼ਾਂ ਦੇ ਵਿਗਿਆਨੀ ਭਾਗ ਲੈ ਰਹੇ ਸਨ। ਸਭ ਤੋਂ ਵੱਡਾ ਜੱਥਾ ਰੂਸੀ ਵਿਗਿਆਨੀਆਂ ਦਾ ਸ਼ਾਮਲ ਹੋਇਆ ਅਤੇ ਭਾਰਤ ਦੀ ਨੁਮਾਇੰਦਗੀ ਮੈਂ ਇੱਕਲਾ ਹੀ ਕਰ ਰਿਹਾ ਸਾਂ। ਇਹ ਕਾਨਫਰੰਸ ਪੰਜ ਸੌ ਸਾਲ ਪੁਰਾਣੀ ਜਰਮਨ ਯੂਨੀਵਰਸਿਟੀ ਦੀ ਛਤਰ ਛਾਇਆ ਹੇਠ ਹੋ ਰਹੀ ਸੀ ਜੋ ਜ਼ੇਨਾ ਸ਼ਹਿਰ ਵਿਚ ਫਰੈਡਰਿਕ ਸ਼ਿਲਰ ਦੇ ਨਾਮ ਉਪਰ ਕਾਇਮ ਹੋਈ। ਵਾਈਮਰ ਦੇ ਪੁਰਾਣੇ ਸ਼ਹਿਰ ਵਿਚ ਕਈ ਇਤਿਹਾਸਕ ਯਾਦਗਾਰਾਂ ਹਨ ਅਤੇ ਇਸ ਹਿੱਸੇ ਨੂੰ ਯਾਤਰੀਆਂ ਲਈ ਸੁਰੱਖਿਅਤ ਰੱਖਿਆ ਗਿਆ ਹੈ। ਜਦੋਂ ਤੋਂ ਪੂਰਬੀ ਅਤੇ ਪੱਛਮੀ ਜਰਮਨੀ ਇੱਕਠੇ ਹੋਏ ਹਨ ਵਾਈਮਰ ਦੀਆਂ ਯਾਦਗਾਰਾਂ ਨੂੰ ਕਰੋੜਾਂ ਮਾਰਕ ਖਰਚ ਕਰ ਕੇ ਮੁਢਲੀ ਹਾਲਤ ਵਿਚ ਮਿਊਜ਼ੀਅਮ ਵਾਂਗ ਰੱਖਣ  ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਹਿਰ ਦੇ ਇਸ ਹਿੱਸੇ ਵਿਚ ਕਾਰਾਂ ਅਤੇ ਹੋਰ ਵਾਹਨਾਂ ਉਪਰ ਪਾਬੰਦੀ ਹੈ। ਗੈਟੇ ਅਤੇ ਸ਼ਿਲਰ ਦੇ ਰਿਹਾਇਸ਼ੀ ਮਕਾਨ ਅਜਾਇਬ ਘਰ ਬਣਾਏ ਗਏ ਹਨ। ਯਾਹੂਦੀਆਂ ਦੇ ਸਾਈਨਾਗੋਗ ਅਤੇ ਰੋਮਨ ਕੈਥੋਲਿਕ ਚਰਚ ਇਸ ਸ਼ਹਿਰ ਵਿਚ ਹੋਈ ਧਾਰਮਿਕ ਤਬਦੀਲੀ ਦੀ ਤਸਵੀਰ ਪੇਸ਼ ਕਰਦੇ ਹਨ। ਜਰਮਨੀ ਦੀ ਵਸੋਂ ਪਰੋਟੈਸਟੈਂਟ ਚਰਚ ਨੂੰ ਮੰਨਦੀ ਹੈ। ਜਦੋਂ ਪੰਜਾਬ ਵਿਚ ਗੁਰੂ ਨਾਨਕ ਦੇਵ ਬ੍ਰਾਹਮਣੀ ਕਦਰਾਂ ਕੀਮਤਾਂ ਦੇ ਵਿਰੋਧ ਵਿਚ ਸਿੱਖ ਧਰਮ ਦੀ ਨੀਂਹ ਰੱਖ ਰਹੇ ਸਨ ਤਾਂ ਜਰਮਨੀ ਵਿਚ ਮਾਰਟਿਨ ਲੂਥਰ ਰੋਮਨ ਚਰਚ ਦੇ ਵਿਰੁੱਧ ਜਹਾਦ ਕਰ ਕੇ ਪਰੋਟੈਸਟੈਂਟ ਮੱਤ ਦਾ ਈਸਾਈ ਫਿਰਕਾ ਕਾਇਮ ਕਰ ਰਿਹਾ ਸੀ।

26 ਜੂਨ ਨੂੰ ਵਾਰਟਬੁਰਗ ਦੇ ਮਹੱਲ ਦੀ ਯਾਤਰਾ ਦਾ ਪ੍ਰੋਗਰਾਮ ਉਲੀਕਿਆ ਗਿਆ। ਸਾਰੇ ਡੈਲੀਗੇਟ ਬੱਸਾਂ ਤੇ ਸਵਾਰ ਹੋ ਕੇ ਈਜ਼ਨੈਕ ਦੇ ਕਸਬੇ ਵੱਲ ਰਵਾਨਾ ਹੋਏ। ਰਸਤੇ ਵਿਚ ਐਰਫੁਰਟ ਦਾ ਪੁਰਾਤਨ ਸ਼ਹਿਰ ਵੀ ਆਇਆ। ਜਰਨੈਲੀ ਸੜਕ ਖਰਾਬ ਹੋਣ ਕਾਰਨ ਸਾਡੀ ਬੱਸ ਪਿੰਡਾਂ ਦੀਆਂ ਲਿੰਕ ਸੜਕਾਂ ਰਸਤੇ ਗਈ ਜਿਸ ਕਾਰਨ ਜਰਮਨੀ ਦੇ ਪਿੰਡਾਂ ਦਾ ਆਹਲਾ ਮਿਆਰ ਵੇਖਣ ‘ਚ ਆਇਆ। ਪੂਰਬੀ ਜਰਮਨੀ ਵਿਚ ਖੇਤੀਬਾੜੀ ਰੂਸ ਵਾਂਗ ਵੱਡੇ ਫਾਰਮਾਂ ਹੇਠ ਕੀਤੀ ਜਾਂਦੀ ਹੈ। ਕਣਕ ਦੇ ਲਹਿਲਹਾਂਦੇ ਖੇਤਾਂ ਵਿੱਚੋਂ ਸਾਡੀ ਬੱਸ ਗੁਜ਼ਰ ਰਹੀ ਸੀ। ਸਾਰੀ ਖੇਤੀ ਕੁਦਰਤੀ ਬਾਰਸ਼ ਉਪਰ ਆਧਾਰਿਤ ਹੈ ਅਤੇ ਸਿੰਚਾਈ ਦਾ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਹੈ। ਸਗੋਂ ਉਚੀ ਨੀਵੀਂ ਧਰਤੀ ਸਮੁੰਦਰੀ ਲਹਿਰਾਂ ਵਾਂਗ ਨਜ਼ਰ ਆਉਂਦੀ ਹੈ। ਧਰਾਤਲ ਦਾ ਇਹ ਨਜ਼ਾਰਾ ਦਿਲ ਨੂੰ ਮੋਹ ਲੈਂਦਾ ਹੈ। ਈਜ਼ਨੈਕ ਕਸਬੇ ਤੋਂ ਪਹਾੜੀ ਸਫਰ ਸ਼ੁਰੂ ਹੋ ਗਿਆ। ਵਾਰਟਬੁਰਗ ਦਾ ਮਹੱਲ ਇਕ ਪਹਾੜੀ ਦੀ ਚੋਟੀ ਉਪਰ ਤਾਮੀਰ ਕੀਤਾ ਗਿਆ ਹੈ। ਯਾਤਰੀਆਂ ਨੂੰ ਮਹੱਲ ਤਕ ਪਹੁੰਚਣ ਲਈ 300 ਪਉੜੀਆਂ ਦੇ ਰਸਤੇ ਉਪਰ ਚੜ੍ਹਨਾ ਪੈਂਦਾ ਹੈ। ਜਿਉਂ ਜਿਉਂ ਉਪਰ ਮਹੱਲ ਨਜ਼ਰ ਆਉਂਦਾ ਹੈ ਪਹਾੜੀ ਹੇਠਲਾ ਨਜ਼ਾਰਾ ਵੀ ਵਧੇਰੇ ਪ੍ਰਭਾਵਸ਼ਾਲੀ ਹੋ ਜਾਂਦਾ ਹੈ। ਕਾਨਫਰੰਸ ਡੈਲੀਗੇਟਾਂ ਲਈ ਮਹੱਲ ਦੀ ਯਾਤਰਾ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ ਅਤੇ ਹਰ ਭਾਸ਼ਾ ਵਿਚ ਇਸ ਦੇ ਇਤਿਹਾਸ ਸਬੰਧੀ ਵੇਰਵਾ ਕੈਸਟ ਵਿਚ ਰੀਕਾਰਡ ਕਰ ਕੇ ਦਿਤਾ ਗਿਆ ਸੀ। ਪਹਾੜੀ ਉਪਰ ਹਲਕੀ ਬਾਰਸ਼ ਪੈ ਰਹੀ ਸੀ ਪ੍ਰੰਤੂ ਫਿਰ ਵੀ ਯਾਤਰੀਆਂ ਦੇ ਝੁੰਡ ਮਹੱਲ ਅੰਦਰ ਦਾਖਲ ਹੋਣ ਲਈ ਬੜੀ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੇ ਸਨ। ਸਾਡੇ ਗਰੁੱਪ ਨਾਲ ਇਕ ਗਾਈਡ ਵੀ ਸੀ ਜੋ ਤਿੰਨ ਚਾਰ ਯੂਰਪੀਨ ਭਾਸ਼ਾਵਾਂ ਬੋਲ ਲੈਂਦਾ ਸੀ। ਮਹੱਲ ਦੇ ਹਰ ਕਮਰੇ ਦਾ ਆਪਣਾ ਹੀ ਇਤਿਹਾਸ ਹੈ ਅਤੇ ਗਾਈਡ ਖੂਬ ਮਸਾਲੇ ਲਗਾ ਕੇ ਇਸ ਦਾ ਬਿਆਨ ਕਰ ਰਿਹਾ ਸੀ।

ਵਾਰਟਬੁਰਗ ਦਾ ਮਹੱਲ 1170 ਈਸਵੀ ਵਿਚ ਇਕ ਜਰਮਨ ਕਾਊਂਟ (ਸ਼ਹਿਜ਼ਾਦਾ) ਲੁਡਵਿਗ ਨੇ ਤਾਮੀਰ ਕਰਵਾਇਆ। ਦੱਸਿਆ ਜਾਂਦਾ ਹੈ ਕਿ ਸ਼ਹਿਜਾਦਾ ਇਕ ਬਾਰਾਂ ਸਿੰਗੇ ਹਰਨ ਦੇ ਮਗਰ ਸ਼ਿਕਾਰ ਖਾਤਰ ਘੋੜੇ ‘ਤੇ ਸਵਾਰ ਹੋ ਕੇ ਇਸ ਪਹਾੜੀ ਦੀ ਚੋਟੀ ‘ਤੇ ਪਹੁੰਚਿਆ ਤਾਂ ਇਥੋਂ ਦੇ ਮਨਮੋਹਕ ਨਜ਼ਾਰੇ ਨੂੰ ਦੇਖ ਕੇ ਦੰਗ ਰਹਿ ਗਿਆ। ਇਹ ਪਹਾੜੀ ਉਸ ਦੇ ਰਾਜ ਤੋਂ ਬਾਹਰ ਸੀ, ਸੋ ਇਸ ਉਪਰ ਅਧਿਕਾਰ ਜਮਾਉਣ ਖਾਤਰ ਉਸ ਨੂੰ ਕਈ ਵਲ-ਛਲ ਕਰਨੇ ਪਏ। ਪਹਾੜੀ ਦੀ ਸਿਖਰ ‘ਤੇ ਇਕ ਵੱਡੀ ਚਟਾਨ ਉਪਰ ਸ਼ਹਿਜ਼ਾਦੇ ਨੇ ਆਪਣਾ ਮਹੱਲ ਉਸਾਰਿਆ। 1211 ਈ. ਵਿਚ ਹੰਗਰੀ ਦੀ ਸ਼ਹਿਜ਼ਾਦੀ ਐਲਜ਼ਬੈਥ ਇਸ ਮਹੱਲ ਵਿਚ ਲਿਆਂਦੀ ਗਈ ਜੋ ਉਸ ਸਮੇਂ ਚਾਰ ਸਾਲ ਦੀ ਬੱਚੀ ਸੀ। ਲੁਡਵਿਗ ਨੇ 1221 ਈ. ਵਿਚ ਚੌਦਾ ਸਾਲ ਦੀ ਸ਼ਹਿਜ਼ਾਦੀ ਐਲਜ਼ਬੈਥ ਨਾਲ ਸ਼ਾਦੀ

ਕਰ ਲਈ। ਐਲਜ਼ਬੈਥ ਬਚਪਨ ਤੋਂ ਹੀ ਧਾਰਮਿਕ ਰੁਚੀ ਰੱਖਦੀ ਸੀ ਅਤੇ ਵਧੇਰਾ ਸਮਾਂ ਬੰਦਗੀ ਵਿਚ ਗੁਜ਼ਾਰਦੀ। ਉਹ ਗਰੀਬਾਂ ਦੀ ਹਮਦਰਦ ਸੀ ਅਤੇ ਇਲਾਕੇ ਦੇ ਰੋਗੀਆਂ ਦਾ ਇਲਾਜ ਕਰ ਕੇ ਪ੍ਰਸੰਨ ਹੁੰਦੀ। ਉਸ ਦੇ ਜੀਵਨ ਵਿਚ ਬਾਈਬਲ ਦਾ ਉਪਦੇਸ਼ ਘਰ ਕਰ ਚੁੱਕਾ ਸੀ। ਸ਼ਾਹੀ ਮਹੱਲ ਵਿਚ ਰਹਿੰਦੀ ਵੀ ਉਹ ਦਿਲ ਦੀ ਫਕੀਰਨੀ ਸੀ। ਲੁਡਵਿਗ ਨੂੰ ਆਪਣੀ ਬੇਗਮ ਦੀਆਂ ਇਹ ਹਰਕਤਾਂ ਪਸੰਦ ਨਹੀਂ ਸਨ ਅਤੇ ਉਹ ਉਸ ਨੂੰ ਕੋਸਦਾ ਰਹਿੰਦਾ। ਉਹ ਨਹੀਂ ਸੀ ਚਾਹੁੰਦਾ ਕਿ ਉਸ ਦੇ ਸ਼ਾਹੀ ਮਹੱਲ ਵਿਚ ਰੋਗੀਆਂ ਦੀ ਸਰਾਂ ਬਣ ਜਾਵੇ। ਇਕ ਦਿਨ ਜਦੋਂ ਲੁਡਵਿਗ ਉਸ ਨੂੰ ਕੋਸ ਰਿਹਾ ਸੀ ਤਾਂ ਵੇਖਦਾ ਹੈ ਕਿ ਰੋਗੀਆਂ ਦੀ ਜਗਾਹ ਉਸ ਨੂੰ ਗੁਲਾਬ ਦੇ ਫੁੱਲ ਨਜ਼ਰ ਆ ਰਹੇ ਹਨ। ਇਲਾਕੇ ਵਿਚ ਐਲਜ਼ਬੈਥ ਦੀਆਂ ਕਰਾਮਾਤਾਂ ਦੀ ਧੁੰਮ ਪੈ ਚੁੱਕੀ ਸੀ ਪਰ ਉਸ ਦਾ ਪਤੀ ਆਪਣੀ ਹੈਂਕੜ ਵਿਚ ਉਸ ਨੂੰ ਹੋਰ ਵੀ ਘਿਰਣਾ ਕਰਨ ਲੱਗਾ। 1227 ਈ. ਵਿਚ ਲੁਡਵਿਗ ਨੇ ਐਲਜ਼ਬੈਥ ਨੂੰ ਤਲਾਕ ਦੇ ਦਿੱਤਾ ਅਤੇ ਉਹ ਵਾਰਟਬੁਰਗ ਦੇ ਸ਼ਾਹੀ ਮਹੱਲ ਨੂੰ ਛੱਡ ਕੇ ਮਾਰਬੁਰਗ ਦੇ ਕਸਬੇ ਵਿਚ ਰਹਿਣ ਲਗ ਪਈ। ਐਲਜ਼ਬੈਥ ਦੇ ਤਿੰਨ ਬੱਚੇ ਸਨ। ਵੀਹ ਸਾਲ ਦੀ ਜਵਾਨ ਸ਼ਹਿਜ਼ਾਦੀ ਮਾਰਬੁਰਗ ਵਿਚ ਰੋਗੀਆਂ ਦੇ ਇਲਾਜ ਲਈ ਦਿਨ ਰਾਤ ਜੁਟ ਗਈ। ਜੋ ਕੰਮ ਮਦਰ ਟਰੇਸਾ ਭਾਰਤ ਵਿਚ ਅੱਜ ਕਰ ਰਹੀ ਹੈ ਇਸ ਦੀ ਪਿਰਤ ਐਲਜ਼ਬੈਥ ਨੇ ਤੇਰ੍ਹਵੀਂ ਸਦੀ ਵਿਚ ਪਾ ਦਿੱਤੀ ਸੀ। ਯੂਰਪ ਭਰ ਵਿਚ ਐਲਜ਼ਬੈਥ ਦਾ ਨਾਂ ਮਸ਼ਹੂਰ ਹੋ ਗਿਆ ਅਤੇ ਉਸ ਦੇ ਹਸਪਤਾਲ ਵਿਚ ਦੂਰੋਂ ਦੂਰੋਂ ਲੋਕ ਆਪਣੇ ਸਰੀਰਕ ਅਤੇ ਮਾਨਸਿਕ ਰੋਗਾਂ ਦੇ ਇਲਾਜ ਵਾਸਤੇ ਪਹੁੰਚਦੇ। 24 ਸਾਲ ਦੀ ਭਰ ਜਵਾਨੀ ਵਿਚ ਹੀ ਐਲਜ਼ਬੈਥ ਚਲਾਣਾ ਕਰ ਗਈ ਪ੍ਰੰਤੂ ਉਸ ਦੇ ਮਿਸ਼ਨ ਦੀਆਂ ਧੁੰਮਾਂ ਰੋਮ ਦੇ ਪੋਪ ਤਕ ਵੀ ਪਹੁੰਚੀਆਂ। 1235 ਈ. ਵਿਚ ਪੋਪ ਨੇ ਇਕ ਵਿਸ਼ੇਸ਼ ਸਮਾਗਮ ਬੁਲਾ ਕੇ ਐਲਜ਼ਬੈਥ ਦੀਆਂ ਅਸਤੀਆਂ ਨੂੰ ਰੋਮ ਦੇ ਗਿਰਜਾ ਘਰ ਵਿਚ ਲਿਆਂਦਾ ਅਤੇ ਉਸ ਨੂੰ ਈਸਾਈ ਧਰਮ ਵਿਚ ਸੇਂਟ(ਸੰਤ) ਦੀ ਪਦਵੀ ਦੇ ਕੇ ਸਨਮਾਨਿਤ ਕੀਤਾ।

ਵਾਰਟਬੁਰਗ ਦੇ ਕਿਲਾਨੁਮਾ ਮਹੱਲ ਵਿੱਚ ਕਈ ਖਾਨਦਾਨ ਰਾਜ ਕਰਦੇ ਰਹੇ। ਜਦੋਂ ਮਾਰਟਿਨ ਲੂਥਰ ਨੂੰ ਰੋਮ ਦੇ ਪੋਪ ਨੇ ਧਰਮ ਤੋਂ ਖਾਰਜ ਕਰਕੇ ਮੌਤ ਦੀ ਸਜ਼ਾ ਦਿੱਤੀ ਤਾਂ ਉਹ ਵਾਰਟਬੁਰਗ ਦੇ ਸ਼ਹਿਜ਼ਾਦੇ ਦੀ ਸ਼ਰਨ ਵਿਚ ਆ ਗਿਆ ਅਤੇ ਦਸ ਮਹੀਨੇ ਮਹੱਲ ਦੇ ਇਕ ਕਮਰੇ ਵਿਚ ਲੁਕਿਆ ਰਿਹਾ। ਇਸ ਸਮੇਂ ਦੌਰਾਨ ਹੀ ਉਸ ਨੇ ਬਾਈਬਲ ਦਾ ਜਰਮਨ ਭਾਸ਼ਾ ਵਿਚ ਉਲਥਾ ਕੀਤਾ ਅਤੇ ਬਾਈਬਲ ਉਪਰ ਆਪਣਾ ਟੀਕਾ ਤਿਆਰ ਕੀਤਾ। ਮਾਰਟਿਨ ਲੂਥਰ ਦੀਆਂ ਮਹਾਨ ਲਿਖਤਾਂ ਦੇ ਖਰੜੇ ਮਹੱਲ ਦੇ ਅਜਾਇਬ ਘਰ ਵਿਚ ਰੱਖੇ ਹੋਏ ਹਨ।1777 ਈ. ਵਿਚ ਜਰਮਨ ਦੇ ਸਿਰਤਾਜ ਕਵੀ ਗੈਟੇ ਵੀ ਇਸ ਮਹੱਲ ਵਿਚ ਆ ਕੇ ਰਹੇ। ਉਸ ਸਮੇਂ ਗੈਟੇ ਵਾਈਮਰ ਰਿਆਸਤ ਦਾ ਪ੍ਰਧਾਨ ਮੰਤਰੀ ਵੀ ਸੀ। ਉਨ੍ਹਾਂ ਦੀ ਦੇਖ-ਰੇਖ ਵਿਚ ਅਜਾਇਬ ਘਰ ਦੀ ਯੋਜਨਾ ਬਣਾਈ ਗਈ ਤਾਂ ਕਿ ਜਰਮਨ ਕੌਮ ਦੀ ਇਸ ਇਤਿਹਾਸਕ ਵਿਰਾਸਤ ਨੂੰ ਦੁਨੀਆਂ ਭਰ ਲਈ ਸਾਂਭ ਕੇ ਰੱਖਿਆ ਜਾ ਸਕੇ। ਦੂਸਰੀ ਵਿਸ਼ਵ ਜੰਗ ਤੋਂ ਬਾਅਦ ਮਹੱਲ ਨੂੰ ਮੁੜ ਤਾਮੀਰ ਕਰਵਾਇਆ ਗਿਆ ਹੈ। ਪਿਛਲੇ ਚਾਲੀ ਸਾਲਾਂ ਵਿਚ ਢਾਈ ਕਰੋੜ ਯਾਤਰੀ ਮਹੱਲ ਨੂੰ ਵੇਖਣ ਆਏ ਹਨ। ਅਸੀਂ ਵੀ ਸ਼ਾਮ ਨੂੰ ਆਪਣੇ ਕਾਫਲੇ ਸਮੇਤ ਵਾਰਟਬੁਰਗ ਦੇ ਅਲੌਕਿਕ ਮਹੱਲ ਨੂੰ ਅਲਵਿਦਾ ਕਹਿ ਦੇ ਵਾਈਮਰ ਆਪਣੇ ਟਿਕਾਣੇ ਵੱਲ ਪਰਤ ਆਏ, ਪ੍ਰੰਤੂ ਦੋ ਮਹਾਨ 'ਸੰਤਾਂ' ਦੀ ਯਾਦ ਸਾਡੀ ਸਿਮਰਤੀ ਦਾ ਹਿੱਸਾ ਬਣ ਗਈ।

## ਪੈਰਿਸ ਦਾ ਸਰਕਾਰੀ ਚੱਕਰ

22 ਮਈ 1993 ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ 23 ਤਰੀਕ ਦਿੱਲੀ ਤੋਂ ਏਅਰ ਇੰਡੀਆ ਦੇ ਜੰਬੋ-ਜੈਟ ਦੀ ਉਡਾਨ ਨੇ ਨੌਂ ਘੰਟੇ ਦੇ ਸਫਰ ਬਾਅਦ ਪੈਰਿਸ ਦੇ ਹਵਾਈ ਅੱਡੇ ਤੇ ਜਾ ਉਤਾਰਿਆ। ਭਾਵੇਂ ਇਹ ਮੇਰਾ ਪੰਜਵਾਂ ਚੱਕਰ ਸੀ ਪਰੰਤੂ ਫਿਰ ਵੀ ਠੀਕ ਟਿਕਾਣੇ ਪਹੁੰਚਣ ਦਾ ਧੁੜਕੂ ਲਗਾ ਹੋਇਆ ਸੀ। ਚੱਲਣ ਤੋਂ ਪਹਿਲਾਂ ਮੈਂ ਫੈਕਸ ਰਾਹੀਂ ਆਪਣੀ ਉਡਾਨ ਦਾ ਵੇਰਵਾ ਵੀ ਭੇਜ ਦਿਤਾ ਸੀ। ਜਦੋਂ ਮੈਂ ਆਪਣਾ ਸਮਾਨ ਲੈ ਕੇ ਬਾਹਰ ਨਿਕਲ ਰਿਹਾ ਸਾਂ ਤਾਂ ਮੇਰੀ ਨਿਗਾਹ ਇਕ ਔਰਤ ਵੱਲ ਗਈ ਜੋ ਮੇਰੇ ਨਾਮ ਦੀ ਤਖਤੀ ਫੜੀ ਖੜੋਤੀ ਸੀ। ਆਪਣਾ ਨਾਮ ਪੜ੍ਹ ਕੇ ਮੈਂ ਉਸ ਔਰਤ ਨੂੰ ਆਪਣੀ ਜਾਣ ਪਹਿਚਾਣ ਕਰਵਾਈ ਅਤੇ ਉਸਨੇ ਮੇਰੇ ਸਮਾਨ ਦੀ ਰੇੜੀ ਨੂੰ ਆਪਣੇ ਹੱਥ ਵਿਚ ਲੈ ਲਿਆ। ਉਸਨੇ ਦੱਸਿਆ ਕਿ ਫਰਾਂਸ ਸਰਕਾਰ ਦੇ ਵਿਗਿਆਨਕ ਖੋਜ ਦੇ ਵਿਭਾਗ ਵਲੋਂ ਉਸ ਦੀ ਡਿਊਟੀ ਲਗਾਈ ਗਈ ਹੈ ਕਿ ਮੇਰੀ ਦੇਖ ਰੇਖ ਵਿਚ ਕੋਈ ਕਸਰ ਨਾ ਰਹਿ ਜਾਵੇ। ਅਜੇ ਅਸੀਂ ਦੋ ਕਦਮ ਹੀ ਚਲੇ ਹੋਵਾਂਗੇ ਕਿ ਮੇਰੇ ਮੋਢੇ ਤੇ ਇਕ ਸੁੰਦਰ ਮੁਟਿਆਰ ਨੇ ਆ ਹੱਥ ਧਰਿਆ। ਉਸ ਆਪਣਾ ਨਾਮ ਅਰੁਣਾ ਸਿੰਘ ਦੱਸਿਆ ਅਤੇ ਕਹਿਣ ਲੱਗੀ ਕਿ ਉਹ ਮੇਰੇ ਦੋਸਤ ਨਰੇਸ਼ ਸਿੰਘ ਦੀ ਧੀ ਹੈ। ਉਸ ਨੇ ਅਵਾਜ ਮਾਰ ਕੇ ਆਪਣੇ ਪਿਤਾ ਨੂੰ ਵੀ ਬੁਲਾ ਲਿਆ। ਨਰੇਸ਼ ਨੇ ਆ ਕੇ ਗਲਵਕੜੀ ਪਾਈ ਅਤੇ ਮੇਰਾ ਹਾਲ ਚਾਲ ਪੁੱਛਿਆ। ਉਸ ਨੇ ਮੈਨੂੰ ਲੈਣ ਆਈ ਔਰਤ ਨਾਲ ਗੱਲ ਬਾਤ ਕਰਕੇ ਮੇਰੀ ਰਹਾਇਸ਼ ਦੇ ਟਿਕਾਣੇ ਦਾ ਪਤਾ ਲਗਾਇਆ ਅਤੇ ਮੈਨੂੰ ਕਿਹਾ ਕਿ ਤੂੰ ਇਸ ਔਰਤ ਦੀ ਅਗਵਾਈ ਹੇਠ ਪੈਰਿਸ ਪਹੁੰਚ, ਮੈਂ ਵੀ ਮਗਰੇ ਮਗਰੇ ਕਾਰ ਤੇ ਆ ਪਹੁੰਚਦਾ ਹਾਂ।

ਕੋਈ ਪੌਣੇ ਘੰਟੇ ਦੇ ਸਫਰ ਬਾਅਦ ਅਸੀਂ ਆਪਣੇ ਟਿਕਾਣੇ ਤੇ ਪਹੁੰਚ ਗਏ। ਇਹ ਵਿਦੇਸ਼ਾਂ ਤੋਂ ਆਉਣ ਵਾਲੇ ਵਿਗਿਆਨੀਆਂ ਲਈ ਗੈਸਟ ਹਾਊਸ ਸੀ। ਫਰਾਂਸੀਸੀ ਮੈਡਮ ਨੇ ਮੇਰਾ ਪਾਸਪੋਰਟ ਲੈ ਕੇ ਰਜਿਸਟਰ ਵਿਚ ਨਾਮ ਦਾਖਲ ਕਰ ਲਿਆ ਅਤੇ ਕਮਰੇ ਦੀ ਚਾਬੀ ਮੇਰੇ ਹਵਾਲੇ ਕਰ ਦਿੱਤੀ। ਉਹ ਜਾਣ ਲੱਗਿਆ ਪੰਜ ਸੌ ਫਰੈਂਕ ਦਾ ਨੋਟ ਅਤੇ ਰੋਟੀ ਖਾਣ ਲਈ ਰੈਸਤੋਰਾਂ ਦੀਆਂ ਦੋ ਟਿਕਟਾਂ ਵੀ ਦੇ ਗਈ ਅਤੇ ਆਪਣੇ ਦਫਤਰ ਦਾ ਪਤਾ ਦੇ ਕੇ ਅਗਲੀ ਸਵੇਰ ਨੌ ਵਜੇ ਮਿਲਣ ਲਈ ਕਹਿ ਗਈ। ਇੰਨੇ ਚਿਰ ਵਿਚ ਨਰੇਸ਼ ਵੀ ਆ ਰਲਿਆ। ਉਸ ਨੇ ਮੇਰਾ ਸਮਾਨ ਫੜ ਕੇ ਕਮਰੇ ਵਿਚ ਟਿਕਾ ਦਿਤਾ ਅਤੇ ਮੈਨੂੰ ਆਪਣੀ ਕਾਰ ਵਿਚ ਬਿਠਾ ਆਪਣੇ ਘਰ ਵੱਲ ਰਵਾਨਾ ਹੋ ਪਿਆ। ਰਸਤੇ ਵਿਚ ਕੁਝ ਪੁਰਾਣੇ ਦਿਸਹੱਦੇ ਨਜ਼ਰੀਂ ਪਏ ਜੋ ਪੈਰਿਸ ਨਾਲ ਮੇਰੀ ਪੁਰਾਣੀ ਜਾਣ ਪਹਿਚਾਣ ਦੇ ਮੁਥਾਜ ਹਨ।

ਮੈਂ ਨਰੇਸ਼ ਨੂੰ 1970 ਦੀ ਪੈਰਿਸ ਪਹੁੰਚਣ ਦੀ ਵਾਰਤਾ ਸੁਣਾਈ। ਇਹ ਮੇਰਾ ਵਿਦੇਸ਼ ਦਾ ਪਹਿਲਾ ਚੱਕਰ ਸੀ। ਜਦੋਂ ਜਹਾਜ ਓਰਲੀ ਏਅਰਪੋਰਟ ਤੇ ਉਤਰਿਆ ਤਾਂ ਸਾਨੂੰ ਆਪਣਾ ਸਮਾਨ ਲੱਭਣ ‘ਚ ਕਾਫੀ ਪਰੇਸ਼ਾਨੀ ਪੇਸ਼ ਆਈ। ਓਰਲੀ ਏਅਰਪੋਰਟ ਤੇ ਉਦੋਂ ਵੀ ਸਵੈ-ਚਾਲਕ ਪੌੜੀਆਂ ਸਨ ਅਤੇ ਮੈਂ ਡਰ ਡਰ ਕੇ ਇਨ੍ਹਾਂ ਉਪਰ ਪੈਰ ਧਰਦਾ ਸਾਂ। ਬਲਕਿ ਜਦੋਂ ਚੱਲ ਰਹੇ ਪਟੇ ਤੋਂ ਉਤਰਨ ਲੱਗਿਆ ਤਾਂ ਠੇਡਾ ਖਾ ਕੇ ਡਿਗ ਹੀ ਪਿਆ। ਦਿੱਲੀ ਦੇ ਪਾਲਮ ਏਅਰਪੋਰਟ ਦੇ ਮੁਕਾਬਲੇ ਇਹ ਹਵਾਈ ਅੱਡਾ ਕਿਤੇ ਸੁੰਦਰ ਸੀ। ਉਨ੍ਹਾਂ ਦਿਨਾਂ ਵਿਚ ਸੁਰੱਖਿਆ ਪ੍ਰਬੰਧ ਢਿੱਲੇ ਸਨ ਅਤੇ ਥੋੜੀ ਹਿੰਮਤ ਕਰਕੇ ਚੜ੍ਹਾਉਣ ਆਏ ਸਾਥੀ ਜਹਾਜ ਦੀਆਂ ਪੌੜੀਆਂ ਤੱਕ ਵਿਦਾ ਕਰਨ ਆ ਜਾਇਆ ਕਰਦੇ ਸਨ। ਮੈਟਲ ਡੀਟੈਕਟਰ ਨਾਂ ਦੀ ਕੋਈ ਬਲਾ ਨਹੀਂ ਸੀ ਹੁੰਦੀ। ਜੋ ਜੀਅ ਕਰੇ ਲੈ ਕੇ ਜਹਾਜ਼ ਤੇ ਸਵਾਰ ਹੋ ਜਾਵੋ ਜਿਵੇਂ ਗੱਡੀ ਜਾਂ ਬੱਸ ਤੇ ਸਵਾਰ ਹੋ ਜਾਈਦਾ ਹੈ। 1970 ਵਿਚ ਸਾਨੂੰ ਪੈਰਿਸ ਦੇ ਹਵਾਈ ਅੱਡੇ ਤੇ ਕੋਈ ਵੀ ਲੈਣ ਨਾ ਆਇਆ। ਅਸੀਂ ਆਪਣਾ ਸਮਾਨ ਚੁੱਕ ਕੇ ਬਾਹਰ ਸੜਕ ਤੇ ਆ ਗਏ। ਕੁਦਰਤੀ ਇਕ ਬੱਸ ਸਾਰੀ ਅਫਰੀਕਨ ਕਾਲਿਆਂ ਦੀ ਭਰੀ ਹੋਈ ਪੈਰਿਸ ਸ਼ਹਿਰ ਵੱਲ ਜਾ ਰਹੀ ਸੀ। ਮੈਂ ਆਪਣੇ ਸਾਥੀ ਰਮੇਸ਼ ਨੂੰ ਲੈ ਕੇ ਇਸ ਬੱਸ ਵਿਚ ਸਵਾਰ ਹੋ ਗਿਆ। ਸਾਨੂੰ ਕੋਈ ਪਤਾ ਨਹੀਂ ਸੀ ਕਿ ਬੱਸ ਕਿਥੇ ਪਹੁੰਚੇਗੀ ਅਤੇ ਨਾ ਹੀ ਸਾਨੂੰ ਕਿਸੇ ਨੇ ਪੁੱਛਿਆ ਕਿ ਤੁਸੀਂ ਕਿਧਰ ਜਾਣਾ ਹੈ। ਜਦੋਂ ਬੱਸ ਆ ਕੇ ਰੁਕੀ ਤਾਂ ਅਸੀਂ ਵੀ ਅਫਰੀਕਨਾਂ ਦੇ ਨਾਲ ਹੀ ਉਤਰ ਗਏ। ਰਾਤ ਦਾ ਟਿਕਾਣਾ ਵੀ ਉਨ੍ਹਾਂ ਦੇ ਨਾਲ ਹੀ ਕੀਤਾ। ਕਿਤੇ ਅਗਲੀ ਸਵੇਰ ਜਾ ਕੇ ਆਪਣਾ ਸਹੀ ਟਿਕਾਣਾ ਲੱਭਿਆ ਅਤੇ ਇੰਡੀਅਨ ਹੋਸਟਲ ਦੀ ਖਬਰ ਮਿਲੀ। ਦਰਅਸਲ, ਇਹ ਗੈਸਟ ਹਾਊਸ ਉਹੀ ਥਾਂ ਹੈ ਜਿਥੇ ਅਸੀਂ 1970 ਵਿਚ ਪਹਿਲੀ ਵਾਰ ਭੁਲੇਖੇ ਨਾਲ ਹੀ ਆ ਪਹੁੰਚੇ ਸਾਂ। ਫਰਕ ਕੇਵਲ ਇਹ ਪਿਆ ਹੈ ਕਿ ਹੁਣ ਮੈਂ ਫਰਾਂਸੀਸੀ ਸਰਕਾਰ ਦਾ ਮਹਿਮਾਨ ਬਣ ਕੇ ਆਇਆ ਹਾਂ ਅਤੇ ਉਦੋਂ ਇਕ ਵਿਦਿਆਰਥੀ ਦੇ ਰੂਪ ਵਿਚ। ਭਾਵੇਂ ਇਨ੍ਹਾਂ ਪੁਰਾਣੀ ਇਮਾਰਤ ਢਾਹ ਕੇ ਨਵੀਂ ਉਸਾਰ ਲਈ ਹੈ ਪਰੰਤੂ ਇਸ ਜਗਹ ਨਾਲ ਮੇਰੀਆਂ ਅਭੁੱਲ ਯਾਦਾਂ ਜੁੜੀਆਂ ਹਨ।

ਨਰੇਸ਼ ਨਾਲ ਪਹਿਲੀ ਮੁਲਾਕਾਤ ਵੀ 1970 ਵਿਚ ਪੈਰਿਸ ਵਿਖੇ ਹੋਈ। ਇਕ ਦਿਨ ਮੈਂ ਆਪਣਾ ਵਜ਼ੀਫਾ ਪ੍ਰਾਪਤ ਕਰਕੇ ਦਫਤਰ ਵਿਚੋਂ ਨਿਕਲ ਰਿਹਾ ਸਾਂ ਕਿ ਇਕ ਮੇਮ ਅਤੇ ਸਰਦਾਰ ਜੀ ਗਲੀ ਵਿਚੋਂ ਲੰਘ ਰਹੇ ਨਜ਼ਰੀਂ ਪਏ। ਮੇਮ ਨੇ ਉਚੇਚਾ ਅਵਾਜ਼ ਦੇ ਕੇ ਮੈਨੂੰ ਰੁਕਣ ਲਈ ਕਿਹਾ ਅਤੇ ਆਪਣਾ ਨਾਮ ਮਰੀਆਨ ਸਿੰਘ ਦੱਸ ਕੇ ਆਪਣੇ ਪਤੀ ਨਰੇਸ਼ ਸਿੰਘ ਨਾਲ ਜਾਣ ਪਹਿਚਾਣ ਕਰਵਾਈ। ਉਸ ਨੇ ਕਿਹਾ ਕਿ ਇਹ ਇਕੱਲਾ ਕਾਫੀ ਉਦਾਸ ਰਹਿੰਦਾ ਹੈ, ਚੰਗਾ ਹੋਵੇ ਜੇਕਰ ਕਦੇ ਕਦਾਈਂ ਮੈਂ ਉਸ ਨੂੰ ਮਿਲ ਕੇ ਗੁਫਤਗੂ ਕਰ ਲਵਾਂ। ਉਨ੍ਹਾਂ ਨੇ ਮੇਰਾ ਪਤਾ ਨੋਟ ਕਰ ਲਿਆ ਅਤੇ ਮਿਲਣ ਦਾ ਵਾਇਦਾ ਕਰਕੇ ਚਲਦੇ ਬਣੇ। ਪਗੜੀ ਵਾਲੇ ਇਹ ਪਹਿਲੇ ਸਿੱਖ ਸਨ ਜੋ ਮੇਰੇ ਵਾਕਫ ਬਣੇ ਅਤੇ ਸਾਡੀ ਜਾਣ ਪਹਿਚਾਣ ਦੋਸਤੀ ਦਾ ਰੂਪ ਧਾਰਨ ਕਰ ਗਈ ਜੋ ਅਜੇ ਤੱਕ ਨਿਭਦੀ ਜਾ ਰਹੀ ਹੈ। ਮਰੀਆਨ ਸਵੀਡਨ ਦੀ ਰਹਿਣ ਵਾਲੀ ਸੀ ਅਤੇ ਯੂਨੈਸਕੋ ਦੀ ਲਾਇਬ੍ਰੇਰੀ ਵਿਚ ਕੰਮ ਕਰਦੀ ਸੀ। ਨਰੇਸ਼ ਸਿੰਘ ਪਿਛੋਂ ਨੀਲੋਖੇੜੀ ਦੇ ਸਰਦਾਰ ਅਜਿੰਦਰ ਸਿੰਘ ਦਾ ਲੜਕਾ ਸੀ। ਇਹ ਕਿਤੇ ਦਿੱਲੀ ਵਿਚ ਮਿਲੇ ਅਤੇ ਸ਼ਾਦੀ ਕਰਵਾ ਕੇ ਪੈਰਿਸ ਪਹੁੰਚ ਗਏ ਜਿਥੇ ਮਰੀਆਨ ਨੌਕਰੀ ਕਰਦੀ ਸੀ। ਬਾਅਦ ਵਿਚ ਨਰੇਸ਼ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ ਅਤੇ ਸਾਡੀ ਮੁਲਾਕਾਤ ਅਕਸਰ ਹੋਣ ਲਗੀ। ਮੈਂ ਆਪਣੀ ਖੋਜ ਵਿਚ ਮਸਤ ਰਹਿੰਦਾ ਸਾਂ ਅਤੇ ਗਈ ਰਾਤ ਤੱਕ ਪ੍ਰਯੋਗਸ਼ਾਲਾ ਵਿਚ ਹੀ ਕੰਮ ਕਰਦਾ ਰਹਿੰਦਾ। ਕਦੇ ਕਦਾਈਂ ਜਿਸ ਦਿਨ ਵੇਲੇ ਸਿਰ ਵਿਹਲਾ ਹੋ ਜਾਂਦਾ ਤਾਂ ਨਰੇਸ਼ ਨਾਲ ਰੈਸਤੋਰਾਂ ਵਿਚ ਚਾਹ ਦਾ ਪਿਆਲਾ ਸਾਂਝਾ ਕਰਦਾ। ਨਰੇਸ਼ ਦੀਆਂ ਦੋਵੇਂ ਧੀਆਂ ਯੂਰਪ ਵਿਚ ਹੀ ਪੜ੍ਹ ਰਹੀਆਂ ਹਨ। ਅੰਮ੍ਰਿਤਾ ਸ਼ੇਰਗਿਲ ਵਾਂਗ ਇਹ ਪੰਜਾਬੀ ਕੁੜੀਆਂ ਹੁਸੀਨ ਹਨ, ਵੇਖੀਏ ਕੋਈ ਇਨ੍ਹਾਂ ਵਿਚੋਂ ਪੰਜਾਬ ਦਾ ਨਾਂ ਰੋਸ਼ਨ ਕਰ ਸਕੇ।

23 ਮਈ ਨੂੰ ਜਦੋਂ ਮੈਂ ਪੈਰਿਸ ਪਹੁੰਚਿਆ ਤਾਂ ਲੋਹੜੇ ਦੀ ਗਰਮੀ ਪੈ ਰਹੀ ਸੀ। ਨਰੇਸ਼ ਕਹਿਣ ਲਗਾ ਕਿ ਪੰਜਾਬ ਦੀ ਗਰਮੀ ਨਾਲ ਹੀ ਲੈ ਆਇਆ ਏਂ। ਇਥੇ ਤਾਂ ਦੋ ਦਿਨ ਪਹਿਲਾਂ ਬਹੁਤ ਠੰਡ ਪੈ ਰਹੀ ਸੀ। ਸਫਰ ਦੇ ਥਕੇਵੇਂ ਕਾਰਨ ਮੈਂ ਦੋ ਘੰਟੇ ਗੱਪ-ਛੱਪ ਮਾਰ ਕੇ ਆਪਣੇ ਗੈਸਟ ਹਾਊਸ ਪਰਤ ਆਇਆ। ਮੇਰੇ ਕਮਰੇ ਵਿਚ ਇਕ ਹੋਰ ਸਾਥੀ ਅਲਜ਼ੀਰੀਆ ਤੋਂ ਨਿਵਾਸ ਕਰ ਰਿਹਾ ਸੀ। ਫਰਾਂਸੀਸੀ ਭਾਸ਼ਾ ਦੇ ਗਿਆਨ ਕਾਰਨ ਮੈਂ ਉਸ ਨਾਲ ਗੱਲਬਾਤ ਕੀਤੀ। ਉਹ ਵੀ ਮੇਰੇ ਵਾਂਗ ਫਰਾਂਸ ਵਿਚ ਟ੍ਰੇਨਿੰਗ ਕਰਨ ਲਈ ਆਇਆ ਸੀ। ਰਾਤ ਦਾ ਡਿਨਰ ਇਥੇ ਚੰਗੀ ਧੁੱਪ ਰਹਿੰਦਿਆ ਹੀ ਖਾ ਲੈਂਦੇ ਹਨ। ਮਜਬੂਰਨ ਮੈਨੂੰ ਵੀ ਸੱਤ ਵਜੇ ਹੀ ਡਿਨਰ ਕਰਨਾ

ਪਿਆ ਅਤੇ ਜਲਦੀ ਹੀ ਮੈਂ ਸੌਂ ਗਿਆ। ਅਗਲੀ ਸਵੇਰ ਮੈਂ ਸਰਕਾਰੀ ਦਫਤਰ ਤੋਂ ਵਜ਼ੀਫਾ ਪ੍ਰਾਪਤ ਕਰਕੇ ਫਰਾਂਸ ਦੇ ਦੂਸਰੇ ਵੱਡੇ ਸ਼ਹਿਰ ਲੀਓਂ ਵੱਲ ਰਵਾਨਾ ਹੋ ਜਾਣਾ ਸੀ।

24 ਮਈ ਨੂੰ ਸਵੇਰੇ ਅੰਮ੍ਰਿਤ ਵੇਲੇ ਹੀ ਜਾਗ ਆ ਗਈ। ਸਰੀਰ ਦੀ ਘੜੀ ਅਜੇ ਭਾਰਤੀ ਸਮੇਂ ਮੁਤਾਬਕ ਹੀ ਚੱਲ ਰਹੀ ਸੀ। ਕੁਝ ਦਿਨਾਂ ਬਾਅਦ ਜਾ ਕੇ ਸਰੀਰਕ ਘੜੀ ਲੋਕਲ ਟਾਈਮ ਮੁਤਾਬਕ ਚੱਲਣੀ ਸ਼ੁਰੂ ਹੁੰਦੀ ਹੈ। ਮਨੁੱਖ ਦੀ ਆਪਣੇ ਆਪੇ ਨੂੰ ਢਾਲਣ ਦੀ ਸ਼ਕਤੀ ਵੀ ਕਮਾਲ ਦੀ ਹੈ। ਛੇ ਵਜੇ ਤੱਕ ਮੈਂ ਤਿਆਰ ਬਰ-ਤਿਆਰ ਹੋ ਗਿਆ ਪਰੰਤੂ ਸੈਰ ਕਰਨ ਲਈ ਇਥੇ ਕੋਈ ਜਗਹ ਹੈ ਨਹੀਂ ਸੀ, ਨਹੀਂ ਤਾਂ ਇਕ ਅੱਧ ਚੱਕਰ ਲਗਾ ਹੀ ਲੈਂਦਾ। ਵੈਸੇ ਵੀ ਲੋਕ ਪਗੜੀ ਵਾਲੇ ਨੂੰ ਵੇਖ ਕੇ ਤ੍ਰਹਿੰਦੇ ਹਨ। ਨਾਸ਼ਤਾ ਕਰਨ ਬਾਅਦ ਮੈਂ ਕਮਰਾ ਵੀ ਖਾਲੀ ਕਰਨਾ ਸੀ। ਸੋ ਹੌਲੀ ਹੌਲੀ ਸਾਢੇ ਅੱਠ ਵੱਜ ਗਏ। ਮੇਰੇ ਕਮਰੇ ਵਾਲਾ ਸਾਥੀ ਅੱਠ ਵਜੇ ਉਠਿਆ ਅਤੇ ਮੈਨੂੰ ਪਤਾ ਵੀ ਨਾ ਲਗਾ ਨਾਸ਼ਤਾ ਕਰਕੇ ਮੇਰੇ ਤੋਂ ਪਹਿਲਾਂ ਕਮਰਾ ਖਾਲੀ ਕਰਕੇ ਚਲਾ ਗਿਆ। ਇਥੇ ਲੋਕ ਪੰਦਰਾਂ ਮਿੰਟ ਵਿਚ ਤਿਆਰ ਹੋ ਕੇ ਦਫਤਰ ਵੱਲ ਰਵਾਨਾ ਹੋ ਪੈਂਦੇ ਹਨ। ਇਸ ਤਰ੍ਹਾਂ ਜਾਪਦਾ ਹੈ ਇਨ੍ਹਾਂ ਦੇ ਸਰੀਰ ਨੂੰ ਚਾਬੀ ਚੜ੍ਹੀ ਹੁੰਦੀ ਹੈ। ਸਿੰਘਾਂ ਦੀ ਤਿਆਰੀ ਤਾਂ ਵੈਸੇ ਵੀ ਘੰਟੇ ਤੋਂ ਜਿਆਦਾ ਸਮਾਂ ਮੰਗਦੀ ਹੈ। ਜੇਕਰ ਕੇਸੀ ਇਸ਼ਨਾਨ ਕਰਨਾ ਪੈ ਜਾਵੇ ਤਾਂ ਫਿਰ ਰੱਬ ਰਾਖਾ। ਮੈਂ ਹਰ ਦੇਸ਼ ਵਿਚ ਆਪਣੀਆਂ ਮੁਸ਼ਕਲਾਂ ਦਾ ਹੱਲ ਢੂੰਢ ਲੈਂਦਾ ਹਾਂ। ਸਿਰਫ ਪਗੜੀ ਨੂੰ ਮਾਇਆ ਲਗਾਣ ਦੀ ਸਮੱਸਿਆ ਅਜੇ ਤੱਕ ਹੱਲ ਨਹੀਂ ਹੋਈ। ਸ਼ਾਕਾਹਾਰੀ ਭੋਜਨ ਹਮੇਸ਼ਾਂ ਮਿਲ ਜਾਂਦਾ ਹੈ। ਬਲਕਿ ਹੁਣ ਤਾਂ ਯੂਰਪ ਵਿਚ ਵੀ ਸ਼ਾਕਾਹਾਰੀਆਂ ਦੀ ਗਿਣਤੀ ਚੋਖੀ ਹੋ ਗਈ ਹੈ। ਜਰਮਨੀ ਵਿਚ ਤਾਂ ਕਈ ਨਵੇਂ ਸ਼ਾਕਾਹਾਰੀ ਰੈਸਤੋਰਾਂ ਵੀ ਖੁੱਲ ਗਏ ਹਨ।

ਨੌ ਵਜੇ ਦੇ ਕਰੀਬ ਪੈਰਿਸ ਦੀ ਮੈਟਰੋ ਗੱਡੀ ਨੇ ਸਾਨੂੰ ਵਜ਼ੀਫੇ ਦੇ ਦਫਤਰ ਪੁਹੰਚਾ ਦਿਤਾ। ਹਰ ਦੋ ਮਿੰਟ ਦੇ ਵਕਫੇ ਬਾਅਦ ਮੈਟਰੋ ਗੱਡੀਆਂ ਚੱਲਦੀਆਂ ਰਹਿੰਦੀਆਂ ਹਨ ਅਤੇ ਦਫਤਰ ਦੇ ਸਮੇਂ ਤਾਂ ਇਹ ਖਚਾ ਖਚ ਭਰੀਆਂ ਹੁੰਦੀਆਂ ਹਨ ਪਰੰਤੂ ਮਜਾਲ ਹੈ ਕੋਈ ਧੱਕਾ ਮੁੱਕੀ ਕਰੇ। ਕੋਈ ਕਿਸੇ ਦੇ ਸਰੀਰ ਨੂੰ ਛੂੰਹਦਾ ਤੱਕ ਨਹੀਂ। ਜੇਕਰ ਪੈਰਿਸ ਵਿਚ ਮੈਟਰੋ ਗੱਡੀ ਨਾ ਹੋਵੇ ਤਾਂ ਸ਼ਹਿਰ ਦੀ ਜੀਵਨ ਰਫਤਾਰ ਹੀ ਖਤਮ ਹੋ ਜਾਵੇ। ਇਹ ਹਰ ਰੋਜ਼ ਵੀਹ ਲੱਖ ਤੋਂ ਵੱਧ ਮੁਸਾਫਰ ਢੋਂਦੀ ਹੈ। ਮਾਨੋ ਸ਼ਹਿਰ ਹੇਠ ਰੇਲਵੇ ਲਾਈਨਾਂ ਦਾ ਜਾਲ ਹੀ ਵਿਛਿਆ ਪਿਆ ਹੈ। ਕਈ ਸਟੇਸ਼ਨ ਤਾਂ ਸਾਡੇ ਨਵੀਂ ਦਿੱਲੀ ਦੇ ਜੰਕਸ਼ਨ ਤੋਂ ਵੀ ਵੱਡੇ ਹਨ। ਧਰਤੀ ਦੇ ਹੇਠ ਇਕ ਦੁਨੀਆਂ ਹੀ ਵੱਸਦੀ ਨਜ਼ਰ ਆਉਂਦੀ ਹੈ। ਹੁਣ ਭਲਾ ਕਰੋ ਖਾਂ ਸਾਡੇ ਭਾਰਤ ਦੀ ਮੈਟਰੋ ਗੱਡੀ ਦਾ ਮੁਕਾਬਲਾ ਜੋ ਕਲਕੱਤੇ ਵਿਚ ਦਸ ਕਿਲੋਮੀਟਰ ਮਸਾਂ ਦਸ ਸਾਲ ਵਿਚ ਪੂਰੀ ਹੋਈ ਹੈ।

ਦਸ ਵਜੇ ਤਕ ਵਜੀਫੇ ਦਾ ਭੁਗਤਾਨ ਹੋ ਗਿਆ ਅਤੇ ਮੇਰੇ ਅਗਲੇ ਪੜਾਅ ਬਾਰੇ ਵੀ ਜਾਣਕਾਰੀ ਭੇਜ ਦਿੱਤੀ ਗਈ। ਲੀਓਂ ਦਾ ਪ੍ਰੋਫੈਸਰ ਕਿਤੇ ਬਾਹਰ ਗਿਆ ਹੋਇਆ ਸੀ। ਜਿਸ ਕਰਕੇ ਮੈਨੂੰ ਇਕ ਰਾਤ ਹੋਰ ਪੈਰਿਸ ਵਿਚ ਹੀ ਠਹਿਰਣ ਦਾ ਮੌਕਾ ਮਿਲ ਗਿਆ। ਮੈਂ ਦਿਲੋਂ ਵੀ ਇਹੋ ਚਾਹੁੰਦਾ ਸਾਂ ਕਿ ਕਿਵੇਂ ਪੈਰਿਸ ਇਕ ਦਿਨ ਹੋਰ ਰਹਿ ਕੇ ਆਪਣੀ ਪੁਰਾਣੀ ਯੂਨੀਵਰਸਿਟੀ ਦਾ ਚੱਕਰ ਲਗਾ ਆਵਾਂ। ਨਰੇਸ਼ ਨੂੰ ਫੋਨ ਕਰਕੇ ਮੈਂ ਜੁਸੀਓ ਦੇ ਸਟੇਸ਼ਨ ਤੇ ਜਾ ਉਤਰਿਆ। ਕਿੰਨਾ ਚਿਰ ਮੈਂ ਆਪਣੀ ਪ੍ਰੋਯਗਸ਼ਾਲਾ ਨੂੰ ਵੇਖ ਵੇਖ ਨਿਹਾਰਦਾ ਰਿਹਾ। ਪੁਰਾਣੇ ਸਾਥੀਆਂ ਦਾ ਪਤਾ ਲਗਾਣ ਦੀ ਕੋਸ਼ਿਸ਼ ਕੀਤੀ ਪਰੰਤੂ ਕੋਈ ਉੱਘ ਸੁੱਘ ਨਾ ਮਿਲੀ। ਵੀਹ ਸਾਲਾਂ ਵਿਚ ਜਮਾਨਾ ਬਦਲ ਜਾਂਦਾ ਹੈ। ਹਾਰ ਕੇ ਮੈਂ ਲਾਇਬਰੇਰੀ ਦੇ ਰਜਿਸਟਰ 'ਚੋਂ ਕੁਝ ਫੋਨ ਪ੍ਰਾਪਤ ਕੀਤੇ ਅਤੇ ਮਿਸ ਮੇਅ ਨਾਲ ਗੱਲਬਾਤ ਕੀਤੀ। ਮੇਰੀ ਪੀ.ਐਚ.ਡੀ. ਦੀ ਡਿਗਰੀ ਸਮੇਂ ਇਸ ਨੇ ਆਪਣੇ ਕੈਮਰੇ ਨਾਲ ਫੋਟੋ ਖਿੱਚ ਕੇ ਮੈਨੂੰ ਭੇਂਟ ਕੀਤੇ ਸਨ ਜੋ ਮੇਰੀ ਉਮਰ ਭਰ ਦੀ ਯਾਦਾਸ਼ਤ ਬਣੀ ਹੋਈ ਹੈ। ਮੈਨੂੰ ਸੁਣ ਕੇ ਬੜਾ ਦੁੱਖ ਹੋਇਆ ਕਿ ਮੇਰਾ ਚੀਨੀ ਗਾਈਡ ਤਾਂ ਸੰਸਾਰ ਤੋਂ ਯਾਤਰਾ ਪੂਰੀ ਕਰਕੇ ਚੱਲ ਵਸਿਆ ਹੈ। ਉਸ ਨੇ ਮੈਨੂੰ ਮਿਹਨਤ ਕਰਨ ਦਾ ਫਲ ਬਖਸ਼ਿਆ ਅਤੇ ਮੈਂ ਦੋ ਸਾਲ 'ਚ ਹੀ ਖੋਜ ਕੰਮ ਪੂਰਾ ਕਰਕੇ ਡਿਗਰੀ ਪ੍ਰਾਪਤ ਕਰ ਲਈ। ਦੋ ਘੰਟੇ ਯੂਨੀਵਰਸਿਟੀ ਵਿਚ ਗੁਜਾਰ ਕੇ ਪਰਤਣ ਲਗਾ ਸਾਂ ਕਿ ਇਕ ਸਰਦਾਰ ਜੀ ਨਜਰੀਂ ਪੈ ਗਏ। ਉਹ ਦਿੱਲੀ ਆਈ.ਆਈ.ਟੀ. ਤੋਂ ਖੋਜ ਕਰਨ ਆਏ ਹੋਏ ਸਨ। ਡਾਕਟਰ ਮਾਵੀ ਮੇਰੀ ਹੀ ਪ੍ਰਯੋਗਸ਼ਾਲਾ 'ਚ ਕੰਮ ਕਰ ਰਹੇ ਸਨ ਅਤੇ ਸਾਲ ਭਰ ਲਈ ਆਏ ਸਨ। ਮੈਂ ਕਿਹਾ ਚੰਗਾ ਹੈ ਇਕ ਅੱਧਾ ਸਿੱਖ ਇਸ ਯੂਨੀਵਰਸਿਟੀ ਵਿਚ ਹਮੇਸ਼ਾ ਰਹਿਣਾ ਚਾਹੀਦਾ ਹੈ।

ਨਰੇਸ਼ ਨੂੰ ਮਿਲ ਕੇ ਮੈਂ ਸਿੱਧਾ ਆਪਣੇ ਹੋਸਟਲ ਚਲਾ ਗਿਆ। ਅੰਤਰ-ਰਾਸ਼ਟਰੀ ਹੋਸਟਲ ਪੈਰਿਸ ਯੂਨੀਵਰਸਿਟੀ ਦੀ ਸ਼ਾਨ ਵਧਾਂਦੇ ਹਨ। ਹਰ ਦੇਸ ਨੂੰ ਪਲਾਟ ਦਿਤਾ ਗਿਆ ਹੈ ਤਾਂ ਕਿ ਉਹ ਆਪਣੇ ਵਿਦਿਆਰਥੀਆਂ ਲਈ ਰਿਹਾਇਸ਼ੀ ਹੋਸਟਲ ਬਣਾ ਸਕਣ। ਭਾਰਤੀ ਸਰਕਾਰ ਨੇ ਵੀ ਚੰਗਾ ਹੋਸਟਲ ਕਾਇਮ ਕਰ ਰੱਖਿਆ ਹੈ। ਪੈਰਿਸ ਦੇ ਪੁਰਾਣੇ ਬਾਗ ਪਾਰਕ ਮੌਂਟਸਰੀ ਦਾ ਚੱਕਰ ਲਗਾ ਕੇ, ਪਰੁਾਣੀਆਂ ਸੜਕਾਂ, ਗਲੀਆਂ ਅਤੇ ਪੁਰਾਣੇ ਬੁੱਤਾਂ ਕੋਲੋਂ ਦੀ ਗੁਜਰਦਾ ਹੋਇਆ ਮੈਂ ਗੈਸਟ ਹਾਊਸ ਪਰਤ ਗਿਆ। ਜ਼ਿੰਦਗੀ ਦੇ ਕਈ ਹੁਸੀਨ ਪਲ ਇਸ ਸ਼ਹਿਰ ਵਿਚ ਬਿਤਾਏ ਸਨ। ਉਨ੍ਹਾਂ ਦੀ ਯਾਦ ਤਾਜਾ ਕਰਨ ਲਈ ਇਹ ਯਾਤਰਾ ਇਕ ਪਵਿੱਤਰ ਕਾਰਜ ਹੋ ਨਿਬੜੀ। ਵੀਹ ਸਾਲ ਪੁਰਾਣੀ ਦੁਕਾਨ ਜਿਥੋਂ ਦੁੱਧ ਰੋਟੀ ਖਰੀਦਦਾ ਸਾਂ, ਉਸਦੀ ਮਾਲਕਣ ਵੀ ਮਿਲ ਕੇ ਖੁਸ਼ ਹੋਈ। ਇਕ ਬਾਗੇਤ (ਫਰਾਂਸੀਸੀ ਬਰੈਡ) ਅਤੇ ਦੁੱਧ ਦਾ ਪੈਕਟ ਖਰੀਦ ਕੇ ਬਜ਼ਾਰ ਵਿਚੋਂ ਮੈਂ ਲੰਘਦਾ ਹੋਇਆ ਰੋਟੀ ਖਾਂਦਾ ਜਾ ਰਿਹਾ ਸਾਂ। ਇਹ ਇਥੇ

ਆਮ ਰਿਵਾਜ ਹੈ ਜਦੋਂ ਭੁੱਖ ਲਗ ਜਾਵੇ ਬਗੈਰ ਕਿਸੇ ਹੀਲ-ਹੁੱਜਤ ਤੁਰੇ ਜਾਂਦੇ ਰੋਟੀ ਖਾਂਦੇ ਜਾਓ। ਗੈਸਟ ਹਾਊਸ ਪਹੁੰਚ ਕੇ ਨਾਭੇ ਦੇ ਪ੍ਰੋ. ਸ਼ਾਮ ਲਾਲ ਮਲਿਕ ਨੂੰ ਫੋਨ ਕੀਤਾ। ਇਸ ਨੇ 1970 'ਚ ਮੇਰੀ ਅਗਵਾਈ ਕੀਤੀ ਅਤੇ ਤਾਂ ਹੀ ਮੈਂ ਪੈਰਿਸ ਵਿਚ ਟਿਕ ਸਕਿਆ ਸਾਂ। ਕਿਸੇ ਦਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲਣਾ ਚਾਹੀਦਾ। ਕੁਝ ਪੁਰਾਣੀਆਂ ਯਾਦਾਂ ਸਾਂਝੀਆਂ ਕਰਕੇ ਮੈਂ ਪੈਰਿਸ ਦੇ ਸ਼ਹਿਰ ਦੀ ਸੁਖਾਵੀਂ ਨੀਂਦੇ ਸੌਂ ਗਿਆ। ਕਹਿੰਦੇ ਹਨ ਕਿ ਪੈਰਿਸ ਹੀ ਦੁਨੀਆਂ ਦਾ ਅਜੇਹਾ ਸ਼ਹਿਰ ਹੈ ਜਿਥੇ ਰਾਤ ਭਰ ਜੀਵਨ ਪੂਰੇ ਜੋਬਨ ਤੇ ਰਹਿੰਦਾ ਹੈ। ਹੁਣ ਉਮਰ ਦੇ ਤਕਾਜੇ ਅਨੁਸਾਰ ਅਰਾਮ ਕਰਨਾ ਹੀ ਲੋੜੀਂਦਾ ਹੈ। ਪੈਰਿਸ ਅਤੇ ਸੈਨ ਦਰਿਆ ਦੋਵੇਂ ਆਪਣੀ ਮਸਤ ਚਾਲ ਚਲਦੇ ਰਹਿਣ। ਇਹੋ ਮੇਰੀ ਦੁਆ ਹੈ। ਜੀਵਨ ਦਾ ਕਾਫਲਾ ਵੀ  ਚਲਦਾ ਰਹੇ। ਮੈਂ ਪੈਰਿਸ ਨੂੰ ਅਲਵਿਦਾ ਕਹਿ ਕੇ 25 ਮਈ ਨੂੰ ਲੀਓਂ ਵੱਲ ਚਾਲੇ ਪਾ ਦਿਤੇ।

## ਮੇਰੇ ਦੋਸਤ ਦਾ ਸ਼ਹਿਰ – ਲੀਓਂ

---

ਆਪਣੇ ਵਿਦਿਆਰਥੀ ਜੀਵਨ ਦੌਰਾਨ ਮੈਨੂੰ ਦੋ ਵਾਰ ਲੀਓਂ ਸ਼ਹਿਰ ਵਿਚੋਂ ਲੰਘਣ ਦਾ ਮੌਕਾ ਬਣਿਆ ਪਰੰਤੂ ਮੈਂ ਇਸ ਦੀ ਸੈਰ ਨਾ ਕਰ ਸਕਿਆ। 1985 ਵਿਚ ਪਹਿਲੀ ਵਾਰ ਮੈਂ ਇਥੇ ਦੋ ਦਿਨ ਰੁਕਿਆ ਅਤੇ ਆਪਣੇ ਦੋਸਤ ਪ੍ਰੋ. ਜੌਨ ਮਾਰੀ ਲਾਫ਼ੋਂ ਦੇ ਸਾਥ ਇਥੋਂ ਦੀ ਸੈਰ ਕੀਤੀ। ਪ੍ਰੋ. ਲਾਫ਼ੋਂ ਸਿਖ ਇਤਿਹਾਸ ਦੇ ਮੰਨੇ ਪ੍ਰਮੰਨੇ ਵਿਦਵਾਨ ਹਨ। ਉਨ੍ਹਾਂ ਨੇ ਆਪਣਾ ਖੋਜ ਨਿਬੰਧ ਪੈਰਿਸ ਯੂਨੀਵਰਸਿਟੀ ਵਿਖੇ ਪੇਸ਼ ਕਰਕੇ ਡੀ.ਐਸ.ਸੀ. ਦੀ ਡਿਗਰੀ ਹਾਸਲ ਕੀਤੀ ਹੈ। ਉਹ ਪਿਛਲੇ ਵੀਹ ਸਾਲਾਂ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਫਰਾਂਸੀਸੀ ਜਰਨੈਲਾਂ ਦੇ ਸਿਖ ਰਾਜ ਵਿਚ ਨਿਬਾਹੇ ਰੋਲ ਦੀ ਪੜਚੋਲ ਕਰਨ ਵਿਚ ਲਗੇ ਹੋਏ ਹਨ। ਮੇਰੇ ਨਾਲ ਉਨ੍ਹਾਂ ਦੀ ਪਹਿਲੀ ਮੁਲਾਕਾਤ ਅੰਮ੍ਰਿਤਸਰ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਖੇ ਹੋਈ ਜਦੋਂ ਉਹ ਯੂਨੀਵਰਸਿਟੀ ਦੇ ਸੱਦੇ ਉਪਰ ਲੈਕਚਰ ਦੇਣ ਆਏ ਹੋਏ ਸਨ। ਉਸ ਮੌਕੇ ਉਨ੍ਹਾਂ ਦੇ ਸਾਥ ਜਨਰਲ ਐਲਾਰਡ ਦੇ ਪ੍ਰੀਵਾਰ ਵਿਚੋਂ ਦੋ ਬੀਬੀਆਂ ਵੀ ਆਪਣੇ ਪੜਦਾਦੇ ਦੇ ਸਹੁਰੇ ਘਰ ਦੀ ਯਾਤਰਾ ਕਰਨ ਆਈਆਂ ਸਨ। ਜਨਰਲ ਐਲਾਰਡ ਨੇ ਚੰਬੇ ਦੇ ਰਾਜੇ ਦੀ ਧੀ ਪਾਨਦੇਈ ਨਾਲ ਸ਼ਾਦੀ ਕੀਤੀ ਸੀ ਜਦੋਂ ਕਿ ਸ਼ੇਰੇ ਪੰਜਾਬ ਨੇ ਕਾਂਗੜੇ ਦੇ ਰਾਜਾ ਸੰਸਾਰ ਚੰਦ ਦੀਆਂ ਦੋ ਬੇਟੀਆਂ ਪਰਨਾਈਆਂ ਸਨ।

1987 ਵਿਚ ਦੋਬਾਰਾ ਲੀਓਂ ਵੇਖਣ ਦਾ ਮੌਕਾ ਬਣਿਆ ਜਦੋਂ ਮੈਨੂੰ ਇਕ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਖੋਜ ਪਰਚਾ ਪੜ੍ਹਨ ਲਈ ਸੱਦਾ ਆਇਆ। ਪ੍ਰੋ. ਅਬਦੁੱਸ ਸਲਾਮ ਨੇ ਵੀ ਇਟਲੀ ਆਉਣ ਦਾ ਸੱਦਾ ਭੇਜ ਰੱਖਿਆ ਸੀ। ਸੋ ਮੈਂ ਅਤੇ ਮੇਰੀ ਘਰਵਾਲੀ ਪ੍ਰੋ. ਲਾਫੋਂ ਦੇ ਮਹਿਮਾਨ ਬਣ ਕੇ ਇਕ ਹਫਤਾ ਲੀਓਂ ਵਿਚ ਰਹੇ। ਉਸਦੇ ਮਾਂ ਪਿਉ ਸੈਰ ਸਪਾਟੇ ਤੇ ਸਮੁੰਦਰ ਵੱਲ ਗਏ ਹੋਏ ਸਨ। ਸੋ ਉਨ੍ਹਾਂ ਦਾ ਪੂਰੇ ਦਾ ਪੂਰਾ ਘਰ ਸਾਡੇ ਹਵਾਲੇ ਸੀ। ਲਾਫੋਂ ਦੀ ਘਰਵਾਲੀ 'ਰਿਹਾਨਾ' ਲਾਹੌਰ ਦੀ ਪੰਜਾਬਣ ਕੁੜੀ ਹੈ ਜਿਸ ਕਰਕੇ ਸਾਨੂੰ ਲੀਓਂ ਵਿਚ ਵੀ ਆਲੂ ਦੇ ਪਰੌਂਠੇ ਨਸੀਬ ਹੁੰਦੇ ਰਹੇ। ਉਹ ਦੋਵੇਂ ਜਣੀਆਂ ਲੀਓਂ ਦੇ ਬਜ਼ਾਰਾਂ ਦਾ ਚੱਕਰ ਲਗਾ ਆਉਂਦੀਆਂ ਅਤੇ ਮੈਂ ਕਾਨਫਰੰਸ ਵਿਚ ਹਿੱਸਾ ਲੈ ਕੇ ਸ਼ਾਮ ਨੂੰ ਪ੍ਰੋ. ਲਾਫ਼ੋਂ ਨਾਲ ਇਥੋਂ ਦੇ ਪੁਰਾਣੇ ਸ਼ਹਿਰ ਅਤੇ ਇਥੋਂ ਦੇ ਖੰਡਰ ਵੇਖ ਆਉਂਦਾ। ਲੀਓਂ ਰੋਮਨ ਬਾਦਸ਼ਾਹਾਂ ਵੇਲੇ ਦਾ ਪੁਰਾਣਾ ਸ਼ਹਿਰ ਹੈ ਅਤੇ ਪੈਰਿਸ ਤੋਂ ਬਾਅਦ ਇਸ ਦਾ ਦੂਸਰਾ ਨੰਬਰ ਹੈ ਭਾਵੇਂ ਇਸ ਦੀ ਵਸੋਂ ਕੇਵਲ ਵੀਹ ਲੱਖ ਦੇ ਕਰੀਬ ਹੈ। 1993 ਵਿਚ ਇਹ ਮੇਰਾ ਤੀਸਰਾ ਗੇੜਾ ਸੀ ਲੀਓਂ ਯੂਨੀਵਰਸਿਟੀ ਦਾ।

25 ਮਈ ਨੂੰ ਨਰੇਸ਼ ਆਪਣੀ ਕਾਰ ਵਿਚ ਪੈਰਿਸ ਦੇ 'ਗਾਰ ਦੇ ਲੀਓਂ' (ਲੀਓਂ ਵਾਲਾ ਸਟੇਸ਼ਨ) ਛਡ ਗਿਆ। ਟਿਕਟ ਖਿੜਕੀ ਤੇ ਕੋਈ ਭੀੜ ਨਹੀਂ ਸੀ ਪਰੰਤੂ ਇਕ ਮੁਟਿਆਰ ਬੜੇ ਸਹਿਜ ਭਾਅ ਨਾਲ ਲੀਓਂ ਦੀਆਂ ਟਿਕਟਾਂ ਕੱਟ ਰਹੀ ਸੀ। ਗੱਡੀ ਚੱਲਣ ਵਿਚ ਮਸਾਂ ਦਸ ਮਿੰਟ ਰਹਿ ਗਏ ਸਨ ਪਰੰਤੂ ਉਹ ਆਪਣੀ ਸਪੀਡ ਤੇ ਹੀ ਕਾਇਮ ਸੀ। ਮੈਂ ਕਿਹਾ ਇਹ ਤਾਂ ਦਿੱਲੀ ਸਟੇਸ਼ਨ ਵਾਲਾ ਹੀ ਹਾਲ ਹੋਇਆ ਜਿਥੇ ਹਜਾਰਾਂ ਦੀ ਕਤਾਰ ਉਡੀਕ ਰਹੀ ਹੁੰਦੀ ਹੈ ਅਤੇ ਰੇਲਵੇ ਬਾਬੂ ਬੜੇ ਅਰਾਮ ਨਾਲ ਕੰਪਿਊਟਰ ਦੇ ਬਟਨ ਦਬਾ ਰਹੇ ਹੁੰਦੇ ਹਨ। ਦਰਅਸਲ, ਮਸ਼ੀਨ ਆਪਣੇ ਆਪ ਤੇਜੀ ਨਹੀਂ ਲਿਆ ਸਕਦੀ ਜਦ ਤਕ ਕਿ ਵਰਤਣ ਵਾਲੇ ਦਾ ਆਪਣਾ ਰਵੱਈਆ ਠੀਕ ਨਾ ਹੋਵੇ। ਖੈਰ ਮੈਨੂੰ ਸਮੇਂ ਸਿਰ ਲੀਓਂ ਵਲ ਜਾਣ ਵਾਲੀ ਸੁਪਰ ਫਾਸਟ ਗੱਡੀ ਦਾ ਟਿਕਟ ਮਿਲ ਗਿਆ। ਇਸ ਦੀ ਰਫਤਾਰ 300 ਕਿਲੋਮੀਟਰ ਪ੍ਰਤੀ ਘੰਟਾ ਹੈ ਅਤੇ ਇਹ ਦੋ ਘੰਟੇ ਵਿਚ ਪੈਰਿਸ ਤੋਂ ਲੀਓਂ ਪਹੁੰਚ ਜਾਂਦੀ ਹੈ। ਇਸ ਗੱਡੀ ਦਾ ਨਾਮ ਹੀ ਤੇ.ਜੇ.ਵੇ(ਬਹੁਤ ਤੇਜ ਰਫਤਾਰ) ਰੱਖਿਆ ਗਿਆ ਹੈ ਅਤੇ ਇਸਦੀ ਤਾਰਪੀਡੋ ਵਰਗੀ ਸ਼ਕਲ ਹੈ। ਕਮਾਲ ਦੀ ਗੱਲ ਹੈ ਕਿ 300 ਕਿਲੋਮੀਟਰ ਉਪਰ ਉਡ ਰਹੀ ਗੱਡੀ ਵਿਚ ਕੋਈ ਹਜੋਕਾ ਲਗ ਜਾਵੇ। ਸਾਰੀਆਂ ਖਿੜਕੀਆਂ ਪੂਰੀ ਤਰ੍ਹਾਂ ਬੰਦ ਹੁੰਦੀਆਂ ਹਨ ਅਤੇ ਇਹ ਪੌਣ ਨਾਲ ਗੱਲਾਂ ਕਰਦੀ ਐਸੀ ਤੇਜ ਰਫਤਾਰ ਚਲਦੀ ਹੈ ਕਿ ਮੁਸਾਫ਼ਿਰ ਘੂਕ ਨੀਂਦ ਸੌਂ ਜਾਂਦਾ ਹੈ।

ਤੇ.ਜੇ.ਵੇ. 11 ਵਜੇ ਚੱਲ ਕੇ ਇਕ ਵਜੇ ਲੀਓਂ ਪਹੁੰਚਣੀ ਸੀ। ਮੈਂ ਵੀ ਆਰਾਮ ਨਾਲ ਸੌਂ ਗਿਆ, ਅਜੇ ਇਕ ਵੱਜਣ ਵਿਚ ਦੋ ਮਿੰਟ ਰਹਿੰਦੇ ਸਨ ਕਿ ਮਾਇਕਰੋਫੋਨ ਤੇ ਅਵਾਜ਼ ਆਈ 'ਲੀਓਂ ਦਾ ਸਟੇਸ਼ਨ ਆ ਰਿਹਾ ਹੈ, ਹੁਸ਼ਿਆਰ ਹੋ ਜਾਵੋ'। ਮੈਂ ਆਪਣਾ ਸਮਾਨ ਸੰਭਾਲਣਾ ਸ਼ੁਰੂ ਕੀਤਾ ਅਤੇ ਪੂਰੇ ਨੀਅਤ ਸਮੇਂ ਤੇ ਗੱਡੀ ਪਲੇਟਫਾਰਮ ਤੇ ਪੁੱਜ ਗਈ। ਅੱਜ ਕੱਲ ਫਰਾਂਸ ਅਤੇ ਜਪਾਨ ਹੀ ਦੁਨੀਆਂ ਦੇ ਦੋ ਅਜੇਹੇ ਦੇਸ਼ ਹਨ ਜਿਥੇ ਸਭ ਤੋਂ ਤੇਜ ਰਫਤਾਰ ਗੱਡੀਆਂ ਚੱਲ ਰਹੀਆਂ ਹਨ। ਮੁਸਾਫਰ ਹਵਾਈ ਸਫਰ ਨਾਲੋਂ ਇਨ੍ਹਾਂ ਗੱਡੀਆਂ ਵਿਚ ਯਾਤਰਾ ਕਰਨਾ ਵਧੇਰੇ ਪਸੰਦ ਕਰਦੇ ਹਨ। ਜਪਾਨ ਦੀ ਬੁਲਟ ਟਰੇਨ ਵਿਚ ਯਾਤਰਾ ਦਾ ਮੌਕਾ ਵੀ ਸਤੰਬਰ ਵਿਚ ਮਿਲ ਗਿਆ ਜਦੋਂ ਮੈਂ ਟੋਕੀਓ ਤੋਂ ਨਗੋਇਆ ਦਾ ਸਫਰ ਕੀਤਾ। ਜਾਪਾਨੀ ਦੁਨੀਆਂ ਵਿਚ ਕਿਸੇ ਤੋਂ ਵੀ ਪਿਛੇ ਰਹਿਣ ਵਾਲੀ ਕੌਮ ਨਹੀਂ ਹੈ। ਕੁਦਰਤ ਨੇ ਸੁਸਤੀ ਭਾਰਤੀਆਂ ਦੇ ਸਿਰ ਹੀ ਮੜ੍ਹ ਦਿੱਤੀ ਹੈ।

ਮੈਨੂੰ ਉਮੀਦ ਸੀ ਕਿ ਮੇਰਾ ਮੇਜ਼ਬਾਨ ਪ੍ਰੋ. ਪੌਲ ਥੇਵੀਨਾਰਦ ਰੇਲਵੇ ਸਟੇਸ਼ਨ ਤੇ ਲੈਣ ਆਇਆ ਹੋਵੇਗਾ ਪਰੰਤੂ ਉਹ ਆਪਣੀ ਮੀਟਿੰਗ ਵਿੱਚ ਰੁੱਝਾ ਰਿਹਾ ਅਤੇ ਮੈਂ ਕਿੰਨਾ ਚਿਰ ਉਸ ਦੀ ਆਸ ਤੇ ਪਲੇਟਫਾਰਮ ਦੇ ਚੱਕਰ ਕੱਟਦਾ ਰਿਹਾ। ਹਾਰ ਕੇ ਮੈਂ ਫੋਨ ਕਰਨ ਲਈ ਬੂਥ ਲੱਭਿਆ ਪਰੰਤੂ ਇਸ ਵਿਚ ਪੈਸੇ ਪਾਉਣ ਦੀ ਥਾਂ ਹੀ ਨਹੀਂ ਸੀ। ਇਕ ਅਫਰੀਕਨ ਮੇਰੀ ਸਮੱਸਿਆ ਸਮਝ ਗਿਆ ਅਤੇ ਮੇਰੇ ਕੋਲ ਆ ਕੇ ਇਸ ਦੀ ਵਰਤੋਂ ਸਮਝਾ ਗਿਆ। ਮੈਂ 40 ਫਰੈਂਕ ਦਾ ਇਕ ਕਾਰਡ ਖਰੀਦ ਲਿਆ ਅਤੇ ਮਸ਼ੀਨ ਵਿਚ ਰਖ ਕੇ ਯੂਨੀਵਰਸਿਟੀ ਵੱਲ ਫੋਨ ਕਰ ਲਿਆ। ਫਰਾਂਸ ਵਿਚ ਅੱਧੀ ਛੁੱਟੀ ਦੋ ਘੰਟੇ ਦੀ ਹੁੰਦੀ ਹੈ ਅਤੇ ਇਹ ਲੋਕ ਚੰਗੇ ਅਨੰਦ ਨਾਲ ਭੋਜਨ ਖਾਣ ਦੇ ਸ਼ੁਕੀਨ ਹਨ। ਟੈਲੀਫੋਨ ਤੇ ਬੈਠੀ ਬੀਬੀ ਕਹਿ ਰਹੀ ਸੀ ਕਿ ਦੋ ਵਜੇ ਤੋਂ ਬਾਅਦ ਹੀ ਫੋਨ ਕਰਨਾ। ਮੈਂ ਸੋਚਿਆ ਕਿ ਐਵੇਂ ਇੰਤਜਾਰ ਕਰਨ ਨਾਲੋਂ ਟੈਕਸੀ ਤੇ ਜਾਣਾ ਹੀ ਬਿਹਤਰ ਹੈ। ਸੋ ਆਪਣਾ ਸਮਾਨ ਟੈਕਸੀ ਵਿਚ ਟਿਕਾ ਕੇ ਮੈਂ ਯੂਨੀਵਰਸਿਟੀ ਵੱਲ ਲੈ ਜਾਣ ਦੀ ਤਾਕੀਦ ਕੀਤੀ। ਟੈਕਸਟੀ ਡਰਾਈਵਰ ਵੀ ਪ੍ਰਦੇਸੀ ਬੰਦਾ ਪਛਾਣ ਲੈਂਦੇ ਹਨ। ਕਹਿੰਦਾ ਇਥੇ ਤਾਂ ਇਸ ਨਾਮ ਦੀਆਂ ਤਿੰਨ ਯੂਨੀਵਰਸਿਟੀਆਂ ਹਨ, ਤੂੰ ਕਿਹੜੀ ਵਿਚ ਜਾਣਾ ਹੈ? ਮੈਂ ਕਿਹਾ ਮੈਂ ਵਿਲਰਬਾਨ ਵਾਲੀ ਵਿਚ ਜਾਣਾ ਹੈ। ਉਹ ਕੁਝ ਸ਼ਰਾਰਤੀ ਜਿਹਾ ਬੰਦਾ ਸੀ, ਕਹਿੰਦਾ ਇਹ ਤਾਂ ਸ਼ਹਿਰ ਹੀ ਇਥੇ ਨਹੀਂ ਹੈ। ਦਰਅਸਲ ਲੀਓਂ ਦੇ ਨਾਲ ਲਗਦਾ ਹੀ ਇਹ ਇਕ ਵਖਰਾ ਜਿਲ੍ਹਾ ਹੈ ਪਰੰਤੂ ਇਹ ਲੀਓਂ ਨਾਲ ਇਸ ਤਰ੍ਹਾਂ ਜੁੜਿਆ ਹੈ ਜਿਵੇਂ ਹੈਦਰਾਬਾਦ ਅਤੇ ਸਿਕੰਦਰਾਬਾਦ। ਹਾਰ ਕੇ ਉਸ ਆਪਣੇ ਸਾਥੀ ਤੋਂ ਪਤਾ ਪੁੱਛਿਆ ਅਤੇ ਟੈਕਸੀ ਤੋਰੀ। ਇਥੋਂ ਦੇ ਲੋਕਾਂ ਦੀ ਆਮ ਵਾਕਫੀਅਤ ਬਹੁਤ ਘੱਟ ਹੁੰਦੀ ਹੈ। ਇਸ ਕਰਕੇ ਹੀ ਯਾਤਰਾ ਦੌਰਾਨ ਟੂਰਿਸਟ ਨਕਸ਼ਾ ਬਹੁਤ ਸਹਾਈ ਹੁੰਦਾ ਹੈ। ਇਕ ਤਾਂ ਇਹ ਲੋਕ ਅੰਗਰੇਜੀ ਬੋਲੀ ਨੂੰ ਨਹੀਂ ਸਮਝਦੇ ਸਗੋਂ ਬੋਲੋ ਤਾਂ ਨਫਰਤ ਕਰਦੇ ਹਨ, ਦੂਸਰਾ ਹਰ ਬੰਦਾ ਆਪਣੇ ਕੰਮ ਵਿਚ ਹੀ ਮਸਰੂਫ਼ ਹੁੰਦਾ ਹੈ ਅਤੇ ਦੂਸਰੇ ਦੇ ਕੰਮ ਵਿਚ ਦਖ਼ਲ ਅੰਦਾਜ਼ੀ ਨਹੀਂ ਕਰਦਾ। ਜੇਕਰ ਮੈਨੂੰ ਫਰਾਂਸੀਸੀ ਬੋਲੀ ਨਾ ਆਉਂਦੀ ਹੁੰਦੀ ਤਾਂ ਟੈਕਸੀ ਵਾਲਾ ਜਰੂਰ ਖੱਜਲ ਕਰਦਾ। ਰਾਹ ਵਿਚ ਮੈਨੂੰ ਪੁਛਣ ਲਗਾ ਕਿ ਤੂੰ ਅਗੇ ਵੀ ਇਸ ਸ਼ਹਿਰ ਵਿਚ ਆਇਆ ਹੈਂ। ਮੈਂ ਕਿਹਾ ਮੈਂ ਦੋ ਵਾਰ ਪਹਿਲਾਂ ਵੀ ਆ ਚੁੱਕਾ ਹਾਂ ਅਤੇ ਮੇਰੀ ਵਾਕਫੀਅਤ ਵੀ ਤੇਰੇ ਨਾਲੋਂ ਜ਼ਿਆਦਾ ਹੈ। ਤੈਨੂੰ ਆਪਣੇ ਸ਼ਹਿਰ ਦਾ ਵੀ ਪਤਾ ਨਹੀਂ। ਮੇਰੀ ਇਸ ਫਿਟਕਾਰ ਨਾਲ ਉਹ ਸ਼ਰਮਿੰਦਾ ਤਾਂ ਹੋਇਆ ਪਰੰਤੂ ਫਿਰ ਵੀ ਘੁਮਾ ਕੇ ਹੀ ਯੂਨੀਵਰਸਿਟੀ ਵੱਲ ਲੈ ਕੇ ਗਿਆ। ਮੈਂ ਕਿਹਾ ਅਸੀਂ ਭਾਰਤੀ ਟੈਕਸੀ ਵਾਲਿਆਂ ਦੀ ਬਦਕੋਹੀ ਕਰਦੇ ਥੱਕਦੇ ਨਹੀਂ ਇਥੇ ਯੂਰਪ ਵਿਚ ਵੀ ਇਹੋ ਹਾਲ ਹੈ। ਕਿਰਾਇਆ ਤਾਂ ਘਟ ਹੀ ਬਣਿਆ ਪਰੰਤੂ ਜਿੱਦ ਕਰਕੇ ਕੁਝ ਸਮਾਨ ਦੇ ਮੰਗ ਕੇ 62 ਫਰੈਂਕ ਲੈ ਗਿਆ। ਮੈਂ ਵੀ ਸ਼ੁਕਰ ਕੀਤਾ ਇਸ ਬਦਮਿਜਾਜ਼ ਤੋਂ ਖਹਿੜਾ ਛੁੱਟਿਆ। ਪਿਛਲੇ ਬਾਈ ਸਾਲਾਂ ਵਿਚ ਇਹ ਦੂਸਰਾ ਮੌਕਾ ਸੀ ਕਿ ਮੈਨੂੰ ਮਜਬੂਰਨ ਟੈਕਸੀ ਕਰਨੀ ਪਈ ਵਰਨਾ ਕੋਈ ਨਾ ਕੋਈ ਦੋਸਤ ਮਿੱਤਰ ਇਹ ਕੰਮ ਸਾਰ ਦਿੰਦਾ ਹੈ।

ਪ੍ਰੋ: ਪੌਲ ਮੇਰੇ ਨਾਲ ਹੀ ਵਿਭਾਗ ਵਿਚ ਪਹੁੰਚ ਗਏ ਅਤੇ ਮੈਨੂੰ ਆਪਣੀ ਕਾਰ ਵਿਚ ਬਿਠਾ ਕੇ ਯੂਨੀਵਰਸਿਟੀ ਦੇ ਦਫਤਰ ਲੈ ਗਏ। ਉਨ੍ਹਾਂ ਨੇ ਮੇਰੀ ਰਿਹਾਇਸ਼ ਦਾ ਪ੍ਰਬੰਧ ਵਿਦਿਆਰਥੀਆਂ ਦੇ ਇਕ ਹੋਸਟਲ ਵਿਚ ਕਰ ਰੱਖਿਆ ਸੀ, ਕਿਉਂਕਿ ਗੈਸਟ ਹਾਊਸ ਦਾ ਇਥੇ ਰਿਵਾਜ਼ ਨਹੀਂ ਹੈ ਅਤੇ ਹੋਟਲ ਵਿਚ ਦੋ ਹਜ਼ਾਰ ਰੁਪਏ ਤੋਂ ਘਟ ਕਮਰਾ ਨਹੀਂ ਲੱਭਦਾ। ਵੈਸੇ ਵੀ ਹੋਟਲ ਦਾ ਬਣਾਵਟੀ ਜੀਵਨ ਮੇਰੇ ਮਨ ਨੂੰ ਨਹੀਂ ਭਾਉਂਦਾ। ਮੈਂ ਹਮੇਸ਼ਾਂ ਵਿਦਿਆਰਥੀਆਂ ਵਿਚ ਰਹਿ ਕੇ ਹੀ ਖੁਸ਼ ਹੰਦਾ ਹਾਂ। ਸੋ ਮੇਰੀ ਤਮੰਨਾ ਪੂਰੀ ਹੋ ਗਈ ਅਤੇ ਮੈਨੂੰ ਇੰਜੀਨੀਰਿੰਗ ਕਾਲਜ ਦੇ ਇਕ ਹੋਸਟਲ ਵਿਚ ਪੰਜਵੀਂ ਮੰਜਿਲ ਤੇ ਸਾਫ ਸੁਥਰਾ ਕਮਰਾ ਮਿਲ ਗਿਆ। ਲੀਓਂ ਯੂਨੀਵਰਸਿਟੀ ਵਿਚ ਮੇਰਾ ਦੋ ਹਫਤੇ ਦਾ ਪ੍ਰੋਗਰਾਮ ਸੀ।

25 ਮਈ ਨੂੰ ਸ਼ਾਮ ਤੱਕ ਮੈਂ ਆਪਣਾ ਸਮਾਨ ਟਿਕਾ ਕੇ ਰੈਸਤੋਰਾਂ ਵਿਚ ਖਾਣਾ ਖਾਣ ਚਲਾ ਗਿਆ। ਮੈਨੂੰ ਡਰ ਸੀ ਕਿਤੇ ਪੈਰਿਸ ਦੀ ਪਹਿਲੀ ਫੇਰੀ ਵਾਲੀ ਘਟਨਾ ਇਥੇ ਵੀ ਨਾ ਵਾਪਰ ਜਾਵੇ। ਪਗੜੀ ਨਾਲ ਜਾਂ ਸਿਰ ਕੱਜ ਕੇ ਰੈਸਤੋਰਾਂ, ਥੀਏਟਰ ਜਾਂ ਗਿਰਜਾ ਘਰ ਵਿਚ ਜਾਣਾ ਇਥੋਂ ਦੀ ਤਹਿਜ਼ੀਬ ਦੇ ਵਿਰੁੱਧ ਹੈ ਅਤੇ ਇਹ ਇਸ ਨੂੰ ਬੁਰਾ ਸ਼ਗਨ ਸਮਝਦੇ ਹਨ। ਮੈਨੂੰ ਯਾਦ ਹੈ ਕਿ ਪੈਰਿਸ ਦੇ ਅੰਤਰ-ਰਾਸ਼ਟਰੀ ਹੋਸਟਲ ਵਿਚ ਮੈਨੂੰ ਕਈ ਮਹੀਨੇ ਜਦੋ ਜਹਿਦ ਕਰਕੇ ਪਗੜੀ ਨਾਲ ਖਾਣਾ ਖਾਣ ਦੀ ਪ੍ਰਵਾਨਗੀ ਮਿਲੀ ਸੀ। ਮੇਰੇ ਤੋਂ ਪਹਿਲਾਂ ਵੀ ਕਈ ਸਿੱਖ ਵਿਦਿਆਰਥੀ ਆਏ ਸਨ ਪਰੰਤੂ ਜਾਂ ਤਾਂ ਉਹ ਆਪਣਾ ਹੁਲੀਆ ਵਿਗਾੜ ਲੈਂਦੇ ਅਤੇ ਜਾਂ ਬਾਹਰ ਹੋਰ

ਕਿਤੇ ਰੋਟੀ ਖਾ ਆਉਂਦੇ। ਸ਼ੁਕਰ ਕੀਤਾ ਕਿ ਇਸ ਯੂਨੀਵਰਸਿਟੀ ਦੇ ਰੈਸਤੋਰਾਂ ਵਿਚ ਕਿਸੇ ਨੇ ਸ਼ੋਰ ਨਾ ਮਚਾਇਆ ਅਤੇ ਹੌਲੀ ਹੌਲੀ ਮੇਰੀ ਆਮਦ ਨੂੰ ਸਭ ਨੇ ਪ੍ਰਵਾਨ ਕਰ ਲਿਆ।

26 ਮਈ ਨੂੰ ਸਵੇਰੇ ਛੇ ਕੁ ਵਜੇ ਮੈਂ ਇਥੋਂ ਦੇ ਕੈਂਪਸ ਦੀ ਸੈਰ ਕਰਨ ਨਿਕਲ ਗਿਆ। ਠੰਡੀ ਰੁਮਕਦੀ ਪੌਣ ਚੱਲ ਰਹੀ ਸੀ। ਮੈਂ ਆਪਣੇ ਮਨ ਵਿਚ ਇਥੋਂ ਦੇ ਸਾਰੇ ਵਿਭਾਗਾਂ ਦੀ ਹੋਂਦ ਦਾ ਜਾਇਜਾ ਲਗਾ ਲਿਆ। ਮੇਰਾ ਹਮੇਸ਼ਾਂ ਪਹਿਲਾ ਇਹ ਕੰਮ ਹੁੰਦਾ ਹੈ ਕਿ ਜਿਥੇ ਵੀ ਠਹਿਰੋ, ਉਸ ਜਗਹ ਦੇ ਕੋਆਰਡੀਨੇਟਸ ਦੀ ਪੂਰੀ ਵਾਕਫੀ ਕਰ ਲੈਣੀ। ਇਸ ਕੈਂਪਸ ਵਿਚ ਦੋ ਯੂਨੀਵਰਸਿਟੀਆਂ ਅਤੇ ਇਕ ਇੰਜੀਨੀਅਰਿੰਗ ਕਾਲਜ ਕਾਇਮ ਹੈ। ਵਿਦਿਆਰਥੀਆਂ ਦੀ ਗਿਣਤੀ ਵੀਹ ਹਜ਼ਾਰ ਤੋਂ ਵੀ ਵਧ ਹੈ ਅਤੇ ਬਹੁਤ ਸਾਰੇ ਹੋਸਟਲਾਂ ਵਿਚ ਹੀ ਰਹਿੰਦੇ ਹਨ। ਲਗਭਗ ਚਾਰ ਹਜ਼ਾਰ ਵਿਦਿਆਰਥੀ ਇੰਜੀਨੀਰਿੰਗ ਕਾਲਜ ਵਿਚ ਪੜ੍ਹ ਰਹੇ ਹਨ।

ਸੁਭਾ ਸ਼ਾਮ ਜਿਸ ਦਿਨ ਬਾਰਸ਼ ਨਾ ਹੋਵੇ ਮੈਂ ਕੈਂਪਸ ਦਾ ਚੱਕਰ ਲਗਾ ਆਉਂਦਾ। ਨਾਲ ਹੀ ਗਲੀ ਵਿਚ ਸ਼ਾਪਿੰਗ ਸੈਂਟਰ ਹੈ ਜਿਥੋਂ ਲੋੜ ਅਨੁਸਾਰ ਤਾਜਾ ਦੁੱਧ, ਮੱਖਣ ਅਤੇ ਫਲ ਖਰੀਦ ਲਿਆਉਂਦਾ। ਮਹੱਲੇ ਦੇ ਲੋਕ ਸਮਝ ਰਹੇ ਸਨ ਕਿ ਮੈਂ ਪੱਕੀ ਰਿਹਾਇਸ਼ ਕਰ ਲਈ ਹੈ ਪਰੰਤੂ ਮੈਨੂੰ ਪਤਾ ਹੈ ਕਿ ਮੇਰਾ ਰੈਣ ਬਸੇਰਾ ਕੁਝ ਦਿਨ ਹੀ ਹੈ। ਕਈ ਵਾਰ ਵਿਦਿਆਰਥੀ ਰੈਸਤੋਰਾਂ ਵਿਚ ਮੇਰੇ ਖੋਜ ਕੰਮ ਬਾਰੇ ਪੁੱਛ ਗਿੱਛ ਕਰਦੇ। ਹੈਰਾਨੀ ਦੀ ਗੱਲ ਹੈ ਕਿ ਅਜੇ ਵੀ ਕਈਆਂ ਨੂੰ ਸਿਖਾਂ ਬਾਬਤ ਪਤਾ ਨਹੀਂ ਹੈ। ਉਨ੍ਹਾਂ ਨੂੰ ਹਿੰਦੁਸਤਾਨ ਬਾਰੇ ਵੀ ਘੱਟ ਹੀ ਗਿਆਨ ਹੈ। ਵੈਸੇ ਸਭ ਇਸ ਦੇਸ਼ ਨੂੰ ਵੇਖਣ ਦੇ ਚਾਹਵਾਨ ਜਾਪਦੇ ਹਨ।

ਦੁਨੀਆਂ ਵਿਚ ਅਮਰੀਕਾ ਇਸ ਵੇਲੇ ਮੋਹਰੀ ਦੇਸ਼ ਹੈ ਪਰੰਤੂ ਜੇਕਰ ਹੁਸਨ ਤੇ ਸੁੰਦਰਤਾ ਦੇ ਤਕਾਜੇ ਵਿਚ ਤੋਲਿਆ ਜਾਵੇ ਤਾਂ ਫਰਾਂਸ ਅਤੇ ਇਟਲੀ ਸਭ ਨੂੰ ਪਿਛਾੜ ਦਿੰਦੇ ਹਨ। ਇਨ੍ਹਾਂ ਦੋਹਾਂ ਦੇਸ਼ਾਂ ਦੀ ਤਹਿਜ਼ੀਬ ਵੀ ਪੁਰਾਣੀ ਹੈ। ਜੋ ਰੱਬ ਨੇ ਹੁਸਨ ਇਥੋਂ ਦੇ ਮਰਦਾਂ ਅਤੇ ਔਰਤਾਂ ਨੂੰ ਘੜ ਕੇ ਬਖਸ਼ਿਆ ਹੈ, ਉਹ ਕਿਧਰੇ ਹੋਰ ਨਹੀਂ ਲੱਭਦਾ। ਇਨ੍ਹਾਂ ਦੇ ਨੱਕ ਤਿਖੇ, ਅੱਖਾਂ ਬਿੱਲੀਆਂ, ਰੰਗ ਗੋਰੇ ਅਤੇ ਸਰੀਰ ਦਾ ਹਰ ਅੰਗ ਕਿਸੇ ਖਾਸ ਤਰਤੀਬ ਵਿਚ ਰਚਣਹਾਰੇ ਨੇ ਘੜਿਆ ਹੈ। ਇਹੋ ਕਾਰਨ ਹੈ ਕਿ ਸੁੰਦਰਤਾ ਵਿਚ ਪੈਰਿਸ ਸ਼ਹਿਰ ਅਤੇ ਹੁਸਨ ਵਿਚ ਫਰਾਂਸੀਸੀ ਲੋਕ ਲਾਸਾਨੀ ਹਨ। ਇਟਲੀ ਦਾ ਐਲਪਸ ਦੇ ਨਾਲ ਲਗਦਾ ਇਲਾਕਾ ਵੀ ਅਜੇਹੀ ਸੁੰਦਰਤਾ ਦਾ ਪ੍ਰਤੀਕ ਹੈ।

ਸਾਡੇ ਲਈ ਜੋ ਅਜੇ ਅਣਹੋਣੀ ਗੱਲ ਜਾਪਦੀ ਹੈ, ਉਹ ਇਥੋਂ ਦੇ ਨੌਜਵਾਨ ਮੁੰਡੇ ਕੁੜੀਆਂ ਦਾ ਸਹਿਵਾਸ ਹੈ। 1968 ਤੱਕ ਫਰਾਂਸ ਦੀਆਂ ਯੂਨੀਵਰਸਿਟੀਆਂ ਵਿਚ ਮੁੰਡੇ ਅਤੇ ਕੁੜੀਆਂ ਦੇ ਹੋਸਟਲ ਅਲੱਗ ਹੁੰਦੇ ਸਨ। ਇਥੇ ਇਕ ਭਾਰੀ ਵਿਦਿਆਰਥੀ ਵਿਦਰੋਹ ਹੋਇਆ ਜਿਸ ਕਰਕੇ ਫਰਾਂਸ ਸਰਕਾਰ ਦਾ ਤਖਤਾ ਹੀ ਪਲਟ ਗਿਆ। ਚਾਰਲਸ ਡੀ. ਗੌਲ ਵਰਗੇ ਨੇਤਾ ਨੂੰ ਅਸਤੀਫਾ ਦੇਣਾ ਪੈ ਗਿਆ। ਹੋਰ ਭਾਵੇਂ ਮੰਗਾਂ ਮੰਨੀਆਂ ਗਈਆਂ ਕਿ ਨਾ ਪਰੰਤੂ ਇਕ ਮੰਗ ਇਹ ਵੀ ਸੀ ਕਿ ਯੂਨੀਵਰਸਿਟੀਆਂ ਵਿਚ ਮੁੰਡੇ ਕੁੜੀਆਂ ਦੇ ਸਾਂਝੇ ਹੋਸਟਲ ਹੋਣ ਅਤੇ ਉਹ ਬਿਨਾਂ ਵਿਤਕਰੇ ਇਕੱਠੇ ਹੀ ਰਹਿ ਸਕਣ। ਜਦੋਂ ਮੈਂ 1970 ਵਿਚ ਪੈਰਿਸ ਯੂਨੀਵਰਸਿਟੀ ਵਿਚ ਖੋਜ ਕਰਨ ਗਿਆ ਤਾਂ ਮੈਂ ਇਸ ਸਹਿਵਾਸ ਬਾਰੇ ਜਾਣਕਾਰੀ ਹਾਸਲ ਨਾ ਕਰ ਸਕਿਆ ਕਿਉਂਕਿ ਇੰਡੀਅਨ ਹੋਸਟਲ ਵਿਚ ਇਹ ਸਿਲਸਿਲਾ ਲਾਗੂ ਨਹੀਂ ਸੀ ਕੀਤਾ ਗਿਆ। ਹਾਂ, ਇਥੇ ਬੀਬੀਆਂ ਦਾ ਇਕ ਵੱਖਰਾ ਵਿੰਗ ਕਾਇਮ ਸੀ ਜਿਥੇ ਮਰਦਾਂ ਨੂੰ ਦਾਖਲ ਹੋਣ ਲਈ ਵਾਰਡਨ ਤੋਂ ਇਜ਼ਾਜਤ ਲੈਣੀ ਪੈਂਦੀ ਸੀ। ਦਰਅਸਲ, ਭਾਰਤੀ ਮੁੰਡੇ ਭਾਰਤੀ ਕੁੜੀਆਂ ਨਾਲ ਗੱਲ ਕਰਕੇ ਰਾਜ਼ੀ ਨਹੀਂ ਸਨ ਇਹੋ ਹਾਲ ਹੀ ਸਾਡੀਆਂ ਦੇਵੀਆਂ ਦਾ ਸੀ, ਉਹ ਵੀ ਗੋਰੇ ਰੰਗ ਨੂੰ ਤਰਜੀਹ ਦੇਂਦੀਆਂ ਸਨ।

ਲੀਓਂ ਯੂਨੀਵਰਸਿਟੀ ਦੇ ਸਾਰੇ ਹੋਸਟਲਾਂ ਵਿਚ ਮੁੰਡੇ ਕੁੜੀਆਂ ਇਕੱਠੇ ਹੀ ਰਹਿੰਦੇ ਹਨ। ਇਹ ਇਕੱਠੇ ਪੜ੍ਹਦੇ, ਖੇਡਦੇ ਅਤੇ ਬਗੈਰ ਕਿਸੇ ਵਖਰੇਵੇਂ ਦੇ ਹਰ ਖੇਤਰ ਵਿਚ ਮੋਢੇ ਨਾਲ ਮੋਢਾ ਜੋੜ ਕੇ ਚਲਦੇ ਹਨ। ਆਮ ਅੰਦਾਜੇ ਮੁਤਾਬਕ ਫਰਾਂਸ ਵਿਚ ਪੰਜੀ ਪ੍ਰਤੀਸ਼ਤ ਜੋੜੇ ਵਿਆਹ ਸ਼ਾਦੀ ਦੇ ਬੰਧੇਜ ਤੋਂ ਮੁਕਤ ਹੀ ਸਹਿਵਾਸ ਕਰਦੇ ਹਨ। ਇਸ ਦੀ ਟ੍ਰੇਨਿੰਗ ਹੋਸਟਲ ਵਿਚ ਇਕੱਠੇ ਰਹਿਣ ਤੋਂ ਸ਼ੁਰੂ ਹੋ ਜਾਂਦੀ ਹੈ। ਸ਼ਾਦੀ ਕਰਵਾਣੀ ਇਹ ਜ਼ਰੂਰੀ ਨਹੀਂ ਸਮਝਦੇ। ਯੂਰਪ ਦੀਆਂ ਕਈ ਸਰਕਾਰਾਂ ਤਾਂ ਅਜੇਹੇ ਜੋੜਿਆਂ ਦੀ ਔਲਾਦ ਨੂੰ ਵੀ ਪੂਰੇ ਹੱਕ ਦੇਣ ਲਗ ਪਈਆਂ ਹਨ।

ਆਮ ਵਿਦਿਆਰਥੀ ਭਾਰਤ ਵਾਂਗ ਆਪਣੇ ਮਾਂ ਪਿਉ ਤੋਂ ਪੈਸੇ ਲੈ ਕੇ ਪੜ੍ਹਾਈ ਦਾ ਕੰਮ ਪੂਰਾ ਕਰਦਾ ਹੈ। ਅਮਰੀਕਾ ਵਿਚ ਤਾਂ ਹਰ ਵਿਦਿਆਰਥੀ ਨੂੰ ਆਪ ਕਮਾਈ ਕਰਕੇ ਗੁਜ਼ਾਰਾ ਕਰਨਾ ਪੈਂਦਾ ਹੈ। ਫਰਾਂਸ ਸੋਸਿਲਸ਼ਟ ਦੇਸ਼ ਰਿਹਾ ਹੈ ਅਤੇ ਗਰੀਬ ਪ੍ਰੀਵਾਰ ਦੇ ਬੱਚਿਆਂ ਨੂੰ ਪੜ੍ਹਾਈ ਲਈ ਵਜ਼ੀਫਾ ਮਿਲ ਜਾਂਦਾ ਹੈ। ਗਰੀਬ ਅਤੇ ਅਮੀਰ ਦੀ ਪਹਿਚਾਣ ਇਥੇ ਵੀ ਹੋ ਜਾਂਦੀ ਹੈ। ਕਾਰ ਦੇ ਮਾਡਲ ਤੋਂ ਜਾਂ ਫਿਰ ਛੈਲ ਛਬੀਲੇ ਪੁਣੇ ਤੋਂ। ਵੈਸੇ ਕੋਈ ਕਿਸੇ ਨੂੰ ਓਏ ਨਹੀਂ ਆਖ ਸਕਦਾ। ਸਭ ਦੇ ਹੱਕ ਬਰਾਬਰ ਹਨ। ਭਾਰਤ ਵਿਚਲੀ ਗਾਂਧੀਵਾਦੀ ਬਰਾਬਰਤਾ ਨਹੀਂ ਜਿਥੇ ਜਾਤਪਾਤ ਦਾ ਵਿਤਕਰਾ ਅਜੇ ਵੀ ਘਰ ਘਰ ਕਾਇਮ ਹੈ।

ਮੇਰੀ ਪ੍ਰਯੋਗਸ਼ਾਲਾ ਦੇ ਸਾਥੀ ਖੋਜੀਆਂ ਨੇ ਮੇਰੀ ਰਵਾਨਗੀ ਤੋਂ ਪਹਿਲਾਂ ਇਕ ਪ੍ਰੀਤੀ ਭੋਜਨ ਦਾ ਪ੍ਰਬੰਧ ਵੀ ਕੀਤਾ। ਸ਼ਹਿਰ ਦੇ ਇਕ ਹਿਸੇ ਵਿਚ ਪੁਰਾਣਾ ਰੈਸਤੋਰਾਂ ਹੈ ਜਿਥੇ ਘਰ ਦੀਆਂ ਬੀਬੀਆਂ ਆਪ ਹੀ ਖਾਣਾ ਪਕਾ ਕੇ ਮਹਿਮਾਨਾਂ ਦਾ ਸਵਾਗਤ ਕਰਦੀਆਂ ਹਨ। ਇਸ ਛੋਟੇ ਜਿਹੇ ਰੈਸਤੋਰਾਂ ਵਿਚ ਕਾਫੀ ਭੀੜ ਸੀ। ਇਕ ਤਾਂ ਇਥੇ ਖਾਣਾ ਸਸਤਾ ਮਿਲ ਜਾਂਦਾ ਹੈ, ਦੂਸਰੇ ਬਾਹਰਲੇ ਯਾਤਰੀ ਜੋ ਇਸ ਇਲਾਕੇ ਦੀ ਵੰਨਗੀ ਦਾ ਅਨੰਦ ਮਾਨਣਾ ਚਾਹੁੰਦੇ ਹੋਣ, ਉਨ੍ਹਾ ਨੂੰ ਮਨਭਾਉਂਦਾ ਭੋਜਨ ਮਿਲ ਜਾਂਦਾ ਹੈ। ਗਈ ਰਾਤ ਤੱਕ ਅਸੀਂ ਭੋਜਨ ਦਾ ਅਨੰਦ ਮਾਣਿਆ, ਲੀਓਂ ਸ਼ਹਿਰ ਦਾ ਰਾਤ ਦਾ ਨਜ਼ਾਰਾ ਵੇਖਿਆ, ਇਥੋਂ ਦੇ ਦੋ ਦਰਿਆਵਾਂ ਰੋਨ ਅਤੇ ਸੋਨ ਦੇ ਮੁਹਾਣੇ ਦੀ ਸੈਰ ਕਰਕੇ ਅੱਧੀ ਰਾਤ ਤੋਂ ਪਹਿਲਾਂ ਮੈਂ ਆਪਣੇ ਨਿਵਾਸ ਅਸਥਾਨ ਤੇ ਪਰਤ ਆਇਆ। ਪ੍ਰੋ. ਪੌਲ ਦੀ ਘਰਵਾਲੀ ਨੇ ਮੇਰੇ ਲਈ ਉਚੇਚਾ ਸ਼ਾਕਾਹਾਰੀ ਭੋਜਨ ਦਾ ਪ੍ਰਬੰਧ ਕਰਵਾਇਆ ਸੀ। ਜਦੋਂ ਉਸਨੇ ਆਪਣੇ ਲਈ ਮੱਛੀ ਪਰੋਸੀ ਤਾਂ ਮੈਨੂੰ ਵੀ ਦਾਅਵਤ ਦਿੱਤੀ। ਮੈਂ ਕਿਹਾ ਸਾਡੇ ਬੰਗਾਲੀ ਪੰਡਿਤ ਤਾਂ ਮੱਛੀ ਨੂੰ ਵੀ ਜਲਤੋਰੀ ਕਹਿ ਕੇ ਛਕ ਜਾਂਦੇ ਹਨ। ਮੈਂ ਵੀ ਆਪਣੇ ਮੇਜ਼ਬਾਨ ਦੀ ਦਾਅਵਤ ਦਾ ਕਿਉਂ ਨਾ ਸਵਾਗਤ ਕਰਾਂ ਅਤੇ ਸ਼ਾਕਾਹਾਰੀ ਭੋਜਨ ਵਿਚ ਜਲਤੋਰੀ ਵੀ ਸ਼ਾਮਲ ਕਰ ਲਵਾਂ।

6 ਜੂਨ ਐਤਵਾਰ ਨੂੰ ਦੁਪਹਿਰ ਦੇ ਖਾਣੇ ਉਪਰੰਤ ਪ੍ਰੋ. ਪੌਲ ਮੈਨੂੰ ਆਪਣੀ ਕਾਰ ਵਿਚ ਬਿਠਾ ਕੇ ਲੀਓਂ ਦੇ ਰੇਲਵੇ ਸਟੇਸ਼ਨ ਤੇ ਛਡ ਗਿਆ ਅਤੇ ਮੈਂ ਆਪਣੀ ਯਾਤਰਾ ਦੇ ਅਗਲੇ ਪੜਾਅ ਵੱਲ ਲੀਓਂ ਦੀਆਂ ਯਾਦਾਂ ਨੂੰ ਸੰਭਾਲ ਕੇ ਤੁਰ ਪਿਆ।

## ਐਲਪਸ ਦਾ ਬੱਚਾ – ਗਰੀਨੋਬਲ

---

ਗਰੀਨੋਬਲ ਐਲਪਸ ਪਹਾੜ ਦੀਆਂ ਚੋਟੀਆਂ ਵਿਚ ਘਿਰਿਆ ਫਰਾਂਸ ਦਾ ਇਕ ਸੁੰਦਰ ਸ਼ਹਿਰ ਹੈ। ਇਸ ਦੀ ਮਸ਼ਹੂਰੀ ਦਾ ਇਕ ਹੋਰ ਵੀ ਕਾਰਨ ਹੈ - ਦੁਨੀਆਂ ਦੀਆਂ ਪਹਿਲੀਆਂ ਸਰਦ-ਰੁੱਤ ਉਲੰਪਿਕ ਖੇਡਾਂ ਇਸ ਸ਼ਹਿਰ ਵਿਚ ਹੋਈਆਂ ਸਨ। ਇਸ ਤੋਂ ਥੋੜੀ ਦੂਰੀ ਤੇ ਐਲਪਸ ਦੀਆਂ ਉਹ ਢਲਾਣਾਂ ਹਨ ਜਿਥੇ ਸਰਦੀਆਂ ਵਿਚ ਦੁਨੀਆਂ ਭਰ ਦੇ ਸਕੀਂਗ (ਸ਼ਕਨਿੰਗ) ਦੇ ਸ਼ੌਕੀਨ ਆ ਤੰਬੂ ਗੱਡਦੇ ਹਨ। ਇਹ ਫਰਾਂਸ ਦੇ ਬਾਰਡਰ ਤੇ ਹੋਣ ਕਰਕੇ ਇਥੋਂ ਸਵਿਟਜ਼ਰਲੈਂਡ ਅਤੇ ਇਟਲੀ ਵੀ ਨਜ਼ਦੀਕ ਹੀ ਰਹਿ ਜਾਂਦੇ ਹਨ। ਭਾਵੇਂ ਸਾਡੇ ਹਿਮਾਲਾ ਪਰਬਤ ਦੇ ਮੁਕਾਬਲੇ ਐਲਪਸ ਇਕ ਬੱਚਾ ਹੀ ਮਾਲੂਮ ਹੁੰਦਾ ਹੈ ਕਿਉਂਕਿ ਇਸਦੀ ਸਭ ਤੋਂ ਉੱਚੀ ਚੋਟੀ, ਜਿਸਨੂੰ ਮਾਊਂਟ ਬਲੈਂਕ ਕਹਿੰਦੇ ਹਨ, ਮਾਊਂਟ ਐਵਰਸਟ ਦੀ ਚੋਟੀ ਦੇ ਅੱਧ ਵਿਚ ਵੀ ਨਹੀਂ ਪਹੁੰਚਦੀ। ਫਿਰ ਵੀ ਯੂਰਪ ਦੇ ਲੋਕ ਆਪਣੇ ਇਸ ਪਰਬਤ ਤੋਂ ਵਾਰੇ ਵਾਰੇ ਜਾਂਦੇ ਹਨ ਕਿਉਂਕਿ ਇਸਦੀਆਂ ਚੋਟੀਆਂ ਸਾਰਾ ਸਾਲ ਹੀ ਬਰਫ ਨਾਲ ਲੱਦੀਆਂ ਰਹਿੰਦੀਆਂ ਹਨ। ਯੂਰਪ ਦਾ ਜਲਵਾਯੂ ਹੀ ਐਸਾ ਹੈ ਕਿ ਸਰਦੀਆਂ ਵਿਚ ਮੈਦਾਨੀ ਇਲਾਕੇ ਵਿਚ ਵੀ ਬਰਫ਼ ਪੈ ਜਾਂਦੀ ਹੈ ਅਤੇ ਸਾਰੇ ਦਾ ਸਾਰਾ ਐਲਪਸ ਚਿੱਟੀ ਦੁੱਧ ਬਰਫ ਦੀ ਚਾਦਰ ਨਾਲ ਕੱਜਿਆ ਜਾਂਦਾ ਹੈ।

ਮੇਰਾ ਗਰੀਨੋਬਲ ਦਾ ਪਹਿਲਾ ਚੱਕਰ ਜੁਲਾਈ 1971 ਵਿਚ ਲੱਗਾ ਜਦੋਂ ਇਥੇ ਇਕ ਅੰਤਰਰਾਸ਼ਟਰੀ ਫ਼ਿਲਮ ਉਤਸਵ ਦਾ ਪ੍ਰਬੰਧ ਕੀਤਾ ਗਿਆ। ਇਸ ਉਤਸਵ ਵਿਚ ਦੁਨੀਆਂ ਭਰ ਦੇ ਦੇਸ਼ਾਂ ਤੋਂ ਫਿਲਮਾਂ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਫਰਾਂਸ ਦੀਆਂ ਸਭ ਯੂਨੀਵਰਸਿਟੀਆਂ ਤੋਂ ਵਿਦਿਆਰਥੀਆਂ ਦੇ ਜਥੇ ਇਸ ਵਿਚ ਸ਼ਾਮਲ ਹੋਏ। ਪੈਰਿਸ ਦੇ ਜਥੇ ਵਿਚ ਮੈਨੂੰ ਉਚੇਚੇ ਤੌਰ ਤੇ ਸ਼ਾਮਲ ਕੀਤਾ ਗਿਆ। ਅਸੀਂ ਦੋ ਹਫਤੇ ਗਰੀਨੋਬਲ ਯੂਨੀਵਰਸਿਟੀ ਦੇ ਹੋਸਟਲ ਵਿਚ ਰਹੇ। ਫਿਲਮ ਉਤਸਵ ਤੋਂ ਬਗੈਰ ਸਾਡੇ ਗਰੁੱਪ ਨੇ ਐਲਪਸ ਪਹਾੜ ਦੀਆਂ ਚੋਟੀਆਂ ਦੀ ਵੀ ਸੈਰ ਕੀਤੀ ਅਤੇ ਕੁਝ ਪਹਾੜੀ ਕੰਦਰਾਂ ਵੀ ਵੇਖੀਆਂ ਜਿਨ੍ਹਾਂ ਵਿਚ ਕਿਸੇ ਜਮਾਨੇ ਵਿਚ ਯੂਰਪ ਦੇ ਆਦਿ ਮਨੁੱਖ ਨੇ ਆਪਣਾ ਜੀਵਨ ਬਤੀਤ ਕੀਤਾ ਸੀ।

ਇਸ ਫ਼ਿਲਮ ਉਤਸਵ ਦੀ ਯਾਦ ਇਸ ਕਰਕੇ ਵੀ ਤਾਜ਼ਾ ਰਹੀ ਹੈ ਕਿਉਂਕਿ ਭਾਰਤ ਸਰਕਾਰ ਵੱਲੋਂ ਇਸ ਵਿਚ ਜੋ ਫ਼ਿਲਮ ਭੇਜੀ ਗਈ ਉਹ ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਉਪਰ ਅਧਾਰਿਤ ਹੈ। ਫਿਲਮ ਦੇ ਨਿਰਮਾਤਾ ਮਿਸਟਰ ਬੀ.ਆਰ. ਚੋਪੜਾ ਮੈਨੂੰ ਬੜੇ ਤਪਾਕ ਨਾਲ ਮਿਲੇ, ਇਕ ਤਾਂ ਪੰਜਾਬੀ ਹੋਣ ਕਰਕੇ ਅਤੇ ਦੂਜਾ ਫਰਾਂਸ ਵਿਚ ਭਾਸ਼ਾ ਦੀ ਮੁਸ਼ਕਲ ਹੱਲ ਕਰਨੀ ਬੜੀ ਔਖੀ ਹੈ। ਉਨ੍ਹਾਂ ਨੇ ਕਾਹਲੀ ਕਾਹਲੀ ਪੈਰਿਸ ਪਹੁੰਚ ਕੇ ਇਸ ਫਿਲਮ ਦੀ 'ਡੱਬਿੰਗ' ਦਾ ਪ੍ਰਬੰਧ ਵੀ ਕੀਤਾ ਪਰੰਤੂ ਫਿਰ ਵੀ ਕੰਮ ਅਧੂਰਾ ਹੀ ਰਹਿ ਗਿਆ। ਉਨ੍ਹਾਂ ਨੇ ਇਸ ਸਮੱਸਿਆ ਦਾ ਜ਼ਿਕਰ ਮੇਰੇ ਨਾਲ ਵੀ ਕੀਤਾ। ਮੇਰੀ ਫਰਾਂਸੀਸੀ ਭਾਸ਼ਾ ਦੀ ਮੁਹਾਰਤ ਅਜੇ ਘੱਟ ਸੀ ਪਰੰਤੂ ਮੈਂ ਉਨ੍ਹਾਂ ਦੀ ਸਮੱਸਿਆ ਹੱਲ ਕਰਨ ਲਈ ਵਾਅਦਾ ਕਰ ਬੈਠਾ। ਖੁਸ਼ਕਿਸਮਤੀ ਨੂੰ ਫਿਲਮ ਉਤਸਵ ਦੇ ਡਾਇਰੈਕਟਰ ਦੀ ਬੀਵੀ 'ਮਾਰੀ ਕਲੌਡ' ਮੇਰੀ ਚੰਗੀ ਚਹੇਤੀ ਬਣ ਗਈ ਸੀ। ਹਰ ਰੋਜ਼ ਸਵੇਰੇ ਅਤੇ ਸ਼ਾਮ ਰੈਸਤੋਰਾਂ ਵਿਚ ਖਾਣੇ ਦੇ ਮੇਜ ਉਪਰ ਸਾਡਾ ਅਕਸਰ ਮੇਲ ਹੋਣਾ। ਜਦ ਪਹਿਲੇ ਦਿਨ ਹੀ ਸਾਡੇ ਗੁਰੱਪ ਦੀ ਜਾਣ ਪਹਿਚਾਣ ਕਰਵਾਈ ਗਈ ਅਤੇ ਰਹਿਣ ਦਾ ਪ੍ਰਬੰਧ ਕੀਤਾ

ਗਿਆ ਤਾਂ ਮੇਰੇ ਲਈ ਚੋਣਵਾਂ ਕਮਰਾ ਰਾਖਵਾਂ ਕਰ ਦਿਤਾ ਗਿਆ। ਇਸ ਬੀਬੀ ਨੇ ਕਿਸੇ ਸਾਬਤ ਸੂਰਤ ਸਿਖ ਦੇ ਪਹਿਲੀ ਵਾਰ ਦੀਦਾਰ ਕੀਤੇ ਸਨ ਅਤੇ ਉਹ ਮੇਰੇ ਸਾਰੇ ਕੰਮ ਇਸ ਤਰ੍ਹਾਂ ਕਰਕੇ ਖੁਸ਼ ਹੁੰਦੀ ਜਿਵੇਂ ਕਿਸੇ ਕੰਠੇ ਵਾਲੇ ਪ੍ਰਾਹੁਣੇ ਦੀ ਖਾਤਰ ਕਦੇ ਪੰਜਾਬਣ ਮੁਟਿਆਰ ਬਲਿਹਾਰੇ ਜਾਇਆ ਕਰਦੀ ਸੀ। ਪਤਾ ਨਹੀਂ ਹੁਣ ਤਾਂ ਜ਼ਮਾਨਾ ਹੀ ਲੱਦ ਗਿਆ ਹੈ। ਨਾ ਕੰਠੇ ਵਾਲੇ ਪ੍ਰਾਹੁਣੇ ਹੀ ਰਹੇ ਹਨ ਅਤੇ ਨਾ ਹੀ ਉਹ ਪੰਜਾਬਣ ਮੁਟਿਆਰਾਂ। ਖੈਰ ਮੈਂ ਚੋਪੜਾ ਸਾਹਿਬ ਦੀ ਸਮੱਸਿਆ ਲੈ ਕੇ ਮਾਰੀ ਕਲੌਂਡ ਕੋਲ ਹਾਜ਼ਰ ਹੋਇਆ। ਉਹ ਝੱਟ ਤਿਆਰ ਹੋ ਗਈ ਅਤੇ ਮੈਨੂੰ ਕਹਿਣ ਲਗੀ ਕਿ ਫ਼ਿਲਮ ਦੀ ਭੂਮਿਕਾ ਮੈਂ ਪੇਸ਼ ਕਰ ਦੇਵਾਂ ਅਤੇ ਬਹਿਸ ਵੇਲੇ ਸਵਾਲਾਂ ਦੇ ਜਵਾਬ ਉਹ ਦੇ ਦੇਵੇਗੀ। ਸੋ ਆਪਣੇ ਹਰਮਨ ਪਿਆਰੇ ਨਾਵਲਿਸਟ ਦੀ ਫ਼ਿਲਮ ਦੀ ਭੂਮਿਕਾ ਫਰਾਂਸੀਸੀ ਵਿਚ ਪੇਸ਼ ਕਰ ਦਿਤੀ ਜੋ ਕਿ ਮੇਰੇ ਦਸ ਸਾਲ ਪਹਿਲਾਂ ਦੇ ਅਧਿਐਨ ਉਪਰ ਆਧਾਰਿਤ ਸੀ। ਫ਼ਿਲਮ ਦਾ ਪ੍ਰਦਰਸ਼ਨ ਸਿਰੇ ਚੜ੍ਹ ਗਿਆ। ਖ਼ੈਰ ਇਹ ਸਤਿਆਜੀਤ ਰੇਅ ਦੀ ਫ਼ਿਲਮ ਤਾਂ ਹੈ ਨਹੀਂ ਸੀ ਜੋ ਇਨਾਮ ਜਿਤ ਲੈਂਦੀ ਪਰ ਫਿਰ ਵੀ ਸਾਡੀ ਵਾਹਵਾ ਦਾਲ ਗਲ ਗਈ।

ਜਦੋਂ ਮੈਂ 6 ਜੂਨ ਨੂੰ ਗਰੀਨੋਬਲ ਜਾਣ ਵਾਲੀ ਰੇਲਗੱਡੀ ਵਿਚ ਸਵਾਰ ਹੋਇਆ ਤਾਂ ਬਾਈ ਸਾਲ ਪੁਰਾਣੀਆਂ ਯਾਦਾਂ ਦੇ ਬੱਦਲ ਉਮਡ ਕੇ ਮੇਰੇ ਮਨ ਦੇ ਦਿਸਹੱਦੇ ਉਪਰ ਆਪਣਾ ਅਕਸ ਪਾਣ ਲੱਗੇ। ਗੱਡੀ ਐਲਪਸ ਪਹਾੜ ਦੀਆਂ ਘਾਟੀਆਂ ਵਿਚੋਂ ਲੰਘਦੀ ਹੋਈ ਗਰੀਨੋਬਲ ਦੇ ਸਟੇਸ਼ਨ ਤੇ ਜਾ ਪਹੁੰਚੀ। ਮੈਂ ਆਪਣਾ ਸਮਾਨ ਲੈ ਕੇ ਬਾਹਰ ਨਿਕਲਿਆ ਹੀ ਸਾਂ ਕਿ ਜ਼ੇਰਾ ਪੂਪੋ ਆ ਮਿਲਿਆ। ਇਹ ਵਿਗਿਆਨੀ ਮੈਨੂੰ 1981 ਵਿਚ ਪਹਿਲੀ ਵਾਰ ਅਹਿਮਦਾਬਾਦ ਇਕ ਕਾਨਫ਼ਰੰਸ ਦੌਰਾਨ ਮਿਲਿਆ ਸੀ। ਖ਼ੈਰ ਪਗੜੀ ਕਰਕੇ ਉਹ ਝਟ ਪਛਾਣ ਗਿਆ ਅਤੇ ਆਪਣੀ ਕਾਰ ਵਿਚ ਬਿਠਾ ਕੇ ਮੇਰੇ ਟਿਕਾਣੇ ਉਪਰ ਛੱਡ ਗਿਆ। ਇਥੇ ਮੈਂ ਦੋ ਹਫਤੇ ਹੀ ਰਹਿਣਾ ਸੀ ਅਤੇ ਮੇਰੀ ਰਿਹਾਇਸ਼ ਦਾ ਪ੍ਰਬੰਧ ਇਕ ਪਰਿਵਾਰ ਦੇ ਵਿਚ ਬਤੌਰ 'ਕਿਰਾਏ ਦਾ ਪ੍ਰਾਹੁਣਾ' ਦੇ ਤੌਰ ਤੇ ਕੀਤਾ ਗਿਆ। ਕਿਉਂਕਿ ਹੋਟਲ ਬਹੁਤ ਮਹਿੰਗੇ ਪੈਂਦੇ ਸਨ ਅਤੇ ਯੂਨੀਵਰਸਿਟੀ ਵਿਚ ਕਮਰੇ ਦੀ ਉਮੀਦ ਨਹੀਂ ਸੀ ਕਿਉਂਕਿ ਇਮਤਿਹਾਨਾਂ ਕਰਕੇ ਕੋਈ ਖਾਲੀ ਕਮਰਾ ਮਿਲਣਾ ਮੁਸ਼ਕਲ ਸੀ। ਜਾਂਦਾ ਹੋਇਆ ਪੂਪੋ ਕਹਿ ਗਿਆ ਕਿ ਉਹ ਸਤ ਵਜੇ ਪਰਤੇਗਾ ਅਤੇ ਰਾਤ ਦੀ ਰੋਟੀ ਅਸੀਂ ਕਿਸੇ ਰੈਸਤੋਰਾਂ ਵਿਚ ਖਾਵਾਂਗੇ।

ਮੈਂ ਅਜੇ ਮਸਾਂ ਥਕੇਵਾਂ ਦੂਰ ਹੀ ਕੀਤਾ ਸੀ ਕਿ ਪੂਪੋ ਦਾ ਫੋਨ ਆ ਗਿਆ ਕਿ ਉਹ ਪੰਜਾਂ ਮਿੰਟਾਂ ਵਿਚ ਹਾਜ਼ਰ ਹੋ ਰਿਹਾ ਹੈ ਅਤੇ ਮੇਰੀ ਉਡੀਕ ਮਕਾਨ ਦੇ ਹੇਠ ਕਾਰ ਵਿਚ ਕਰੇਗਾ। ਉਸਦਾ ਘਰ ਇਥੋਂ ਦੋ ਕਿਲੋਮੀਟਰ ਦੀ ਦੂਰੀ ਤੇ ਸੀ, ਉਸਨੇ ਹਰ ਰੋਜ਼ ਮੇਰੇ ਨਾਲ ਇਹ ਸਿਲਸਿਲਾ ਨਿਭਾਉਣ ਦੀ ਤਜਵੀਜ਼ ਪੇਸ਼ ਕੀਤੀ। ਉਹ ਸਵੇਰੇ ਫੋਨ ਕਰਕੇ ਮੈਨੂੰ ਹੇਠ ਆਉਣ ਦੀ ਤਾਕੀਦ ਕਰ ਦਿੰਦਾ ਅਤੇ ਮੈਂ ਵੇਲੇ ਸਿਰ ਤਿਆਰ ਹੋ ਕੇ ਮਿਥੇ ਸਮੇਂ ਤੇ ਉਸ ਦੀ ਕਾਰ ਵਿਚ ਸਵਾਰ ਹੋ ਕੇ ਯੂਨੀਵਰਸਿਟੀ ਵੱਲ ਰਵਾਨਾ ਹੋ ਜਾਂਦੇ। ਉਸ ਸ਼ਾਮ ਜਦੋਂ ਅਸੀਂ ਬਜ਼ਾਰ ਵਿਚੋਂ ਲੰਘ ਰਹੇ ਸਾਂ ਤਾਂ ਮੈਂ ਆਪਣੇ ਮੇਜ਼ਬਾਨ ਨੂੰ ਕਾਰ ਵਿਚ ਹੀ ਦੱਸਣਾ ਯੋਗ ਸਮਝਿਆ ਕਿ ਮੈਂ ਸ਼ਾਕਾਹਾਰੀ ਭੋਜਨ ਪਸੰਦ ਕਰਦਾ ਹਾਂ। ਉਸ ਸ਼ਾਮ ਅਸੀਂ ਦਰਿਆ ਰੋਨ ਦੇ ਕਿਨਾਰੇ ਇਕ ਰੈਸਤੋਰਾਂ ਵਿਚ ਇਟਲੀ ਦਾ ਮਨਪਸੰਦ ਰੋਟ 'ਪੀਜ਼ਾ' ਖਾ ਰਹੇ ਸਾਂ। ਇਹ ਗਰਮ ਗਰਮ ਤਾਂ ਖਾਧਾ ਗਿਆ ਪਰੰਤੂ ਜਦੋਂ ਠੰਡਾ ਹੋ ਗਿਆ ਤਾਂ ਚਿੰਗਮ ਵਾਂਗ ਦੰਦਾਂ ਨੂੰ ਚੰਬੜ ਗਿਆ। ਯੂਰਪ ਵਿਚ ਹੁਣ ਪੀਜ਼ਾ ਹਰ ਸ਼ਹਿਰ ਵਿਚ ਮਿਲ ਜਾਂਦਾ ਹੈ ਅਤੇ ਸਾਡੇ ਢਾਬੇ ਵਾਂਗ ਇਹ ਤੰਦੂਰ ਤੇ ਹੀ ਤਿਆਰ ਕੀਤਾ ਜਾਂਦਾ ਹੈ।

ਪਹਿਲੀ ਰਾਤ ਓਪਰੀ ਥਾਂ ਅਤੇ ਗਰਮੀ ਕਾਰਨ ਮੈਨੂੰ ਨੀਂਦ ਹੀ ਨਾ ਪਈ ਅਤੇ ਬੇ-ਆਰਾਮੀ ਵਿਚ ਹੀ ਰਾਤ ਗੁਜ਼ਰ ਗਈ। ਅਗਲੀ ਸਵੇਰ ਮੈਂ ਪੂਪੋ ਨਾਲ ਗਲ ਕੀਤੀ ਤਾਂ ਉਹ ਕਹਿਣ ਲਗਾ ਕਿ ਮੌਸਮ ਇਕ ਦਮ ਬਦਲ ਗਿਆ ਹੈ। ਮੇਰਾ ਤਕਾਜ਼ਾ ਸੀ ਕਿ ਮੈਂ ਐਲਪਸ ਪਹਾੜ ਦੇ ਪੁੱਤਰ ਗਰੀਨੋਬਲ ਸ਼ਹਿਰ ਵਿਚ ਅੰਮ੍ਰਿਤਸਰ ਦੀ ਸਾਰੀ ਗਰਮੀ ਕੱਢ ਲਵਾਂਗਾ ਪਰੰਤੂ ਇਥੇ ਤਾਂ ਪੈਰਿਸ ਅਤੇ ਲੀਓਂ ਨਾਲੋਂ ਵੀ ਵਧੇਰੇ ਕੜਾਕੇ ਦੀ ਧੁੱਪ ਪੈ ਰਹੀ ਸੀ। ਵਾਕਿਆ ਹੀ ਤਿੰਨ ਦਿਨ ਦੀ ਸਖਤ ਗਰਮੀ ਦੇ ਬਾਅਦ ਇਕਦਮ ਬੱਦਲ ਉਮਡ ਆਏ ਅਤੇ ਰਾਤ ਭਰ ਦੀ ਝੜੀ ਉਪਰੰਤ ਮੌਸਮ ਸੁਹਾਣਾ ਹੋ ਗਿਆ। ਬਲਕਿ ਐਤਵਾਰ ਤੱਕ ਇੰਨੀ ਸਰਦੀ ਹੋ ਗਈ ਕਿ ਰਾਤ ਨੂੰ ਰਜਾਈ ਲੈਣੀ ਪੈ ਗਈ।

ਦਰਅਸਲ ਗਰੀਨੋਬਲ ਸ਼ਹਿਰ ਪਹਾੜ ਦੀ ਘਾਟੀ ਵਿਚ ਸਥਿਤ ਹੈ। ਇਸਦੀ ਸਮੁੰਦਰੀ ਤਲ ਤੋਂ ਉਚਾਈ ਕੇਵਲ 200 ਮੀਟਰ ਹੈ ਜਿਸ ਕਰਕੇ ਜਦੋਂ ਧੁੱਪ ਨਿਕਲਦੀ ਹੈ ਤਾਂ ਆਲੇ ਦੁਆਲੇ ਦੇ ਪਹਾੜ ਹਵਾ ਨੂੰ ਰੋਕ ਲੈਂਦੇ ਹਨ ਅਤੇ ਸ਼ਹਿਰ ਇਕ ਭੱਠੀ ਵਾਂਗ ਤਪ ਜਾਂਦਾ ਹੈ। ਦੂਸਰੇ ਹਫਤੇ ਮੌਸਮ ਠੀਕ ਹੋ ਗਿਆ ਅਤੇ ਮੇਰੇ ਇਥੋਂ ਵਿਦਾ ਹੋਣ ਤਕ ਠੀਕ ਰਹਿਣ ਦੀ ਸੰਭਾਵਨਾ ਜਾਪੀ। ਅਗਲੇ ਪੜਾਅ ਦੀ ਤਿਆਰੀ 18 ਤਰੀਕ ਨੂੰ ਕਰਕੇ 19 ਜੂਨ ਸਵੇਰੇ ਹੀ ਇਥੋਂ ਚਾਲੇ ਪਾ ਦੇਣੇ ਸਨ।

ਗਰੀਨੋਬਲ ਦੀ ਵਸੋਂ ਤਿੰਨ ਲੱਖ ਦੇ ਕਰੀਬ ਹੈ ਅਤੇ ਇਥੋਂ ਦੀ ਯੂਨੀਵਰਸਿਟੀ ਵਿਚ ਤੀਹ ਹਜ਼ਾਰ ਤੋਂ ਵਧੇਰੇ ਵਿਦਿਆਰਥੀ ਵਿਦਿਆ ਹਾਸਲ ਕਰ ਰਹੇ ਹਨ। ਪੈਰਿਸ ਤੋਂ ਬਾਅਦ ਇਹ ਫਰਾਂਸ ਦੀ ਦੂਸਰੇ ਨੰਬਰ ਦੀ ਯੂਨੀਵਰਸਿਟੀ ਮੰਨੀ ਜਾਂਦੀ ਹੈ ਅਤੇ ਇਸਦੀ ਸਾਇੰਸ ਫੈਕਲਟੀ ਵਿਚ ਫਰਾਂਸ ਦੇ ਸਾਰੇ ਪ੍ਰਾਂਤਾਂ ਤੋਂ ਅਤੇ ਵਿਦੇਸ਼ਾਂ ਤੋਂ ਵੀ ਵਿਦਿਆਰਥੀ ਵਿਦਿਆ ਗ੍ਰਹਿਣ ਕਰਨ ਲਈ

ਆਉਂਦੇ ਹਨ। ਮੈਨੂੰ ਪਹਿਲਾਂ ਹੀ ਪਤਾ ਸੀ ਕਿ ਭਾਰਤ ਤੋਂ ਕੁਝ ਫਰਾਂਸੀਸੀ ਭਾਸ਼ਾ ਦੇ ਉਸਤਾਦ ਇਥੇ ਟ੍ਰੇਨਿੰਗ ਹਾਸਲ ਕਰਨ ਲਈ ਆਏ ਹੋਏ ਹਨ। ਸਾਡੀ ਆਪਣੀ ਯੂਨੀਵਰਸਿਟੀ ਤੋਂ ਜਸਪ੍ਰੀਤ ਕੌਰ ਵੀ ਇਥੇ ਪਹੁੰਚੀ ਹੋਈ ਸੀ। ਸ਼ਨੀਵਾਰ ਰਾਤ ਦਾ ਖਾਣਾ ਯੂਨੀਵਰਸਿਟੀ ਵਿਚ ਖਾਣ ਲਈ ਮੈਂ ਸੱਦਾ ਪ੍ਰਵਾਨ ਕਰ ਲਿਆ। ਸਤ ਵਜੇ ਮੈਂ ਹੋਸਟਲ ਵਿਚ ਪਹੁੰਚ ਗਿਆ ਤਾਂ ਵੇਖਿਆ ਕਿ ਅਗੇ ਇਕ ਨਹੀਂ ਬਲਕਿ ਦੋ ਪੰਜਾਬਣਾਂ ਸੁਆਗਤ ਲਈ ਹਾਜ਼ਰ ਸਨ। ਇਨ੍ਹਾਂ ਨੇ ਵਾਹ ਲਗਦੀ ਮੈਦੇ ਦੀਆਂ ਰੋਟੀਆਂ ਅਤੇ ਸਬਜ਼ੀ ਆਦਿ ਤਿਆਰ ਕਰਕੇ ਸ਼ਾਕਾਹਾਰੀ ਭੋਜਨ ਪਰੋਸ ਲਿਆਂਦਾ। ਖਾਣੇ ਉਪਰ ਡੇਹਰਾਦੂਨ ਦੀ 'ਵਾਡੀਆ ਖੋਜ ਸੰਸਥਾ' ਦਾ ਡਾਕਟਰ ਸੁਰੇਸ਼ ਕੁਮਾਰ ਅਤੇ ਕਿੰਬੇਟੋਰ ਦਾ ਫਰਾਂਸੀਸੀ ਅਧਿਆਪਕ ਵੀ ਸ਼ਾਮਲ ਸੀ। ਪੰਜਾਬੀ ਬੀਬੀਆਂ ਉਸ ਨਾਲ ਛੇੜਖਾਨੀ ਕਰ ਰਹੀਆਂ ਸਨ ਕਿਉਂਕਿ ਉਸਨੂੰ ਫਰਾਂਸੀਸੀ ਅਤੇ ਅੰਗਰੇਜ਼ੀ ਤਾਂ ਚੰਗੀ ਤਰ੍ਹਾਂ ਆਉਂਦੀ ਸੀ ਪਰੰਤੂ ਪੰਜਾਬੀ ਅਤੇ ਹਿੰਦੀ ਤੋਂ ਬਿਲਕੁਲ ਕੋਰਾ ਸੀ। ਭਾਰਤ ਵਰਸ਼ ਵੀ ਕਮਾਲ ਦਾ ਦੇਸ ਹੈ ਜਿਥੇ ਅਸੀਂ ਅਜੇ ਤੱਕ ਕੋਈ ਸਾਂਝੀ ਕੌਮੀ ਭਾਸ਼ਾ ਵੀ ਨਹੀਂ ਅਪਨਾ ਸਕੇ।

ਗਰੀਨੋਬਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦੀ ਸਿਫਤ ਤਾਂ ਮੈਂ ਸੁਣ ਰੱਖੀ ਸੀ ਪਰੰਤੂ ਮੈਨੂੰ ਇਹ ਗਿਆਨ ਨਹੀਂ ਸੀ ਕਿ ਇਥੇ ਵੀ ਇਕ ਫਰਾਂਸੀਸੀ ਜੋੜੀ ਮੇਰੀ ਵਾਕਫ ਨਿਕਲ ਆਵੇਗੀ। ਪੈਰਿਸ ਤੋਂ ਨਰੇਸ਼ ਸਿੰਘ ਦਾ ਫੋਨ ਆਇਆ ਕਿ 1980 ਵਿਚ ਪ੍ਰੋ: ਮਾਰਕ ਅਤੇ ਉਸਦੀ ਘਰਵਾਲੀ ਨਿਨੀਅਤ ਅੰਮ੍ਰਿਤਸਰ ਦੀ ਯਾਤਰਾ ਕਰਨ ਆਏ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਹੀ ਠਹਿਰੇ ਸਨ। ਮੈਨੂੰ ਇਕਦਮ ਉਨ੍ਹਾਂ ਦੀ ਇਸ ਫੇਰੀ ਦਾ ਖਿਆਲ ਆ ਗਿਆ। ਕਿਉਂਕਿ ਇਸ ਜੋੜੀ ਨੇ ਗੈਸਟ ਹਾਊਸ ਵਿਚ ਹੋਈ ਇਕ ਦਾਅਵਤ ਉਪਰ ਫਰਾਂਸੀਸੀ ਭਾਸ਼ਾ ਵਿਚ ਲੋਕ ਗੀਤ ਗਾ ਕੇ ਮਹਿਮਾਨਾਂ ਤੋਂ ਪ੍ਰਸੰਸਾ ਖੱਟੀ ਸੀ। ਨਰੇਸ਼ ਨੇ ਨਿਨੀਅਤ ਨੂੰ ਵੀ ਫੋਨ ਕਰ ਦਿੱਤਾ। ਉਹ ਅਗਲੀ ਸਵੇਰ ਮੈਨੂੰ ਦੁਪਹਿਰ ਦੇ ਖਾਣੇ ਉਪਰ ਦਾਅਵਤ ਦੇ ਗਈ। ਗਰੀਨੋਬਲ ਸ਼ਹਿਰ ਦੇ ਪੁਰਾਣੇ ਹਿਸੇ ਵਿਚ ਕਈ ਦੇਸ਼ਾਂ ਦੇ ਰੈਸਤੋਰਾਂ ਹਨ, ਇਕ ਭਾਰਤੀ ਹੋਟਲ 'ਨਮਸਤੇ' ਵੀ ਖੁੱਲ ਚੁੱਕਾ ਹੈ। ਮੈਂ ਅਤੇ ਨਿਨੀਅਤ ਇਕ ਮੈਕਸੀਕਨ ਰੈਸਤੋਰਾਂ ਵਿਚ ਦੁਪਹਿਰ ਦਾ ਭੋਜਨ ਖਾਣ ਲਈ ਪਹੁੰਚ ਗਏ। ਇਥੇ ਉਸ ਦਾ ਇਕ ਹੋਰ ਵਿਗਿਆਨੀ ਦੋਸਤ ਵੀ ਹਾਜ਼ਰ ਸੀ। ਮੇਰੇ ਲਈ ਉਸ ਨੇ ਉਚੇਚੇ ਤੌਰ ਤੇ ਰੋਟੀਆਂ ਤਿਆਰ ਕਰਵਾਈਆਂ ਅਤੇ ਸਬਜ਼ੀ ਆਦਿ ਦਾ ਵੀ ਪ੍ਰਬੰਧ ਕਰ ਦਿੱਤਾ। ਬਾਕੀ ਤਾਂ ਮੈਂ ਜਰ ਗਿਆ ਪਰੰਤੂ ਮੇਰੀ ਉਤਸੁਕਤਾ ਬਣੀ ਰਹੀ ਕਿ ਰੋਟੀਆਂ ਕਿਸ ਮੁਟਿਆਰ ਨੇ ਤਿਆਰ ਕੀਤੀਆਂ ਹਨ। ਇਥੇ ਹੋਟਲਾਂ ਵਿਚ ਮੁੰਡੂ ਕੰਮ ਨਹੀਂ ਕਰਦੇ ਬਲਕਿ ਮੁਟਿਆਰਾਂ ਹੀ ਸੇਵਾ ਕਰਦੀਆਂ ਹਨ। ਜਦੋਂ ਅਸੀਂ ਖਾਣਾ ਖਾ ਕੇ ਵਿਹਲੇ ਹੋ ਬੈਠੇ ਤਾਂ ਇਕ ਗਰਾਰਾ ਪਾਈ 'ਬਾਰਾਂ ਮਣ ਦੀ ਧੋਬਣ' ਰਸੋਈ 'ਚੋਂ ਬਾਹਰ ਨਿਕਲੀ। ਨਿਨੀਅਤ ਨੇ ਕਿਹਾ ਕਿ ਇਹ ਐਲਜ਼ੀਰੀਅਨ ਔਰਤ ਹੀ ਰਸੋਈ ਦਾ ਕੰਮ ਕਰਦੀ ਹੈ। ਮੈਂ ਸਮਝ ਗਿਆ ਕਿ ਇਸ ਅਰਬੀ ਔਰਤ ਨੇ ਹੀ ਰੋਟੀ ਬਣਾਉਣ ਦੀ ਹਿੰਮਤ ਕੀਤੀ ਹੈ।

ਕੁਝ ਦਿਨ ਤਾਂ ਮੇਰੀ ਮਕਾਨ ਮਾਲਕਣ ਗੈਰ ਹਾਜ਼ਰ ਰਹੀ ਕਿਉਂਕਿ ਉਸਦਾ ਅਪਰੇਸ਼ਨ ਹੋ ਕੇ ਹਟਿਆ ਸੀ ਅਤੇ ਉਹ ਅਰਾਮ ਕਰਨ ਸੈਨੇਟੋਰੀਅਮ ਵਿਚ ਚਲੀ ਗਈ ਸੀ। ਮੈਨੂੰ ਮੇਰੇ ਮੇਜ਼ਬਾਨ ਵਿਗਿਆਨੀ ਪੂਪੋ ਨੇ ਕੇਵਲ ਇੰਨਾ ਹੀ ਦਸਿਆ ਸੀ ਕਿ 'ਇਰੀਕਾ' ਉਸਦੀ ਪ੍ਰਯੋਗਸ਼ਾਲਾ ਵਿਚ ਬਤੌਰ ਟੈਕਨੀਸ਼ਨ ਦੇ ਕੰਮ ਕਰਦੀ ਹੈ। ਉਸ ਦਾ ਘਰਵਾਲਾ ਉਸ ਨੂੰ ਛੱਡ ਗਿਆ ਹੈ ਅਤੇ ਉਸ ਨੂੰ ਪੈਸੇ ਦੀ ਲੋੜ ਹੈ ਜਿਸ ਕਰਕੇ ਉਹ ਇਕ ਕਮਰਾ ਮਹਿਮਾਨਾਂ ਨੂੰ ਕਿਰਾਏ ਤੇ ਦੇ ਦਿੰਦੀ ਹੈ। ਹਫਤੇ ਕੁ ਬਾਅਦ ਇਰੀਕਾ ਵੀ ਵਾਪਸ ਪਰਤ ਆਈ। ਉਸ ਨੇ ਆਪਣੀ ਵਾਰਤਾ ਸੁਣਾਈ ਕਿ ਉਹ ਮੈਕਸੀਕੋ ਦੀ ਜੰਮਪਲ ਹੈ ਅਤੇ ਦਿੱਲੀ ਤੋਂ ਆਪਣੇ ਪੁੱਤਰ ਨੂੰ ਲੈ ਕੇ ਇਕ ਸ਼ਰਨਾਰਥੀ ਦੀ ਹੈਸੀਅਤ ਵਿਚ ਫਰਾਂਸ ਆ ਗਈ। ਇਥੇ ਆ ਕੇ ਮਾੜੀ ਮੋਟੀ ਨੌਕਰੀ ਕੀਤੀ ਅਤੇ ਫਰਾਂਸੀਸੀ ਮਰਦ ਨਾਲ ਦੂਸਰੀ ਸ਼ਾਦੀ ਕਰ ਲਈ। ਹੁਣ ਉਹ ਆਪਣੀ ਧੀ ਨੂੰ ਨਾਲ ਲੈ ਗਿਆ ਹੈ ਅਤੇ ਅੱਡ ਰਹਿਣ ਲਗ ਪਿਆ ਹੈ। ਸ਼ਾਇਦ ਉਸ ਨੇ ਕੋਈ ਹੋਰ ਸਾਥਣ ਲੱਭ ਲਈ ਹੋਵੇ।

ਹਰ ਵੀਕ-ਐਂਡ ਉਪਰ ਇਰੀਕਾ ਦੀ ਧੀ ਅਤੇ ਪੁੱਤਰ ਮਾਂ ਕੋਲ ਰਹਿਣ ਆ ਜਾਂਦੇ ਹਨ। ਉਸ ਦਿਨ ਜਾਪਦਾ ਹੈ ਜਿਵੇਂ ਉਸਨੂੰ ਖੰਭ ਲੱਗ ਗਏ ਹੋਣ। ਉਹ ਆਪਣੇ ਬੱਚਿਆਂ ਲਈ ਵੰਨ-ਸੁਵੰਨੇ ਪਕਵਾਨ ਤਿਆਰ ਕਰਦੀ ਹੈ।ਪਿਛਲੇ ਐਤਵਾਰ ਉਸਨੇ ਬੱਚਿਆਂ ਨਾਲ ਮੈਨੂੰ ਵੀ ਖਾਣੇ ਤੇ ਦਾਅਵਤ ਦਿੱਤੀ। ਮੈ ਝਟ ਹਾਜ਼ਰ ਹੋ ਗਿਆ ਤਾਂ ਕਿ ਇਰੀਕਾ ਦੀ ਜੀਵਨ ਕਹਾਣੀ ਦਾ ਕੋਈ ਹੋਰ ਪਹਿਲੂ ਲੱਭ ਸਕਾਂ। ਵੈਸੇ ਤਾਂ ਇਸ ਉਪਰ ਇਕ ਨਾਵਲ ਲਿਖਿਆ ਜਾ ਸਕਦਾ ਹੈ। ਹਾਲ ਘੜੀ ਉਹ ਅਪਰੇਸ਼ਨ ਤੋਂ ਬਾਅਦ ਸਿਹਤਯਾਬ ਹੋ ਰਹੀ ਹੈ। ਮੈਂ ਮਹਿਸੂਸ ਕੀਤਾ ਕਿ ਇਸ ਦੁਖਿਆਰੀ ਦੀ ਜੀਵਨ ਗਾਥਾ ਨਾ ਹੀ ਪੜਚੋਲਾਂ, ਮਤਾਂ ਉਸ ਦੇ ਹਿਰਦੇ ਵਿਚ ਲਗਿਆ ਕੋਈ ਸੱਲ ਉਸਦੀ ਸਿਹਤਯਾਬੀ ਲਈ ਹਾਨੀਕਾਰਕ ਸਿੱਧ ਹੋਵੇ। ਸ਼ੁਕਰ ਹੈ ਰੱਬ ਦਾ ਜਿਸਨੇ ਮੈਨੂੰ ਇਸ ਘਰ ਵਿਚ ਪਨਾਹ ਦਿੱਤੀ ਅਤੇ ਪ੍ਰੋ. ਪੂਰਨ ਸਿੰਘ ਦੀ 'ਜਪਾਨੀ ਨਾਇਕਾ ਦੀ ਕਹਾਣੀ' ਵਾਂਗ ਮੇਰੀ 'ਇਰੀਕਾ ਦੀ ਕਹਾਣੀ' ਵੀ ਕਦੀ ਪੂਰਨ ਹੋਣ ਦੀ ਆਸ ਬੱਝੀ ਰਹੇਗੀ।

~~~

## ਮਾਰੀ ਕਲੌਡ ਦਾ ਸ਼ਹਿਰ – ਕਾਨ
~~~

19 ਜੂਨ ਸਵੇਰੇ ਸਾਢੇ ਛੇ ਵਜੇ ਤਿਆਰ ਹੋ ਕੇ ਮੈਂ ਜੇਰਾ ਪ੍ਰਪੋ ਦੇ ਘਰ ਫ਼ੋਨ ਕਰ ਦਿਤਾ ਤਾਂ ਕਿ ਉਹ ਮੈਨੂੰ ਆਪਣੀ ਕਾਰ ਵਿਚ ਰੇਲਵੇ ਸਟੇਸ਼ਨ ਤੇ ਛੱਡ ਆਵੇ। ਦਸਾਂ ਮਿੰਟਾਂ ਵਿਚ ਅਸੀਂ ਗਰੀਨੋਬਲ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਏ। ਰੇਲ ਗੱਡੀ ਪੂਰੇ ਸਮੇਂ ਉਪਰ ਪਹੁੰਚ ਗਈ ਅਤੇ ਮੈਂ ਦੂਜੇ ਦਰਜੇ ਦੇ ਡੱਬੇ ਵਿਚ ਸਵਾਰ ਹੋ ਕੇ ਕਾਨ ਸ਼ਹਿਰ ਵੱਲ ਰਵਾਨਾ ਹੋ ਪਿਆ। ਇਕ ਘੰਟੇ ਦੇ ਸਫਰ ਬਾਅਦ ਗੱਡੀ ਵਾਲੋਂਸ ਦੇ ਜੰਕਸ਼ਨ ਤੇ ਪਹੁੰਚ ਗਈ ਜਿਥੋਂ ਗੱਡੀ ਬਦਲ ਕੇ ਮਾਰਸੇਲਜ਼ ਦੀ ਮਸ਼ਹੂਰ ਬੰਦਰਗਾਹ ਤੋਂ ਹੁੰਦੇ ਹੋਏ ਮੈਂ ਰੋਮ ਸਾਗਰ ਦੇ ਕੰਢੇ ਕਾਨ ਸ਼ਹਿਰ ਪਹੁੰਚਣਾ ਸੀ। ਦੁਨੀਆਂ ਭਰ ਦੇ ਫਿਲਮਾਂ ਦੇ ਸ਼ੁਕੀਨ ਹਰ ਸਾਲ ਮਈ ਦੇ ਮਹੀਨੇ ਕਾਨ ਸ਼ਹਿਰ ਦੇ ਫਿਲਮ ਉਤਸਵ ਦੀ ਉਡੀਕ ਕਰਦੇ ਹਨ। ਇਸ ਸਾਲ 46ਵਾਂ ਅੰਤਰ-ਰਾਸ਼ਟਰੀ ਫਿਲਮ ਉਤਸਵ 23 ਮਈ ਨੂੰ ਸਮਾਪਤ ਹੋਇਆ ਜਿਸ ਦਿਨ ਮੈਂ ਪੈਰਿਸ ਪੁਹੰਚਿਆ ਸਾਂ। ਦਰਅਸਲ ਮਾਰਸੇਲਜ਼ ਤੋਂ ਲੈ ਕੇ ਇਟਲੀ ਦੀ ਸਰਹੱਦ ਤੱਕ ਰੋਮ ਸਾਗਰ ਦਾ ਫਰਾਂਸੀਸੀ ਤੱਟ 'ਰੀਵੀਰੀਆ' ਕਰਕੇ ਜਾਣਿਆ ਜਾਂਦਾ ਹੈ ਅਤੇ ਦੁਨੀਆ ਭਰ ਦੇ ਅਮੀਰ ਸ਼ਹਿਜਾਦੇ ਅਤੇ ਯਾਤਰੀ ਰੰਗ ਰਲੀਆਂ ਮਨਾਉਣ ਅਤੇ ਸੈਰ ਸਪਾਟੇ ਲਈ ਇਥੇ ਡੇਰੇ ਲਾ ਲੈਂਦੇ ਹਨ। ਕਾਨ ਸ਼ਹਿਰ ਦਾ ਸਮੁੰਦਰ ਕਿਨਾਰੇ ਵਸਿਆ 'ਕਰਵਾਜੈਤ' ਵਾਲਾ ਇਲਾਕਾ ਹੋਟਲਾਂ ਨੇ ਮੱਲ ਰੱਖਿਆ ਹੈ। ਇਥੇ ਕਿਸੇ ਵੀ ਹੋਟਲ 'ਚ 5000 ਰੁਪਏ ਤੋਂ ਘੱਟ ਰਾਤ ਭਰ ਲਈ ਕਮਰਾ ਨਹੀਂ ਲੱਭਦਾ। ਅਰਬ ਦੇ ਸ਼ਹਿਜਾਦਿਆਂ ਨੇ ਸਮੁੰਦਰ ਕਿਨਾਰੇ ਇਕ ਪਹਾੜੀ ਉਪਰ ਆਪਣੇ ਮਹੱਲ ਉਸਾਰ ਰੱਖੇ ਹਨ ਅਤੇ ਇਸ ਦਾ ਨਾਮ ਕੈਲੇਫੋਰਨੀਆਂ ਰੱਖਿਆ ਹੈ। ਗਰਮੀਆਂ ਦੀਆਂ ਰੁੱਤੇ ਸ਼ਾਮ ਨੂੰ ਇਥੇ ਚਹਿਲ ਪਹਿਲ ਵੇਖਣ ਵਾਲੀ ਹੁੰਦੀ ਹੈ। ਚੌੜੀ ਸੜਕ ਸਮੁੰਦਰ ਕਿਨਾਰੇ ਕਰਵਾਜ਼ੈਤ ਦੇ ਅਗੋਂ ਦੀ ਲੰਘਦੀ ਫੁੱਲਾਂ ਦੀਆਂ ਬਗੀਚੀਆਂ ਨਾਲ ਸਜੀ ਕਿਸੇ ਸਜ ਵਿਆਹੀ ਮੁਟਿਆਰ ਤੋਂ ਘਟ ਨਹੀਂ ਜਾਪਦੀ। ਜਦੋਂ ਇਸ ਸੜਕ ਉਪਰ ਹੁਸਨ ਦੀਆਂ ਪਰੀਆਂ ਦੁਨੀਆਂ ਭਰ ਤੋਂ ਆ ਉਤਰਦੀਆਂ ਹਨ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਖੁਦਾਵੰਦ ਕਰੀਮ ਨੇ ਬਹਿਸ਼ਤ ਦੇ ਦਰਵਾਜੇ ਕਾਨ ਸ਼ਹਿਰ ਵਿਚ ਖੋਲ੍ਹ ਦਿੱਤੇ ਹਨ। ਅਜ ਕੱਲ ਤਾਂ ਹੋਰ ਵੀ ਗਹਿਮਾ ਗਹਿਮ ਹੈ ਕਿਉਂਕਿ 'ਸੇਂਤ ਤਰੋਪੇ' ਵਾਂਗ ਇਥੋਂ ਦੀਆਂ ਸਾਰੀਆਂ ਬੀਚਾਂ ਉਪਰ ਵੀ ਯਾਤਰੀ 'ਆਦਮ ਅਤੇ ਹੱਵਾ' ਵਾਂਗ ਅਲਫ ਨੰਗੇ ਵਿਚਰ ਸਕਦੇ ਹਨ।

ਰੇਲ ਗੱਡੀ ਦਾ ਸਫਰ ਵੀ ਹਰ ਦੇਸ ਦੀ ਕਲਚਰ ਦਾ ਨਮੂਨਾ ਪੇਸ਼ ਕਰਦਾ ਹੈ। ਪਰੰਤੂ ਜਿੰਨਾ ਰੌਲਾ ਗੌਲਾ ਭਾਰਤ ਦੀਆਂ ਰੇਲ ਗੱਡੀਆਂ ਵਿਚ ਲੱਭਦਾ ਹੈ ਉਹ ਹੋਰ ਕਿਤੇ ਨਹੀਂ ਮਿਲਦਾ। ਭਾਵੇਂ ਸੀਟਾਂ ਰੀਜ਼ਰਵ ਕੀਤੀਆਂ ਹੋਣ ਤਾਂ ਵੀ ਲੋਕ ਧੱਕੇ ਮਾਰ ਕੇ ਧੁੱਸ ਦੇ ਕੇ ਅੰਦਰ ਵੜ ਜਾਂਦੇ ਹਨ। ਇਟਲੀ ਅਤੇ ਯੂਗੋਸਲਾਵੀਆ ਵਿਚ ਵੀ ਅਜੇਹਾ ਨਜ਼ਾਰਾ ਮਿਲ ਜਾਂਦਾ ਹੈ। ਬਲਕਿ ਜੇਬ ਕਤਰੇ ਅਤੇ ਸਮਾਨ ਚੋਰੀ ਚੁੱਕਣ ਵਾਲੇ ਰੋਮ ਦੇ ਸਟੇਸ਼ਨ ਤੇ ਦਿੱਲੀ ਅਤੇ ਸਹਾਰਨਪੁਰ ਨੂੰ ਵੀ ਮਾਤ ਪਾ ਜਾਂਦੇ ਹਨ। ਖੈਰ ਫਰਾਂਸ ਅਤੇ ਜਰਮਨੀ ਦੀਆਂ ਗੱਡੀਆਂ ਸਭ ਤੋਂ ਸਾਫ ਅਤੇ ਸਮੇਂ ਦੀ ਪਾਬੰਦੀ ਸਕਿੰਟਾਂ ਤੱਕ ਨਿਭਾਉਂਦੀਆਂ ਹਨ। ਸਾਡੇ ਆਮ ਹੋਟਲਾਂ ਨਾਲੋਂ ਗੱਡੀ ਦੇ ਪਖਾਨੇ ਵਧੇਰੇ ਸਾਫ ਰੱਖੇ ਜਾਂਦੇ ਹਨ। ਕਿਸੇ ਦੇਸ ਦੀ ਸਫਾਈ ਦਾ ਮਿਆਰ ਗੱਡੀ ਦੇ ਪਖਾਨਿਆਂ ਤੋਂ ਸਹਿਜੇ ਹੀ ਲਗ ਜਾਂਦਾ ਹੈ। ਆਮ ਯਾਤਰੀ ਸਫਰ ਦੌਰਾਨ ਕਿਤਾਬ ਹੀ ਪੜ੍ਹਦੇ ਰਹਿੰਦੇ ਹਨ ਅਤੇ ਗੁਫਤਗੂ ਘੱਟ ਹੀ ਕਰਦੇ ਹਨ। ਜਦੋਂ ਵਾਲੌਂਸ ਤੋਂ ਮੈਂ ਗੱਡੀ ਬਦਲੀ ਤਾਂ ਇਕ ਫਰਾਂਸੀਸੀ ਜੋੜੀ ਵੀ ਮੇਰੇ ਨਾਲ ਹੀ ਉਤਰੀ। ਉਹ ਗਰੀਨੋਬਲ ਤੋਂ ਹੀ ਆ ਰਹੇ ਸਨ। ਮੇਰਾ ਸਮਾਨ ਭਾਰਾ ਹੋਣ ਕਰਕੇ ਉਨ੍ਹਾਂ ਮੇਰਾ ਹੱਥ ਵਟਾਇਆ ਅਤੇ ਮੇਰੇ ਅਗਲੇ ਸਫਰ ਬਾਰੇ ਜਾਣਕਾਰੀ ਮੰਗੀ। ਉਹ ਮੇਰੀ ਹੀ ਗੱਡੀ ਵਿਚ ਅਵੀਨੀਓਂ ਸ਼ਹਿਰ ਤੱਕ ਜਾ ਰਹੇ ਸਨ। ਇਹ ਦੋਵੇਂ ਮੀਆਂ ਬੀਵੀ ਗਰੀਨੋਬਲ ਦੇ ਹਸਪਤਾਲ ਵਿਚ ਡਾਕਟਰ ਸਨ ਅਤੇ ਮੈਨੂੰ ਅਗਲੀ ਵਾਰ ਆਪਣੇ ਘਰ ਰਹਿਣ ਦਾ ਸੱਦਾ ਦੇਣ ਲਗੇ।

ਕੁਝ ਹੀ ਮਿੰਟਾਂ ਵਿਚ ਸਾਡੀ ਗੱਡੀ, ਲੀਓਂ ਸ਼ਹਿਰ ਤੋਂ ਕਾਨ ਜਾਣ ਵਾਲੀ, ਜੰਕਸ਼ਨ ਤੇ ਪਹੁੰਚ ਗਈ ਅਤੇ ਅਸੀਂ ਅਖੀਰਲੇ ਡੱਬੇ ਵਿਚ ਸਵਾਰ ਹੋ ਗਏ। ਸ਼ਨੀਵਾਰ ਦਾ ਦਿਨ ਹੋਣ ਕਰਕੇ ਗੱਡੀ ਖਚਾ ਖਚ ਭਰੀ ਆਈ ਸੀ ਕਿਉਂਕਿ ਫਰਾਂਸੀਸੀ ਲੋਕ ਵੀਕ-ਐਂਡ ਉਪਰ 'ਰੀਵੀਰੀਆ' ਦੀਆਂ ਬੀਚਾਂ ਉਪਰ ਜਾਣਾ ਪਸੰਦ ਕਰਦੇ ਹਨ। ਖ਼ੈਰ ਇਕ ਮੁਟਿਆਰ ਆਪਣੀ ਰੀਜ਼ਰਵ ਸੀਟ ਛੱਡ ਕੇ ਆਪਣੀਆਂ ਸਹੇਲੀਆਂ ਕੋਲ ਚਲੀ ਗਈ ਜਿਸ ਕਰਕੇ ਮੈਨੂੰ ਬੈਠਣ ਦੀ ਸੀਟ ਮਿਲ ਗਈ। ਸੋ ਅਸੀਂ ਅੱਠ ਮੁਸਾਫਰ ਅਰਾਮ ਕੁਰਸੀਆਂ ਤੇ ਡੱਬੇ ਦੇ ਇਕ ਖਾਨੇ ਵਿਚ ਟਿਕ ਗਏ। ਡਾਕਟਰ ਜੋੜੀ ਵੀਕ-ਐਂਡ ਤੇ ਅਵੀਨੀਓਂ ਜਾ ਰਹੀ ਸੀ ਅਤੇ ਡਾਕਟਰ ਮੌਰਿਸ ਦੀ ਘਰਵਾਲੀ ਅਵੀਨੀਓਂ ਦੀ ਜੰਮਪਲ ਸੀ। ਉਹ ਭਾਰਤੀ ਨਾਰੀਆਂ ਵਾਂਗ ਗਲਾਧੜ ਸੀ ਅਤੇ ਆਪਣੇ ਪੇਕੇ ਘਰ ਦੀਆਂ ਸਿਫਤਾਂ ਕਰਕੇ ਖੁਸ਼ ਹੋ ਰਹੀ ਸੀ। ਰੇਲ ਮਾਰਗ ਦੇ ਦੋਵੇਂ ਪਾਸੇ ਪਹਾੜ ਨਜ਼ਰ ਆ ਰਹੇ ਸਨ ਅਤੇ ਗੱਡੀ ਰੋਨ ਦਰਿਆ ਦੇ ਕਿਨਾਰੇ ਹਵਾ ਨਾਲ ਗੱਲਾਂ ਕਰਦੀ ਉਡ ਰਹੀ ਸੀ। ਉਹ ਦੱਸਣ ਲਗੀ ਕਿ ਹਵਾ ਦੀ ਤੇਜ਼ ਰਫਤਾਰ ਕਾਰਨ ਇਸ ਵਾਦੀ ਵਿਚ ਘਰਾਂ ਦੀ ਦਿਸ਼ਾ ਅਤੇ ਦਰਖਤਾਂ ਦੀਆਂ ਕਤਾਰਾਂ ਉਤਰ ਤੋਂ ਦੱਖਣ ਨੂੰ ਹੁੰਦੀਆਂ ਹਨ ਤਾਂ ਕਿ ਹਵਾ ਦੀ ਰਫਤਾਰ ਨੂੰ ਤੋੜਿਆ ਜਾ ਸਕੇ। ਇਹੋ ਕਾਰਨ ਹੈ ਕਿ ਸਾਰੇ ਦਰਖਤ ਇਕ ਪਾਸੜ ਝੁਕੇ ਹੋਏ ਹਨ। ਡਾਕਟਰ ਮੌਰਿਸ ਨੂੰ ਮਖੌਲ ਸੁੱਝਿਆ, ਉਹ ਕਹਿੰਦਾ ਇਸ ਸ਼ਹਿਰ ਦੇ ਬੰਦੇ ਵੀ ਦਰਖਤਾਂ ਵਾਂਗ ਕੁੱਬੇ ਹੋ ਗਏ ਹਨ। ਉਹ ਆਪਣੀ ਘਰਵਾਲੀ ਤੇ ਟਕੋਰ ਕਰ ਰਿਹਾ ਸੀ। ਵਾਕਿਆ ਹੀ ਫਰਾਂਸ ਦੇ ਰੋਨ ਦਰਿਆ ਦੀ ਵਾਦੀ ਖੇਤੀਬਾੜੀ ਲਈ ਮਸ਼ਹੂਰ ਹੈ। ਕਿਸੇ ਜਮਾਨੇ ਵਿਚ ਇਹ ਦਰਿਆ ਇਕ ਗਲੇਸ਼ੀਅਰ ਸੀ ਅਤੇ ਗਰਮੀ ਵਧ ਜਾਣ ਕਾਰਨ ਇਹ ਪੰਘਰ ਕੇ ਦਰਿਆ ਦਾ ਰੂਪ ਧਾਰਨ ਕਰ ਗਿਆ।

ਮਾਰਸੇਲਜ਼ ਦੇ ਸਟੇਸ਼ਨ ਤੇ ਗੱਡੀ 15 ਮਿੰਟ ਰੁਕੀ ਅਤੇ ਸਾਡੇ ਡੱਬੇ ਵਿਚ ਇਕ ਬਜ਼ੁਰਗ ਪਾਦਰੀ ਚੜ੍ਹ ਗਿਆ। ਉਸ ਦੇ ਆਦਰ ਵਿਚ ਔਰਤਾਂ ਨੇ ਖੜੇ ਹੋ ਕੇ ਸਵਾਗਤ ਕੀਤਾ। ਉਹ ਮੇਰੇ ਸਾਹਮਣੇ ਦੀ ਸੀਟ ਉਪਰ ਸੁਸ਼ੋਭਿਤ ਸੀ ਅਤੇ ਮੈਂ ਵੀ ਉਸਨੂੰ ਨਮਸਕਾਰ ਕੀਤੀ। ਪਾਦਰੀ ਦੇ ਆਉਣ ਦੀ ਦੇਰ ਸੀ ਕਿ ਮਾਹੌਲ ਹੀ ਬਦਲ ਗਿਆ। ਉਹ 95 ਸਾਲ ਦਾ ਬਜ਼ੁਰਗ ਅਜੇ ਵੀ ਤਕੜੀ ਸਿਹਤ ਦਾ ਮਾਲਕ ਸੀ। ਉਸ ਨੇ ਕਦੀ ਸ਼ਰਾਬ ਨਹੀਂ ਪੀਤੀ ਸੀ ਅਤੇ ਨਾ ਹੀ ਸਿਗਰਟ। ਕਿਸੇ ਜ਼ਮਾਨੇ ਵਿਚ ਉਹ ਫਰੈਂਚ ਸਾਹਿਤ ਅਕੈਡਮੀ ਦਾ ਕਾਰਕੁਨ ਵੀ ਰਿਹਾ ਸੀ ਅਤੇ ਹੁਣ ਵੀ ਕਵਿਤਾ ਦੀ ਕਿਤਾਬ ਲਿਖ ਰਿਹਾ ਹੈ। ਉਸਨੇ ਪਹਿਲੇ ਸੰਸਾਰ ਯੁੱਧ ਦੀ ਵਾਰਤਾ ਸੁਣਾਈ ਅਤੇ ਉਸ ਜ਼ਮਾਨੇ ਦੀਆਂ ਫਰਾਂਸੀਸੀ ਕਵਿਤਾਵਾਂ, ਜੋ ਲੋਕ ਧਾਰਾ ਦਾ ਹਿੱਸਾ ਬਣ ਗਈਆਂ ਹਨ, ਹੇਕ ਵਿਚ ਗਾ ਕੇ ਸੁਣਾਈਆਂ। ਅਸੀਂ ਸਭ ਉਸ ਦੀ ਯਾਦ ਸ਼ਕਤੀ ਦੇ ਬਲਿਹਾਰ ਜਾ ਰਹੇ ਸਾਂ ਅਤੇ ਉਹ ਮਸਤੀ ਦੇ ਲੋਰ ਵਿਚ ਗਾਈ ਜਾ ਰਿਹਾ ਸੀ। ਬਾਰਾਂ ਵਜੇ ਦੇ ਕਰੀਬ ਉਸ ਦਾ ਸਟੇਸ਼ਨ ਆ ਗਿਆ ਅਤੇ ਅਸੀਂ ਸਾਰੇ ਜਣੇ ਉਸਨੂੰ ਗੱਡੀ ਤੋਂ ਵਿਦਾ ਕਰਨ ਲਈ ਉਠ ਖੜੋਤੇ। ਮੈਂ ਆਦਤ ਅਨੁਸਾਰ ਆਪਣੇ ਬੈਗ ਵਿਚੋਂ ਕੇਕ ਕੱਢਿਆ। ਪਾਦਰੀ ਜੀ ਨੇ ਇਕ ਟੁਕੜਾ ਲੈ ਕੇ ਧੰਨਵਾਦ ਕੀਤਾ ਅਤੇ ਅਸੀਂ ਸਭ ਨੇ ਇਸ ਨੂੰ ਪ੍ਰਸ਼ਾਦ ਸਮਝ ਕੇ ਵੰਡ ਕੇ ਛਕ ਲਿਆ।

ਪਾਦਰੀ ਦੇ ਉਤਰਨ ਦੀ ਦੇਰ ਸੀ ਕਿ ਸਾਡੀ ਨਿਗਾਹ ਇਕ ਅਰਬੀ ਜੋੜੇ ਉਪਰ ਜਾ ਪਈ। ਇਹ ਜੋੜੀ ਅਲਜ਼ੀਰੀਆ ਤੋਂ ਸੈਰ ਸਪਾਟੇ ਲਈ ਫਰਾਂਸ ਆਈ ਹੋਈ ਸੀ। ਸਾਡਾ ਖਿਆਲ ਸੀ ਕਿ ਜਵਾਨ ਔਰਤ ਬੁੱਢੇ ਸ਼ੇਖ ਦੀ ਤੀਸਰੀ ਜਾਂ ਚੌਥੀ ਬੇਗਮ ਹੋਵੇਗੀ। ਕਿਉਂਕਿ 'ਬੁੱਢੀ ਘੋੜੀ ਤੇ ਲਾਲ ਲਗਾਮ' ਵਾਲੀ ਗੱਲ ਜਾਪਦੀ ਸੀ। ਜਦੋਂ ਬੁੱਢਾ ਸ਼ੇਖ ਉਸਨੂੰ ਪਿਆਰ ਨਾਲ ਬੁਲਾਉਂਦਾ ਤਾਂ ਉਹ ਉਸ ਨੂੰ ਘੂਰ ਕੇ ਵੇਖਦੀ। ਕੁਝ ਚਿਰ ਬਾਅਦ ਉਹ ਸਿਗਰਟ ਪੀਣ ਬਾਹਰ ਨਿਕਲਿਆ ਤਾਂ ਮੈਂ ਉਸ ਨੂੰ ਪੁੱਛ ਹੀ ਲਿਆ ਕਿ ਬੀਬੀ ਇਹ ਤੇਰਾ ਘਰਵਾਲਾ ਹੈ। ਉਹ ਕਹਿੰਦੀ ਮੈਂ ਇਕ ਰੈਸਤੋਰਾਂ ਵਿਚ ਕੰਮ ਕਰਦੀ ਹਾਂ ਅਤੇ ਇਹ ਸ਼ੇਖ ਮੇਰਾ ਦੋਸਤ ਹੈ। ਅਸੀਂ ਫਰਾਂਸ ਦੀ ਸੈਰ ਕਰਨ ਆਏ ਹਾਂ। ਸੋ ਇਹ ਜੋੜੀ ਸਾਡੇ ਫੋਕਸ ਦਾ ਕੇਂਦਰ ਬਣੀ ਰਹੀ ਅਤੇ ਅਸੀਂ ਸਾਰੇ ਚੋਰ ਅੱਖੀ ਇਨ੍ਹਾਂ ਦੀਆਂ ਕਲੋਲਾਂ ਵੇਖਦੇ ਰਹੇ। ਸਾਡੇ ਖਾਨੇ ਵਿਚ ਇਕ ਹੋਰ ਅਲਜੀਰੀਅਨ ਮੁਟਿਆਰ ਵੀ ਸਫਰ ਕਰ ਰਹੀ ਸੀ ਜੋ ਕਿ ਇਸ ਬੁਢੇ ਦੀ ਮਾਰ ਹੇਠ ਆ ਗਈ। ਇਹ ਬੜੀ ਆਕੜ ਵਿਚ ਕਹਿ ਰਿਹਾ ਸੀ ਕਿ ਸਾਡੇ ਕੋਲ ਅਲਜੀਰੀਆ ਵਿਚ ਬਥੇਰਾ ਪੈਟਰੋਲ ਹੈ ਤੂੰ ਐਵੇਂ ਕਿਉਂ ਇਥੇ ਨੌਕਰੀ ਲਈ ਧੱਕੇ ਖਾ ਰਹੀ ਹੈਂ। ਉਸਨੂੰ ਕਾਫੀ ਗੁੱਸਾ ਆ ਗਿਆ ਪਰੰਤੂ ਉਸ ਨੇ ਬੁੱਢੇ ਨੂੰ ਕੋਈ ਜਵਾਬ ਦੇਣਾ ਠੀਕ ਨਾ ਸਮਝਿਆ। ਮੈਂ ਉਸ ਦਾ ਮੂਡ ਠੀਕ ਕਰਨ ਲਈ ਕਿਹਾ ਕਿ ਤੂੰ ਤਾਂ ਪੂਰੀ ਪੰਜਾਬਣ ਕੁੜੀ ਜਾਪਦੀ ਏਂ। ਉਹ ਕਹਿੰਦੀ ਅਗੇ ਵੀ ਮੈਨੂੰ ਕਈ ਲੋਕ ਇੰਡੀਅਨ ਸਮਝਦੇ ਹਨ। ਅਗਲੇ ਸਟੇਸ਼ਨ ਗੱਡੀ ਤੋਂ ਉਤਰਨ ਲਗੀ ਉਹ ਅਲਜ਼ੀਰੀਅਨ ਜੋੜੀ ਨੂੰ ਛੱਡ ਕੇ ਸਾਨੂੰ ਸਭ ਨੂੰ ਚੁੰਮਣ ਦੇ ਕੇ ਵਿਦਾ ਹੋਈ। ਫਰਾਂਸ ਵਿਚ ਹਰ ਕੋਈ ਵਿਦਾ ਹੋਣ ਲਗਾ ਚੁੰਮਣ ਵਟਾਂਦਾ ਹੈ, ਜੇਕਰ ਐਸਾ ਨਾ ਕਰੋ ਤਾਂ ਇਹ ਗੰਵਾਰਪੁਣੇ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਇਕ ਵਜੇ ਦੇ ਕਰੀਬ ਕਾਨ ਸ਼ਹਿਰ ਆ ਗਿਆ। ਮੈਂ ਆਪਣਾ ਸਮਾਨ ਇੱਕਠਾ ਕੀਤਾ ਅਤੇ ਗੱਡੀ ਰੁਕਣ ਤੇ ਪਲੇਟਫਾਰਮ ਤੇ ਉਤਰ ਗਿਆ। ਮੈਂ ਅਜੇ ਉਤਰਿਆ ਹੀ ਸਾਂ ਕਿ ਮੇਰੀ ਨਿਗਾਹ ਮਾਰੀ ਕਲੌਡ ਤੇ ਜਾ ਪਈ ਜੋ ਸਟੇਸ਼ਨ ਦੇ ਸਾਹਮਣੇ ਹੱਥ ਹਿਲਾ ਕੇ ਮੇਰੇ ਵੱਲ ਇਸ਼ਾਰਾ ਕਰ ਰਹੀ ਸੀ। ਇਕ ਸਾਥੀ ਮੁਸਾਫਰ ਨੇ ਮੇਰਾ ਇਕ ਬੈਗ ਫੜ ਲਿਆ ਅਤੇ ਮੈਂ ਝੱਟ ਕੁ ਬਾਅਦ ਮਾਰੀ ਕਲੌਡ ਅਤੇ ਉਸਦੀ ਸਹੇਲੀ ਚਾਰਲੋਤ ਦੇ ਸਵਾਗਤ ਦਾ ਅਨੰਦ ਮਾਣ ਰਿਹਾ ਸਾਂ। ਦੋਵੇਂ ਜਣੀਆਂ ਬੜੇ ਤਪਾਕ ਨਾਲ ਵਿਛੜੇ ਸੱਜਣਾਂ ਵਾਂਗ ਗਲੇ ਲੱਗ ਕੇ ਮਿਲੀਆਂ।

ਮਾਰੀ ਕਲੌਡ ਨੇ ਦੁਪਹਿਰ ਦਾ ਭੋਜਨ ਤਿਆਰ ਕਰ ਰੱਖਿਆ ਸੀ। ਮੈਨੂੰ ਉਸ ਨੇ ਆਪਣੀ ਧੀ ਦੇ ਕਮਰੇ ਵਿਚ ਸਮਾਨ ਟਿਕਾ ਦੇਣ ਲਈ ਕਿਹਾ। ਸ਼ਾਦੀ ਤੋਂ ਬਾਅਦ ਉਸ ਦੀ ਧੀ ਆਨੀ ਲੂਈਜ਼ ਆਪਣੇ ਪਤੀ ਕੋਲ ਤਾਹੀਤੀ ਦੇ ਟਾਪੂ ਉਪਰ ਰਹਿਣ ਲਗ ਪਈ ਹੈ। ਮਾਰੀ ਕਲੌਡ ਦਾ ਪਤੀ ਖੇਡਾਂ ਦੇ ਮਹਿਕਮੇ ਦਾ ਡਾਇਰੈਕਟਰ ਸੀ ਅਤੇ ਅਪਰੈਲ ਵਿਚ ਰੀਟਾਇਰ ਹੋ ਕੇ ਅੱਜ ਕੱਲ੍ਹ ਫਰਾਂਸ ਦੀ ਸੋਸ਼ਲਿਸਟ ਪਾਰਟੀ ਦਾ ਸਰਗਰਮ ਵਰਕਰ ਬਣ ਗਿਆ ਹੈ। ਇਨ੍ਹਾਂ ਦਾ ਪੁੱਤਰ ਹੈਨਰੀ ਫੌਜ ਵਿਚ ਭਰਤੀ ਹੋ ਕੇ ਪੈਰਾਸ਼ੂਟ ਬਰੀਗੇਡ ਦਾ ਸਾਰਜੰਟ ਹੈ। ਉਸਨੇ ਅਜੇ ਤਕ ਸ਼ਾਦੀ ਨਹੀਂ ਕਰਵਾਈ ਅਤੇ ਪੈਰਾਸ਼ੂਟ ਬਰੀਗੇਡ ਦੀ ਇਕ ਲੜਕੀ ਨਾਲ ਹੀ ਗਲਬਾਤ ਚਲ ਰਹੀ ਹੈ। ਮਾਰੀ ਕਲੌਡ ਬੜੇ ਫਖਰ ਨਾਲ ਦੱਸ ਰਹੀ ਸੀ ਕਿ ਉਸਦੀ ਧੀ ਆਨੀ ਲੂਈਜ਼ ਨੇ ਤਿੰਨ ਦੋਸਤ ਮੁੰਡੇ ਮਗਰ ਲਾ ਰੱਖੇ ਸਨ, ਇਨ੍ਹਾਂ ਵਿਚੋਂ ਇਕ ਫੌਜੀ ਦੀ ਚੋਣ ਕੀਤੀ ਹੈ। ਅੱਜ ਕੱਲ ਉਹ ਸਮੁੰਦਰ ਦੀਆਂ ਸੈਰਾਂ ਕਰ ਰਹੀ ਹੈ।ਮਾਂ ਆਪਣੀ ਧੀ ਦੀਆਂ ਸਿਫਤਾਂ ਕਰ ਰਹੀ ਸੀ ਅਤੇ ਮੈਂ ਸੋਚ ਰਿਹਾ ਸਾਂ ਕਿ ਯੂਰਪ ਦੀ ਕਲਚਰ ਹੁਣ ਸਾਡੀਆਂ ਯੂਨੀਵਰਸਿਟੀਆਂ ਅਤੇ ਵਡੇ ਸ਼ਹਿਰਾਂ ਵਿਚ ਤਾਂ ਪਹੁੰਚ ਗਈ ਹੈ ਪਰੰਤੂ ਪੰਜਾਬ ਦੇ ਪਿੰਡਾਂ ਵਿਚ ਤਾਂ ਕਤਲ ਹੋ ਜਾਂਦੇ ਹਨ ਜੇਕਰ ਕਿਸੇ ਅਜੇਹੀ ਦੋਸਤੀ ਦਾ ਘਰ ਵਾਲਿਆਂ ਨੂੰ ਪਤਾ ਲਗ ਜਾਵੇ। ਵੈਸੇ ਤਾਂ ਭਾਰਤ ਵਿਚ ਵੀ ਸਵੰਬਰ ਦੀ ਰਸਮ ਹੋਇਆ ਕਰਦੀ ਸੀ ਜਿਸ ਵਿਚ ਸੁੰਦਰੀਆਂ ਆਪਣੇ ਵਰ ਢੂੰਡਦੀਆਂ ਸਨ। ਸੀਤਾ ਨੇ ਰਾਮ ਨੂੰ ਵਰਿਆ ਅਤੇ ਦਰੋਪਦੀ ਨੇ ਇਕ ਨਹੀਂ ਪੰਜੇ ਪਾਡੋਆਂ ਨੂੰ ਵਰ ਲਿਆ ਸੀ। ਕੀ ਹੋਇਆ ਜੇਕਰ ਫਰਾਂਸੀਸੀ ਮੁਟਿਆਰਾਂ ਤਿੰਨ ਚਾਰ ਦੋਸਤਾਂ ਵਿਚੋਂ ਇਕ ਨੂੰ ਵਰ ਲੈਂਦੀਆਂ ਹਨ। ਜਿਵੇਂ ਕਿ ਪਿਛੇ ਦਸਿਆ ਜਾ ਚੁੱਕਾ ਹੈ ਅੱਜਕੱਲ ਯੂਰਪ ਵਿਚ ਸ਼ਾਦੀ ਦਾ ਰਿਵਾਜ ਖਤਮ ਹੋ ਰਿਹਾ ਹੈ। ਮੁਟਿਆਰਾਂ ਆਪਣੇ ਸਾਥੀ ਦੀ ਚੋਣ ਕਰਕੇ ਸ਼ਾਦੀ ਦੇ ਰਸਮੀ ਬੰਧੇਜ ਤੋਂ ਬਗੈਰ ਵੀ ਜੀਵਨ ਬਤੀਤ ਕਰ ਰਹੀਆਂ ਹਨ। ਪੱਛਮੀ ਸਮਾਜ ਇਨ੍ਹਾਂ ਜੋੜਿਆਂ ਨੂੰ ਸਵੀਕਾਰ ਰਿਹਾ ਹੈ।

ਮਾਰੀ ਕਲੌਡ ਦੀ ਸਹੇਲੀ ਚਾਰਲੋਤ ਉਮਰ ਵਿਚ ਕਾਫੀ ਵੱਡੀ ਅਤੇ ਸਿਆਣੀ ਹੈ। ਉਸਨੇ ਬਚਪਨ ਵਿਚ ਕ੍ਰਿਸ਼ਨਾਮੂਰਤੀ ਜੀ ਦੀ ਸੰਗਤ ਕੀਤੀ ਜੋ ਹਰ ਸਾਲ ਮਾਰਸੇਲਜ਼ ਵਿਚ ਭਾਰਤੀ ਫਲਸਫੇ ਉਪਰ ਆਪਣੇ ਚੇਲਿਆਂ ਨੂੰ ਲੈਕਚਰ ਦੇਣ ਜਾਇਆ ਕਰਦੇ ਸਨ। ਬਾਅਦ ਵਿਚ ਉਸਦੇ ਪਿਤਾ ਨੇ ਬੁੱਧ ਧਰਮ ਧਾਰਨ ਕਰ ਲਿਆ ਅਤੇ ਧੀ ਨੇ ਬੁੱਧ ਜੀ ਦੇ ਫਿਲਸਫੇ ਨੂੰ ਘੋਖਣਾ ਸ਼ੁਰੂ ਕਰ ਦਿੱਤਾ। ਉਸਦੀ ਇਕ ਵਡੇਰੀ ਉਮਰ ਦੇ ਅਮੀਰ ਆਰਕੀਟੈਕਟ ਨਾਲ ਸ਼ਾਦੀ ਹੋ ਗਈ। ਦੂਸਰੇ ਵਿਸ਼ਵ ਯੁੱਧ ਵਿਚ ਉਸ ਦਾ ਸਾਰਾ ਪਰਿਵਾਰ ਹੀ ਨਸ਼ਟ ਹੋ ਗਿਆ। ਬੱਚੇ ਵੀ ਸ਼ਹੀਦ ਹੋ ਗਏ। ਉਸਨੇ ਜੀਵਨ ਵਿਚ ਭਰਪੂਰ ਸੁੱਖ ਅਤੇ ਅਮੀਰੀ ਵੇਖੀ ਸੀ। ਹੌਲੀ ਹੌਲੀ ਚਾਰਲੋਤ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਸਾਰੀ ਜਾਇਦਾਦ ਨੂੰ ਦਾਨ ਵਿਚ ਵੰਡ ਕੇ ਗਰੀਬੀ ਧਾਰਨ ਕਰ ਲਈ। ਉਸਨੇ ਆਪਣੇ ਗੁਜਾਰੇ ਜੋਗੀ ਪੈਨਸ਼ਨ ਸਵੀਕਾਰ ਕਰ ਲਈ। ਜਦੋਂ ਚਾਰਲੋਤ ਨੇ ਆਪਣੀ ਜੀਵਨ ਗਾਥਾ ਆਰੰਭ ਕੀਤੀ ਤਾਂ ਮੈਂ ਸਮਝਿਆ ਕਿ ਦੁਖਿਆਰੀ ਔਰਤ ਹੋਵੇਗੀ। ਪਰੰਤੂ ਮੇਰਾ ਕਿਆਸ ਗਲਤ ਸਾਬਤ ਹੋਇਆ, ਉਹ ਭਰਪੂਰ ਖੇੜੇ ਵਿਚ ਵਿਚਰ ਰਹੀ ਸੀ। ਉਸਨੇ ਦੱਸਿਆ ਕਿ ਮੈਂ ਗੁਰੂ ਨਾਨਕ ਬਾਰੇ ਵੀ ਪੜ੍ਹਿਆ ਹੈ। ਆਪਣੇ ਆਪ ਨੂੰ ਪਰਿਵਾਰ ਦੇ ਬੰਧਨ ਅਤੇ ਜਾਇਦਾਦ ਤੋਂ ਬੰਦ ਖਲਾਸ ਪਾ ਕੇ ਹੁਣ ਮੈਂ ਅੰਦਰਲਾ ਜੀਵਨ ਜੀ ਰਹੀ ਹਾਂ। ਮੈਂ ਸੋਚਦੀ ਹਾਂ ਕਿ ਲੋਕਾਂ ਨੂੰ ਆਪਣੇ ਗਿਆਨ ਨਾਲ ਰਾਹ ਵਿਖਾਵਾਂ। ਚਾਰਲੋਤ ਨੇ ਮੇਰਾ ਹੱਥ ਵੇਖ ਕੇ ਮੇਰੇ ਜੀਵਨ ਦੀਆਂ ਘਟਨਾਵਾਂ ਦਾ ਵੇਰਵਾ ਦਸਿਆ। ਵਾਕਿਆ ਹੀ ਉਸ ਦੇ ਕਿਆਸ ਠੀਕ ਜਾਪੇ। ਉਸ ਦੀ ਛੋਹ ਤੋਂ ਮਹਿਸੂਸ ਹੋ ਰਿਹਾ ਸੀ ਕਿ ਉਹ ਸਿਮਰਨ ਦੀ ਅਵਸਥਾ ਧਾਰਨ ਕਰ ਚੁੱਕੀ ਹੈ। ਉਹ ਇਸ ਦੁਨੀਆਂ ਵਿਚ ਇੱਕਲੀ ਨਹੀਂ ਸਗੋਂ ਆਪਣੇ ਆਪ ਨੂੰ ਬ੍ਰਹਿਮੰਡ ਦੇ ਖੇੜੇ ਵਿਚ ਸਮੋ ਚੁੱਕੀ ਹੈ। ਧੰਨ ਹੈ ਸਾਡਾ ਬੁੱਧ ਅਤੇ ਬਾਬਾ ਨਾਨਕ ਜੋ ਚਾਰਲੋਤ ਦੇ ਜੀਵਨ ਵਿਚ ਮੁੜ ਖੇੜਾ ਲਿਆਉਣ ਵਿਚ ਸਹਾਈ ਹੋਏ।

ਸਫਰ ਦੇ ਥਕੇਵੇਂ ਕਾਰਨ ਮੈਂ ਸੌਂ ਗਿਆ ਅਤੇ ਸ਼ਾਮ ਦੇ ਛੇ ਵਜੇ ਤਕ ਅਰਾਮ ਕਰਕੇ ਮੈਂ ਅਤੇ ਮਾਰੀ ਕਲੌਡ ਸਮੁੰਦਰ ਦੇ ਕੰਢੇ 'ਕਰਵਾਜੈਤ' ਦੀ ਸੈਰ ਨੂੰ ਨਿਕਲ ਗਏ। ਸ਼ਾਮ ਦੇ ਸਮੇਂ ਇਥੇ ਕਾਰ ਖੜੀ ਕਰਨ ਦੀ ਜਗਹ ਨਹੀਂ ਲੱਭਦੀ, ਸੋ ਅਸੀਂ ਕਾਰ ਵਿਚ ਘੁੰਮਦਿਆਂ ਹੀ ਇਥੋਂ ਦਾ ਨਜ਼ਾਰਾ ਵੇਖਿਆ। ਸਮੁੰਦਰ ਵਿਚ ਪੁਰਾਣੀ ਕਿਸਮ ਦਾ ਬਾਦਵਾਨਾਂ ਨਾਲ ਚਲਣ ਵਾਲਾ ਇਕ ਜਹਾਜ਼ ਯਾਤਰੀਆਂ ਦੀ ਖਿੱਚ ਦਾ ਕਾਰਨ ਬਣਿਆ ਹੋਇਆ ਹੈ। ਥੋੜੀ ਦੂਰੀ ਉਪਰ ਦੋ ਸਮੁੰਦਰੀ ਟਾਪੂ ਵੀ ਨਜ਼ਰ ਆਉਂਦੇ ਹਨ। ਕਿਸੇ ਜ਼ਮਾਨੇ ਵਿਚ ਇਥੇ ਜੇਹਲ ਹੋਇਆ ਕਰਦੀ ਸੀ ਜਿਥੇ ਖਤਰਨਾਕ ਸਿਆਸੀ ਕੈਦੀਆਂ ਨੂੰ ਰੱਖਿਆ ਜਾਂਦਾ ਸੀ। ਅੱਜ ਕੱਲ੍ਹ ਇਹ ਸੈਰਗਾਹ ਬਣ ਗਈ ਹੈ ਅਤੇ ਕਾਨ ਸ਼ਹਿਰ ਆਉਣ ਵਾਲਾ ਹਰ ਯਾਤਰੀ ਇਨ੍ਹਾਂ ਟਾਪੂਆਂ ਦੀ ਸੈਰ ਜ਼ਰੂਰ ਕਰਦਾ ਹੈ। ਮੈਂ ਅਗੇ ਕਈ ਵਾਰ ਇਹ ਟਾਪੂ ਵੇਖ ਚੁੱਕਾ ਹਾਂ, ਸੋ ਅਸੀਂ ਸਮੁੰਦਰ ਕੰਢੇ ਗੇੜਾ ਲਾ ਕੇ ਘਰ ਪਰਤ ਆਏ। ਰਸਤੇ ਵਿਚ ਸਾਨੂੰ ਮੁਟਿਆਰਾਂ ਦੀ ਇਕ ਟੋਲੀ ਮਾਰਚ ਪਾਸਟ ਕਰਦੀ ਮਿਲੀ। ਮਾਰੀ ਕਲੌਡ ਨੇ ਦਸਿਆ ਕਿ ਸ਼ਹਿਰ ਦੇ ਹਰ ਮਹੱਲੇ ਵਿਚ ਇਕ ਤਿਉਹਾਰ ਮਨਾਇਆ ਜਾ ਰਿਹਾ ਹੈ ਅਤੇ ਕੱਲ੍ਹ ਐਤਵਾਰ ਉਸ ਦੇ ਆਪਣੇ ਮਹੱਲੇ ਵਿਚ ਵੀ ਰੌਣਕ ਮੇਲਾ ਹੋਵੇਗਾ।

20 ਜੂਨ ਐਤਵਾਰ ਸਿੰਘਾਂ ਵਾਲੇ ਕੇਸੀ ਇਸ਼ਨਾਨ ਤੋਂ ਵਿਹਲੇ ਹੋ ਕੇ ਅਸੀਂ ਪਹਾੜਾਂ ਦੀ ਸੈਰ ਅਤੇ ਇਨ੍ਹਾਂ ਉਪਰ ਵੱਸਦੇ ਪੁਰਾਣੇ ਪਿੰਡਾਂ ਨੂੰ ਵੇਖਣ ਦਾ ਪ੍ਰੋਗਰਾਮ ਬਣਾਇਆ। ਦੁਪਹਿਰ ਦੇ ਖਾਣੇ ਉਪਰੰਤ ਅਸੀਂ 'ਲਾ ਵੋਂਸ' ਅਤੇ 'ਗਰਾਸ' ਦੇ ਇਤਿਹਾਸਕ ਕਸਬੇ ਵੇਖਣ ਚਲੇ ਗਏ। ਲਾ ਵੋਂਸ ਪੰਦਰਵੀਂ ਸਦੀ ਦਾ ਇਕ ਗਿਰਜਾ ਘਰ ਹੈ ਅਤੇ ਪਾਣੀ ਨਾਲ ਚੱਲਣ ਵਾਲੇ ਘਰਾਟ ਅਤੇ ਕੋਹਲੂ ਹਨ। ਜਦੋਂ ਮੈਂ ਮਾਰੀ ਕਲੌਡ ਨੂੰ ਦੱਸਿਆ ਕਿ ਪੰਜਾਬ ਦੇ ਕਈ ਪਿੰਡਾਂ ਵਿਚ ਆਟਾ ਪਹਿਣ ਲਈ ਨਹਿਰਾਂ ਦੇ ਕੰਢੇ ਘਰਾਟ ਅਜੇ ਵੀ ਵਰਤੇ ਜਾ ਰਹੇ ਹਨ ਤਾਂ ਉਹ ਹੈਰਾਨ ਰਹਿ ਗਈ। ਜੋ ਚੀਜ਼ਾਂ ਫਰਾਂਸ ਦੇ ਲੋਕਾਂ ਲਈ ਅਚੰਭਾ ਬਣ ਗਈਆਂ ਹਨ, ਉਹ ਭਾਰਤ ਦੇ ਪਿੰਡਾਂ ਵਿਚ ਆਮ ਜੀਵਨ ਦਾ ਹਿੱਸਾ ਹਨ। ਸਾਡੇ ਅਜੇ ਵੀ ਕੋਹਲੂ, ਗੱਡਾ, ਹੱਲ, ਦੁੱਧ ਰਿੜਕਣ ਲਈ ਮਧਾਣੀ ਦੀ ਵਰਤੋਂ ਕੀਤੀ ਜਾਂਦੀ ਹੈ ਜਦਕਿ ਇਹ ਵਸਤਾਂ ਇਥੋਂ ਦੇ ਅਜਾਇਬ ਘਰਾਂ ਵਿਚ ਸੁਸ਼ੋਭਿਤ ਹਨ। 'ਲਾ ਵੋਂਸ' ਤੋਂ ਗਰਾਸ ਵਾਲੀ ਸੜਕ ਪਹਾੜੀ ਜੰਗਲ ਵਿਚੋਂ ਲੰਘਦੀ ਹੈ। ਕਿਸੇ ਜਮਾਨੇ ਵਿਚ ਇਥੇ ਰੇਲ ਦੀ ਪਟੜੀ ਵਿਛੀ ਹੋਈ ਸੀ ਪਰੰਤੂ ਦੂਸਰੀ ਵਿਸ਼ਵ ਜੰਗ ਵਿਚ ਸਾਰੇ ਪੁਲ ਬੰਬਾਰੀ ਕਾਰਨ ਟੁੱਟ ਗਏ ਅਤੇ ਰੇਲ ਦੀ ਪਟੜੀ ਪੁੱਟ ਦਿੱਤੀ ਗਈ। ਇਸ ਸੜਕ ਕਿਨਾਰੇ ਜੰਗਲ ਵਿਚ ਯਾਤਰੀਆਂ ਦੀ ਰਿਹਾਇਸ਼ ਲਈ ਹੋਲੀਡੇ ਹੋਮ ਉਸਾਰੇ ਗਏ ਹਨ। 1971 ਦੀਆਂ ਕਰਿਸਮਸ ਦੀਆਂ ਛੁੱਟੀਆਂ ਵਿਚ ਮੈਂ ਦਸ ਦਿਨ 'ਲਾ ਕੋਲ ਸੀਊ ਲੂਪ' ਦੇ ਪਿੰਡ ਵਿਚ ਰਹਿ ਕੇ ਗਿਆ ਸਾਂ। ਇਥੇ ਹੀ ਅਸੀਂ ਨਵਾਂ ਸਾਲ ਮਨਾ ਕੇ ਗਏ ਸਾਂ। ਸਾਰੇ ਪਿੰਡ ਦੇ ਜਵਾਨ, ਬੁੱਢੇ ਅਤੇ ਮੁਟਿਆਰਾਂ 31 ਦਸੰਬਰ ਦੀ ਰਾਤ ਨਾਚ ਗਾਣੇ ਦੇ ਜਸ਼ਨ ਵਿਚ ਸ਼ਾਮਲ ਹੋਏ ਸਨ ਅਤੇ ਨਵੇਂ ਸਾਲ ਦੀ ਪੂਰਵ ਸੰਧਿਆ ਤੇ ਸਭ ਨੇ ਇਕ ਦੂਜੇ ਨੂੰ ਗਲਵਕੜੀ ਪਾ ਕੇ ਚੁੰਮਣ ਸਾਂਝੇ ਕਰਕੇ ਨਵਾਂ ਸਾਲ ਮੁਬਾਰਕ ਕਿਹਾ ਸੀ। ਆਨੀ ਲੈਂਬਰਟ ਦਾ ਪਰੀਵਾਰ ਤਾਂ ਮੇਰਾ ਚਹੇਤਾ ਬਣ ਗਿਆ ਸੀ। ਹੁਣ ਬਾਈ ਸਾਲਾਂ ਬਾਅਦ ਤਾਂ ਜੰਗਲ ਦੇ ਪੁਰਾਣੇ ਰੁੱਖ ਵੀ ਮੁਰਝਾ ਗਏ ਜਾਪਦੇ ਸਨ, ਪਤਾ ਨਹੀਂ ਆਨੀ ਪਰਿਵਾਰ ਇਸ ਪਿੰਡ ਵਿਚ ਹੈ ਕਿ ਨਹੀਂ। ਮੈਨੂੰ ਤਾਂ ਘਰ ਦਾ ਥਾਂ ਟਿਕਾਣਾ ਵੀ ਭੁੱਲ ਗਿਆ ਸੀ। ਸਿਰਫ ਪੁਰਾਣੀਆਂ ਯਾਦਾਂ ਦੇ ਝੁਰਮਟ ਹੀ ਬਾਕੀ ਰਹਿ ਗਏ ਸਨ। ਇਸ ਪਿੰਡ ਦੀ ਫੇਰੀ ਇਕ ਪਵਿੱਤਰ ਯਾਤਰਾ ਬਣ ਕੇ ਰਹਿ ਗਈ।

ਕਾਨ ਸ਼ਹਿਰ ਮੁੜਨ ਤੋਂ ਪਹਿਲਾਂ ਅਸੀਂ 'ਗਰਾਸ' ਦੇ ਮਸ਼ਹੂਰ ਕਸਬੇ ਕੋਲੋਂ ਦੀ ਲੰਘੇ। ਦੁਨੀਆਂ ਭਰ ਵਿਚ ਪੈਰਿਸ ਦੇ ਅਤਰ ਫਲੇਲ ਮਸ਼ਹੂਰ ਹਨ। ਇਹ ਸਾਰੇ ਗਰਾਸ ਦੇ ਪਹਾੜੀ ਇਲਾਕੇ ਦੇ ਫੁੱਲਾਂ ਦੀ ਸੁਗੰਧੀ ਤੋਂ ਤਿਆਰ ਕੀਤੇ ਜਾਂਦੇ ਹਨ। ਭਾਵੇਂ ਹੁਣ ਬਣਾਉਟੀ ਸੁਗੰਧੀਆਂ ਵਰਤ ਕੇ ਕੰਮ ਸਾਰ ਲਿਆ ਜਾਂਦਾ ਹੈ ਪਰੰਤੂ ਜੋ ਅਤਰ ਇਥੋਂ ਦੇ ਕੁਦਰਤੀ ਫੁੱਲਾਂ ਦੀ ਸੁਗੰਧੀ ਤੋਂ ਤਿਆਰ

ਹੁੰਦਾ ਹੈ, ਉਸ ਦਾ ਕਿਧਰੇ ਮੁਕਾਬਲਾ ਨਹੀਂ। ਜਦੋਂ ਅਸੀਂ ਕਾਨ ਪਰਤੇ ਤਾਂ ਮਾਰੀ ਕਲੌਡ ਨੇ ਆਪਣੇ ਮਹੱਲੇ ਦੇ ਉਤਸਵ ਵਿਚ ਸ਼ਾਮਲ ਹੋਣਾ ਵੀ ਜ਼ਰੂਰੀ ਸਮਝਿਆ। ਅਸੀਂ ਇਕ ਸਟਾਲ ਤੋਂ ਫਰਾਂਸੀਸੀ ਪੂੜੇ ਖਾਧੇ ਜਿਨ੍ਹਾਂ ਨੂੰ 'ਕਰੈਪ' ਕਿਹਾ ਜਾਂਦਾ ਹੈ। ਜਦੋਂ ਰੂਪਾ ਸੈਨੀ ਭਾਰਤੀ ਹਾਕੀ ਦੀ ਟੀਮ ਲੈ ਕੇ ਕਾਨ ਸ਼ਹਿਰ ਖੇਡਣ ਆਈ ਸੀ ਤਾਂ ਮਾਰੀ ਕਲੌਡ ਨੇ 'ਕਰੈਪ' ਤਿਆਰ ਕਰਕੇ ਖੁਆਏ। ਉਹ ਸਮਝੀਆਂ ਕਿ ਇਹ ਫਰਾਂਸੀਸੀ ਰੋਟੀ ਹੈ। ਕੁਝ ਨੌਜਵਾਨ ਨਾਚ ਗਾਣੇ ਵਿਚ ਮਸਤ ਝੂਮ ਰਹੇ ਸਨ। ਅਸੀਂ ਕੁਝ ਸਟਾਲਾਂ ਦਾ ਗੇੜਾ ਲਾ ਕੇ ਘਰ ਪਰਤ ਆਏ। ਮਾਰੀ ਕਲੌਡ ਦਾ ਪਤੀ ਭਾਰਤ ਬਾਰੇ ਜਾਣਕਾਰੀ ਲੈ ਕੇ ਖੁਸ਼ ਹੋ ਰਿਹਾ ਸੀ। ਵੇਖੀਏ ਇਹ ਜੋੜੀ ਕਦੋਂ ਸਾਡੇ ਵਤਨਾਂ ਵੱਲ ਗੇੜਾ ਮਾਰਦੀ ਹੈ। ਇਨ੍ਹਾਂ ਦੇ ਕੀਤੇ ਅਹਿਸਾਨਾਂ ਦਾ ਬਦਲਾ ਚੁਕਾਣ ਲਈ ਮੈਂ ਕਈ ਸਾਲਾਂ ਤੋਂ ਉਤਾਵਲਾ ਹਾਂ। ਮਾਰੀ ਕਲੌਡ ਨੇ ਮੇਰੀ ਘਰਵਾਲੀ ਲਈ ਇਕ ਤੋਹਫਾ ਦੇ ਕੇ ਅਗਲੀ ਸਵੇਰ ਵਿਦਾ ਕਰ ਦਿੱਤਾ।

## ਸਿੱਖਾਂ ਦਾ ਬਾਰਸੀਲੋਨਾ

25 ਜੂਨ ਨੂੰ ਏਅਰ-ਕੰਡੀਸ਼ਨਡ ਬੱਸ ਦੀ ਸਵਾਰੀ ਕਰਕੇ ਮੈਂ ਮੌਂਪਿਲੀਏ ਦੇ ਫਰਾਂਸੀਸੀ ਸ਼ਹਿਰ ਤੋਂ ਸਪੇਨ ਦੇ ਬਾਰਸੀਲੋਨਾ ਸ਼ਹਿਰ ਪਹੁੰਚ ਗਿਆ। ਬਾਰਸੀਲੋਨਾ ਸਪੇਨ ਦਾ ਸਭ ਤੋਂ ਮਸ਼ਹੂਰ ਯਾਤਰੀ ਸ਼ਹਿਰ ਹੈ ਅਤੇ ਪਿਛਲੀਆਂ ਉਲੰਪਿਕ ਖੇਡਾਂ ਕਾਰਨ ਵਿਸ਼ਵ ਭਰ ਵਿਚ ਮਸ਼ਹੂਰ ਹੋ ਗਿਆ ਹੈ। ਉਲੰਪਿਕ ਖੇਡਾਂ ਸਮੇਂ ਹੀ ਮੇਰੇ ਮਨ ਵਿਚ ਵਿਚਾਰ ਆ ਰਿਹਾ ਸੀ ਕਿ ਯੂਰਪ ਦੇ ਲਗਭਗ ਸਾਰੇ ਦੇਸ਼ ਵੇਖ ਚੁੱਕਾ ਹਾਂ ਪਰੰਤੂ ਅਜੇ ਤਕ ਸਪੇਨ ਅਤੇ ਪੁਰਤਗਾਲ ਦੀ ਯਾਤਰਾ ਨਹੀਂ ਕੀਤੀ। ਪੁਰਤਗਾਲ ਨਾਲ ਭਾਰਤ ਦੇ ਸੰਬੰਧ ਠੀਕ ਨਹੀਂ ਸਨ ਅਤੇ ਹਰ ਵਾਰ ਪਾਸਪੋਰਟ ਉਪਰ ਪਹਿਲਾਂ ਹੀ ਮੋਹਰ ਲਗਾ ਦਿਤੀ ਜਾਂਦੀ ਸੀ ਕਿ ਦੱਖਣੀ ਅਫਰੀਕਾ ਅਤੇ ਪੁਰਤਗਾਲ ਵਿਚ ਦਾਖਲ ਹੋਣਾ ਵਿਵਰਜਤ ਹੈ। ਭਾਵੇਂ ਹੁਣ ਇਹ ਪਾਬੰਦੀ ਹਟਾ ਲਈ ਗਈ ਹੈ ਪਰੰਤੂ ਮੇਰਾ ਮਨ ਸਪੇਨ ਦੀ ਯਾਤਰਾ ਲਈ ਹੀ ਕਾਹਲਾ ਪੈ ਰਿਹਾ ਸੀ। ਮੌਂਪਿਲੀਏ ਤੋਂ ਬਾਰਸੀਲੋਨਾ ਗੱਡੀ ਰਾਹੀਂ ਚਾਰ ਘੰਟੇ ਅਤੇ ਬੱਸ ਰਾਹੀਂ ਛੇ ਘੰਟੇ ਦਾ ਸਫਰ ਹੈ ਪਰੰਤੂ ਬੱਸਾਂ ਬਗੈਰ ਬਦਲਣ ਤੋਂ ਸਿੱਧੇ ਪਹੁੰਚ ਜਾਈਦਾ ਹੈ ਅਤੇ ਗੱਡੀ ਰਾਹ ਵਿਚ ਬਦਲ ਕੇ ਜਾਣਾ ਪੈਂਦਾ ਹੈ।

ਚੱਲਣ ਤੋਂ ਪਹਿਲਾਂ ਮੈਂ ਬਾਰਸੀਲੋਨਾ ਦੀ ਪ੍ਰੋ: ਕਾਰਮਨ ਬੈਖਸਰਾ ਨਾਲ ਸਾਰਾ ਪ੍ਰੋਗਰਾਮ ਤੈਹ ਕਰ ਰੱਖਿਆ ਸੀ। ਉਸ ਨੇ ਹੋਟਲ ਬੁੱਕ ਕਰਵਾ ਕੇ ਸ਼ਹਿਰ ਦੇ ਇਤਿਹਾਸਕ ਸਥਾਨ ਘੁਮਾਣ ਦੀ ਜਿੰਮੇਵਾਰੀ ਲੈ ਰੱਖੀ ਸੀ। ਕੁਦਰਤ ਦਾ ਐਸਾ ਭਾਣਾ ਵਰਤਿਆ ਕਿ ਮੇਰੇ ਚੱਲਣ ਤੋਂ ਦੋ ਦਿਨ ਪਹਿਲਾਂ ਪ੍ਰੋ: ਕਾਰਮਨ ਦਾ ਪਿਤਾ ਗੁਜਰ ਗਿਆ ਅਤੇ ਉਹ ਆਪਣੀ ਮਾਂ ਦੇ ਘਰ ਸੋਗ ਵਿਚ ਸ਼ਾਮਲ ਹੋਣ ਚਲੀ ਗਈ। ਉਸਨੇ 24 ਤਰੀਕ ਫੋਨ ਕਰ ਦਿਤਾ ਕਿ ਉਹ ਹੁਣ ਮੇਰੀ ਕੋਈ ਮੱਦਦ ਨਹੀਂ ਕਰ ਸਕੇਗੀ।

ਗਰੀਨੋਬਲ ਤੋਂ ਚੱਲਣ ਲਗਿਆਂ ਦੋ ਪੰਜਾਬੀ ਮੁਟਿਆਰਾਂ ਨੇ ਮੇਰੇ ਨਾਲ ਡਿਨਰ ਕੀਤਾ ਅਤੇ ਆਪਣੀ ਬਾਰਸੀਲੋਨਾ ਦੀ ਯਾਤਰਾ ਬਾਰੇ ਦਸਿਆ। ਉਨ੍ਹਾਂ ਨੇ ਗੁਰਦਵਾਰੇ ਦੀ ਦੱਸ ਪਾਈ ਅਤੇ ਇਥੋਂ ਦਾ ਫੋਨ ਦੇ ਦਿੱਤਾ। ਜਦੋਂ ਮੈਂ 24 ਜੂਨ ਨੂੰ ਬਾਰਸੀਲੋਨਾ ਦੀ ਸੀਟ ਬੁੱਕ ਕਰਵਾ ਕੇ ਮੁੜਿਆ ਤਾਂ ਪ੍ਰੋ: ਮੋਨਿਨ ਨੇ ਮੈਡਮ ਕਾਰਮਨ ਦੀ ਸੋਗ ਭਰੀ ਖਬਰ ਸੁਣਾ ਕੇ ਕਿਹਾ ਕੇ ਮੈਨੂੰ ਆਪਣਾ ਪ੍ਰਬੰਧ ਖੁਦ ਕਰ ਲੈਣਾ ਚਾਹੀਦਾ ਹੈ। ਮੈਂ ਝਟ ਬਾਰਸੀਲੋਨਾ ਦੇ ਗੁਰਦਵਾਰੇ ਫੋਨ ਕਰ ਦਿਤਾ ਅਤੇ ਅਗੋਂ ਕਿਸੇ ਸਿੰਘ ਨੇ ਫੋਨ ਚੁਕਦੇ ਸਾਰ ਹੀ ਫਤਹਿ ਗਜਾ ਦਿੱਤੀ। ਮੈਂ ਵੀ ਫਤਹਿ ਦਾ ਜਵਾਬ ਫਤਹਿ ਵਿਚ ਦੇ ਕੇ ਆਪਣੀ ਮਜ਼ਬੂਰੀ ਦੱਸੀ ਅਤੇ ਰਾਤ ਰਹਿਣ ਲਈ ਬੇਨਤੀ ਕੀਤੀ। ਅਗੋਂ ਭਾਈ ਤੇਜਾ ਸਿੰਘ ਸੇਵਾਦਾਰ ਨੇ ਦਸਿਆ ਕਿ ਗੁਰਦਵਾਰੇ ਵਿਚ ਰਿਹਾਇਸ਼ੀ ਕਮਰਾ ਤਾਂ ਕੋਈ ਨਹੀਂ ਪਰੰਤੂ ਉਹ ਮੇਰਾ ਰਹਿਣ ਦਾ ਪ੍ਰਬੰਧ ਕਿਸੇ ਹੋਰ ਸਿੰਘ ਦੇ ਘਰ ਕਰਵਾ ਦੇਣਗੇ। ਮੈਂ ਕਿਹਾ ਸਪੇਨ ਵਿਚ ਤਾਂ ਕੋਈ ਵਿਰਲਾ ਟਾਵਾਂ ਹੀ ਸਿਖ ਹੋਵੇਗਾ। ਅਗੋਂ ਜਵਾਬ ਮਿਲਿਆ ਕਿ ਹੁਣ ਬਾਰਸੀਲੋਨਾ ਵਿਚ ਹੀ ਡੇਢ ਸੌ ਦੇ ਕਰੀਬ ਸਿੱਖ ਹਨ। ਮੈਂ ਹੈਰਾਨ ਹੋਇਆ ਅਤੇ ਖੁਸ਼ ਵੀ ਕਿ ਚਲੋ ਸਿੰਘਾਂ ਦੇ ਦੀਦਾਰ ਹੀ ਕਰਾਂਗੇ।

25 ਜੂਨ ਦੀ ਬੱਸ ਯਾਤਰਾ ਬੜੀ ਸੁਖਾਵੀਂ ਸਾਬਤ ਹੋਈ। ਮੈਂ ਸਾਰਾ ਸਫ਼ਰ ਰੋਮ ਸਾਗਰ ਦੇ ਕੰਢੇ ਛੋਟੀਆਂ ਬੰਦਰਗਾਹਾਂ, ਮਛੇਰਿਆਂ ਦੇ ਪਿੰਡ ਅਤੇ ਪਹਾੜੀਆਂ ਉਪਰ ਸੰਗਤਰੇ ਅਤੇ ਹੋਰ ਫਲਦਾਰ ਬੂਟਿਆਂ ਦੇ ਬਾਗ ਵੇਖਦਾ ਜਾ ਰਿਹਾ ਸਾਂ। ਕੁਝ ਚਿਰ ਮੈਂ ਕਿਤਾਬ ਪੜ੍ਹਨ ਰੁੱਝ ਗਿਆ ਅਤੇ ਪਤਾ ਹੀ ਨਾ ਲਗਾ ਕਿਹੜੇ ਵੇਲੇ ਸਾਡੀ ਬੱਸ ਸਪੇਨ ਦੀ ਹੱਦ ਅੰਦਰ ਦਾਖਲ ਹੋ ਗਈ। ਦਰਅਸਲ, ਯੂਰਪੀਨ ਦੇਸ ਹੁਣ ਇਕ ਝੰਡੇ ਹੇਠ ਇਕੱਠੇ ਹੋ ਰਹੇ ਹਨ ਅਤੇ ਹਰ ਕੋਈ ਦੂਸਰੇ ਦੇਸ਼ ਵਿਚ ਬਗੈਰ ਕਿਸੇ ਵੀਜ਼ੇ ਦੇ ਦਾਖਲ ਹੋ ਸਕਦਾ ਹੈ। ਮੈਂ ਡਰਾਈਵਰ ਨੂੰ ਪੁੱਛਿਆ ਕਿ ਬਾਰਡਰ ਤੇ ਰੁਕਣਾ ਹੈ, ਉਹ ਕਹਿਣ ਲਗਾ ਇਸਦੀ ਹੁਣ ਕੋਈ ਜ਼ਰੂਰਤ ਨਹੀਂ। ਸੋ ਮੈਂ ਚੁੱਪ ਕਰਕੇ ਆਪਣੀ ਸੀਟ ਤੇ ਬੈਠ ਗਿਆ। ਸਪੇਨ ਦੇ ਪਹਿਲੇ ਸ਼ਹਿਰ ਵਿਚ ਜਾ ਕੇ ਬੱਸ ਰੁਕੀ ਤਾਂ ਮੈਂ ਆਪਣੇ ਆਲੇ ਦੁਆਲੇ ਨਿਗਾਹ ਮਾਰੀ। ਅੱਡੇ ਉਪਰ ਸਫਾਈ ਦਾ ਮਿਆਰ ਫਰਾਂਸ ਨਾਲੋਂ ਘੱਟ ਸੀ ਅਤੇ ਖਾਸ ਕਰਕੇ ਪਖਾਨਿਆਂ ਦੀ ਹਾਲਤ ਗਈ ਗੁਜਰੀ ਸੀ।

ਪਰੰਤੂ ਫਿਰ ਵੀ ਭਾਰਤ ਨਾਲੋਂ ਹਜ਼ਾਰਾਂ ਗੁਣਾ ਵਧੇਰੇ ਸਫਾਈ ਸੀ। ਅਚਾਨਕ ਮੇਰੀ ਨਿਗਾਹ ਇਕ ਇਸ਼ਤਿਹਾਰ ਉਪਰ ਜਾ ਪਈ ਜਿਸ ਵਿਚ ਹਾਕੀ ਦੇ ਮੈਚ ਬਾਰੇ ਸੂਚਨਾ ਸੀ। ਸਪੇਨ ਦੀ ਹਾਕੀ ਦੀ ਟੀਮ ਕਦੇ ਵਿਸ਼ਵ ਕੱਪ ਜੇਤੂ ਰਹਿ ਚੁਕੀ ਹੈ ਅਤੇ ਪਿਛਲੀਆਂ ਉਲੰਪਿਕ ਖੇਡਾਂ ਵਿਚ ਭਾਰਤ ਨੂੰ ਹਰਾ ਚੁੱਕੀ ਹੈ।

ਸ਼ਾਮ ਨੂੰ ਸਤ ਵਜੇ ਦੇ ਕਰੀਬ ਸਾਡੀ ਬੱਸ ਬਾਰਸੀਲੋਨਾ ਦੇ ਬੱਸ ਸਟੈਂਡ ਉਪਰ ਪਹੁੰਚ ਗਈ। ਮੈਂ ਭਾਈ ਤੇਜਾ ਸਿੰਘ ਨੂੰ ਫੋਨ ਰਾਹੀਂ ਆਪਣੇ ਪਹੁੰਚਣ ਦਾ ਸਮਾਂ ਅਤੇ ਸਥਾਨ ਦੱਸ ਰੱਖਿਆ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਮੈਨੂੰ ਅੱਡੇ ਉਪਰ ਕੋਈ ਸੱਜਣ ਆ ਕੇ ਗੁਰਦਵਾਰੇ ਸਾਹਿਬ ਪਹੁੰਚਾ ਦੇਵੇਗਾ। ਸਾਡੀ ਬੱਸ ਨੀਯਤ ਸਮੇਂ ਤੋਂ ਘੰਟਾ ਪਹਿਲਾਂ ਪਹੁੰਚ ਗਈ ਜਿਸ ਕਰਕੇ ਮੈਨੂੰ ਕੁਝ ਇੰਤਜ਼ਾਰ ਕਰਨਾ ਪਿਆ। ਮੈਂ ਅਜੇ ਰੇਲਵੇ ਸਟੇਸ਼ਨ ਵੱਲ ਫਰਾਂਸੀਸੀ ਕਰੰਸੀ ਨੂੰ ਬਦਲਣ ਲਈ ਚਲਿਆ ਹੀ ਸਾਂ ਕਿ ਇਕ ਸੱਜਣ ਮੇਰੇ ਵੱਲ ਆ ਕੇ ਮੇਰਾ ਨਾਮ ਪੁੱਛਣ ਲੱਗਾ। ਉਸ ਕਿਹਾ ਕਿ ਭਾਈ ਤੇਜਾ ਸਿੰਘ ਨੇ ਕਿਹਾ ਸੀ ਕਿ ਪ੍ਰੋ. ਸਾਹਿਬ ਬੱਸ ਅੱਡੇ ਉਪਰ ਆ ਰਹੇ ਹਨ। ਮੈਂ ਕਿਹਾ ਫਰਾਂਸ ਵਿਚ ਤਾਂ ਸਰਕਾਰੀ ਦੌਰਾ ਸੀ ਜਿਸ ਕਰਕੇ ਅਗੋਂ ਕੋਈ ਨਾ ਕੋਈ ਲੈਣ  ਆ ਜਾਂਦਾ ਪਰੰਤੂ ਬਾਰਸੀਲੋਨਾ ਵਿਚ ਗੁਰੂ ਨੇ ਆਪਣਾ ਸਿਖ ਭੇਜ ਦਿਤਾ ਹੈ। ਅਸੀਂ ਦੋਵੇਂ ਜਣੇ ਮੈਟਰੋ ਸਟੇਸ਼ਨ ਤੇ ਆ ਗਏ। ਮੇਰਾ ਸਮਾਨ ਆਏ ਸੱਜਣ ਨੇ ਚੁੱਕ ਲਿਆ ਅਤੇ ਅਸੀਂ ਮੈਟਰੋ ਗੱਡੀ ਤੇ ਸਵਾਰ ਹੋ ਕੇ ਲੀਸੇ ਸਟੇਸ਼ਨ ਤੇ ਜਾ ਉਤਰੇ। ਮੈਟਰੋ ਤੋਂ ਬਾਹਰ ਨਿਕਲੇ ਹੀ ਸਾਂ ਕਿ ਬਜ਼ਾਰ ਦੀ ਗਹਿਮਾ ਗਹਿਮ ਨਜ਼ਰੀਂ ਪਈ। ਮੇਰੇ ਪੁੱਛਣ ਤੇ ਸੱਜਣ ਨੇ ਕਿਹਾ ਕਿ ਇਹ ਬਾਰਸੀਲੋਨਾ ਦੀ ਸਭ ਤੋਂ ਮਸ਼ਹੂਰ ਸੈਰਗਾਹ ਹੈ ਅਤੇ ਇਸ ਨੂੰ ਰੰਬਲਾ ਕਹਿੰਦੇ ਹਨ। ਗੁਰਦਵਾਰਾ  ਇਸ ਦੇ ਨਾਲ ਦੀ ਗਲੀ ਵਿਚ ਹੈ। ਰੰਬਲਾ ਦੇ ਦੋਵੇਂ ਪਾਸੀਂ ਦੁਕਾਨਾਂ ਹਨ ਅਤੇ ਇਨ੍ਹਾਂ ਵਿਚੋਂ ਵਧੇਰੇ ਹੁਣ ਸਿੰਧੀ ਅਤੇ ਪੰਜਾਬੀ ਵਪਾਰੀਆਂ ਦੇ ਕਬਜ਼ੇ ਵਿਚ ਹਨ। ਗੁਰਦਵਾਰੇ ਦੇ ਸ਼ਰਧਾਲੂ ਵੀ ਵਧੇਰੇ ਸਿੰਧੀ ਦੁਕਾਨਦਾਰ ਹਨ ਜਿਸ ਕਰਕੇ ਗੁਰਦਵਾਰੇ ਲਈ ਇਮਾਰਤ ਬਜ਼ਾਰ ਵਿਚ ਲਈ ਗਈ ਹੈ।

ਅਸੀਂ ਬਜ਼ਾਰ ਵਿਚ ਇਕ ਵੱਡੇ ਦਰਵਾਜੇ ਅਗੇ ਪਹੁੰਚ ਕੇ ਗੁਰਦਵਾਰੇ ਦੀ ਤਖਤੀ ਪੜ੍ਹ ਕੇ ਘੰਟੀ ਵਜਾ ਦਿਤੀ। ਫਾਟਕ ਖੁੱਲ ਗਿਆ ਅਤੇ ਅਸੀਂ ਪੌੜੀਆਂ ਚੜ੍ਹ ਕੇ ਦੂਸਰੀ ਮੰਜ਼ਿਲ ਤੇ ਪਹੁੰਚ ਗਏ। ਭਾਈ ਤੇਜਾ ਸਿੰਘ ਨੇ ਪਹਿਲਾਂ ਹੀ ਬੁੱਝ ਲਿਆ ਸੀ ਕਿ ਮੈਂ ਪਹੁੰਚ ਗਿਆ ਹਾਂ। ਉਹਨਾਂ ਗੁਰਦਵਾਰੇ ਦਾ ਬੂਹਾ ਖੋਹਲ ਰੱਖਿਆ ਸੀ। ਅਸੀਂ ਜਾ ਫਤਹਿ ਗਜਾਈ। ਦਰਵਾਜੇ ਉਪਰ ਗੁਰਦਵਾਰਾ ਗੁਰਦਰਸ਼ਨ ਸਾਹਿਬ ਲਿਖਿਆ ਹੋਇਆ ਸੀ। ਮੇਰੇ ਨਾਲ ਆਏ ਸੱਜਣ ਨੇ ਮੇਰਾ ਸਮਾਨ ਟਿਕਾ ਕੇ ਗੁਰੂ ਗਰੰਥ ਸਾਹਿਬ ਅਗੋਂ ਪਰਦਾ ਹਟਾਇਆ। ਬਾਰਸੀਲੋਨਾ ਵਿਚ ਗੁਰੂ ਦੇ ਸਿੰਘਾਂ ਅਤੇ ਗੁਰੂ ਗਰੰਥ ਸਾਹਿਬ ਦੇ ਦਰਸ਼ਨ ਕਰਕੇ ਮਨ ਗਦਗਦ ਹੋ ਉਠਿਆ। ਭਾਈ ਤੇਜਾ ਸਿੰਘ ਨੇ ਸ਼ਰਬਤ ਤਿਆਰ ਕਰ ਲਿਆਂਦਾ ਅਤੇ ਨਾਲ ਹੀ ਚਾਹ ਦਾ ਗੱਫਾ ਤਿਆਰ ਕਰਨ ਦੀ ਇਜਾਜ਼ਤ ਮੰਗੀ। ਮੈਂ ਧੰਨਵਾਦ ਸਹਿਤ ਉਨ੍ਹਾਂ ਦੀ ਸੇਵਾ ਭਾਵਨਾ ਦਾ ਸਤਿਕਾਰ ਕੀਤਾ। ਉਹ ਕਹਿੰਦੇ ਗੁਰਦਵਾਰਾ ਗੁਰੂ ਦੇ ਸਿੱਖਾਂ ਦੀ ਟਹਿਲ ਸੇਵਾ ਲਈ ਹੀ ਬਣਿਆ ਹੈ। ਮੈਂ ਵੇਖ ਰਿਹਾ ਸਾਂ ਕਿ ਗੁਰਦੁਵਾਰੇ ਦਾ ਇਕ ਕਮਰਾ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੈ, ਇਕ ਰਸੋਈ, ਲੰਗਰ ਦਾ ਕੰਮ ਦੇ ਰਹੀ ਹੈ ਅਤੇ ਨਾਲ ਇਕ ਛੋਟਾ ਜਿਹਾ ਗੁਸਲਖਾਨਾ ਹੈ। ਮੈਂ ਕਿਹਾ ਭਾਈ ਸਾਹਿਬ ਆਪ ਕਿਥੇ ਬਿਰਾਜਮਾਨ ਹੁੰਦੇ ਹੋ। ਤੇਜਾ ਸਿੰਘ ਸੇਵਾ ਦੀ ਮੂਰਤੀ ਹਨ ਅਤੇ ਗੁਰੂ ਗ੍ਰੰਥ ਸਾਹਿਬ ਸੁਖ ਆਸਨ ਕਰਨ ਤੋਂ ਬਾਅਦ ਉਸੇ ਕਮਰੇ ਵਿਚ ਹੇਠ ਆਸਨ ਕਰ ਲੈਂਦੇ ਹਨ। ਧੰਨ ਹਨ ਗੁਰੂ ਦੇ ਸਿਖ ਜੋ ਸੇਵਾ ਸੰਭਾਲ ਕਰਦੇ ਹੋਏ ਵੀ ਨਿਮਾਣੇ ਬਣ ਕੇ ਦਿਨ ਕਟੀ ਕਰ ਰਹੇ ਹਨ।

ਸ਼ਾਮ ਪੈਣ ਤੇ ਰਹਿਰਾਸ ਦਾ ਪਾਠ ਆਰੰਭ ਹੋਇਆ। ਦੋ ਚਾਰ ਹੋਰ ਸਿਖ ਵੀ ਮੱਥਾ ਟੇਕਣ ਆ ਗਏ। ਜਲੰਧਰ ਦੇ ਰਾਣੇ ਨੇ ਮੈਨੂੰ ਸਮੁੰਦਰ ਕਿਨਾਰੇ ਘੁੰਮਣ ਲਈ ਸਾਥ ਦਿੱਤਾ ਅਤੇ ਅਸੀਂ ਰੰਬਲੇ ਦੀ ਰੌਣਕ ਵੇਖਦੇ ਹੋਏ ਕਰਿਸਟੋਫਰ ਕੋਲੰਬਸ ਦੀ ਲਾਠ ਕੋਲ ਪਹੁੰਚ ਗਏ। ਬਾਰਸੀਲੋਨਾ ਦੀ ਬੰਦਰਗਾਹ ਉਪਰ ਕੋਲੰਬਸ ਦੀ ਲਾਠ ਸਪੇਨ ਵਾਲਿਆਂ ਦੀ ਇਤਿਹਾਸਕ ਯਾਦਗਾਰ ਹੈ। ਇਸੇ ਹੀ ਕੋਲੰਬਸ ਨੇ ਭਾਰਤ ਨੂੰ ਜਾਣ ਲਈ ਸਮੁੰਦਰੀ ਰਾਹ ਲੱਭਣ ਦਾ ਬੀੜਾ ਚੁੱਕਿਆ ਸੀ। ਸਪੇਨ ਦੀ ਰਾਣੀ ਨੇ ਉਸ ਦਾ ਖਰਚਾ ਚੁੱਕਿਆ ਪਰੰਤੂ ਕੋਲੰਬਸ ਭਾਰਤ ਦੀ ਜਗਹ ਅਮਰੀਕਾ ਦੇ ਤੱਟ ਉਪਰ ਜਾ ਪਹੁੰਚਾ। ਸਪੇਨ ਦੇ ਸਮੁੰਦਰੀ ਬੇੜੇ ਨੇ ਜਾ ਅਮਰੀਕਾ ਉਪਰ ਕਬਜਾ ਕੀਤਾ। ਇਸ ਦੇ ਆਰਮਾਡੇ ਤੋਂ ਸਾਰਾ ਯੂਰਪ ਕੰਬਦਾ ਸੀ। ਅੰਗਰੇਜਾਂ ਨਾਲ ਲੜਾਈ ਤੋਂ ਪਹਿਲਾਂ ਸਪੇਨ ਦਾ ਫੌਜੀ ਬੇੜਾ ਸਾਰੇ ਉਤਰੀ ਅਤੇ ਦੱਖਣੀ ਅਮਰੀਕਾ ਉਪਰ ਕਬਜਾ ਕਰ ਬੈਠਾ ਸੀ। ਇਹੋ ਕਾਰਨ ਹੈ ਕਿ ਦੱਖਣੀ ਅਮਰੀਕਾ ਦੇ ਵਧੇਰੇ ਦੇਸ ਸਪੇਨੀ ਭਾਸ਼ਾ ਹੀ ਬੋਲਦੇ ਹਨ। ਭਾਰਤ ਵਿਚ ਪੁਰਤਗੀਜ ਜਹਾਜਰਾਨ ਵਾਸਕੋਡੇਗਾਮਾ ਪਹੁੰਚ ਗਿਆ ਜਿਸ ਕਰਕੇ ਗੋਆ ਪੁਰਤਗੀਜ ਕਾਲੋਨੀ ਬਣ ਗਿਆ। ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਪੁਰਤਗਾਲ ਇਕ ਗਰੀਬ ਦੇਸ ਗਿਣਿਆ ਜਾਂਦਾ ਹੈ ਅਤੇ ਯੂਰਪ ਵਾਲੇ ਸਪੇਨ ਨਿਵਾਸੀਆਂ ਨੂੰ ਮਖੌਲ ਨਾਲ 'ਬਿਹਾਰੀ' ਹੀ ਕਹਿੰਦੇ ਹਨ।

ਮੈਂ ਅਤੇ ਰਾਨਾ ਬੰਦਰਗਾਹ ਉਪਰ ਜਹਾਜ ਵੇਖਣ ਚਲੇ ਗਏ। ਫਿਰ ਉਸਨੇ ਉਲੰਪਿਕ ਭਾਰਤੀ ਹਾਕੀ ਦੀ ਗੱਲ ਛੇੜ ਲਈ। ਕਹਿੰਦਾ ਅਸੀਂ ਕਈ ਦਿਨ ਕੰਮ ਤੋਂ ਛੁੱਟੀ ਲੈ ਕੇ ਭਾਰਤੀ ਟੀਮ ਦੀ ਹੱਲਾਸ਼ੇਰੀ ਲਈ ਗਰਾਊਂਡ ਵਿਚ ਚਲੇ ਜਾਣਾ ਪਰੰਤੂ ਪਰਗਟ ਸਿੰਘ ਕਪਤਾਨ ਸਣੇ ਇਹ ਟੀਮ ਇੰਨੀ ਮਾੜੀ ਖੇਡ ਖੇਡੀ ਕਿ ਸਾਨੂੰ ਭਾਰਤੀ ਟੀਮ ਉਪਰ ਗੁੱਸਾ ਆ ਰਿਹਾ ਸੀ। ਬਾਕੀ ਖੇਡਾਂ ਵਿਚ

ਵੀ ਭਾਰਤੀ ਫਾਡੀ ਹੀ ਰਹੇ। ਬਹੁਤੇ ਭਾਰਤੀ ਖਿਡਾਰੀਆਂ ਦੀ ਤਾਂ ਗੋਰੀਆਂ ਮੇਮਾਂ ਵੇਖਣ ਦੀ ਹੀ ਸੱਧਰ ਹੁੰਦੀ ਹੈ ਜਾਂ ਜੇਬ ਖਰਚੇ ਤੋਂ ਪੈਸੇ ਬਚਾ ਕੇ ਸ਼ਾਪਿੰਗ ਕਰਨ ਦੀ ਲਾਲਸਾ। ਸਮੁੰਦਰੀ ਕੰਢੇ ਉਪਰ ਯਾਤਰੀ ਸੈਰ ਕਰ ਰਹੇ ਸਨ। ਕੁਝ ਜੋੜੇ ਵੀ ਇਧਰ ਆ ਨਿਕਲਦੇ ਹਨ। ਪੰਜਾਬੀ ਛੜੇ ਠਰਕ ਭੋਰਨ ਵੀ ਇਸ ਪਾਸੇ ਆ ਜਾਂਦੇ ਹਨ। ਸਾਨੂੰ ਕਈ ਪਾਕੀ ਅਤੇ ਭਾਰਤੀ ਪੰਜਾਬੀ ਘੁੰਮਦੇ ਮਿਲ ਪਏ। ਦਸ ਵਜੇ ਦੇ ਕਰੀਬ ਅਸੀਂ ਵਾਪਸ ਗੁਰਦਵਾਰੇ ਪਰਤ ਗਏ ਅਤੇ ਭਾਈ ਤੇਜਾ ਸਿੰਘ ਨੇ ਗੁਰੂ ਮਹਾਰਾਜ ਨੂੰ ਭੋਗ ਲਗਾ ਕੇ ਸਭ ਨੂੰ ਪੰਗਤ ਵਿਚ ਬਿਠਾ ਕੇ ਲੰਗਰ ਛਕਾ ਦਿਤਾ। ਗੁਰਦਵਾਰੇ ਦੀ ਸੇਵਾ ਨਿਭਾ ਰਹੇ ਪਾਠੀ ਸਿੰਘ ਭਾਈ ਬਲਦੇਵ ਸਿੰਘ ਵੀ ਲੰਗਰ ਸਮੇਂ ਹਾਜ਼ਰ ਹੋ ਗਏ। ਉਹ ਰਾਜਪੁਰੇ ਕੋਲ ਢਕਾਣਸੂ ਪਿੰਡ ਦੇ ਵਸਨੀਕ ਹਨ ਅਤੇ ਜਰਮਨੀ  ਤੋਂ ਘੁੰਮਦੇ ਘੁੰਮਦੇ ਬਾਰਸੀਲੋਨਾ ਪਹੁੰਚ ਗਏ। ਬਲਦੇਵ ਸਿੰਘ ਨੇ ਦਸਿਆ ਕਿ ਉਨ੍ਹਾਂ ਨੇ ਜਰਮਨੀ ਪਹੁੰਚ ਕੇ ਅੰਮ੍ਰਿਤ ਛਕਿਆ ਅਤੇ ਸਿੰਘ ਸਜ ਗਏ। ਅਜ ਕੱਲ ਉਹ ਇਕ ਸਿੰਧੀ ਸੇਠ ਦੀ ਮੁਨਿਆਰੀ ਦੀ ਦੁਕਾਨ ਤੇ ਕੰਮ ਕਰਦੇ ਹਨ ਅਤੇ ਗੁਰਦਵਾਰੇ ਦੇ ਪਾਠੀ ਦੀ ਡਿਊਟੀ ਵੀ ਨਿਭਾ ਰਹੇ ਹਨ। ਮੈਂ ਖੁਸ਼ ਸਾਂ ਕਿ ਗੁਰੂ ਨਾਨਕ ਸਾਹਿਬ ਦੇ ਸਿਖ ਫਿਲਸਫੇ ਦੀ ਸਹੀ ਤਰਜਮਾਨੀ ਭਾਈ ਤੇਜਾ ਸਿੰਘ ਅਤੇ ਭਾਈ ਬਲਦੇਵ ਸਿੰਘ ਇਥੇ ਸਪੇਨ ਵਿਚ ਕਰ ਰਹੇ ਹਨ। ਲੰਗਰ ਛਕਣ ਉਪਰੰਤ ਭਾਈ ਤੇਜਾ ਸਿੰਘ ਨੇ ਗਰਮ ਦੁੱਧ ਦੇ ਭਰੇ ਹੋਏ ਗਲਾਸ ਸਭ ਨੂੰ ਛਕਾਏ ਅਤੇ ਕੀਰਤਨ ਸੋਹਿਲੇ ਦੇ ਪਾਠ ਉਪਰੰਤ ਸਭ ਸਿੰਘਾਂ ਨੇ ਫਰਸ਼ ਉਪਰ ਬਿਸਤਰੇ ਲਗਾ ਕੇ ਸੁਖ ਨੀਂਦੇ ਸੌਣ ਦੀ ਤਿਆਰੀ ਕਰ ਲਈ।

ਅਗਲੀ ਸੇਵਰ 26 ਜੂਨ ਸ਼ਨੀਵਾਰ ਸੀ ਜਿਸ ਕਰਕੇ ਕਾਮੇ ਸਿਖਾਂ ਨੂੰ ਛੁੱਟੀ ਸੀ। ਭਾਈ ਤੇਜਾ ਸਿੰਘ ਨੇ ਮੇਰੀ ਸੈਰ ਲਈ ਦੋ ਸੱਜਣਾਂ ਦੀ ਡਿਊਟੀ ਲਗਾ ਰੱਖੀ ਸੀ। ਪਹਿਲਾਂ ਬਲਦੇਵ ਸਿੰਘ ਨੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਪੰਜ ਬਾਣੀਆਂ ਦਾ ਪਾਠ ਕੀਤਾ, ਫਿਰ ਚਾਹ ਦੇ ਲੰਗਰ ਤਿਆਰ ਕੀਤੇ ਗਏ ਅਤੇ ਭਾਈ ਤੇਜਾ ਸਿੰਘ ਨੇ ਦੁੱਪੜ ਪਰੌਂਠੇ ਲਾਹ ਕੇ ਅਚਾਰ ਨਾਲ ਪਰੋਸ ਲਿਆਂਦੇ। ਵਾਕਿਆ ਹੀ ਗੁਰੂ ਦੇ ਲੰਗਰ ਦਾ ਸਵਾਦ ਹੀ ਕੁਝ ਹੋਰ ਸੀ, ਕਈ ਦਿਨਾਂ ਪਿਛੋਂ ਪਰੌਂਠੇ ਖਾਣੇ ਨਸੀਬ ਹੋਏ। ਮੈਂ ਆਪਣੀ ਸੀਟ ਅਗਲੀ ਯਾਤਰਾ ਲਈ ਬੁੱਕ ਕਰਵਾ ਕੇ ਰਾਨੇ ਅਤੇ ਹੋਰ ਦੋ ਸਾਥੀਆਂ ਨਾਲ ਬਾਰਸੀਲੋਨਾ ਦੀ ਸੈਰ ਨੂੰ ਨਿਕਲ ਗਿਆ। ਤੇਜਾ ਸਿੰਘ ਦੀ ਸਿਫਾਰਿਸ਼ ਸੀ ਕਿ ਅਸੀਂ ਚਿੜੀਆਘਰ ਵਿਚ ਡਾਲਫਿਨ ਮੱਛੀ ਨੂੰ ਇਕ ਕੁੜੀ ਨਾਲ ਵਾਲੀਬਾਲ ਖੇਡਦਾ ਵੇਖ ਆਈਏ ਅਤੇ ਆਦਮੀ ਵਰਗੇ ਕਈ ਜਾਨਵਰ ਵੀ ਉਥੇ ਮੌਜੂਦ ਹਨ। ਸਾਨੂੰ ਇਹ ਸੌਦਾ ਕਾਫੀ ਮਹਿੰਗਾ ਪਿਆ ਕਿਉਂਕਿ ਇਸ ਚਿੜੀਆਘਰ ਦਾ ਚੱਕਰ ਲਗਾ ਕੇ ਅਸੀਂ ਤਿੰਨ ਘੰਟੇ ਗੁਆ ਬੈਠੇ ਅਤੇ ਬਹੁਤ ਹੀ ਥੱਕ ਗਏ। ਇਸ ਵਿਚ ਭਾਂਤ ਭਾਂਤ ਦੇ ਜਾਨਵਰ ਤਾਂ ਹਨ ਹੀ ਪਰ ਦੁਨੀਆਂ ਦਾ ਅਦੁੱਤੀ ਚਿੱਟਾ ਗੁਰੀਲਾ ਸਿਰਫ ਇਥੇ ਹੀ ਮਿਲਦਾ ਹੈ। ਇਸ ਦੇ ਪੈਰ ਹੱਥ ਬੰਦੇ ਵਾਂਗ ਹਨ ਅਤੇ ਇਹ ਸੌਂਦਾ ਅਤੇ ਤੁਰਦਾ ਵੀ ਬੰਦੇ ਵਾਂਗ ਹੈ। ਰਾਨੇ ਨੂੰ ਮਾਖੌਲ ਸੁੱਝਾ, ਕਹਿੰਦਾ ਇਹ ਤਾਂ ਸਾਡੇ ਪਿੰਡ ਦੇ ਪਾਲੇ ਬੁੜੇ ਵਾਂਗ ਆਪਣੀ ਗੋਗੜ ਤੇ ਵੀ ਹੱਥ ਫੇਰ ਰਿਹਾ ਹੈ।

ਮੇਰੀ ਤਮੰਨਾ ਸੀ ਕਿ ਬਾਰਸੀਲੋਨਾ ਦਾ ਉਹ ਗਿਰਜਾ ਘਰ ਵੇਖਾਂ ਜੋ ਹਰ ਰੋਜ਼ ਉਲੰਪਿਕ ਖੇਡਾਂ ਦੇ ਸ਼ੁਰੂ ਕਰਨ ਸਮੇਂ ਟੀ.ਵੀ. ਸਕਰੀਨ ਉਪਰ ਵਿਖਾਇਆ ਜਾਂਦਾ ਸੀ। ਅਸੀਂ ਮੈਟਰੋ ਗੱਡੀ ਰਾਹੀਂ 'ਸਗਰਾਦਾ ਫੈਮੀਲੀਆ' ਦੇ ਇਤਿਹਾਸਕ ਗਿਰਜਾਘਰ ਅਗੇ ਪਹੁੰਚ ਗਏ। ਇਸ ਦਾ ਕੰਮ ਸਪੇਨ ਦੇ ਮਸ਼ਹੂਰ ਆਰਕੀਟੈਕਟ ਐਨਟੋਨੀ ਮੋਡੀ ਨੇ ਆਪਣੀ ਹੱਥੀਂ 1883 ਈ. ਵਿਚ ਸ਼ੁਰੂ ਕਰਵਾ ਕੇ ਆਪਣੇ ਸਹਾਇਕਾਂ ਲਈ ਛੱਡ ਦਿੱਤਾ। ਇਸ ਨੂੰ ਸੌ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ ਅਤੇ ਅੱਜ ਤਕ ਇਸਦੀ ਇਮਾਰਤ ਮੁਕੰਮਲ ਨਹੀਂ ਹੋ ਸਕੀ। ਇਸ ਗਿਰਜਾਘਰ ਦੇ ਚਾਰ ਸਤੰਭ ਹਨ ਅਤੇ ਇਨ੍ਹਾਂ ਉਪਰ ਚੜ੍ਹਨ ਲਈ 372 ਪੌੜੀ ਦੇ ਡੰਡੇ ਹਨ। ਇਹ ਬਾਬਾ ਅਟੱਲ ਤੋਂ ਵੀ ਬਹੁਤ ਉਚਾ ਹੈ ਅਤੇ ਆਮ ਬੰਦਾ ਇਸ ਦੀਆਂ ਪੌੜੀਆਂ ਚੜ੍ਹਨ ਦੀ ਹਿੰਮਤ ਨਹੀਂ ਕਰਦਾ। ਵਧੇਰੇ ਯਾਤਰੀ ਲਿਫਟ ਰਾਹੀਂ ਉਪਰ ਜਾਂਦੇ ਹਨ ਪਰੰਤੂ ਮੈਂ ਹਿੰਮਤ ਕਰਕੇ ਪੌੜੀਆਂ ਰਾਹੀਂ ਉਪਰ ਚੜ੍ਹ ਕੇ ਬਾਰਸੀਲੋਨਾ ਸ਼ਹਿਰ ਦਾ ਨਜ਼ਾਰਾ ਵੇਖਿਆ। ਪੌੜੀ ਤੰਗ ਹੋਣ ਕਰਕੇ ਉਤਰਨਾ ਵੀ ਕਾਫੀ ਕਠਿਨ ਸੀ ਅਤੇ ਇਸ ਅਮਲ ਵਿਚ ਮੈਂ ਇੰਨਾ ਥਕ ਗਿਆ ਕਿ ਹੋਰ ਵਧੇਰੇ ਘੁੰਮਣ ਦਾ ਪਰੋਗਰਾਮ ਵਿਚੇ ਛੱਡ ਕੇ ਅਸੀਂ ਗੁਰਦਵਾਰੇ ਵਾਪਸ ਪਰਤ ਆਏ। ਆਉਣ ਸਾਰ ਲੰਗਰ ਵਿਚੋਂ ਚਾਹ ਦੇ ਗੱਫੇ ਛਕ ਕੇ ਹੋਸ਼ ਕਾਇਮ ਹੋਈ।

ਐਤਵਾਰ ਵਾਲੇ ਦਿਨ ਮੈਂ ਸਪੇਨ ਦੀ ਅਗਲੀ ਮੰਜ਼ਿਲ ਵਲ ਰਵਾਨਾ ਹੋਣਾ ਸੀ। ਰਾਤ ਦਾ ਲੰਗਰ ਛਕ ਕੇ ਇਕ ਗੇੜਾ ਰੰਬਲੇ ਦਾ ਅਤੇ ਸਮੁੰਦਰੀ ਕੰਢੇ ਦਾ ਲਾਉਣ ਦਾ ਮਨ ਬਣਾ ਲਿਆ। ਭਾਈ ਤੇਜਾ ਸਿੰਘ ਐਤਵਾਰ ਦੇ ਲੰਗਰ ਦੀ ਤਿਆਰੀ ਕਰਨ ਲਗੇ ਅਤੇ ਮੇਰੀ ਡਿਊਟੀ ਉਨ੍ਹਾਂ ਨੇ ਰਹਿਰਾਸ ਦਾ ਪਾਠ ਕਰਕੇ ਸੁਖ ਆਸਨ ਕਰਨ ਦੀ ਲਗਾ ਦਿਤੀ। ਮੈਂ ਇਹ ਡਿਊਟੀ ਨਿਭਾ ਕੇ, ਲੰਗਰ ਛਕ ਕੇ, ਬਾਰਸੀਲੋਨਾ ਦਾ ਆਖਰੀ ਗੇੜਾ ਲਾਣ ਲਈ ਨਿਕਲ ਗਿਆ। ਕੁਦਰਤੀ ਬੰਦਰਗਾਹ ਤੋਂ ਇਕ ਯਾਤਰੀ ਜਹਾਜ ਆਪਣਾ ਲੰਗਰ ਚੁੱਕ ਰਿਹਾ ਸੀ ਅਤੇ ਕੰਢੇ ਖਲੋਤੇ ਸੱਜਣ ਯਾਤਰੀਆਂ ਨੂੰ ਉਚੀ ਉਚੀ ਅਵਾਜ਼ਾਂ ਦੇ ਕੇ ਅਲਵਿਦਾ ਕਹਿ ਰਹੇ ਸਨ। ਇਹ ਨਜ਼ਾਰਾ ਵੇਖ ਕੇ ਅਤੇ ਕੋਲੰਬਸ ਦੀ ਲਾਠ ਦੀ ਇਕ ਪ੍ਰਕਰਮਾ ਕਰਕੇ ਮੈਂ ਅੱਧੀ ਰਾਤ ਨੂੰ ਗੁਰਦਵਾਰੇ ਪਰਤ ਆਇਆ। ਸਿੰਘਾਂ ਨੇ ਲੰਗਰ ਦੀ ਸਬਜ਼ੀ ਲਈ ਤਿਆਰੀ ਕਰ ਲਈ ਅਤੇ ਦੁਧ ਪੱਤੀ ਦੇ ਗਲਾਸ ਛਕ ਕੇ ਕੀਰਤਨ ਦੀ ਰੀਹਰਸਲ ਕਰ ਰਹੇ ਸਨ। ਭਾਈ ਬਲਦੇਵ

ਸਿੰਘ ਕਿਸੇ ਵਿਸ਼ੇ ਉਪਰ ਮੇਰੇ ਨਾਲ ਵਿਚਾਰ ਵਟਾਂਦਰਾ ਕਰਨ ਲਗ ਪਏ ਅਤੇ ਇਹ ਸਿਲਸਿਲਾ ਸਵੇਰ ਦੇ ਦੋ ਵਜੇ ਤਕ ਚਲਦਾ ਰਿਹਾ। ਅਸੀਂ ਇਸ ਸਿੱਟੇ ਉਪਰ ਪੁੱਜੇ ਕਿ ਸਭ ਨੂੰ ਗੁਰੂ ਘਰ ਨਾਲ ਜੋੜਨ ਲਈ ਉਪਰਾਲਾ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਥੇ ਹੁਣ ਇਕ ਨਹੀਂ ਦੋ ਗੁਰਦਵਾਰੇ ਬਣ ਚੁੱਕੇ ਹਨ। ਕਿਸੇ ਕਾਰਨ ਝਗੜਾ ਹੋ ਪਿਆ ਜਿਸ ਕਾਰਨ ਮਝੈਲਾਂ ਨੇ ਆਪਣਾ ਅੱਡ ਗੁਰਦਵਾਰਾ ਬਣਾ ਲਿਆ ਹੈ। ਮੈਨੂੰ ਆਪਣੀ ਇੰਗਲੈਂਡ ਦੀ ਪਹਿਲੀ ਯਾਤਰਾ ਯਾਦ ਆ ਗਈ। ਜਦੋਂ ਮੈਂ ਪੈਰਿਸ ਤੋ ਵਿਸਾਖੀ ਵੇਖਣ ਲਈ ਲੰਡਨ ਦੇ ਸਾਊਥਹਾਲ ਇਲਾਕੇ ਵਿਚ ਗੁਰਦਵਾਰੇ ਜਾਣ ਲਈ ਇਕ  ਬੀਬੀ ਤੋਂ ਰਾਹ ਪੁੱਛਿਆ ਤਾਂ ਉਹ ਕਹਿੰਦੀ ਕਿਹੜੇ ਗੁਰਦਵਾਰੇ ਜਾਣਾ ਹੈ। ਕਿਉਂਕਿ ਸਾਊਥਹਾਲ ਵਿਚ ਇਕ ਨਹੀਂ ਤਿੰਨ ਗੁਰਦਵਾਰੇ ਬਣ ਚੁੱਕੇ ਸਨ - ਸਿੰਘ ਸਭੀਆਂ ਦਾ, ਰਾਮਗੜੀਆਂ ਦਾ ਅਤੇ ਨਾਮਧਾਰੀਆਂ ਦਾ। ਇਹੋ ਹਾਲ ਸਿੰਘਾਪੁਰ ਅਤੇ ਮਲੇਸ਼ੀਆ ਵਿਚ ਵੇਖਿਆ ਹੈ। ਸਿਰਫ਼ ਬੈਂਕਾਕ ਹੀ ਅਜੇਹਾ ਸ਼ਹਿਰ ਹੈ ਜਿਥੇ ਸਭ ਦਾ ਸਾਂਝਾ ਗੁਰਦਵਾਰਾ ਹੈ। ਮੈਂ ਕਿਹਾ ਬਾਰਸੀਲੋਨਾ ਵਿਚ ਢਾਈ ਟੋਟਰੂ ਸਿੰਘ ਹਨ ਅਤੇ ਦੋ ਗੁਰਦਵਾਰੇ ਕਾਇਮ ਹੋ ਗਏ ਹਨ। ਆਪੇ ਗੁਰੂ ਸਿੰਘਾਂ ਨੂੰ ਸੁਮੱਤ ਬਖਸ਼ੇਗਾ।

26 ਜੂਨ ਸਵੇਰੇ ਗੁਰੂ ਦੀ ਹਾਜ਼ਰੀ ਲਗਵਾ ਕੇ ਅਤੇ ਭਾਈ ਤੇਜਾ ਸਿੰਘ ਦੇ ਪਰੌਂਠੇ ਛੱਕ ਕੇ ਮੈਂ ਬੱਸ ਅੱਡੇ ਤੇ ਪਹੁੰਚ ਗਿਆ ਅਤੇ ਦਸ ਵਜੇ ਵਿਲਾਜੋਇਸਾ ਨੂੰ ਜਾਣ ਵਾਲੀ ਬੱਸ ਵਿਚ ਸਵਾਰ ਹੋ ਪਿਆ। ਮੈਨੂੰ ਛੱਡਣ ਖਾਤਰ ਸਮਾਣੇ ਦੇ ਇਕ ਸੱਜਣ ਦੀ ਡਿਊਟੀ ਲਗੀ ਸੀ। ਮੈਂ ਰਾਹ ਵਿਚ ਪੁੱਛਿਆ ਕਿ ਉਹ ਇਥੇ ਕਿਵੇਂ ਪਹੁੰਚ ਗਿਆ। ਕਹਿੰਦਾ ਮੇਰਾ ਭਰਾ ਜਰਮਨੀ ਵਿਚ ਹੈ, ਉਸ ਨੇ ਬੁਲਾ ਭੇਜਿਆ ਸੀ ਪਰੰਤੂ ਫੜਿਆ ਗਿਆ ਅਤੇ ਪੁਲਸ ਨੇ ਉਥੋਂ ਭਜਾ ਦਿਤਾ। ਕੁਝ ਮਹੀਨੇ ਸਵਿਟਜ਼ਰਲੈਂਡ ਵਿਚ ਲੁਕ ਛਿਪ ਕੇ ਗੁਜਾਰਾ ਕੀਤਾ ਅਤੇ ਹੁਣ ਸਪੇਨ ਵਿਚ ਚੋਰੀ ਕੰਮ ਕਰ ਰਿਹਾ ਹਾਂ। ਉਮੀਦ ਹੈ ਕੰਮ ਦਾ ਅਤੇ ਰਹਿਣ ਦਾ ਪਰਮਟ ਮਿਲ ਜਾਵੇ। ਹਾਲ ਘੜੀ ਗੁਰਦਵਾਰੇ ਦੀ ਸੇਵਾ ਕਰ ਰਿਹਾ ਹਾਂ ਅਤੇ ਇਕ ਪਿੰਡ ਵਿਚ ਠੇਕੇਦਾਰ ਨਾਲ ਕੰਮ ਵੀ ਕਰ ਰਿਹਾ ਹਾਂ। ਵਧੇਰੇ ਪੰਜਾਬੀ ਜਹਾਜਾਂ ਉਪਰ ਕੰਮ ਕਰਦੇ ਹਨ ਅਤੇ ਕਿਸੇ ਦੀ ਕਿਸਮਤ ਚੰਗੀ ਹੋਵੇ ਤਾਂ ਉਸ ਨੂੰ ਕਿਸੇ ਹੋਟਲ, ਰੈਸਤੋਰਾਂ ਜਾਂ ਕਿਸੇ ਸਿੰਧੀ ਦੀ ਦੁਕਾਨ ਤੇ ਨੌਕਰੀ ਮਿਲ ਜਾਂਦੀ ਹੈ। ਵਧੇਰੇ ਕਾਮੇ ਅਨਪੜ੍ਹ ਹੀ ਹਨ। ਭਾਈ ਤੇਜਾ ਸਿੰਘ ਵੀ ਜਲੰਧਰ ਤੋਂ ਜਰਮਨੀ ਹੁੰਦਾ ਹੋਇਆ ਸਪੇਨ ਪਹੁੰਚ ਗਿਆ। ਪਹਿਲਾਂ ਫੁੱਲ ਵੇਚਣ ਦਾ ਕੰਮ ਕਰਦਾ ਰਿਹਾ ਅਤੇ ਸੰਗਤ ਨੇ ਇਸ ਦੀ ਸੇਵਾ ਭਾਵਨਾ ਨੂੰ ਵੇਖ ਕੇ ਗੁਰਦਵਾਰੇ ਦੀ ਸੇਵਾ ਸੰਭਾਲ ਦਿੱਤੀ। ਸਾਰੇ ਪੰਜਾਬੀ ਕਾਮੇ ਗੁਰਦਵਾਰੇ ਦਸਵੰਧ ਦੇ ਰਹੇ ਹਨ ਅਤੇ ਭਾਈ ਤੇਜਾ ਸਿੰਘ ਇਨ੍ਹਾਂ ਦੇ ਪਰਮਟ ਮਿਲਣ ਦੀਆਂ ਗੁਰੂ ਅੱਗੇ ਅਰਦਾਸਾਂ ਕਰਦਾ ਰਹਿੰਦਾ ਹੈ। ਉਹ ਕਹਿੰਦਾ ਹੈ ਸਾਨੂੰ ਅਨਪੜ੍ਹਾਂ ਨੂੰ ਭਾਰਤ ਵਿਚ ਕਿਹੜਾ ਸਰਕਾਰੀ ਨੌਕਰੀ ਮਿਲਦੀ ਹੈ। ਇਥੇ ਚਲੋ ਗੁਰੂ ਘਰ ਦੀ ਸੇਵਾ ਦਾ ਲਾਹਾ ਹੀ ਸਹੀ। ਮੈਂ ਇਨ੍ਹਾਂ ਪੰਜਾਬ ਦੇ ਸਿੱਖ ਕਾਮਿਆਂ ਦੀ ਮਨੋਵਿਰਤੀ ਅਤੇ ਹਠਧਰਮੀ ਦਾ ਅੰਦਾਜਾ ਲਗਾ ਕੇ ਹੈਰਾਨ ਹੋ ਰਿਹਾ ਸਾਂ। ਢਿੱਡ ਭਰਨ ਲਈ ਇਹ ਕਿੰਨੇ ਜਫ਼ਰ ਜਾਲ ਰਹੇ ਹਨ ਪਰੰਤੂ ਫਿਰ ਵੀ ਆਪਣੇ ਗੁਰੂ ਉਪਰ ਨਿਸਚਾ ਰੱਖ ਕੇ ਗੁਰਦਵਾਰੇ ਦੀ ਸੇਵਾ ਸੰਭਾਲ ਵੀ ਨਿਭਾਈ ਜਾ ਰਹੇ ਹਨ।

## ਵਿੱਲਾਜੋਇਸਾ

1992 ਦੇ ਸ਼ੁਰੂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਆਫਿਸ ਵਿਚ ਇਕ ਪੱਤਰ ਸਪੇਨ ਤੋਂ ਆਇਆ ਜਿਸ ਵਿਚ ਜੋਸਫ਼ ਐਜ਼ਕੀਲ ਸਿੰਘ ਨਾਮ ਦਾ ਕੋਈ ਸੱਜਣ ਪੀ.ਐਚ.ਡੀ. ਦੀ ਡਿਗਰੀ ਲਈ ਮੰਗ ਕਰ ਰਿਹਾ ਸੀ। ਮੇਰੇ ਦਫਤਰ ਨੇ ਉਸਦਾ ਢੁਕਵਾਂ ਜਵਾਬ ਦੇ ਭੇਜਿਆ। ਪੱਤਰ ਵਿਚ ਕੇਵਲ ਇਹੋ ਲਿਖਿਆ ਸੀ ਮੈਂ ਸਪੇਨ ਦੇ ਵਿਲਾਜੋਇਸਾ ਕਸਬੇ ਦਾ ਰਹਿਣ ਵਾਲਾ ਹਾਂ ਅਤੇ ਸਿਖ ਹੋਣ ਦੇ ਨਾਤੇ ਮੇਰਾ ਅਕੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਬਣੀ ਯੂਨੀਵਰਸਿਟੀ ਤੋਂ ਹੀ ਡਿਗਰੀ ਪ੍ਰਾਪਤ ਕਰਾਂ। ਹੋਰ ਕਿਸੇ ਵੀ ਯੂਨੀਵਰਸਿਟੀ ਦੀ ਡਿਗਰੀ ਮੇਰੀ ਤਮੰਨਾ ਪੂਰੀ ਨਹੀਂ ਕਰੇਗੀ। ਅਸੀਂ ਸੋਚਿਆ ਕਿ ਭਜਨ ਯੋਗੀ ਦਾ ਕੋਈ ਚੇਲਾ ਹੋਵੇਗਾ ਜੋ ਸਪੇਨ ਵਿਚ ਰਹਿਣ ਵਾਲਾ ਹੈ। ਸਾਡੇ ਪੱਤਰ ਦੇ ਜਵਾਬ ਵਿਚ ਸਪੇਨ ਤੋਂ ਇਕ ਹੋਰ ਪੱਤਰ ਆ ਗਿਆ ਜਿਸ ਵਿਚ ਜੋਸਫ ਨੇ ਆਪਣੇ ਬਾਰੇ ਕੁਝ ਹੋਰ ਵਿਸਥਾਰ ਦੇ ਰੱਖਿਆ ਸੀ। ਉਹ 1935 ਵਿਚ ਬ੍ਰਿਟਿਸ਼ ਗੀਆਨਾ ਵਿਚ ਜੰਮਿਆ ਸੀ ਅਤੇ ਉਸਦੇ ਵਡੇਰੇ ਅੰਮ੍ਰਿਤਸਰ ਤੋਂ ਅੰਗਰੇਜਾਂ ਦੀ ਸਰਪਰਸਤੀ ਹੇਠ ਦੱਖਣੀ ਅਮਰੀਕਾ ਵਿਚ ਜਾ ਵਸੇ।ਉਸਨੇ ਬੜੇ ਭਾਵੁਕ ਹੋ ਕੇ ਲਿਖਿਆ ਕਿ ਉਹ

ਇਕ ਸਿਖ ਪ੍ਰਵਾਰ ਦੀ ਉਲਾਦ ਹੈ ਅਤੇ ਸਿਖ ਭਾਈਚਾਰੇ ਨਾਲ ਮੁੜ ਆਪਣਾ ਸੰਬੰਧ ਕਾਇਮ ਕਰਨਾ ਚਾਹੁੰਦਾ ਹੈ। ਉਹ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਪਰੰਪਰਾ ਦਾ ਸ਼ੈਦਾਈ ਹੈ। ਮੇਰੀ ਉਤਸੁਕਤਾ ਸੀ ਕਿ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਾਂ।

ਜਨਵਰੀ 1993 ਵਿਚ ਜੋਸਫ਼ ਦਾ ਇਕ ਹੋਰ ਪੱਤਰ ਆਇਆ ਜਿਸ ਵਿਚ ਉਸਨੇ ਅਤੀ ਪ੍ਰਸੰਨਤਾ ਜਾਹਰ ਕੀਤੀ ਅਤੇ ਮੈਨੂੰ ਦੋ ਹਫਤੇ ਲਈ ਆਪਣੇ ਘਰ ਰਹਿਣ ਦਾ ਸੱਦਾ ਭੇਜਿਆ। ਉਸ ਨੂੰ ਪਤਾ ਸੀ ਕਿ ਮੈਂ ਫਰਾਂਸ ਆਪਣੇ ਸਰਕਾਰੀ ਦੌਰੇ ਤੇ ਖੋਜ ਕਰਨ ਆ ਰਿਹਾ ਹਾਂ। ਉਸਨੇ ਲਿਖ ਭੇਜਿਆ ਕਿ ਉਹ ਆਪਣੇ ਘਰ ਵਿਚ ਇਕ ਗੁਰਦਵਾਰਾ ਬਣਾ ਰਿਹਾ ਹੈ ਅਤੇ ਮੈਂ ਵਿਲਾਜੋਇਸਾ ਪਹੁੰਚ ਕੇ ਇਸ ਦਾ ਉਦਘਾਟਨ ਕਰਾਂ। ਉਸਨੇ ਆਪਣੇ ਲਈ ਇਕ ਕੜੇ ਦੀ ਵੀ ਮੰਗ ਕੀਤੀ ਅਤੇ ਸ਼ਬਦ ਕੀਰਤਨ ਦੀਆਂ ਕੁਝ ਟੇਪਾਂ। ਅੰਮ੍ਰਿਤਸਰ ਤੋਂ ਰਵਾਨਾ ਹੋਣ ਸਮੇਂ ਮੈਂ ਜੋਸਫ਼ ਲਈ ਇਹ ਚੀਜਾਂ ਲੈ ਕੇ ਚੱਲ ਪਿਆ। ਉਸ ਦੀ ਖਾਹਸ਼ ਸੀ ਕਿ ਜੇਕਰ ਮੈਂ ਉਸਨੂੰ ਡੀ.ਐਸ.ਸੀ. ਦੀ ਆਨਰੇਰੀ ਡਿਗਰੀ ਮਹੱਈਆ ਕਰਾ ਸਕਾਂ ਤਾਂ ਹੋਰ ਵੀ ਚੰਗਾ ਹੋਵੇਗਾ। ਖ਼ੈਰ, ਇਸ ਸਭ ਕੁਝ ਦਾ ਢੁਕਵਾਂ ਜਵਾਬ ਮੈਂ ਆਪਣੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਭੇਜ ਦਿਤਾ ਸੀ।

27 ਜੂਨ ਨੂੰ ਅੱਠ ਘੰਟੇ ਦੇ ਲੰਮੇ ਸਫਰ ਤੋਂ ਬਾਅਦ ਜਦੋਂ ਮੇਰੀ ਬੱਸ ਵਿਲਾਜੋਇਸਾ ਦੇ ਅੱਡੇ ਉਪਰ ਪਹੁੰਚੀ ਤਾਂ ਭਾਰਤੀ ਮੁਹਾਂਦਰੇ ਦਾ ਇਕ ਸੱਜਣ ਮੇਰੇ ਵੱਲ ਵਧਿਆ ਜਿਸ ਨੇ ਆਪਣਾ ਨਾਮ ਜੋਸਫ਼ ਐਜਕੀਲ ਸਿੰਘ ਦਸਿਆ। ਉਹ ਸਿਗਰਟ ਪੀ ਰਿਹਾ ਸੀ ਅਤੇ ਸਿਰ ਤੋਂ ਘੋਨਮੋਨ। ਉਸਨੇ ਮੇਰਾ ਸਮਾਨ ਆਪਣੀ ਕਾਰ ਵਿਚ ਟਿਕਾ ਕੇ ਸਮੁੰਦਰ ਤੋਂ ਪਹਾੜੀ ਵੱਲ ਜਾਂਦੀ ਇਕ ਸੜਕ ਲਈ ਅਤੇ ਦਸ ਕੁ ਮਿੰਟਾਂ ਬਾਅਦ ਇਕ ਘਰ ਦੇ ਦਰਵਾਜੇ ਅਗੇ ਜਾ ਕਾਰ ਰੋਕੀ। ਦਰਵਾਜੇ ਉਪਰ ‘ਸਵਰਗ’ (ਹੈਵਨ) ਲਿਖਿਆ ਹੋਇਆ ਸੀ। ਦਰਵਾਜਾ ਖੁੱਲਣ ਦੀ ਦੇਰ ਸੀ ਕਿ ਦੋ ਅਲਸੇਸ਼ਨ ਕੁੱਤੇ ਆ ਦਵਾਲੇ ਹੋਏ। ਉਹ ਕਹਿੰਦਾ ਘਬਰਾਓ ਨਾ ਇਹ ਪਾਲਤੂ ਕੁੱਤੇ ਹਨ ਅਤੇ ਤੁਹਾਨੂੰ ਤੰਗ ਨਹੀਂ ਕਰਨਗੇ। ਅਗੇ ‘ਆਨਾ ਮਾਰੀਆ’ ਜੋਸਫ ਦੀ ਘਰਵਾਲੀ ਮੇਰੇ ਸਵਾਗਤ ਵਿਚ ਖੜੋਤੀ ਸੀ। ਉਸ ਨੇ ਅਰਾਮ ਕੁਰਸੀ ਤੇ ਬਹਿਣ ਲਈ ਕਿਹਾ ਅਤੇ ਸੰਗਤਰੇ ਦੇ ਜੂਸ ਦਾ ਜੱਗ ਭਰ ਲਿਆਂਦਾ। ਗਰਮੀ ਅਤੇ ਥਕੇਵੇਂ ਕਾਰਨ ਅਸੀਂ ਜੂਸ ਛਕਦੇ ਰਹੇ ਅਤੇ ਜੋਸਫ਼ ਦੇ ਘਰੋਂ ਸਮੁੰਦਰ ਦਾ ਨਜ਼ਾਰਾ ਮਾਣਦੇ ਰਹੇ। ਮੌਂਪਿਲੀਏ ਉਸਨੇ ਫੋਨ ਤੇ ਦੱਸ ਦਿਤਾ ਸੀ ਕਿ ਉਸਦੀ ਘਰਵਾਲੀ ਜਰਮਨ ਹੈ ਅਤੇ ਉਹ ਦੋਵੇਂ ਜਣੇ ਸਿਗਰਟ ਪੀਣ ਦੇ ਆਦੀ ਹਨ। ਮੈਂ ਕਹਿ ਦਿਤਾ ਸੀ ਕਿ ਇਕ ਤਾਂ ਮੇਰੇ ਕਮਰੇ ਵਿਚ ਅਤੇ ਦੂਸਰੇ ਰਸੋਈ ਵਿਚ ਭੋਜਨ ਤਿਆਰ ਕਰਨ ਲਗਿਆਂ ਉਹ ਸਿਗਰਟ ਨਹੀਂ ਪੀਣਗੇ ਕਿਉਂਕਿ ਮੈਨੂੰ ਸਿਗਰਟ ਪੀਣ ਵਾਲੇ ਤੋਂ ਸਖਤ ਨਫਰਤ ਹੈ। ਉਨ੍ਹਾਂ ਨੇ ਇਹ ਸ਼ਰਤ ਮੰਨ ਲਈ ਸੀ ਜਿਸ ਕਰਕੇ ਮੈਂ ਇਸ ਸੱਜਣ ਦੀ ਪ੍ਰਾਹੁਣਾਚਾਰੀ ਪ੍ਰਵਾਨ ਕਰ ਲਈ।

ਰਾਤ ਦਾ ਭੋਜਨ ਆਨਾ ਮਾਰੀਆ ਨੇ ਮੇਰੇ ਕਹੇ ਅਨੁਸਾਰ ਤਿਆਰ ਕਰ ਰੱਖਿਆ ਸੀ। ਉਨ੍ਹਾਂ ਨੇ ਕਿਹਾ ਕਿ ਉਹ ਸ਼ਰਾਬ ਦਾ ਸੇਵਨ ਤਾਂ ਨਹੀਂ ਕਰਦੇ ਪਰੰਤੂ ਸਿਗਰਟ ਦੀ ਮਾੜੀ ਆਦਤ ਬਚਪਨ ਤੋਂ ਹੀ ਪੈ ਗਈ ਸੀ। ਆਨਾ ਮਾਰੀਆ ਨੇ ਭੋਜਨ ਤੋਂ ਬਾਅਦ ਇਕ ਜਰਮਨ ਡਿਸ਼ ਤਿਆਰ ਕਰਕੇ ਖਵਾਈ ਜਿਸ ਦੇ ਸਵਾਦ ਤੋਂ ਜਾਪ ਰਿਹਾ ਸੀ ਕਿ ਇਸ ਵਿਚ ਅਲਕੋਹਲ ਵਰਗੀ ਕੋਈ ਸ਼ੈਅ ਮਿਲਾਈ ਗਈ ਹੈ। ਮੇਰਾ ਸ਼ੰਕਾ ਠੀਕ ਨਿਕਲਿਆ ਇਹ ਰੱਮ-ਕੇਕ ਸੀ। ਮੈਂ ਕਿਹਾ ਮਨਾ ਕਦੋਂ ਤੱਕ ਬਚ ਕੇ ਰਹੇਂਗਾ ਇਥੇ ਤਾਂ ਹਰ ਚੀਜ਼ ਅਜੀਬੋ ਗਰੀਬ ਨਿਕਲਦੀ ਹੈ। ਰਾਤ ਨੂੰ ਠੰਡੀ ਹਵਾ ਚਲ ਰਹੀ ਸੀ, ਦੂਰ ਸਮੁੰਦਰੀ ਕਿਨਾਰੇ ਉਪਰ ਰੋਸ਼ਨੀ ਦੀ ਪੱਟੀ ਇੰਜ ਦਿਖਾਈ ਦੇ ਰਹੀ ਸੀ ਜਿਵੇਂ ਕਿਸੇ ਨੇ ਸਮੁੰਦਰ ਵਿਚ ਦੀਪਮਾਲਾ ਕਰ ਰੱਖੀ ਹੋਵੇ। ਐਜਕੀਲ ਸਿੰਘ ਨੇ ਦੱਸਿਆ ਕਿ ਇਹ ਰੋਸ਼ਨੀ ਅਲੀਕਾਂਤੇ ਸ਼ਹਿਰ ਦੀ ਹੈ ਜੋ ਰਾਤ ਨੂੰ ਸੁੰਦਰ ਨਜ਼ਾਰਾ ਪੇਸ਼ ਕਰਦੀ ਹੈ। ਦੂਸਰੀ ਦਿਸ਼ਾ ਤੋਂ ਹਾਈ-ਵੇ ਉਪਰ ਬੱਤੀਆਂ ਦੀਆਂ ਕਤਾਰਾਂ ਨਜ਼ਰ ਆ ਰਹੀਆਂ ਸਨ। ਇੰਜ ਮਹਿਸੂਸ ਹੁੰਦਾ ਸੀ ਜਿਵੇਂ ਕਿਸੇ ਸਵਰਗ ਨੂੰ ਪੌੜੀ ਲਾ ਰੱਖੀ ਹੋਵੇ। ਦਰਅਸਲ, ਇਹ ਸੜਕ ਪਹਾੜੀ ਉਪਰੋਂ ਵਲ ਖਾ ਕੇ ਲੰਘਦੀ ਹੈ ਅਤੇ ਰੋਸ਼ਨੀ, ਸਮੁੰਦਰ ਵਿਚ ਅਕਸ ਪੈ ਕੇ, ਹੋਰ ਵੀ ਸੁੰਦਰ ਦ੍ਰਿਸ਼ ਪੇਸ਼ ਕਰਦੀ ਹੈ।

28 ਜੂਨ ਨੂੰ ਮੈਂ ਆਦਤ ਅਨੁਸਾਰ ਸਵੇਰੇ ਛੇ ਵਜੇ ਜਾਗ ਪਿਆ। ਬਾਹਰ ਕੁੱਤੇ ਦਰਵਾਜਾ ਮੱਲੀ ਖਲੋਤੇ ਸਨ, ਮੈਂ ਡਰ ਕੇ ਮੁੜ ਆਇਆ ਅਤੇ ਆਪਣੀ ਬੈਡ-ਟੀ ਤਿਆਰ ਕਰਨ ਵਿਚ ਰੁੱਝ ਗਿਆ। ਕੁਝ ਵਿਚ ਬਾਅਦ ਮੈਂ ਐਜਕੀਲ ਸਿੰਘ ਨੂੰ ਉਠਾ ਕੇ ਬਾਹਰ ਸੈਰ ਕਰਨ ਦਾ ਸੱਦਾ ਦਿੱਤਾ। ਉਹ ਕਹਿੰਦਾ ਕੁੱਤੇ ਤੈਨੂੰ ਹੁਣ ਪਛਾਣਦੇ ਹਨ ਅਤੇ ਨਿਧੜਕ ਹੋ ਕੇ ਬਾਹਰ ਨਿਕਲ ਜਾ। ਦਰਅਸਲ, ਉਹ ਅਠ ਵਜੇ ਤਕ ਸੌਣ ਦੇ ਆਦੀ ਹਨ। ਸਵੇਰੇ ਬੱਦਲ ਹੋਏ ਸਨ ਅਤੇ ਠੰਡੀ ਹਵਾ ਚਲ ਰਹੀ ਸੀ। ਜਦੋਂ ਐਜਕੀਲ ਸਿੰਘ ਤਿਆਰ ਹੋ ਕੇ ਨਾਸ਼ਤਾ ਕਰਨ ਲਗਾ ਤਾਂ ਮੈਂ ਉਸ ਦੇ ਪਰਿਵਾਰ ਬਾਬਤ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਗੱਲ ਤੋਰੀ।

ਉਸਨੇ ਕਿਹਾ ਕਿ ਉਹ ਸਿਰਫ਼ ਇੰਨਾ ਹੀ ਜਾਣਦਾ ਹੈ ਕਿ ਉਸਦੇ ਪੜਦਾਦੇ ਦਾ ਬਾਪ ਅੰਗਰੇਜਾਂ ਦੇ ਇਕ ਜਹਾਜ ਉਪਰ ਹਕੀਮ ਦਾ ਕੰਮ ਕਰਦਾ ਸੀ, ਤਾਂ ਜੋ ਭਾਰਤੀ ਮਜ਼ਦੂਰ ਬਰਿਟਸ਼ ਗੀਆਨਾ ਅਤੇ ਵੈਸਟ ਇੰਡੀਜ਼ ਵਿਚ ਗੰਨੇ ਅਤੇ ਰਬਰ ਦੀ ਖੇਤੀ ਲਈ ਢੋਏ ਜਾ ਰਹੇ ਸਨ, ਉਨ੍ਹਾਂ ਨੂੰ ਦੇਸੀ ਹਿਕਮਤ ਦੀਆਂ ਦਵਾਈਆਂ ਦੇ ਕੇ ਇਲਾਜ਼ ਕਰ ਸਕੇ। ਉਸ ਦਾ ਨਾਮ ਜੰਗ ਬਹਾਦਰ ਸਿੰਘ ਸੀ ਅਤੇ ਉਹ ਅੰਮ੍ਰਿਤਸਰ ਦਾ ਵਸਨੀਕ ਹੋਵੇਗਾ। ਐਜਕੀਲ ਸਿੰਘ ਨੂੰ ਆਪਣੇ ਪਿਛੋਕੜ ਬਾਰੇ ਪੂਰਾ ਗਿਆਨ ਨਹੀਂ। ਉਹ ਇੰਨਾ ਹੀ ਜਾਣਦਾ ਹੈ ਕਿ ਉਸਦਾ ਵਡੇਰਾ ਪੱਗ ਬੰਨਦਾ ਸੀ ਅਤੇ ਉਸਨੇ ਬਰਿਟਸ਼ ਗੀਆਨਾ ਵਿਚ ਅਬਾਦ ਹੋ ਕੇ ਇਕ ਕਸ਼ਮੀਰਨ

ਕੁੜੀ ਰਾਜਦੇਵੀ ਨਾਲ ਸ਼ਾਦੀ ਕਰ ਲਈ। ਦੋ ਪੀੜੀਆਂ ਤੱਕ ਉਹ ਸਿਖੀ ਸਰੂਪ ਵਿਚ ਰਹੇ ਪਰੰਤੂ ਉਸ ਦੇ ਬਾਪ ਨੇ ਆਪਣਾ ਨਾਮ ਈਸਾਈਆਂ ਵਾਲਾ ਧਾਰਨ ਕਰ ਲਿਆ ਅਤੇ ਗਿਰਜਾ ਘਰ ਜਾਣਾ ਸ਼ੁਰੂ ਕਰ ਦਿਤਾ। ਉਸਦੇ ਨਾਮ ਨਾਲ ਸਿੰਘ ਤਾਂ ਜੁੜਿਆ ਰਿਹਾ ਪਰ ਉਸਨੇ ਈਸਾਈ ਬਣ ਕੇ ਜੋਸਫ ਕਹਾਉਣਾ ਸ਼ੁਰੂ ਕਰ ਦਿੱਤਾ। ਉਸਦਾ ਬਾਪ ਲੰਡਨ ਯੂਨੀਵਰਸਿਟੀ ਤੋਂ ਬੀ.ਐਸ.ਸੀ ਦੀ ਡਿਗਰੀ ਲੈ ਕੇ ਬਰਿਟਸ਼ ਗੀਆਨਾ ਮੁੜ ਆਇਆ ਅਤੇ ਫਾਰਮੇਸੀ ਦੀ ਦੁਕਾਨ ਕਰਕੇ ਚੰਗਾ ਧਨ ਇੱਕਠਾ ਕਰ ਗਿਆ।

ਐਜਕੀਲ ਸਿੰਘ ਨੇ ਪਹਿਲਾਂ ਅਮਰੀਕਾ ਦੀ ਕੈਨਸਾਸ ਯੂਨੀਵਰਸਿਟੀ ਤੋਂ ਫਿਲਾਸਫੀ ਵਿਚ ਪੀ.ਐਚ.ਡੀ ਦੀ ਡਿਗਰੀ ਹਾਸਲ ਕੀਤੀ ਅਤੇ ਬਾਅਦ ਵਿਚ ਲਿਵਰਪੂਲ, ਇੰਗਲੈਂਡ ਚਲਾ ਗਿਆ ਜਿਥੇ ਉਹ ਫਾਰਮੇਸੀ ਅਤੇ ਬਾਇਓ - ਕੈਮਿਸਟਰੀ ਦਾ ਅਧਿਐਨ ਕਰਦਾ ਰਿਹਾ। ਉਸਨੇ ਕੋਈ ਡਿਗਰੀ ਪ੍ਰਾਪਤ ਨਾ ਕੀਤੀ ਪਰੰਤੂ ਹਿਕਮਤ ਉਸਦਾ ਪਿਤਾ-ਪੁਰਖੀ ਪੇਸ਼ਾ ਹੋਣ ਕਰਕੇ ਉਸਨੂੰ ਦਵਾਈਆਂ ਬਾਰੇ ਕਾਫੀ ਗਿਆਨ ਹਾਸਲ ਹੈ।ਲਿਵਰਪੂਲ ਵਿਚ ਉਸਨੇ ਇਕ ਮੁਸਲਮਾਨ ਕੁੜੀ ਨਾਲ ਸ਼ਾਦੀ ਕਰ ਲਈ ਅਤੇ ਤਿੰਨ ਪੁੱਤਰਾਂ ਦਾ ਬਾਪ ਬਣ ਗਿਆ। ਪੰਜ ਸਾਲ ਬਾਅਦ ਕਿਸੇ ਗਲ ਤੋਂ ਅਣਬਣ ਹੋ ਗਈ ਅਤੇ ਐਜਕੀਲ ਸਿੰਘ ਪਤਨੀ ਨੂੰ ਤਲਾਕ ਦੇ ਕੇ ਬਰਿਟਸ਼ ਗੀਆਨਾ ਪਰਤ ਗਿਆ। ਆਨਾ ਮਾਰੀਆ ਉਸਨੂੰ ਤਰਿਨੀਦਾਦ ਦੀ ਕਿਸੇ ਬੀਚ ਉਪਰ ਟੱਕਰ ਗਈ ਅਤੇ ਐਜਕੀਲ ਸਿੰਘ ਉਸ ਨਾਲ ਜਰਮਨੀ ਦੇ ਸ਼ਹਿਰ ਹੈਮਬਰਗ ਵਿਚ ਰਹਿਣ ਲਗਾ। ਜਰਮਨੀ ਵਿਚ ਉਸਨੇ ਚੋਖਾ ਪੈਸਾ ਕਮਾਇਆ ਅਤੇ ਸਪੇਨ ਦੇ ਸਮੁੰਦਰੀ ਕੰਢੇ ਤੇ ਹੁਣ ਵਾਲਾ ਮਕਾਨ ਖਰੀਦ ਲਿਆ। ਉਸਨੇ ਸਾਰੀ ਉਮਰ ਕਦੇ ਨੌਕਰੀ ਨਹੀਂ ਕੀਤੀ ਅਤੇ ਨਾ ਹੀ ਇਕ ਥਾਂ ਟਿਕ ਕੇ ਰਿਹਾ ਹੈ। ਮੇਰੇ ਪੁੱਛਣ ਤੇ ਉਸ ਨੇ ਆਪਣਾ ਭੇਤ ਦੱਸਿਆ। ਉਹ ਘਰੋਂ ਸੌਖਾ ਸੀ ਅਤੇ ਰਾਗ ਦਾ ਸ਼ੌਕੀਨ ਸੀ। ਜਰਮਨੀ ਪਹੁੰਚ ਕੇ ਉਸਨੇ ਕੁਝ ਨੀਗਰੋ ਮੁੰਡੇ ਇਕੱਠੇ ਕਰਕੇ ਆਪਣਾ ਗਰੁੱਪ ਬਣਾ ਲਿਆ ਅਤੇ ਸਾਰਾ ਸਾਜੋ ਸਮਾਨ ਖਰੀਦ ਕੇ 'ਮਹਾਤਮਾਨ' ਨਾਂ ਦੀ ਕੰਪਨੀ ਬਣਾ ਲਈ। ਦਿਨ ਰਾਤ ਪ੍ਰੋਗਰਾਮ ਕਰ ਕੇ ਲੱਖਾਂ 'ਮਾਰਕ' ਕਮਾ ਲਏ। ਆਨਾ ਮਾਰੀਆ ਉਸਨੂੰ ਇਕ ਸੁਪਰ - ਸਟਾਰ ਸਮਝਦੀ ਹੈ ਜੋ ਫਿਲਾਸਫੀ, ਸਾਇੰਸ ਅਤੇ ਰਾਗ ਵਿਦਿਆ ਵਿਚ ਨਿਪੁੰਨ ਹੈ। ਇਹ ਜੋੜੀ ਦਸ ਸਾਲ ਜਰਮਨੀ ਵਿਚ ਰਹਿ ਕੇ ਪਿਛਲੇ ਦਸ ਸਾਲਾਂ ਤੋਂ ਵਿਲਾਜੋਇਸਾ ਦੇ ਸਮੁੰਦਰੀ ਕੰਢੇ ਤੇ ਆ ਟਿਕੀ ਹੈ।

ਐਜਕੀਲ ਸਿੰਘ ਬਾਰੇ ਹੋਰ ਜਾਨਣ ਦੀ ਮੇਰੀ ਉਤਸੁਕਤਾ ਬਣੀ ਰਹੀ। ਸ਼ਾਮ ਨੂੰ ਅਸੀਂ ਸਮੁੰਦਰ ਦੀ ਸੈਰ ਕਰਨ ਨਿਕਲ ਤੁਰੇ। ਕੀ ਵੇਖਦੇ ਹਾਂ ਇਕ ਪੰਜਾਬਣ ਦਿਸ ਰਹੀ ਕੁੜੀ ਆਪਣੀਆਂ ਸਪੇਨੀ ਸਹੇਲੀਆਂ ਨੂੰ ਲੈ ਕੇ ਬੀਚ ਉਪਰ ਯੋਗਾ ਕਰ ਰਹੀ ਹੈ। ਮੈਂ ਕਿਹਾ ਇਹ ਕੌਣ ਹੈ। ਉਸ ਨੇ ਦੱਸਿਆ ਕਿ ਇਹ ਜਿਪਸੀ ਕੁੜੀ ਹੈ ਅਤੇ ਸਮੁੰਦਰੀ ਕੰਢੇ ਕਿਸੇ ਪਿੰਡ ਦੀ ਵਸਨੀਕ ਹੈ।ਜਿਪਸੀ ਔਰਤਾਂ ਕਦੇ ਵੀ ਮਰਦਾਂ ਸਾਹਮਣੇ ਕੱਪੜੇ ਉਤਾਰ ਕੇ ਨਹੀਂ ਨਹਾਉਂਦੀਆਂ। ਇਹ ਲੜਕੀ ਕੱਪੜਿਆਂ ਸਮੇਤ ਹੀ ਸਮੁੰਦਰ ਵਿਚ ਨਹਾਏਗੀ। ਪਰੰਤੂ ਉਸ ਨੇ ਸਮਾਧੀ ਕਿਉਂ ਲਗਾਈ ਸੀ? ਐਜਕੀਲ ਸਿੰਘ ਝਟ ਬੋਲਿਆ ਤਾਂ ਹੀ ਮੈਂ ਆਪਣੇ ਘਰ ਗੁਰਦਵਾਰਾ ਬਣਾ ਰਿਹਾ ਹਾਂ ਤਾਂ ਕਿ ਗੁਰੂ ਨਾਨਕ ਦੇ ਸਿਖੀ ਮਿਸ਼ਨ ਦਾ ਪਰਚਾਰ ਕਰ ਸਕੀਏ। ਵੇਖਿਆ ਈ ਕਿਵੇਂ ਨੌਜਵਾਨ ਯੋਗਾ ਮਗਰ ਲੱਗ ਤੁਰਦੇ ਹਨ।

ਮੇਰੇ ਲਈ ਤਾਜਾ ਸਬਜੀਆਂ ਖਰੀਦ ਕੇ ਅਸੀਂ ਦੋਵੇਂ ਘਰ ਪਰਤ ਆਏ। ਮੈਂ ਐਜਕੀਲ ਸਿੰਘ ਦੀਆਂ ਗੱਲਾਂ ਤੋਂ ਭੰਬਲਭੂਸੇ ਵਿਚ ਪੈ ਗਿਆ ਕਿ ਇਹ ਗੁਰੂ ਦਾ ਸਿਖ ਕਿਤੇ ਠੱਗੀ ਤਾਂ ਨਹੀਂ ਕਰਨਾ ਚਾਹੁੰਦਾ। ਅਗੇ ਹੀ ਕਈ ਯੋਗੀ, ਬਾਲਯੋਗੀ ਅਤੇ ਮਹਾਯੋਗੀ ਬਣ ਕੇ ਦੁਨੀਆਂ ਨੂੰ ਠੱਗ ਰਹੇ ਹਨ। ਜਦੋਂ ਇਨ੍ਹਾਂ ਦੀ ਅਸਲੀਅਤ ਉਘੜਦੀ ਹੈ ਤਾਂ ਚੇਲੇ ਛਡ ਕੇ ਹੋਰ ਪਾਸੇ ਚਲੇ ਜਾਂਦੇ ਹਨ। ਦਰਅਸਲ, ਪੱਛਮ ਦੇ ਲੋਕ ਪਦਾਰਥਵਾਦ ਦੀ ਸਿਖਰ ਵੇਖ ਚੁਕੇ ਹਨ। ਹੁਣ ਉਹ ਫਿਰ ਸ਼ਾਂਤੀ ਦੀ ਤਲਾਸ਼ ਵਿਚ ਭਟਕ ਰਹੇ ਹਨ। ਉਨ੍ਹਾਂ ਨੇ ਯੋਗ ਬਾਰੇ ਸੁਣਿਆ ਹੁੰਦਾ ਹੈ ਜਿਸ ਕਰਕੇ ਕੋਈ ਵੀ ਨਵੀਂ ਧਾਰਮਿਕ ਲਹਿਰ ਚਲੇ, ਉਸ ਵਿਚ ਯੋਗਾ ਜਰੂਰ ਹੋਣਾ ਚਾਹੀਦਾ ਹੈ। ਇਹੋ ਕੰਮ ਭਜਨ ਯੋਗੀ ਨੇ ਕੀਤਾ ਹੈ। ਸਿਖੀ ਦੇ ਪ੍ਰਚਾਰ ਲਈ ਉਸਨੇ ਅਮਰੀਕਾ ਵਿਚ ਰਾਜ ਯੋਗ ਦਾ ਸੰਕਲਪ ਪੇਸ਼ ਕੀਤਾ। ਚਲੋ ਕੁਝ ਹਜਾਰ ਅਮਰੀਕਨ ਗੁਰੂ ਦੇ ਲੜ ਤਾਂ ਲਗੇ ਹਨ। ਹੋ ਸਕਦਾ ਹੈ ਇਨ੍ਹਾਂ ਵਿਚੋਂ ਕੋਈ ਐਸਾ ਸੂਰਮਾ ਨਿਕਲ ਆਵੇ ਜੋ ਗੁਰੂ ਨਾਨਕ ਦੇ ਮਿਸ਼ਨ ਨੂੰ ਹਰ ਪੱਛਮੀ ਦੇਸ ਵਿਚ ਪਹੁੰਚਾ ਦੇਵੇ।

ਵਿਲਾਜੋਇਸਾ ਵਿਚ ਮੈਨੂੰ ਆਪਣੇ ਘਰ ਵਾਂਗ ਪੂਰਾ ਅਰਾਮ ਮਿਲਿਆ ਅਤੇ ਮੈਂ ਚਾਰ ਦਿਨ ਵਿਚ ਆਪਣੇ ਸਾਰੇ ਸਫਰੀ ਥਕੇਵੇਂ ਉਤਾਰ ਲਏ। ਸਵੇਰ ਦਾ ਨਾਸ਼ਤਾ ਮੈਂ ਆਪਣੀ ਮਰਜ਼ੀ ਨਾਲ ਤਿਆਰ ਕਰ ਲੈਂਦਾ। ਦੁਪਹਿਰ ਨੂੰ ਖਾਣੇ ਦੀ ਲੋੜ ਹੁੰਦੀ ਤਾਂ ਖਰਬੂਜੇ ਅਤੇ ਫਲ ਹਰ ਵੇਲੇ ਤਿਆਰ ਮਿਲਦੇ। ਰਾਤ ਨੂੰ ਚੰਗਾ ਡਿਨਰ ਖਾ ਕੇ ਸੈਰ ਕਰਨ ਚਲੇ ਜਾਂਦੇ। ਆਨਾ ਮਾਰੀਆ ਨੇ ਹਰ ਸਮੇਂ ਮੇਰੇ ਲਈ ਸ਼ਾਕਾਹਾਰੀ ਭੋਜਨ ਤਿਆਰ ਰੱਖਣਾ। ਉਸ ਨੂੰ ਪਤਾ ਸੀ ਕਿ ਅਸੀਂ ਪੰਜਾਬੀ ਲੋਕ ਪਹਿਲਾਂ ਨਾ-ਨੁਕਰ ਕਰਨ ਦੇ ਆਦੀ ਹਾਂ। ਇਕ ਦਿਨ ਕਹਿੰਦੀ ਮੈਂ ਜਰਮਨ ਹਾਂ ਅਤੇ ਅਸੀਂ ਮਹਿਮਾਨ ਦੇ ਖਹਿੜੇ ਨਹੀਂ ਪੈਂਦੇ ਕਿ ਆਹ ਖਾਹ ਜਾਂ ਔਹ ਖਾਹ। ਤੇਰੀ ਜੋ ਲੋੜ ਹੋਵੇ ਆਪੇ ਫਰਿੱਜ 'ਚੋਂ ਕੱਢ ਕੇ ਖਾ ਲਵੀਂ। ਵਾਕਿਆ ਹੀ ਇੰਨੀ ਆਉ ਭਗਤ ਤਾਂ ਮੇਰੀ ਕਦੇ ਸਹੁਰੇ ਘਰ ਵੀ ਨਹੀਂ ਸੀ ਹੋਈ।

ਐਜ਼ਕੀਲ ਸਿੰਘ ਨੇ ਆਪਣੀ ਵਰਕਸ਼ਾਪ ਵਿਖਾਈ ਜਿਥੇ ਬੈਠ ਕੇ ਉਹ ਗੁਰਦਵਾਰੇ ਦੀ ਉਸਾਰੀ ਲਈ ਸਰੀਆ, ਪਾਈਪਾਂ ਅਤੇ ਹੋਰ ਹਰ ਕਿਸਮ ਦਾ ਕੰਮ ਆਪਣੇ ਹੱਥੀਂ ਪਿਛਲੇ ਦਸ ਸਾਲ ਤੋਂ ਤਿਆਰ ਕਰ ਰਿਹਾ ਹੈ। ਉਸਦੀ ਖਾਹਿਸ਼ ਹੈ ਕਿ ਜਦੋਂ ਗੁਰਦਵਾਰਾ ਤਿਆਰ ਹੋ ਜਾਵੇ, ਇਕ ਪ੍ਰੈਸ ਕਾਨਫਰੰਸ ਕਰਕੇ ਇਸਦਾ ਉਦਘਾਟਨ ਕੀਤਾ ਜਾਵੇ। ਗੁਰਦਵਾਰੇ ਵਿਚ ਉਹ ਵੀਡੀਓ ਫਿਲਮਾਂ ਰਾਹੀਂ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕਰਨ ਦਾ ਚਾਹਵਾਨ ਹੈ ਜੋ ਸੈਟੇਲਾਈਟ ਦਵਾਰਾ ਸਾਰੀ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚ ਸਕੇ। ਉਹ ਮਕਾਨ ਦੀ ਉਸਾਰੀ ਦੇ ਨਾਲ, ਟੀ.ਵੀ. ਅਤੇ ਵੀਡੀਓ ਫਿਲਮਾਂ ਬਣਾਉਣ ਦੀ ਤਿਆਰੀ ਵੀ ਕਰ ਰਿਹਾ ਹੈ। ਉਹ ਚਾਹੁੰਦਾ ਹੈ ਕਿ ਮੈਂ ਉਸਦੀ ਮੱਦਦ ਕਰਾਂ। ਜਦੋਂ ਉਸਦਾ ਗੁਰਦਵਾਰਾ ਤਿਆਰ ਹੋ ਗਿਆ ਤਾਂ ਗੁਰੂ ਚਾਹਿਆ ਤਾਂ ਚੱਕਰ ਲਗੇਗਾ। ਉਸਨੇ ਆਪਣਾ ਮਾਟੋ ਤਿਆਰ ਕਰ ਰੱਖਿਆ ਹੈ, "ਗਿਆਨ ਪ੍ਰਾਪਤੀ ਹੀ ਰੱਬ ਦੀ ਸਹੀ ਸੇਵਾ ਹੈ।"

ਐਜਕੀਲ ਸਿੰਘ ਨੇ ਕੁਝ ਕੀਰਤਨ ਦੀਆਂ ਟੇਪਾਂ ਮੰਗਵਾ ਭੇਜੀਆਂ ਸਨ ਜੋ ਮੈਂ ਕਾਹਲੀ ਵਿਚ ਘਰ ਹੀ ਭੁੱਲ ਆਇਆ। ਮੇਰੇ ਪਾਸ ਇਕ ਟੇਪ ਕੀਰਤਨ ਅਤੇ ਇਕ ਰੇਸ਼ਮਾ ਦੇ ਗੀਤਾਂ ਦੀ ਸੀ। ਉਸਨੇ ਰੇਸ਼ਮਾ ਦੇ ਗੀਤ ਸਲਾਹੇ ਅਤੇ ਦੋਵੇਂ ਟੇਪਾਂ ਕਾਪੀ ਕਰ ਲਈਆਂ। ਮੈਂ ਕਿਹਾ ਮੇਰੀ ਘਰਵਾਲੀ ਨੇ ਕੁਝ ਟੇਪਾਂ ਮੇਰੇ ਮਿੱਤਰ ਹੱਥ ਪੈਰਿਸ ਭੇਜ ਦਿੱਤੀਆਂ ਹਨ। ਇਨ੍ਹਾਂ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਨਾਲ ਅੰਗਰੇਜ਼ੀ ਅਨੁਵਾਦ ਵੀ ਰੀਕਾਰਡ ਕੀਤਾ ਗਿਆ ਹੈ। ਆਨਾ ਮਾਰੀਆ ਕਹਿਣ ਲੱਗੀ ਕਿ ਇਹ ਉਸਦੇ ਵੀ ਕੰਮ ਆ ਜਾਣਗੀਆਂ। ਐਜਕੀਲ ਸਿੰਘ ਚਾਹੁੰਦਾ ਹੈ ਕਿ ਗੁਰਬਾਣੀ ਕੀਰਤਨ ਨੂੰ ਯੂਰਪੀਨ ਲੋਕਾਂ ਵਿਚ ਪ੍ਰਵਾਨ ਚੜ੍ਹਾਣ ਲਈ ਉਹ ਆਪਣੇ ਤਰੀਕੇ ਨਾਲ ਰੀਕਾਰਡ ਕਰੇਗਾ। ਉਸ ਕੋਲ ਰਾਗ ਨਾਲ ਸੰਬੰਧਿਤ ਹਰ ਕਿਸਮ ਦਾ ਯੰਤਰ ਹੈ। ਉਸਨੇ ਮੈਨੂੰ ਗਾ ਕੇ ਵੀ ਸੁਣਾਇਆ।

ਵਿਦਾ ਹੋਣ ਤੋਂ ਪਹਿਲਾਂ ਮੈਂ ਐਜਕੀਲ ਸਿੰਘ ਦੇ ਕੜਾ ਪਹਿਨਾ ਦਿਤਾ। ਉਹ ਕਹਿਣ ਲਗਾ ਕਿ ਇਹ ਸਾਡੀ ਆਪਸੀ ਭਾਈਚਾਰੇ ਦੀ ਨਿਸ਼ਾਨੀ ਹੈ। "ਹੁਣ ਮੈਂ ਆਪਣੇ ਵਡੇਰਿਆ ਦੇ ਧਰਮ ਨਾਲ ਜੁੜ ਗਿਆ ਹਾਂ। ਮੈਨੂੰ ਬੜੀ ਖੁਸ਼ੀ ਹੋਵੇਗੀ ਕਿ ਮੈਂ ਗੁਰੂ ਨਾਨਕ ਅਤੇ ਸਿਖ ਭਾਈਚਾਰੇ ਲਈ ਕੋਈ ਸੇਵਾ ਦਾ ਕੰਮ ਕਰ ਸਕਾਂ।" ਮੈਂ ਗੁਰੂ ਦੇ ਕੌਤਕ ਵੇਖ ਕੇ ਦੰਗ ਹੋ ਰਿਹਾ ਸਾਂ - ਕਿਥੇ ਸਪੇਨ ਦੇ ਇਕ ਛੋਟੇ ਜਹੇ ਕਸਬੇ ਵਿਚ ਇਕ ਭੁੱਲੇ ਵਿਸਰੇ ਸਿਖ ਪਰਿਵਾਰ ਦੀ ਪ੍ਰਾਹੁਣਾਚਾਰੀ।

30 ਜੂਨ ਨੂੰ ਮੈਂ ਆਪਣੀ ਮੈਡਰਿਡ ਦੀ ਯਾਤਰਾ ਲਈ ਬੱਸ ਦੀ ਸੀਟ ਬੁੱਕ ਕਰਾਣ ਲਈ ਐਲੀਕਾਂਤੇ ਦੀ ਬੰਦਰਗਾਹ ਤੇ ਚਲਾ ਗਿਆ। ਸੀਟ ਰੀਜ਼ਰਵ ਕਰਵਾ ਕੇ ਅਸੀਂ ਸਮੁੰਦਰ ਕਿਨਾਰੇ ਰੰਬਲਾ ਤੇ ਟਹਿਲ ਰਹੇ ਸਾਂ ਕਿ ਇਕ ਅਫਰੀਕਨ ਨੇ ਮੈਨੂੰ ਵੇਖ ਕੇ ਫਤਹਿ ਬੁਲਾਈ। ਮੈਂ ਰੁਕ ਗਿਆ ਅਤੇ ਉਸ ਨਾਲ ਹੱਥ ਮਿਲਾ ਕੇ ਉਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨੀ ਚਾਹੀ। ਉਸ ਹਬਸ਼ੀ ਸਿਖ ਨੇ ਸਾਨੂੰ ਬੜੇ ਅਦਬ ਨਾਲ ਆਪਣੇ ਕੋਲ ਬਿਠਾ ਲਿਆ ਅਤੇ ਆਪਣੇ ਸਿਖ ਸਜ ਜਾਣ ਦੀ ਵਿਥਿਆ ਸੁਣਾਈ। ਉਹ ਦਿੱਲੀ ਰਕਾਬ ਗੰਜ ਤੋਂ ਕਿਸੇ ਸਿਖ ਦੀ ਪ੍ਰੇਰਨਾ ਨਾਲ ਸਿੰਘ ਸਜ ਗਿਆ ਅਤੇ ਆਪਣਾ ਨਾਮ ਗੌਤਮ ਸਿੰਘ ਰੱਖ ਲਿਆ। ਉਸਨੇ ਆਪਣਾ ਪਾਸਪੋਰਟ ਵਿਖਾਇਆ ਜਿਸ ਵਿਚ ਉਸਦੀ ਪਗੜੀ ਸਮੇਤ ਫੋਟੋ ਵੀ ਜੜੀ ਹੋਈ ਸੀ। ਉਹ ਫਰਾਂਸ ਦੇ ਸ਼ਹਿਰ ਨੈਂਸੀ ਦੇ ਰਹਿਣ ਵਾਲਾ ਸੀ ਅਤੇ ਉਸਦੇ ਸਤ ਬੱਚੇ ਸਨ। ਉਸ ਨੇ ਪਹਿਲਾਂ ਸ਼ੇਅਰ ਮਾਰਕੀਟ ਵਿਚੋਂ ਬਥੇਰਾ ਪੈਸਾ ਕਮਾਇਆ ਅਤੇ ਹੁਣ ਪੂਰੀ ਤਰ੍ਹਾਂ ਉਜੜ ਚੁੱਕਾ ਹੈ। ਉਸਦਾ ਵਿਚਾਰ ਹੈ ਕਿ ਜੇਕਰ ਸਿਖ ਭਾਈਚਾਰਾ ਉਸਦੀ ਮੱਦਦ ਕਰੇ ਤਾਂ ਉਹ ਅਫਰੀਕਾ ਵਿਚ ਗਾਬੋਂ (Gabon) ਵਿਖੇ ਸਿੱਖਾਂ ਦੀ ਸਟੇਟ ਕਾਇਮ ਕਰਨਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਪਹਿਲਾਂ ਆਪਣੇ ਦੇਸ ਗਾਬੋਂ ਵਿਖੇ ਇਕ ਗੁਰਦਵਾਰਾ ਕਾਇਮ ਕਰੇ ਅਤੇ ਫਿਰ ਸਿਖਾਂ ਨੂੰ ਅਬਾਦ ਕਰਕੇ ਉਥੋਂ ਦੀ ਸਰਕਾਰ ਦਾ ਤਖਤਾ ਪਲਟ ਦੇਵੇ। ਗਾਬੋਂ ਵਿਖੇ ਕੁਦਰਤੀ ਜ਼ਖੀਰੇ ਬਹੁਤ ਹਨ ਅਤੇ ਉਥੇ ਸਿਖਾਂ ਵਰਗੀ ਕੌਮ ਦਾ ਬੋਲਬਾਲਾ ਹੋਣਾ ਜ਼ਰੂਰੀ ਹੈ। ਮੈਂ ਸੋਚ ਕੇ ਦੰਗ ਰਹਿ ਗਿਆ ਕਿ ਗਾਬੋਂ ਦੇਸ ਦਾ ਨੀਗਰੋ ਸਿਖ ਵੀ ਆਪਣੇ ਆਪ ਨੂੰ ਕਿਸੇ ਬਾਦਸ਼ਾਹ ਤੋਂ ਘੱਟ ਨਹੀਂ ਸਮਝ ਰਿਹਾ।

ਮੈਂ ਅਤੇ ਐਜ਼ਕੀਲ ਸਿੰਘ ਉਸ ਤੋਂ ਵਿਦਾਇਗੀ ਲੈ ਕੇ ਵਿਲਾਜੋਇਸਾ ਨੂੰ ਪਰਤ ਆਏ। ਐਜ਼ਕੀਲ ਸਿੰਘ ਨੇ ਮੈਨੂੰ ਸਿਖੀ ਬਾਰੇ ਕਈ ਸਵਾਲ ਕੀਤੇ ਅਤੇ ਕਹਿਣ ਲਗਾ ਕਿ ਕੇਵਲ ਇਕ ਸਿਖ ਦਾ ਪੁੱਤ ਹੀ ਸਿਖ ਹੋ ਸਕਦਾ ਹੈ- ਇਕ ਅਫਰੀਕਨ ਹਬਸ਼ੀ ਸਿਖ ਨਹੀਂ ਹੋ ਸਕਦਾ। ਮੈਂ ਉਸਨੂੰ ਸਿਖ ਮੱਤ ਅਤੇ ਸਿੰਘਾਂ ਦੇ ਪਿਛੋਕੜ ਬਾਰੇ ਵੇਰਵੇ ਸਹਿਤ ਜਾਣਕਾਰੀ ਦਿਤੀ। ਉਸਦਾ ਰਵੱਈਆ ਇਕਦਮ ਬਦਲ ਗਿਆ। ਘਰ ਜਾ ਕੇ ਉਸਨੇ ਆਪਣਾ ਕੜਾ ਲਾਹ ਦਿਤਾ ਅਤੇ ਅੱਗ ਬਗੋਲਾ ਹੋ ਕੇ ਬੋਲਿਆ: "ਜੇਕਰ ਇਕ ਨੀਗਰੋ ਸਿਖ ਹੋ ਸਕਦਾ ਹੈ ਤਾਂ ਮੈਂ ਸਿਖੀ ਧਾਰਨ ਨਹੀਂ ਕਰਾਂਗਾ। ਮੈਨੂੰ ਸਿਖੀ ਬਾਰੇ ਟਪਲਾ ਲਗਾ ਹੈ"। ਮੇਰੇ ਲਈ ਐਜ਼ਕੀਲ ਦਾ ਇਹ ਵਤੀਰਾ ਬਰਦਾਸ਼ਤ ਕਰਨਾ ਔਖਾ ਹੋ ਗਿਆ ਪਰੰਤੂ ਇਕ ਰਾਤ ਹੋਰ ਰਹਿ ਕੇ ਮੈਂ ਇਥੋਂ ਚਲੇ ਜਾਣਾ ਸੀ। ਰਾਤ ਦੇ ਡਿਨਰ ਸਮੇਂ ਵੀ ਸਾਡੀ ਬਹਿਸ ਜਾਰੀ ਰਹੀ। ਆਨਾ ਮਾਰੀਆ ਵੀ ਐਜ਼ਕੀਲ ਦਾ ਸਾਥ ਦੇ ਰਹੀ ਸੀ। ਮੈਂ ਕਾਫੀ ਪਰੇਸ਼ਾਨ ਮਹਿਸੂਸ ਕਰਨ ਲਗਾ। ਇਕ ਜੁਲਾਈ ਨੂੰ ਮੈਂ ਐਜ਼ਕੀਲ ਨਾਲ ਬੋਲਚਾਲ ਬੰਦ ਕਰ ਦਿਤੀ। ਉਹ ਕਹਿਣ ਲਗਾ ਹੁਣ ਮੈਂ ਇਕ ਨਵਾਂ ਫਿਰਕਾ ਤਿਆਰ ਕਰਾਂਗਾ ਜਿਸ ਵਿਚ ਸਟੀਲ ਦੀ ਜਗਹ ਸੋਨੇ ਦਾ ਕੜਾ ਹੋਵੇਗਾ ਅਤੇ ਇਸ ਸਿਖ ਫਿਰਕੇ ਵਿਚ ਕੋਈ ਨੀਗਰੋ ਸ਼ਾਮਲ ਨਹੀਂ ਹੋ ਸਕੇਗਾ। ਉਹ ਆਰੀਆ ਸਮਾਜ ਵਾਂਗ ਆਰੀਆ ਸਿੱਖ ਤਿਆਰ ਕਰੇਗਾ। ਮੈਂ ਕਿਹਾ "ਭਲਾ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜਾਬੋਂ ਛੁੱਟੀ"।

# ਮੈਡਰਿਡ ਦੀ ਯਾਤਰਾ

ਐਲੀਕਾਂਤੇ ਤੋਂ ਰਾਤ ਦੇ ਬਾਰਾਂ ਵਜੇ ਬੱਸ ਤੇ ਸਵਾਰ ਹੋ ਕੇ ਦੋ ਜੁਲਾਈ ਸਵੇਰ ਦੇ ਛੇ ਵਜੇ ਮੈਂ ਸਪੇਨ ਦੀ ਰਾਜਧਾਨੀ ਮੈਡਰਿਡ ਵਿਖੇ ਪਹੁੰਚ ਗਿਆ।ਬਾਰਸੀਲੋਨਾ ਅਤੇ ਐਲੀਕਾਂਤੇ ਵਿਖੇ ਸਭ ਨੇ ਇਹੋ ਤਾੜਨਾ ਕੀਤੀ ਸੀ ਕਿ ਆਪਣੇ ਸਮਾਨ ਦਾ ਧਿਆਨ ਰੱਖਣਾ ਕਿਉਂਕਿ ਮੈਡਰਿਡ ਤਾਂ ਰੋਮ ਵਾਂਗ ਚੋਰਾਂ ਦਾ ਸ਼ਹਿਰ ਹੈ। ਫਿਰ ਵੀ ਮੈਂ ਇਕ ਅਲਜ਼ੀਰੀਅਨ ਵਿਦਿਆਰਥੀ ਦੀ ਰਾਖੀ ਵਿਚ ਸਮਾਨ ਛੱਡ ਕੇ ਮੈਟਰੋ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਥੇ ਵੀ ਪੈਰਿਸ ਵਾਂਗ ਮੈਟਰੋ ਸ਼ਹਿਰ ਦੇ ਹਰ ਪਾਸੇ ਪਹੁੰਚਾ ਦਿੰਦੀ ਹੈ। ਮੈਂ ਟਿਕਟ ਲੈ ਕੇ ਮੈਡਰਿਡ ਦੇ ਮੁਖ ਰੇਲਵੇ ਸਟੇਸ਼ਨ ਤੇ ਚਲਾ ਗਿਆ। ਪੈਰਿਸ ਲਈ ਆਪਣੀ ਸੀਟ ਰੀਜ਼ਰਵ ਕਰਵਾ ਕੇ ਅਤੇ ਸਮਾਨ ਰੇਲਵੇ ਸਟੇਸ਼ਨ ਉਪਰ ਹੀ ਜਮਾਂ ਕਰਵਾ ਕੇ ਮੈਂ ਭਾਰਤੀ ਦੂਤਾਵਾਸ (ਐਂਬੈਸੀ) ਵਿਚ ਪਹੁੰਚ ਗਿਆ। ਇਥੇ ਫਸਟ ਸੈਕਟਰੀ ਸਿਖ ਹੋਣ ਕਰਕੇ ਮੈਨੂੰ ਆਸ ਸੀ ਕਿ ਮੇਰੀ ਰਹਾਇਸ਼ ਦਾ ਯੋਗ ਪ੍ਰਬੰਧ ਹੋ ਜਾਵੇਗਾ। ਫਸਟ ਸੈਕਟਰੀ ਤਾਂ ਛੁਟੀਆਂ ਮਨਾਉਣ ਭਾਰਤ ਗਿਆ ਹੋਇਆ ਸੀ ਪਰੰਤੂ ਮਿਸਟਰ ਸ਼ੋਕਰਾ ਸੈਕਿੰਡ ਸੈਕਟਰੀ ਨਾਲ ਮੇਲ ਹੋ ਗਿਆ। ਮੇਰੇ ਨਾਨਕੇ ਸ਼ੋਕਰਾਂ ਪਿੰਡ ਵਿਚ ਹੋਣ ਕਰਕੇ ਇਥੇ ਸ਼ੋਕਰਾ ਜਾਤੀ ਦੇ ਲੋਕ ਵਸਦੇ ਹਨ। ਮੇਰਾ ਕਿਆਸ ਸੀ ਕਿ ਇਹ ਸੱਜਣ ਜਾਂ ਤਾਂ ਮੇਰੇ ਨਾਨਕੇ ਪਿੰਡ ਦੇ ਹੋਣਗੇ ਅਤੇ ਜਾਂ ਹਰਿਆਣੇ ਦੇ ਵਸਨੀਕ ਪਰੰਤੂ ਸ਼ੋਕਰਾ ਸਾਹਿਬ ਨੇ ਦੱਸਿਆ ਕਿ ਉਹ ਤਾਂ ਸਰਗੋਧੇ ਦੇ ਜੰਮਪਲ ਹਨ। ਖੈਰ ਉਹ ਮੈਨੂੰ ਆਪਣੇ ਘਰ ਲੈ ਗਏ ਅਤੇ ਚਾਹ ਪਾਣੀ ਪਿਆ ਕੇ ਮੈਨੂੰ ਕਹਿਣ ਲਗੇ ਕਿ ਮੈਡਰਿਡ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਕੰਵਲਜੀਤ ਸਿੰਘ ਵੀ ਖੋਜ ਕਰਨ ਆਏ ਹੋਏ ਹਨ। ਮੈਨੂੰ ਯਾਦ ਆ ਗਿਆ ਕਿ ਸਾਡੇ ਕੈਮਿਸਟਰੀ ਵਿਭਾਗ ਦੇ ਇਕ ਲੈਕਚਰਾਰ ਸਪੇਨ ਆਏ ਸਨ ਅਤੇ ਹੋ ਸਕਦਾ ਹੈ ਇਹ ਉਹੋ ਹੀ ਸੱਜਣ ਹੋਣ। ਸ਼ੋਕਰਾ ਸਾਹਿਬ ਨੇ ਫੋਨ ਕਰਕੇ ਕੰਵਲਜੀਤ ਨੂੰ ਬੁਲਾ ਭੇਜਿਆ ਅਤੇ ਉਹ ਗਿਆਰਾਂ ਵਜੇ ਦੇ ਕਰੀਬ ਮੇਰੇ ਪਾਸ ਪਹੁੰਚ ਗਿਆ। ਅਸੀਂ ਨਾਸ਼ਤਾ ਕਰਕੇ ਮੈਡਰਿਡ ਦੀ ਸੈਰ ਕਰਨ ਨਿਕਲ ਤੁਰੇ।

ਮੈਡਰਿਡ ਸਪੇਨ ਦਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਇਸ ਦੀ ਅਬਾਦੀ 56 ਲੱਖ ਦੇ ਕਰੀਬ ਹੈ। ਇਸਦੀ ਸਥਿਤੀ ਐਨ ਸਪੇਨ ਦੇ ਵਿਚਕਾਰ ਹੈ ਅਤੇ ਆਲੇ ਦੁਆਲੇ ਮੈਦਾਨੀ ਇਲਾਕਾ ਹੈ। ਯੂਰਪ ਦੀਆਂ ਹੋਰ ਰਾਜਧਾਨੀਆਂ ਵਾਂਗ ਇਥੇ ਵੀ ਖੁਲ੍ਹੇ ਸ਼ਾਹ ਰਾਹ ਹਨ ਅਤੇ ਸੈਲਾਨੀਆਂ ਦੇ ਦਿਲਪਰਚਾਵੇ ਲਈ ਮਿਊਜ਼ੀਅਮ, ਕਿਲੇ ਅਤੇ ਰਾਗ ਰੰਗ। ਪਹਿਲਾਂ ਅਸੀਂ ਇਥੋਂ ਦੇ ਮਸ਼ਹੂਰ ਮਿਊਜ਼ੀਅਮ ਦੀ ਯਾਤਰਾ ਕੀਤੀ। ਸਪੇਨ ਦੇ ਚਿਤਰਕਾਰਾਂ ਦੀਆਂ ਗੈਲਰੀਆਂ ਭਾਂਤ ਭਾਂਤ ਦੇ ਚਿਤਰਾਂ ਨਾਲ ਸ਼ੁਸ਼ੋਭਿਤ ਸਨ। ਸਪੇਨ ਦੇ ਬਾਦਸ਼ਾਹਾਂ ਦੇ ਚਿਤਰ ਅਤੇ ਇਥੋਂ ਦੇ ਰੋਮਨ ਕੈਥੋਲਿਕ ਸੰਤਾਂ ਦੇ ਚਿਤਰ ਦੀਵਾਰਾਂ ਤੇ ਲਟਕ ਰਹੇ ਸਨ।ਦੋ ਘੰਟੇ ਵਿਚ ਅਸੀਂ ਸਿਰਫ ਗੈਲਰੀਆਂ ਦਾ ਗੇੜਾ ਹੀ ਮਾਰ ਸਕੇ। ਕਈ ਚਿਤਰਕਾਰ ਮੌਕੇ ਉਪਰ ਚਿਤਰਾਂ ਦੀ ਨਕਲ ਕਰਦੇ ਵੇਖੇ ਗਏ।

ਮਿਊਜ਼ੀਅਮ ਵਿਚੋਂ ਨਿਕਲ ਕੇ ਅਸੀਂ ਬੱਸ ਰਾਹੀਂ ਇਥੋਂ ਦੇ ਬਾਦਸ਼ਾਹਾਂ ਦੇ ਮਹੱਲ ਵੇਖਣ ਚੱਲ ਪਏ। ਜਦੋਂ ਬੱਸ ਵਿਚੋਂ ਉਤਰਣ ਲਗੇ ਤਾਂ ਇਕ ਸਪੇਨੀ ਨੌਜਵਾਨ ਨੇ ਮੇਰਾ ਰਾਹ ਰੋਕ ਲਿਆ। ਇਉਂ ਜਾਪਦਾ ਸੀ ਕਿ ਉਹ ਉਤਰਨ ਲਈ ਸਾਡੇ ਅਗੇ ਖਲੋ ਗਿਆ ਹੈ। ਉਸਦੇ ਦੂਸਰੇ ਸਾਥੀ ਨੇ ਮੇਰੀ ਜੇਬ ਵਿਚ ਹੱਥ ਪਾ ਕੇ ਪੈਸੇ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਲਗਭਗ ਕਾਮਯਾਬ ਹੋ ਗਿਆ। ਮੈਂ ਉਸ ਨੂੰ ਚਪੇੜ ਮਾਰ ਕੇ ਤਾੜਨਾ ਕੀਤੀ, ਪੈਸੇ ਖੋਹ ਲਏ ਅਤੇ ਬੱਸ ਵਿਚੋਂ ਉਤਰ ਗਿਆ। ਵਾਕਿਆ ਹੀ ਮੈਡਰਿਡ ਚੋਰਾਂ ਦਾ ਸ਼ਹਿਰ ਸਾਬਤ ਹੋਇਆ। ਖੈਰ, ਆਪਣੇ ਆਪ ਦਾ ਧਿਆਨ ਰੱਖ ਕੇ ਅਸੀਂ ਮਹੱਲ ਅਗੇ ਪਹੁੰਚ ਗਏ। ਗਾਈਡ ਸਾਨੂੰ ਮਹੱਲ ਦੇ ਹਰ ਕਮਰੇ ਦੇ ਇਤਿਹਾਸ ਤੋਂ ਜਾਣੂੰ ਕਰਵਾ ਰਹੀ ਸੀ। ਮੈਨੂੰ ਲਗਾ ਕਿ ਫਰਾਂਸ ਦੇ ਵਰਸੇਲਜ਼ ਅਤੇ ਵੀਆਨਾ ਦੇ ਸ਼ਾਹੀ ਮਹੱਲ ਦੇ ਮੁਕਾਬਲੇ ਮੈਡਰਿਡ ਦਾ ਸ਼ਾਹੀ ਮਹੱਲ ਕਿਤੇ ਨਿਗੂਣਾ ਜਾਪਦਾ ਹੈ। ਫਿਰ ਵੀ ਹਰ ਬਾਦਸ਼ਾਹ ਨੇ ਇਸ ਵਿਚ ਆਪਣੀ ਐਸ਼ੋ ਇਸ਼ਰਤ ਦਾ ਸਾਜੋ ਸਮਾਨ ਇਕੱਠਾ ਕੀਤਾ।

ਯੂਰਪ ਦੇ ਬਾਕੀ ਕਈ ਦੇਸ਼ਾਂ ਵਾਂਗ ਸਪੇਨ ਵਿਚ ਵੀ ਬਾਦਸ਼ਾਹ ਦੀ ਗੱਦੀ ਕਾਇਮ ਰੱਖੀ ਗਈ ਹੈ। ਜੁਆਨ ਕਾਰਲੋਸ ਇਥੋਂ ਦਾ ਹਰਮਨ ਪਿਆਰਾ ਬਾਦਸ਼ਾਹ ਹੈ। ਦਰਅਸਲ, ਸਪੇਨ ਵਿਚ 1930 ਵਿਆਂ ਦੀ ਸਿਵਲ ਵਾਰ ਤੋਂ ਬਾਅਦ ਬਾਦਸ਼ਾਹੀ ਰਾਜ ਸਮਾਪਤ ਕਰਕੇ ਜਨਰਲ ਫਰਾਂਕੋ ਦਾ ਰਾਜ ਕਾਇਮ ਹੋ ਗਿਆ। ਫਰਾਂਕੋ ਨੇ ਦੇਸ਼ ਦੀ ਬਿਹਤਰੀ ਲਈ ਕਈ ਸਕੀਮਾਂ ਤਿਆਰ ਕੀਤੀਆਂ ਪਰੰਤੂ ਉਸ ਨੇ ਚੀਨ ਦੇ ਮਾਓ ਵਾਂਗ ਦੇਸ਼ ਨੂੰ ਆਪਣੇ ਸ਼ਕੰਜੇ ਵਿਚ ਜਕੜ ਕੇ ਡਿਕਟੇਟਰੀ ਸ਼ੁਰੂ ਕਰ ਦਿਤੀ। ਦੇਸ਼ ਦੀ ਜਨਤਾ ਉਸ ਦੇ ਰਾਜ ਤੋਂ ਵੀ ਤੰਗ ਆ ਗਈ ਅਤੇ ਉਨ੍ਹਾਂ ਨੇ ਜਨਰਲ ਫਰਾਂਕੋ ਦੀ ਸਰਕਾਰ ਦਾ ਤਖਤਾ ਪਲਟ ਕੇ ਲੋਕਰਾਜੀ ਸਰਕਾਰ ਸਥਾਪਤ ਕਰ ਲਈ। ਇੰਗਲੈਂਡ ਵਾਂਗ ਬਾਦਸ਼ਾਹ ਨੂੰ ਮੁੜ ਤਖਤ ਉਪਰ ਬਿਠਾ ਦਿਤਾ। ਕਮਾਲ ਹੈ ਕਿ ਯੂਰਪ ਦੇ ਲੋਕ ਪਰਜਾਤੰਤਰ ਦੇ ਮੋਢੀ ਹੁੰਦੇ ਹੋਏ ਵੀ

ਬਾਦਸ਼ਾਹਤ ਦੇ ਹਾਮੀ ਰਹੇ ਹਨ। ਉਹ ਆਪਣੇ ਬਾਦਸ਼ਾਹ ਦੀ ਬਹੁਤ ਹੀ ਇਜ਼ਤ ਕਰਦੇ ਹਨ। ਬਾਦਸ਼ਾਹ ਕਾਰਲੋਸ ਦਾ ਪਰਿਵਾਰ ਮੈਡਰਿਡ ਤੋਂ ਬਾਹਰ ਇਕ ਨਵੇਂ ਮਹੱਲ ਵਿਚ ਰਹਿ ਰਿਹਾ ਹੈ ਅਤੇ ਸ਼ਹਿਰ ਵਾਲਾ ਪੁਰਾਣਾ ਮਹੱਲ ਇਕ ਅਜਾਇਬਘਰ ਬਣ ਗਿਆ ਹੈ। ਹੁਣ ਵੀ ਸ਼ਾਹੀ ਦਰਬਾਰ ਲਈ ਅਤੇ ਅੰਤਰ-ਰਾਸ਼ਟਰੀ ਮੀਟਿੰਗਾਂ ਲਈ ਪੁਰਾਣੇ ਮਹੱਲ ਨੂੰ ਹੀ ਵਰਤਿਆ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਅਰਬ-ਇਜ਼ਰਾਈਲ ਝਗੜੇ ਨੂੰ ਖਤਮ ਕਰਨ ਲਈ ਅੰਤਰ-ਰਾਸ਼ਟਰੀ ਮੀਟਿੰਗ ਵੀ ਇਸੇ ਮਹੱਲ ਵਿਚ ਹੋਈ ਸੀ।

ਸ਼ਾਹੀ ਮਹੱਲ ਦੀਆਂ ਛੱਤਾਂ ਉਪਰ ਚਿਤਰਕਾਰੀ ਦਾ ਕੰਮ ਇਟਲੀ ਦੇ ਪ੍ਰਸਿੱਧ ਚਿਤਰਕਾਰਾਂ ਨੇ ਕੀਤਾ। ਮਹੱਲ ਦੀ ਤਾਮੀਰ ਵੀ ਇਟਲੀ ਦੇ ਹੀ ਆਰਕੀਟੈਕਟ ਦਵਾਰਾ ਕਰਵਾਈ ਗਈ ਸੀ। ਯੂਰਪ ਵਿਚ ਨਵੀਂ ਰੋਸ਼ਨੀ ਦਾ ਯੁੱਗ ਇਟਲੀ ਤੋਂ ਹੀ ਸ਼ੁਰੂ ਹੁੰਦਾ ਹੈ ਜਿਸ ਦੇ ਪ੍ਰਭਾਵ ਹੇਠ ਚਿਤਰਕਾਰੀ, ਬੁੱਤਕਾਰੀ, ਵਿਗਿਆਨ ਅਤੇ ਨਵ-ਚੇਤਨਤਾ ਨੇ ਜਨਮ ਲਿਆ। ਸਪੇਨ ਵਿਚ ਅਰਬਾਂ ਦੇ ਰਾਜ ਸਮੇਂ ਵੀ  ਕਾਫ਼ੀ ਤਰੱਕੀ ਹੋਈ। ਖਾਸ ਕਰਕੇ ਭਵਨ ਕਲਾ ਵਿਚ ਤੋਲੀਡੋ, ਕਾਰਡੋਬਾ ਅਤੇ ਗਰੇਨਾਡਾ ਅਜੇ ਵੀ ਅਰਬ ਸਭਿਅਤਾ ਦੀ ਚੜ੍ਹਤ ਦੀ ਯਾਦ ਤਾਜਾ ਕਰਾ ਰਹੇ ਹਨ। ਸੰਸਾਰ ਭਰ ਦੇ ਸੈਲਾਨੀ ਇਨ੍ਹਾਂ ਸ਼ਹਿਰਾਂ ਵਿਚ ਅਰਬਾਂ ਦੇ ਪੁਰਾਣੇ ਕਿਲੇ ਅਤੇ ਮਸਜਿਦਾਂ ਵੇਖਣ ਆਉਂਦੇ ਹਨ। ਮੇਰੀ ਇੱਛਾ ਸੀ ਕਿ ਤੋਲੀਡੋ ਦੀ ਯਾਤਰਾ ਕੀਤੀ ਜਾਵੇ ਪਰੰਤੂ ਸਮੇਂ ਦੀ ਥੁੜ ਕਾਰਨ ਮੈਂ ਅਰਬਾਂ ਦੀ ਰਾਜਧਾਨੀ ਦਾ ਚੱਕਰ ਨਾ ਲਗਾ ਸਕਿਆ।ਤੋਲੀਡੋ ਦੀ ਪ੍ਰਸਿੱਧੀ ਦਾ ਅੰਦਾਜਾ ਇਸ ਗਲ ਤੋਂ ਲਗਾਇਆ ਜਾ ਸਕਦਾ ਹੈ ਕਿ ਯੂਰਪ ਭਰ ਦੇ ਹੋਣਹਾਰ ਵਿਦਿਆਰਥੀ ਵਿਦਿਆ ਪ੍ਰਾਪਤ ਕਰਨ ਲਈ ਇਥੋਂ ਦੀ ਯੂਨੀਵਰਸਿਟੀ ਵਿਚ ਆ ਕੇ ਪੜ੍ਹਿਆ ਕਰਦੇ ਸਨ। ਜਰਮਨੀ ਅਤੇ ਇੰਗਲੈਂਡ ਉਸ ਸਮੇਂ ਕਾਫੀ ਪਛੜੇ ਹੋਏ ਦੇਸ ਸਨ।

ਸਾਰਾ ਦਿਨ ਘੁੰਮਦੇ ਘੁਮਾਂਦੇ ਥੱਕ ਟੁੱਟ ਕੇ ਅਸੀਂ ਕੰਵਲਜੀਤ ਦੇ ਘਰ ਪਰਤ ਆਏ। ਅਜੇ ਰਾਤ ਦੀ ਰੋਟੀ ਦਾ ਪ੍ਰਬੰਧ ਕਰਨ ਲਗੇ ਸਾਂ ਕਿ ਸ਼ੋਕਰਾ ਸਾਹਿਬ ਆਪਣੀ ਕਾਰ ਵਿਚ ਸਾਨੂੰ ਲੈਣ ਆ ਗਏ। ਉਨ੍ਹਾਂ ਨੇ ਕਿਹਾ ਕਿ ਅੱਜ ਦਾ ਭੋਜਨ ਇਕੱਠੇ ਹੀ ਖਾਵਾਂਗੇ। ਸ਼ੋਕਰਾ ਸਾਹਿਬ ਦੀ ਘਰਵਾਲੀ ਮਹਿਮਾਨ ਨਿਵਾਜੀ ਵਿਚ ਨਿਪੁੰਨ ਹੈ। ਉਸ ਨੇ ਕੰਵਲਜੀਤ ਨੂੰ ਆਪਣੇ ਪੁੱਤਰ ਵਾਂਗ ਸਮਝ ਰੱਖਿਆ ਹੈ ਅਤੇ ਕੰਵਲਜੀਤ ਵੀ ਉਸ ਦਾ ਪੂਰਾ ਸਤਿਕਾਰ ਕਰਦਾ ਹੈ। ਦਰਅਸਲ, ਇਨ੍ਹਾਂ ਦਾ ਨੌਜਵਾਨ ਪੁੱਤਰ ਜੋ ਹਵਾਈ ਫੌਜ ਵਿਚ ਪਾਇਲਟ ਸੀ, ਕੁਝ ਸਾਲ ਪਹਿਲਾਂ ਹਲਵਾਰੇ ਦੇ ਹਵਾਈ ਅੱਡੇ ਤੇ ਇਕ ਹਵਾਈ ਜਹਾਜ ਹਾਦਸੇ ਵਿਚ ਮਾਰਿਆ ਗਿਆ। ਮਾਤਾ ਅਜੇ ਵੀ ਵਿਰਾਗ ਦੀ ਹਾਲਤ ਵਿਚ ਆ ਜਾਂਦੀ ਹੈ ਅਤੇ ਉਸਦੀ ਨੁਹਾਰ ਕੰਵਲਜੀਤ ਨਾਲ ਮਿਲਦੀ ਹੋਣ ਕਰਕੇ ਉਹ ਆਪਣੀ ਮਮਤਾ ਦਾ ਪ੍ਰਗਟਾ ਇਸ ਦੀ ਸੇਵਾ ਕਰਕੇ ਪੂਰਿਆਂ ਕਰ ਲੈਂਦੀ ਹੈ। ਖਾਣੇ ਉਪਰੰਤ ਅਸੀਂ ਮੈਡਰਿਡ ਦੀਆਂ ਖੁੱਲੀਆਂ ਸੜਕਾਂ ਦੀ ਸੈਰ ਕਰਦੇ ਹੋਏ ਕੰਵਲਜੀਤ ਦੇ ਘਰ ਤੱਕ ਪਹੁੰਚ ਗਏ।

3 ਜੁਲਾਈ ਸ਼ਨੀਚਰਵਾਰ ਅਸੀਂ ਕੇਸੀ ਇਸ਼ਨਾਨ ਕਰਕੇ ਅਤੇ ਪਰੌਂਠੇ ਖਾ ਕੇ ਗਿਆਰਾਂ ਵਜੇ ਦੇ ਕਰੀਬ ਸ਼ਹਿਰ ਦਾ ਇਕ ਹੋਰ ਗੇੜਾ ਲਾਣ ਲਈ ਨਿਕਲ ਤੁਰੇ। ਧੁੱਪ ਤੇਜ ਹੋਣ ਕਰਕੇ ਅਸੀਂ ਮੈਟਰੋ ਗੱਡੀ ਰਾਹੀਂ ਮੈਡਰਿਡ ਦੇ ਪਬਲਿਕ ਪਾਰਕ ਵਿਚ ਘੁੰਮਣ ਦਾ ਪ੍ਰੋਗਰਾਮ ਬਣਾਇਆ। ਇਸ ਪਾਰਕ ਵਿਚ ਇਕ ਸੁੰਦਰ ਝੀਲ ਹੈ ਜਿਥੇ ਸ਼ਹਿਰ ਦੇ ਬੱਚੇ ਅਤੇ ਨੌਜਵਾਨ ਕਿਸ਼ਤੀ ਰਾਹੀਂ ਸੈਰ ਕਰਦੇ ਹਨ। ਪਾਰਕ ਵਿਚ ਕਈ ਰੈਸਤੋਰਾਂ ਹਨ ਜਿਨ੍ਹਾਂ ਅਗੇ ਆਰਕੈਸਟਰਾ ਦਾ ਪ੍ਰਬੰਧ ਹੁੰਦਾ ਹੈ। ਝੀਲ ਦੇ ਕਿਨਾਰੇ ਸੜਕ ਉਪਰ ਭਾਂਤ ਭਾਂਤ ਦਾ ਰੰਗ ਤਮਾਸ਼ਾ ਦੇਖਣ ਨੂੰ ਮਿਲਦਾ ਹੈ। ਕਿਤੇ ਜਾਦੂਗਰ ਆਪਣਾ ਤਮਾਸ਼ਾ ਵਿਖਾ ਰਿਹਾ ਹੁੰਦਾ ਹੈ, ਕਿਧਰੇ ਸਪੇਨਿਸ਼ ਰਾਗ ਦੇ ਸ਼ੌਕੀਨ ਆਪਣਾ ਖਾੜਾ ਜਮਾ ਕੇ ਲੋਕਾਂ ਦਾ ਦਿਲ ਮੋਹ ਲੈਂਦੇ ਹਨ ਅਤੇ ਕਈ ਜਗਹ ਨਜੂਮੀ ਹੱਥ ਦੀਆਂ ਰੇਖਾਂ ਵੇਖ ਕੇ ਪੈਸੇ ਬਟੋਰ ਰਹੇ ਹੁੰਦੇ ਹਨ। ਜਾਪਦਾ ਹੈ ਜਿਵੇਂ ਭਾਰਤ ਦੇ ਹੀ ਕਿਸੇ ਖੂੰਜੇ ਵਿਚ ਘੁੰਮ ਰਹੇ ਹਾਂ। ਅਸੀਂ ਸਪੇਨੀ ਗਵੱਈਆਂ ਦਾ ਹੌਂਸਲਾ ਅਫਜਾਈ ਕੀਤਾ ਅਤੇ ਉਨ੍ਹਾਂ ਦੀ ਫੋਟੋ ਵੀ ਖਿੱਚੀ। ਉਨ੍ਹਾਂ ਦੇ ਸਾਜ ਸਾਡੇ ਭਾਰਤੀ ਸਾਜਾਂ ਨਾਲ ਮਿਲਦੇ ਹਨ ਖਾਸ ਕਰਕੇ ਨਗੋਜ਼ਾ ਅਤੇ ਢੋਲ। ਸਪੇਨੀ ਲੋਕਾਂ ਦਾ ਰਾਗ ਅਤੇ ਨਾਚ ਸਾਰੇ ਵਿਸ਼ਵ ਭਰ ਵਿਚ ਪ੍ਰਸਿੱਧ ਹੈ। ਜਦੋਂ ਧਰਤੀ ਉਪਰ ਜੋਰ ਦੀ ਅੱਡੀ ਮਾਰ ਕੇ ਸਪੇਨੀ ਮੁਟਿਆਰਾਂ ਨੱਚਦੀਆਂ ਹਨ ਤਾਂ ਡਰ ਲਗਦਾ ਹੈ ਕਿ ਕਿਧਰੇ ਭੂਚਾਲ ਹੀ ਨਾ ਆ ਜਾਵੇ। ਛੁੱਟੀ ਵਾਲੇ ਦਿਨ ਇਸ ਪਾਰਕ ਵਿਚ ਸਾਰਾ ਦਿਨ ਰੌਣਕ ਲਗੀ ਰਹਿੰਦੀ ਹੈ ਅਤੇ ਸ਼ਹਿਰ ਦੇ ਲੋਕ ਬੱਚਿਆਂ ਨਾਲ ਇਥੇ ਪਿਕਨਿਕ ਕਰਨ ਲਈ ਆ ਜਾਂਦੇ ਹਨ। ਦੋ ਘੰਟੇ ਪਾਰਕ ਦੀ ਸੈਰ ਕਰਕੇ ਅਸੀਂ ਘਰ ਪਰਤ ਆਏ ਅਤੇ ਦੁਪਹਿਰ ਦੀ ਧੁੱਪ ਤੇਜ਼ ਹੋਣ ਕਰਕੇ ਘੁੰਮਣ ਦੀ ਹਿੰਮਤ ਨਾ ਰਹੀ।

3 ਜੁਲਾਈ ਸ਼ਾਮ ਦੇ ਸਤ ਵਜੇ ਮੇਰੀ ਗੱਡੀ ਪੈਰਿਸ ਲਈ ਰਵਾਨਾ ਹੋਣੀ ਸੀ। ਮੈਡਰਿਡ ਤੋਂ ਪੈਰਿਸ ਦਾ ਕਿਰਾਇਆ ਪੰਜ ਹਜ਼ਾਰ ਰੁਪਏ ਖਰਚ ਕੇ ਮੈਂ ਦੰਗ ਹੋ ਰਿਹਾ ਸਾਂ ਕਿ ਸਪੇਨ ਦੀਆਂ ਗੱਡੀਆਂ ਤਾਂ ਫਰਾਂਸ ਦੇ ਮੁਕਾਬਲੇ ਘਟੀਆ ਹੋਣਗੀਆਂ। ਦੁਨੀਆਂ ਭਰ ਵਿਚ ਸਭ ਤੋਂ ਤੇਜ ਗੱਡੀਆਂ ਫਰਾਂਸ ਅਤੇ ਜਪਾਨ ਨੇ ਹੀ ਬਣਾਈਆਂ ਹਨ। ਸ਼ਾਮ ਨੂੰ ਛੇ ਵਜੇ ਅਸੀਂ ਮੈਡਰਿਡ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਏ। ਕਲੋਕ ਰੂਮ ਵਿਚੋਂ ਆਪਣਾ ਸਮਾਨ ਲੈ ਕੇ ਅਸੀਂ ਪਲੇਟਫਾਰਮ ਤੇ ਆ ਗਏ। ਮੇਰਾ ਤੌਖਲਾ ਦੂਰ ਹੋ ਗਿਆ ਜਦੋਂ ਬੰਦ ਖਾਨੇ ਵਿਚੋਂ ਸਹੀ ਸਲਾਮਤ ਅਟੈਚੀਕੇਸ ਮਿਲ ਗਿਆ। ਇਥੇ ਚੋਰੀ ਇੰਨੀ ਵਧ ਗਈ ਹੈ ਕਿ ਲੋਕੀਂ ਆਟੋਮੈਟਿਕ ਤਾਲੇ ਦੀ ਚਾਬੀ ਲਾ ਕੇ ਸਮਾਨ ਕੱਢ ਲਿਜਾਂਦੇ ਹਨ। ਗੱਡੀ ਵਿਚ ਮੈਂ ਆਪਣੀ ਸੀਟ ਲੱਭਣ ਲਈ ਟਰੇਨ ਸੁਪਰਵਾਈਜ਼ਰ ਦੀ ਮਦਦ ਲਈ। ਉਸ

ਨੇ ਮੇਰਾ ਸਮਾਨ ਕੋਚ ਵਿਚ ਟਿਕਾ ਦਿਤਾ। ਵਾਕਿਆ ਹੀ ਰੇਲ ਗੱਡੀ ਦਾ ਡੱਬਾ ਕਿਸੇ ਪੰਜ ਸਟਾਰ ਹੋਟਲ ਦੇ ਕਮਰੇ ਤੋਂ ਘੱਟ ਨਹੀਂ ਸੀ। ਡੱਬੇ ਵਿਚ ਹਰ ਸਹੂਲਤ ਮੁਹੱਈਆ ਸੀ, ਬਿਸਤਰੇ ਵਿਛੇ ਹੋਏ ਸਨ ਅਤੇ ਸਫਾਈ ਦਾ ਆਹਲਾ ਮਿਆਰ ਸੀ। ਮੈਂ ਪਹਿਲੀ ਵਾਰ ਅਰਾਮਦੇਹ ਬਿਸਤਰ-ਡੱਬੇ ਵਿਚ ਸਫਰ ਕਰ ਰਿਹਾ ਸਾਂ। ਆਮ ਤੌਰ ਤੇ ਸਲੀਪਰ ਕੋਚ ਵਿਚ ਹੀ ਸਫਰ ਕਰੀਦਾ ਹੈ ਜਿਸ ਵਿਚ ਭਾਰਤੀ ਰੇਲ ਵਾਂਗ ਡੱਬੇ ਵਿਚ ਇਕ ਦੂਸਰੇ ਉਪਰ ਥਰੀ-ਟਾਇਰ ਸਿਸਟਮ ਹੁੰਦਾ ਹੈ। ਸਪੇਨ ਦੀਆਂ ਅੰਤਰ-ਰਾਸ਼ਟਰੀ ਗੱਡੀਆਂ ਸਫਾਈ ਵਿਚ ਹੋਰ ਕਿਸੇ ਤੋਂ ਘੱਟ ਨਹੀਂ।

ਠੀਕ ਸਮੇਂ ਉਪਰ ਗੱਡੀ ਸਟੇਸ਼ਨ ਤੋਂ ਚੱਲ ਪਈ। ਮੈਂ ਕੰਵਲਜੀਤ ਦਾ ਸ਼ੁਕਰੀਆ ਅਦਾ ਕਰਕੇ ਉਸ ਨੂੰ ਅਲਵਿਦਾ ਕਹੀ। ਧੰਨ ਹਨ ਗੁਰੂ ਦੇ ਸਿਖ ਜੋ ਦੁਨੀਆਂ ਭਰ ਦੇ ਹਰ ਖੂੰਜੇ ਵਿਚ ਪਹੁੰਚ ਕੇ ਆਪਣੇ ਭਰਾਵਾਂ ਦੀ ਮੱਦਦ ਲਈ ਤਨ, ਮਨ ਅਤੇ ਧਨ ਅਰਪਨ ਕਰ ਦਿੰਦੇ ਹਨ। ਸਪੇਨ ਵਿਚ ਤਾਂ ਇਹ ਇਕ ਕਰਿਸ਼ਮਾ ਹੀ ਜਾਪਦਾ ਹੈ ਕਿ ਜਰਮਨੀ ਅਤੇ ਫਰਾਂਸ ਤੋਂ ਨਿਕਲੇ ਸਿੰਘ ਆਪਣੇ ਕਾਰੋਬਾਰ ਤੋਂ ਇਲਾਵਾ ਗੁਰੂ ਨਾਨਕ ਦੀ ਸਿਖੀ ਦਾ ਪ੍ਰਚਾਰ ਵੀ ਕਰ ਰਹੇ ਹਨ। ਭਾਵੇਂ ਪਹਿਲਾਂ ਸ਼ਰਧਾਲੂ ਸਿਖ ਸਿੰਧੀ ਵਪਾਰੀ ਹੀ ਸਨ ਪਰੰਤੂ ਹੁਣ ਪੰਜਾਬੀ ਲੋਕ ਵੀ ਪਹੁੰਚ ਗਏ ਹਨ। ਮੈਡਰਿਡ ਵਿਚ ਤਾਂ ਭਜਨ ਯੋਗੀ ਦੇ ਸਿੱਖ ਹੀ ਗੁਰਦਵਾਰਾ ਲਗਾਉਂਦੇ ਹਨ। ਅਜੇ ਸਿੰਘ ਸਭਾ ਗੁਰਦਵਾਰਾ ਕਾਇਮ ਨਹੀਂ ਹੋਇਆ।

ਗੱਡੀ ਵਿਚ ਮੇਰੇ ਸਪੇਨੀ ਸਾਥੀ ਫਰਾਂਸ ਵਿਚ ਫਰਾਂਸੀਸੀ ਭਾਸ਼ਾ ਸਿੱਖਣ ਜਾ ਰਹੇ ਸਨ। ਉਹ ਮੇਰੇ ਨਾਲ ਬੜੇ ਪ੍ਰੇਮ ਨਾਲ ਪੇਸ਼ ਆਏ। ਇਕ ਮੁਸਾਫਰ ਅਰਜਨਟਾਈਨਾ ਤੋਂ ਸੈਰ ਕਰਨ ਆਇਆ ਸੀ। ਉਸ ਦੀ ਮੇਰੇ ਨਾਲ ਚੰਗੀ ਬਣ ਗਈ। ਮੇਰੇ ਮੈਡਰਿਡ ਦੇ ਤਜਰਬੇ ਦੇ ਡਰ ਕਾਰਨ ਮੈਂ ਆਪਣਾ ਕੀਮਤੀ ਸਮਾਨ ਸਿਰਹਾਣੇ ਰੱਖ ਕੇ ਸੌਂ ਗਿਆ ਮਤਾ ਕੋਈ ਨਕਦੀ ਅਤੇ ਪਾਸਪੋਰਟ ਹੀ ਚੋਰੀ ਨਾ ਕਰ ਲਵੇ। ਗੱਡੀ ਸਪੇਨ ਦੇ ਪਹਾੜੀ ਖੇਤਰ ਵਿਚੋਂ ਲੰਘ ਕੇ ਫਰਾਂਸ ਦੀ ਹੱਦ ਅੰਦਰ ਦਾਖਲ ਹੋ ਗਈ। ਸਪੇਨ ਅੰਦਰ ਪਾਣੀ ਦੀ ਘਾਟ ਹੈ ਅਤੇ ਕਿਤੇ ਕਿਤੇ ਸੂਰਜਮੁਖੀ ਜਾਂ ਕਣਕ ਦੀ ਖੇਤੀ ਨਜਰ ਆ ਰਹੀ ਸੀ।ਪਿੰਡਾਂ ਦੇ ਬਾਹਰ ਗਾਵਾਂ ਦੇ ਵੱਗ ਚਰਦੇ ਨਜ਼ਰ ਆ ਰਹੇ ਸਨ। ਮੈਨੂੰ ਕਾਫੀ ਹੈਰਾਨੀ ਹੋ ਰਹੀ ਸੀ ਕਿ ਇਸ ਦੇਸ ਦਾ ਗੁਜਾਰਾ ਕਿਵੇਂ ਹੁੰਦਾ ਹੈ।ਮੇਰੇ ਸਪੇਨੀ ਸਾਥੀ ਦੱਸ ਰਹੇ ਸਨ ਕਿ ਇਸ ਦੇਸ ਦੀ ਅੱਧੀ ਆਮਦਨ ਤਾਂ ਸੈਲਾਨੀਆ ਦੇ ਆਸਰੇ ਹੈ ਅਤੇ ਬਾਕੀ ਦੀ ਦਸਤਕਾਰੀ ਤੋਂ। ਕੇਵਲ ਪੰਜਾਬ ਹੀ ਐਸਾ ਇਲਾਕਾ ਹੈ ਜਿਥੇ ਧਰਤੀ ਦਾ ਚੱਪਾ ਚੱਪਾ ਖੇਤੀ ਅਧੀਨ ਆ ਚੁੱਕਾ ਹੈ। ਇਹ ਪੰਜਾਬ ਦੇ ਭਵਿੱਖ ਲਈ ਖਤਰੇ ਦੀ ਘੰਟੀ ਹੈ। ਜੇਕਰ ਇਹ ਸਿਲਸਿਲਾ ਜਾਰੀ ਰਿਹਾ ਤਾਂ ਇਥੋਂ ਦੀ ਜਰਖੇਜ ਜ਼ਮੀਨ ਮਾਰੂਥਲ ਵਿਚ ਤਬਦੀਲ ਹੋ ਜਾਵੇਗੀ। ਭਾਰਤ ਦਾ ਅੰਨਦਾਤਾ ਆਪ ਅੰਨ ਲਈ ਸਹਿਕੇਗਾ।

ਰਾਤ ਭਰ ਦੇ ਸਫਰ ਉਪਰੰਤ ਸੂਰਜ ਦੀਆਂ ਪਹਿਲੀਆਂ ਕਿਰਣਾਂ ਨੇ ਗੱਡੀ ਵਿਚ ਆ ਦਸਤਕ ਦਿਤੀ। ਫਰਾਂਸ ਦੇ ਇਲਾਕੇ ਵਿਚੋਂ ਗੱਡੀ ਤੇਜ ਰਫਤਾਰ ਲੰਘ ਰਹੀ ਸੀ ਕਿਉਂਕਿ ਧਰਤੀ ਪੱਧਰ ਸੀ। ਖੇਤਾਂ ਵਿਚ ਫਸਲਾਂ ਝੂਮ ਰਹੀਆਂ ਸਨ। ਇਹ ਕੁਦਰਤੀ ਨਜ਼ਾਰਾ ਵੀ ਵੇਖਣ ਅਤੇ ਮਾਨਣ ਵਾਲਾ ਸੀ। ਅਠ ਵਜੇ ਦੇ ਕਰੀਬ ਗੱਡੀ ਪੈਰਿਸ ਦੇ ਅੱਸਟਰਲਿਜ਼ ਸਟੇਸ਼ਨ ਤੇ ਪਹੁੰਚ ਗਈ ਅਤੇ ਮੈਂ ਟੈਕਸੀ ਫੜ ਨਰੇਸ਼ ਸਿੰਘ ਦੇ ਘਰ ਪਹੁੰਚ ਗਿਆ।

## ਪੈਰਿਸ ਦੇ ਸਿੱਖ

---

ਚਾਰ ਜੁਲਾਈ (1993) ਨੂੰ ਜਦੋਂ ਮੈਂ ਪੈਰਿਸ ਪਹੁੰਚਿਆ ਤਾਂ ਮੇਰਾ ਮਿਤਰ ਨਰੇਸ਼ ਸਿੰਘ ਬੈਰੂਤ (ਲੈਬਨਾਨ) ਜਾ ਚੁੱਕਿਆ ਸੀ। ਮੈਂ ਉਸਦੀ ਧੀ ਨੂੰ ਫੋਨ ਕਰਕੇ ਆਪਣੇ ਪਹੁੰਚਣ ਦੀ ਖਬਰ ਦਿਤੀ। ਉਹ ਛੁੱਟੀਆਂ ‘ਚ ਸਮੁੰਦਰ ਕੰਢੇ ਜਾ ਰਹੀ ਸੀ ਅਤੇ ਘਰ ਮੇਰੇ ਹਵਾਲੇ ਕਰਨ ਖਾਤਰ ਹੀ ਰੁਕੀ ਹੋਈ ਸੀ। ਛੁਟੀਆਂ ਹੋਣ ਕਾਰਨ ਪੈਰਿਸ ਦੇ ਵਾਸੀ ਤਾਂ ਸਮੁੰਦਰ ਵੱਲ ਚਲੇ ਜਾਂਦੇ ਹਨ ਅਤੇ ਦੁਨੀਆਂ ਭਰ ਦੇ ਸੈਲਾਨੀ ਪੈਰਿਸ ਆ ਢੁਕਦੇ ਹਨ। ਸਟੇਸ਼ਨ ਉਪਰ ਜਦੋਂ ਮੇਰੀ ਵਾਰੀ ਆਈ ਤਾਂ ਟੈਕਸੀ ਡਰਾਈਵਰ ਇਕ ਅਧਖੜ ਉਮਰ ਦੀ ਔਰਤ ਨਿਕਲੀ। ਉਸ ਨੇ ਆਪਣੇ ਨਾਲ ਦੀ ਸੀਟ ਤੇ ਇਕ ਪਾਲਤੂ ਕੁੱਤਾ ਬਿਠਾਇਆ ਹੋਇਆ ਸੀ। ਪਹਿਲਾਂ ਤਾਂ ਮੈਂ ਡਰ ਹੀ ਗਿਆ ਕਿ ਕੁੱਤਾ ਕੱਟ ਲਵੇਗਾ ਪਰੰਤੂ ਉਸ ਨੇ ਕਿਹਾ ਘਬਰਾਓ ਨਾ ਇਹ ਤੁਹਾਨੂੰ ਕੁਝ ਨਹੀਂ ਕਹੇਗਾ ਜਿੰਨਾ ਚਿਰ ਮੇਰਾ ਇਸ਼ਾਰਾ ਨਹੀਂ ਹੁੰਦਾ। ਮੈਂ ਸਮਝ ਗਿਆ ਕਿ ਡਰਾਈਵਰ ਨੇ ਕੁੱਤਾ ਆਪਣੀ ਰਾਖੀ ਲਈ ਟੈਕਸੀ ਵਿਚ ਬਿਠਾਇਆ ਹੋਇਆ ਹੈ ਕਿਉਂਕਿ ਪੈਰਿਸ ਵਿਚ ਵੀ ਹੁਣ ਨਿਊਯਾਰਕ ਵਾਂਗ ਚੋਰ ਉਚੱਕੇ ਔਰਤਾਂ ਨੂੰ ਲੁੱਟ ਲੈਂਦੇ ਹਨ। ਮੈਂ ਟੈਕਸੀ ਦੀ ਪਿਛਲੀ ਸੀਟ ਤੇ ਬੈਠ ਗਿਆ ਅਤੇ ਆਪਣੀ ਮੰਜਿਲ ਬਾਰੇ ਦੱਸਿਆ। ਮੇਰੀ ਉਤਸੁਕਤਾ ਨੂੰ ਜਾਣ ਕੇ ਉਹ ਦੱਸਣ ਲਗੀ ਕਿ ਉਸਦਾ ਘਰਵਾਲਾ ਰਾਤ ਨੂੰ ਟੈਕਸੀ ਚਲਾਂਦਾ ਹੈ ਅਤੇ ਸਵੇਰ ਤੋਂ ਸ਼ਾਮ ਤੱਕ ਉਹ ਆਪ ਚਲਾਉਂਦੀ ਹੈ। ਉਸ ਦੀ ਧੀ ਅਤੇ ਪੁੱਤਰ ਜਵਾਨ ਹਨ ਅਤੇ ਉਹ ਆਪਣੇ ਕੰਮ ਤੇ

ਅਲੱਗ ਹੀ ਰਹਿੰਦੇ ਹਨ। ਫਰਾਂਸ ਵਿਚ ਕਈ ਔਰਤਾਂ ਲੋਕਲ ਬੱਸ ਅਤੇ ਮੈਟਰੋ ਗੱਡੀ ਚਲਾਉਂਦੀਆਂ ਹਨ ਪਰੰਤੂ ਟੈਕਸੀ ਡਰਾਈਵਰ ਦਾ ਪੇਸ਼ਾ ਜੋਖਮ ਭਰਿਆ ਹੋਣ ਕਰਕੇ ਔਰਤਾਂ ਘਟ ਹੀ ਹਿੰਮਤ ਕਰਦੀਆਂ ਹਨ।

ਸਵੇਰ ਦੀ ਰੁਮਕਦੀ ਪੌਣ ਵਿਚ ਪੈਰਿਸ ਦੀਆਂ ਗਲੀਆਂ ਅਜੇ ਪੂਰੇ ਜੋਬਨ ਤੇ ਨਹੀਂ ਸਨ। ਸਾਡੀ ਟੈਕਸੀ ਦਰਿਆ ਸੈਨ ਨੂੰ ਪਾਰ ਕਰਕੇ ਨੇਸ਼ਨ ਸਕੁਏਅਰ ਵੱਲ ਵਧ ਰਹੀ ਸੀ ਜਿਥੋਂ ਨਰੇਸ਼ ਸਿੰਘ ਦਾ ਘਰ ਨਜ਼ਦੀਕ ਹੀ ਰਹਿ ਜਾਂਦਾ ਹੈ। ਗੱਲਬਾਤ ਦੌਰਾਨ ਫਰਾਂਸੀਸੀ ਔਰਤ ਟੈਕਸੀ ਦਾ ਮੀਟਰ ਚਲਾਉਣਾ ਹੀ ਭੁੱਲ ਗਈ ਪਰੰਤੂ ਮੰਜਿਲ ਉਪਰ ਪਹੁੰਚ ਕੇ ਫਾਸਲੇ ਦੇ ਹਿਸਾਬ ਠੀਕ ਹੀ ਪੈਸੇ ਲਏ। ਮੈਂ ਆਪਣਾ ਸਮਾਨ ਉਤਾਰ ਕੇ ਇਕ ਦੁਕਾਨ ਵਿਚ ਰੱਖ ਲਿਆ ਅਤੇ ਨੌਂ ਵਜੇ ਦੇ ਕਰੀਬ ਨਰੇਸ਼ ਦੀ ਧੀ ਅਰੁਣਾ ਸਿੰਘ ਵੀ ਪਹੁੰਚ ਗਈ। ਉਸ ਨੇ ਨਰੇਸ਼ ਦੇ ਘਰ ਦੀ ਚਾਬੀ ਮੇਰੇ ਹਵਾਲੇ ਕਰ ਦਿੱਤੀ ਅਤੇ ਬਾਕੀ ਜਰੂਰੀ ਗੱਲਾਂ ਬਾਰੇ ਹਦਾਇਤ ਕਰ ਦਿਤੀ, ਖਾਸ ਕਰਕੇ ਗੈਸ ਦੀ ਵਰਤੋਂ ਅਤੇ ਬੂਟਿਆਂ ਨੂੰ ਪਾਣੀ ਦੇਣ ਬਾਰੇ।

ਮੈਂ ਰਾਤ ਦਾ ਸਫਰ ਕਰਕੇ ਆਇਆ ਸਾਂ, ਸੋ ਕੇਸੀ ਇਸ਼ਨਾਨ ਕਰਕੇ ਆਪਣਾ ਨਾਸ਼ਤਾ ਤਿਆਰ ਕੀਤਾ ਅਤੇ ਗੁਰਦਵਾਰੇ ਜਾਣ ਦੀ ਤਿਆਰੀ ਕਰ ਲਈ।ਬਾਰਾਂ ਵਜੇ ਦੇ ਕਰੀਬ ਮੈਂ ਮੈਟਰੋ ਗੱਡੀ ਵਿਚ ਸਵਾਰ ਹੋ ਕੇ ਪੈਰਿਸ ਦੇ ਬਾਹਰਲੇ ਹਿਸੇ ਵਿਚ ਬੋਬੀਨੀ ਦੇ ਸਟੇਸ਼ਨ ਵੱਲ ਰਵਾਨਾ ਹੋ ਪਿਆ। ਚੱਲਣ ਤੋਂ ਪਹਿਲਾਂ ਮੈਂ ਗੁਰਦਵਾਰੇ ਫੋਨ ਕਰਕੇ ਰਾਹ ਪਤਾ ਪੁੱਛ ਲਿਆ। ਜਦੋਂ ਮੈਂ ਬੋਬੀਨੀ ਦੇ ਸਟੇਸ਼ਨ ਤੋਂ ਬਾਹਰ ਨਿਕਲਿਆ ਤਾਂ ਕੁਝ ਪਾਕਿਸਤਾਨੀ ਰੇੜੀਆਂ ਲਾਈ ਸੌਦਾ ਵੇਚ ਰਹੇ ਸਨ। ਉਨ੍ਹਾਂ ਤੋਂ ਗੁਰਦਵਾਰੇ ਦਾ ਰਾਹ ਪੁੱਛ ਕੇ ਮੈਂ ਅਗੇ ਤੁਰ ਪਿਆ। ਟਰਾਮ ਦੇ ਵਿਚ ਸਵਾਰ ਹੋ ਕੇ ਮੈਂ ਗੁਰਦਵਾਰੇ ਦੇ ਲਾਗਲੀ ਗਲੀ ਵਿਚ ਪਹੁੰਚਿਆ ਤਾਂ ਟੈਲੀਫੋਨ ਬੂਥ ਵਿਚ ਇਕ ਸਿੰਘ ਫੋਨ ਕਰਦਾ ਨਜ਼ਰੀਂ ਪੈ ਗਿਆ। ਜਦੋਂ ਉਸਨੇ ਫੋਨ ਤੇ ਗੱਲਬਾਤ ਸਮਾਪਤ ਕੀਤੀ ਤਾਂ ਮੈਂ ਉਸਨੂੰ ਫਤਹਿ ਬੁਲਾ ਕੇ ਆਪਣਾ ਮਕਸਦ ਸਮਝਾਇਆ। ਉਹ ਮੈਨੂੰ ਗੁਰਦਵਾਰੇ ਤੱਕ ਛੱਡ ਗਿਆ। ਗੁਰਦਵਾਰੇ ਅੰਦਰ ਕਨੇਡਾ ਤੋਂ ਆਏ ਭਾਈ ਹਰਜਿੰਦਰ ਸਿੰਘ ਹੋਰੀਂ ਕਥਾ ਕਰ ਰਹੇ ਸਨ। ਮੈਂ ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਿਆ। ਗੁਰੂ ਦੀ ਹਜੂਰੀ ਵਿਚ ਦੋ ਗੋਲਕਾਂ ਪਈਆਂ ਸਨ, ਇਕ ਉਪਰ ਸ਼ਹੀਦੀ ਫੰਡ ਲਿਖਿਆ ਹੋਇਆ ਸੀ ਅਤੇ ਦੂਸਰੀ ਉਪਰ ਕੁਝ ਵੀ ਨਹੀਂ । ਸੋ ਮੈਂ ਕੁਝ ਛਿਣ ਭੰਬਲਭੂਸੇ ਵਿਚ ਪੈ ਗਿਆ ਪਰੰਤੂ ਤੁਰੰਤ ਸਮਝ ਗਿਆ ਕਿ ਗੁਰਦਵਾਰੇ ਵਿਚ ਦੋ ਗਰੁੱਪ ਹੋਣਗੇ ਜਿਸ ਕਰਕੇ ਦੋ ਗੋਲਕਾਂ ਰੱਖੀਆਂ ਹੋਈਆਂ ਹਨ।

ਸੰਗਤ ਵਿਚ ਬੀਬੀਆਂ ਦੀ ਗਿਣਤੀ ਘੱਟ ਹੋਣ ਕਰਕੇ ਸਾਰਾ ਹਾਲ ਬੰਦਿਆਂ ਨਾਲ ਭਰਿਆ ਪਿਆ ਸੀ ਜੋ ਵਧੇਰੇ ਪਟਕੇ ਬੰਨ ਕੇ ਹੀ ਆਏ ਹੋਏ ਸਨ। ਫਿਰ ਵੀ ਪੰਜਾਹ ਦੇ ਕਰੀਬ ਪਗੜੀ ਵਾਲੇ ਸਿੱਖ ਨਜ਼ਰ ਆ ਰਹੇ ਸਨ। ਖੈਰ ਦੋ ਚਾਰ ਤਾਂ ਤਿਆਰ ਬਰ ਤਿਆਰ ਸਿੰਘ ਵੀ ਨਜ਼ਰੀਂ ਪਏ ਜੋ ਬੱਬਰ ਖਾਲਸਾ ਜਥੇਬੰਦੀ ਦੇ ਕਾਰਕੁਨ ਸਨ। ਜਦੋਂ ਕੜਾਹ ਪ੍ਰਸ਼ਾਦ ਵਰਤ ਗਿਆ ਤਾਂ ਮੈਨੂੰ ਪੈਰਿਸ ਯੂਨੀਵਰਸਿਟੀ ਦੇ ਖੋਜੀ ਵਿਗਿਆਨੀ ਡਾਕਟਰ ਮਵੀ ਵੀ ਟੱਕਰ ਪਏ ਜੋ ਕਿ ਦਿੱਲੀ ਤੋਂ ਵਜ਼ੀਫਾ ਪ੍ਰਾਪਤ ਕਰਕੇ ਪੈਰਿਸ ਆਏ ਹੋਏ ਸਨ। ਮੈਂ ਉਹਨਾਂ ਨੂੰ ਜੂਸੀਓ ਯੂਨੀਵਰਸਿਟੀ ਵਿਚ ਪਹਿਲੇ ਦਿਨ ਮਿਲ ਗਿਆ ਸਾਂ। ਉਹ ਮੈਨੂੰ ਲੰਗਰ ਵਿਚ ਲੈ ਗਏ ਜਿਥੇ ਸਾਰੀ ਸੰਗਤ ਲੰਗਰ ਛਕ ਰਹੀ ਸੀ। ਗੁਰਦਵਾਰੇ ਦੇ ਪੁਰਾਣੇ ਪ੍ਰਧਾਨ ਚੈਨ ਸਿੰਘ ਵੀ ਮਿਲ ਪਏ ਜੋ ਮੇਰੇ ਦੋਸਤ ਨਰੇਸ਼ ਸਿੰਘ ਦੇ ਚੰਗੇ ਮਿੱਤਰ ਸਨ। ਉਹ ਅਜੇ ਆਪਣੀ ਵਾਰਤਾ ਹੀ ਸੁਣਾ ਰਹੇ ਸਨ ਕਿ ਉਹਨਾਂ ਦੀ ਧਰਮ ਪਤਨੀ ਭੱਜੀ ਭੱਜੀ ਆਈ ਕਿ ਗੁਰਦਵਾਰੇ ਵਿਚ ਲੜਾਈ ਹੋ ਗਈ ਹੈ।ਉਹ ਲੰਗਰ 'ਚੋਂ ਛੂਟ ਵੱਟ ਕੇ ਨਿਕਲ ਗਏ। ਦਸ ਮਿੰਟਾਂ ਬਾਅਦ ਜਦੋਂ ਉਹ ਪਰਤ ਆਏ ਤਾਂ ਕਹਿਣ ਲਗੇ ਕਿ ਇਕ ਸਿੰਘ ਇੰਗਲੈਂਡ ਤੋਂ ਆਇਆ ਹੈ ਜੋ ਉਥੋਂ ਕੱਢਿਆ ਗਿਆ ਹੈ ਅਤੇ ਇਥੇ ਗੁਰਦਵਾਰੇ ਵਿਚ ਪਨਾਹ ਲੈ ਚੁੱਕਾ ਹੈ। ਉਹ ਇਕ ਚੰਗਾ ਕੀਰਤਨੀਆ ਹੈ ਅਤੇ ਹਫਤੇ ਭਰ ਤੋਂ ਇਥੇ ਠਹਿਰਿਆ ਹੋਇਆ ਹੈ। ਗੁਰਦਵਾਰੇ ਦੇ ਭਾਈ ਸਾਹਿਬ ਉਸ ਨੂੰ ਬਾਹਰ ਕੱਢਣਾ ਚਾਹੁੰਦੇ ਹਨ ਪਰੰਤੂ ਉਸਦਾ ਹੋਰ ਕੋਈ ਥਾਂ ਠਿਕਾਣਾ ਨਹੀਂ ਹੈ। ਮੈਂ ਉਸਨੂੰ ਗੁਰਦਵਾਰੇ ਵਿਚ ਰੱਖਣ ਦੇ ਹੱਕ ਵਿਚ ਹਾਂ ਅਤੇ ਨਵੀਂ ਕਮੇਟੀ ਦੇ ਮੈਂਬਰ ਉਸ ਨੂੰ ਕੱਢ ਕੇ ਰਾਜੀ ਹਨ। ਖੈਰ ਮੇਰਾ ਸ਼ੰਕਾ ਠੀਕ ਹੀ ਨਿਕਲਿਆ - ਗੁਰਦਵਾਰੇ ਵਿਚ ਧੜੇਬੰਦੀ ਹੈ ਅਤੇ ਕਬਜੇ ਲਈ ਦੋ ਧੜੇ ਆਪਸ ਵਿਚ ਟਕਰਾਓ ਰੱਖਦੇ ਹਨ। ਜੋ ਹਾਲ ਪੰਜਾਬ ਦੇ ਗੁਰਦਵਾਰਿਆਂ ਦਾ ਹੈ , ਉਹ ਹੀ ਵਿਦੇਸ਼ਾਂ 'ਚ ਵਾਪਰ ਰਿਹਾ ਹੈ। ਸਿੱਖਾਂ ਦੀ ਲੜਾਈ ਗੁਰਦਵਾਰਿਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ। ਹਰ ਇਕ ਆਪਣੀ ਚੌਧਰ ਲਈ ਲੜ ਰਿਹਾ ਹੈ। ਦਰਅਸਲ, ਅੰਗਰੇਜੀ ਸਰਕਾਰ ਨੇ ਗੁਰਦਵਾਰਿਆਂ ਦੇ ਪ੍ਰਬੰਧ ਲਈ ਜੋ ਤੌਰ ਤਰੀਕੇ ਅਖਤਿਆਰ ਕੀਤੇ, ਉਨ੍ਹਾਂ ਨੇ ਧਰਮ ਦੇ ਖੇਤਰ ਵਿਚ ਸਿਆਸਤ ਘਸੋੜ ਦਿਤੀ ਹੈ ਅਤੇ ਗੁਰਦਵਾਰਿਆਂ ਵਿਚ ਅਧਿਆਤਮਕ ਮਾਹੌਲ ਦੀ ਬਜਾਏ ਸਿਆਸੀ ਮਾਹੌਲ ਭਾਰੂ ਹੋ ਗਿਆ ਹੈ।

ਭਾਈ ਗੁਰਦਿਆਲ ਸਿੰਘ ਨੇ ਭਾਈ ਹਰਜਿੰਦਰ ਸਿੰਘ ਨੂੰ ਘਰ ਸੱਦਿਆ ਤਾਂ ਮੈਨੂੰ ਵੀ ਨਾਲ ਚੱਲਣ ਲਈ ਕਿਹਾ। ਇਕ ਫਰਾਂਸੀਸੀ ਸਿਖ ਵੀ ਸਾਡੇ ਨਾਲ ਤੁਰ ਪਿਆ। ਉਹ ਸਾਰਬੋਨ ਯੂਨੀਵਰਸਿਟੀ ਵਿਚ ਐਮ.ਏ ਦਾ ਵਿਦਿਆਰਥੀ ਹੈ ਅਤੇ ਸ਼ੌਕ ਨਾਲ ਸਿਖ ਧਰਮ ਵਿਚ ਪ੍ਰਵੇਸ਼ ਕਰ ਰਿਹਾ ਹੈ। ਉਸ ਦੀ ਮਾਂ ਬੁੱਧ ਧਰਮ ਨੂੰ ਮੰਨਦੀ ਹੈ ਅਤੇ ਪਿਉ ਰੋਮਨ ਕੈਥੋਲਿਕ ਹੈ। ਭਾਈ

ਗੁਰਦਿਆਲ ਸਿੰਘ ਬੱਬਰ ਦੇ ਘਰੋਂ ਲੱਸੀ ਪਾਣੀ ਛਕ ਕੇ ਅਸੀਂ ਫਰਾਂਸੀਸੀ ਸਿੱਖ ਦੇ ਘਰ ਵੱਲ ਚਾਲੇ ਪਾ ਦਿਤੇ। ਭਾਈ ਗੁਰਦਿਆਲ ਸਿੰਘ ਮਿਸਤਰੀ ਦਾ ਕੰਮ ਕਰਦਾ ਹੈ ਅਤੇ ਉਸਦੀ ਧਰਮ ਪਤਨੀ ਕੀਰਤਨ ਕਰਦੀ ਹੈ। ਉਸ ਦੇ ਬਾਰੇ ਪਤਾ ਲਗਾ ਕਿ ਉਹ ਜਰਮਨੀ ਵਿਚੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਅਤੇ ਅਜ ਕੱਲ ਗੁਰਦਵਾਰੇ ਦੀ ਸੇਵਾ ਵਿਚ ਮੋਹਰੀ ਹੈ। ਪੰਜਾਬ ਬਾਰੇ ਵਿਚਾਰ ਵਟਾਂਦਰਾ ਹੋਇਆ ਤਾਂ ਭਾਈ ਗੁਰਦਿਆਲ ਸਿੰਘ ਕਹਿਣ ਲਗੇ ਕਿ ਮੈਂ ਬਹੁਤ ਪੜਿਆ ਲਿਖਿਆ ਤਾਂ ਨਹੀਂ ਪਰੰਤੂ ਇਹ ਦੱਸੋ ਕਿ ਖਾਲਿਸਤਾਨ ਕਿਵੇਂ ਬਣ ਸਕਦਾ ਹੈ? ਭਾਈ ਹਰਜਿੰਦਰ ਸਿੰਘ ਨੇ ਸਿੰਘਾਂ ਦੀਆਂ ਕਰਤੂਤਾਂ ਦਾ ਪਾਜ ਉਘਾੜਿਆ, ਸਿਖਾਂ ਦੀਆਂ ਜਥੇਬੰਧਕ ਕਮਜੋਰੀਆਂ ਦਾ ਵੇਰਵਾ ਦਿਤਾ ਅਤੇ ਦੱਸਿਆ ਕਿ ਜਿੰਨਾ ਚਿਰ ਖਾਲਸਾ ਹੀ ਕਾਇਮ ਨਹੀਂ, ਉਨਾ ਚਿਰ ਇਹ ਸੁਪਨਾ ਸਾਕਾਰ ਨਹੀਂ ਹੋ ਸਕਦਾ। ਫਰਾਂਸੀਸੀ ਸਿਖ ਤਾਂ ਹੋਰ ਵੀ ਅਗਾਂਹ ਦੀ ਗੱਲ ਕਰ ਰਿਹਾ ਸੀ। ਉਸ ਨੇ ਕਿਹਾ ਕਿ ਹੁਣ ਈਸਾਈ ਧਰਮ ਅਤੇ ਬੁੱਧ ਮੱਤ ਵਿਚ ਕੋਈ ਦਿਲਚਸਪੀ ਨਹੀਂ ਲੈ ਰਿਹਾ। ਜੇਕਰ ਸਿਖ ਆਪਣੇ ਧਰਮ ਬਾਰੇ ਸਹੀ ਤਰਜਮਾਨੀ ਕਰ ਸਕਣ ਤਾਂ ਸਾਰੇ ਲੋਕ ਸਿਖ ਧਰਮ ਦੀ ਓਟ ਲੈ ਸਕਦੇ ਹਨ ਅਤੇ ਵਿਸ਼ਵ ਭਰ ਵਿਚ ਖਾਲਸੇ ਦਾ ਬੋਲਬਾਲਾ ਹੋ ਜਾਵੇਗਾ - ਕੇਵਲ ਪੰਜਾਬ ਵਿਚ ਹੀ ਕਿਉਂ ਚਾਹੁੰਦੇ ਹੋ। ਫਰਾਂਸੀਸੀ ਵਿਦਿਆਰਥੀ ਆਪਣੇ ਕੁਝ ਸਵਾਲਾਂ ਦੇ ਢੁਕਵੇਂ ਉਤਰ ਨਾ ਮਿਲਣ ਤੇ ਖਿਝ ਗਿਆ ਕਿਉਂਕਿ ਭਾਈ ਹਰਜਿੰਦਰ ਸਿੰਘ ਉਸਦੀ ਤਸੱਲੀ ਨਹੀਂ ਸੀ ਕਰਾ ਸਕਿਆ। ਮੈਂ ਵੀ ਮਹਿਸੂਸ ਕੀਤਾ ਕਿ ਸਾਡੇ ਗਿਆਨੀ ਅਤੇ ਕਥਾਕਾਰ ਆਧੁਨਿਕ ਯੁੱਗ ਵਿਚ ਸਿਖ ਧਰਮ ਦਾ ਪ੍ਰਚਾਰ ਕਰਨ ਦੇ ਅਸਮਰੱਥ ਹਨ। ਉਹ ਵਿਦੇਸ਼ੀਆਂ ਨੂੰ ਤਾਂ ਇਕ ਪਾਸੇ ਰਿਹਾ ਬਲਕਿ ਨਵੀਂ ਸਿਖ ਪਨੀਰੀ ਨੂੰ ਵੀ ਸਹੀ ਸੇਧ ਦੇਣ ਜੋਗੇ ਨਹੀਂ।

ਫਰਾਂਸ ਵਿਚ ਗੁਰਦਵਾਰਾ ਕਾਇਮ ਕਰਨ ਵਿਚ ਇਕ ਫਰਾਂਸੀਸੀ ਔਰਤ ਨੇ ਯੋਗਦਾਨ ਪਾਇਆ। ਜਦੋਂ ਮੈ 1970 ਵਿਚ ਬਤੌਰ ਵਿਦਿਆਰਥੀ ਪੈਰਿਸ ਯੂਨੀਵਰਸਿਟੀ ਵਿਚ ਦਾਖਲ ਹੋਇਆ ਤਾਂ ਹਿੰਦੂ ਧਰਮ ਦੇ ਕਈ ਫਿਰਕੇ ਆਪੋ ਆਪਣਾ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਵਿਚ 'ਹਰੇ ਰਾਮਾ ਹਰੇ ਕ੍ਰਿਸ਼ਨਾ', 'ਬਾਲਯੋਗੀ', ਅਤੇ 'ਰਾਮਾ ਕ੍ਰਿਸ਼ਨਾ ਮਿਸ਼ਨ' ਦੇ ਆਪਣੇ ਮੰਦਰ ਸਨ ਜਿਥੇ ਹਰ ਐਤਵਾਰ ਸਤਿਸੰਗ ਹੋਇਆ ਕਰਦਾ ਸੀ। ਪਗੜੀ ਵਾਲਾ ਮੈਂ ਇਕੱਲਾ ਸਿਖ ਹੀ ਸਾਂ ਜਿਸ ਕਰਕੇ ਇਹ ਮੇਰੇ ਪਾਸ ਆ ਕੇ ਸੱਦਾ ਦੇ ਜਾਂਦੇ। ਨਰੇਸ਼ ਦੇ ਆ ਜਾਣ ਉਪਰੰਤ ਮੇਰਾ ਇਕ ਹੋਰ ਸਾਥੀ ਹੋ ਗਿਆ ਅਤੇ ਕੁਝ ਫਰਾਂਸੀਸੀ ਬੀਬੀਆਂ ਜੋ ਰਾਮਾ ਕ੍ਰਿਸ਼ਨਾ ਮਿਸ਼ਨ ਦੀਆਂ ਸ਼ਰਧਾਲੂ ਸਨ, ਸਾਡੇ ਕੋਲੋਂ ਸਿਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਗੀਆਂ। ਜਦੋਂ ਮਿਸ਼ਨ ਦੇ ਸਵਾਮੀ ਨੂੰ ਇਹ ਖ਼ਬਰ ਮਿਲੀ ਤਾਂ ਉਸਨੇ ਗੁਰੂ ਨਾਨਕ ਸਾਹਿਬ ਬਾਰੇ ਫਰਾਂਸੀਸੀ ਭਾਸ਼ਾ ਵਿਚ ਛਪੀ ਕਿਤਾਬ ਆਪਣੀ ਲਾਇਬਰੇਰੀ ਵਿਚੋਂ ਚੁਕਵਾ ਦਿਤੀ। ਨਰੇਸ਼ ਦੀ ਪਤਨੀ ਕੈਥਰੀਨ ਅਤੇ ਉਸਦੀ ਸਹੇਲੀ ਆਨਾਮਾਰੀ ਨੇ ਇਸ ਗੱਲ ਦਾ ਬੁਰਾ ਮਨਾਇਆ ਅਤੇ ਮਿਸ਼ਨ ਦੇ ਸਤਿਸੰਗ ਵਿਚ ਜਾਣਾ ਬੰਦ ਕਰ ਦਿਤਾ। ਆਨਾਮਾਰੀ ਨੇ ਮੈਨੂੰ ਕਈ ਵਾਰ ਕਿਹਾ ਕਿ ਉਸਦੇ ਘਰ ਵਿਚ ਗੁਰਦਵਾਰਾ ਕਾਇਮ ਕੀਤਾ ਜਾਵੇ ਪਰੰਤੂ ਮੈਂ ਆਪਣੀ ਖੋਜ ਵਿਚ ਮਸਰੂਫ ਸਾਂ ਜਿਸ ਕਰਕੇ ਇਹ ਪਲੈਨ ਵਿਚੇ ਹੀ ਰਹਿ ਗਈ। ਕੁਝ ਸਾਲਾਂ ਉਪਰੰਤ ਜਦੋਂ ਪੰਜਾਬ ਤੋਂ ਸਿੰਘ ਇਧਰ ਆਉਣੇ ਸ਼ੁਰੂ ਹੋ ਗਏ ਤਾਂ ਇਕ ਹੋਰ ਫਰਾਂਸੀਸੀ ਔਰਤ ਨੇ, ਜੋ ਭਜਨ ਯੋਗੀ ਦੀ ਚੇਲੀ ਸੀ, ਆਪਣੇ ਜਿਮਨੇਜੀਅਮ ਨੂੰ ਐਤਵਾਰ ਵਾਲੇ ਦਿਨ ਗੁਰਦਵਾਰਾ ਲਗਾਣ ਲਈ ਸਿੰਘਾਂ ਨੂੰ ਤਜਵੀਜ਼ ਪੇਸ਼ ਕੀਤੀ। ਕੁਝ ਮਹੀਨੇ ਇਹ ਸਿਲਸਿਲਾ ਚਲਦਾ ਰਿਹਾ ਅਤੇ ਗੁਰੂ ਦੀ ਐਸੀ ਮਿਹਰ ਹੋਈ ਕਿ ਸਿੰਘਾਂ ਨੇ ਬੋਬੀਨੀ ਇਕ ਮਕਾਨ ਖਰੀਦ ਕੇ ਗੁਰਦਵਾਰਾ ਬਣਾ ਲਿਆ। ਮੌਜੂਦਾ ਗੁਰਦਵਾਰਾ ਹੁਣ ਸੰਗਤਾਂ ਦੀ ਹਿੰਮਤ ਸਦਕਾ ਆਪਣੀ ਨਵੀਂ ਇਮਾਰਤ ਦੀ ਉਡੀਕ ਕਰ ਰਿਹਾ ਹੈ।

ਪੈਰਿਸ ਵਿਚ ਅਮੀਰ ਅਰਬਾਂ ਨੇ ਕਈ ਸੁੰਦਰ ਮਸੀਤਾਂ ਬਣਾ ਰੱਖੀਆਂ ਹਨ। ਬਲਕਿ ਪੈਰਿਸ ਦੇ ਧੁਰ ਅੰਦਰਲੇ ਹਿਸੇ ਵਿਚ ਇਕ ਇਤਿਹਾਸਕ ਮਸਜਿਦ ਹੈ ਜੋ ਕਈ ਸੌ ਸਾਲ ਪਹਿਲਾਂ ਤਾਮੀਰ ਕੀਤੀ ਗਈ। ਫਰਾਂਸ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਅਜੇ ਵੀ ਸਿਖਾਂ ਨੂੰ ਮੁਸਲਮਾਨ ਫਕੀਰ ਹੀ ਸਮਝਦੇ ਹਨ। ਗੁਰਦਵਾਰਾ ਕਾਇਮ ਹੋ ਜਾਣ ਨਾਲ ਸਿਖ ਸੰਗਤ ਜੁੜਦੀ ਹੈ ਅਤੇ ਘਟ ਤੋਂ ਘਟ ਸਿਖ ਬੱਚਿਆਂ ਨੂੰ ਆਪਣੇ ਧਰਮ ਬਾਰੇ ਕੁਝ ਜਾਣਕਾਰੀ ਮਿਲ ਸਕਦੀ ਹੈ। ਸਿਖਾਂ ਦਾ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਵੀ ਪੈਰਿਸ ਦੇ ਗਰੈਂਡ ਹੋਟਲ ਵਿਚ ਦਮ ਤੋੜ ਗਿਆ। ਹੁਣ ਇਸ ਹੋਟਲ ਦਾ ਮਲੀਆਮੇਟ ਹੋ ਚੁੱਕਾ ਹੈ ਪਰੰਤੂ ਭਾਈ ਮਨਜੀਤ ਸਿੰਘ ਨੇ ਵੇਲੇ ਸਿਰ ਇਸ ਦੇ ਫੋਟੋ ਤਿਆਰ ਕਰ ਲਏ ਸਨ।

ਗੋਤਮ ਸਿੰਘ ਅਫਰੀਕਾ ਦੇ ਦੇਸ ਗਾਬੋਂ ਦਾ ਵਸਨੀਕ ਵੀ ਸਿੰਘ ਸਜ ਗਿਆ ਹੈ। ਉਸ ਦਾ ਵਿਚਾਰ ਹੈ ਕਿ ਜੇਕਰ ਸਿੰਘ ਉਸਦੀ ਮੱਦਦ ਕਰਨ ਤਾਂ ਉਹ ਪਹਿਲਾਂ ਆਪਣੇ ਦੇਸ਼ ਵਿਚ ਗੁਰਦਵਾਰਾ ਕਾਇਮ ਕਰੇਗਾ ਅਤੇ ਫਿਰ ਜਹਾਦ ਖੜਾ ਕਰਕੇ ਮੁਸਲਮਾਨਾਂ ਦੀ ਹਕੂਮਤ ਖਤਮ ਕਰਕੇ ਸਿਖ ਰਾਜ ਦੀ ਸਥਾਪਨਾ ਕਰਨਾ ਚਾਹੁੰਦਾ ਹੈ। ਮੈਨੂੰ ਗੋਤਮ ਸਿੰਘ ਇਕ ਨਿਹੰਗ ਜਾਪਿਆ ਜੋ ਆਪਣੇ ਘੋੜੇ ਤੇ ਸਵਾਰ ਹੋ ਕੇ ਹੀ ਧਰਤੀ ਦੇ ਬਾਦਸ਼ਾਹ ਬਣ ਬਹਿੰਦੇ ਹਨ। ਬਲਿਹਾਰ ਜਾਈਏ ਗੁਰੂ ਦੇ ਸਿੰਘਾਂ ਤੋਂ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਤੋਂ।

# ਯੂਰਪ ਦੇ ਪੰਜਾਬੀ ਪੂਰਬੀਏ

---

1970 ਵਿਚ ਜਦੋਂ ਮੈਂ ਪੈਰਿਸ ਯੂਨੀਵਰਸਿਟੀ ਵਿਚ ਪੀ.ਐਚ.ਡੀ. ਦੀ ਡਿਗਰੀ ਲਈ ਖੋਜ ਕਰਨ ਗਿਆ ਤਾਂ ਇੰਡੀਅਨ ਹੋਸਟਲ ਵਿਚ ਰਹਿਣ ਦਾ ਮੌਕਾ ਮਿਲਿਆ। ਇਸ ਹੋਸਟਲ ਵਿਚ ਕਦੇ ਕਦਾਈਂ ਪੰਜਾਬੀ ਮੁੰਡੇ ਵੀ ਆ ਜਾਂਦੇ ਜੋ ਚੋਰੀ ਛੁੱਪੇ ਇੰਗਲੈਂਡ ਜਾਣ ਦੀ ਤਿਆਰੀ ਕਰਕੇ ਆਏ ਹੁੰਦੇ। ਇਨ੍ਹਾਂ ਵਿਚੋਂ ਬਹੁਤੇ ਦੁਆਬੀਏ ਹੀ ਸਨ। ਇਕ ਨੌਜਵਾਨ ਨਾਲ ਮੇਰੀ ਵਾਕਫੀ ਹੋ ਗਈ। ਉਸਦਾ ਭਰਾ ਇੰਗਲੈਂਡ ਰਹਿੰਦਾ ਸੀ। ਉਸਨੇ ਕਿਸੇ ਏਜੰਟ ਰਾਹੀਂ ਫਰਾਂਸ ਦਾ ਵੀਜ਼ਾ ਲਿਆ ਅਤੇ ਪੈਰਿਸ ਪਹੁੰਚ ਗਿਆ। ਫਰਾਂਸੀਸੀ ਭਾਸ਼ਾ ਤੋਂ ਅਣਜਾਣ ਹੋਣ ਕਰਕੇ ਦਰ ਦਰ ਠੋਕਰਾਂ ਖਾ ਰਿਹਾ ਸੀ। ਪੈਰਿਸ ਤੋਂ ਬਾਹਰ ਕਿਸੇ ਦੇ ਫਾਰਮ ਤੇ ਮਜਦੂਰੀ ਵੀ ਕੀਤੀ ਪਰੰਤੂ ਪੁਲਿਸ ਨੇ ਛਾਪਾ ਮਾਰਿਆ ਅਤੇ ਫੜ ਲਿਆਂਦਾ। ਉਸਨੇ ਦੱਸਿਆ ਕਿ ਸਭ ਤੋਂ ਸੌਖੇ ਦਿਨ ਜੇਲ ਵਿਚ ਹੀ ਲੰਘਦੇ ਹਨ। ਰੋਟੀ ਵੀ ਚੰਗੀ ਮਿਲ ਜਾਂਦੀ ਹੈ ਅਤੇ ਕਮਰਾ ਵੀ। ਡਾਕਟਰੀ ਇਲਾਜ ਵੀ ਮੁਫਤ ਹੋ ਜਾਂਦਾ ਹੈ ਅਤੇ ਮਜਦੂਰੀ ਤੋਂ ਵੀ ਰਾਹਤ ਮਿਲ ਜਾਂਦੀ ਹੈ। ਮੈਂ ਉਸਦੀ ਸੋਚਣੀ ਤੋਂ ਹੈਰਾਨ ਸਾਂ। ਜਦੋਂ ਜੇਲ ਤੋਂ ਕੱਢ ਦਿੰਦੇ ਸਨ ਤਾਂ ਉਹ ਨੌਜਵਾਨ ਕਿਸੇ ਸਟੋਰ ਤੋਂ ਚੋਰੀ ਕਰ ਲੈਂਦਾ ਤਾਂ ਕਿ ਮੁੜ ਪੁਲਿਸ ਫੜ ਲਵੇ ਅਤੇ ਜੇਲ ਵਿਚ ਭੇਜ ਦੇਵੇ। ਇਕ ਦਿਨ ਗਲੀ ਵਿਚ ਟਾਕਰਾ ਹੋ ਗਿਆ, ਉਹ ਬਹੁਤ ਖੁਸ਼ ਨਜ਼ਰ ਆ ਰਿਹਾ ਸੀ। ਕਹਿੰਦਾ ਮੇਰੇ ਭਰਾ ਨੇ ਇੰਤਜਾਮ ਕਰ ਦਿਤਾ ਹੈ ਅਤੇ ਮੈਂ ਫਰਾਂਸ ਦੀ ਸਰਹੱਦ ਤੋਂ ਰਾਤ ਨੂੰ ਪ੍ਰਾਈਵੇਟ ਜਹਾਜ ਰਾਹੀਂ ਸਮੁੰਦਰ ਪਾਰ ਕਰਕੇ ਇੰਗਲੈਂਡ ਪਹੁੰਚ ਜਾਣਾ ਹੈ। ਦੂਸਰੇ ਕੰਢੇ ਇਕ ਅੰਗਰੇਜ਼ ਨੇ ਮੈਨੂੰ ਆਪਣੇ ਟਰੱਕ ਵਿਚ ਚੋਰੀ ਲੈ ਜਾਣਾ ਹੈ। ਉਸ ਜਮਾਨੇ ਵਿਚ ਇਹ ਅੰਗਰੇਜ਼ ਅਤੇ ਫਰਾਂਸੀਸੀ ਏਜੰਟ ਇਕ ਹਜ਼ਾਰ ਪਾਊਂਡ ਕਮਿਸ਼ਨ ਲੈਂਦੇ ਸਨ। ਕਈ ਵਾਰ ਰਾਤ ਨੂੰ ਹਵਾਈ ਜਹਾਜ ਤੋਂ ਧਰਤੀ ਤੇ ਉਤਰਨ ਸਮੇਂ ਇਹ ਨੌਜਵਾਨ ਫੜੇ ਜਾਂਦੇ ਜਾਂ ਜਖ਼ਮੀ ਹੋ ਜਾਂਦੇ। ਮੈਂ ਇਹਨਾਂ ਦੇ ਜੇਰੇ ਅਤੇ ਹੱਠ ਤੋਂ ਹੈਰਾਨ ਰਹਿ ਜਾਂਦਾ। ਉਹਨਾਂ ਦਿਨਾਂ ਵਿਚ ਬਹੁਤੇ ਪੰਜਾਬੀ ਇੰਗਲੈਂਡ ਅਤੇ ਕਨੇਡਾ ਹੀ ਜਾਇਆ ਕਰਦੇ ਸਨ।

ਯੂਰਪ ਵਿਚ ਫਰਾਂਸ ਅਤੇ ਜਰਮਨੀ ਦੋ ਤਰੱਕੀਯਾਫਤਾ ਮੁਲਕ ਹਨ। ਫਰਾਂਸ ਵਿਚ ਵਧੇਰੇ ਕਾਮੇ ਅਲਜੀਰੀਆ, ਟਿਊਨਿਸੀਆ ਅਤੇ ਅਫਰੀਕਾ ਦੇ ਹੋਰ ਦੇਸਾਂ ਤੋਂ ਆਇਆ ਕਰਦੇ ਸਨ ਅਤੇ ਜਰਮਨੀ ਵਿਚ ਤੁਰਕੀ, ਯੂਗੋਸਲਾਵੀਆ ਅਤੇ ਇਟਲੀ ਦੇ ਲੋਕ ਕਾਰਖਾਨਿਆਂ ਵਿਚ ਕੰਮ ਕਰਦੇ ਸਨ। ਕੋਈ ਵਿਰਲਾ ਟਾਵਾਂ ਭਾਰਤੀ ਜਾਂ ਪਾਕਿਸਤਾਨੀ ਲੱਭਿਆ ਕਰਦਾ ਸੀ। ਜਦੋਂ ਇੰਗਲੈਂਡ ਦੀ ਅਰਥ ਵਿਵਸਥਾ ਨਿਘਰਨ ਲੱਗੀ ਤਾਂ ਏਸ਼ੀਅਨ ਕਾਮੇ ਕਨੇਡਾ, ਆਸਟਰੇਲੀਆ ਅਤੇ ਅਮਰੀਕਾ ਵੱਲ ਜਾਣੇ ਸ਼ੁਰੂ ਹੋ ਗਏ। ਇਥੋਂ ਤੱਕ ਕਿ ਅੰਗਰੇਜ਼ ਕਾਮੇ ਖੁਦ ਵੀ ਆਪਣਾ ਦੇਸ ਛੱਡਣ ਤੇ ਮਜਬੂਰ ਹੋ ਗਏ। ਫਰਕ ਏਨਾ ਹੀ ਹੈ ਕਿ ਅੰਗਰੇਜ਼ਾਂ ਲਈ ਇਮੀਗਰੇਸ਼ਨ ਸਹਿਜੇ ਹੀ ਮਿਲ ਜਾਂਦੀ ਹੈ। ਇੰਗਲੈਂਡ ਵਾਲੇ ਕਨੇਡਾ ਅਤੇ ਆਸਟਰੇਲੀਆ ਦੇ ਅੰਗਰੇਜ਼ਾਂ ਨੂੰ ਆਪਣਾ 'ਕਜ਼ਨ' ਹੀ ਸਮਝਦੇ ਹਨ। ਪੂਰਬੀ ਯੂਰਪ ਵਿਚ ਰੂਸ ਦੀ ਅਰਥ ਵਿਵਸਥਾ ਬਾਕੀ ਦੇਸਾਂ ਤੋਂ ਬਿਹਤਰ ਸੀ ਜਿਸ ਕਰਕੇ ਪੂਰਬੀ ਦੇਸ਼ਾਂ ਦੇ ਕਾਮੇ ਰੂਸ ਅਤੇ ਪੂਰਬੀ ਜਰਮਨੀ ਵਿਚ ਕੰਮ ਢੂੰਢਣ ਚਲੇ ਜਾਂਦੇ। ਹੁਣ ਯੂਰਪ ਦੇ ਹਾਲਾਤ ਬਦਲ ਗਏ ਹਨ ਅਤੇ ਰੂਸੀ ਖੁਦ ਮਜ਼ਦੂਰੀ ਕਰਨ ਯੂਰਪ ਦੇ ਬਾਕੀ ਦੇਸ਼ਾਂ ਵਿਚ ਜਾ ਰਹੇ ਹਨ। ਇਥੋਂ ਤੱਕ ਕਿ ਰੂਸ ਦੇ ਉਘੇ ਵਿਗਿਆਨੀ ਹੁਣ ਅਮਰੀਕਾ, ਫਰਾਂਸ ਅਤੇ ਜਰਮਨੀ ਵਿਚ ਬਹੁਤ ਘੱਟ ਤਨਖਾਹ ਉਪਰ ਕੰਮ ਕਰਨ ਤੇ ਮਜਬੂਰ ਹਨ ਅਤੇ ਨੌਕਰੀ ਲਈ ਲੇਲ੍ਹਕੜੀਆਂ ਕੱਢ ਰਹੇ ਹਨ।

ਅਰਥ ਵਿਵਸਥਾ ਦੇ ਇਸ ਹੇਰ ਫੇਰ ਕਾਰਨ ਪੰਜਾਬ ਦੇ ਨੌਜਵਾਨਾਂ ਨੇ ਇੰਗਲੈਂਡ ਦੀ ਬਜਾਏ ਹੁਣ ਪੱਛਮੀ ਯੂਰਪ ਦੇ ਬਾਕੀ ਦੇਸ਼ਾਂ ਵੱਲ ਮੁਹਾਰ ਮੋੜੀ ਹੈ। ਪਿਛਲੇ ਦਹਾਕੇ ਵਿਚ ਪੰਜਾਬ ਦੀ ਸਮੱਸਿਆ ਕਾਰਨ ਨੌਜਵਾਨਾਂ ਨੇ ਇਥੋਂ ਪਰਵਾਸ ਕਰਨਾ ਹੀ ਬਿਹਤਰ ਸਮਝਿਆ ਕਿਉਂਕਿ ਪੁਲੀਸ ਦੀਆਂ ਵਧੀਕੀਆਂ ਤੋਂ ਬਚਣ ਦਾ ਹੋਰ ਕੋਈ ਸਾਧਨ ਨਹੀਂ ਸੀ ਲੱਭ ਰਿਹਾ। ਹੁਣ ਫਰਾਂਸ, ਜਰਮਨੀ, ਇਟਲੀ, ਬੈਲਜੀਅਮ, ਡੈਨਮਾਰਕ, ਨਾਰਵੇ ਅਤੇ ਸਵੀਡਨ ਵਿਚ ਪੰਜਾਬੀ ਕਾਮੇ ਹਰ ਸ਼ਹਿਰ ਵਿਚ ਲੱਭ ਪੈਂਦੇ ਹਨ। 1993 ਵਿਚ ਮੈਂ ਸਪੇਨ ਗਿਆ ਤਾਂ ਬਾਰਸੀਲੋਨਾ ਸ਼ਹਿਰ ਵਿਚ ਪੰਜਾਬੀ ਕਾਮਿਆਂ ਦੀ ਭਰਮਾਰ ਵੇਖੀ। ਇਹ ਸਿੰਧੀਆਂ ਦੀਆਂ ਦੁਕਾਨਾਂ ਤੇ ਕੰਮ ਕਰਦੇ ਹਨ ਅਤੇ ਐਤਵਾਰ ਗੁਰਦਵਾਰਾ ਵੀ ਲਗਾਂਦੇ ਹਨ। ਕਈਆਂ ਨੇ ਆਪਣਾ ਨਿਵਾਸ ਗੁਰਦਵਾਰੇ ਦੀ ਇਮਾਰਤ ਵਿਚ ਹੀ ਕੀਤਾ ਹੋਇਆ ਸੀ। ਇਨ੍ਹਾਂ ਵਿਚ ਕਈ ਤਾਂ ਬਿਲਕੁਲ ਹੀ ਅਨਪੜ੍ਹ ਸਨ ਜੋ ਸਮੁੰਦਰੀ ਜਹਾਜਾਂ ਤੇ ਕੰਮ ਕਰਦੇ ਸਨ। ਜਰਮਨੀ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਪੰਜਾਬੀ ਕਾਮੇ ਭਾਂਤ ਭਾਂਤ ਦੇ ਕੰਮ ਧੰਦੇ ਕਰਦੇ ਹਨ। ਫਰੈਂਕਫਰਟ ਵਿਚ ਸੜਕਾਂ ਦੀ ਸਫਾਈ ਤੋਂ ਲੈ ਕੇ ਹੋਟਲਾਂ, ਰੈਸਤੋਰਾਂ ਅਤੇ ਕਾਰਖਾਨਿਆਂ ਵਿਚ ਮਜਦੂਰੀ ਦਾ ਕੰਮ ਮਿਲ ਜਾਂਦਾ ਹੈ। ਰੇਲਵੇ ਸਟੇਸ਼ਨ ਦੇ ਸਾਹਮਣੇ ਬਜ਼ਾਰ ਵਿਚ ਕਈ ਪੰਜਾਬੀ ਢਾਬੇ ਅਤੇ ਹੋਟਲ ਖੁੱਲ ਗਏ ਹਨ। ਇਸ ਵਾਰ ਜਦੋਂ ਮੈਂ ਬੈਲਜੀਅਮ ਤੋਂ ਪਰਤਿਆ ਤਾਂ ਗੈਨੀਟਰਾਨ ਕੰਪਨੀ ਦੀ ਸੈਕਟਰੀ ਮੈਨੂੰ ਫਰੈਂਕਫਰਟ ਰੇਲਵੇ ਸਟੇਸ਼ਨ ਤੇ ਲੈਣ ਆਈ ਹੋਈ ਸੀ। ਦੁਪਹਿਰ ਦਾ ਲੰਚ ਕਰਨ ਅਸੀਂ ਬਜ਼ਾਰ ਵੱਲ ਨਿਕਲ ਪਏ। ਰੇਲਵੇ ਸਟੇਸ਼ਨ

ਦੇ ਬਾਹਰ ਦੋ ਸਿਖ ਮੁੰਡੇ ਟੱਕਰ ਪਏ। ਅਸੀਂ ਹੋਟਲ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ 'ਬੰਬੇ ਪਲੇਸ' ਦਾ ਪਤਾ ਦੇ ਦਿਤਾ। ਇੱਥੇ ਪੰਜਾਬੀ ਖਾਣਾ ਅਤੇ ਹਰ ਕਿਸਮ ਦੀ ਲੱਸੀ ਮਿਲਦੀ ਹੈ। ਮੁੜਨ ਸਮੇਂ ਅਸੀਂ ਫਰੈਂਕਫਰਟ ਦੇ ਗੁਰਦਵਾਰੇ ਦਾ ਪਤਾ ਕੀਤਾ।

ਜਰਮਨੀ ਵਿਚ ਮੇਰੇ ਕਈ ਚੱਕਰ ਲਗ ਚੁੱਕੇ ਹਨ ਅਤੇ ਹਰ ਵਾਰ ਫਰੈਂਕਫਰਟ ਹੋ ਕੇ ਹੀ ਜਾਂਦਾ ਹਾਂ। ਇਸ ਵਾਰ ਘੁੰਮਣ ਦਾ ਕੋਈ ਪ੍ਰੋਗਰਾਮ ਨਹੀਂ ਸੀ ਫਿਰ ਵੀ ਵਿਹਲਾ ਹੋਣ ਕਰਕੇ ਮੈਂ ਮਿਸਟਰ ਗੈਨਰੀਚ ਨੂੰ ਗੁਰਦਵਾਰੇ ਲੈ ਜਾਣ ਲਈ ਰਾਜ਼ੀ ਕਰ ਲਿਆ। ਉਹ ਆਪਣੇ ਦਫਤਰ ਤੋਂ ਵਿਹਲਾ ਹੋ ਕੇ ਛੇ ਵਜੇ ਦੇ ਕਰੀਬ ਮੇਰੇ ਹੋਟਲ ਤੇ ਲੈਣ ਆ ਗਿਆ। ਜਦੋਂ ਅਸੀਂ ਫਰੈਂਕਫਰਟ ਦੇ ਇੰਡਸਟਰੀਅਲ ਏਰੀਆ ਵਿਚ ਗੁਰਦਵਾਰਾ ਲੱਭਿਆ ਤਾਂ ਰਹਿਰਾਸ ਦੇ ਪਾਠ ਤੋਂ ਉਪਰੰਤ ਅਰਦਾਸ ਹੋ ਰਹੀ ਸੀ। ਅਸੀਂ ਗੁਰਦਵਾਰੇ ਦਾ ਚੱਕਰ ਲਗਾ ਕੇ ਜੋੜੇ ਲਾਹੁਣ ਲਈ ਗਏ ਤਾਂ ਕਮਰੇ ਵਿਚ ਕਈ ਪੋਟਲੀਆਂ ਅਤੇ ਬੈਗ ਲਟਕਦੇ ਨਜ਼ਰ ਆਏ। ਇਕ ਨੌਜਵਾਨ ਨੇ ਦੱਸਿਆ ਕਿ ਇਥੇ ਸੌ ਦੇ ਕਰੀਬ ਪੰਜਾਬੀ ਕਾਮਿਆਂ ਦਾ ਰੈਣ ਬਸੇਰਾ ਵੀ ਹੈ। ਜਰਮਨੀ ਦੇ ਕੁਝ ਸਿੰਘਾਂ ਨੇ ਰਲ ਕੇ ਇਕ ਫੈਕਟਰੀ ਦਾ ਸ਼ੈੱਡ ਖਰੀਦ ਲਿਆ ਹੈ ਅਤੇ ਕਈ ਲੱਖ ਜਰਮਨ ਮਾਰਕ ਤਾਰ ਕੇ ਇਥੇ ਗੁਰਦਵਾਰਾ ਕਾਇਮ ਕੀਤਾ ਹੈ। ਪਹਿਲੀ ਮੰਜ਼ਿਲ ਤੇ ਪਹੁੰਚੇ ਤਾਂ ਭੋਗ ਪੈ ਚੁੱਕਾ ਸੀ। ਸੰਗਤ ਵਿਚ ਦੋ ਹੀ ਕੇਸਾਧਾਰੀ ਸਿੱਖ ਸਨ ਅਤੇ ਬਾਕੀ ਸਾਰੇ ਘੋਨਮੋਨ ਪਟਕਿਆਂ ਵਾਲੇ ਪਤਿਤ ਸਿਖ ਜਾਪਦੇ ਸਨ। ਪਹਿਲਾਂ ਤਾਂ ਉਹ ਮੈਨੂੰ ਜਰਮਨ ਸਾਥੀ ਨਾਲ ਵੇਖ ਕੇ ਠਠੰਬਰ ਗਏ ਕਿਉਂਕਿ ਇਥੇ ਕਈ ਵਾਰੀ ਛਾਪਾ ਮਾਰ ਕੇ ਗੈਰ ਕਾਨੂੰਨੀ ਤੌਰ ਤੇ ਆਏ ਮੁੰਡਿਆਂ ਨੂੰ ਫੜਿਆ ਗਿਆ ਹੈ। ਅਸੀਂ ਮੱਥਾ ਟੇਕ ਕੇ ਬੈਠ ਗਏ ਅਤੇ ਪਗੜੀ ਵਾਲਾ ਇਕ ਨੌਜਵਾਨ ਮੇਰੇ ਕੋਲ ਆ ਗਿਆ। ਉਹ ਕਹਿੰਦਾ ਗ੍ਰੰਥੀ ਸਿੰਘ ਕਿਤੇ ਗਿਆ ਹੈ ਅਤੇ ਉਹ ਗੁਰਦਵਾਰੇ ਦੀ ਸੇਵਾ ਨਿਭਾ ਰਿਹਾ ਹੈ। ਸਾਨੂੰ ਲੰਗਰ ਛਕਣ ਲਈ ਕਿਹਾ ਗਿਆ। ਅਸੀਂ ਦੋਹਾਂ ਨੇ ਸ਼ੁਕਰੀਆ ਕੀਤਾ ਅਤੇ ਵਿਦਾਇਗੀ ਲੈਣੀ ਚਾਹੀ। ਪੰਗਤ ਵਿਚ ਸਾਰੇ ਹੀ ਘੋਨਮੋਨ ਪੰਜਾਬੀ ਮੁੰਡੇ ਲੰਗਰ ਛਕ ਰਹੇ ਸਨ। ਪੁੱਛਣ ਤੇ ਪਤਾ ਲੱਗਾ ਕਿ ਇਹ ਗੁਰਦਵਾਰੇ ਰੈਣ ਬਸੇਰਾ ਕਰਦੇ ਹਨ, ਦਿਨੇ ਕਿਤੇ ਮਜਦੂਰੀ ਮਿਲ ਜਾਵੇ ਤਾਂ ਕੰਮ ਤੇ ਚਲੇ ਜਾਂਦੇ ਹਨ। ਇਕੋ ਕਮਰੇ ਵਿਚ ਸੌਂਦੇ ਹਨ ਅਤੇ ਘੱਟ ਤੋਂ ਘੱਟ ਸਮਾਨ ਰੱਖਦੇ ਹਨ। ਐਤਵਾਰ ਵਾਲੇ ਦਿਨ ਤਾਂ ਸੰਗਤ ਦੀ ਗਿਣਤੀ ਤਿੰਨ ਸੌ ਤੀਕ ਹੋ ਜਾਂਦੀ ਹੈ।

ਇਨ੍ਹਾਂ ਪੰਜਾਬੀ ਮੁੰਡਿਆਂ ਦੀ ਤਰਸਯੋਗ ਹਾਲਤ ਵੇਖ ਕੇ ਮੈਨੂੰ ਪੰਜਾਬ ਦੇ ਪੂਰਬੀਆਂ ਦੀ ਯਾਦ ਆ ਗਈ । ਇਹ ਪੰਜਾਬੀ ਨੌਜਵਾਨ ਯੂਰਪ ਦੇ ਪੂਰਬੀਏ ਹੀ ਹਨ। ਇਨ੍ਹਾਂ ਦੀ ਹਾਲਤ ਵਧੇਰੇ ਤਰਸਯੋਗ ਹੈ ਕਿਉਂਕਿ ਇਹ ਡਰ ਅਤੇ ਸਹਿਮ ਦੇ ਪਰਛਾਵੇਂ ਹੇਠ ਜੀਵਨ ਬਤੀਤ ਕਰ ਰਹੇ ਹਨ। ਇਕ ਜਰਮਨ ਬੀਬੀ ਸਿਖੀ ਪਹਿਰਾਵੇ ਵਿਚ ਮਿਲੀ। ਉਹ ਹਰ ਰੋਜ਼ ਗੁਰਦਵਾਰੇ ਹਾਜ਼ਰੀ ਭਰਦੀ ਹੈ। ਉਸਨੇ ਇਕ ਸਿਖ ਨੌਜਵਾਨ ਨਾਲ ਸ਼ਾਦੀ ਕਰ ਲਈ ਜੋ ਪੁਲਿਸ ਨੇ ਵੀਜ਼ਾ ਦੀ ਮਿਆਦ ਖਤਮ ਹੋਣ ਕਰਕੇ ਕੈਦ ਕਰ ਰਖਿਆ ਹੈ। ਇਹ ਬੀਬੀ ਪੰਜਾਬੀ ਬੋਲ ਅਤੇ ਸਮਝ ਲੈਂਦੀ ਹੈ ਪਰੰਤੂ ਉਸ ਦੇ ਚਿਹਰੇ ਤੋਂ ਉਦਾਸੀ ਦੇ ਹਾਵ ਭਾਵ ਪ੍ਰਤੱਖ ਲੱਭ ਰਹੇ ਸਨ। ਕਈ ਨੌਜਵਾਨ ਇਮੀਗਰੇਸ਼ਨ ਲੈਣ ਲਈ ਯੂਰਪੀਨ ਮੁਟਿਆਰਾਂ ਨੂੰ ਵੱਡੀ ਰਕਮ ਦੇ ਕੇ ਜਾਂ ਹੋਰ ਕਿਸੇ ਛੜਯੰਤਰ ਨਾਲ ਸ਼ਾਦੀ ਲਈ ਰਜ਼ਾਮੰਦ ਕਰ ਲੈਂਦੇ ਹਨ। ਕੋਈ ਵਿਰਲਾ ਹੀ ਤੋੜ ਨਿਭਾਂਦਾ ਹੈ। ਵਧੇਰੇ ਤਾਂ ਆਪਣਾ ਉੱਲੂ ਸਿਧਾ ਕਰਨਾ ਲੋਚਦੇ ਹਨ।

ਗੋਟਿੰਗਨ ਤੋਂ ਪਰਤਣ  ਸਮੇਂ ਮੇਰਾ ਮਿੱਤਰ ਜੌਨ ਹਨੀਕੇ ਮੈਨੂੰ ਜੇਨਾ ਸ਼ਹਿਰ ਤੋਂ ਅਗੋਂ ਲੈਣ ਆ ਗਿਆ। ਅਸੀਂ ਸ਼ਹਿਰ ਵਿਚ ਘੁੰਮ ਰਹੇ ਸਾਂ ਕਿ ਇਕ ਪੰਜਾਬੀ ਮੁੰਡੇ ਨੇ ਸਤਿ ਸਿਰੀ ਅਕਾਲ ਕਹਿ ਕੇ ਆਵਾਜ ਮਾਰੀ। ਉਹ ਆਪ ਤਾਂ ਲਹੌਰੀਆ ਸੀ ਪਰੰਤੂ ਉਸ ਦਾ ਮਾਲਕ ਕਪੂਰਥਲੇ ਜਿਲ੍ਹੇ ਦਾ ਵਸਨੀਕ ਸੀ। ਉਹ ਕੱਪੜਿਆਂ ਦੀ ਰੇੜੀ ਲਾਈ ਬੈਠੇ ਸਨ। ਦਰਅਸਲ, ਜਰਮਨੀ ਅਤੇ ਹੋਰ ਯੂਰਪੀਨ ਦੇਸ਼ਾਂ ਵਿਚ ਐਤਵਾਰ ਅਤੇ ਛੁੱਟੀ ਦੇ ਦਿਨ ਦਿਹਾੜੇ ਰੇੜੀ ਮਾਰਕੀਟ ਵੀ ਲੱਗਦੀ ਹੈ  ਜਿਥੇ ਸ਼ਹਿਰ ਦੇ ਲੋਕ ਅਤੇ ਸੈਲਾਨੀ ਖਰੀਦੋ ਫਰੋਖਤ ਕਰਦੇ ਹਨ। ਇਥੇ ਮੇਲੇ ਵਰਗਾ ਮਾਹੌਲ ਹੁੰਦਾ ਹੈ। ਪੰਜਾਬੀ ਨੌਜਵਾਨ ਮੇਮਾਂ ਨੂੰ ਖੂਬ ਲੁੱਟਦੇ ਹਨ। ਕਈ ਤਾਂ ਦੱਸਦੇ ਹਨ ਕਿ ਸਾਲ ਭਰ ਦੀ ਕਮਾਈ ਮਹੀਨੇ ਦੋ ਮਹੀਨੇ ਵਿਚ ਹੀ ਹੋ ਜਾਂਦੀ ਹੈ। ਪੰਜਾਬੀ ਮੁੰਡੇ ਕਮਾਈ ਕਰਕੇ ਸ਼ਾਦੀ ਕਰਨ ਪੰਜਾਬ ਪਰਤਦੇ ਹਨ। ਇਥੇ ਮੁਰਗੀ ਫਸਾਉਣ ਲਈ ਉਹ ਬੜੇ ਗਪੌੜ ਮਾਰਦੇ ਹਨ। ਰੇੜੀ ਲਾਉਣ ਵਾਲਾ ਆਪਣੇ ਆਪ ਨੂੰ ਕੱਪੜੇ ਦਾ ਵਪਾਰੀ ਦੱਸਦਾ ਹੈ, ਟੈਕਨੀਸ਼ਨ ਜਾਂ ਕਾਰਖਾਨੇ ਦਾ ਮਜ਼ਦੂਰ ਇੰਜੀਨੀਅਰ ਬਣ ਬਹਿੰਦਾ ਹੈ ਅਤੇ ਹੋਟਲ ਦਾ ਬਹਿਰਾ ਆਪਣੇ ਆਪ ਨੂੰ ਹੋਟਲ ਦਾ ਮਾਲਕ ਹੀ ਦੱਸਦਾ ਹੈ। ਪੰਜਾਬ ਦੇ ਭੋਲੇ ਲੋਕ ਇਨ੍ਹਾਂ ਦੇ ਢਹੇ ਚੜ੍ਹ ਜਾਂਦੇ ਹਨ ਅਤੇ ਇਥੋਂ ਦੀਆਂ ਪੜ੍ਹੀਆਂ ਲਿਖੀਆਂ ਮੁਟਿਆਰਾਂ ਯੂਰਪ ਦੇ ਹੁਸੀਨ ਸੁਪਨਿਆਂ ਵਿਚ ਗਵਾਚ ਕੇ ਕੁਰਬਾਨੀ ਦਾ ਬੱਕਰਾ ਬਣ ਜਾਂਦੀਆਂ ਹਨ। ਹਾਂ, ਇਹ ਜ਼ਰੂਰ ਹੈ ਕਿ ਟੈਕਸੀ ਡਰਾਈਵਰ ਬੜੀ ਜਲਦੀ ਅਮੀਰ ਹੋ ਜਾਂਦੇ ਹਨ ਅਤੇ ਜੇਕਰ ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਬਚੇ ਰਹਿਣ ਤਾਂ ਚੋਖਾ ਪੈਸਾ ਕਮਾ ਸਕਦੇ ਹਨ। ਪੰਜਾਬ ਦੇ ਬਹੁਤੇ ਇੰਜੀਨੀਅਰ ਮੁੰਡੇ ਵਿਦੇਸ਼ਾਂ ਵਿਚ ਟੈਕਸੀਆਂ ਹੀ ਚਲਾਂਦੇ ਹਨ ਜਾਂ ਸਟੋਰਾਂ ਤੇ ਕੰਮ ਕਰਦੇ ਹਨ।

ਇਟਲੀ ਤੋਂ ਮੇਰੇ ਮਿੱਤਰ 'ਜੀਓਵਾਨੀ ਮਾਰਤੀਨੇਲੀ' ਨੇ ਪਿਛਲੇ ਸਾਲ ਦੱਸਿਆ ਸੀ ਕਿ ਉਸ ਦੇ ਸ਼ਹਿਰ ਕੋਲ ਪੰਜਾਬੀਆਂ ਦਾ ਇਕ ਪਿੰਡ ਵੱਸ ਗਿਆ ਹੈ। ਇਹ ਲੋਕ ਖੇਤੀ ਕਰਦੇ ਅਤੇ ਗਊਆਂ ਪਾਲਦੇ ਹਨ। ਇਟਲੀ ਦੇ ਕਿਸਾਨ ਹੈਰਾਨ ਹੋ ਗਏ ਹਨ ਕਿ ਪੰਜਾਬੀ ਮੁੰਡੇ ਗਊਆਂ ਨੂੰ ਆਪਣੀ ਸੀਟੀ ਮਾਰ ਕੇ ਹੀ ਬੁਲਾ ਲੈਂਦੇ ਹਨ। ਰੋਮ ਦੇ ਸਟੇਸ਼ਨ ਉਪਰ ਵੀ ਪੰਜਾਬੀ  ਨੌਜਵਾਨ ਘੁੰਮਦੇ ਲੱਭ

ਪੈਂਦੇ ਹਨ। ਕੋਈ ਇਹ ਨਹੀਂ ਦੱਸਦਾ ਕਿ ਉਹ ਕੀ ਕੰਮ ਕਰਦਾ ਹੈ। ਵੈਸੇ ਗੱਪ ਸ਼ੱਪ ਮਾਰਨ ਲਈ ਅਤੇ ਗਾਈਡ ਦਾ ਕੰਮ ਸਾਰਨ ਲਈ ਇਹ ਤਿਆਰ ਰਹਿੰਦੇ ਹਨ। ਇਥੇ ਕਈ ਏਜੰਟ ਵੀ ਮਿਲ ਪੈਂਦੇ ਹਨ ਜੋ ਇਨ੍ਹਾਂ ਨੂੰ ਨੌਕਰੀ ਦਾ ਝਾਂਸਾ ਦੇ ਕੇ ਇਟਲੀ ਲੈ ਆਉਂਦੇ ਹਨ । 25 ਦਸੰਬਰ 1996 ਨੂੰ ਇਟਲੀ ਦੇ ਸਮੁੰਦਰੀ ਕੰਢੇ ਕੋਲ ਇਕ ਹਾਦਸੇ ਵਿਚ ਦੋ ਸੌ ਦੇ ਕਰੀਬ ਪੰਜਾਬੀ ਨੌਜਵਾਨ ਸਮੁੰਦਰ ਵਿਚ ਡੁੱਬ ਮੋਏ। ਕੁਝ ਯੂਨਾਨ ਦੀ ਪੁਲਿਸ ਨੇ ਕੈਦ ਕਰ ਲਏ। ਦੁਆਬੇ ਦੇ ਕਈ ਪਿੰਡਾਂ ਵਿਚ ਮਾਤਮ ਛਾਇਆ ਹੋਇਆ ਹੈ। ਪੁਲੀਸ ਏਜੰਟਾਂ ਦੀ ਤਲਾਸ਼ ਕਰ ਰਹੀ ਹੈ। ਸੋਚਣ ਵਾਲੀ ਗੱਲ ਹੈ ਕਿ ਪੰਜਾਬ ਦੇ ਨੌਜਵਾਨ ਯੂਰਪ ਵਿਚ ਕਿਉਂ ਪੂਰਬੀਏ ਬਣ ਕੇ ਜਾਣਾ ਪਸੰਦ ਕਰਦੇ ਹਨ। ਕੀ ਪੰਜਾਬ ਸਰਕਾਰ ਇਸ ਸਮੱਸਿਆ ਦਾ ਹੱਲ ਲੱਭਣ ਲਈ ਪਹਿਲਕਦਮੀ ਕਰੇਗੀ।

## ਬਰਲਿਨ ਦੀ ਯਾਤਰਾ

ਲਗਭਗ ਦਸ ਸਾਲ ਪਹਿਲਾਂ ਜਦੋਂ ਮੈਂ ਪੱਛਮੀ ਬਰਲਿਨ ਦੀ ਯਾਤਰਾ ਕੀਤੀ ਸੀ ਤਾਂ ਸ਼ਹਿਰ ਦੇ ਦੋਹਾਂ ਹਿੱਸਿਆਂ ਵਿਚਕਾਰ ਉਹ ਭਿਆਨਕ ਦੀਵਾਰ ਖੜੀ ਸੀ ਜਿਸਨੇ ਜਰਮਨ ਲੋਕਾਂ ਨੂੰ ਇਕ ਭਾਸ਼ਾ ਅਤੇ ਸਾਂਝਾ ਸਭਿਆਚਾਰ ਹੁੰਦਿਆਂ ਹੋਇਆਂ ਵੀ ਰਾਜਸੀ ਤੌਰ ਤੇ ਵੰਡ ਰੱਖਿਆ ਸੀ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਜਰਮਨੀ ਦੇ ਦੋ ਹਿੱਸੇ ਕਰ ਦਿਤੇ ਗਏ ਅਤੇ ਬਰਲਿਨ ਸ਼ਹਿਰ ਦੇ ਪਹਿਲਾਂ ਚਾਰ ਹਿੱਸੇ ਅਤੇ ਫਿਰ ਦੋ, ਪੂਰਬੀ ਬਰਲਿਨ ਅਤੇ ਪੱਛਮੀ ਬਰਲਿਨ। ਇਸ ਸ਼ਹਿਰ ਉਪਰ ਅਮਰੀਕਾ, ਬਰਤਾਨੀਆਂ, ਫਰਾਂਸ ਅਤੇ ਰੂਸ ਦੀਆਂ ਫੌਜਾਂ ਨੇ ਕਬਜਾ ਜਮਾ ਲਿਆ ਸੀ ਅਤੇ ਕਈ ਸਾਲ ਇਹ ਚਾਰ ਟੁਕੜਿਆਂ ਵਿਚ ਵੰਡਿਆ ਰਿਹਾ। ਕਿਉਂਕਿ ਰੂਸੀ ਫੌਜ ਨੇ ਪਹਿਲਾਂ ਦਾਖਲ ਹੋ ਕੇ ਹਿਟਲਰ ਦਾ ਲੁਕਣ ਠਿਕਾਣਾ ਆਪਣੇ ਕਬਜ਼ੇ ਵਿਚ ਲੈ ਲਿਆ ਜਿਸ ਕਰਕੇ ਬਰਲਿਨ ਰਾਜਧਾਨੀ ਦੀਆਂ ਸੁੰਦਰ ਇਮਾਰਤਾਂ ਉਨ੍ਹਾਂ ਦੇ ਹੱਥ ਲੱਗੀਆਂ। ਆਪਣੇ ਕਬਜ਼ੇ ਨੂੰ ਮਜ਼ਬੂਤ ਰੱਖਣ ਲਈ ਰੂਸੀਆਂ ਨੇ ਪੂਰਬੀ ਬਰਲਿਨ ਦੀ ਹੱਦਬੰਦੀ ਕਰ ਦਿਤੀ ਅਤੇ ਬਰਲਿਨ ਕੰਧ ਖੜੀ ਕਰਕੇ ਜਰਮਨ ਲੋਕਾਂ ਦੇ ਦਿਲਾਂ ਵਿਚ ਵੰਡੀ ਪਾਉਣ ਦੀ ਕੋਝੀ ਹਰਕਤ ਜਾਰੀ ਰੱਖੀ। ਜਦੋਂ ਰੂਸ ਵਿਚੋਂ ਕਮਿਊਨਿਸਟਾਂ ਦਾ ਆਪਣਾ ਸਫਾਇਆ ਹੋਣ ਲੱਗਾ ਤਾਂ ਉਹ ਜਰਮਨੀ ਦੀ ਵੰਡ ਨੂੰ ਭੰਗ ਕਰਨ ਲਈ ਰਜ਼ਾਮੰਦ ਹੋ ਗਏ। ਅਕਤੂਬਰ 1990 ਵਿਚ ਪੂਰਬੀ ਅਤੇ ਪੱਛਮੀ ਜਰਮਨੀ ਮੁੜ ਸੰਯੁਕਤ ਜਰਮਨੀ ਦਾ ਦੇਸ਼ ਬਣ ਗਿਆ ਅਤੇ ਬਰਲਿਨ ਦਾ ਵੰਡਿਆ ਸ਼ਹਿਰ ਇਕ ਹੋ ਗਿਆ। ਇਸ ਦੀਵਾਰ ਨੇ ਜਰਮਨ ਲੋਕਾਂ ਵਿਚ ਐਸੀ ਨਫਰਤ ਪੈਦਾ ਕਰ ਦਿਤੀ ਸੀ ਕਿ ਏਕੀਕਰਣ ਦੀ ਘੜੀ, ਅੱਧੀ ਰਾਤ ਵੇਲੇ ਹੀ ਲੋਕ ਹਥੌੜੇ ਲੈ ਕੇ ਆ ਗਏ ਅਤੇ ਬਰਲਿਨ ਦੀ ਕੰਧ ਨੂੰ ਤਹਿਸ ਨਹਿਸ ਕਰ ਦਿਤਾ। ਇਸ ਦੇ ਪੱਥਰਾਂ ਦੇ ਟੁਕੜੇ ਹਰ ਜਰਮਨ ਘਰ ਵਿਚ ਮੇਮੈਂਟੋ ਵਾਂਗ ਸਾਂਭ ਕੇ ਰੱਖੇ ਹੋਏ ਹਨ।

15 ਸਤੰਬਰ ਐਤਵਾਰ ਦੇ ਦਿਨ ਮੈਂ ਅਤੇ ਮੇਰਾ ਜਰਮਨ ਦੋਸਤ 'ਜਾਨ ਹੇਨੀਕੇ' ਸਵੇਰ ਹੋਣ ਸਾਰ ਹੀ ਉਸਦੇ ਘਰੋਂ ਫਰਾਈਬਰਗ ਸ਼ਹਿਰ ਤੋਂ ਚੱਲ ਪਏ। ਰਸਤੇ ਵਿਚ ਧੀਮੀ ਬਾਰਸ਼ ਹੋ ਰਹੀ ਸੀ ਫਿਰ ਵੀ ਅਸੀਂ 150 ਕਿਲੋਮੀਟਰ ਦੀ ਰਫਤਾਰ ਤੇ ਜਾ ਰਹੇ ਸਾਂ। ਜਰਮਨੀ ਵਿਚ ਕੋਈ ਸਪੀਡ ਲਿਮਟ ਨਹੀਂ ਰੱਖੀ ਗਈ ਅਤੇ ਹਾਈਵੇ ਤੇ ਨੌਜਵਾਨ ਆਪਣੀ ਮਰਜੀ ਨਾਲ 200 ਕਿਲੋਮੀਟਰ ਤੱਕ ਦੀ ਸਪੀਡ ਤੇ ਵੀ ਉਡਦੇ ਹਨ। ਅਸੀਂ ਡਰੈਸਡੇਨ ਸ਼ਹਿਰ ਦੇ ਬਾਹਰੋਂ ਦੀ ਲੰਘ ਰਹੇ ਸਾਂ। ਪੂਰਬੀ ਜਰਮਨੀ ਦੀਆਂ ਸੜਕਾਂ ਹਿਟਲਰ ਵੇਲੇ ਦੀਆਂ ਬਣੀਆਂ ਹੋਈਆਂ ਹਨ ਅਤੇ ਏਕੀਕਰਣ ਤੋਂ ਬਾਅਦ ਸਾਰੀਆਂ ਸੜਕਾਂ ਦੋਬਾਰਾ ਪੁੱਟ ਕੇ ਚੌੜੀਆਂ ਕਰ ਦਿੱਤੀਆਂ ਹਨ।ਕਈ ਜਗਹ ਅਜੇ ਵੀ ਕੰਮ ਚਲ ਰਿਹਾ ਸੀ। ਹੁਣ ਮੁਕਾਬਲਾ ਕਰੋ ਸਾਡੇ ਭਾਰਤ ਦਾ ਜਿਥੇ ਢਿਲਵਾਂ ਦੇ ਇਕ ਰੇਲਵੇ ਪੁਲ ਦੀ ਤਾਮੀਰ ਤੇ ਦਸ ਸਾਲ ਲਗ ਗਏ ਹਨ ਅਤੇ ਅਜੇ ਵੀ ਕੰਮ ਅਧੂਰਾ ਪਿਆ ਹੈ ਜਦ ਕਿ ਜਰਮਨੀ ਨੇ ਪੰਜ ਸਾਲ ਵਿਚ ਸਾਰੀਆਂ ਸੜਕਾਂ, ਰੇਲਵੇ ਲਾਈਨਾਂ ਅਤੇ ਪੁਰਾਣੀਆਂ ਇਮਾਰਤਾਂ ਮੁੜ ਤਾਮੀਰ ਕਰ ਲਈਆਂ ਹਨ। ਬਰਲਿਨ ਨੂੰ ਜਾਣ ਵਾਲੀ ਸੜਕ ਜਰਮਨੀ ਦੇ ਮੈਦਾਨੀ ਅਤੇ ਰੇਤਲੇ ਇਲਾਕੇ ਵਿਚੋਂ ਗੁਜਰਦੀ ਹੈ ਜਿਸ ਕਰਕੇ ਇਸਦੀ ਤਿਆਰੀ ਹੋਰ ਵੀ ਮੁਸ਼ਕਲ ਬਣ ਜਾਂਦੀ ਹੈ।

ਤਿੰਨ ਘੰਟੇ ਦੇ ਸਫਰ ਬਾਅਦ 400 ਕਿਲੋਮੀਟਰ ਦਾ ਸਫਰ ਤੈਹ ਕਰਕੇ ਅਸੀਂ ਬਰਲਿਨ ਸ਼ਹਿਰ ਦੀ ਹੱਦ ਅੰਦਰ ਦਾਖਲ ਹੋ ਗਏ। ਮੈਂ ਆਪਣੇ ਦੋਸਤ ਨੂੰ ਹਦਾਇਤ ਕੀਤੀ ਸੀ ਕਿ ਪੂਰਬੀ ਬਰਲਿਨ ਦਾ ਹੀ ਦੌਰਾ ਕਰਨਾ ਹੈ ਕਿਉਂਕਿ ਬਰਲਿਨ ਕੰਧ ਦਾ ਦੂਸਰਾ ਪਾਸਾ ਤਾਂ ਮੈਂ ਪਹਿਲਾਂ ਹੀ ਵੇਖ ਚੁਕਾ ਹਾਂ। ਮੇਰੀ ਹਦਾਇਤ ਅਨੁਸਾਰ ਅਸੀਂ ਪਹਿਲਾਂ ਪੂਰਬੀ ਬਰਲਿਨ ਦੇ ਬਜਾਰਾਂ ਵਿਚ ਘੁੰਮਦੇ ਰਹੇ। ਐਤਵਾਰ ਦਾ ਦਿਨ ਹੋਣ ਕਰਕੇ ਮੁੱਖ ਬਜਾਰ ਤਾਂ ਬੰਦ ਸਨ ਪਰੰਤੂ ਕੁੱਝ ਮਹੱਲਿਆਂ ਵਿਚ ਰੇੜੀ ਮਾਰਕੀਟਾਂ ਲੱਗੀਆਂ ਸਨ ਜਿਸ ਕਰਕੇ ਸ਼ਹਿਰ ਵਿਚ ਕਾਫੀ ਰੌਣਕ ਸੀ। ਯੂਰਪ ਦੇ ਹਰ ਸ਼ਹਿਰ ਵਿਚ ਭਾਰਤ ਵਾਂਗ ਐਤਵਾਰ ਦੇ ਦਿਨ ਖੁੱਲ੍ਹੀ ਜਗ੍ਹਾ ਮੰਡੀ ਲੱਗਦੀ ਹੈ ਜਿਥੋਂ ਲੋਕ ਤਾਜਾ ਫਲ ਅਤੇ ਸਬਜ਼ੀਆਂ ਖਰੀਦ ਲੈ ਜਾਂਦੇ ਹਨ। ਬਰਲਿਨ ਵਿਚ ਹਰ ਦੇਸ਼ ਦੇ ਵਾਸ਼ਿੰਦੇ ਰਹਿੰਦੇ ਹਨ ਪਰੰਤੂ ਔਰਤਾਂ ਦੇ ਲਿਬਾਸ ਤੋਂ ਪਤਾ ਲਗਦਾ ਸੀ ਕਿ ਇਰਾਨੀ ਲੋਕਾਂ ਦੀ ਭਰਮਾਰ ਹੈ।

ਜਾਨ ਹੇਨੀਕੇ ਨੇ ਸਲਾਹ ਦਿਤੀ ਕਿ ਬਰਲਿਨ ਸ਼ਹਿਰ ਦਾ ਨਜ਼ਾਰਾ ਲੈਣ ਲਈ ਸਾਨੂੰ ਬਰਲਿਨ ਟਾਵਰ ਤੇ ਲਿਫਟ ਰਾਹੀਂ ਉਪਰ ਜਾਣਾ ਚਾਹੀਦਾ ਹੈ। ਅਸੀਂ ਪਾਰਕਿੰਗ ਲਈ ਜਗਹ ਲੱਭ ਕੇ ਲੰਬੀ ਕਤਾਰ ਦੇ ਸਿਰੇ ਤੇ ਖਲੋ ਗਏ ਅਤੇ ਅੱਧੇ ਘੰਟੇ ਬਾਅਦ ਸਾਡੀ ਵਾਰੀ ਆਈ। ਐਤਵਾਰ ਦਾ ਦਿਨ ਹੋਣ ਕਰਕੇ ਜਰਮਨੀ ਦੇ ਸ਼ਹਿਰਾਂ ਅਤੇ ਵਿਦੇਸ਼ਾਂ ਤੋਂ ਸੈਲਾਨੀ ਬਰਲਿਨ ਪਹੁੰਚੇ ਹੋਏ ਸਨ। ਧੁੱਪ ਵਾਲੇ ਦਿਨ ਘੱਟ ਹੀ ਨਸੀਬ ਹੁੰਦੇ ਹਨ, ਸਾਡੇ ਬਰਲਿਨ ਪਹੁੰਚਣ ਤੱਕ ਬੱਦਲਵਾਈ ਤਾਂ ਬਣੀ ਰਹੀ ਪਰੰਤੂ ਦਿਨ ਨਿਖਰ ਗਿਆ ਸੀ। ਵਾਕਿਆ ਹੀ ਟਾਵਰ ਦੀ ਉਪਰਲੀ ਮੰਜ਼ਲ ਤੋਂ ਸਾਰਾ ਬਰਲਿਨ ਸ਼ਹਿਰ ਦਿਖਾਈ ਦੇ ਰਿਹਾ ਸੀ। ਇਸ ਦੀ ਇਹ ਮੰਜ਼ਿਲ ਹੌਲੀ ਹੌਲੀ ਘੁੰਮਦੀ ਹੈ ਅਤੇ ਯਾਤਰੀ ਦੂਰਬੀਨਾਂ ਦੀ ਮੱਦਦ ਨਾਲ ਸ਼ਹਿਰ ਦੀਆਂ ਇਤਿਹਾਸਕ ਇਮਾਰਤਾਂ ਨੂੰ ਚੰਗੀ ਤਰ੍ਹਾਂ ਵੇਖ ਸਕਦੇ ਹਨ। ਟਾਵਰ ਤੋਂ ਬਰੈਂਡਨਬਰਗ ਗੇਟ ਵੀ ਵੇਖਿਆ ਜੋ ਪੂਰਬੀ ਅਤੇ ਪੱਛਮੀ ਬਰਲਿਨ ਦੀ ਕੰਧ ਉਪਰ ਪ੍ਰਸਿੱਧ ਸਮਾਰਕ ਹੈ ਅਤੇ ਇਸ ਨਾਲ ਜਰਮਨੀ ਦੇ ਇਤਿਹਾਸ ਦੀਆਂ ਕਈ ਘਟਨਾਵਾਂ ਜੁੜੀਆਂ ਹੋਈਆਂ ਹਨ। ਬਰਲਿਨ ਸ਼ਹਿਰ ਦੀਆਂ ਸਰਕਾਰੀ ਇਮਾਰਤਾਂ ਅਤੇ ਐਲਬ ਦਰਿਆ ਦਾ ਨਜ਼ਾਰਾ ਵੀ ਵੇਖਿਆ।

ਬਰਲਿਨ ਟਾਵਰ ਤੋਂ ਹੇਠ ਉਤਰ ਕੇ ਅਸੀਂ ਬਰੈਂਡਨਬਰਗ ਗੇਟ ਦੀ ਤਰਫ਼ ਪੈਦਲ ਚੱਲ ਪਏ। ਇਸ ਚੌੜੀ ਸੜਕ ਦੇ ਦੋਹੀਂ ਪਾਸੀਂ ਪੂਰਬੀ ਬਰਲਿਨ ਦੀਆਂ ਇਤਿਹਾਸਕ ਇਮਾਰਤਾਂ ਹਨ ਜੋ ਜਰਮਨੀ ਦੇ ਪੁਰਾਣੇ ਬਾਦਸ਼ਾਹਾਂ ਨੇ ਤਾਮੀਰ ਕਰਵਾਈਆਂ। ਸ਼ਹਿਰ ਦਾ ਪ੍ਰਸਿੱਧ ਗਿਰਜਾ ਘਰ ਵੀ ਵੇਖਿਆ ਜੋ ਪੂਰਬੀ ਜਰਮਨੀ ਦੀ ਕਮਿਊਨਿਸਟ ਸਰਕਾਰ ਨੇ ਬੰਦ ਕਰਵਾ ਰੱਖਿਆ ਸੀ। ਇਸ ਦੀ ਸ਼ਾਨੋ ਸ਼ੌਕਤ ਮੁੜ ਬਹਾਲ ਕਰਨ ਲਈ ਕਰੋੜਾਂ ਡਾਲਰ ਦੀ ਰਕਮ ਖਰਚੀ ਗਈ ਹੈ। ਬਰਲਿਨ ਦੀ ਯੂਨੀਵਰਸਿਟੀ ਅਤੇ ਇਥੋਂ ਦੀ ਲਾਇਬਰੇਰੀ ਦਾ ਚੱਕਰ ਕੱਟ ਕੇ ਅਸੀਂ ਇਸਦੇ ਪਿਛਲੇ ਅਹਾਤੇ ਵਿਚ ਚਲੇ ਗਏ। ਐਤਵਾਰ ਦਾ ਦਿਨ ਹੋਣ ਕਰਕੇ ਵਿਦਿਆਰਥੀ ਰੀਹਰਸਲ ਕਰ ਰਹੇ ਸਨ ਅਤੇ ਸਾਨੂੰ ਜਰਮਨ ਸੰਗੀਤ ਸੁਣਨ ਦਾ ਚੰਗਾ ਮੌਕਾ ਮਿਲ ਗਿਆ। ਖੁੱਲੇ ਪੰਡਾਲ ਵਿਚ ਜਰਮਨ ਲੋਕ-ਨਾਚ ਅਤੇ ਗਾਣੇ ਦਾ ਚੰਗਾ ਰਸ ਮਾਣਿਆ। ਕੋਈ ਚਾਰ ਕਿਲੋਮੀਟਰ ਪੈਦਲ ਚੱਲ ਕੇ ਅਸੀਂ ਬਰੈਂਡਨਬਰਗ ਗੇਟ ਕੋਲ ਪੁਹੰਚ ਗਏ। ਇਸ ਦੇ ਆਸੇ ਪਾਸੇ ਤੋਂ ਬਰਲਿਨ ਕੰਧ ਢਾਹ ਦਿਤੀ ਗਈ ਹੈ ਅਤੇ ਹੁਣ ਇਕ ਜਪਾਨੀ ਕੰਪਨੀ 'ਸੋਨੀ' ਨੇ ਰਿਹਾਇਸ਼ੀ ਇਮਾਰਤਾਂ ਉਸਾਰਣ ਦਾ ਠੇਕਾ ਲੈ ਰੱਖਿਆ ਹੈ। ਜਰਮਨ ਲੋਕ ਇਸ ਉਪਰ ਖੁਸ਼ ਨਹੀਂ ਹਨ ਕਿਉਂਕਿ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਜਾਪਦੀ ਹੈ। ਇਸ ਕੰਧ ਨੂੰ ਪਾਰ ਕਰਦਿਆਂ ਹਜਾਰਾਂ ਨੌਜਵਾਨ ਆਪਣੇ ਜੀਵਨ ਦੀ ਆਹੂਤੀ ਦੇ ਗਏ ਅਤੇ ਇੰਨੀ ਜਲਦੀ ਇਸ ਕੁਰਬਾਨੀ ਦਾ ਨਾਮੋ ਨਿਸ਼ਾਨ ਮਿਟਾ ਦੇਣਾ ਸੋਭਾ ਨਹੀਂ ਦਿੰਦਾ। ਅਸੀਂ ਗੇਟ ਦੇ ਦੂਸਰੇ ਪਾਸੇ ਦਾ ਨਜ਼ਾਰਾ ਵੀ ਤੱਕਿਆ ਜੋ ਪੱਛਮੀ ਬਰਲਿਨ ਦਾ ਹਿੱਸਾ ਸੀ। ਦੋ ਘੰਟੇ ਦਾ ਚੱਕਰ ਲਗਾ ਕੇ ਅਸੀਂ ਵਾਪਸ ਆ ਗਏ ਅਤੇ ਘਰ ਪਰਤਣ ਦੀ ਤਿਆਰੀ ਕੀਤੀ। ਵਾਪਸੀ ਸਫਰ ਅਸੀਂ ਪੱਛਮੀ ਬਰਲਿਨ ਦੇ ਬਜ਼ਾਰਾਂ ਥਾਣੀ ਕੀਤਾ ਤਾਂ ਕਿ ਆਪਣੀ ਪੁਰਾਣੀ ਯਾਦ ਨੂੰ ਤਾਜਾ ਕਰ ਸਕਾਂ। ਇਸ ਹਿਸੇ ਵਿਚ ਬਰਲਿਨ ਦੇ ਵੱਡੇ ਪਾਰਕ, ਇਕ ਵਿਸ਼ਾਲ ਝੀਲ ਅਤੇ ਨਵੀਆਂ ਬਣੀਆਂ ਸੁੰਦਰ ਇਮਾਰਤਾਂ ਹਨ। ਇਮਾਰਤਾਂ ਦੇ ਨਮੂਨੇ ਤੋਂ ਪੂਰਬੀ ਅਤੇ ਪੱਛਮੀ ਬਰਲਿਨ ਦਾ ਅੰਤਰ ਸਪਸ਼ਟ ਹੋ ਜਾਂਦਾ ਹੈ। ਪੱਛਮ ਵੱਲ ਖੁਸ਼ਹਾਲੀ ਕਾਰਨ ਅਮਰੀਕਾ ਨੇ ਉਸਰਾਈ ਕਰਵਾਈ ਅਤੇ ਪੂਰਬੀ ਹਿੱਸੇ ਵਿਚ ਰੂਸੀ ਮਾਹਿਰਾਂ ਨੇ ਇਮਾਰਤਾਂ ਦੇ ਬਲਾਕ ਤਿਆਰ ਕਰਵਾਏ ਜਿਨ੍ਹਾਂ ਵਿਚ ਹਰ ਟੱਬਰ ਨੂੰ ਦੋ ਕਮਰੇ ਦਾ ਫਲੈਟ ਹੀ ਦਿਤਾ ਗਿਆ।

ਅਸੀਂ ਵਾਪਸੀ ਸਫਰ ਤੇ ਬਰਲਿਨ ਕੰਧ ਦੇ ਬਾਹਰਲੇ ਨਿਸ਼ਾਨ ਵੀ ਤੱਕੇ। ਇਸ ਦੀ ਲੰਬਾਈ 250 ਕਿਲੋਮੀਟਰ ਤੱਕ ਸੀ ਅਤੇ ਇਹ ਵਲ ਖਾਂਦੀ ਬਰਲਿਨ ਸ਼ਹਿਰ ਦੇ ਕਈ ਪਰਿਵਾਰਾਂ ਨੂੰ ਵੰਡ ਗਈ। ਸ਼ੁਕਰ ਹੈ ਜਰਮਨੀ ਦੀ ਵੰਡ ਭੰਗ ਹੋਈ ਅਤੇ ਇਹ ਪਰਿਵਾਰ ਮੁੜ ਇੱਕਠੇ ਹੋਏ ਹਨ। ਕੀ ਭਾਰਤ ਵਿਚ ਬੰਗਾਲ ਅਤੇ ਪੰਜਾਬ ਦੀ ਵੰਡ ਵੀ ਕਦੇ ਖਤਮ ਹੋ ਸਕੇਗੀ? ਵੀਅਤਨਾਮ ਦਾ ਵੀ ਏਕੀਕਰਣ ਹੋ ਚੁੱਕਾ ਹੈ ਪਰੰਤੂ ਅਜੇ ਉਤਰੀ ਅਤੇ ਦੱਖਣੀ ਕੋਰੀਆ ਰਾਜਸੀ ਵੰਡ ਦਾ ਸ਼ਿਕਾਰ ਹਨ ਜਿਸ ਕਰਕੇ ਹਰ ਸਾਲ ਲੱਖਾਂ ਨੌਜਵਾਨ ਵਿਦਰੋਹ ਕਰਦੇ ਹਨ। ਇਹ ਇਕ ਚੰਗੀ ਅਤੇ ਸ਼ੁਭ ਘੜੀ ਹੈ ਕਿ ਵਿਗਿਆਨ ਅਤੇ ਟੈਕਨਾਲੋਜੀ ਨੇ ਲੋਕਾਂ ਦੇ ਦਿਲਾਂ ਵਿਚੋਂ ਵਿਤਕਰੇ ਦੀਆਂ ਕੰਧਾਂ ਢਾਹੁਣ ਦਾ ਉਪਰਾਲਾ ਕੀਤਾ ਹੈ ਅਤੇ ਦੁਨੀਆਂ ਇਕ ਗਲੋਬਲ ਪਿੰਡ ਦਾ ਰੂਪ ਧਾਰਨ ਕਰ ਰਹੀ ਹੈ।

ਸ਼ਾਮ ਪੈਣ ਤੋਂ ਪਹਿਲਾਂ ਅਸੀਂ ਲਿਪਜ਼ਿਗ ਸ਼ਹਿਰ ਦੇ ਰਸਤੇ ਫਰੀਬਰਗ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸ਼ਹਿਰ ਦੇ ਬਾਹਰਵਾਰ ਅਸੀਂ ਹਾਈਵੇ ਛੱਡ ਕੇ ਛੋਟੀ ਸੜਕ ਤੇ ਪੈ ਗਏ। ਹੇਨੀਕੇ ਨੇ ਕਾਰ ਦੀ ਰਫਤਾਰ ਮੱਧਮ ਨਾ ਕੀਤੀ ਅਤੇ ਅੱਗੇ ਲਾਲ ਬੱਤੀ ਹੋ ਗਈ ਜਿਸ ਕਰਕੇ ਅਗਲੀ ਕਾਰ ਨਾਲ ਟੱਕਰ ਜਾ ਵੱਜੀ। ਦੋਵੇਂ ਕਾਰਾਂ ਬਚ ਗਈਆਂ ਪਰੰਤੂ ਅਗਲੀ ਕਾਰ ਦਾ ਮਾਲਕ ਖਹਿੜੇ ਪੈ ਗਿਆ ਅਤੇ ਕਾਗਜ਼ੀ ਕਾਰਵਾਈ ਵਿਚ ਅੱਧਾ ਘੰਟਾ ਖਰਾਬ ਹੋ ਗਿਆ। ਲਿਪਜ਼ਿਗ ਸ਼ਹਿਰ ਦਾ ਦੌਰਾ ਕਰਕੇ ਅਸੀਂ ਫਰੀਬਰਗ ਪਰਤ ਆਏ। ਮੈਂ ਹੇਨੀਕੇ ਦੀ ਪਤਨੀ ਕਾਰਲਾ ਨੂੰ ਐਕਸੀਡੈਂਟ ਦੀ ਖਬਰ ਦਿੱਤੀ। ਉਹ ਕਹਿੰਦੀ ਇਹ ਬੜਾ ਫਖਰ ਕਰਦਾ ਸੀ ਕਿ ਕਦੇ ਟੱਕਰ ਨਹੀਂ ਮਾਰੀ, ਚੱਲੋ ਅੱਗੇ ਤੋਂ ਇਹ 100 ਕਿਲੋਮੀਟਰ ਦੀ ਸਪੀਡ ਤੇ ਚਲਿਆ ਕਰੇਗਾ। ਜਰਮਨੀ ਦੇ ਸਭਿਆਚਾਰ ਦੀ ਸਹੀ ਪਹਿਚਾਣ ਤਾਂ ਹੀ ਹੋ ਸਕਦੀ ਹੈ ਜੇਕਰ ਪੂਰਬੀ ਜਰਮਨੀ ਦੇ ਸ਼ਹਿਰਾਂ ਲਿਪਜ਼ਿਗ, ਵਾਈਮਰ, ਡਰੈਸਡੇਨ ਅਤੇ ਫਰੀਬਰਗ ਦਾ ਦੌਰਾ ਕੀਤਾ ਜਾਵੇ। ਸੋ ਮੇਰੀ ਇਹ ਤਮੰਨਾ ਪੂਰੀ ਹੋ ਗਈ।

~~~

## ਬੈਲਜੀਅਮ ਦਾ ਦੌਰਾ
~~~

ਪੈਰਿਸ ਯੂਨੀਵਰਸਿਟੀ ਵਿਚ ਆਪਣੇ ਖੋਜ ਅਧਿਐਨ ਸਮੇਂ ਮੈਂ ਹਾਲੈਂਡ ਜਾਂਦਾ ਹੋਇਆ ਬੈਲਜੀਅਮ ਥਾਣੀਂ 1971 ਵਿਚ ਲੰਘਿਆ ਸਾਂ ਪਰੰਤੂ ਰਾਤ ਦਾ ਸਮਾਂ ਹੋਣ ਕਰਕੇ ਸਾਡੀ ਯਾਤਰੀ ਬੱਸ ਪੈਰਿਸ ਤੋਂ ਸਿੱਧਾ ਐਮਸਟਰਡਮ ਹੀ ਪਹੁੰਚ ਗਈ। ਯੂਰਪ ਦੇ ਕਈ ਗੇੜੇ ਬਾਅਦ ਵਿਚ ਲਗੇ ਪਰੰਤੂ ਬੈਲਜੀਅਮ ਵੇਖਣ ਦੀ ਸੱਧਰ ਪੂਰੀ ਨਾ ਹੋ ਸਕੀ। ਇਸ ਵਾਰ ਮੈਂ ਪ੍ਰੋਗਰਾਮ ਪਹਿਲਾਂ ਹੀ ਉਲੀਕ ਰੱਖਿਆ ਸੀ ਕਿ ਜਰਮਨੀ ਅੰਤਰ-ਰਾਸ਼ਟਰੀ ਕਾਨਫਰੰਸ ਤੋਂ ਬਾਅਦ ਮੈਂ ਦੋ ਦਿਨ ਲਈ ਬੈਲਜ਼ੀਅਮ ਆਪਣੇ ਮਿੱਤਰਾਂ ਕੋਲ ਜਰੂਰ ਹੋ ਕੇ ਆਵਾਂਗਾ। 16 ਸਤੰਬਰ ਰਾਤ ਦੀ ਗੱਡੀ ਤੇ ਸਵਾਰ ਹੋ ਕੇ ਮੈਂ ਜਰਮਨੀ ਦੇ ਸ਼ਹਿਰ ਡਰੈਸਡੇਨ ਤੋਂ ਬੈਲਜੀਅਮ ਦੀ ਰਾਜਧਾਨੀ ਬਰੱਸਲਜ਼ ਪਹੁੰਚ ਗਿਆ। ਗੱਡੀ ਵਿਚ ਕੋਈ ਭੀੜ ਨਹੀਂ ਸੀ। ਮੇਰੇ ਕੈਬਿਨ ਵਿਚ ਛੇ ਸੀਟਾਂ ਸਨ ਅਤੇ ਮੇਰੇ ਸਾਥ ਇਕ ਜਰਮਨ ਮੁਟਿਆਰ ਸਫਰ ਕਰ ਰਹੀ ਸੀ ਜੋ ਕੋਲਨ ਯੂਨੀਵਰਸਿਟੀ ਦੀ ਵਿਦਿਆਰਥਣ ਸੀ। ਜਦੋਂ ਉਸਨੂੰ ਪਤਾ ਲੱਗਾ ਕਿ ਮੈਂ ਵੀ ਯੂਨੀਵਰਸਿਟੀ ‘ਚ ਅਧਿਆਪਕ ਹਾਂ ਤਾਂ ਉਹ ਨਿਝੱਕ ਹੋ ਕੇ ਗੁਫਤਗੂ ਕਰਨ ਲਗੀ ਅਤੇ ਮੇਰੀ ਯਾਤਰਾ ਬਾਰੇ ਪੁੱਛਣ ਲੱਗੀ। ਸੌਣ ਤੋਂ ਪਹਿਲਾਂ ਗੱਡੀ ਦਾ ਟਿਕਟ ਕੰਟਰੋਲਰ ਆ ਕੇ ਸਾਡੀਆਂ ਟਿਕਟਾਂ ਲੈ ਗਿਆ ਅਤੇ ਜਰਮਨ ਕੁੜੀ ਨੂੰ ਕਾਫ਼ੀ ਅਤੇ ਮੈਨੂੰ ਚਾਕਲੇਟ ਪਾ ਕੇ ਗਰਮ ਦੁੱਧ ਦੇ ਗਿਆ। ਮੈਂ ਉਸਦੀ ਰੇਟ ਲਿਸਟ ਦੇਖ ਆਇਆ ਸਾਂ ਜਿਸ ਵਿਚ ਦੁੱਧ ਹੀ ਸਭ ਤੋਂ ਸਸਤਾ ਸੀ ਅਤੇ ਵੈਸੇ ਵੀ ਆਦਤ ਅਨੁਸਾਰ ਰਾਤ ਨੂੰ ਗਰਮ ਦੁੱਧ ਮਿਲ ਜਾਣਾ ਚੰਗੀ ਨੀਂਦਰ ਲਈ ਇਕ ਤੋਹਫਾ ਸਿੱਧ ਹੋਇਆ। ਯੂਰਪ ਵਿਚ ਰਾਤ ਦੇ ਮੁਸਾਫਰਾਂ ਦੀਆਂ ਟਿਕਟਾਂ ਗੱਡੀ ਦਾ ਟਿਕਟ ਕੰਟਰੋਲਰ ਜਮਾਂ ਕਰ ਲੈਂਦਾ ਹੈ ਅਤੇ ਸਵੇਰੇ ਮੁਸਾਫਰਾਂ ਨੂੰ ਮੋੜ ਦਿੰਦਾ ਹੈ। ਕੋਲਨ ਪਹੁੰਚ ਕੇ ਮੈਂ ਗੱਡੀ ਬਦਲਣੀ ਸੀ। ਜਰਮਨ ਮੁਟਿਆਰ ਅਲਵਿਦਾ ਕਹਿ ਕੇ ਚਲੀ ਗਈ। ਮੈਂ ਸਟੇਸ਼ਨ ਤੇ ਜਾ ਕੇ ਆਪਣੇ ਮੇਜ਼ਬਾਨ ਦੇ ਘਰ ਬੈਲਜੀਅਮ ਫੋਨ ਕਰ ਦਿਤਾ ਕਿ ਮੈਂ ਸਵੇਰੇ 17 ਸਤੰਬਰ ਦਸ ਵਜੇ ਦੇ ਕਰੀਬ ਬਰੱਸਲਜ਼ ਦੇ ਸਟੇਸ਼ਨ ਤੇ ਪਹੁੰਚ ਰਿਹਾ ਹਾਂ।

ਕੋਲਨ ਤੋਂ ਛੇ ਵਜੇ ਗੱਡੀ ਤੇ ਸਵਾਰ ਹੋ ਕੇ ਮੈਂ ਬੈਲਜੀਅਮ ਵੱਲ ਰਵਾਨਾ ਹੋ ਪਿਆ। ਇਹ ਗੱਡੀ ਹੈਮਬਰਗ ਤੋਂ ਲੰਡਨ ਜਾ ਰਹੀ ਸੀ। ਕੋਲਨ ਤੋਂ ਬਰੱਸਲਜ਼ ਚਾਰ ਘੰਟੇ ਦਾ ਸਫਰ ਹੈ ਜਿਸ ਵਿਚੋਂ ਦੋ ਘੰਟੇ ਤਾਂ ਬੈਲਜੀਅਮ ਦੀ ਸਰਹੱਦ ਤੱਕ ਪਹੁੰਚਦਿਆਂ ਲਗ ਜਾਂਦੇ ਹਨ। ਜਰਮਨੀ ਦੇ ਪਿੰਡ ਸਾਫ ਸੁਥਰੇ ਅਤੇ ਲੋਕ ਅਮੀਰ ਹਨ। ਫਾਰਮਾਂ ਉਪਰ ਟਰੈਕਟਰ ਚੱਲ ਰਹੇ ਸਨ ਅਤੇ ਜਰਮਨ ਸਵਾਣੀਆਂ ਆਪਣੇ ਵਿਹੜਿਆਂ ਵਿਚ ਘੁੰਮ ਰਹੀਆਂ ਸਨ। ਹਰ ਘਰ ਦੀ ਬਾਹਰਲੀ ਪੜਛੱਤੀ ਉਪਰ ਫੁੱਲਾਂ ਦੇ ਗਮਲੇ ਨਜ਼ਰ ਆ ਰਹੇ ਸਨ। ਗਾਈਆਂ ਦੇ ਵੱਗ ਆਪਣੇ ਆਪ ਚਰਦੇ ਲੱਭ ਰਹੇ ਸਨ ਅਤੇ ਇਨ੍ਹਾਂ ਦੇ ਹਵਾਨੇ ਦੱਸ ਰਹੇ ਸਨ ਕਿ ਕੋਈ ਵੀ ਪੰਜਾਹ ਲੀਟਰ ਤੋਂ ਘੱਟ ਦੁੱਧ ਨਹੀਂ ਦੇਂਦੀ ਹੋਣੀ। ਗੱਡੀ ਦੀ ਖਿੜਕੀ ਥਾਣੀਂ ਵੇਖਿਆ ਜਰਮਨ ਪਿੰਡਾਂ ਦਾ ਇਹ ਅਦਭੁੱਤ ਨਜ਼ਾਰਾ ਇਕ ਅਨੋਖਾ ਤਜਰਬਾ ਸੀ।

ਠੀਕ ਦਸ ਵਜੇ ਗੱਡੀ ਬਰੱਸਲਜ਼ ਦੇ ਸਟੇਸ਼ਨ ਤੇ ਪਹੁੰਚ ਗਈ। ਸਟੇਸ਼ਨ ਸ਼ਹਿਰ ਦੇ ਧੁਰ ਕੇਂਦਰ ਵਿਚ ਧਰਤੀ ਦੇ ਹੇਠ ਬਣਿਆ ਹੋਇਆ ਹੈ। ਦੋ ਮੰਜਲਾਂ ਲਿਫਟ ਰਾਹੀਂ ਉਪਰ ਚੜ੍ਹ ਕੇ ਮੈਂ ਵੇਟਿੰਗ ਹਾਲ ਵਿਚ ਪਹੁੰਚ ਗਿਆ ਅਤੇ ਆਪਣੇ ਮੇਜ਼ਬਾਨ ਦੀ ਉਡੀਕ ਕਰਨ ਲੱਗਾ। ਬੈਲਜੀਅਮ ਦੀ ਸਰਕਾਰੀ ਭਾਸ਼ਾ ਫਰਾਂਸੀਸੀ ਹੈ ਜਿਸ ਕਰਕੇ ਮੈਨੂੰ ਕੋਈ ਮੁਸ਼ਕਲ ਪੇਸ਼ ਨਾ ਆਈ ਕਿਉਂਕਿ ਮੈਂ ਫਰੈਂਚ ਅਤੇ ਇੰਗਲਿਸ਼ ਦੋਹਾਂ ਵਿਚ ਹੀ ਇਕੋ ਜੇਹੀ ਮੁਹਾਰਤ ਹਾਸਲ ਕਰ ਰੱਖੀ ਹੈ। ਮੇਰਾ ਮੇਜ਼ਬਾਨ ਇਕ ਬੈਂਕ ਵਿਚ ਮੈਨੇਜਰ ਸੀ ਅਤੇ ਉਹ ਬਾਰਾਂ ਵਜੇ ਅੱਧੀ ਛੁੱਟੀ ਸਮੇਂ ਮੈਨੂੰ ਲੈਣ ਆ ਗਿਆ। ਯੂਰਪ ਵਿਚ ਸਾਡੇ ਦਫਤਰਾਂ ਵਾਲਾ ਹਾਲ ਨਹੀਂ ਹੈ ਜਦੋਂ ਜੀਅ ਕਰੇ ਉਠ ਕੇ ਚਲੇ ਗਏ।ਡਿਊਟੀ ਉਪਰ ਹਰ ਮਿੰਟ ਲਈ ਹਾਜ਼ਰ ਰਹਿਣਾ ਪੈਂਦਾ ਹੈ। ਮਿਸਟਰ ਚੈਲਕੂਰਤ ਮੇਰੇ ਲਈ ਗਾਈਡ ਮੈਪ ਲੈ ਆਇਆ ਅਤੇ ਅਸੀਂ ਬਰੱਸਲਜ਼ ਦੀ ਸੈਰ ਲਈ ਨਿਕਲ ਤੁਰੇ।

ਸ਼ਹਿਰ ਦੇ ਕੇਂਦਰ ਵਿਚ ਟਾਊਨ ਹਾਲ ਹੈ ਜੋ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣ ਗਿਆ ਹੈ। ਇਸ ਨੂੰ ਗਰਾਂਦ ਪਲੇਸ ਕਹਿੰਦੇ ਹਨ ਅਤੇ ਇਸ ਵਿਚ ਪੈਦਲ ਘੁੰਮਣ ਲਈ ਸੈਲਾਨੀਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਮੌਸਮ ਸੁਹਾਵਣਾ ਹੋਣ ਕਰਕੇ ਦੁਪਹਿਰ ਤੱਕ ਸਾਰੇ ਰੈਸਤੋਰਾਂ ਖਚਾਖਚ ਭਰੇ ਹੋਏ ਸਨ। ਅਸੀਂ ਇਕ ਗਲੀ ਵਿਚ ਜਾ ਕੇ ਰੈਸਤੋਰਾਂ ਲੱਭਿਆ ਅਤੇ ਬੈਲਜ਼ੀਅਮ ਖਾਣੇ ਦਾ ਆਨੰਦ ਮਾਣਿਆ। ਪੈਰਿਸ ਦੇ ਲੈਟਿਨ ਕੁਆਟਰਜ਼ ਵਾਂਗ ਬਰੱਸਲਜ਼ ਦੇ ਇਸ ਹਿਸੇ ਵਿਚ ਰੈਸਤੋਰਾਂ ਅਤੇ ਕਾਫ਼ੀ ਹਾਊਸਾਂ ਦੀ ਭਰਮਾਰ ਹੈ। ਪੁਰਾਣੇ ਗਿਰਜਾ ਘਰ ਵੀ ਇਸ ਖੇਤਰ ਵਿਚ ਮੌਜੂਦ ਹਨ। ਸ਼ਹਿਰ ਦਾ ਸਭ ਤੋਂ ਪੁਰਾਣਾ ਗਿਰਜਾ ਘਰ ਜੋ ਕਈ ਵਾਰ ਤਬਾਹ ਹੋ ਚੁੱਕਾ ਹੈ, ਉਹ ਵੀ ਵੇਖਿਆ। ਬੈਲਜ਼ੀਅਮ ਵਿਚ ਫਰਾਂਸ ਵਾਂਗ ਰੋਮਨ ਕੈਥੋਲਿਕ ਲੋਕਾਂ ਦੀ ਬਹੁ ਗਿਣਤੀ ਹੈ। ਮੇਰੇ ਸਿਵਾਅ ਹੋਰ ਤਾਂ ਕੋਈ ਪਗੜੀ ਵਾਲਾ ਨਹੀਂ ਲੱਭਾ ਜਿਸ ਕਰਕੇ ਪਾਦਰੀ ਨੇ ਉਚੇਚਾ ਆਉ ਭਗਤ ਕੀਤੀ ਅਤੇ ਗਿਰਜਾ ਘਰ ਦੇ ਇਤਿਹਾਸ ਬਾਰੇ ਜਾਣਕਾਰੀ ਦਿਤੀ। ਬੈਲਜ਼ੀਅਮ ਦੇ ਬਾਦਸ਼ਾਹ ਦੀ ਤਾਜਪੋਸ਼ੀ ਵੀ ਇਸੇ ਗਿਰਜਾ ਘਰ ਵਿਚ ਹੋਇਆ ਕਰਦੀ ਸੀ। ਯਾਤਰੀਆਂ ਤੋਂ ਸਿਵਾ ਹੋਰ ਸਭ ਬਜ਼ੁਰਗ ਔਰਤਾਂ ਹੀ ਗਿਰਜਾ ਘਰ ਵਿਚ ਪ੍ਰਾਰਥਨਾ ਕਰ ਰਹੀਆਂ ਸਨ। ਨੌਜਵਾਨ ਤਬਕਾ ਤਾਂ ਧਰਮ ਤੋਂ ਕਿਨਾਰਾਕਸ਼ੀ ਕਰ ਚੁੱਕਾ ਹੈ।

ਦੁਪਹਿਰ ਬਾਅਦ ਮੈਂ ਇਕੱਲਾ ਹੀ ਘੁੰਮਣ ਚਲਾ ਗਿਆ। ਪਹਿਲਾਂ ਬੈਲਜ਼ੀਅਮ ਬਾਦਸ਼ਾਹ ਦੇ ਮਹੱਲ ਵੇਖਣ ਦਾ ਪ੍ਰੋਗਰਾਮ ਬਣਾਇਆ। ਇੰਗਲੈਂਡ ਦੀ ਮਲਕਾ ਵਾਂਗ ਇਥੇ ਵੀ ਬਾਦਸ਼ਾਹ ਦੀ ਗੱਦੀ ਕਾਇਮ ਹੈ ਪਰੰਤੂ ਸਾਰੀ ਰਾਜਸੀ ਤਾਕਤ ਪਾਰਲੀਮੈਂਟ ਦੇ ਕੋਲ ਹੈ। ਸ਼ਾਹੀ ਮਹੱਲ ਅੰਦਰ ਜਾਣ ਦੀ ਮਨਾਹੀ ਹੈ ਪਰੰਤੂ ਪਹਿਰੇਦਾਰਾਂ ਨੇ ਮੇਰੀ ਬੇਨਤੀ ਪ੍ਰਵਾਨ ਕਰਕੇ ਮਹੱਲ ਦੇ ਬਾਹਰ ਬਾਗ

ਵਿਚ ਘੁੰਮਣ ਦੀ ਆਗਿਆ ਦੇ ਦਿੱਤੀ। ਮਹੱਲ ਦੇ ਨਜ਼ਦੀਕ ਇਕ ਹੋਰ ਨਿਕਾ ਜਿਹਾ ਪਾਰਕ ਹੈ ਜਿਸ ਦੀ ਚਾਰ ਦੀਵਾਰੀ ਉਪਰ ਕਈ ਕਿਸਮ ਦੇ ਬੁੱਤ ਘੜੇ ਗਏ ਹਨ, ਜੋ ਪੁਰਾਤਨ ਬੈਲਜ਼ੀਅਮ ਦੇ ਲੋਕਾਂ ਦੇ ਕਿੱਤਿਆਂ ਬਾਰੇ ਜਾਣਕਾਰੀ ਦਿੰਦੇ ਹਨ। ਫਰਾਂਸ ਅਤੇ ਬੈਲਜੀਅਮ ਵਿਚ ਧਰਮ, ਭਾਸ਼ਾ ਅਤੇ ਆਰਕੀਟੈਕਚਰ ਦੀ ਸਾਂਝ ਪ੍ਰਤੱਖ ਲੱਭ ਪੈਂਦੀ ਹੈ ਜਿਸ ਕਰਕੇ ਮੈਨੂੰ ਪੈਰਿਸ ਅਤੇ ਬਰੱਸਲਜ਼ ਵਿਚ ਬਹੁਤਾ ਸਭਿਆਚਾਰਕ ਵਖਰੇਵਾਂ ਪ੍ਰਤੀਤ ਨਾ ਹੋਇਆ। ਬਰੱਸਲਜ਼ ਵਿਚ ਯੂਰਪੀਨ ਭਾਈਚਾਰੇ ਦੀ ਆਰਥਿਕ ਕਮੇਟੀ ਦਾ ਦਫਤਰ ਹੈ ਅਤੇ ਇਸ ਸ਼ਹਿਰ ਨੂੰ ਯੂਰਪ ਦੀ ਰਾਜਧਾਨੀ ਹੋਣ ਦਾ ਮਾਣ ਵੀ ਪ੍ਰਾਪਤ ਹੈ। ਪੈਰਿਸ ਵਾਂਗ ਇਥੇ ਕਈ ਅਜਾਇਬ ਘਰ ਅਤੇ ਆਰਟ ਗੈਲਰੀਆਂ ਹਨ। ਮੇਰੇ ਪਾਸ ਸਮੇਂ ਦੀ ਥੁੜ ਸੀ ਜਿਸ ਕਰਕੇ ਬਰੱਸਲਜ਼ ਦੇ ਕੇਂਦਰੀ ਭਾਗ ਦਾ ਹੀ ਚੱਕਰ ਕੱਟਿਆ ਗਿਆ।

ਸ਼ਾਮ ਦੇ ਪੰਜ ਵਜੇ ਮਿਸਟਰ ਚੈਲਕੂਰਤ ਮੈਨੂੰ ਸਟੇਸ਼ਨ ਕੋਲੋਂ ਲੈ ਗਏ ਅਤੇ ਅਸੀਂ ਕਾਰ ਵਿਚ ਚਾਲੀ ਕਿਲੋਮੀਟਰ ਦੂਰ ਉਸ ਦੇ ਪਿੰਡ ਵੱਲ ਰਵਾਨਾ ਹੋ ਪਏ। ਦਰਅਸਲ, ਉਸ ਦੀ ਘਰਵਾਲੀ ਮੈਡਮ ਮਿਸ਼ਲੀਨ ਮੇਰੀ ਵਾਕਫ ਬਣ ਗਈ ਜਦੋਂ ਉਹ ਅੰਮ੍ਰਿਤਸਰ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਭਾਗ ਲੈਣ ਆਈ। ਮਿਸ਼ਲੀਨ ਨੇ ਦੋਹਰੀ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਹੈ ਪਰੰਤੂ ਉਸਦੀ ਸ਼ਾਦੀ ਜਲਦੀ ਹੋ ਗਈ ਜਿਸ ਕਰਕੇ ਉਸਨੇ ਸਾਰੀ ਪੜ੍ਹਾਈ ਵਡੇਰੀ ਉਮਰ ‘ਚ ਪੂਰੀ ਕੀਤੀ। ਹੁਣ ਉਹ ਹਾਈ ਸਕੂਲ ਵਿਚ ਮੁਖ-ਅਧਿਆਪਕਾ ਹੈ ਅਤੇ ਆਪਣੀ ਭੁਚਾਲਾਂ ਸਬੰਧੀ ਖੋਜ ਕਰਕੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਹੈ। ਜਦੋਂ ਅਸੀਂ ਛੇ ਵਜੇ ਦੇ ਕਰੀਬ ਉਸ ਦੇ ਫਾਰਮ ਹਾਊਸ ਤੇ ਪਹੁੰਚੇ ਤਾਂ ਮਿਸ਼ਲੀਨ ਪੰਜਾਬੀ ਪਹਿਰਾਵੇ ਵਿਚ ਅੰਮ੍ਰਿਤਸਰੀ ਸ਼ਾਲ ਦੀ ਬੁੱਕਲ ਮਾਰੀ ਸਾਡੇ ਸਵਾਗਤ ਵਿਚ ਹਾਜਰ ਖੜੀ ਸੀ। ਉਹ ਮੈਨੂੰ ਬੜੇ ਤਪਾਕ ਨਾਲ ਮਿਲੀ ਅਤੇ ਮੇਰੀ ਘਰ ਵਾਲੀ ਅਤੇ ਬੱਚਿਆਂ ਦਾ ਹਾਲ ਪੁੱਛਿਆ। ਮੈਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਂ ਆਪਣੇ ਪ੍ਰੀਵਾਰ ‘ਚ ਹੀ ਵਿਚਰ ਰਿਹਾ ਹੋਵਾਂ। ਮੇਰੇ ਲਈ ਘਰ ਵਿਚ ਉਚੇਚਾ ਪ੍ਰਬੰਧ ਕੀਤਾ ਗਿਆ। ਮਿਸ਼ਲੀਨ ਨੂੰ ਸ਼ਾਕਾਹਾਰੀ ਭੋਜਨ ਤਿਆਰ ਕਰਨਾ ਪਿਆ। ਖਾਣੇ ਤੋਂ ਪਹਿਲਾਂ ਅਸੀਂ ਉਸ ਦੇ ਪਿੰਡ ਦਾ ਚੱਕਰ ਲਗਾਇਆ। ਮੱਕੀ ਦੇ ਲਹਿਲਹਾਂਦੇ ਖੇਤ ਅਤੇ ਗਾਈਆਂ ਦੇ ਵੱਗ ਚਰ ਰਹੇ ਸਨ। ਖੇਤਾਂ ਵਿਚੋਂ ਤਾਜਾ ਦੇਸੀ ਰੂੜੀ ਦੀ ਮੁਸ਼ਕ ਆ ਰਹੀ ਸੀ। ਵਧੇਰੇ ਖੇਤੀ ਬਰਸਾਤ ਉਪਰ ਨਿਰਭਰ ਹੈ ਪਰ ਇਸ ਪਿੰਡ ਦੀ ਅੰਤਰ-ਰਾਸ਼ਟਰੀ ਪ੍ਰਸਿੱਧੀ ਦਾ ਕਾਰਨ ਇਕ ਨਹਿਰ ਹੈ ਜੋ ਜਪਾਨੀ ਇੰਜੀਨੀਅਰਾਂ ਨੇ ਤਿਆਰ ਕਰਵਾਈ ਹੈ। ਰੋਂਕੀਐਰ ਪਿੰਡ ਦੀ ਇਹ ਨਹਿਰ ਨੀਵੇਂ ਪਾਸੇ ਤੋਂ ਉਚਾਈ ਵੱਲ ਵਹਿੰਦੀ ਹੈ ਅਤੇ ਇਸ ਦੇ ਪਾਣੀ ਨੂੰ 200 ਮੀਟਰ ਦੀ ਉਚਾਈ ਤੱਕ ਬਗੈਰ ਕਿਸੇ ਪੰਪ ਦੀ ਮੱਦਦ ਤੋਂ ਪਹੁੰਚਾਇਆ ਗਿਆ ਹੈ। ਇਸ ਨੂੰ ਹੁਣ ਇਕ ਵਿਸ਼ਵ ਅਜੂਬਾ ਹੀ ਮੰਨਿਆ ਜਾਂਦਾ ਹੈ।

18 ਸਤੰਬਰ ਨੂੰ ਮੇਰਾ ਪ੍ਰੋਗਰਾਮ ਮੋਂਸ ਸ਼ਹਿਰ ਦੀ ਟੈਕਨੀਕਲ ਯੂਨੀਵਰਸਿਟੀ ਵੇਖਣ ਦਾ ਬਣ ਗਿਆ। ਪ੍ਰੋ. ਚਾਰਲੇ ਨੇ ਆਪਣੇ ਸਟਾਫ਼ ਦੀ ਡਿਊਟੀ ਲਗਾ ਰੱਖੀ ਸੀ ਕਿਉਂਕਿ ਆਪ ਉਹ ਬਹੁਤ ਹੀ ਮਸਰੂਫ ਸੀ। ਮੈਨੂੰ ਸਵੇਰੇ ਸੱਤ ਵਜੇ ਇਕ ਬੀਬੀ ਕਾਰ ਤੇ ਲੈਣ ਆ ਗਈ। ਉਸ ਵਿਚਾਰੀ ਨੇ ਆਪਣੇ ਬੱਚੇ ਨੂੰ ਪਿਛਲੀ ਸੀਟ ਤੇ ਕੁਰਸੀ ਵਿਚ ਬੰਨਿਆ ਹੋਇਆ ਸੀ। ਜਦੋਂ ਮੈਂ ਕਾਰ ਵਿਚ ਬੈਠਾ ਤਾਂ ਬੱਚਾ ਹੈਰਾਨ ਪਰੇਸ਼ਾਨ ਹੋ ਕੇ ਤੱਕਣ ਲੱਗਾ। ਮੋਂਸ ਤੱਕ ਦਾ ਸਾਰਾ ਸਫਰ ਬੈਲਜ਼ੀਅਮ ਦੇ ਪਿੰਡਾਂ ਥਾਣੀਂ ਸੀ। ਭਾਵੇਂ ਇਸ ਦੇਸ਼ ਦਾ ਰਕਬਾ ਪੰਜਾਬ ਤੋਂ ਥੋੜ੍ਹਾ ਵੱਡਾ ਹੈ ਪਰੰਤੂ ਇਥੇ ਦਸਤਕਾਰੀ ਅਤੇ ਡੇਅਰੀ ਦਾ ਕੰਮ ਬਹੁਤ ਜੋਰਾਂ ਤੇ ਹੋਣ ਕਰਕੇ ਖੁਸ਼ਹਾਲੀ ਪੰਜਾਬ ਤੋਂ ਵਧੇਰੇ ਹੈ। ਲੋਕਾਂ ਦੀ ਖੁਰਾਕ ਵੀ ਬਿਹਤਰ ਹੈ ਅਤੇ ਇਹ ਪੰਜਾਬ ਦੇ ਜੱਟਾਂ ਨਾਲੋਂ ਔਸਤਨ ਘੱਟ ਸ਼ਰਾਬ ਪੀਂਦੇ ਹਨ। ਮੋਂਸ ਪਹੁੰਚ ਕੇ ਪਤਾ ਲਗਾ ਕਿ ਯੂਨੀਵਰਸਿਟੀ ਖੁੱਲ੍ਹਣ ਦਾ ਪਹਿਲਾ ਹਫਤਾ ਹੋਣ ਕਰਕੇ ਸਾਰੇ ਵਿਦਿਆਰਥੀ ਰੰਗ ਰਲੀਆਂ ਮਨਾ ਰਹੇ ਹਨ ਅਤੇ ਬਜ਼ਾਰਾਂ ਵਿਚ ਘੁੰਮ ਕੇ ਪਬਲਿਕ ਤੋਂ ਫੰਡ ਇੱਕਠਾ ਕਰ ਰਹੇ ਹਨ। ਨਵੇਂ ਦਾਖਲ ਹੋਏ ਵਿਦਿਆਰਥੀ ਕਈ ਭਾਂਤ ਦੇ ਪਹਿਰਾਵੇ ਪਹਿਨ ਕੇ ਘੁੰਮ ਰਹੇ ਸਨ। ਬਜ਼ਾਰ ਵਿਚ ਉਹ ਮੇਰੇ ਦਵਾਲੇ ਵੀ ਆ ਹੋਏ ਅਤੇ ਕੁਝ ਰਕਮ ਦਾਨ ਵਜੋਂ ਲੈ ਕੇ ਚਲਦੇ ਬਣੇ। ਇਕੱਠੀ ਕੀਤੀ ਰਕਮ ਉਹ ਸਾਲ ਭਰ ਆਪਣੇ ਸਭਿਆਚਾਰਕ ਪ੍ਰੋਗਰਾਮਾਂ ਉਪਰ ਖਰਚ ਕਰਦੇ ਹਨ।

ਦੁਪਹਿਰ ਦਾ ਖਾਣਾ ਖਾ ਕੇ ਮੈਂ ਮਿਸ ਦੋਰੇਮਾਸ ਨਾਲ ਮੋਂਸ ਦਾ ਇਤਿਹਾਸਕ ਗਿਰਜਾ ਘਰ ਵੇਖਣ ਗਿਆ। ਇਸ ਦੀਆਂ ਦੀਵਾਰਾਂ ਉਪਰ ਈਸਾ ਮਸੀਹ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਉਕਰੀਆਂ ਹੋਈਆਂ ਹਨ। ਇਸ ਗਿਰਜਾਘਰ ਅੰਦਰ ਇਕ ਪੁਰਾਤਨ ਰੱਥ ਹੈ ਜਿਸ ਨਾਲ ਸੰਬੰਧਿਤ ਇਕ ਦਿਲਚਸਪ ਕਹਾਣੀ ਜੁੜੀ ਹੋਈ ਹੈ। ਸਾਲ 1348 ਈਸਵੀ ਵਿਚ ਜਦੋਂ ਯੂਰਪ ਵਿਚ ਭਿਆਨਕ ਪਲੇਗ ਫੈਲ ਗਈ ਤਾਂ ਇਸ ਸ਼ਹਿਰ ਦੀ ਰੋਮਨ ਕੈਥੋਲਿਕ ਸੰਤ ਔਰਤ, ਬੀਬੀ ਵੌਂਦਰੂ ਨੇ ਮੋਂਸ ਦੇ ਲੋਕਾਂ ਨੂੰ ਪਲੇਗ ਦੀ ਕਰੋਪੀ ਤੋਂ ਬਚਾ ਲਿਆ। ਹਰ ਸਾਲ ਅਕਤੂਬਰ ਦੇ ਮਹੀਨੇ ਉਸ ਦੀ ਯਾਦ ਵਿਚ ਸੋਨੇ ਦੇ ਰੱਥ ਨਾਲ ਸਾਰੇ ਸ਼ਹਿਰ ਵਿਚ ਜਲੂਸ ਕੱਢਿਆ ਜਾਂਦਾ ਹੈ। ਇਸ ਭਾਰੇ ਰੱਥ ਨੂੰ ਚਾਰ ਘੋੜੇ ਖਿੱਚਦੇ ਹਨ ਅਤੇ ਸ਼ਹਿਰ ਦੇ ਲੋਕ ਇਸ ਜਲੂਸ ਵਿਚ ਸ਼ਾਮਲ ਹੁੰਦੇ ਹਨ। ਜੇਕਰ ਘੋੜੇ ਰੱਥ ਨੂੰ ਸਹੀ ਸਲਾਮਤ ਗਿਰਜਾ ਘਰ ਵਿਚ ਲੈ ਚੜ੍ਹਨ ਤਾਂ ਇਸ ਨੂੰ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ। ਜਿਸ ਸਾਲ ਰੱਥ ਉਪਰ ਨਾ ਚੜ੍ਹੇ ਮੋਂਸ ਸ਼ਹਿਰ ਤੇ ਕਰੋਪੀ ਵਾਪਰਦੀ ਹੈ। ਪਹਿਲੀ ਅਤੇ ਦੂਸਰੀ ਵਿਸ਼ਵ ਜੰਗ ਸਮੇਂ ਇਹ ਭਾਣਾ ਵਰਤਿਆ ਜਿਸ ਕਰਕੇ ਲੋਕਾਂ ਦਾ

ਅਕੀਦਾ ਬਣ ਗਿਆ ਹੈ ਕਿ ਸ਼ਹਿਰ ਦੀ ਰਖਵਾਲੀ ਇਹ ਸੰਤ ਬੀਬੀ ਵੌਂਦਰੂ ਹੀ ਕਰਦੀ ਹੈ। ਮੈਂ ਵੀ ਇਸ ਸੋਨੇ ਦੇ ਰੱਥ ਦੇ ਦੀਦਾਰ ਕੀਤੇ ਅਤੇ ਉਸ ਮਹਾਨ ਸੰਤ ਦੀ ਯਾਦ ਅੱਗੇ ਸੀਸ ਝੁਕਾਇਆ।

ਮੌਂਸ ਸ਼ਹਿਰ ਵਿਚ ਕਈ ਪੁਰਾਣੇ ਕਿਲੇ ਹਨ। ਰੋਮਨ ਬਾਦਸ਼ਾਹਾਂ ਦੇ ਵੇਲੇ ਦੇ ਖੰਡਰ ਵੀ ਮੌਜੂਦ ਹਨ। ਸ਼ਾਮ ਦੇ ਪੰਜ ਵਜੇ ਅਸੀਂ ਮਿਸ਼ਲੀਨ ਦੇ ਪਿੰਡ ਰੋਂਕੀਐਰ ਪਰਤ ਆਏ। ਮੇਰੀ ਤਮੰਨਾ ਸੀ ਕਿ ਵਾਟਰਲੂ ਦਾ ਰਣਖੇਤਰ ਵੇਖਿਆ ਜਾਵੇ ਜਿਥੇ ਨੈਪੋਲੀਅਨ ਵਰਗਾ ਮਹਾਨ ਜਰਨੈਲ ਅੰਗਰੇਜ਼ਾਂ ਤੋਂ ਹਾਰ ਗਿਆ ਸੀ। ਮਿਸ਼ਲੀਨ ਵਾਟਰਲੂ ਕਸਬੇ ਦੇ ਕੋਲ ਹੀ ਪੜ੍ਹਾਉਂਦੀ ਹੈ। ਅਸੀਂ ਕਾਰ ਤੇ ਸਵਾਰ ਹੋ ਕੇ ਪਿੰਡਾਂ ਦੇ ਰਸਤੇ ਵਾਟਰਲੂ ਪਹੁੰਚ ਗਏ। ਇਥੇ ਇਕ ਟਿੱਲੇ ਤੇ ਸ਼ੇਰ ਦਾ ਬੁੱਤ ਬਣਿਆ ਹੋਇਆ ਹੈ ਅਤੇ ਯਾਤਰੀ ਪੌੜੀਆਂ ਦੇ ਰਸਤੇ ਉਪਰ ਚੜ੍ਹਦੇ ਹਨ। ਫਰਾਂਸ ਸਰਕਾਰ ਦੇ ਕਹਿਣ ਤੇ ਹੁਣ ਨੈਪੋਲੀਅਨ ਦੀ ਯਾਦ ਵਿਚ ਇਕ ਚਟਾਨ ਵੀ ਲਗਾਈ ਗਈ ਹੈ ਅਤੇ ਉਸਦੀ ਬਹਾਦਰੀ ਦੇ ਕਾਰਨਾਮੇ ਉਕਰੇ ਗਏ ਹਨ। ਅਜੇ ਵੀ ਵਾਟਰਲੂ ਦਾ ਆਲਾ ਦੁਆਲਾ ਪੱਧਰ ਧਰਤੀ ਦਾ ਪ੍ਰਤੀਕ ਹੈ।

19 ਸਤੰਬਰ ਸਵੇਰੇ ਪੰਜ ਵਜੇ ਅਸੀਂ ਬਰਸੱਲਜ਼ ਸ਼ਹਿਰ ਵੱਲ ਰਵਾਨਾ ਹੋ ਪਏ ਅਤੇ 6 ਵਜੇ ਦੀ ਗੱਡੀ ਤੇ ਸਵਾਰ ਹੋ ਕੇ ਮੈਂ ਜਰਮਨੀ ਦੇ ਸ਼ਹਿਰ ਫਰੈਂਕਫਰਟ ਪਹੁੰਚ ਗਿਆ। ਮੈਂ ਬੈਲਜ਼ੀਅਮ ਦੇ ਸ਼ਹਿਰਾਂ ਅਤੇ ਪਿੰਡਾਂ ਦਾ ਦੌਰਾ ਕਰਕੇ ਬਹੁਤ ਪ੍ਰਸੰਨ ਹੋਇਆ।

## ਮਿੱਤਰਾਂ ਦਾ ਦੇਸ – ਹੰਗਰੀ

ਪੂਰੇ ਪੰਦਰਾਂ ਸਾਲਾਂ ਬਾਅਦ ਹੰਗਰੀ ਜਾਣ ਦਾ ਇਕ ਹੋਰ ਮੌਕਾ ਮਿਲ ਗਿਆ ਜਦੋਂ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਨੇ ਮੇਰੀ ਚੋਣ ਕਰ ਲਈ। ਹੰਗਰੀ ਦੇ ਵਿਗਿਆਨੀ ਇਕ ਅੰਤਰ-ਰਾਸ਼ਟਰੀ ਕਾਨਫਰੰਸ ਦੌਰਾਨ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ ਵਾਪਸ ਪਰਤ ਕੇ ਆਪਣੀ ਅਕੈਡਮੀ ਰਾਹੀਂ ਮੈਨੂੰ ਹੰਗਰੀ ਆਉਣ ਦਾ ਸੱਦਾ ਭੇਜਿਆ। ਦੋਹਾਂ ਅਕੈਡਮੀਆਂ ਦੀ ਰਜਾਮੰਦੀ ਹੋ ਗਈ ਅਤੇ ਮੈਂ ਖੋਜ ਦੇ ਸਿਲਸਿਲੇ ਵਿਚ 14 ਸਤੰਬਰ (1997) ਨੂੰ ਬੁੱਡਾਪੈਸਟ ਪਹੁੰਚ ਗਿਆ। 13 ਸਤੰਬਰ ਨੂੰ ਮੈਂ ਅੰਮ੍ਰਿਤਸਰ ਤੋਂ ਰਵਾਨਾ ਹੋਇਆ ਤਾਂ ਮੇਰੀ ਘਰਵਾਲੀ ਨੇ ਮੇਰੇ ਹੰਗਰੀ ਦੇ ਦੋਸਤਾਂ ਲਈ ਢੇਰ ਸਾਰੇ ਤੋਹਫੇ ਖਰੀਦ ਦਿਤੇ। ਈਲੋਨਾ ਹੁਨਿਆਦੀ ਤਾਂ ਮੈਨੂੰ ਆਪਣਾ ਇੰਡੀਅਨ ਬਰੱਦਰ (ਭਰਾ) ਹੀ ਕਹਿੰਦੀ ਹੈ ਅਤੇ ਉਸ ਨੂੰ ਪੰਜਾਬੀ ਖਾਣਾ ਪਸੰਦ ਹੈ। ਉਸਦੀ ਮੰਗ ਸੀ ਕਿ ਮੈਂ ਗਰਮ ਮਸਾਲੇ, ਚਾਹ ਪੱਤੀ ਅਤੇ ਕੜ੍ਹੀ ਪੱਤੇ ਹੀ ਲੈ ਕੇ ਆਵਾਂ। ਭਾਵੇਂ ਮੈਂ ਕਿੰਨੇ ਚੱਕਰ ਯੂਰਪ ਦੇ ਲਗਾ ਚੁੱਕਾ ਹਾਂ ਪਰੰਤੂ ਹਰ ਵਾਰ ਸਫਰ ਦੀ ਤਿਆਰੀ ਕਾਫੀ ਜੋਖਮ ਭਰਿਆ ਕੰਮ ਹੋ ਜਾਂਦਾ ਹੈ। ਵੀਜ਼ੇ ਲੈਣ ਤੋਂ ਲੈ ਕੇ ਜਹਾਜ਼ ਵਿਚ ਸਵਾਰ ਹੋਣ ਤੱਕ ਕਈ ਜਫ਼ਰ ਜਾਲਣੇ ਪੈਂਦੇ ਹਨ। ਇਸ ਵਾਰ ਸਰਕਾਰੀ ਸੱਦਾ ਸੀ ਅਤੇ ਮੈਂ ਯੂਨੀਵਰਸਿਟੀ ਵਲੋਂ ਪਹਿਲਾਂ ਹੀ ਛੁੱਟੀ ਤੇ ਸਾਂ, ਸੋ ਸਾਰੀ ਕਾਰਵਾਈ ਕਰਕੇ ਏਅਰ ਇੰਡੀਆ ਦੇ ਜਹਾਜ ਰਾਹੀਂ ਫਰੈਂਕਫਰਟ ਪਹੁੰਚ ਗਿਆ। 14 ਸਤੰਬਰ ਨੂੰ ਫਰੈਂਕਫਰਟ ਜਹਾਜ਼ ਬਦਲੀ ਕਰਕੇ ਸਵੇਰੇ ਦਸ ਵਜੇ ਬੁੱਡਾਪੈਸਟ ਦੇ ਏਅਰਪੋਰਟ ਤੇ ਜਾ ਉਤਰਿਆ।

ਫਰੈਂਕਫਰਟ ਏਅਰਪੋਰਟ ਤੇ ਕਾਫੀ ਭੀੜ ਸੀ ਪਰੰਤੂ ਹੁਣ ਜਰਮਨੀ ਵਿਚ ਕਾਫੀ ਪੰਜਾਬੀ ਮੁੰਡੇ ਪਹੁੰਚ ਗਏ ਹਨ ਅਤੇ ਮੇਰੀ ਪਗੜੀ ਵੇਖ ਕੇ ਸਤਿ ਸਿਰੀ ਅਕਾਲ ਬੁਲਾ ਕੇ ਹਾਲ ਚਾਲ ਪੁੱਛਣ ਲੱਗ ਪਏ। ਹੰਗਰੀ ਜਾਣ ਲਈ ਜਹਾਜ਼ ਬਦਲਿਆ ਤਾਂ ਇਕ ਹੋਰ ਪੰਜਾਬੀ ਟੱਕਰ ਪਿਆ ਜੋ ਸ਼ਿਕਾਗੋ ਤੋਂ ਆਪਣੇ ਪੁੱਤਰ ਕੋਲ ਹੰਗਰੀ ਜਾ ਰਿਹਾ ਸੀ। ਭਾਰਤੀ ਮੂਲ ਦੇ ਬਹੁਤ ਸਾਰੇ ਵਿਦਿਆਰਥੀ ਅਮਰੀਕਾ ਤੋਂ ਹੰਗਰੀ ਦੀ ਮੈਡੀਕਲ ਯੂਨੀਵਰਸਿਟੀ ਵਿਚ ਡਾਕਟਰੀ ਦੀ ਸਿਖਿਆ ਲਈ ਹਰ ਸਾਲ ਆਉਂਦੇ ਹਨ। ਭਾਰਤੀ ਅਤੇ ਪੰਜਾਬੀ ਮਾਪਿਆਂ ਨੂੰ ਲਿੱਲ ਲੱਗੀ ਹੋਈ ਹੈ ਕਿ ਮੁੰਡਾ ਜਾਂ ਕੁੜੀ ਡਾਕਟਰ ਜ਼ਰੂਰ ਬਣ ਜਾਵੇ ਭਾਵੇਂ ਉਹ ਰੂਸ ਜਾਵੇ ਜਾਂ ਹੰਗਰੀ। ਅੱਜ ਕੱਲ ਵੈਸੇ ਵੀ ਅਮਰੀਕਨ ਡਾਲਰ ਦਾ ਬੋਲਬਾਲਾ ਹੈ, ਸੋ ਕਮਿਊਨਿਸਟ ਨਿਜ਼ਾਮ ਦੇ ਬਦਲਣ ਨਾਲ ਰੂਸੀ ਬਲਾਕ ਦੇ ਦੇਸ਼ਾਂ ਵਿਚ ਅਮਰੀਕਨ ਕਦਰਾਂ ਕੀਮਤਾਂ ਪ੍ਰਵਾਨ ਚੜ੍ਹ ਰਹੀਆਂ ਹਨ। ਮੇਰੀ ਇਸ ਵਿਸ਼ੇ ਤੇ ਇਕ ਪ੍ਰੋਫੈਸਰ ਨਾਲ ਗੱਲਬਾਤ ਹੋਈ ਤਾਂ ਕਹਿਣ ਲੱਗਾ ਕਿ ਕਮਿਊਨਿਜ਼ਮ ਨੇ ਸਭ ਨੂੰ ਰੋਟੀ, ਕੱਪੜਾ ਤੇ ਮਕਾਨ ਮੁਹੱਈਆ ਕਰਵਾ ਦਿਤਾ ਹੈ ਅਤੇ ਹੁਣ ਨੌਜਵਾਨ ਲੋਕ ਇਸ ਨਿਜ਼ਾਮ ਤੋਂ ਬੰਦ ਖਲਾਸੀ ਚਾਹੁੰਦੇ ਹਨ ਅਤੇ ਪੱਛਮੀ ਯੂਰਪ ਅਤੇ ਅਮਰੀਕਾ ਦੇ ਮਗਰ ਲੱਗ ਤੁਰੇ ਹਨ। ਕਮਿਊਨਿਜ਼ਮ ਨੇ ਸ਼ਖਸੀ ਅਜ਼ਾਦੀ ਖੋਹ ਰੱਖੀ ਸੀ ਅਤੇ ਅਰਥ ਵਿਵਸਥਾ ਦਾ ਢਾਂਚਾ ਖੋਖਲਾ ਸਿੱਧ ਹੋ ਜਾਣ ਕਰਕੇ ਰੂਸੀ ਬਲਾਕ ਦੇ ਸਾਰੇ ਦੇਸ਼ ਦਿਸ਼ਾ ਹੀਣ ਹੋ ਗਏ ਜਾਪਦੇ ਹਨ। ਸਿਵਾਏ ਪੂਰਬੀ ਜਰਮਨੀ ਦੇ ਬਾਕੀ ਸਾਰੇ ਅਜੇ ਡਿਕੋਡੋਲੇ ਖਾ ਰਹੇ ਹਨ।

ਏਅਰਪੋਰਟ ਤੇ ਮੈਨੂੰ ਲੈਣ ਲਈ ਇਕ ਨੌਜਵਾਨ ਭੌਤਿਕ ਵਿਗਿਆਨੀ ਆਇਆ ਹੋਇਆ ਸੀ ਜਿਸ ਦਾ ਨਾਮ ਇਸਤਵਾਨ ਚੀਗੇ ਹੈ। ਅਸੀਂ ਬੁੱਡਾਪੈਸਟ ਦੇ ਨੁਕਿਆਤੀ-ਪੂ ਰੇਲਵੇ ਸਟੇਸ਼ਨ ਤੇ ਪਹੁੰਚ ਗਏ ਅਤੇ ਦਿਬਰੀਤਸਨ ਜਾਣ ਵਾਲੀ ਗੱਡੀ ਦਾ ਇੰਤਜ਼ਾਰ

ਕਰਨ ਲੱਗੇ। ਐਤਵਾਰ ਦਾ ਦਿਨ ਹੋਣ ਕਰਕੇ ਬਜ਼ਾਰ ਖਾਲੀ ਸਨ। ਅਸੀਂ ਲਾਗਲੇ ਰੈਸਤੋਰਾਂ ਵਿਚ ਦੁਪਹਿਰ ਦਾ ਲੰਚ ਕੀਤਾ ਅਤੇ ਧੁੱਪ ਵੇਖ ਕੇ ਬਾਹਰਲੇ ਮੇਜ਼ ਤੇ ਹੀ ਬੈਠ ਗਏ। ਕੁਝ ਔਰਤਾਂ ਮੰਗਣ ਵਾਲੀਆਂ ਆ ਗਈਆਂ। ਚੀਗੇ ਨੇ ਦੱਸਿਆ ਕਿ ਹੰਗਰੀ ਵਿਚ ਜਿਪਸੀ ਜਾਂ ਰੋਮਾ ਲੋਕ ਦਸ ਲਖ ਦੇ ਕਰੀਬ ਹਨ ਅਤੇ ਇਨ੍ਹਾਂ ਦਾ ਪੇਸ਼ਾ ਮੰਗਣਾ ਅਤੇ ਗੌਣਾ ਹੀ ਹੈ। ਯੂਰਪ ਦੇ ਸਾਰੇ ਹੀ ਦੇਸ਼ਾਂ ਵਿਚ ਜਿਪਸੀ ਮਿਲ ਜਾਂਦੇ ਹਨ ਅਤੇ ਇਹ ਆਪਣੇ ਆਪ ਨੂੰ ਭਾਰਤ ਦੇ ਪੁਰਾਣੇ ਵਸਨੀਕ ਮੰਨਦੇ ਹਨ।

ਢਾਈ ਘੰਟੇ ਦੇ ਸਫਰ ਬਾਅਦ ਗੱਡੀ ਦਿਬਰੀਤਸਨ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਈ। ਪਲੇਟਫਾਰਮ ਤੇ ਮੇਰੀ ਭੈਣ ਈਲੋਨਾ ਹੁਨਿਆਦੀ ਇੰਤਜਾਰ ਕਰ ਰਹੀ ਸੀ। ਉਹ ਗਲ ਲਗ ਕੇ ਮਿਲੀ ਅਤੇ ਆਪਣੀ ਕਾਰ ਵਿਚ ਬੈਠਾ ਕੇ ਗੈਸਟ ਹਾਊਸ ਲੈ ਗਈ। ਈਲੋਨਾ ਨੇ ਮੇਰੇ ਲਈ ਰਾਤ ਦਾ ਖਾਣਾ ਤਿਆਰ ਕਰ ਰੱਖਿਆ ਸੀ। ਸ਼ਾਕਾਹਾਰੀ ਭੋਜਨ, ਸਵੇਰ ਦਾ ਨਾਸ਼ਤਾ ਅਤੇ ਮੇਰੀ ਚਾਹ ਦਾ ਪੂਰਾ ਸਮਾਨ ਉਹ ਮੇਰੇ ਕਮਰੇ ਵਿਚ ਰੱਖ ਗਈ। ਗੈਸਟ ਹਾਊਸ ਦੇ ਹਰ ਕਮਰੇ ਵਿਚ ਇਕ ਰਸੋਈ ਬਣੀ ਹੋਈ ਹੈ ਅਤੇ ਲੋੜ ਅਨੁਸਾਰ ਖਾਣਾ ਤਿਆਰ ਕਰਨ ਦਾ ਸਮਾਨ ਵੀ ਮਿਲ ਜਾਂਦਾ ਹੈ ਪਰੰਤੂ ਇਥੇ ਨੌਕਰ ਚਾਕਰ ਨਹੀਂ ਹੁੰਦੇ ਅਤੇ ਸਾਰਾ ਕੰਮ ਆਪ ਹੀ ਕਰਨਾ ਪੈਂਦਾ ਹੈ। ਪੰਦਰਾਂ ਸਾਲ ਪਹਿਲਾਂ ਵੀ ਮੈਂ ਇਸੇ ਗੈਸਟ ਹਾਊਸ ਵਿਚ ਦੋ ਰਾਤਾਂ ਗੁਜਾਰ ਕੇ ਇਟਲੀ ਪਰਤ ਗਿਆ ਸਾਂ ਅਤੇ ਹੁਣ ਵੀ ਮੇਰੀ ਯਾਤਰਾ ਇਟਲੀ ਜਾ ਕੇ ਹੀ ਖਤਮ ਹੋਣੀ ਹੈ।

15 ਸਤੰਬਰ ਨੂੰ ਮੈਂ ਸਵੇਰੇ ਛੇ ਵਜੇ ਹੀ ਉਠ ਖਲੋਤਾ। ਅਜੇ ਸੂਰਜ ਨਹੀਂ ਨਿਕਲਿਆ ਸੀ ਅਤੇ ਪੰਜਾਬ ਦੀਆਂ ਸਰਦੀਆਂ ਜਿੰਨੀ ਠੰਡ ਸੀ। ਸੜਕਾਂ ਖਾਲੀ ਸਨ, ਮੈਂ ਸਵੇਰ ਦੀ ਸੈਰ ਲਈ ਨਿਕਲ ਤੁਰਿਆ। ਓਪਰੇ ਥਾਂ ਕੁਝ ਡਰ ਵੀ ਲਗਦਾ ਹੈ ਕਿ ਮਤਾ ਰਾਹ ਹੀ ਭੁੱਲ ਜਾਈਏ। ਮੈਂ ਕੋਸ਼ੁੱਥ ਯੂਨੀਵਰਸਿਟੀ ਵਾਲੀ ਸੜਕ ਪੈ ਗਿਆ ਜੋ ਮੇਰੀ ਯਾਦ ਦਾ ਹਿੱਸਾ ਬਣ ਚੁੱਕੀ ਹੈ। ਗਲੀਆਂ ਦੇ ਮੋੜਾਂ ਤੇ ਸਵਾਣੀਆਂ ਮਿਲੀਆਂ ਜੋ ਕੰਮੇ ਧੰਦੇ ਨੂੰ ਜਾ ਰਹੀਆਂ ਸਨ। ਦਰਅਸਲ, ਸਫਾਈ ਕਰਮਚਾਰੀ ਸੱਤ ਵਜੇ ਹੀ ਡਿਊਟੀ ਤੇ ਹਾਜ਼ਰ ਹੋ ਕੇ ਸਫਾਈ ਕਰ ਜਾਂਦੇ ਹਨ ਅਤੇ ਅੱਠ ਵਜੇ ਦੇ ਕਰੀਬ ਦਫ਼ਤਰ ਖੁੱਲ ਜਾਂਦੇ ਹਨ। ਸਿਰਫ ਭਾਰਤ ਹੀ ਅਜਿਹਾ ਦੇਸ ਹੈ ਜਿਥੇ ਸਫਾਈ ਵੱਲ ਕੋਈ ਧਿਆਨ ਨਹੀਂ ਦੇਂਦਾ ਅਤੇ ਸਰਕਾਰੀ ਦਫਤਰਾਂ ਦੀ ਤਾਂ ਗੱਲ ਹੀ ਛੱਡੋ।

ਨੌ ਵਜੇ ਦੇ ਕਰੀਬ ਈਲੋਨਾ ਆਈ ਅਤੇ ਆਪਣੀ ਪ੍ਰਯੋਗਸ਼ਾਲਾ ਵਿਖੇ ਲੈ ਗਈ। 1982 ਵਿਚ ਇਸ ਪ੍ਰਯੋਗਸ਼ਾਲਾ ਦਾ ਡਾਇਰੈਕਟਰ ਜਾਰਜ ਸ਼ੋਮੋਜੀ ਸੀ ਜਿਸ ਦੇ ਸੱਦੇ ਉਪਰ ਮੈਂ ਇਟਲੀ ਤੋਂ ਦਿਬਰੀਤਸਨ ਗਿਆ ਸਾਂ। 1987 ਵਿਚ ਸ਼ੋਮੋਜੀ ਦੀ ਮੌਤ ਹੋ ਗਈ ਅਤੇ ਈਲੋਨਾ ਨੂੰ ਪ੍ਰਯੋਗਸ਼ਾਲਾ ਦੀ ਦੇਖ ਰੇਖ ਦਾ ਕੰਮ ਸੰਭਾਲਣਾ ਪਿਆ। ਸ਼ੋਮੋਜੀ ਇਕ ਉਘਾ ਵਿਗਿਆਨੀ ਸੀ ਅਤੇ ਉਹ ਹਰਦਮ ਖੋਜ ਵਿਚ ਰੁੱਝਿਆ ਰਹਿੰਦਾ। ਮਰਨ ਸਮੇਂ ਵੀ ਉਹ 'ਬੁੱਕ' ਪਹਾੜ ਦੀਆਂ ਕੰਦਰਾਂ ਵਿਚ ਖੋਜ ਕੰਮ ਕਰ ਰਿਹਾ ਸੀ। ਅਜੇ ਕੰਦਰ ਵਿਚੋਂ ਬਾਹਰ ਨਿਕਲਿਆ ਹੀ ਸੀ ਕਿ ਦਿਲ ਦਾ ਦੌਰਾ ਪੈ ਗਿਆ ਅਤੇ ਉਥੇ ਹੀ ਮੌਤ ਹੋ ਗਈ। ਉਸ ਨੇ ਕੁਝ ਦਿਨਾਂ ਬਾਅਦ ਕਲਕੱਤੇ ਅਤੇ ਅੰਮ੍ਰਿਤਸਰ ਆਉਣਾ ਸੀ। ਪਹਿਲਾਂ ਮੈਂ ਸੱਦਾ ਪੱਤਰ ਭੇਜਿਆ ਅਤੇ ਜਦੋਂ ਕਲਕੱਤੇ ਕਾਨਫਰੰਸ ਤੇ ਉਸਦੀ ਮੌਤ ਦੀ ਖਬਰ ਮਿਲੀ ਤਾਂ ਮੈਂ ਉਸਦਾ ਮਰਸੀਆ ਲਿਖ ਕੇ ਇਕ ਕਾਪੀ ਈਲੋਨਾ ਨੂੰ ਭੇਜੀ।

ਪ੍ਰਯੋਗਸ਼ਾਲਾ ਦੇ ਚੱਕਰ ਤੋਂ ਬਾਅਦ ਅਸੀਂ ਅਗਲੇ ਦੋ ਹਫਤਿਆਂ ਦਾ ਪ੍ਰੋਗਰਾਮ ਤੈਹ ਕੀਤਾ। ਮੇਰੇ ਦੋ ਭਾਸ਼ਣ ਹੋਣੇ ਸਨ, ਇਕ ਸਾਡੀ ਖੋਜ ਸੰਬੰਧੀ ਅਤੇ ਦੂਸਰਾ ਪੰਜਾਬ ਦੀ ਕਲਚਰ ਸਬੰਧੀ। ਦੁਪਹਿਰ ਦਾ ਲੰਚ ਕਰਨ ਅਸੀਂ ਕੋਸ਼ੁੱਥ ਯੂਨੀਵਰਸਿਟੀ ਦੇ ਰੈਸਤੋਰਾਂ ਵਿਚ ਗਏ। ਇਥੇ ਸ਼ਾਕਾਹਾਰੀ ਭੋਜਨ ਤਾਂ ਨਹੀਂ ਮਿਲਦਾ ਪਰੰਤੂ ਮੇਰੇ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਚਾਵਲ ਅਤੇ ਰਾਜਮਾਂਹ, ਕਮਾਲ ਦਾ ਭੋਜਨ ਮਿਲ ਗਿਆ। ਯੂਨੀਵਰਸਿਟੀ ਲਾਇਬਰੇਰੀ ਦਾ ਚੱਕਰ ਲਗਾ ਕੇ ਅਸੀਂ ਪ੍ਰਬੰਧਕੀ ਬਲਾਕ ਦੇ ਸਾਹਮਣੇ ਪਾਰਕ ਵਿਚ ਧੁੱਪ ਸੇਕਣ ਬੈਠ ਗਏ। ਕੁਦਰਤੀ 15 ਸਤੰਬਰ ਯੂਨੀਵਰਸਿਟੀ ਅਕਾਦਮਿਕ ਸੈਸ਼ਨ ਦਾ ਪਹਿਲਾ ਦਿਨ ਸੀ ਅਤੇ ਸਾਰੇ ਪਾਸੇ ਵਿਦਿਆਰੀਥਆਂ ਦੀ ਗਹਿਮਾ ਗਹਿਮ ਸੀ। ਈਲੋਨਾ ਨੇ ਦੱਸਿਆ ਕਿ ਯੂਨੀਵਰਸਿਟੀ ਸੈਸ਼ਨ ਇਕ ਤੇਜ ਗੱਡੀ ਵਾਂਗ ਸ਼ੁਰੂ ਹੋ ਜਾਂਦਾ ਹੈ ਅਤੇ ਸੀਮੈਸਟਰ ਦੇ ਅਖੀਰ ਤੱਕ ਚਲਦਾ ਹੈ। ਇਕ ਦਿਨ ਦਾਖਲਾ, ਦੂਸਰੇ ਦਿਨ ਜਾਣ ਪਹਿਚਾਣ ਅਤੇ ਤੀਸਰੇ ਦਿਨ ਕੋਰਸ ਦਾ ਕੰਮ ਸ਼ੁਰੂ। ਮੈਨੂੰ ਇਸ ਸਾਲ ਅੰਮ੍ਰਿਤਸਰ ਦਾ ਵਾਕਿਆ ਯਾਦ ਆ ਗਿਆ, ਬੀ.ਐਡ. ਦਾ ਦਾਖਲਾ ਹੀ ਦੋ ਮਹੀਨੇ ਚੱਲਦਾ ਰਿਹਾ ਅਤੇ ਕੋਰਸ ਨਾਲੋਂ ਦਾਖਲਾ ਵਧੇਰੇ ਜੋਖ਼ਮ ਭਰਿਆ ਕੰਮ ਹੋ ਨਿਬੜਿਆ ਹੈ। ਧੰਨ ਹਨ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ।

ਪ੍ਰਯੋਗਸ਼ਾਲਾ ਪਰਤਣ ਤੋਂ ਪਹਿਲਾਂ ਅਸੀਂ ਯੂਨੀਵਰਸਿਟੀ ਦੇ ਨੇੜੇ ਹੀ ਕਬਰਸਤਾਨ ਕੋਲੋਂ ਦੀ ਲੰਘ ਰਹੇ ਸਾਂ। ਈਲੋਨਾ ਨੇ ਰਾਏ ਦਿਤੀ ਕਿ ਮੈਂ ਸ਼ੋਮੋਜੀ ਦੀ ਕਬਰ ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰ ਸਕਦਾ ਹਾਂ। ਇਸ ਤੋਂ ਹੋਰ ਚੰਗਾ ਮੌਕਾ ਕੀ ਮਿਲੇਗਾ ਕਿ ਹੰਗਰੀ ਆ ਕੇ ਵੀ ਆਪਣੇ ਦੋਸਤ ਵਿਗਿਆਨੀ ਦੀ ਕਬਰ ਨਾ ਵੇਖਾਂ। ਈਸਾਈਆਂ ਦੇ ਕਬਰਸਤਾਨ ਕਿਸੇ ਪਾਰਕ ਤੋਂ ਘੱਟ ਸ਼ਾਨਦਾਰ ਨਹੀਂ ਹੁੰਦੇ। ਮੈਂ ਪੈਰਿਸ, ਜ਼ਗਰੈਬ ਅਤੇ ਵੀਨਸ ਦੇ ਕਬਰਸਤਾਨ ਦੇਖ ਕੇ ਦੰਗ ਰਹਿ ਗਿਆ ਸਾਂ। ਦਿਬਰੀਤਸਨ ਦਾ ਕਬਰਸਤਾਨ ਵੀ ਕਈ ਮੀਲਾਂ ਵਿਚ ਫੈਲਿਆ ਹੋਇਆ ਹੈ। ਸਾਡੇ ਜਾਣ ਤੋਂ ਪਹਿਲਾਂ ਉਸ ਦਿਨ ਦਸ ਵਿਅਕਤੀ ਦਫਨਾਏ ਜਾ ਚੁੱਕੇ ਸਨ ਅਤੇ ਗਿਆਰਵੇਂ ਦੇ ਨੜੋਏ ਵਿਚ ਸ਼ਾਮਲ ਹੋ ਕੇ ਅਸੀਂ ਈਸਾਈ ਧਰਮ ਦਾ ਕਿਰਿਆ ਕਰਮ ਵੇਖਿਆ। ਸਾਰੇ ਪਾਸੇ ਚੁੱਪ ਦਾ ਮਾਹੌਲ ਸੀ ਅਤੇ ਕੋਈ ਵੀ ਰੋ ਕੁਰਲਾ ਨਹੀਂ ਸੀ ਰਿਹਾ। ਨਜ਼ਦੀਕੀ ਰਿਸ਼ਤੇਦਾਰ

ਕਾਲੇ ਕੱਪੜੇ ਪਾ ਕੇ ਸੋਗ ਮਨਾ ਰਹੇ ਸਨ। ਜਦੋਂ ਮਿਰਤਕ ਦੇਹ ਚੰਦਨ ਦੀ ਲਕੜੀ ਦੇ ਬਕਸੇ ਵਿਚ ਪਾ ਕੇ ਕਬਰ ਵਿਚ ਉਤਾਰੀ ਗਈ ਤਾਂ ਪਾਦਰੀ ਨੇ ਪ੍ਰਾਰਥਨਾ ਕਰਕੇ ਸ਼ਬਦ ਪੜ੍ਹਿਆ। ਮੌਤ ਦੀ ਘੰਟੀ ਵੱਜਦੀ ਰਹੀ ਅਤੇ ਕਾਫਲਾ ਪਰਤ ਗਿਆ।

ਅੰਦਰ ਦਾਖਲ ਹੋਣ ਲੱਗਿਆਂ ਮੈਂ ਫੁੱਲਾਂ ਦਾ ਗੁਲਦਸਤਾ ਖਰੀਦ ਰੱਖਿਆ ਸੀ। ਸ਼ੋਮੋਜੀ ਦੀ ਕਬਰ ਤੇ ਪਏ ਸੁੱਕੇ ਫੁੱਲਾਂ ਨੂੰ ਪਰਾਂ ਕਰਕੇ ਤਾਜਾ ਫੁੱਲਾਂ ਨੂੰ ਅਰਪਨ ਕੀਤਾ ਗਿਆ। ਈਲੋਨਾ ਨੇ ਆਪਣੇ ਮਾਪਿਆਂ ਦੀ ਕਬਰ ਤੇ ਫੁੱਲ ਭੇਟ ਕੀਤੇ ਅਤੇ ਅਸੀਂ ਦੋਵੇਂ ਨਿੱਘੀਆਂ ਯਾਦਾਂ ਦੀ ਖੁਸ਼ਬੋ ਲੈ ਕੇ ਪ੍ਰਯੋਗਸ਼ਾਲਾ ਵਿਚ ਪਰਤ ਆਏ।

~~~

## ਹੰਗਰੀ ਦੇ ਪਿੰਡਾਂ ਦੀ ਸੈਰ

17 ਸਤੰਬਰ (1997) ਸਵੇਰੇ ਹੀ ਈਲੋਨਾ ਆਪਣੇ ਪੁੱਤਰ ਬਲਾਜ਼ ਸਮੇਤ ਗੈਸਟ ਹਾਊਸ ਪਹੁੰਚ ਗਈ। ਅਸੀਂ 'ਬੁਕ' ਦੇ ਪਹਾੜੀ ਇਲਾਕੇ ਵੱਲ ਚਾਲੇ ਪਾ ਦਿਤੇ। ਇਸ ਪਹਾੜ ਦੀਆਂ ਕੰਦਰਾਂ ਵਿਚ ਸ਼ੋਮੋਜੀ ਨੇ ਰੇਡਾਨ ਗੈਸ ਦੀ ਉਤਪਤੀ ਬਾਰੇ ਕਈ ਸਾਲ ਨਿਰੰਤਰ ਖੋਜ ਕੀਤੀ ਸੀ। ਜਿਸ ਤਰ੍ਹਾਂ ਕਸ਼ਮੀਰ ਵਿਚ ਅਮਰਨਾਥ ਦੀ ਗੁਫਾ ਹੈ ਅਤੇ ਸ਼ਿਵਲਿੰਗ ਦੀ ਪੂਜਾ ਹੁੰਦੀ ਹੈ। ਇਸੇ ਤਰ੍ਹਾਂ ਹੀ ਹੰਗਰੀ ਦੇ ਕਈ ਪਹਾੜਾਂ ਵਿਚ ਗੁਫਾਵਾਂ ਬਣੀਆਂ ਹੋਈਆਂ ਹਨ ਜਿਥੇ ਯਾਤਰੀ ਘੁੰਮ ਫਿਰ ਸਕਦੇ ਹਨ। ਦਰਅਸਲ, ਕਾਰਸਟਿਕ ਕਿਸਮ ਦੇ ਪਹਾੜਾਂ ਵਿਚ ਜਦੋਂ ਪਾਣੀ ਝਰਦਾ ਹੈ ਤਾਂ ਗੁਫਾਵਾਂ ਵਿਚ ਸਟੈਲਕੇਮਾਈਟ ਬਣ ਜਾਂਦੇ ਹਨ ਜੋ ਸ਼ਿਵਲਿੰਗ ਦਾ ਰੂਪ ਧਾਰ ਲੈਂਦੇ ਹਨ। ਲਗਭਗ ਯੂਰਪ ਦੇ ਹਰ ਦੇਸ਼ ਵਿਚ ਇਸ ਤਰਾਂ ਦੀਆਂ ਗੁਫਾਵਾਂ ਆਮ ਮਿਲਦੀਆਂ ਹਨ ਪਰੰਤੂ ਇਥੇ ਕੋਈ ਸ਼ਿਵਲਿੰਗ ਦੀ ਪੂਜਾ ਨਹੀਂ ਕਰਦਾ।

ਸਾਡੇ ਗਰੁੱਪ ਵਿਚ ਚਾਰ ਖੋਜੀ ਵੀ ਸ਼ਾਮਲ ਸਨ ਜੋ ਇਸੇ ਪ੍ਰਯੋਗਸ਼ਾਲਾ 'ਚ ਕੰਮ ਕਰਦੇ ਹਨ। ਸਾਡੇ ਪਹੁੰਚਣ ਤੱਕ ਉਹ ਗੁਫਾ ਵਿਚ ਵੜਨ ਲਈ ਕਮਰ-ਕੱਸੇ ਕਰੀ ਖਲੋਤੇ ਸਨ। ਮੈਨੂੰ ਉਨ੍ਹਾਂ ਨੇ ਮਨਾ ਕਰ ਦਿਤਾ ਕਿਉਂਕਿ ਛੋਟੀ ਗੁਫਾ ਵਿਚ ਰੀਂਗ ਦੇ ਦਾਖਲ ਹੋਣਾ ਪੈਂਦਾ ਹੈ ਅਤੇ ਲੇਟ ਕੇ ਹੀ ਚੱਲਣਾ ਪੈਂਦਾ ਹੈ। ਇਸ ਤੋਂ ਹੇਠ ਵੱਡੀ ਗੁਫਾ ਹੈ ਜੋ ਦੋ ਕਿਲੋਮੀਟਰ ਪਹਾੜ ਅੰਦਰ ਹੀ ਚਲੀ ਜਾਂਦੀ ਹੈ। ਵੱਡੀ ਗੁਫਾ ਦੇ ਅੰਦਰ ਅਤੇ ਬਾਹਰ ਸ਼ੋਮੋਜੀ ਦੀ ਯਾਦ ਵਿਚ ਇਕ ਪੱਥਰ ਦੀ ਸਿੱਲ ਲੱਗੀ ਹੈ ਜਿਸ ਉਪਰ ਈਲੋਨਾ ਦਾ ਲਿਖਿਆ ਮਰਸੀਆ ਉਸ ਮਹਾਨ ਖੋਜੀ ਨੂੰ ਸਮਰਪਿਤ ਹੈ।

ਦੁਪਹਿਰ ਦਾ ਲੰਚ ਪਹਾੜੀ ਜੰਗਲ ਵਿਚ ਬਣੀ ਇਕ ਸਰਾਂ ਵਿਚ ਕੀਤਾ। ਕੰਮ ਖਤਮ ਕਰ ਸਾਰੇ ਪਿਕਨਿਕ ਦੇ ਮੂਡ ਵਿਚ ਸਨ। ਚੀਗੇ ਨੇ ਤਾਂ ਆਪਣੇ ਦੋਸਤ ਵੀ ਬੁਲਾ ਰੱਖੇ ਸਨ। ਇਨ੍ਹਾਂ ਕੰਦਰਾਂ ਵਿਚ ਘੁੰਮਣਾ ਇਥੋਂ ਦਾ ਇਕ ਸ਼ੌਕ ਬਣ ਗਿਆ ਹੈ। ਮੇਰਾ ਖਿਆਲ ਸੀ ਕਿ ਜੰਗਲੀ ਜਾਨਵਰ ਵੀ ਇਥੇ ਪਨਾਹ ਲੈਂਦੇ ਹੋਣਗੇ ਪਰੰਤੂ ਚੀਗੇ ਨੇ ਦੱਸਿਆ ਕਿ ਅੰਦਰ ਸਿਰਫ ਚਾਮਚੜਿਕਾਂ ਹੀ ਉਡਦੀਆਂ ਹਨ ਜੋ ਖਤਰਨਾਕ ਨਹੀਂ ਹੁੰਦੀਆਂ। ਨੌਜਵਾਨ ਖੋਜੀ ਤਾਂ ਪਹਾੜੀ ਝਰਨੇ ਤੇ ਨਹਾਉਣ ਚਲੇ ਗਏ ਅਤੇ ਅਸੀਂ ਹੰਗਰੀ ਦੇ ਪਿੰਡਾਂ ਥਾਣੀਂ ਏਗਰ ਦੇ ਇਤਿਹਾਸਕ ਕਸਬੇ ਵੱਲ ਚਾਲੇ ਪਾ ਦਿੱਤੇ।

ਹੰਗਰੀ ਦੇ ਪਿੰਡ ਸਾਫ ਸੁਥਰੇ ਅਤੇ ਸੜਕਾਂ ਨਾਲ ਜੁੜੇ ਹੋਏ ਹਨ। ਖੇਤਾਂ ਵਿਚ ਮੱਕੀ ਦੀ ਕਟਾਈ ਮਸ਼ੀਨ ਨਾਲ ਹੋ ਰਹੀ ਸੀ। ਕਿਧਰੇ ਕਿਧਰੇ ਕਣਕ ਦੀ ਤਾਜਾ ਬੀਜਾਈ ਵੀ ਲੱਭ ਰਹੀ ਸੀ। ਪਹਾੜੀ ਇਲਾਕੇ ਦੇ ਪਿੰਡਾਂ ਵਿਚ ਅੰਗੂਰ ਦੀ ਖੇਤੀ ਹੁੰਦੀ ਹੈ ਅਤੇ ਜਿਮੀਂਦਾਰ ਇਸ ਤੋਂ ਖੁਦ ਹੀ ਸ਼ਰਾਬ ਤਿਆਰ ਕਰਦੇ ਹਨ। ਹਰ ਘਰ ਵਿਚ ਲੱਕੜੀ ਦੇ ਬੈਰਲ (ਢੋਲ) ਮਿਲਦੇ ਹਨ ਜਿਸ ਵਿਚ ਅੰਗੂਰਾਂ ਦਾ ਰਸ ਕਈ ਸਾਲ ਤੱਕ ਪਕਾਇਆ ਜਾਂਦਾ ਹੈ। ਚੰਗੇ ਪੈਸੇ ਵੱਟਣ ਲਈ ਦਸ ਸਾਲ ਤੋਂ ਵਧੀਕ ਸਮਾਂ ਲਗਦਾ ਹੈ। ਕਹਿੰਦੇ ਹਨ ਕਿ ਫਰਾਂਸ ਦਾ ਲੂਈ ਬਾਦਸ਼ਾਹ ਹੰਗਰੀ ਦੇ ਤੋਕਾਈ ਪਿੰਡ ਦੀ ਸ਼ਰਾਬ ਮੰਗਾਇਆ ਕਰਦਾ ਸੀ ਜਿਸ ਕਰਕੇ ਇਹ ਪਿੰਡ ਸਾਰੇ ਯੂਰਪ ਵਿਚ ਮਸ਼ਹੂਰ ਹੋ ਗਿਆ। ਇਥੇ ਅਜੇ ਵੀ ਰਵਾਇਤ ਹੈ ਕਿ ਜਿਮੀਂਦਾਰ ਬਾਹਰੋਂ ਆਏ ਮਹਿਮਾਨਾਂ ਨੂੰ ਜੀ ਆਇਆ ਕਹਿਣ ਲਈ ਤੋਕਾਈ ਦੀ ਸ਼ਰਾਬ ਭੇਂਟ ਕਰਦੇ ਹਨ।

ਏਗਰ ਹੰਗਰੀ ਦਾ ਮਸ਼ਹੂਰ ਯਾਤਰੀ ਕਸਬਾ ਹੈ। ਇਥੇ ਰੋਮਨ ਬਾਦਸ਼ਾਹਾਂ ਦੇ ਸਮੇਂ ਦੇ ਖੰਡਰ ਮੌਜੂਦ ਹਨ। ਗਿਆਰਵੀਂ ਸਦੀ ਵਿਚ ਹੰਗਰੀ ਰੋਮਨ ਕੈਥੋਲਿਕ ਧਰਮ ਦਾ ਪੈਰੋਕਾਰ ਬਣਿਆ। ਦਰਅਸਲ ਹੰਗਰੀ ਦਾ ਇਤਿਹਾਸ ਹੀ ਗਿਆਰਵੀਂ ਸਦੀ ਵਿਚ ਸ਼ੁਰੂ ਹੁੰਦਾ ਹੈ। ਇਥੋਂ ਦੇ ਲੋਕ ਆਪਣੇ ਆਪ ਨੂੰ ਏਸ਼ੀਅਨ ਕਹਿੰਦੇ ਹਨ। ਗਿਆਰਵੀਂ ਸਦੀ ਵਿਚ ਮਗਿਆਰ ਕਬੀਲੇ ਦੇ ਲੋਕ ਏਸ਼ੀਆ ਦੇ ਕਿਸੇ ਖੇਤਰ ਵਿਚੋਂ ਉਠ ਕੇ ਮੌਜੂਦਾ ਹੰਗਰੀ ਦੇ ਇਲਾਕੇ ਵਿਚ ਆ ਕੇ ਵੱਸ ਗਏ। ਪਹਿਲਾਂ ਮੁਗਲਾਂ ਨੇ ਇਥੇ ਤਬਾਹੀ ਮਚਾਈ ਅਤੇ ਬਾਅਦ ਵਿਚ ਤੁਰਕਾਂ ਦਾ ਰਾਜ ਦੋ ਸੌ ਸਾਲ ਤੱਕ ਰਿਹਾ। ਅਠਾਰਵੀਂ ਸਦੀ ਵਿਚ ਏਗਰ ਤੁਰਕਾਂ ਤੋਂ ਅਜ਼ਾਦ ਹੋਇਆ ਤਾਂ
~~~

ਆਸਟਰੀਆ ਦੇ ਹੈਬਜਬੁਰਗ ਸ਼ਾਹੀ ਘਰਾਣੇ ਦਾ ਕਬਜ਼ਾ ਹੋ ਗਿਆ। ਯੂਰਪ ਵਿਚ ਇਸ ਘਰਾਣੇ ਦੀ ਧਾਂਕ ਪਹਿਲੇ ਵਿਸ਼ਵ ਯੁੱਧ ਤੱਕ ਕਾਇਮ ਰਹੀ। ਐਸਟਰੋ-ਹੰਗੇਰੀਅਨ ਐਮਪਾਇਰ ਵੀਹਵੀਂ ਸਦੀ ਦੇ ਸ਼ੁਰੂ ਤੱਕ ਯੂਰਪ ਵਿਚ ਸਿਰਮੌਰ ਮੰਨੀ ਜਾਂਦੀ ਸੀ। ਹੰਗਰੀ ਲੜਾਈ ਭੜਾਈ ਦਾ ਮੈਦਾਨ ਹੀ ਬਣਿਆ ਰਿਹਾ। ਦੂਸਰੀ ਵਿਸ਼ਵ ਜੰਗ ਖਤਮ ਹੋਈ ਤਾਂ ਇਸ ਦੇ ਕਈ ਟੁਕੜੇ ਕਰ ਦਿਤੇ ਗਏ। ਕੁਝ ਹਿੱਸਾ ਰੋਮਾਨੀਆ ਕੋਲ ਚਲਾ ਗਿਆ ਅਤੇ ਬਾਕੀ ਦਾ ਰੂਸ ਦੇ ਕਬਜੇ ਵਿਚ ਆ ਗਿਆ। ਜਦੋਂ ਹੰਗਰੀ ਦੇ ਲੋਕਾਂ ਨੇ 1956 ਵਿਚ ਬਗਾਵਤ ਦਾ ਝੰਡਾ ਚੁੱਕਿਆ ਤਾਂ ਰੂਸੀ ਟੈਂਕਾਂ ਨੇ ਤਬਾਹੀ ਮਚਾ ਦਿਤੀ ਅਤੇ ਬਗਾਵਤ ਕੁਚਲੀ ਗਈ। ਈਲੋਨਾ ਨੇ ਦੱਸਿਆ ਕਿ ਦੋ ਲੱਖ ਦੇ ਕਰੀਬ ਹੰਗਰੀ ਦੇ ਨੌਜਵਾਨ ਦੇਸ 'ਚੋਂ ਭੱਜ ਗਏ ਅਤੇ ਉਸਦਾ ਆਪਣਾ ਸਕਾ ਭਰਾ ਵੀ ਉਦੋਂ ਦਾ ਸਵੀਡਨ ਜਾ ਵੱਸਿਆ ਹੈ।

ਏਗਰ ਵਿਚ ਕਈ ਰੋਮਨ ਕੈਥੋਲਿਕ ਚਰਚ ਹਨ। ਸਭ ਤੋਂ ਵੱਡੇ ਗਿਰਜਾਘਰ ਵਿਚ ਜਾਣ ਲਗੇ ਤਾਂ ਗੇਟਮੈਨ ਨੇ ਹਦਾਇਤ ਕੀਤੀ ਕਿ ਮੈਂ ਆਪਣੀ ਪਗੜੀ ਉਤਾਰ ਕੇ ਹੀ ਅੰਦਰ ਜਾ ਸਕਦਾ ਹਾਂ। ਈਲੋਨਾ ਨੇ ਕਿਹਾ ਕਿ ਮੇਰੇ ਧਰਮ ਵਿਚ ਪਗੜੀ ਪਹਿਨਣੀ ਜ਼ਰੂਰੀ ਹੈ ਅਤੇ ਮੈਂ ਕਈ ਵਾਰ ਰੋਮ ਦੇ ਵੱਡੇ ਗਿਰਜਾ ਘਰ ਵਿਚ ਇਸੇ ਪਗੜੀ ਨਾਲ ਜਾ ਚੁੱਕਾ ਹਾਂ। ਉਹ ਮਸਾਂ ਹੀ ਮੇਰੇ ਲਈ ਤਾਂ ਮੰਨ ਗਿਆ ਪਰੰਤੂ ਈਲੋਨਾ ਨੂੰ ਕਹਿਣ ਲੱਗਾ ਕਿ ਤੂੰ ਨੰਗੇ ਸਿਰ ਨਹੀਂ ਜਾ ਸਕਦੀ। ਉਹ ਵੀ ਅੜੀਅਲ ਨਿਕਲੀ ਅਤੇ ਹਦਾਇਤ ਦੀ ਉਲੰਘਣਾ ਕਰਕੇ ਮੇਰੇ ਮਗਰ ਅੰਦਰ ਆ ਗਈ। ਈਸਾਈ ਧਰਮ ਦਾ ਇਹ ਅਸੂਲ ਹੈ ਕਿ ਔਰਤ ਸਿਰ ਕੱਜ ਕੇ ਪ੍ਰਾਰਥਨਾ ਵਿਚ ਸ਼ਾਮਲ ਹੋਵੇ ਅਤੇ ਮਰਦ ਨੰਗੇ ਸਿਰ। ਇਹ ਰੋਮਨ ਕੈਥੋਲਿਕ ਰਵਾਇਤ ਹੈ।

ਮੁੜਦੇ ਹੋਏ ਅਸੀਂ ਆਜੜੀਆਂ ਦੇ ਪਿੰਡਾਂ ਥਾਣੀਂ ਲੰਘੇ। ਦਿਬਰੀਤਸਨ ਦੇ ਨੇੜੇ ਹੀ ਕਈ ਹਜ਼ਾਰ ਵਰਗ ਕਿਲੋਮੀਟਰ ਰਕਬਾ ਉਜਾੜ ਪਿਆ ਹੈ ਇਸ ਨੂੰ ਹੋਰਤੋਬਾਗ ਦਾ ਟਿਕਾਣਾ ਕਹਿੰਦੇ ਹਨ। ਇਥੇ ਖੇਤੀ ਨਹੀਂ ਹੁੰਦੀ ਅਤੇ ਦੂਰ ਦੂਰ ਤਕ ਚਿਰਾਂਦ ਹੀ ਚਿਰਾਂਦ ਨਜ਼ਰ ਪੈਂਦੀ ਹੈ। ਹੁਣ ਇਥੇ ਨੈਸ਼ਨਲ ਪਾਰਕ ਬਣ ਗਿਆ ਹੈ। ਆਜੜੀਆਂ ਦੇ ਜੀਵਨ ਨਾਲ ਸੰਬੰਧਿਤ ਇਕ ਅਜਾਇਬ ਘਰ ਵੀ ਵੇਖਿਆ। ਹੁਣ ਇਥੇ ਵਧੀਆ ਨਸਲ ਦੀਆਂ ਭੇਡਾਂ ਪਾਲੀਆਂ ਜਾਂਦੀਆਂ ਹਨ। ਘੋੜਿਆਂ ਦਾ ਇਕ ਸਟੱਡ ਫਾਰਮ ਵੀ ਵੇਖਣ ਗਏ। ਘੋੜ ਸਵਾਰੀ ਦੇ ਸ਼ੌਕੀਨ ਇਸ ਫਾਰਮ ਉਪਰ ਆ ਕੇ ਕਈ ਦਿਨ ਰਹਿੰਦੇ ਹਨ। ਸਾਡੇ ਕਹਿਣ ਤੇ ਇਕ ਮੁਟਿਆਰ ਨੇ ਘੋੜੇ ਦੀ ਸਵਾਰੀ ਕੀਤੀ ਅਤੇ ਕਈ ਕਰਤਬ ਕਰਕੇ ਵਿਖਾਏ। ਉਹ ਇਸ ਫਾਰਮ ਤੇ ਘੋੜਿਆਂ ਨੂੰ ਸਿਖਲਾਈ ਦਿੰਦੀ ਹੈ। ਸ਼ਾਮ ਤੱਕ ਅਸੀਂ ਦਿਬਰੀਤਸਨ ਪਰਤ ਆਏ।

## ਐਰਦੋਬੇਨੀਆ

ਮਿਥੇ ਪ੍ਰੋਗਰਾਮ ਅਨੁਸਾਰ 20-21 ਸਤੰਬਰ ਦਾ ਵੀਕ-ਐਂਡ ਈਲੋਨਾ ਦੇ ਪਿੰਡ ਐਰਦੋਬੇਨੀਆ ਗੁਜਾਰਨਾ ਸੀ। ਮੇਰੇ ਲਈ ਹੰਗਰੀ ਦੇ ਪਿੰਡ ਵਿਚ ਰਹਿ ਕੇ ਲੋਕਾਂ ਦੇ ਨਿੱਜੀ ਜੀਵਨ ਵੱਲ ਝਾਤ ਮਾਰਨ ਦਾ ਭਲਾ ਇਸ ਤੋਂ ਵਧੀਆ ਹੋਰ ਕੀ ਮੌਕਾ ਹੋ ਸਕਦਾ ਸੀ। ਇਹ ਪਿੰਡ ਤੋਕਾਈ ਦੇ ਮਸ਼ਹੂਰ ਕਸਬੇ ਤੋਂ ਵੀਹ ਕਿਲੋਮੀਟਰ ਦੀ ਦੂਰੀ ਤੇ ਸੀ ਅਤੇ ਦਿਬਰੀਤਸਨ ਤੋਂ ਸੌ ਕਿਲੋਮੀਟਰ ਦੀ ਵਿੱਥ ਤੇ। ਇਸ ਯਾਤਰਾ ਦਾ ਅਹਿਮ ਹਿੱਸਾ ਨੀਰੇਯਾਜਾ ਸ਼ਹਿਰ ਵਿਚ ਮੇਰੀ ਇਕ ਭੇਂਟ ਵਾਰਤਾ ਸੀ ਜੋ ਪੰਦਰਾਂ ਸਾਲ ਪਹਿਲਾਂ ਵਾਪਰੀ ਘਟਨਾ ਦੀ ਸੁਨਹਿਰੀ ਯਾਦ ਨੂੰ ਸਮਰਪਿਤ ਸੀ। ਜਦੋਂ 1982 ਵਿਚ ਪੰਜਾਬੀ ਟ੍ਰਿਬਿਊਨ ਵਿਚ ਮੇਰਾ ਲੇਖ 'ਹੰਗਰੀ ਦੇ ਸਿੱਖ' ਛਪਿਆ ਤਾਂ ਕਈ ਸੱਜਣਾਂ ਨੇ ਪੁੱਛਿਆ, 'ਕੀ ਵਾਕਿਆ ਹੀ ਹੰਗਰੀ ਵਿਚ ਸਿਖ ਮੌਜੂਦ ਹਨ'? ਮੇਰਾ ਭਾਵ ਤਾਂ ਵਿਆਪਕ ਸੀ ਕਿ ਦੁਨੀਆਂ ਵਿਚ ਜਿਥੇ ਕਿਤੇ ਵੀ ਗੁਰੂ ਆਸ਼ੇ ਅਨੁਸਾਰ ਜੀਵਨ ਬਿਰਤਾਂਤ ਮਿਲਦਾ ਹੈ, ਉਹੋ ਹੀ ਸਿਖ ਅਖਵਾਉਣ ਦੇ ਹੱਕਦਾਰ ਹਨ, ਭਾਵੇਂ ਕਿਸੇ ਵੀ ਦੇਸ਼ ਅਤੇ ਧਰਮ ਦੇ ਲੋਕ ਕਿਉਂ ਨਾ ਹੋਣ। ਜਦੋਂ ਈਲੋਨਾ 1995 ਵਿਚ ਭਾਰਤ ਆਈ ਤਾਂ ਨੀਰੇਯਾਜਾ ਦੇ ਇਸ ਪ੍ਰੀਵਾਰ ਦੀ ਮੁੜ ਭਾਲ ਹੋ ਗਈ।

ਕਿਸ਼ ਬੋਰਬਾਲਾ ਸਕੂਲ ਵਿਚ ਅਧਿਆਪਕਾ ਹੈ ਅਤੇ ਪੰਦਰਾਂ ਸਾਲ ਪਹਿਲਾਂ ਬੁੱਡਾਪੈਸਟ ਤੋਂ ਦਿਬਰੀਤਸਨ ਜਾਂਦਿਆਂ ਰੇਲ ਗੱਡੀ ਵਿਚ ਟਾਕਰਾ ਹੋ ਗਿਆ। ਉਹ ਆਪਣੇ ਵਿਗਿਆਨੀ ਪਤੀ ਨਾਲ ਬਰੈਸਟ-ਕੈਂਸਰ ਦਾ ਚੈਕ-ਅੱਪ ਕਰਵਾ ਕੇ ਜਾ ਰਹੀ ਸੀ। ਜਦੋਂ ਮੇਰਾ ਮੇਜ਼ਬਾਨ ਪਲੇਟਫਾਰਮ ਤੇ ਨਾ ਲੈਣ ਆਇਆ ਤਾਂ ਉਹ ਮੈਨੂੰ ਆਪਣੇ ਘਰ ਅਗਲੇ ਸ਼ਹਿਰ ਲੈ ਗਈ। ਬੀਮਾਰੀ ਦੀ ਹਾਲਤ ਵਿਚ ਵੀ ਉਸਨੇ ਮੇਰੀ ਵਿਤੋਂ ਬਾਹਰੀ ਸੇਵਾ ਕੀਤੀ ਅਤੇ ਘਰ ਵਿਚ ਮਹਿਮਾਨ ਬਣਾ ਕੇ ਰੱਖਿਆ। ਹੁਣ ਮੇਰੀ ਵਾਰੀ ਸੀ ਕਿ ਉਸਦਾ ਸ਼ੁਕਰੀਆ ਅਦਾ ਕਰਕੇ ਆਉਂਦਾ। ਕਿਸ਼ ਬੋਰਬਾਲਾ ਦੇ ਬੱਚੇ ਹੁਣ ਜਵਾਨ ਸਨ, ਉਸ ਦੀ ਧੀ ਐਡਿਟ ਵਿਆਹੀ ਹੋਈ ਹੈ ਅਤੇ ਉਹ ਬੁੱਡਾਪੈਸਟ ਦੇ ਨੇੜੇ ਇਕ ਐਗਰੀਕਲਚਰ ਕਾਲਜ ਵਿਚ ਅੰਗਰੇਜ਼ੀ ਦੀ ਅਧਿਆਪਕਾ ਹੈ। ਉਸਦਾ ਪੁੱਤਰ ਹੁਣ ਬੁੱਡਾਪੈਸਟ ਸ਼ਹਿਰ

ਵਿਚ ਇੰਜੀਨੀਅਰ ਦੀ ਨੌਕਰੀ ਤੇ ਹੈ। ਈਲੋਨਾ ਨੇ ਦੱਸਿਆ ਸੀ ਕਿ ਉਸਨੇ ਵਿਗਿਆਨੀ ਪਤੀ ਤੋਂ ਤਲਾਕ ਲੈ ਲਿਆ ਹੈ ਅਤੇ ਦੂਸਰੀ ਸ਼ਾਦੀ ਕਰ ਰੱਖੀ ਹੈ। ਮੇਰੀ ਘਰਵਾਲੀ ਨੇ ਕਿਸ਼ ਬੋਰਬਾਲਾ ਅਤੇ ਉਸਦੀ ਧੀ ਐਡਿਟ ਲਈ ਕਈ ਤੋਹਫੇ ਲੈ ਦਿਤੇ। ਉਸਦੇ ਵੀ ਕਈ ਸੁਨੇਹੇ ਈਲੋਨਾ ਨੂੰ ਆ ਚੁੱਕੇ ਸਨ ਕਿ ਜਦੋਂ ਮੈਂ ਖੋਜ ਦੇ ਸੰਬੰਧ ਵਿਚ ਹੰਗਰੀ ਆਵਾਂ ਤਾਂ ਉਸ ਦੇ ਪ੍ਰੀਵਾਰ ਨੂੰ ਜ਼ਰੂਰ ਮਿਲਾਂ।

ਗਿਆਰਾਂ ਵਜੇ ਦੇ ਕਰੀਬ ਅਸੀਂ ਨੀਰੇਯਾਜਾ ਕਿਸ਼ ਬੋਰਬਾਲਾ ਦੇ ਘਰ ਪਹੁੰਚ ਗਏ। ਯਾਦਾਂ ਦੇ ਧੁੰਦਲੇ ਪ੍ਰਛਾਵਿਆਂ ਵਿਚੋਂ ਕੁਝ ਬਿੰਬ ਉਭਰ ਕੇ ਮਨ ਦੇ ਦਿਸਹੱਦੇ ਉਪਰ ਆਏ। ਉਹੋ ਹੀ ਘਰ ਜੋ ਅੱਜ ਵੀ ਸ਼ਹਿਰੋਂ ਬਾਹਰ ਹੈ। ਈਲੋਨਾ ਨੇ ਕੁੰਡਾ ਖੜਕਾਇਆ ਤਾਂ ਐਡਿਟ ਬਾਹਰ ਆਈ, 1982 ਵਿਚ ਇਕ ਮਾਸੂਮ ਬੱਚੀ ਜੋ ਹੁਣ ਭਰ ਜੋਬਨ ਮੁਟਿਆਰ ਬਣੀ ਵਿਆਹੀ ਵਰੀ ਹੈ। ਉਹ ਮੈਨੂੰ ਆਪਣੀ ਧੀ ਵਾਂਗ ਹੀ ਮਿਲੀ ਗਲੇ ਲਗ ਕੇ। ਮਗਰ ਮਗਰ ਕਿਸ਼ ਬੋਰਬਾਲਾ ਆ ਨਿਕਲੀ। ਜਾਪਦਾ ਸੀ ਪਿਛਲੇ ਪੰਦਰਾਂ ਸਾਲਾਂ ਨੇ ਉਸਦੇ ਹੁਸਨ ਅਤੇ ਜਵਾਨੀ ਨੂੰ ਢਾਹ ਨਹੀਂ ਲਾਈ। ਉਸਦਾ ਹਾਸਾ ਅਜੇ ਕਾਇਮ ਹੈ ਅਤੇ ਪ੍ਰਾਹੁਣਚਾਰੀ ਲਾ-ਮਿਸਾਲ। ਉਸ ਨੇ ਕਈ ਦਿਨ ਤੋਂ ਸ਼ਾਕਾਹਾਰੀ ਭੋਜਨ ਤਿਆਰ ਕਰਨੇ ਸ਼ੁਰੂ ਕਰ ਰੱਖੇ ਸਨ। ਐਡਿਟ ਨੇ ਦੱਸਿਆ ਕਿ ਉਸਦੀ ਮਾਂ ਨੂੰ ਪਕਵਾਨ ਤਿਆਰ ਕਰਨ ਦਾ ਸ਼ੌਕ ਹੈ ਅਤੇ ਉਹ ਇਕ ਮੁਕਾਬਲੇ ਵਿਚੋਂ ਪਹਿਲਾ ਇਨਾਮ ਵੀ ਜਿੱਤ ਚੁੱਕੀ ਹੈ। ਘਰ ਅੰਦਰ ਦਾਖਲ ਹੋਏ ਤਾਂ ਐਡਿਟ ਦਾ ਪਤੀ ਵੀ ਮਿਲ ਪਿਆ। ਉਹ ਕਾਫੀ ਮਾਯੂਸ ਜਾਪਦਾ ਸੀ ਕਿਉਂਕਿ ਉਹ ਮੇਰੀ ਆਉ-ਭੁਗਤ ਲਈ ਆ ਰਹੇ ਸਨ, ਪਿਛੋਂ ਫੋਨ ਆ ਗਿਆ ਕਿ ਘਰ ਵਿਚ ਚੋਰੀ ਹੋ ਗਈ ਹੈ। ਅੱਜ ਕੱਲ ਰੂਸ ਅਤੇ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਚੋਰੀ ਡਕੈਤੀ ਦੀਆਂ ਘਟਨਾਵਾਂ ਆਮ ਹੋਣ ਲਗ ਪਈਆਂ ਹਨ। ਨੌਜਵਾਨ ਪੀੜੀ ਪੱਛਮੀ ਪ੍ਰਭਾਵ ਹੇਠ ਜਲਦੀ ਅਮੀਰ ਹੋਣਾ ਚਾਹੁੰਦੀ ਹੈ।

ਦੁਪਹਿਰ ਦਾ ਲੰਚ ਕਰਕੇ ਅਸੀਂ ਨੀਰੇਯਾਜਾ ਸ਼ਹਿਰ ਦਾ ਚੱਕਰ ਲਗਾਇਆ। ਟਾਊਨ ਹਾਲ ਵਿਚ ਇਕ ਸ਼ਾਦੀ ਹੋ ਰਹੀ ਸੀ ਜਿਸ ਵਿਚ ਅਸੀਂ ਵੀ ਜਾ ਸ਼ਾਮਲ ਹੋਏ। ਲਾੜੀ ਕਾਫੀ ਮੋਟੀ ਤਾਜੀ ਅਤੇ ਹਸਮੁਖ ਸੀ ਅਤੇ ਲਾੜਾ ਮਾੜਚੂ ਜਿਹਾ ਜਾਪਦਾ ਸੀ। ਕਿਸ਼ ਬੋਰਬਾਲਾ ਦੀ ਇਕ ਬਿਜ਼ਨਿਸ ਮੀਟਿੰਗ ਸੀ ਜਿਸ ਵਿਚ ਰੂਸੀ ਫੈਡਰੇਸ਼ਨ ਦੇ ਕਈ ਹਜ਼ਾਰ ਲੋਕ ਸ਼ਾਮਲ ਸਨ। ਦਰਅਸਲ, ਅਮਰੀਕਨ ਕੰਪਨੀਆਂ ਆਪਣਾ ਸਮਾਨ ਵੇਚਣ ਖਾਤਰ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਨਵੀਆਂ ਮੰਡੀਆਂ ਲੱਭ ਰਹੀਆਂ ਹਨ। ਇਹੋ ਹਾਲ ਭਾਰਤ ਦਾ ਹੋ ਗਿਆ ਹੈ। ਮਾਰਕੀਟ ਅਰਥ-ਵਿਵਸਥਾ ਦਾ ਹੇਰ-ਫੇਰ ਹੀ ਅਜੇਹਾ ਹੈ ਕਿ ਮੰਡੀਕਰਨ ਦਾ ਜ਼ੋਰ ਹੈ। ਸ਼ਹਿਰ ਦੇ ਚੱਕਰ ਤੋਂ ਬਾਅਦ ਅਸੀਂ ਈਲੋਨਾ ਦੇ ਪਿੰਡ ਦਾ ਰਾਹ ਫੜਿਆ ਅਤੇ ਛੇ ਵਜੇ ਦੇ ਕਰੀਬ ਐਰਦੋਬੇਨੀਆ ਪਹੁੰਚ ਗਏ।

ਐਤਵਾਰ 21 ਸਤੰਬਰ ਦਾ ਦਿਨ ਚੜ੍ਹਿਆ ਹੀ ਸੀ, ਈਲੋਨਾ ਗਰਮ ਗਰਮ ਚਾਹ ਦਾ ਕੱਪ ਦੇ ਗਈ। ਮੈਂ ਪਹਾੜੀ ਉਪਰ ਜਾ ਕੇ ਪਿੰਡ ਦਾ ਨਜ਼ਾਰਾ ਤੱਕਿਆ। ਐਰਦੋਬੇਨੀਆ ਵਿਚ ਹੰਗਰੀ ਦੇ ਅਮੀਰ ਲੋਕ ਆ ਕੇ ਘਰ ਖਰੀਦ ਲੈਂਦੇ ਹਨ ਅਤੇ ਗਰਮੀ ਦੀਆਂ ਛੁੱਟੀਆਂ ਕੱਟਣ ਇਥੇ ਪਹੁੰਚ ਜਾਂਦੇ ਹਨ। ਪਿੰਡ ਵਿਚ ਦੋ ਢਾਈ ਸੌ ਦੇ ਕਰੀਬ ਘਰ ਹਨ ਅਤੇ ਦੋ ਗਿਰਜਾਘਰ ਮੌਜੂਦ ਹਨ - ਇਕ ਰੋਮਨ ਕੈਥੋਲਿਕ ਅਤੇ ਦੂਸਰਾ ਪਰੋਟੈਸਟੈਂਟ ਧਰਮ ਦੇ ਪੈਰੋਕਾਰਾਂ ਲਈ। ਈਸਾਈ ਮੱਤ ਦੇ ਵੀ ਕਈ ਫਿਰਕੇ ਪ੍ਰਚਲਤ ਹਨ, ਹਰ ਇਕ ਫਿਰਕੇ ਦਾ ਆਪਣਾ ਹੀ ਬਾਈਬਲ ਹੈ ਪਰੰਤੂ ਈਸਾ ਮਸੀਹ ਸਭ ਦਾ ਸਾਂਝਾ ਪੈਗੰਬਰ ਹੈ।

ਸਵੇਰ ਦਾ ਨਾਸ਼ਤਾ ਕਰਕੇ ਮੈਂ ਅਤੇ ਇਲੋਨਾ ਦਾ ਪੁੱਤਰ ਬੋਲਾਜ਼ ਪਹਾੜੀ ਪਿੰਡਾਂ ਦਾ ਦੌਰਾ ਕਰਨ ਨਿਕਲ ਪਏ। ਛੋਟੀਆਂ ਪਹਾੜੀਆਂ ਵਿਚ ਘਿਰੇ ਪਿੰਡ ਅੰਗੂਰਾਂ ਦੀ ਖੇਤੀ ਲਈ ਪ੍ਰਸਿੱਧ ਹਨ। ਬਹੁਤਾ ਰਕਬਾ ਜੰਗਲ ਹੇਠ ਹੈ ਅਤੇ ਕਿਸੇ ਨੂੰ ਦਰਖਤ ਕੱਟਣ ਦਾ ਹੁਕਮ ਨਹੀਂ। ਐਤਵਾਰ ਦਾ ਦਿਨ ਹੋਣ ਕਰਕੇ ਹਰ ਪਿੰਡ ਦੇ ਗਿਰਜਾਘਰ ਵਿਚ ਘੜਿਆਲ ਦੀ ਆਵਾਜ ਸੁਣਾਈ ਦੇ ਰਹੀ ਸੀ ਜੋ ਪ੍ਰਾਰਥਨਾ ਲਈ ਸੱਦਾ ਸੀ। ਬਜ਼ੁਰਗ ਮਰਦ ਅਤੇ ਔਰਤਾਂ ਨਵੇਂ ਕੱਪੜਿਆਂ ਵਿਚ ਗਿਰਜੇ ਵੱਲ ਜਾਂਦੇ ਲੱਭਦੇ ਸਨ। ਕਮਿਊਨਿਸਟਾਂ ਨੇ ਤਾਂ ਧਰਮ ਨੂੰ ਖਤਮ ਕਰਨ ਲਈ ਗਿਰਜਾਘਰ ਹੀ ਬੰਦ ਕਰ ਦਿਤੇ ਸਨ ਪਰੰਤੂ ਹੁਣ ਐਸੀ ਕੋਈ ਬੰਦਸ਼ ਨਹੀਂ ਜਾਪਦੀ। ਨੌਜਵਾਨ ਪੀੜੀ ਦਾ ਰੁਝਾਨ ਧਰਮ ਵੱਲ ਵੈਸੇ ਹੀ ਨਹੀਂ ਰਿਹਾ।

ਅਸੀਂ ਦੁਪਹਿਰ ਤੱਕ ਵਿਜ਼ਸੋਲੀ ਪਿੰਡ ਦੇ ਗਿਰਜਾਘਰ ਵਿਚ ਪਹੁੰਚ ਗਏ। ਇਹ ਹਜਾਰ ਸਾਲ ਪੁਰਾਣਾ ਹੈ ਅਤੇ 1590 ਈਸਵੀ ਵਿਚ ਹੰਗਰੀ ਭਾਸ਼ਾ ਦੀ ਪਹਿਲੀ ਬਾਈਬਲ ਇਥੋਂ ਦੇ ਪਾਦਰੀ ਨੇ ਲਿਖ ਕੇ ਛਪਵਾਈ । ਇਸ ਚਾਰ ਸੌ ਸਾਲ ਪੁਰਾਣੀ ਬਾਈਬਲ ਦੇ ਦਰਸ਼ਨ ਅਸੀਂ ਵੀ ਕੀਤੇ। ਰੌਸ਼ਨੀ ਅਤੇ ਮਿਟੀ ਘੱਟੇ ਤੋਂ ਬਚਾ ਕੇ ਰੱਖੀ ਹੋਈ ਇਹ ਹੰਗਰੀ ਦੀ ਦੁਰਲੱਭ ਪੁਸਤਕ ਹੈ। ਦੱਸਿਆ ਜਾਂਦਾ ਹੈ ਕਿ ਹੰਗਰੀ ਦੇ ਪਿੰਡਾਂ ਵਿਚ ਸ਼ਾਮ ਨੂੰ ਰਹਿਰਾਸ ਵੇਲੇ ਇਸ ਦਾ ਹਰ ਘਰ ਵਿਚ ਪਾਠ ਹੁੰਦਾ ਸੀ ਅਤੇ ਸਾਰਾ ਪ੍ਰੀਵਾਰ ਇਸ ਦੇ ਵਿਚ ਸ਼ਾਮਲ ਹੁੰਦਾ। ਇਸ ਬਾਈਬਲ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਹੰਗਰੀ ਦੀ ਭਾਸ਼ਾ ਦੇ ਜਖੀਰੇ ਨੂੰ ਬਹੁਤ ਅਮੀਰ ਬਣਾਇਆ ਹੈ। ਭਾਵੇਂ ਹੰਗਰੀ ਦੀ ਅਬਾਦੀ ਕੇਵਲ ਇਕ ਕਰੋੜ ਹੈ ਪਰੰਤੂ ਯੂਨੀਵਰਸਿਟੀ ਪੱਧਰ ਦੀ ਪੜ੍ਹਾਈ ਅਤੇ ਖੋਜ ਦਾ ਮਾਧਿਅਮ ਹੰਗਰੇਈਨ ਭਾਸ਼ਾ ਹੀ ਹੈ। ਇਹ ਸਾਡੀਆਂ ਬੋਲੀਆਂ ਨਾਲੋਂ ਵੱਧ ਅਮੀਰ ਮੰਨੀ ਗਈ ਹੈ।

ਬਾਈਬਲ ਦੇ ਦਰਸ਼ਨ ਕਰਕੇ ਅਸੀਂ ਪੁਰਾਣੇ ਗਿਰਜਾਘਰ ਦੀ ਇਮਾਰਤ ਵੇਖੀ ਜਿਸ ਵਿਚ ਬਾਈਬਲ ਦੀਆਂ ਕਥਾਵਾਂ ਤੇ ਅਧਾਰਤ ਕੰਧ ਚਿਤਰ ਮੌਜੂਦ ਹਨ। ਇਸ ਦੇ ਅਹਾਤੇ ਵਿਚ ਅਖਰੋਟ ਦੇ ਬਿਰਛ ਹਨ ਅਤੇ ਸਾਦਾ ਤੇ ਸਵੱਛ ਵਾਤਾਵਰਣ ਮਨ ਨੂੰ ਭਾਉਂਦਾ ਹੈ। ਇਸ ਪਿੰਡ ਤੋਂ ਸਲੋਵਾਕੀਆ ਦਾ ਬਾਰਡਰ ਵੀ ਨੇੜੇ ਹੀ ਹੈ। ਪਹਿਲਾਂ ਚੈਕੋ-ਸਲੋਵਾਕੀਆ ਇਕ ਦੇਸ਼ ਸੀ, ਹੁਣ ਇਸ ਦੇ ਦੋ ਟੁਕੜੇ ਅਜਾਦ ਦੇਸ਼ ਬਣ ਗਏ ਹਨ - ਇਕ ਚੈਕ ਰੀਪਬਲਿਕ ਅਤੇ ਦੂਜਾ ਸਲੋਵੇਕੀਆ ਜਿਸ ਦੀ ਅਬਾਦੀ ਦਿੱਲੀ ਸ਼ਹਿਰ ਤੋਂ ਅੱਧੀ ਹੈ। ਮੈਂ ਸੋਚਿਆ ਭਾਰਤ ਦੇ ਸਿਆਸੀ ਲੀਡਰ ਕਿੰਨੇ ਮੂਰਖ ਹਨ, ਕਿਉਂ ਨਹੀਂ ਯੂ.ਪੀ. ਅਤੇ ਹੋਰ ਰਾਜਾਂ ਦੇ ਛੋਟੇ ਟੁਕੜੇ ਕਰਕੇ ਚੰਗਾ ਪ੍ਰਬੰਧਕੀ ਢਾਂਚਾ ਕਾਇਮ ਕਰਦੇ ਤਾਂ ਕਿ ਸਭ ਰਾਜਾਂ ਦੀ ਯੋਗ ਤਰੱਕੀ ਹੋ ਸਕੇ। ਭਾਰਤ ਵਿਚ ਫੈਡਰਲ ਢਾਂਚਾ ਹੀ ਲਾਹੇਵੰਦ ਸਿੱਧ ਹੋ ਸਕਦਾ ਹੈ।

ਵਾਪਸੀ ਦਾ ਰਾਹ ਅਸੀਂ ਹੋਰ ਚੁਣਿਆ ਅਤੇ ਸਾਰੋਸਪਤਾਕ ਦੇ ਇਤਿਹਾਸਕ ਸ਼ਹਿਰ ਦਾ ਦੌਰਾ ਕੀਤਾ। ਇਥੇ ਇਕ ਪੁਰਾਣਾ ਗਿਰਜਾਘਰ ਅਤੇ ਕਿਲਾ-ਨੁਮਾ ਮਹੱਲ ਹੈ। ਕਿਸੇ ਸਮੇਂ ਪੁਰਾਣਾ ਸ਼ਹਿਰ ਇਸ ਕਿਲੇ ਦੀ ਚਾਰ ਦੀਵਾਰੀ ਵਿਚ ਦਰਿਆ ਦੇ ਕਿਨਾਰੇ ਵੱਸਿਆ ਸੀ। ਇਸ ਕਿਲੇ ਦਾ ਇਤਿਹਾਸ ਹੰਗਰੀ ਦੀ ਅਜਾਦੀ ਦੇ ਘੋਲ ਨਾਲ ਜੁੜਿਆ ਹੋਇਆ ਹੈ। ਕਿਲੇ ਦਾ ਮਾਲਕ ਇਕ ਅਮੀਰ ਸ਼ਹਿਜਾਦਾ ਸੀ ਜੋ ਆਸਟਰੀਆ ਦੇ ਹੈਬਜਬੁਰਗ ਘਰਾਣੇ ਦਾ ਰਾਜ ਹੰਗਰੀ ਵਿਚੋਂ ਖਤਮ ਕਰਨ ਲਈ ਸਕੀਮਾਂ ਘੜ ਰਿਹਾ ਸੀ। ਜਦੋਂ ਇਸ ਸਕੀਮ ਦਾ ਭੇਦ ਖੁੱਲ੍ਹ ਗਿਆ ਤਾਂ ਸ਼ਹਿਜਾਦੇ ਰਾਕੋਚੀ ਨੂੰ ਕੈਦ ਕਰ ਲਿਆ ਗਿਆ। ਉਸ ਨੂੰ ਦੇਸ਼ ਨਿਕਾਲਾ ਲੈਣਾ ਪਿਆ ਅਤੇ ਉਹ ਤੁਰਕੀ ਵਿਚ ਰਹਿ ਕੇ ਮਰ ਗਿਆ। ਕਮਿਊਨਿਸਟਾਂ ਨੇ ਭਾਵੇਂ ਰਾਜਿਆਂ ਦੇ ਬੁੱਤ ਢਾਹ ਸੁੱਟੇ ਸਨ ਪਰੰਤੂ ਰਾਕੋਚੀ ਲੋਕਾਂ ਦਾ ਹਰਮਨ ਪਿਆਰਾ ਲੀਡਰ ਹੋਣ ਕਰਕੇ ਇਸ ਦੇ ਬੁੱਤ ਨੂੰ ਅਪਨਾ ਲਿਆ ਗਿਆ ਹੈ। ਗਿਰਜਾਘਰ ਅੰਦਰ ਹੰਗਰੀ ਦੇ ਪੁਰਾਣੇ ਅਮੀਰ ਅਤੇ ਰਾਕੋਚੀ ਪ੍ਰੀਵਾਰ ਦੇ ਮੈਂਬਰਾਂ ਦੀਆਂ ਕਬਰਾਂ ਹਨ। ਇਸੇ ਪ੍ਰੀਵਾਰ ਵਿਚੋਂ ਇਕ ਸ਼ਹਿਜਾਦੀ ਐਲਜਬੈਥ ਹੋਈ ਹੈ ਜਿਸ ਨੂੰ ਰੋਮਨ ਕੈਥੋਲਿਕ ਧਰਮ ਦਾ 'ਸੰਤ' ਦਾ ਖਿਤਾਬ ਦੇ ਕੇ ਸਨਮਾਨਿਆ ਗਿਆ।

ਸੋਮਵਾਰ ਸਵੇਰੇ ਅਸੀਂ ਤੁਰਨ ਲਗੇ ਤਾਂ ਈਲੋਨਾ ਦੇ ਗਵਾਂਢੀ ਮੈਨੂੰ ਮਿਲਣ ਆਏ। ਘਰ ਦੀ ਸਵਾਣੀ ਇਕ ਤਾਜਾ ਕੇਕ ਅਤੇ ਅੰਗੂਰਾਂ ਦੀ ਟੋਕਰੀ ਦੇ ਗਈ। ਵਾਕਿਆ ਹੀ ਹੰਗਰੀ ਦੇ ਪੇਂਡੂ ਜਿਮੀਂਦਾਰ ਪੰਜਾਬ ਦੇ ਕਿਸਾਨਾਂ ਵਾਂਗ ਮਿਲਾਪੜੇ ਅਤੇ ਪ੍ਰਾਹੁਣਾਚਾਰੀ ਵਿਚ ਪ੍ਰਪੱਕ ਹਨ।

## ਬੁੱਡਾਪੈਸਟ : ਹੰਗਰੀ ਦਾ ਦਿਲ ਅਤੇ ਦਿਮਾਗ

26 ਸਤੰਬਰ ਨੂੰ ਦਿਬਰੀਤਸਨ ਤੋਂ ਮੈਂ ਬੁੱਡਾਪੈਸਟ ਲਈ ਰਵਾਨਾ ਹੋਇਆ। ਰੇਲਵੇ ਸਟੇਸ਼ਨ ਤੇ ਪ੍ਰਯੋਗਸ਼ਾਲਾ ਦੇ ਸਾਰੇ ਵਿਗਿਆਨੀ ਵਿਦਾ ਕਰਨ ਆਏ। ਗੱਡੀ ਦੇ ਦੋ ਘੰਟੇ ਦੇ ਸਫਰ ਬਾਅਦ ਮੈਂ ਬੁੱਡਾਪੈਸਟ ਨੁਗਿਆਤੀ-ਪੂ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਪ੍ਰੋ. ਜਾਰਜ ਮਾਰਕਸ ਮੈਨੂੰ ਲੈਣ ਆਇਆ ਹੋਇਆ ਸੀ। ਅਸੀਂ ਕਾਰ ਵਿਚ ਸਵਾਰ ਹੋ ਕੇ ਡੈਨੂਬ ਦਰਿਆ ਦੇ ਦੂਸਰੇ ਪਾਰ ਇਕ ਹੋਟਲ ਵਿਚ ਜਾ ਡੇਰਾ ਲਾਇਆ। ਸ਼ਹਿਰ ਦੇ ਇਸ ਹਿੱਸੇ ਨੂੰ ਬੁੱਡਾ ਕਹਿੰਦੇ ਹਨ। ਹੰਗਰੀ ਦੇ ਬਾਦਸ਼ਾਹਾਂ ਦੇ ਮਹੱਲ ਅਤੇ ਚੰਗੇ ਹੋਟਲ ਦਰਿਆ ਦੇ ਕਿਨਾਰੇ ਹਨ ਅਤੇ ਵਧੇਰੇ ਯਾਤਰੀ ਇਸ ਹਿੱਸੇ ਵਿਚ ਰਹਿਣਾ ਪਸੰਦ ਕਰਦੇ ਹਨ। ਆਪਣਾ ਸਮਾਨ ਹੋਟਲ ਵਿਚ ਟਿਕਾ ਕੇ ਮੈਂ ਬਾਦਸ਼ਾਹਾਂ ਦੇ ਮਹੱਲ ਵੇਖਣ ਤੁਰ ਪਿਆ। ਬੁੱਡਾ ਦੀ ਪਹਾੜੀ ਤੋਂ ਡੈਨੂਬ ਦਰਿਆ ਅਤੇ ਦੂਸਰੇ ਪਾਸੇ ਦੇ ਪੈਸਟ ਸ਼ਹਿਰ ਦਾ ਨਜ਼ਾਰਾ ਚੰਗਾ ਲਗਦਾ ਹੈ। ਦੋ ਸ਼ਹਿਰ ਬੁੱਡਾ ਅਤੇ ਪੈਸਟ ਰਲ ਕੇ ਹੀ ਬੁੱਡਾ-ਪੈਸਟ ਬਣਿਆ ਹੈ।

ਹੰਗਰੀ ਦੇ ਬਾਦਸ਼ਾਹ ਇਸਤਵਾਨ ਨੂੰ ਰੋਮਨ ਕੈਥੋਲਿਕ ਧਰਮ ਧਾਰਨ ਕਰਨ ਲਈ ਜਰਮਨੀ ਦੀ ਸ਼ਹਿਜਾਦੀ ਗਜ਼ੈਲਾ ਨਾਲ ਸ਼ਾਦੀ ਕਰਵਾਣੀ ਪਈ। ਇਸ ਨਾਲ ਮਘਿਆਰ ਕਬੀਲੇ ਦੇ ਸਾਰੇ ਲੋਕ ਰੋਮਨ ਕੈਥੋਲਿਕ ਬਣ ਗਏ ਅਤੇ ਯੂਰਪ ਵਿਚ ਇਹ ਏਸ਼ੀਅਨ ਕਬੀਲਾ ਪ੍ਰਵਾਨ ਚੜ੍ਹਿਆ। ਰੋਮ ਦੇ ਪੋਪ ਨੇ ਖੁਸ਼ ਹੋ ਕੇ ਹੰਗਰੀ ਦੇ ਬਾਦਸ਼ਾਹ ਅਤੇ ਮਲਕਾ ਨੂੰ ਰੋਮਨ ਕੈਥੋਲਿਕ ਧਰਮ ਦੇ 'ਸੰਤ' ਘੋਸ਼ਿਤ ਕਰ ਦਿੱਤਾ। ਬੁੱਡਾ ਵਿਚ ਇਕ ਗਿਰਜਾਘਰ ਇਸਤਵਾਨ ਦੀ ਤਾਜਪੋਸ਼ੀ ਦੀ ਯਾਦ ਵਿਚ ਉਸਾਰਿਆ ਗਿਆ। ਇਸ ਅੰਦਰ ਬਾਦਸ਼ਾਹਾਂ ਦੇ ਤਾਜ ਰੱਖੇ ਗਏ ਅਤੇ ਉਨ੍ਹਾਂ ਦੀਆਂ ਕਬਰਾਂ ਬਣਾਈਆਂ ਗਈਆਂ। ਘੋੜੇ ਤੇ ਸਵਾਰ ਬਾਦਸ਼ਾਹ ਦਾ ਬੁੱਤ ਯਾਤਰੀਆਂ ਦੀ ਖਿੱਚ ਦਾ ਕਾਰਣ ਬਣਿਆ ਹੋਇਆ ਹੈ। ਬਾਦਸ਼ਾਹਾਂ ਦੇ ਮਹੱਲ ਤਾਂ ਹੁਣ ਮਿਊਜ਼ੀਅਮ ਬਣ ਚੁੱਕੇ ਹਨ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਦਾ ਕੰਮ ਠੀਕ ਨਹੀਂ ਜਾਪਦਾ। ਕਮਿਊਨਿਸਟ ਨਿਜ਼ਾਮ ਨੇ ਇਨ੍ਹਾਂ ਦੀ ਦੁਰਵਰਤੋਂ ਕੀਤੀ ਜਾਪਦੀ ਹੈ। ਸ਼ਾਮ ਤੱਕ ਮਹੱਲਾਂ ਦੇ ਬਾਹਰ ਹੀ ਗੇੜਾ ਲਾ ਕੇ ਮੈਂ ਆਪਣੇ ਹੋਟਲ ਵਿਚ ਪਰਤ ਆਇਆ।

ਅਗਲੇ ਦਿਨ 27 ਸਤੰਬਰ ਸਵੇਰੇ ਅੱਠ ਵਜੇ ਪ੍ਰੋ. ਮਾਰਕਸ ਇਕ ਵਿਦਿਆਰਥੀ ਨਾਲ ਮੇਰੇ ਹੋਟਲ ਵਿਚ ਲੈਣ ਆ ਗਿਆ। ਅਸੀਂ ਤਿੰਨੇ ਜਣੇ ਕਾਰ ਤੇ ਸਵਾਰ ਹੋ ਕੇ ਹੰਗਰੀ ਦੇ ਪਿੰਡ ਮਾਤਰਦਰਿਚਕੇ ਜਾਣ ਲਈ ਰਵਾਨਾ ਹੋ ਪਏ। ਇਸ ਪਿੰਡ ਵਿਚ ਕਾਰਬਨ ਡਾਈਅਕਸਾਈਡ ਅਤੇ ਰੇਡਾਨ ਗੈਸ ਦਾ ਉਤਸਰਜਨ ਖਤਰੇ ਦੀ ਹੱਦ ਤੱਕ ਪਹੁੰਚ ਗਿਆ ਹੈ। ਵਿਕਿਰਣਸ਼ੀਲ ਗੈਸਾਂ ਨੇ ਪਿੰਡ ਵਿਚ ਕੈਂਸਰ ਰੋਗ ਦੀ ਆਮਦ ਵਧਾ ਦਿੱਤੀ ਹੈ ਅਤੇ ਕਈ ਟੱਬਰ ਇਸ ਪਿੰਡ ਨੂੰ ਛੱਡ ਕੇ ਹੋਰ ਥਾਂ ਤੇ ਜਾ ਵੱਸੇ ਹਨ। ਇਸ ਪਿੰਡ ਦੀ ਯਾਤਰਾ ਮੇਰੇ ਖੋਜ ਪ੍ਰੋਗਰਾਮ ਵਿਚ ਸ਼ਾਮਲ ਸੀ। ਦੋ ਘੰਟੇ ਦੇ ਸਫਰ ਬਾਅਦ ਹੰਗਰੀ ਦੇ ਪਹਾੜਾਂ ਨੂੰ ਪਾਰ ਕਰਕੇ ਅਸੀਂ ਮਾਤਰਦਰਿਚਕੇ ਪਹੁੰਚ ਗਏ। ਸਾਡੇ ਜਾਣ ਤੋਂ ਪਹਿਲਾਂ ਮੈਡਮ ਐਸਟਰ ਟੋਥ ਆਪਣੇ ਸਕੂਲ ਦੇ ਵਿਦਿਆਰਥੀਆਂ ਨਾਲ ਪਹੁੰਚ ਚੁੱਕੀ ਸੀ। ਇਸ ਔਰਤ ਨੇ ਪਿੰਡ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਆਪਣਾ ਘਰ ਇਥੇ ਹੀ ਬਣਾਇਆ ਹੈ ਅਤੇ ਵਿਕਿਰਣ ਦੇ ਅਸਰ ਨੂੰ ਘੱਟ ਕਰਨ ਲਈ ਕਈ ਉਪਰਾਲੇ ਆਰੰਭ ਕੀਤੇ ਹਨ।

ਇਹ ਪਹਿਲਾ ਮੌਕਾ ਸੀ ਕਿ ਹੰਗਰੀ ਦੇ ਸਕੂਲ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਖੋਜੀਆਂ ਨਾਲ ਰਲ ਕੇ ਖੋਜ ਕਰਦੇ ਵੇਖਿਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਹੰਗਰੀ ਦੇ ਲੋਕ ਵਿਗਿਆਨ ‘ਚ ਕਿੰਨੀ ਮੁਹਾਰਤ ਹਾਸਲ ਕਰ ਚੁੱਕੇ ਹਨ। ਸਕੂਲਾਂ ਵਿਚ ਬੱਚਿਆਂ ਦੀ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਹੰਗੇਰੀਅਨ ਹੈ ਅਤੇ ਯੂਨੀਵਰਸਿਟੀ ਪੱਧਰ ਤੇ ਖੋਜ ਦਾ ਕੰਮ ਵੀ ਇਸੇ ਭਾਸ਼ਾ ਵਿਚ ਸੰਪੰਨ ਹੁੰਦਾ ਹੈ। ਡਾਕਟਰੀ ਅਤੇ ਇੰਜੀਨੀਅਰੀ ਦੀ ਪੜ੍ਹਾਈ ਮਾਤਭਾਸ਼ਾ ਵਿਚ ਹੁੰਦੀ ਹੈ ਪਰੰਤੂ ਅੰਤਰ-ਰਾਸ਼ਟਰੀ ਯੂਨੀਵਰਸਿਟੀ ਵਿਚ ਮਾਧਿਅਮ ਅੰਗਰੇਜ਼ੀ ਹੈ। ਪਹਿਲਾਂ ਹਰ ਬੱਚੇ ਨੂੰ ਰੂਸੀ ਜਬਾਨ ਸਿੱਖਣੀ ਪੈਂਦੀ ਸੀ ਪਰੰਤੂ ਹੁਣ ਇਹ ਸਿਲਸਿਲਾ ਬੰਦ ਹੋ ਗਿਆ ਹੈ।

28 ਸਤੰਬਰ ਐਤਵਾਰ ਦਾ ਦਿਨ ਹੋਣ ਕਰਕੇ ਮੇਰਾ ਪ੍ਰੋਗਰਾਮ ਬੁੱਡਾਪੈਸਟ ਸ਼ਹਿਰ ਦੇ ਅਜੂਬੇ ਵੇਖਣ ਦਾ ਬਣ ਗਿਆ।ਈਲੋਨਾ ਦਾ ਖੋਜ ਵਿਦਿਆਰਥੀ ਵਾਸਰਹੇਲੀ, ਜੋ ਹੁਣ ਬੁਡਾਪੈਸਟ ਵਿਚ ਹੀ ਨੌਕਰੀ ਕਰਦਾ ਹੈ, ਮੇਰਾ ਗਾਈਡ ਬਣ ਗਿਆ। ਪਹਿਲਾਂ ਅਸੀਂ ਦਰਿਆ ਡੈਨੂਬ ਦੇ ਕਿਨਾਰੇ ਚਲਦੇ ਚਲਦੇ ਮਾਰਗਰੇਟ ਆਈਲੈਂਡ ਤੱਕ ਪਹੁੰਚ ਗਏ। ਦਰਿਆ ਦੇ ਵਿਚਕਾਰ ਇਹ ਰਮਣੀਕ ਨਜ਼ਾਰਾ ਪੇਸ਼ ਕਰਦਾ ਹੈ। ਸੈਲਾਨੀ ਕਿਸ਼ਤੀਆਂ ਰਾਹੀਂ ਇਸ ਦੇ ਦੁਆਲੇ ਚੱਕਰ ਲਗਾਂਦੇ ਹਨ। ਡੈਨੂਬ ਦਰਿਆ ਉਪਰ ਨੌਂ ਪੁਲ ਹਨ ਅਤੇ ਸਭ ਤੋਂ ਮਸ਼ਹੂਰ, ਬੁੱਡਾ ਕੈਸਲ ਨੂੰ ਪੈਸਟ ਨਾਲ ਜੋੜਦਾ ਪੁਲ ਹੈ। ਅਸੀਂ ਦਰਿਆ ਪਾਰ ਕਰਕੇ ਦੂਸਰੇ ਕਿਨਾਰੇ ਤੇ ਪਹੁੰਚ ਗਏ। ਹੰਗਰੀ ਦਾ ਪਾਰਲੀਮੈਂਟ ਹਾਊਸ ਦਰਿਆ ਦੇ ਕਿਨਾਰੇ ਹੀ ਸੁਸ਼ੋਭਿਤ ਹੈ। ਹੰਗਰੀ ਦੀ ਸਾਇੰਸ ਅਕੈਡਮੀ ਦੇ ਵਿਹੜੇ ਵਿਚ ਵਿਗਿਆਨੀਆਂ ਦੇ ਬੁੱਤ ਵੇਖ ਕੇ ਅਸੀਂ ਬੁੱਡਾਪੈਸਟ ਸ਼ਹਿਰ ਦੀਆਂ ਗਲੀਆਂ ਵਿਚ ਨਿਕਲ ਤੁਰੇ। ਰੋਮਨ ਕੈਥੋਲਿਕ ਗਿਰਜਾ ਘਰ ਸੈਲਾਨੀਆਂ ਨਾਲ ਭਰਿਆ ਪਿਆ ਸੀ। ਇਸ ਦੇ ਹਾਲ ਕਮਰੇ ਵਿਚ ਕਈ ਹਜਾਰ ਲੋਕ ਪ੍ਰਾਰਥਨਾ ਕਰ ਸਕਦੇ ਹਨ। ਧੁੱਪ ਤੋਂ ਬਚਣ ਲਈ ਅਸੀਂ ਮੈਟਰੋ ਗੱਡੀ ਤੇ ਸਵਾਰ ਹੋ ਕੇ ਬੁੱਡਾਪੈਸਟ ਸ਼ਹਿਰ ਦੇ ਬਾਹਰਲੇ ਹਿੱਸੇ ਵਿਚ ਪਹੁੰਚ ਗਏ। ਯੂਰਪ ਵਿਚ ਲੰਡਨ ਤੋਂ ਬਾਅਦ ਬੁੱਡਾਪੈਸਟ ਵਿਚ ਧਰਤੀ ਹੇਠ ਚੱਲਣ ਵਾਲੀ ਮੈਟਰੋ ਰੇਲ ਗੱਡੀ ਹੋਂਦ ਵਿਚ ਆਈ ਸੀ ਅਤੇ ਹੁਣ ਸੌ ਸਾਲਾ ਬਰਸੀ ਮਨਾਈ ਗਈ ਹੈ। ਦਿੱਲੀ ਅਤੇ ਕਲਕੱਤੇ ਦੀ ਆਵਾਜਾਈ ਸਮੱਸਿਆ ਤਾਂ ਹੀ ਹੱਲ ਹੋ ਸਕਦੀ ਹੈ ਜੇਕਰ ਮੈਟਰੋ ਚਾਲੂ ਹੋ ਜਾਵੇ। ਇਸ ਹਿਸਾਬ ਅਸੀਂ ਯੂਰਪ ਤੋਂ ਸੌ ਸਾਲ ਪਿਛੜੇ ਹੋਏ ਹਾਂ।

ਮੈਟਰੋ ਗੱਡੀ ਦੇ ਸਟੇਸ਼ਨ ਤੋਂ ਬਾਹਰ ਨਿਕਲੇ ਤਾਂ ਖੁੱਲੀਆਂ ਸੜਕਾਂ ਅਤੇ ਐਵੀਨਿਊ ਆ ਗਏ। ਇਹ ਹਿੱਸਾ ਪੈਰਿਸ ਸ਼ਹਿਰ ਨਾਲ ਕਾਫੀ ਮਿਲਦਾ ਜੁਲਦਾ ਹੈ। ਹੀਰੋਜ਼ ਮੈਮੋਰੀਅਲ ਦੁਆਲੇ ਖੁੱਲਾ ਮੈਦਾਨ ਹੈ। ਕੇਂਦਰ ਵਿਚ ਇਕ ਲਾਠ ਹੈ ਅਤੇ ਇਸ ਦੇ ਦੁਆਲੇ ਹੰਗਰੀ ਦੇ ਬਾਦਸ਼ਾਹਾਂ ਦੇ ਬੁੱਤ ਹਨ। ਬੁੱਤਾਂ ਹੇਠ ਲੜਾਈਆਂ ਦੇ ਚਿਤਰ ਹਨ ਜਿਸ ਤੋਂ ਹੰਗਰੀ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ। ਹੀਰੋਜ਼ ਮੈਮੋਰੀਅਲ ਤੋਂ ਹੋਰ ਅਗੇ ਇਕ ਸ਼ਾਨਦਾਰ ਪਾਰਕ ਹੈ ਜਿਸ ਵਿਚ ਆਸਟਰੀਆ ਦੇ ਬਾਦਸ਼ਾਹ ਦਾ ਸ਼ਾਨਦਾਰ ਮਹੱਲ ਹੈ। ਇਹ ਵੀਆਨਾ ਦੇ ਮਹੱਲ ਦੇ ਨਮੂਨੇ ਤੇ ਉਸਾਰਿਆ ਗਿਆ ਸੀ। ਵੀਆਨਾ, ਪੈਰਿਸ ਅਤੇ ਬੁੱਡਾਪੈਸਟ ਦੀਆਂ ਇਤਿਹਾਸਕ ਇਮਾਰਤਾਂ ਵਿਚ ਕਈ ਸਾਂਝੇ ਲੱਛਣ ਹਨ, ਖਾਸ ਕਰਕੇ ਆਰਕੀਟੈਕਚਰ ਦੀ ਸਾਂਝ। ਪਾਰਕ ਵਿਚ ਇਕ ਝੀਲ ਹੈ ਜਿਸ ਵਿਚ ਕਿਸ਼ਤੀਆਂ ਚਲਦੀਆਂ ਹਨ ਅਤੇ ਕਈ ਸੱਜਣ ਮੱਛੀਆਂ ਫੜਨ ਦੇ ਆਹਰ ਵਿਚ ਰੁੱਝੇ ਹੋਏ ਸਨ। ਪੈਸਟ ਦੇ ਕੁਝ ਹਿਸੇ ਵਿਚ ਪੈਦਲ ਯਾਤਰੀ ਹੀ ਘੁੰਮ ਸਕਦੇ ਹਨ ਅਤੇ ਕਾਰਾਂ ਤੇ ਪਾਬੰਦੀ ਹੈ। ਹੋਟਲ ਵਾਪਸ ਪਰਤਣ ਤੋਂ ਪਹਿਲਾਂ ਮੈਂ ਸ਼ਹਿਰ ਦਾ ਇਹ ਬਜ਼ਾਰ ਵੀ ਘੁੰਮਿਆ। ਇਸ ਵਿਚ ਬਹੁਤ ਸਾਰੇ ਰੈਸਤੋਰਾਂ ਅਤੇ ਸੂਵੀਨੀਰ ਦੀਆਂ ਦੁਕਾਨਾਂ ਹਨ ਅਤੇ ਸੈਲਾਨੀਆਂ ਨੂੰ ਖੂਬ ਲੁੱਟਿਆ ਜਾਂਦਾ ਹੈ। ਦਰਿਆ ਦੇ ਕਿਨਾਰੇ ਜਾਂ ਤਾਂ ਵੱਡੇ ਹੋਟਲ ਹਨ ਅਤੇ ਜਾਂ ਅਮੀਰਾਂ ਦੇ ਮਕਾਨ। ਇਸ ਹਿੱਸੇ ਨੂੰ ਅਮਰੀਕਨ ਬਸਤੀ ਹੀ ਕਿਹਾ ਜਾਂਦਾ ਹੈ।

ਪ੍ਰੋ. ਮਾਰਕਸ ਨੇ ਮੇਰਾ ਪ੍ਰੋਗਰਾਮ ਪਹਿਲਾਂ ਹੀ ਉਲੀਕ ਰੱਖਿਆ ਸੀ। ਸੋਮਵਾਰ ਨੂੰ ਪਹਿਲਾਂ ਟੈਕਨੀਕਲ ਯੂਨੀਵਰਸਿਟੀ ਦਾ ਦੌਰਾ ਕੀਤਾ। ਇਥੇ ਐਪਲਾਈਡ ਸਾਇੰਸਜ਼ ਅਤੇ ਇੰਜੀਨੀਅਰਿੰਗ ਦੇ ਵਿਦਿਆਰਥੀ ਹੀ ਪੜ੍ਹਦੇ ਹਨ। ਪਰੈਕਟੀਕਲ ਟ੍ਰੇਨਿੰਗ ਕੋਰਸ

ਦਾ ਵਿਸ਼ੇਸ਼ ਹਿੱਸਾ ਹੈ। ਰੀਐਕਟਰ ਕੇਂਦਰ ਵਿਚ ਵਿਦਿਆਰਥੀ ਆਪ ਨਿਊਕਲੀਅਰ ਰੀਐਕਟਰ ਚਲਾ ਕੇ ਪ੍ਰਯੋਗ ਕਰਦੇ ਹਨ। ਅਸੀਂ ਤਾਂ ਥੀਊਰੀ ਹੀ ਪੜ੍ਹਾਂਦੇ ਹਾਂ ਅਤੇ ਜੇਕਰ ਕਿਤੇ ਬੰਬਈ ਦਾ ਟੂਰ ਲੱਗ ਵੀ ਜਾਵੇ ਤਾਂ ਰੀਐਕਟਰ ਦੀ ਇਮਾਰਤ ਵਿਖਾ ਕੇ ਮੋੜ ਦਿੱਤਾ ਜਾਂਦਾ ਹੈ। ਹੰਗਰੀ ਦੇ ਵਿਗਿਆਨੀ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕਾ ਜਾ ਵੱਸੇ ਅਤੇ ਪਹਿਲੇ ਰੀਐਕਟਰ ਦੀ ਕਾਢ ਵਿਚ ਇਨ੍ਹਾਂ ਦਾ ਯੋਗਦਾਨ ਸਵੀਕਾਰਿਆ ਗਿਆ ਹੈ। ਕੰਪਿਊਟਰ ਦੀ ਕਾਢ ਅਤੇ ਡਾਕਟਰੀ ਵਿਗਿਆਨ ਵਿਚ ਵੀ ਹੰਗਰੀ ਦੇ ਵਿਗਿਆਨੀ ਨਾਮਣਾ ਖੱਟ ਚੁੱਕੇ ਹਨ। ਬੁੱਡਾਪੈਸਟ ਵਿਚ ਇਕ ਯਹੂਦੀਆਂ ਦਾ ਮਹੱਲਾ ਹੈ ਜਿਥੋਂ ਦੇ ਪੰਜ ਵਿਗਿਆਨੀ ਨੋਬਲ ਪੁਰਸਕਾਰ ਜਿੱਤ ਚੁੱਕੇ ਹਨ ਪਰੰਤੂ ਹੁਣ ਰਹਿੰਦੇ ਅਮਰੀਕਾ ਵਿਚ ਹਨ।

ਭਾਰਤ ਵਾਪਸ ਪਰਤਣ ਤੋਂ ਪਹਿਲਾਂ ਮੇਰਾ ਲੈਕਚਰ ਵੈਸਪਰਿਮ ਯੂਨੀਵਰਸਿਟੀ ਵਿਚ ਰੱਖਿਆ ਗਿਆ। ਇਹ ਸ਼ਹਿਰ ਮਲਕਾ ਗਜ਼ੈਲਾ ਦੀ ਰਾਜਧਾਨੀ ਹੋਇਆ ਕਰਦਾ ਸੀ। ਇਸ ਦੇ ਨੇੜੇ ਹੀ ਪੈਨਨਹਾਲਮਾ ਦੀ ਮੋਨਾਸਟਰੀ ਹੈ ਜੋ ਹੰਗਰੀ ਦਾ ਸਭ ਤੋਂ ਪ੍ਰਸਿੱਧ ਧਾਰਮਿਕ ਕੇਂਦਰ ਹੈ। ਰੋਮਨ ਕੈਥੋਲਿਕ ਧਰਮ ਦੇ ਬੈਨੀਡਿਕਟਾਈਨ ਫਿਰਕੇ ਨਾਲ ਸੰਬੰਧਿਤ ਇਹ ਅਦਾਰਾ ਇਕ ਹਜ਼ਾਰ ਸਾਲ ਪੁਰਾਣਾ ਹੈ। ਪਿਛਲੇ ਸਾਲ ਪੋਪ ਜਾਨ ਪੌਲ ਨੇ ਹਜ਼ਾਰਵੀਂ ਵਰ੍ਹੇ ਗੰਢ ਵਿਚ ਭਾਗ ਲਿਆ। ਇਸ ਮੋਨਾਸਟਰੀ ਨੂੰ ਅਸੀਂ ਸਿਖ ਟਕਸਾਲ ਨਾਲ ਉਪਮਾ ਦੇ ਸਕਦੇ ਹਾਂ। ਇਸ ਵਿਚ 500 ਵਿਦਿਆਰਥੀ ਧਾਰਮਿਕ ਸਿੱਖਿਆ ਗ੍ਰਹਿਣ ਕਰਦੇ ਹਨ ਅਤੇ 50 ਅਧਿਆਪਕ ਹਨ। ਮੇਰੀ ਯਾਤਰਾ ਦਾ ਵਿਸ਼ੇਸ਼ ਪ੍ਰਬੰਧ ਹੋਣ ਕਰਕੇ ਇਕ ਅਧਿਆਪਕ ਇੰਤਜ਼ਾਰ ਕਰ ਰਿਹਾ ਸੀ। ਸਾਰੇ ਪਾਸੇ ਸ਼ਾਂਤੀ ਦਾ ਮਾਹੌਲ ਸੀ। ਰੋਮਨ ਕੈਥੋਲਿਕ ਧਰਮ ਦੇ ਸੰਤ ਬੈਨੀਡਿਕਟ ਦੇ ਪੈਰੋਕਾਰ ਕਾਲੇ ਚੋਗਿਆਂ ਵਿਚ ਸੁਸ਼ੋਭਿਤ ਸਨ। ਅੰਦਰ ਕਈ ਗਿਰਜਾਘਰ, ਲਾਇਬ੍ਰੇਰੀ ਅਤੇ ਮਿਊਜ਼ੀਅਮ ਵੇਖ ਕੇ ਅਸੀਂ ਪ੍ਰਸੰਨ ਚਿੱਤ ਪਰਤ ਆਏ। ਦੂਸਰੇ ਵਿਸ਼ਵ ਯੁੱਧ ਵਿਚ ਹੰਗਰੀ ਦਾ ਬਾਦਸ਼ਾਹ ਇਥੇ ਹੀ ਲੁਕਿਆ ਰਿਹਾ ਕਿਉਂਕਿ ਇਸ ਉਪਰ ਕਿਸੇ ਵੀ ਕੌਮ ਨੇ ਹਮਲਾ ਕਰਨ ਦੀ ਜੁਅਰਤ ਨਾ ਕੀਤੀ, ਇਹ ਇਥੋਂ ਦੀ ਧਾਰਮਿਕ ਪਵਿੱਤਰਤਾ ਕਰਕੇ ਸੀ।

## ਪੈਰਿਸ ਦੀ ਇਕ ਹੋਰ ਫੇਰੀ

ਚਾਰ ਅਕਤੂਬਰ 1997 ਨੂੰ ਮੈਂ ਬੁੱਡਾਪੈਸਟ ਤੋਂ ਫਰੈਂਕਫਰਟ ਏਅਰਪੋਰਟ ਤੇ ਜਾ ਉਤਰਿਆ। ਗਿਆਰਾਂ ਵਜੇ ਦੇ ਕਰੀਬ ਮੇਰੀ ਰਵਾਨਗੀ ਪੈਰਿਸ ਦੀ ਸੀ। ਫਰੈਂਕਫਰਟ ਪਹੁੰਚ ਕੇ ਪਤਾ ਲੱਗਾ ਕਿ ਮੇਰਾ ਸਮਾਨ ਜਹਾਜ ਤੋਂ ਨਹੀਂ ਉਤਰਿਆ। ਦਰਅਸਲ ਅੱਗੇ ਵੀ ਕਈ ਵਾਰ ਮੇਰੇ ਨਾਲ ਇਸ ਤਰ੍ਹਾਂ ਵਾਪਰਿਆ ਹੈ। ਇਕ ਹੋਰ ਹੰਗਰੀ ਤੋਂ ਆਈ ਬੀਬੀ ਵੀ ਪਰੇਸ਼ਾਨ ਜਾਪਦੀ ਸੀ। ਉਸਨੇ ਦੱਸਿਆ ਕਿ ਸਾਡਾ ਸਮਾਨ ਕਿਸੇ ਹੋਰ ਬੈਲਟ ਤੇ ਚੜ੍ਹ ਗਿਆ ਹੈ। ਖੈਰ ਇਕ ਘੰਟੇ ਦੀ ਖੱਜਲ ਖਵਾਰੀ ਤੋਂ ਬਾਅਦ ਸਾਡਾ ਦੋਹਾਂ ਦਾ ਸਮਾਨ ਲੱਭ ਪਿਆ। ਏਅਰਪੋਰਟ ਤੋਂ ਹੀ ਫਰੈਂਕਫਰਟ ਸ਼ਹਿਰ ਲਈ ਗੱਡੀ ਮਿਲ ਗਈ ਅਤੇ ਮੈਂ ਸਮੇਂ ਸਿਰ ਪੈਰਿਸ ਜਾਣ ਵਾਲੀ ਗੱਡੀ ਤੇ ਸਵਾਰ ਹੋ ਗਿਆ। ਮੇਰੇ ਪਾਸ ਯੂ-ਰੇਲ ਪਾਸ ਸੀ ਜੋ ਹੁਣ ਜਲੰਧਰ ਅਤੇ ਦਿੱਲੀ ਤੋਂ ਹੀ ਮਿਲ ਜਾਂਦਾ ਹੈ।ਵੀਹ ਹਜ਼ਾਰ ਰੁਪਏ ਦਾ ਇਹ ਰੇਲ ਪਾਸ ਯੂਰਪ ਦੇ ਲਗਭਗ ਸਾਰੇ ਦੇਸ਼ਾਂ ਵਿਚ ਕੰਮ ਆ ਸਕਦਾ ਹੈ। ਇਸ ਨਾਲ ਪੰਦਰਾਂ ਦਿਨ ਯੂਰਪੀਨ ਰੇਲ ਗੱਡੀਆਂ ਵਿਚ ਬਿਨਾ ਰੋਕ ਟੋਕ ਦੇ ਸਫਰ ਕਰ ਸਕਦੇ ਹਾਂ ਅਤੇ ਇਸ ਵਿਚ ਫਸਟ ਕਲਾਸ ਦੀ ਸਹੂਲਤ ਹੈ।

ਪੰਜ ਘੰਟੇ ਦੇ ਸਫਰ ਬਾਅਦ ਮੇਰੀ ਗੱਡੀ ਪੈਰਿਸ ਦੇ ਪੂਰਬੀ ਸਟੇਸ਼ਨ 'ਗਾਰ ਦ ਲੈਸਤ' ਤੇ ਪਹੁੰਚ ਗਈ। ਉਮੀਦ ਸੀ ਕਿ ਮੇਰਾ ਦੋਸਤ ਨਰੇਸ਼ ਸਿੰਘ ਅਗੋਂ ਲੈਣ ਆਇਆ ਹੋਵੇਗਾ ਪਰੰਤੂ ਪਲੇਟਫਾਰਮ ਤੇ ਕੋਈ ਪਗੜੀ ਵਾਲਾ ਸਿੱਖ ਨਜ਼ਰ ਨਾ ਆਇਆ। ਦਰਅਸਲ, ਹੰਗਰੀ ਤੋਂ ਟੂਰਿਸਟ ਏਜੰਸੀ ਨੇ ਮੈਨੂੰ ਗੱਡੀ ਪਹੁੰਚਣ ਦਾ ਸਹੀ ਵਕਤ ਨਹੀਂ ਸੀ ਦੱਸਿਆ ਜਿਸ ਕਰਕੇ ਨਰੇਸ਼ ਸਿੰਘ ਮੇਰੇ ਪਹੁੰਚਣ ਤੋਂ ਪਹਿਲਾਂ ਹੀ ਗੇੜਾ ਲਾ ਗਿਆ ਸੀ। ਕੁਝ ਚਿਰ ਇੰਤਜਾਰ ਕਰਨ ਉਪਰੰਤ ਮੈਂ ਟੈਲੀਫੋਨ ਕਾਰਡ ਖਰੀਦ ਲਿਆ ਅਤੇ ਨਰੇਸ਼ ਦੇ ਘਰ ਫੋਨ ਕੀਤਾ। ਉਹ ਮੇਰੇ ਫੋਨ ਦੀ ਇੰਤਜਾਰ ਕਰ ਰਿਹਾ ਸੀ ਅਤੇ ਸਟੇਸ਼ਨ ਤੇ ਲੈਣ ਆ ਗਿਆ। ਛੁੱਟੀ ਦਾ ਦਿਨ ਹੋਣ ਕਰਕੇ ਪੈਰਿਸ ਦੀਆਂ ਗਲੀਆਂ ਸੁੰਨਸਾਨ ਜਾਪ ਰਹੀਆਂ ਸਨ। ਦੂਸਰਾ ਅਕਤੂਬਰ ਦੇ ਮਹੀਨੇ ਵਿਚ ਭਾਰਤ ਜਿੰਨੀ ਹੀ ਗਰਮੀ ਹੋਣ ਕਰਕੇ ਪੈਰਿਸ ਸ਼ਹਿਰ ਦੇ ਲੋਕ ਵੀਕ-ਐਂਡ ਮਨਾਉਣ ਸਮੁੰਦਰ ਤੇ ਗਏ ਜਾਪਦੇ ਸਨ। ਮੈਂ ਵੀ ਹੈਰਾਨ ਸਾਂ ਕਿ ਹੰਗਰੀ ਦੇ ਮੁਕਾਬਲੇ ਪੈਰਿਸ ਇੰਨਾ ਗਰਮ ਕਿਉਂ ਹੈ। ਇਥੇ ਚੰਗਾ ਮੌਸਮ ਹੋਵੇ ਤਾਂ ਲੋਕ ਕਹਿੰਦੇ ਹਨ 'ਇੰਡੀਅਨ ਸਮਰ' ਆ ਗਈ ਹੈ।

ਘਰ ਪਹੁੰਚ ਕੇ ਕੁਝ ਅਰਾਮ ਕੀਤਾ ਅਤੇ ਫਿਰ ਪੰਝੀ ਸਾਲ ਪੁਰਾਣੀਆਂ ਯਾਦਾਂ ਤਾਜਾ ਕੀਤੀਆਂ। ਮੈਂ ਆਪਣੀ ਖੋਜ ਪੂਰੀ ਕਰਕੇ ਅਕਤੂਬਰ 1972 ਵਿਚ ਭਾਰਤ ਪਰਤ ਆਇਆ ਸਾਂ ਅਤੇ ਨਰੇਸ਼ ਸਿੰਘ ਨੂੰ ਪੈਰਿਸ ਨੇ ਮੋਹ ਲਿਆ। ਉਹ ਆਪਣੀ ਬੀਵੀ

ਅਤੇ ਬੱਚਿਆਂ ਸਮੇਤ ਇਸੇ ਸ਼ਹਿਰ ਦਾ ਹੋ ਕੇ ਰਹਿ ਗਿਆ। ਜਦੋਂ ਪਹਿਲੀ ਵਾਰ 1972 ਵਿਚ ਉਹ ਮੈਨੂੰ ਪੈਰਿਸ ਦੀ ਇਕ ਗਲੀ ਵਿਚ ਟੱਕਰਿਆ ਤਾਂ ਉਸਦੀ ਬੀਵੀ ਕਹਿਣ ਲਗੀ ਕਿ ਇਸਦਾ ਪੈਰਿਸ ਵਿਚ ਹਾਲੇ ਦਿਲ ਨਹੀਂ ਲਗਾ। ਚੰਗਾ ਹੋਵੇ ਕਿ ਅਸੀਂ ਦੋਵੇਂ ਸਿੱਖ ਵਿਦਿਆਰਥੀ ਇਕ ਦੂਸਰੇ ਨੂੰ ਮਿਲਦੇ ਰਹੀਏ। ਮੈਂ ਆਪਣੀ ਖੋਜ ਵਿਚ ਮਸਰੂਫ ਰਹਿੰਦਾ ਸਾਂ ਅਤੇ ਵੀਕ - ਐਂਡ ਉਪਰ ਨਰੇਸ਼ ਮੈਨੂੰ ਆਪਣੇ ਘਰ ਲੈ ਜਾਂਦਾ। ਉਸਦੀ ਬੀਵੀ ਭਾਵੇਂ ਮਨਾ ਕਰਦੀ ਪਰੰਤੂ ਉਹ ਅੱਧੀ ਰਾਤ ਤੋਂ ਬਾਅਦ ਵੀ ਆਪਣੀ ਕਾਰ ਵਿਚ ਹੀ ਮੈਨੂੰ ਇੰਡੀਅਨ ਹੋਸਟਲ ਤੱਕ ਛੱਡਣ ਆਉਂਦਾ ਅਤੇ ਮੈਟਰੋ ਗੱਡੀ ਤੇ ਜਾਣ ਨਾ ਦਿੰਦਾ। ਉਸਦੀ ਘਰਵਾਲੀ ਕੈਥਰੀਨ ਨੂੰ ਸਿੱਖ ਧਰਮ ਵਿਚ ਡੂੰਘੀ ਦਿਲਚਸਪੀ ਸੀ ਅਤੇ ਉਹ ਮੇਰੇ ਨਾਲ ਵੀ ਇਸ ਬਾਰੇ ਗੁਫਤਗੂ ਕਰਦੀ ਰਹਿੰਦੀ। ਉਸਨੇ ਭੌਤਿਕ ਵਿਗਿਆਨ ਦੀ ਡਿਗਰੀ ਹਾਸਲ ਕਰਕੇ ਇਕ ਸਕੂਲ ਵਿਚ ਨੌਕਰੀ ਕਰ ਲਈ ਅਤੇ ਨਰੇਸ਼ ਨੇ ਪੜ੍ਹਾਈ ਛੱਡ ਕੇ ਆਰਟਿਸਟ ਬਣਨ ਦੀ ਠਾਣ ਲਈ। ਪੈਰਿਸ ਸ਼ਹਿਰ ਦਾ ਪਹਿਲਾ ਗੁਰਦਵਾਰਾ ਕੈਥਰੀਨ ਤੇ ਨਰੇਸ਼ ਦੀ ਘਾਲਣਾ ਸਦਕਾ ਸਥਾਪਿਤ ਹੋਇਆ। ਕੁਝ ਸਾਲ ਪਹਿਲਾਂ ਕੈਥਰੀਨ ਦੀ ਮੌਤ ਹੋ ਗਈ ਅਤੇ ਨਰੇਸ਼ ਜ਼ਿੰਦਗੀ ਤੋਂ ਉਪਰਾਮ ਰਹਿਣ ਲਗਾ। ਹੁਣ ਉਸਨੇ ਇਸ ਉਪਰਾਮਤਾ ਤੋਂ ਬੰਦ ਖਲਾਸ ਪਾਉਣ ਲਈ ਆਰਟ ਦਾ ਸਹਾਰਾ ਲਿਆ ਹੈ ਅਤੇ ਕੈਥਰੀਨ ਦੇ ਚਿਤਰਾਂ ਨੂੰ ਜੀਵਨ ਲਕਸ਼ ਬਣਾ ਲਿਆ ਹੈ।

ਪੈਰਿਸ ਯੂਨੀਵਰਸਿਟੀ ਪਹਿਲਾਂ 'ਸਾਰਬਾਨ' ਕਰਕੇ ਜਾਣੀ ਜਾਂਦੀ ਸੀ ਪਰੰਤੂ ਅੱਜਕੱਲ ਇਸ ਦੇ ਤੇਰਾਂ ਜਾਂ ਚੌਦਾਂ ਕੈਂਪਸ ਬਣ ਗਏ ਹਨ ਅਤੇ ਹਰੇਕ ਯੂਨੀਵਰਸਿਟੀ ਕਹਾਉਂਦਾ ਹੈ। ਵਿਦਿਆਰਥੀਆਂ ਦੀ ਗਿਣਤੀ ਦੋ ਲੱਖ ਤੋਂ ਵੀ ਵਧੇਰੇ ਹੈ। ਰਾਤ ਪੈਣ ਉਪਰੰਤ ਪੈਰਿਸ ਆਪਣੇ ਜੋਬਨ ਤੇ ਆ ਜਾਂਦਾ ਹੈ। ਦਰਿਆ ਸੈਨ ਕਿਨਾਰੇ ਵਿਦਿਆਰਥੀਆਂ ਦੇ ਹਰਮਨ ਪਿਆਰੇ ਰੈਸਤੋਰਾਂ ਅਤੇ ਡਿਸਕੋ ਕਲੱਬ ਹਨ। ਇਸ ਇਲਾਕੇ ਨੂੰ ਲੈਟਿਨ ਕੁਆਰਟਰ 'ਕਾਰਤੀਏ ਲਾਤੈਂ' ਕਹਿੰਦੇ ਹਨ। ਦਰਿਆ ਦੇ ਕਿਨਾਰੇ ਸੈਰ ਕਰਕੇ ਅਸੀਂ ਸਾਰਬਾਨ ਵਾਲੀ ਗਲੀ 'ਚੋਂ ਲੰਘਦੇ ਹੋਏ ਲੈਟਿਨ ਕੁਆਰਟਰ ਦੇ ਹਿਸੇ ਵਿਚ ਪਹੁੰਚ ਗਏ। ਸ਼ਨੀਵਾਰ ਦੀ ਰਾਤ ਹੋਣ ਕਰਕੇ ਸਾਰੇ ਪਾਸੇ ਗਹਿਮਾ ਗਹਿਮ ਸੀ। ਸਵੇਰ ਦੇ ਚਾਰ ਵਜੇ ਤੱਕ ਲੋਕ ਬਜਾਰਾਂ ਵਿਚ ਘੁੰਮਦੇ ਰਹਿੰਦੇ ਹਨ। ਇਹੋ ਹੈ ਪੈਰਿਸ ਦੀ ਜਿੰਦਗੀ ਦਾ ਰਾਜ਼। ਅੱਧੀ ਰਾਤ ਤੱਕ ਅਸੀਂ ਆਪਣੇ ਹਰਮਨ ਪਿਆਰੇ ਸ਼ਹਿਰ ਦੀਆਂ ਗਲੀਆਂ ਵਿਚ ਘੁੰਮਦੇ ਰਹੇ ਅਤੇ ਫਿਰ ਉਸ ਡਾਇਣ ਟੱਨਲ ਥਾਣੀਂ ਘਰ ਪਰਤ ਆਏ ਜਿਸ ਨੇ ਕੁਝ ਦਿਨ ਪਹਿਲਾਂ ਹੀ 'ਦਿਲਾਂ ਦੀ ਮਲਕਾ' ਸ਼ਹਿਜਾਦੀ ਡਾਇਨਾ ਨੂੰ ਮੌਤ ਦੇ ਮੂੰਹ ਨਿਗਲ ਲਿਆ ਸੀ।

ਪੰਜ ਅਕਤੂਬਰ ਐਤਵਾਰ ਦੇ ਦਿਨ ਮੈਂ ਪੈਰਿਸ ਗੁਰਦਵਾਰੇ ਦੇ ਦਰਸ਼ਨ ਕਰਨ ਚਲਾ ਗਿਆ। ਸੰਗਤ ਵਿਚ ਵਧੇਰੇ ਪਟਕਾਧਾਰੀ ਸਿਖ ਹੀ ਮੌਜੂਦ ਸਨ। ਮੈਂ ਇਨ੍ਹਾਂ ਨੂੰ ਸਹਿਜਧਾਰੀ ਇਸ ਕਰਕੇ ਨਹੀਂ ਕਹਿ ਰਿਹਾ ਕਿਉਂਕਿ ਇਹ ਸਾਰੇ ਪੱਤਿਤ ਸਨ। ਸਹਿਜਧਾਰੀ ਤਾਂ ਬੜੇ ਸ਼ਰਧਾਵਾਨ ਸਿੱਖ ਹੋਏ ਹਨ। ਪਟਕਾਧਾਰੀ ਆਪਣੇ ਆਪ ਨੂੰ ਮੁਸੀਬਤ ਦੇ ਮਾਰੇ ਸਿੱਧ ਕਰਕੇ ਯੂਰਪ ਦੇ ਕਈ ਦੇਸ਼ਾਂ ਵਿਚ ਸ਼ਰਨਾਰਥੀ ਦਾ ਦਰਜਾ ਲੈਣਾ ਚਾਹੁੰਦੇ ਹਨ। ਇਹ ਠੱਗੀ ਠੋਰੀ ਨਾਲ ਏਜੰਟਾਂ ਰਾਹੀਂ ਯੂਰਪ ਪਹੁੰਚ ਜਾਂਦੇ ਹਨ ਅਤੇ ਆਪਣੇ ਆਪ ਨੂੰ ਪੰਥ ਹਿਤੈਸ਼ੀ ਅਤੇ ਭਾਰਤ ਸਰਕਾਰ ਦੇ ਸਤਾਏ ਹੋਏ ਸਿੱਖ ਦੱਸਦੇ ਹਨ। ਗੁਰਦਵਾਰਿਆਂ ਵਿਚ ਇਨ੍ਹਾਂ ਦੇ ਅੱਡੇ ਬਣ ਚੁੱਕੇ ਹਨ। ਨਰੇਸ਼ ਸਿੰਘ ਨੇ ਮੈਨੂੰ ਕਿਹਾ ਸੀ ਕਿ ਉਹ ਗੁਰਦਵਾਰੇ ਛੱਡ ਆਵੇਗਾ ਪਰੰਤੂ ਆਪ ਅੰਦਰ ਨਹੀਂ ਜਾਵੇਗਾ। ਸੋ ਵਾਇਦੇ ਅਨੁਸਾਰ ਉਹ ਮੈਨੂੰ ਗੇਟ ਤੇ ਛੱਡ ਗਿਆ। ਪਤਾ ਲਗਾ ਕਿ ਪੁਲਿਸ ਨੇ ਕਈ ਵਾਰ ਗੁਰਦਵਾਰੇ ਛਾਪਾ ਮਾਰਿਆ ਹੈ ਅਤੇ ਲੁਕ ਛਿਪ ਕੇ ਰਹਿਣ ਵਾਲਿਆਂ ਦੀ ਭਾਲ ਕਰਦੀ ਹੈ।

6 ਅਕਤੂਬਰ ਸੋਮਵਾਰ ਸਵੇਰੇ ਫਰਾਂਸ ਦੀ ਤੇਜ ਰਫਤਾਰ ਗੱਡੀ ਤੇ ਸਵਾਰ ਹੋ ਕੇ ਮੈਂ ਆਪਣੇ ਫਰਾਂਸੀਸੀ ਮਿੱਤਰਾਂ ਮਾਰੀ ਕਲੌਡ ਅਤੇ ਜੀਰਾ ਪੈਨਿਨ ਦੇ ਸ਼ਹਿਰ 'ਕਾਨ' ਪਹੁੰਚ ਗਿਆ। ਰੋਮ ਸਾਗਰ ਦੇ ਕੰਢੇ ਵੱਸਿਆ ਇਹ ਸ਼ਹਿਰ ਦੁਨੀਆਂ ਭਰ ਵਿਚ ਅੰਤਰ-ਰਾਸ਼ਟਰੀ ਸਿਨੇਮੇ ਦੇ ਤਿਉਹਾਰ ਕਰਕੇ ਪ੍ਰਸਿੱਧ ਹੈ। ਮਾਰੀ ਕਲੌਡ ਆਪਣੀ ਸਹੇਲੀ ਨਾਲ ਮੇਰੀ ਗੱਡੀ ਦਾ ਇੰਤਜਾਰ ਕਰ ਰਹੀ ਸੀ। ਇਕ ਰਾਤ ਕਾਨ ਸ਼ਹਿਰ ਵਿਚ ਗੁਜਾਰ ਕੇ ਅਗਲੀ ਸਵੇਰ ਮੈਂ ਰੋਮ ਵੱਲ ਚਾਲੇ ਪਾ ਦਿੱਤੇ।

## ਰੋਮ ਦੇ ਰੋਮਨ

7 ਅਕਤੂਬਰ ਸਵੇਰੇ ਚਾਰ ਵਜੇ ਉਠ ਕੇ ਇਟਲੀ ਦੇ ਸ਼ਹਿਰ ਰੋਮ ਜਾਣ ਦੀ ਤਿਆਰੀ ਕੀਤੀ। ਮਿਸਟਰ ਜੀਰਾ ਨੇ ਮੇਰੇ ਲਈ ਨਾਸ਼ਤਾ ਤਿਆਰ ਕਰ ਲਿਆ ਅਤੇ ਮਾਰੀ ਕਲੌਡ 6 ਵਜੇ ਦੀ ਗੱਡੀ ਤੇ ਚੜ੍ਹਾ ਗਈ। ਦੋ ਘੰਟੇ ਬਾਅਦ ਇਟਲੀ ਦਾ ਬਾਰਡਰ ਆ ਗਿਆ। ਰੋਮ ਸਾਗਰ ਦੇ ਕੰਢੇ ਕੰਢੇ ਰੇਲ ਗੱਡੀ ਦੀ ਯਾਤਰਾ ਇਕ ਸੁਹਾਵਣਾ ਸਫਰ ਹੋ ਨਿਬੜਿਆ, ਇਕ ਪਾਸੇ ਪਹਾੜੀ ਨਜ਼ਾਰਾ

ਅਤੇ ਦੂਜੇ ਪਾਸੇ ਰੋਮ ਸਾਗਰ ਦੀਆਂ ਲਹਿਰਾਂ ਕਲੋਲਾਂ ਕਰ ਰਹੀਆਂ ਸਨ। ਪਹਾੜ ਅਤੇ ਸਮੁੰਦਰ ਵਿਚਕਾਰ ਰੇਲ ਗੱਡੀ ਸੱਪ ਵਾਂਗ ਮੇਲਦੀ ਲੰਘ ਰਹੀ ਸੀ। ਕਈ ਮੋੜਾਂ ਤੇ ਗੱਡੀ ਇਕ ਕੁੰਡਲ ਵਾਂਗ ਜਾਪਦੀ ਅਤੇ ਪਿਛਲੇ ਡੱਬੇ ਦੀਆਂ ਸਵਾਰੀਆਂ ਇੰਜਨ ਦੇ ਡਰਾਈਵਰ ਨੂੰ ਟਾਟਾ ਕਰਦੀਆਂ। ਸੂਰਜ ਦੀ ਟਿੱਕੀ ਚੜ੍ਹਨ ਤੱਕ ਸਾਡੀ ਗੱਡੀ 'ਮਨਾਕੋ' ਦੇ ਸ਼ਹਿਰ ਪਹੁੰਚ ਗਈ। ਇਹ ਫਰਾਂਸ ਦੀ ਸਰਹੱਦ ਤੇ ਵੱਸਿਆ ਸ਼ਹਿਰ ਅਤੇ ਦੇਸ਼ ਹੈ ਜੋ ਰਕਬੇ ਵਿਚ ਪੰਜਾਬ ਦੇ ਇਕ ਪਿੰਡ ਬਰਾਬਰ ਹੀ ਹੈ।

ਅੱਠ ਵਜੇ ਦੇ ਕਰੀਬ ਇਟਲੀ ਦੀ ਸਰਹੱਦ ਆ ਗਈ ਅਤੇ ਮੈਂ ਆਪਣੇ ਸਮਾਨ ਸਮੇਤ ਕਸਟਮ ਬੈਰੀਅਰ ਪਾਰ ਕਰਕੇ ਇਟਲੀ ਦੇ ਸ਼ਹਿਰ ਵੈਂਤੀਮਿਲੀਆ ਪਹੁੰਚ ਗਿਆ। ਮੇਰੀ ਗੱਡੀ ਵਿਚੋਂ ਚਾਰ ਪੰਜਾਬੀ ਮੁੰਡੇ ਵੀ ਉਤਰੇ ਸਨ ਅਤੇ ਇਟਲੀ ਦੀ ਪੁਲਿਸ ਨੇ ਉਨ੍ਹਾਂ ਨੂੰ ਘੇਰ ਰੱਖਿਆ ਸੀ। ਕਿਉਂਕਿ ਉਹ ਸਾਰੇ ਪਾਸਪੋਰਟ ਜਾਂ ਵੀਜ਼ੇ ਤੋਂ ਬਗੈਰ ਹੀ ਸਫਰ ਕਰ ਰਹੇ ਸਨ, ਸੋ ਪੁਲਿਸ ਵਾਲਿਆਂ ਮੈਨੂੰ ਵੀ ਰੋਕ ਲਿਆ। ਮੇਰੇ ਪਾਸ ਸੱਦਾ ਪੱਤਰ ਅਤੇ ਸਾਰੇ ਕਾਗਜ਼ਾਤ ਪੂਰੇ ਸਨ। ਫਿਰ ਵੀ ਪੁਲਿਸ ਦਾ ਰਵੱਈਆ ਕਾਬਲੇ ਇਤਰਾਜ ਜੀ। ਸ਼ਾਇਦ ਮੇਰੇ ਪੰਜਾਬੀ ਭਰਾਵਾਂ ਦੀ ਆਮਦ ਤੋਂ ਉਹ ਤੰਗ ਆਏ ਜਾਪਦੇ ਸਨ। ਖੈਰ ਪੁਲਿਸ ਦੀ ਪੜਤਾਲ ਉਪਰੰਤ ਮੇਰੀ ਅਗਲੀ ਰੋਮ ਜਾਣ ਵਾਲੀ ਗੱਡੀ ਸਾਢੇ ਨੌਂ ਵਜੇ ਰਵਾਨਾ ਹੋਣੀ ਸੀ। ਗੱਡੀ ਦੇ ਦਰਵਾਜੇ ਖੋਲਣ ਤੋਂ ਪਹਿਲਾਂ ਸਾਰੇ ਯਾਤਰੀਆਂ ਦਾ ਸਮਾਨ ਪੁਲਿਸ ਦੇ ਸਿਖਾਏ ਕੁੱਤਿਆਂ ਦਵਾਰਾ ਚੈਕ ਕੀਤਾ ਗਿਆ। ਅੱਜ ਕੱਲ ਯੂਰਪ ਵਿਚ ਨਸ਼ਿਆਂ ਨੂੰ ਰੋਕਣ ਲਈ ਇਹ ਜਰੂਰੀ ਹੋ ਗਿਆ ਹੈ।

ਮੇਰੇ ਡੱਬੇ ਵਿਚ ਜਪਾਨੀ ਮੁਸਾਫਿਰ ਰੋਮ ਜਾ ਰਹੇ ਸਨ। ਉਹ ਮਨਾਕੋ ਤੋਂ ਘੁੰਮ ਕੇ ਆਏ ਸਨ। ਗੱਡੀ ਵਿਚ ਵਧੇਰੇ ਸੈਲਾਨੀ ਹੀ ਸਫਰ ਕਰ ਰਹੇ ਸਨ। ਰਸਤੇ ਵਿਚ ਜੈਨੋਆ ਅਤੇ ਪੀਸਾ ਦੇ ਮਸ਼ਹੂਰ ਸ਼ਹਿਰ ਵੀ ਆਏ। ਪੀਸਾ ਤੋਂ ਅਗੇ ਪਹਾੜੀ ਇਲਾਕਾ ਖਤਮ ਹੋ ਜਾਂਦਾ ਹੈ ਅਤੇ ਗੱਡੀ ਦੀ ਲਾਈਨ ਸਮੁੰਦਰ ਤੋਂ ਪਰ੍ਹਾਂ ਹਟ ਜਾਂਦੀ ਹੈ। ਜੈਨੋਆ ਇਕ ਬੰਦਰਗਾਹ ਹੈ ਅਤੇ ਪੀਸਾ ਦਾ ਝੁਕਿਆ ਹੋਇਆ ਟਾਵਰ ਦੁਨੀਆਂ ਭਰ ਵਿਚ ਇਕ ਅਜੂਬਾ ਮੰਨਿਆ ਗਿਆ ਹੈ। ਭੌਤਿਕ ਵਿਗਿਆਨੀ ਗੈਲੀਲੀਓ ਇਸ ਟਾਵਰ ਤੋਂ ਹੀ ਪ੍ਰਯੋਗ ਕਰਿਆ ਕਰਦਾ ਸੀ। ਇਟਲੀ ਦੇ ਸ਼ਹਿਰ ਸਾਰੇ ਯੂਰਪ ਵਿਚ ਆਪਣੀ ਸੁੰਦਰਤਾ ਕਰਕੇ ਪ੍ਰਸਿੱਧ ਹਨ। ਪਰੰਤੂ ਰੋਮ ਅਤੇ ਵੀਨਸ ਦਾ ਕੋਈ ਮੁਕਾਬਲਾ ਹੀ ਨਹੀਂ। ਜਿਸ ਸੈਲਾਨੀ ਨੇ ਰੋਮ ਅਤੇ ਵੀਨਸ ਨਹੀਂ ਵੇਖਿਆ, ਉਹ ਜਾਣੋਂ ਯੂਰਪ ਦੀ ਦਹਿਲੀਜ਼ ਤੋਂ ਹੀ ਮੁੜ ਆਇਆ ਹੈ। ਮੇਰੇ ਲਈ ਰੋਮ ਅਤੇ ਪੈਰਿਸ ਇਸ ਤਰ੍ਹਾਂ ਹਨ ਜਿਵੇਂ ਦਿੱਲੀ ਅਤੇ ਅੰਮ੍ਰਿਤਸਰ। ਰੋਮ ਵਿਚ ਪੈਰਿਸ ਤੋਂ ਵੀ ਵਧੇਰੇ ਅਪਣੱਤ ਜਾਪਦੀ ਹੈ। ਇਸ ਦੇ ਹਰ ਪੱਥਰ ਵਿਚੋਂ ਰੋਮਨ ਕੈਥੋਲਿਕ ਧਰਮ ਅਤੇ ਰੋਮਨਾਂ ਦੇ ਰਾਜ ਦੀ ਵਿੱਥਿਆ ਸੁਣੀ ਅਤੇ ਲੱਭੀ ਜਾ ਸਕਦੀ ਹੈ। ਇਉਂ ਜਾਪਦਾ ਹੈ ਰੋਮ ਦੇ ਖੰਡਰਾਂ ਵਿਚ ਮਨੁੱਖੀ ਸਭਿਅਤਾ ਜੀਉਂਦੀ ਅਤੇ ਜਾਗਦੀ ਹੈ।

ਸ਼ਾਮ ਦੇ ਛੇ ਵਜੇ ਮੇਰੀ ਗੱਡੀ ਰੋਮ ਦੇ ਸਟੇਸ਼ਨ ਤੇ ਪਹੁੰਚੀ। ਟੈਕਸੀ ਕਰਕੇ ਮੈਂ ਆਪਣੇ ਹੋਟਲ ਪਹੁੰਚ ਗਿਆ। ਸਟੇਸ਼ਨ ਦੇ ਨਜ਼ਦੀਕ ਹੋਟਲਾਂ ਵਿਚ ਰੁਕਣਾ ਠੀਕ ਨਹੀਂ ਹੁੰਦਾ ਕਿਉਂਕਿ ਇਥੇ ਯਾਤਰੀਆਂ ਦੇ ਗਰੁੱਪ ਆ ਕੇ ਠਹਿਰਦੇ ਹਨ ਅਤੇ ਚੋਰੀ ਦਾ ਡਰ ਰਹਿੰਦਾ ਹੈ। ਵੈਸੇ ਵੀ ਰੋਮ ਅਤੇ ਦੱਖਣੀ ਇਟਲੀ ਦੇ ਹੋਰ ਸ਼ਹਿਰ ਚੋਰੀ ਅਤੇ ਗੁੰਡਾਗਰਦੀ ਲਈ ਵਿਸ਼ਵ ਭਰ ਵਿਚ ਪ੍ਰਸਿੱਧ ਹਨ। 'ਮਾਫੀਆ' ਇਟਲੀ ਦੀ ਸਿਆਸਤ ਉਪਰ ਭਾਰੂ ਰਹਿੰਦਾ ਹੈ। ਮਾਫੀਆ ਗਰੋਹ ਦਿਨ ਦੀਵੀਂ ਆਪਸ ਵਿਚ ਖਹਿਬੜ ਪੈਂਦੇ ਹਨ ਅਤੇ ਗੋਲੀ ਚੱਲਣ ਦੀਆਂ ਵਾਰਦਾਤਾਂ ਆਮ ਹੋ ਜਾਂਦੀਆਂ ਹਨ। ਜੋ ਜੱਜ ਸਖਤੀ ਕਰਦਾ ਹੈ ਉਸਨੂੰ ਅਗਵਾ ਕਰ ਲਿਆ ਜਾਂਦਾ ਹੈ। ਇਕ ਕਿਸਮ ਦਾ ਭਾਰਤ ਦੇ ਬਿਹਾਰ ਪ੍ਰਾਂਤ ਵਾਲਾ ਹੀ ਹਾਲ ਹੈ। ਦਰਅਸਲ, ਇਟਲੀ ਦਾ ਉਤਰੀ ਭਾਗ ਬਹੁਤ ਅਮੀਰ ਹੈ ਅਤੇ ਦੱਖਣੀ ਹਿੱਸਾ ਗਰੀਬੀ ਦੀ ਮਾਰ ਹੇਠ ਰਿਹਾ ਹੈ। ਦੱਖਣੀ ਲੋਕ ਕੱਦ ਦੇ ਮਧਰੇ, ਰੰਗ ਦੇ ਪੱਕੇ ਅਤੇ ਪਹਿਰਾਵੇ ਕਰਕੇ ਅੱਡ ਹੀ ਪਛਾਣੇ ਜਾਂਦੇ ਹਨ। ਇਹ ਵਧੇਰੇ ਕਰਕੇ ਜਰਮਨੀ ਮਜਦੂਰੀ ਕਰਨ ਜਾਂਦੇ ਹਨ। ਇਟਲੀ ਦੇ ਜਵਾਲਾਮੁਖੀ ਵੀ ਦੱਖਣ ਵਿਚ ਸਿਸਲੀ ਦੇ ਆਸ ਪਾਸ ਹੀ ਹਨ।

ਅੱਠ ਅਕਤੂਬਰ ਅੰਤਰ-ਰਾਸ਼ਟਰੀ ਕਾਨਫਰੰਸ ਦਾ ਉਦਘਾਟਨ ਸੀ। ਮੈਂ ਨਾਸ਼ਤਾ ਕਰਨ ਗਿਆ ਤਾਂ ਦੋ ਚੀਨੀ ਡੈਲੀਗੇਟ ਮਿਲ ਪਏ। ਉਹ ਮੇਰੇ ਜਾਣੂ ਨਿਕਲ ਆਏ। ਪ੍ਰੋ. ਜਾਓਚੈਂਗ ਅਤੇ ਉਸਦੀ ਘਰਵਾਲੀ ਮੈਡਮ ਵੀਜਾਂਗ ਭੁਚਾਲਾਂ ਸੰਬੰਧੀ ਖੋਜ ਕਰ ਰਹੇ ਹਨ ਅਤੇ ਪੀਕਿੰਗ ਦੀ ਭੁਚਾਲ ਸੰਸਥਾ ਦੇ ਡਾਇਰੈਕਟਰ ਹਨ। ਅਸੀਂ ਮੈਟਰੋ ਗੱਡੀ ਤੇ ਸਵਾਰ ਹੋ ਕੇ ਰੋਮ ਯੂਨੀਵਰਸਿਟੀ ਦੇ ਕੈਂਪਸ ਵਿਖੇ ਪਹੁੰਚ ਗਏ। ਰਸਤੇ ਵਿਚ ਹੀ ਹੋਰ ਡੈਲੀਗੇਟ ਟੱਕਰ ਪਏ ਜੋ ਪਹਿਲਾਂ ਅੰਮ੍ਰਿਤਸਰ ਆ ਚੁੱਕੇ ਸਨ। ਸਾਰੇ ਪੁਰਾਣੇ ਅਤੇ ਨਵੇਂ ਸਾਥੀ ਬੜੇ ਤਪਾਕ ਨਾਲ ਮਿਲੇ। ਇਉਂ ਜਾਪਣ ਲਗਾ ਜਿਵੇਂ ਕਿਸੇ ਮਿੱਤਰ ਦੀ ਸ਼ਾਦੀ ਤੇ ਆਏ ਹੋਏ ਹਾਂ।ਨੌਂ ਵਜੇ ਦੇ ਕਰੀਬ ਉਦਘਾਟਨੀ ਰਸਮ ਆਰੰਭ ਹੋਈ ਅਤੇ ਪੰਦਰਾਂ ਮਿੰਟਾਂ ਵਿਚ ਹੀ ਸਮਾਪਤ ਹੋ ਗਈ। ਕੋਈ ਵਜੀਰ ਜਾਂ ਸਿਆਸਤਦਾਨ ਨਹੀਂ ਸੱਦਿਆ ਗਿਆ ਸੀ। ਇਕ ਉਘੇ ਵਿਗਿਆਨੀ ਪ੍ਰੋ. ਫਰਾਰਾ ਤੋਂ ਉਦਘਾਟਨੀ ਭਾਸ਼ਨ ਕਰਵਾਇਆ ਗਿਆ। ਕਾਨਫਰੰਸ 10 ਅਕਤੂਬਰ ਨੂੰ ਖਤਮ ਹੋ ਗਈ ਅਤੇ ਉਸ ਸ਼ਾਮ ਇਕ ਉਚੇਚਾ ਡਿਨਰ ਦਿੱਤਾ ਗਿਆ। ਡਿਨਰ ਉਪਰੰਤ ਨਾਚ ਗਾਣੇ ਦਾ ਵੀ ਪ੍ਰਬੰਧ ਸੀ। ਇਹ ਪ੍ਰੋਗਰਾਮ ਅੱਧੀ ਰਾਤ ਤੱਕ ਚਲਦਾ ਰਿਹਾ।

ਗਿਆਰਾਂ ਅਕਤੂਬਰ ਨੂੰ ਡੇਲੀਗੇਟਾਂ ਲਈ ਰੋਮ ਤੋਂ ਬਾਹਰ ਇੱਕ ਪ੍ਰਯੋਗਸ਼ਾਲਾ ਦੀ ਯਾਤਰਾ ਦਾ ਪ੍ਰਬੰਧ ਕੀਤਾ ਗਿਆ। ਇਹ ਇੱਕ ਪਹਾੜ ਨੂੰ ਪੁੱਟ ਕੇ ਧਰਤੀ ਹੇਠ ਬਣਾਈ ਗਈ ਹੈ ਤਾਂ ਕਿ ਬ੍ਰਹਿਮੰਡੀ ਕਿਰਣਾਂ ਪ੍ਰਯੋਗਾਂ ਵਿੱਚ ਕੋਈ ਵਿਘਨ ਨਾ ਪਾਉਣ। ਇਸ ਦਾ ਤਾਪਮਾਨ ਅੱਠ ਦਰਜਾ ਸੈਂਟੀਗਰੇਡ ਉਪਰ ਸਥਿਰ ਰੱਖਿਆ ਗਿਆ ਹੈ। ਮੇਰੇ ਮਨ ਵਿਚ ਰੋਮ ਸ਼ਹਿਰ ਦੀ ਸੈਰ ਦਾ ਵਿਚਾਰ ਸੀ। ਮੌਸਮ ਸੁਹਾਵਣਾ ਅਤੇ ਸੈਲਾਨੀਆਂ ਦੀ ਭਰਮਾਰ ਸੀ। ਮੈਂ ਮੈਟਰੋ ਗੱਡੀ ਰਾਹੀਂ ਰੋਮ ਦੇ ਖੰਡਰ ਵੇਖਣ ਤੁਰ ਪਿਆ।

ਰੋਮ ਦਾ ਇਤਿਹਾਸ ਦਿੱਲੀ ਵਾਂਗ ਖੂਨੀ ਸਾਕਿਆਂ ਨਾਲ ਭਰਪੂਰ ਹੈ। ਇਸ ਵਿਚ ਇਕ ਖੂਬੀ ਇਹ ਹੈ ਕਿ ਇਹ ਰੋਮਨ ਬਾਦਸ਼ਾਹਾਂ ਦੀ ਰਾਜਧਾਨੀ ਤੋਂ ਇਲਾਵਾ ਈਸਾਈ ਧਰਮ ਦਾ ਗੜ੍ਹ ਵੀ ਰਿਹਾ ਹੈ। ਬਲਕਿ ਰੋਮਨ ਕੈਥੋਲਿਕ ਪੋਪ ਸਾਰੇ ਯੂਰਪ ਉਪਰ ਹੀ ਹਾਵੀ ਹੋ ਗਏ ਸਨ ਅਤੇ ਯੂਰਪ ਦੇ ਬਾਦਸ਼ਾਹਾਂ ਦੀ ਤਾਜਪੋਸ਼ੀ ਵੀ ਇਨ੍ਹਾਂ ਦੇ ਹੁਕਮ ਨਾਲ ਹੋਇਆ ਕਰਦੀ ਸੀ। ਇਹ ਪੋਪ ਬੜੇ ਸ਼ਕਤੀਸ਼ਾਲੀ ਹੋ ਗਏ ਅਤੇ ਰਾਜਸੀ ਮਾਮਲਿਆਂ ਵਿਚ ਦਖਲ ਅੰਦਾਜੀ ਕਰਨ ਲੱਗੇ। ਹੈਨਰੀ ਅੱਠਵੇਂ ਨੇ ਪੋਪ ਵਿਰੁੱਧ ਬਗਾਵਤ ਕਰ ਦਿੱਤੀ ਅਤੇ ਇੰਗਲੈਂਡ ਦੇ ਚਰਚ ਦਾ ਨਾਤਾ ਰੋਮ ਨਾਲੋਂ ਤੋੜ ਲਿਆ। 1870 ਤੱਕ ਰੋਮ ਸ਼ਹਿਰ ਪੋਪ ਦੀ ਗੱਦੀ ਅਤੇ ਰਾਜਧਾਨੀ ਰਿਹਾ। ਇਟਲੀ ਦੇ ਬਾਦਸ਼ਾਹ ਨੂੰ ਵੀ ਇਜਾਜਤ ਲੈ ਕੇ ਅੰਦਰ ਆਉਣਾ ਪੈਂਦਾ ਸੀ। ਅਖੀਰ ਇਟਲੀ ਦੀ ਫੌਜ ਨੇ ਰੋਮ ਉਪਰ ਕਬਜ਼ਾ ਕਰ ਲਿਆ। 1929 ਵਿੱਚ ਪੋਪ ਅਤੇ ਇਟਲੀ ਦੀ ਸਰਕਾਰ ਵਿਚਕਾਰ ਸੰਧੀ ਹੋਈ ਜਿਸ ਅਧੀਨ ਰੋਮ ਸ਼ਹਿਰ ਦਾ ਇਕ ਹਿੱਸਾ ਪੋਪ ਦੇ ਅਧਿਕਾਰ ਖੇਤਰ ਵਿਚ ਆ ਗਿਆ, ਜਿਸਨੂੰ ਹੁਣ ਵੈਟੀਕਨ (ਸਿਟੀ ਸਟੇਟ) ਕਿਹਾ ਜਾਂਦਾ ਹੈ। ਇਸ ਖੇਤਰ ਅੰਦਰ ਪੋਪ ਦਾ ਰਿਹਾਇਸ਼ੀ ਮਕਾਨ, ਕੁਝ ਗਿਰਜਾਘਰ ਅਤੇ ਮਿਊਜ਼ੀਅਮ ਹਨ। ਪੋਪ ਦੀ ਆਪਣੀ ਸੁਰੱਖਿਆ ਫੌਜ ਵੀ ਹੈ ਜੋ ਆਪਣੇ ਵਿਸ਼ੇਸ਼ ਲਿਬਾਸ ਕਰਕੇ ਸੈਲਾਨੀਆਂ ਦਾ ਧਿਆਨ ਖਿੱਚਦੀ ਹੈ।

ਰੋਮ ਦੇ ਪੁਰਾਣੇ ਖੰਡਰਾਂ ਦੇ ਸਮਾਰਕ ਨੂੰ ਰੋਮਨ ਫੋਰਮ (ਫੋਰੋ ਰੋਮਾਨੋ) ਕਿਹਾ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਰੋਮ ਸ਼ਹਿਰ 753 ਪੂਰਵੀ ਈਸਵੀ ਵਿਚ ਰੋਮੂਲਸ ਬਾਦਸ਼ਾਹ ਨੇ ਵਸਾਇਆ ਸੀ। ਬਾਅਦ ਵਿਚ ਉਸ ਦਾ ਕਤਲ ਹੋ ਗਿਆ। ਰੋਮਨ ਬਾਦਸ਼ਾਹਾਂ ਵਿਚ ਮੁਗਲਾਂ ਵਾਂਗ ਸਿਆਸੀ ਅਤੇ ਖਾਨਦਾਨੀ ਝਗੜੇ ਵੀ ਹੁੰਦੇ ਰਹਿੰਦੇ ਸਨ। ਜੂਲੀਅਸ ਸੀਜ਼ਰ ਰੋਮ ਦਾ ਲਾਇਕ ਸਿਆਸਤਦਾਨ, ਚੰਗਾ ਜਰਨੈਲ, ਧੜੱਲੇਦਾਰ ਬੋਲਾਰਾ ਅਤੇ ਵਿਦਵਾਨ ਸ਼ਾਸਕ ਸੀ, ਪਰੰਤੂ ਸਾਥੀਆਂ ਦੀ ਸਾਜਿਸ਼ ਦਾ ਸ਼ਿਕਾਰ ਹੋ ਗਿਆ। ਨੀਰੋ ਬਾਦਸ਼ਾਹ ਬਾਰੇ ਕਈ ਕਥਾਵਾਂ ਪ੍ਰਚੱਲਤ ਹਨ। ਉਸ ਦੇ ਰਾਜਕਾਲ ਸਮੇਂ ਰੋਮ ਸ਼ਹਿਰ ਸੜ ਕੇ ਤਬਾਹ ਹੋ ਗਿਆ। ਇਸ ਤਬਾਹੀ ਦਾ ਦੋਸ਼ ਈਸਾਈਆਂ ਦੇ ਸਿਰ ਮੜ੍ਹਿਆ ਗਿਆ। ਸੇਂਟ ਪਾਲ ਨੂੰ ਕੈਦ ਕੀਤਾ ਹੋਇਆ ਸੀ ਅਤੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਉਸੇ ਦਿਨ ਹੀ ਸੇਂਟ ਪੀਟਰ ਨੂੰ ਪੁੱਠਾ ਲਟਕਾ ਕੇ ਫਾਂਸੀ ਦੀ ਸਜਾ ਦਿਤੀ ਗਈ। ਈਸਾਈ ਧਰਮ ਦੇ ਇਹ ਦੋ ਮਹਾਨ ਸੰਤ ਹੋਏ ਹਨ ਜਿਨ੍ਹਾਂ ਨੇ ਆਪਣੇ ਪ੍ਰਚਾਰ ਸਦਕਾ ਈਸਾਈ ਧਰਮ ਨੂੰ ਸਾਰੇ ਯੂਰਪ ਵਿਚ ਫੈਲਾ ਦਿਤਾ। ਰੋਮ ਦੇ ਬਾਦਸ਼ਾਹ ਈਸਾਈ ਧਰਮ ਦੇ ਵਿਰੋਧੀ ਸਨ। ਈਸਾ ਮਸੀਹ ਦੇ ਤਿੰਨ ਸੌ ਸਾਲ ਬਾਅਦ ਜਦੋਂ ਰੋਮਨ ਸਲਤਨਤ ਸਾਰੇ ਯੂਰਪ, ਅਫਰੀਕਾ ਦੇ ਉਤਰੀ ਭਾਗ ਅਤੇ ਏਸ਼ੀਆ ਵਿਚ ਈਰਾਨ ਤਕ ਫੈਲ ਗਈ ਤਾਂ ਬਾਦਸ਼ਾਹ ਕਨਸਟੈਂਟਾਈਨ ਨੇ ਰੋਮ ਦੀ ਜਗ੍ਹਾ ਕਨਸਟੈਂਟੀਨੋਪਲ (ਇਸਤੰਬੋਲ) ਨੂੰ ਆਪਣੀ ਰਾਜਧਾਨੀ ਬਣਾ ਲਿਆ। ਉਹ ਈਸਾਈ ਧਰਮ ਦਾ ਪੈਰੋਕਾਰ ਬਣ ਗਿਆ ਅਤੇ ਰੋਮਨ ਸਲਤਨਤ ਦੇ ਦੇਸ਼ਾਂ ਵਿਚ ਈਸਾਈ ਧਰਮ ਖੂਬ ਫੈਲਿਆ।

ਰੋਮਨ ਫੋਰਮ ਦੇ ਖੰਡਰਾਂ ਵਿਚ ਰੋਮੂਲਸ ਤੋਂ ਲੈ ਕੇ ਪਿਛਲੇ ਦੋ ਢਾਈ ਹਜ਼ਾਰ ਸਾਲ ਦਾ ਇਤਿਹਾਸ ਸਾਂਭਿਆ ਹੋਇਆ ਹੈ। ਰੋਮਨ ਦੇਵਤਿਆਂ ਦੇ ਮੰਦਰ, ਬਾਦਸ਼ਾਹਾਂ ਦੀ ਜਿੱਤ ਮਨਾਉਂਦੀਆਂ ਲਾਠਾਂ ਅਤੇ ਈਸਾਈ ਸੰਤਾਂ ਦੀ ਸ਼ਹਾਦਤ ਨਾਲ ਸੰਬੰਧਿਤ ਯਾਦਗਾਰਾਂ ਇਥੇ ਮੌਜੂਦ ਹਨ। ਫੋਰਮ ਦੇ ਇਕ ਪਾਸੇ ਰੋਮਨ ਐਮਪੀਥੀਏਟਰ ਹੈ ਜਿਸ ਦੀ ਇਮਾਰਤ ਚਕਾਚੌਂਧ ਕਰ ਦਿੰਦੀ ਹੈ। ਇਥੇ ਰੋਮਨ ਬਾਦਸ਼ਾਹਾਂ ਦੇ ਦਿਲ ਪਰਚਾਵੇ ਲਈ ਭਿਆਨਕ ਖੂੰਖਾਰ ਜਾਨਵਰਾਂ ਨਾਲ ਯੋਧਿਆਂ ਦੀ ਟੱਕਰ ਕਰਵਾਈ ਜਾਂਦੀ। ਰੰਗਾਰੰਗ ਪ੍ਰੋਗਰਾਮ ਅਤੇ ਜਲਸੇ ਵੀ ਹੁੰਦੇ। ਜਿਥੇ ਕਿਤੇ ਵੀ ਰੋਮਨਾਂ ਦਾ ਰਾਜ ਭਾਗ ਰਿਹਾ ਇਸ ਕਿਸਮ ਦੇ ਥੀਏਟਰ ਲੱਭ ਪੈਂਦੇ ਹਨ।

ਰੋਮ ਦਾ ਦੂਸਰਾ ਮਹਾਨ ਸਮਾਰਕ ਵੈਟੀਕਨ ਸਿਟੀ ਵਿਚ ਸੇਂਟ ਪਾਲ ਦਾ ਵਿਸ਼ਵ ਪ੍ਰਸਿੱਧ ਗਿਰਜਾਘਰ ਹੈ। ਹਰ ਸਾਲ ਕਰਿਸਮਸ ਵਾਲੇ ਦਿਨ ਈਸਾਈ ਧਰਮ ਦਾ ਪੋਪ ਇਸ ਗਿਰਜੇ ਦੀ ਪਹਿਲੀ ਮੰਜਿਲ ਤੋਂ ਖਲੋ ਕੇ ਉਪਦੇਸ਼ ਦਿੰਦਾ ਹੈ। ਇਥੇ ਹਰ ਰੋਜ਼ ਲੱਖਾਂ ਹੀ ਈਸਾਈ ਅਤੇ ਹੋਰ ਸੈਲਾਨੀ ਯਾਤਰਾ ਕਰਨ ਆਉਂਦੇ ਹਨ। ਗਿਰਜੇ ਅੰਦਰ ਦੀਵਾਰਾਂ ਅਤੇ ਛੱਤ ਉਪਰ ਇਟਲੀ ਦੇ ਮਹਾਨ ਕਲਾਕਾਰਾਂ ਨੇ ਚਿੱਤਰ ਉਕਰੇ ਹੋਏ ਹਨ। ਮਾਈਕਲਐਂਗਲੋ ਦੇ ਚਿੱਤਰ ਅਤੇ ਘੜੇ ਹੋਏ ਬੁੱਤ ਦਰਸ਼ਕਾਂ ਦਾ ਮਨ ਮੋਹ ਲੈਂਦੇ ਹਨ। ਉਹ ਪੁੱਠਾ ਲਟਕ ਕੇ ਛੱਤ ਉਪਰ ਚਿੱਤਰਕਾਰੀ ਕਰਦਾ ਰਿਹਾ ਜਿਸ ਕਰਕੇ ਉਹ ਕੁੱਬਾ ਹੋ ਗਿਆ, ਪੈਰ ਨਕਾਰਾ ਹੋ ਗਏ ਅਤੇ ਅੱਖਾਂ ਦੀ ਜੋਤ ਜਾਂਦੀ ਰਹੀ। ਪਰੰਤੂ ਉਸਦੇ ਸਿਦਕ ਨੇ ਕਮਾਲ ਕਰ ਦਿੱਤੀ ਅਤੇ ਉਸਦਾ ਨਾਮ ਉਸਦੀਆਂ ਰੂਹਾਨੀ ਕ੍ਰਿਤਾਂ ਸਦਕਾ ਸਦਾ ਕਾਇਮ ਰਹੇਗਾ।

ਰੋਮ ਦੇ ਰੇਲਵੇ ਸਟੇਸ਼ਨ ਤੇ ਅਗਲੀ ਯਾਤਰਾ ਦੀ ਸੀਟ ਰੀਜਰਵ ਕਰਾਉਣ ਗਿਆ ਤਾਂ ਇਕ ਪਗੜੀ ਵਾਲਾ ਸਿੱਖ ਨੌਜਵਾਨ ਮਿਲ ਪਿਆ। ਮੈਂ ਉਸ ਤੋਂ ਮਾਲਟਾ ਨੇੜੇ ਹੋਈ ਬੋਟ ਦੁਰਘਟਨਾ ਬਾਰੇ ਜਾਣਕਾਰੀ ਮੰਗੀ। ਪਹਿਲਾਂ ਤਾਂ ਉਹ ਝੇਂਪ ਗਿਆ ਅਤੇ ਫਿਰ ਟਾਲਮਟੋਲ ਕਰਨ ਲੱਗਾ। ਉਹ ਕਹਿੰਦਾ ਇਹ ਕਾਰਾ ਏਜੰਸੀ ਦੀ ਮਿਲੀ ਭੁਗਤ ਕਰਕੇ ਹੀ ਹੋਇਆ ਹੈ। ਮੇਰਾ ਖਿਆਲ ਸੀ ਕਿ ਇਟਾਲੀਅਨ ਮਾਫੀਆ ਵੀ ਇਹੋ ਜਿਹੇ ਘਿਨੌਣੇ ਕਾਰਨਾਮੇ ਕਰਵਾ ਸਕਦਾ ਹੈ।

ਇਸ ਸੱਜਣ ਦਾ ਨਾਮ ਮਨਜੀਤ ਸਿੰਘ ਸੀ ਅਤੇ ਉਹ ਜਗਰਾਓਂ ਦੇ ਇਲਾਕੇ ਦਾ ਰਹਿਣ ਵਾਲਾ ਸੀ। ਕੰਮ ਬਾਰੇ ਪੁੱਛਿਆ ਤਾਂ ਕਹਿਣ ਲੱਗਾ ਕਿ ਰੋਮ ਦੇ ਨੇੜੇ ਇਕ ਜਿਮੀਂਦਾਰ ਦੇ ਫਾਰਮ ਤੇ ਭੇਡਾਂ ਚਾਰਣ ਦਾ ਕੰਮ ਕਰਦਾ ਹਾਂ। ਭੇਡਾਂ ਦਾ ਦੁੱਧ ਪਨੀਰ ਬਣਾਉਣ ਲਈ ਵਰਤਿਆ ਜਾਂਦਾ ਹੈ ਅਤੇ ਉਨ ਤੋਂ ਕੱਪੜਾ ਤਿਆਰ ਹੁੰਦਾ ਹੈ। ਮਨਜੀਤ ਸਿੰਘ ਆਪਣੇ ਕੰਮ ਤੋਂ ਬਹੁਤ ਖੁਸ਼ ਜਾਪਦਾ ਸੀ। ਕਹਿੰਦਾ ਰਿਹਾਇਸ਼ ਮੁਫਤ ਹੈ ਅਤੇ ਹਰ ਮਹੀਨੇ ਤੀਹ ਹਜ਼ਾਰ ਰੁਪਿਆ ਕਮਾ ਲੈਂਦਾ ਹਾਂ। ਇਕ ਅਠਵੀਂ ਪੜ੍ਹੇ ਲਈ ਹੋਰ ਕੀ ਚਾਹੀਦਾ ਹੈ। ਮੈਨੂੰ ਖੁਸ਼ੀ ਹੋਈ ਕਿ ਮਨਜੀਤ ਸਿੰਘ ਪੂਰੇ ਸਿੱਖੀ ਸਰੂਪ ਵਿੱਚ ਵਿਚਰ ਰਿਹਾ ਹੈ। ਉਸਨੇ ਦੱਸਿਆ ਕਿ ਰੋਮ ਤੋਂ ਚਾਲੀ ਕਿਲੋਮੀਟਰ ਬਾਹਰ ਲਾਡੀ ਸਪੋਲੀ ਵਿਚ ਇੱਕ ਗੁਰਦਵਾਰਾ ਬਣ ਚੁੱਕਾ ਹੈ। ਇਟਲੀ ਵਿਚ ਹੁਣ ਬਵੰਜਾ ਹਜ਼ਾਰ ਪੰਜਾਬੀ ਰਹਿੰਦੇ ਹਨ।

ਸਾਨੂੰ ਦੋ ਸਿੱਖਾਂ ਨੂੰ ਗੁਫਤਗੂ ਕਰਦਿਆਂ ਵੇਖ ਇਕ ਈਸਾਈ ਪ੍ਰਚਾਰਕ ਆ ਟਪਕਿਆ। ਪਹਿਲਾਂ ਉਸਨੇ ਆਪਣੇ ਬੈਗ ਵਿਚੋਂ ਅੰਗਰੇਜ਼ੀ ਦੀ ਪੁਸਤਕ ਕੱਢੀ ਅਤੇ ਮਨਜੀਤ ਸਿੰਘ ਨੂੰ ਦੇਣੀ ਚਾਹੀ। ਉਹ ਕਹਿੰਦਾ ਮੈਨੂੰ ਅੰਗਰੇਜੀ ਨਹੀਂ ਆਉਂਦੀ। ਫਿਰ ਉਸਨੇ ਹਿੰਦੀ ਅਤੇ ਪੰਜਾਬੀ ਵਿਚ ਅਨੁਵਾਦ ਕੀਤੀ ਪੁਸਤਕ ਪੇਸ਼ ਕਰ ਦਿੱਤੀ। ਜਦੋਂ ਉਹ ਖਹਿੜੇ ਹੀ ਪੈ ਗਿਆ ਤਾਂ ਮੈਂ ਪੰਜਾਬੀ ਵਾਲੀ ਕਾਪੀ ਲੈ ਲਈ। ਇਸ ਵਿਚ ਬਾਈਬਲ ਦੀ ਸਿੱਖਿਆ ਦਾ ਸੰਖੇਪ ਸਾਰ ਦਿੱਤਾ ਸੀ। ਜਾਣ ਲੱਗਾ ਇਕ ਇਸ਼ਤਿਹਾਰ ਵੀ ਦੇ ਗਿਆ ਜਿਸ ਵਿਚ ਰੋਮ ਸ਼ਹਿਰ ਦੇ ਈਸਾਈ ਧਰਮ ਪ੍ਰਚਾਰਕ ਕੇਂਦਰਾਂ ਬਾਰੇ ਜਾਣਕਾਰੀ ਦਿਤੀ ਸੀ। ਬਾਈਬਲ ਦੀ ਮਹੱਤਤਾ ਬਾਰੇ ਵਿਆਖਿਆਨ ਕੀਤੇ ਜਾਂਦੇ ਹਨ ਅਤੇ ਮੁਫਤ ਲਿਟਰੇਚਰ ਵੰਡਿਆ ਜਾਂਦਾ ਹੈ। ਅਸੀਂ ਹੈਰਾਨ ਸਾਂ ਕਿ ਈਸਾਈ ਪ੍ਰਚਾਰਕ ਕਿੰਨੇ ਸਿਰੜੀ ਹਨ। ਉਹ ਪੰਜਾਬ ਤੋਂ ਆਉਣ ਵਾਲੇ ਨੌਜਵਾਨਾਂ ਨੂੰ ਈਸਾਈ ਧਰਮ ਧਾਰਨ ਕਰਨ ਲਈ ਕਹਿੰਦੇ ਹਨ। ਕਈ ਪੰਜਾਬੀ ਮੁੰਡੇ ਇਨ੍ਹਾਂ ਦੇ ਝਾਂਸੇ ਵਿਚ ਆ ਹੀ ਜਾਂਦੇ ਹਨ। ਮਨਜੀਤ ਸਿੰਘ ਕਹਿਣ ਲੱਗਾ ਜੋ ਨਸ਼ਿਆਂ ਦੀ ਬੀਮਾਰੀ ਤੋਂ ਬਚਿਆ ਰਹੇ ਉਹ ਤਾਂ ਚਾਰ ਪੈਸੇ ਬਚਾ ਕੇ ਪਿਛਾਂਹ ਭੇਜ ਦਿੰਦਾ ਹੈ ਪਰੰਤੂ ਜੋ ਇਟਲੀ ਦੀ ਸ਼ਰਾਬ ਦੇ ਟੇਟੇ ਚੜ੍ਹ ਜਾਵੇ ਉਸ ਦਾ ਰੱਬ ਹੀ ਰਾਖਾ। ਮੈਂ ਮਨਜੀਤ ਸਿੰਘ ਨੂੰ ਫਤਹਿ ਬੁਲਾ ਕੇ ਪਰਤ ਆਇਆ। ਰੋਮ ਸਟੇਸ਼ਨ ਦੇ ਬਾਹਰ ਅਮਲੀਆਂ ਦਾ ਅਖਾੜਾ ਵੇਖਿਆ ਜਿੱਥੇ ਰਾਤ ਭਰ ਫਕੀਰੀ ਪਹਿਰਾਵੇ ਵਿੱਚ ਮਸਤੀ ਦਾ ਦੌਰ ਚੱਲਦਾ ਰਹਿੰਦਾ ਹੈ।

ਰੋਮ ਦੇ ਰੋਮਨਾਂ ਦੀ ਯਾਦ ਨੂੰ ਨਮਸਕਾਰ ਕਰਕੇ ਮੈਂ ਸ਼ਾਮ ਤੱਕ ਆਪਣੇ ਹੋਟਲ ਪਰਤ ਆਇਆ। ਪੂਰਾ ਰੋਮ ਵੇਖਣ ਲਈ ਤਾਂ ਕਈ ਹਫਤੇ ਚਾਹੀਦੇ ਹਨ। ਇਸ ਸ਼ਹਿਰ ਵਿਚ 500 ਦੇ ਕਰੀਬ ਗਿਰਜਾ ਘਰ ਹਨ ਅਤੇ ਹੋਰ ਬਹੁਤ ਇਤਿਹਾਸਕ ਇਮਾਰਤਾਂ।

## ਸੁੰਦਰਤਾ ਦਾ ਪ੍ਰਤੀਕ - ਵੀਨਸ

12 ਅਕਤੂਬਰ ਨੂੰ ਸਵੇਰੇ ਸੱਤ ਵਜੇ ਮੇਰਾ ਇਤਾਲੀਅਨ ਮੇਜ਼ਬਾਨ ਜੀਓਵਾਨੀ ਮਾਰਤੀਨੇਲੀ ਮੇਰੇ ਹੋਟਲ ਵਿੱਚ ਆ ਗਿਆ। ਉਸਨੇ ਮੇਰਾ ਸਮਾਨ ਆਪਣੀ ਕਾਰ ਵਿੱਚ ਲੱਦ ਲਿਆ ਅਤੇ ਮੈਨੂੰ ਵੀਨਸ ਜਾਣ ਵਾਲੀ ਗੱਡੀ ਵਿਚ ਬਿਠਾ ਗਿਆ। ਦਰਅਸਲ ਮਾਰਤੀਨੇਲੀ ਨੇ ਰੋਮ ਤੋਂ 300 ਕਿਲੋਮੀਟਰ ਦੀ ਦੂਰੀ ਤੇ ਆਏ ਭੁਚਾਲਾਂ ਦਾ ਸਰਵੇਖਣ ਕਰਨਾ ਸੀ ਅਤੇ ਮੇਰਾ ਪ੍ਰੋਗਰਾਮ ਇਟਲੀ ਦੇ ਸੁੰਦਰ ਸ਼ਹਿਰ ਵੀਨਸ ਘੁੰਮਣ ਦਾ ਸੀ। ਰਾਤ ਨੂੰ ਮੈਂ ਮਾਰਤੀਨੇਲੀ ਦੇ ਸ਼ਹਿਰ ਮੋਦੇਨਾ ਪਹੁੰਚਣਾ ਸੀ।

ਚਾਰ ਘੰਟੇ ਦੇ ਸਫਰ ਬਾਅਦ ਮੇਰੀ ਗੱਡੀ ਵੀਨਸ ਦੇ ਸਟੇਸ਼ਨ 'ਸੇਂਟ ਲੂਚੀਆ' ਪਹੁੰਚ ਗਈ। ਵੀਨਸ ਕਈ ਸਮੁੰਦਰੀ ਟਾਪੂਆਂ ਨੂੰ ਮਿਲਾ ਕੇ ਬਣਿਆ ਅਦੁੱਤੀ ਸ਼ਹਿਰ ਹੈ।ਐਡਰੀਏਡਿਕ ਸਮੁੰਦਰ ਦੇ ਇਹ ਟਾਪੂ ਕਈ ਕਿਲੋਮੀਟਰ ਲੰਬਾਈ ਦੇ ਪੁੱਲ ਨਾਲ ਇਟਲੀ ਦੀ ਧਰਤੀ ਨਾਲ ਜੁੜੇ ਹੋਏ ਹਨ। ਇਉਂ ਜਾਪਦਾ ਸੀ ਕਿ ਗੱਡੀ ਸਮੁੰਦਰੀ ਲਹਿਰਾਂ ਉਪਰ ਤੁਰਦੀ ਜਾ ਰਹੀ ਹੈ। ਮੇਰੇ ਪਾਸ ਸਿਰਫ ਚਾਰ ਘੰਟੇ ਦਾ ਵਕਤ ਸੀ। ਮੈਂ ਪਹੁੰਚਣ ਸਾਰ 'ਸਾਨ ਮਾਰਕੋ' ਜਾਣ ਵਾਲੀ ਸਮੁੰਦਰੀ ਬੇੜੀ ਤੇ ਸਵਾਰ ਹੋ ਗਿਆ। ਹਰ ਦਸ ਮਿੰਟ ਬਾਅਦ ਇਹ ਬੇੜੀ ਚੱਲਦੀ ਹੈ ਪਰੰਤੂ ਸੈਲਾਨੀਆਂ ਦੀ ਇੰਨੀ ਭੀੜ ਸੀ ਕਿ ਮੈਨੂੰ ਤੀਸਰੀ ਬੇੜੀ ਵਿੱਚ ਜਗ੍ਹਾ ਮਿਲੀ। ਹਰ ਬੇੜੀ 300 ਦੇ ਕਰੀਬ ਮੁਸਾਫਰ ਢੋ ਸਕਦੀ ਹੈ। ਇਸ ਬੇੜੀ ਦਾ ਰੂਟ ਵੀਨਸ ਸ਼ਹਿਰ ਦੀਆਂ ਸਮੁੰਦਰੀ ਨਹਿਰਾਂ ਥਾਣੀ ਸੀ। ਇਹ ਕਈ ਸਟੇਸ਼ਨਾਂ ਤੇ ਰੁਕਦੀ ਹੋਈ ਚਾਲੀ ਮਿੰਟ ਬਾਅਦ ਵੀਨਸ ਦੇ ਵਿਸ਼ਵ ਪ੍ਰਸਿੱਧ ਗਿਰਜਾਘਰ ਕੋਲ ਪਹੁੰਚ ਗਈ ਜੋ ਈਸਾਈ ਧਰਮ ਦੇ ਸੰਤ ਮਾਰਕ ਦੀ ਯਾਦਗਾਰ ਵਜੋਂ ਉਸਾਰਿਆ ਗਿਆ ਹੈ।

1870 ਤੱਕ ਇਟਲੀ ਕਈ ਰਿਆਸਤਾਂ ਵਿੱਚ ਵੰਡਿਆ ਰਿਹਾ। ਵੀਨਸ ਦਾ ਰਾਜ ਖੁਦ-ਮੁਖਤਿਆਰ ਸੀ ਅਤੇ ਬਾਕੀ ਰਿਆਸਤਾਂ ਨਾਲੋਂ ਵਧੇਰੇ ਅਮੀਰ ਸੀ। ਵੀਨਸ ਦੀ ਸੁੰਦਰਤਾ ਦੇ ਚਰਚੇ ਵਿਸ਼ਵ ਭਰ ਵਿਚ ਪ੍ਰਸਿੱਧ ਸਨ। ਇਸ ਸ਼ਹਿਰ ਵਿਚ ਅਮੀਰਜ਼ਾਦਿਆਂ ਨੇ ਹਵੇਲੀਆਂ ਅਤੇ ਹੋਟਲ ਬਣਵਾਏ। ਕਈ ਤਾਂ ਗਰਮੀਆਂ ਦੇ ਦੋ ਮਹੀਨੇ ਕੱਟਣ ਹੀ ਇਥੇ ਆਉਂਦੇ ਹਨ। ਸਾਰਾ ਸਾਲ ਇਹ ਸ਼ਹਿਰ ਬੰਦ ਪਿਆ ਰਹਿੰਦਾ ਹੈ। ਜਿਉਂ ਹੀ ਮੌਸਮ ਸੁਹਾਵਣਾ ਹੁੰਦਾ ਹੈ, ਯਾਤਰੀ ਲੋਕ ਵੀਨਸ ਪਹੁੰਚ ਜਾਂਦੇ ਹਨ। ਇਸ ਸ਼ਹਿਰ ਦੇ ਗਿਰਜਾਘਰ ਅਤੇ ਅਜਾਇਬ ਘਰ ਵੇਖਣ ਯੋਗ ਹਨ। ਆਵਜਾਈ ਦਾ ਵਸੀਲਾ ਸਮੁੰਦਰੀ ਕਿਸ਼ਤੀਆਂ ਹਨ। ਤੰਗ ਗਲੀਆਂ ਵਿਚ ਗੰਡੋਲੇ ਦੀ ਮੱਦਦ ਨਾਲ ਇਕ ਘਰ ਤੋਂ ਦੂਜੇ ਘਰ ਵਿਚ ਪਹੁੰਚਿਆ ਜਾਂਦਾ ਹੈ। ਵੀਨਸ ਵਿਚ ਗੰਡੋਲੇ ਦੀ ਸਵਾਰੀ ਦਾ ਆਪਣਾ ਹੀ ਲੁਤਫ ਹੈ। ਹਨੀਮੂਨ ਤੇ ਆਏ ਜੋੜੇ ਗੰਡੋਲਿਆਂ ਵਿਚ ਵੀਨਸ ਦੀ ਸੈਰ ਕਰਦੇ ਹਨ। ਇਨ੍ਹਾਂ ਵਿਚ ਰਾਗ ਰੰਗ ਦਾ ਵੀ ਪ੍ਰਬੰਧ ਹੁੰਦਾ ਹੈ।

ਸੇਂਟ ਮਾਰਕ ਸੁਕੇਅਰ ਵਿਚ ਇਕ ਟਾਵਰ ਹੈ ਜਿਸਦੀ ਟੀਸੀ ਤੋਂ ਵੀਨਸ ਸ਼ਹਿਰ ਦੇ ਆਲੇ ਦੁਆਲੇ ਦਾ ਰਮਣੀਕ ਨਜ਼ਾਰਾ ਵੇਖਿਆ ਜਾ ਸਕਦਾ ਹੈ। ਗਿਰਜਾਘਰ ਦੇ ਅੰਦਰ ਪੂਰਣ ਸ਼ਾਂਤੀ ਸੀ। ਇਸ ਵਿਚ ਦਾਖਲ ਹੋਣ ਲਈ ਔਰਤਾਂ ਨੂੰ ਸਿਰ ਕੱਜਣਾ ਪੈਂਦਾ ਹੈ ਅਤੇ ਗੋਡਿਆਂ ਤੋਂ ਹੇਠ ਤੱਕ ਲਿਬਾਸ ਦਾ ਹੋਣਾ ਜਰੂਰੀ ਹੈ। ਕਈ ਮੁਟਿਆਰਾਂ ਮੇਰੀ ਕਤਾਰ ਵਿਚੋਂ ਪਿਛਾਂਹ ਮੋੜੀਆਂ ਗਈਆਂ ਪਰੰਤੂ ਮੈਨੂੰ ਅੰਦਰ ਜਾਣ ਦੀ ਇਜ਼ਾਜਤ ਮਿਲ ਗਈ। ਗਿਰਜਾਘਰ ਦੇ ਤਹਿਖਾਨੇ ਵਿਚ ਸੋਨੇ ਦੇ ਗਹਿਣੇ ਰੱਖੇ ਹੋਏ ਹਨ ਜੋ ਬਾਦਸ਼ਾਹਾਂ ਨੇ ਭੇਟ ਕੀਤੇ। ਇਸ ਦੇ ਮੁੱਖ ਦਵਾਰ ਉਪਰ ਚਾਰ ਘੋੜਿਆਂ ਦੇ ਸੁੰਦਰ ਬੁੱਤ ਹਨ ਜੋ ਬੁੱਤ-ਤਰਾਸ਼ੀ ਦਾ ਵਧੀਆ ਨਮੂਨਾ ਪੇਸ਼ ਕਰਦੇ ਹਨ। ਯੂਨਾਨ ਤੋਂ ਬਾਅਦ ਇਟਲੀ ਅਤੇ ਫਰਾਂਸ ਦੇ ਬੁੱਤ ਘਾੜਿਆਂ ਨੇ ਆਪਣੀ ਕਲਾ ਨਾਲ ਇਨ੍ਹਾਂ ਦੇਸ਼ਾਂ ਦੇ ਸ਼ਹਿਰਾਂ ਦੀ ਸੁੰਦਰਤਾ ਨੂੰ ਚਾਰ ਚੰਨ ਲਾਏ।ਸੇਂਟ ਮਾਰਕ ਸੁਕੇਅਰ ਕਾਫੀ ਖੁੱਲਾ ਹੈ ਅਤੇ ਇਸਦੇ ਵਿਹੜੇ ਵਿਚ ਸੌਦਾਗਰ ਆਪਣੀਆਂ ਵਸਤਾਂ ਦਾ ਵਪਾਰ ਕਰਿਆ ਕਰਦੇ ਸਨ ਜਿਸ ਕਰਕੇ ਇਸ ਮਾਰਕਿਟ ਦੀ ਆਪਣੀ ਵਿਲੱਖਣਤਾ ਹੈ। ਇਹ ਭਵਨ ਕਲਾ ਦਾ ਵਧੀਆ ਨਮੂਨਾ ਹੈ। ਅੱਜ ਕੱਲ੍ਹ ਇਥੇ ਰੈਸਤੋਰਾਂ ਬਣ ਗਏ ਹਨ ਅਤੇ ਯਾਤਰੀ ਨਿੱਘੀ ਧੁੱਪ ਦਾ ਆਨੰਦ ਮਾਣ ਰਹੇ ਸਨ।

ਦੋ ਘੰਟੇ ਗੁਜਾਰ ਕੇ ਮੇਰਾ ਵਾਪਸੀ ਦਾ ਸਫਰ ਪੈਦਲ ਕਰਨ ਦਾ ਵਿਚਾਰ ਬਣਿਆ। ਜੇਕਰ ਵੀਨਸ ਦੀ ਸਹੀ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਇਸ ਦੀਆਂ ਭੀੜੀਆਂ ਗਲੀਆਂ ਅਤੇ ਕੈਨਾਲਜ਼(ਨਹਿਰਾਂ) ਦਾ ਚੱਕਰ ਲਗਾਣਾ ਜਰੂਰੀ ਹੈ। ਕਈ ਗਲੀਆਂ ਵਿਚੋਂ ਤਾਂ ਸਿਰਫ ਦੋ ਆਦਮੀ ਹੀ ਭਿੜਕੇ ਲੰਘ ਸਕਦੇ ਹਨ। ਸ਼ਾਪਿੰਗ ਲਈ ਵੀਨਸ ਪ੍ਰਸਿੱਧ ਹੈ। ਇਥੇ ਕੱਟ-ਗਲਾਸ ਦੀਆਂ ਮੂਰਤੀਆਂ ਅਤੇ ਪੋਰਸੀਲੇਨ ਦਾ ਸਜਾਵਟੀ ਸਮਾਨ ਮਿਲਦਾ ਹੈ। ਵੀਨਸ ਸ਼ਹਿਰ ਦੇ ਨੇੜੇ ਮੂਰਾਨੋ ਟਾਪੂ ਉਪਰ ਕੱਟ-ਗਲਾਸ ਦੇ ਕਾਰਖਾਨੇ ਹਨ। ਇਸ ਵਾਰ ਸਮੇਂ ਦੀ ਥੁੜ ਸੀ, ਸੋ ਮੂਰਾਨੋ ਜਾਣ ਦਾ ਖਿਆਲ ਛੱਡ ਦਿੱਤਾ। ਮੂਰਾਨੋ ਦੇ ਰਸਤੇ ਵਿੱਚ ਇਕ ਹੋਰ ਟਾਪੂ ਹੈ, ਜਿਸ ਉਪਰ ਈਸਾਈਆਂ ਦਾ ਕਬਰਸਤਾਨ ਹੈ। ਵੀਨਸ ਦੀ ਪਹਿਲੀ ਯਾਤਰਾ ਦੌਰਾਨ ਮੈਂ ਇਸ ਦੇ ਪਾਰਕ ਵਿਚ ਕਈ ਘੰਟੇ ਗੁਜਾਰੇ। ਇਉਂ ਜਾਪਦਾ ਸੀ ਕਿਸੇ ਬਹਿਸ਼ਤ ਦਾ ਨਜ਼ਾਰਾ ਹੈ। ਇਸ ਕਬਰਸਤਾਨ ਵਿਚ ਸੁੰਦਰ ਫੁੱਲ ਬੂਟੇ ਅਤੇ ਵੰਨ ਸੁਵੰਨੇ ਬੁੱਤ ਲੱਗੇ ਹੋਏ ਹਨ ਅਤੇ ਮਹਾਨ ਕਲਾਕਾਰਾਂ ਦੀਆਂ ਕਬਰਾਂ ਉਪਰ ਲਿਖੇ ਮਰਸੀਹੇ ਪੜ੍ਹਕੇ ਮਨ ਨੂੰ ਅਨੋਖਾ ਰਸ ਪ੍ਰਾਪਤ ਹੁੰਦਾ ਹੈ।

ਵੀਨਸ ਨੂੰ ਸ਼ੈਕਸਪੀਅਰ ਨੇ ਆਪਣੀਆਂ ਰਚਨਾਵਾਂ ਵਿਚ ਅਮਰ ਕਰ ਦਿੱਤਾ ਹੈ। ਵੀਨਸ ਦਾ ਵਪਾਰੀ (ਮਰਚੈਂਟ ਆਫ ਵੀਨਸ) ਇਕ ਉਤਮ ਰਚਨਾ ਹੈ। ਵੀਨਸ ਦਾ ਰੌਲਟ ਬਰਿੱਜ਼ ਯਾਤਰੀਆਂ ਦੀ ਖਿੱਚ ਦਾ ਕਾਰਨ ਬਣ ਗਿਆ ਹੈ ਕਿਉਂਕਿ ਸ਼ੈਕਸਪੀਅਰ ਨੇ ਆਪਣੇ ਡਰਾਮੇ ਵਿਚ ਇਸਦਾ ਜ਼ਿਕਰ ਕੀਤਾ ਸੀ। ਯੂਰਪ ਦੇ ਹੋਰ ਕਈ ਕਲਾਕਾਰ ਵੀ ਇਸ ਸ਼ਹਿਰ ਵਿਚ ਆ ਕੇ ਆਪਣੀਆਂ ਕਲਾ ਕਿਰਤਾਂ ਤਿਆਰ ਕਰਦੇ ਰਹੇ। ਅੱਜ ਕਲ੍ਹ ਤਾਂ ਤੁਹਾਡਾ ਤੁਰੰਤ ਚਿੱਤਰ ਬਣਾਉਣ ਵਾਲੇ ਕਲਾਕਾਰ ਗਲੀਆਂ ਦੇ ਮੋੜਾਂ ਤੇ ਬੈਠੇ ਮਿਲ ਜਾਂਦੇ ਹਨ।ਅਜਾਇਬ ਘਰਾਂ ਵਿਚ ਨੁਮਾਇਸ਼ਾਂ ਚੱਲ ਰਹੀਆਂ ਸਨ ਅਤੇ ਲੱਖਾਂ ਡਾਲਰ ਦੇ ਚਿਤਰ ਹਰ ਸਾਲ ਬੋਲੀ ਰਾਹੀਂ ਵੇਚੇ ਜਾਂਦੇ ਹਨ।

ਵੀਨਸ ਸ਼ਹਿਰ ਦੀ ਸੁੰਦਰਤਾ ਨੂੰ ਖੋਰਾ ਲਗ ਰਿਹਾ ਹੈ। ਸਮੁੰਦਰ ਦਾ ਨਮਕੀਨ ਪਾਣੀ ਇਮਾਰਤਾਂ ਦੀਆਂ ਨੀਹਾਂ ਨੂੰ ਨੁਕਸਾਨ ਪੁਚਾ ਰਿਹਾ ਹੈ ਅਤੇ ਮੌਸਮੀ ਤਬਦੀਲੀਆਂ ਇਥੋਂ ਦੀ ਚਿਤਰਕਾਰੀ ਅਤੇ ਭਵਨ ਕਲਾ ਲਈ ਹਾਨੀਕਾਰਕ ਸਿੱਧ ਹੋ ਰਹੀਆਂ ਹਨ। ਯੂਨੈਸਕੋ ਦੀ ਸਹਾਇਤਾ ਨਾਲ ਇਟਲੀ ਦੀ ਸਰਕਾਰ ਇਸ ਸ਼ਹਿਰ ਦੀ ਸੁੰਦਰਤਾ ਨੂੰ ਬਰਕਰਾਰ ਰੱਖਣ ਲਈ ਕਈ ਉਪਰਾਲੇ ਕਰ ਰਹੀ ਹੈ। ਵਰਨਾ ਇਕ ਦਿਨ ਵੀਨਸ ਸਮੁੰਦਰ ਦੀ ਗੋਦ ਵਿਚ ਹੀ ਸਮਾ ਜਾਵੇਗਾ। ਇਸ ਦੀ ਵਸੋਂ ਅੱਗੇ ਨਾਲੋਂ ਅੱਧੀ ਰਹਿ ਗਈ ਹੈ। ਵੀਰਾਨੀ ਦੀ ਹਾਲਤ ਵਿਚ ਵੀ ਵੀਨਸ ਯਾਤਰੀਆਂ ਦਾ ਮਨ ਮੋਹ ਲੈਂਦਾ ਹੈ। ਦਰਅਸਲ ਵੀਨਸ ਇੱਟ ਪੱਥਰ ਦਾ ਸ਼ਹਿਰ ਨਹੀਂ ਇਹ ਤਾਂ ਧਰਤੀ ਉਪਰ ਸੁੰਦਰਤਾ ਦੀ ਦੇਵੀ ਦਾ ਹੀ ਰੂਪ ਹੈ।

## **ਲਕਸਮਬੁਰਗ**

13 ਅਕਤੂਬਰ ਨੂੰ ਮੈਂ ਮੋਦੇਨਾ ਸ਼ਹਿਰ ਦਾ ਦੌਰਾ ਕੀਤਾ। ਵੀਨਸ ਤੋਂ ਪਰਤਿਆ ਤਾਂ ਰਾਤ ਆਪਣੇ ਮਿੱਤਰ ਮਾਰਤੀਨੇਲੀ ਦੇ ਘਰ ਰੁਕ ਗਿਆ। ਉਸਨੇ 1995 ਵਿਚ ਅੰਮ੍ਰਿਤਸਰ ਦੀ ਯਾਤਰਾ ਕੀਤੀ ਸੀ ਅਤੇ ਮੈਨੂੰ ਆਪਣੇ ਸ਼ਹਿਰ ਆਉਣ ਦਾ ਸੱਦਾ ਭੇਜਿਆ ਸੀ। ਇਹ ਆਪਣੀ ਘਰਵਾਲੀ ਨਾਲ ਸਾਰਾ ਭਾਰਤ ਘੁੰਮ ਗਿਆ ਅਤੇ ਇਥੋਂ ਦੇ ਲੋਕਾਂ ਬਾਰੇ ਚੰਗਾ ਪ੍ਰਭਾਵ ਲੈ ਕੇ ਗਿਆ ਸੀ। ਮੇਰੀ ਆਉ-ਭਗਤ ਵਿਚ ਇਸ ਇਤਾਲੀਅਨ ਜੋੜੀ ਨੇ ਕੋਈ ਕਸਰ ਨਾ ਛੱਡੀ। ਮੋਦੇਨਾ ਵੀ ਇਕ ਰਿਆਸਤ ਸੀ ਅਤੇ ਇਸ ਸ਼ਹਿਰ ਵਿਚ ਪੁਰਾਣਾ ਗਿਰਜਾਘਰ ਅਤੇ ਰਾਜੇ ਦਾ ਮਹੱਲ ਵੇਖਿਆ। ਰੇਲਵੇ ਸਟੇਸ਼ਨ ਉਪਰ ਰਾਤ ਦੀ ਗੱਡੀ ਵਿਚ ਸੀਟ ਬੁੱਕ ਕਰਾਉਣ ਗਏ ਤਾਂ ਦੋ ਪੰਜਾਬੀ ਮੁੰਡੇ ਟੱਕਰ ਪਏ। ਵਿਸ਼ਾਲ ਸੈਨੀ ਹੁਸ਼ਿਆਰਪੁਰ ਦੇ ਕਿਸੇ ਪਿੰਡ ਦਾ ਜੰਮਪਲ ਸੀ। ਉਹ ਕਹਿਣ ਲੱਗਾ ਕਿ ਮੋਦੇਨਾ ਵਿਚ ਹੁਣ ਚਾਲੀ ਸਿੱਖ ਪ੍ਰੀਵਾਰ ਆ ਵੱਸੇ ਹਨ। ਬਹੁਤੇ ਖੇਤੀਬਾੜੀ ਦਾ ਕੰਮ ਕਰਦੇ ਹਨ। ਮੋਦੇਨਾ ਦੇ ਨੇੜੇ ਕਿਸੇ ਪਿੰਡ ਵਿਚ ਗੁਰਦਵਾਰਾ ਵੀ ਬਣ ਗਿਆ ਹੈ। ਵਿਸ਼ਾਲ ਦੱਸ ਰਿਹਾ ਸੀ ਕਿ ਇੰਗਲੈਂਡ ਤੋਂ ਬਾਬੇ ਕਥਾ ਅਤੇ ਕੀਰਤਨ ਕਰਨ ਆਏ ਹੋਏ ਹਨ। ਉਹ ਮੈਨੂੰ ਵੀ ਸੱਦਾ ਦੇ ਗਿਆ ਪਰੰਤੂ ਮੈਂ ਅਗਲੇ ਸਫਰ ਦੀ ਤਿਆਰੀ ਕਰ ਚੁੱਕਾ ਸਾਂ।

ਮੋਦੇਨਾ ਤੋਂ ਮੀਲਾਨ ਜਾ ਕੇ ਗੱਡੀ ਬਦਲਣੀ ਪਈ। ਰਾਤ ਦਾ ਸਫਰ ਸੀ ਅਤੇ ਮੇਰੀ ਗੱਡੀ ਸਵਿਟਜ਼ਰਲੈਂਡ ਥਾਣੀਂ ਲੰਘ ਕੇ ਫਰਾਂਸ ਦੀ ਸਰਹੱਦ ਪਾਰ ਕਰਕੇ ਸਵੇਰੇ ਲਕਸਮਬੁਰਗ ਪਹੁੰਚਣੀ ਸੀ। ਮੇਰੇ ਪਾਸ ਸਵਿਟਜ਼ਰਲੈਂਡ ਦਾ ਵੀਜ਼ਾ ਨਹੀਂ ਸੀ ਜਿਸ ਕਰਕੇ ਡਰ ਲੱਗਦਾ ਸੀ ਕਿਤੇ ਗੱਡੀ ਵਿਚੋਂ ਹੀ ਕੈਦ ਕਰਕੇ ਜੇਲ ਨਾ ਭੇਜ ਦੇਣ। ਮੈਂ ਗੱਡੀ ਦੇ ਕੰਡੱਕਟਰ ਨੂੰ ਆਪਣੀ ਪਰੇਸ਼ਾਨੀ ਦਾ ਜਿਕਰ ਕੀਤਾ। ਉਸ ਨੌਜਵਾਨ ਨੇ ਮੱਦਦ ਕਰਨ ਦੀ ਪੇਸ਼ਕਸ਼ ਕੀਤੀ। ਉਹ ਕਹਿੰਦਾ ਰਾਤ ਨੂੰ ਬਾਰਡਰ ਤੇ ਚੈਕਿੰਗ ਕਦੇ ਕਦਾਈਂ ਹੀ ਹੁੰਦੀ ਹੈ। ਮੇਰੀ ਟਿਕਟ ਲਕਸਮਬੁਰਗ ਦੀ ਹੈ ਅਤੇ ਜੇ ਲੋੜ ਪਈ ਤਾਂ ਟਰਾਂਜ਼ਿਟ ਵੀਜ਼ਾ ਮਿਲ ਜਾਵੇਗਾ। ਉਹ ਮੇਰੀ ਟਿਕਟ ਤੇ ਪਾਸਪੋਰਟ ਲੈ ਗਿਆ। ਸਵੇਰੇ ਮੈਂ ਪੁੱਛਿਆ ਤਾਂ ਕਹਿਣ ਲੱਗਾ ਕਿ ਤੇਰੇ ਪੈਸੇ ਵੀ ਬਚਾ ਦਿੱਤੇ ਹਨ ਅਤੇ ਟਰਾਂਜ਼ਿਟ ਵੀਜ਼ੇ ਦੀ ਲੋੜ ਵੀ ਨਹੀਂ ਪਈ। ਜੇਕਰ ਇਨਾਮ ਦੇਣਾ ਹੈ ਤਾਂ ਦੇ ਦਿਉ, ਬਾਰਡਰ ਪਾਰ ਕਰਾ ਦਿੱਤਾ ਹੈ।

ਰਾਤ ਭਰ ਫਿਕਰ ਨਾਲ ਮੈਨੂੰ ਤਾਂ ਨੀਂਦ ਨਾ ਪਈ। ਗੱਡੀ ਪਹਾੜੀ ਸੁਰੰਗਾਂ ਥਾਣੀਂ ਲੰਘਦੀ ਹੋਈ ਸਵਿਟਜ਼ਰਲੈਂਡ ਨੂੰ ਪਾਰ ਕਰ ਗਈ। ਮੇਰਾ ਸੁਫਨਾ ਤਾਂ ਇਸ ਸੁੰਦਰ ਦੇਸ ਨੂੰ ਘੁੰਮ ਕੇ ਵੇਖਣ ਦਾ ਸੀ ਪਰੰਤੂ ਇਹ ਪੰਜਵੀਂ ਵਾਰ ਸੀ ਕਿ ਗੱਡੀ ਰਾਹੀਂ ਰਾਤ ਨੂੰ ਹੀ ਨਜ਼ਾਰਾ ਵੇਖਣਾ ਮਿਲਿਆ। ਪਹਾੜੀ ਵਾਦੀਆਂ ਵਿੱਚ ਵੱਸੇ ਪਿੰਡ ਅਤੇ ਸ਼ਹਿਰ ਜਗਮਗਾ ਰਹੇ ਸਨ। ਇਥੋਂ ਦੀਆਂ ਅਡੋਲ ਝੀਲਾਂ ਦੇ ਮਨਮੋਹਕ ਦ੍ਰਿਸ਼ ਵੀ ਰਾਤ ਭਰ ਵੇਖਦਾ ਲੰਘ ਗਿਆ। ਫਰਾਂਸ ਦੀ ਧਰਤੀ ਪਾਰ ਕਰਕੇ ਸਵੇਰੇ ਪੰਜ ਵਜੇ ਮੇਰੀ ਗੱਡੀ ਲਕਸਮਬੁਰਗ ਦੇ ਸਟੇਸ਼ਨ ਤੇ ਪਹੁੰਚ ਗਈ। ਅਜੇ ਬਾਹਰ ਨਿਕਲਿਆ ਹੀ ਸਾਂ ਕਿ ਮੇਰਾ ਦੋਸਤ 'ਐਂਤਵਾਨ ਕੀਸ' ਅਗੋਂ ਲੈਣ ਆਇਆ ਹੋਇਆ ਸੀ। ਉਹ ਆਪਣੀ ਕਾਰ ਵਿਚ ਬਿਠਾ ਕੇ ਆਪਣੇ ਫਲੈਟ ਤੇ ਲੈ ਗਿਆ। ਮੇਰੀ ਰਿਹਾਇਸ਼ ਦਾ ਪ੍ਰਬੰਧ ਕਰਕੇ ਉਹ ਆਪਣੇ ਪਿੰਡ ਪਰਤ ਗਿਆ ਅਤੇ ਸਵੇਰੇ ਨੌਂ ਵਜੇ ਤਿਆਰ ਰਹਿਣ ਲਈ ਕਹਿ ਕੇ ਮੇਰੇ ਖਾਣ ਪੀਣ ਦਾ ਪ੍ਰਬੰਧ ਦੱਸ ਗਿਆ।

ਲਕਸਮਬੁਰਗ ਯੂਰਪ ਦਾ ਸੁੰਦਰ ਸ਼ਹਿਰ ਅਤੇ ਸਭ ਤੋਂ ਛੋਟਾ ਦੇਸ਼ ਹੈ। ਇਸ ਦੀ ਕੁੱਲ ਅਬਾਦੀ ਚਾਰ ਲੱਖ ਹੈ ਅਤੇ ਇਸ ਦਾ ਖੇਤਰਫਲ ਢਾਈ ਹਜ਼ਾਰ ਵਰਗ ਕਿਲੋਮੀਟਰ ਅਰਥਾਤ ਪੰਜਾਬ ਦੇ ਕਿਸੇ ਛੋਟੇ ਜਿਲ੍ਹੇ ਦੇ ਬਰਾਬਰ ਹੈ। ਲਕਸਮਬੁਰਗ ਭਾਵੇਂ ਸਾਂਝੇ ਯੂਰਪ ਦੀ ਰਾਜਧਾਨੀ ਹੈ ਪਰੰਤੂ ਸ਼ਹਿਰ ਦੀ ਅਬਾਦੀ ਕੇਵਲ ਅੱਸੀ ਹਜ਼ਾਰ ਹੈ ਜਿਸ ਕਰਕੇ ਇਹ ਬਹੁਤ ਸ਼ਾਂਤਮਈ ਅਤੇ ਪ੍ਰਦੂਸ਼ਣ ਤੋਂ ਮੁਕਤ ਹੈ। ਇਸ ਸ਼ਹਿਰ ਦਾ ਇਤਿਹਾਸ ਤਾਂ ਰੋਮ ਜਿੰਨਾ ਹੀ ਪੁਰਾਣਾ ਹੈ ਕਿਉਂਕਿ ਇਥੇ ਰੋਮਨ ਸਲਤਨਤ ਦੀ ਰਾਖੀ ਲਈ ਵਾਚ ਟਾਵਰ ਬਣਾਇਆ ਗਿਆ ਸੀ। ਇਸ ਦੀ ਕਿਸਮਤ ਦਾ ਫੈਸਲਾ ਧਾੜਵੀਆਂ ਹੱਥ ਹੀ ਰਿਹਾ। ਕਦੀ ਲਕਸਮਬੁਰਗ ਜਰਮਨੀ ਦੇ ਮੁਤਹਿਤ ਸੀ, ਕਦੀ ਹਾਲੈਂਡ ਅਤੇ ਕਈ ਵਾਰ ਫਰਾਂਸ ਦੇ ਕਬਜੇ ਵਿਚ ਆਇਆ। ਇਹੋ ਕਾਰਨ ਹੈ ਕਿ ਇਸ ਛੋਟੇ ਜਿਹੇ ਦੇਸ਼ ਵਿੱਚ ਤਿੰਨ ਬੋਲੀਆਂ ਪ੍ਰਚੱਲਤ ਹਨ - ਜਰਮਨ, ਫਰਾਂਸੀਸੀ ਅਤੇ ਇਥੋਂ ਦੀ ਨਵੀਂ ਘੜੀ ਗਈ ਮਾਤ ਭਾਸ਼ਾ ਲਕਸਮਬੁਰਜ਼ਵਾ। ਇਸ ਦੀ ਕਲਚਰ ਫਰਾਂਸ ਨਾਲ ਵਧੇਰੇ ਮੇਲ ਖਾਂਦੀ ਹੈ ਅਤੇ ਫਰਾਂਸੀਸੀ ਭਾਸ਼ਾ ਹੀ ਸਰਕਾਰੀ ਪੱਧਰ ਤੇ ਪ੍ਰਵਾਨ ਹੈ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਇਸਦੀ ਨਿਆਰੀ ਹੋਂਦ ਸਵੀਕਾਰੀ ਗਈ। ਇਸ ਦੇਸ਼ ਵਿਚ ਪਾਰਲੀਮੈਂਟ ਹੈ ਅਤੇ ਇੰਗਲੈਂਡ ਵਾਂਗ ਗਰੈਂਡ ਡਿਊਕ ਦਾ ਰਾਜ ਵੀ ਕਾਇਮ ਹੈ।

ਐਂਤਵਾਨ ਕੀਸ ਨੌਂ ਵਜੇ ਆ ਹਾਜ਼ਰ ਹੋਇਆ ਅਤੇ ਅਸੀਂ ਲਕਸਮਬੁਰਗ ਯੂਨੀਵਰਸਿਟੀ ਵਿਖੇ ਉਸਦੀ ਪ੍ਰਯੋਗਸ਼ਾਲਾ ਵੇਖਣ ਚਲੇ ਗਏ। ਸਾਰੇ ਦੇਸ਼ ਵਿਚ ਉਹ ਇਕੱਲਾ ਹੀ ਭੌਤਿਕ ਵਿਗਿਆਨ ਦਾ ਪ੍ਰੋਫੈਸਰ ਹੈ ਜਿਸ ਕਰਕੇ ਸਾਰੇ ਲੋਕ ਉਸਦੀ ਇਜ਼ਤ ਕਰਦੇ ਹਨ। ਉਹ ਆਪ ਫਰਾਂਸ ਵਿੱਚ ਪੜ੍ਹਿਆ ਸੀ ਅਤੇ ਉਸਦੀ ਘਰਵਾਲੀ ਨੇ ਇੰਗਲੈਂਡ ਤੋਂ ਸਿੱਖਿਆ ਪ੍ਰਾਪਤ ਕੀਤੀ ਕਿਉਂਕਿ ਲਕਸਮਬੁਰਗ ਵਿਚ ਕੋਈ ਯੂਨੀਵਰਸਿਟੀ ਨਹੀਂ ਸੀ। ਹੁਣ ਵੀ ਪੀ.ਐਚ.ਡੀ ਦੀ ਡਿਗਰੀ ਲਈ ਪੈਰਿਸ ਨਾਲ ਸੰਧੀ ਹੈ। ਐਂਤਵਾਨ ਕੀਸ ਦੁਪਹਿਰ ਬਾਅਦ ਮੈਨੂੰ ਲਕਸਮਬੁਰਗ ਦੇ ਪਿੰਡਾਂ ਦੀ ਸੈਰ ਤੇ ਲੈ ਗਿਆ। ਪਹਿਲਾਂ ਅਸੀਂ ਇਕ ਪਹਾੜੀ ਕੰਦਰ ਦੇ ਅੰਦਰ ਦੋ ਕਿਲੋਮੀਟਰ ਤੱਕ ਗਏ। ਇਥੇ ਉਸਦੇ ਰੇਡਾਨ ਗੈਸ ਅਤੇ ਭੁਚਾਲਾਂ ਸਬੰਧੀ ਪ੍ਰਯੋਗ ਚੱਲ ਰਹੇ ਹਨ। ਪਹਿਲਾਂ ਇਹ ਪੱਥਰ ਦੀ ਇਕ

ਕਾਨ ਹੋਇਆ ਕਰਦੀ ਸੀ ਪਰੰਤੂ ਹੁਣ ਇਸ ਨੂੰ ਵਰਤਿਆ ਨਹੀਂ ਜਾ ਰਿਹਾ ਅਤੇ ਵਿਗਿਆਨੀ ਆਪਣੇ ਪ੍ਰਯੋਗਾਂ ਲਈ ਵਰਤ ਰਹੇ ਹਨ। ਦੁਪਹਿਰ ਦਾ ਖਾਣਾ ਇਕ ਪਿੰਡ ਦੇ ਰੈਸਤੋਰਾਂ ਵਿਚ ਖਾ ਕੇ ਅਸੀਂ ਇਥੋਂ ਦੇ ਪੁਰਾਣੇ ਕਿਲੇ ਅਤੇ ਪਿੰਡ ਵੇਖਣ ਚੱਲ ਪਏ। ਸਾਰੀ ਧਰਤੀ ਵਲ ਵਲੇਵੇਂ ਖਾਂਦੀ ਇਕ ਸਮੁੰਦਰੀ ਤਰੰਗ ਵਾਂਗ ਜਾਪਦੀ ਹੈ। ਛੋਟੀਆਂ ਪਹਾੜੀਆਂ ਵਿਚੋਂ ਝਰਨੇ ਫੁਟਦੇ ਹਨ ਅਤੇ ਵਾਦੀ ਵਿਚਕਾਰ ਵੱਸੇ ਪਿੰਡ ਕਿਸੇ ਸਵਰਗ ਦਾ ਨਜ਼ਾਰਾ ਪੇਸ਼ ਕਰਦੇ ਹਨ। ਧਰਤੀ ਦਾ ਵਧੇਰੇ ਹਿੱਸਾ ਜੰਗਲ ਹੇਠ ਹੈ ਜਿਸ ਕਰਕੇ ਨੈਪੋਲੀਅਨ ਇਸ ਦੇਸ਼ ਨੂੰ ਆਪਣੀ ਸਲਤਨਤ ਦਾ ਸੁਹਾਵਣਾ ਬਾਗ ਕਿਹਾ ਕਰਦਾ ਸੀ।

ਮੇਰੀ ਤਮੰਨਾ ਸੀ ਕਿ ਮੈਂ ਐਂਤਵਾਨ ਦਾ ਆਪਣਾ ਪਿੰਡ ਵੀ ਵੇਖਾਂ। ਉਹ ਇਕ ਗਰੀਬ ਕਿਸਾਨ ਦਾ ਪੁੱਤਰ ਹੈ ਜਿਸ ਨੇ ਸਾਈਕਲ ਉਪਰ ਵੀਹ ਕਿਲੋਮੀਟਰ ਸਫਰ ਕਰਕੇ ਫਰਾਂਸ ਦੇ ਲਾਗਲੇ ਸ਼ਹਿਰ ਤੋਂ ਵਿਦਿਆ ਹਾਸਲ ਕੀਤੀ। ਉਸਦਾ ਵੱਡਾ ਭਰਾ ਛੜਾ ਹੀ ਰਿਹਾ ਅਤੇ ਖੇਤੀ ਦਾ ਕੰਮ ਕਰਦਾ ਹੈ। ਐਂਤਵਾਨ ਵੀ ਉਸਦੀ ਮੱਦਦ ਕਰਦਾ ਹੈ। ਉਸਦੀ ਬੁੱਢੀ ਮਾਂ ਨੇ ਮੇਰਾ ਸਿਰ ਚੁੰਮਿਆ, ਆਪਣੇ ਪੁੱਤਰ ਨੂੰ ਗਲੇ ਲਗਾਇਆ ਅਤੇ ਆਪਣੇ ਹੱਥ ਦਾ ਬਣਾਇਆ ਕੇਕ ਮੇਰੀ ਭੇਟਾ ਕੀਤਾ। ਉਹ ਬਹੁਤ ਖੁਸ਼ ਸੀ ਅਤੇ ਆਪਣੇ ਪ੍ਰੀਵਾਰ ਦੀਆਂ ਫੋਟੋਆਂ ਵਿਖਾਣ ਲੱਗੀ। ਮੁੜਨ ਤੋਂ ਪਹਿਲਾਂ ਅਸੀਂ ਪਿੰਡ ਵਿਚ ਉਸਦੀ ਭੈਣ ਦੇ ਘਰ ਵੀ ਗਏ। ਉਸਦਾ ਭਣੇਵਾਂ ਵੀ ਖੇਤੀ ਕਰਦਾ ਹੈ। ਦੋਹਾਂ ਦੇ ਫਾਰਮ ਹਾਊਸ ਵਿਚ ਗਾਵਾਂ ਅਤੇ ਸੂਰ ਵੇਖੇ। ਮਸ਼ੀਨਾਂ ਨਾਲ ਦੁੱਧ ਚੋਇਆ ਜਾ ਰਿਹਾ ਸੀ। ਰਾਤ ਦਾ ਖਾਣਾ ਐਂਤਵਾਨ ਕੀਸ ਦੀ ਘਰਵਾਲੀ ਨੇ ਵਰਜਿਆ ਹੋਇਆ ਸੀ ਜੋ ਸ਼ਹਿਰ ਦੇ ਬਾਹਰ ਸੁੰਦਰ ਮਕਾਨ ਵਿਚ ਦੋ ਪੁੱਤਰਾਂ ਸਮੇਤ ਇੰਤਜਾਰ ਕਰ ਰਹੀ ਸੀ। ਉਹ ਘਰ ਦੀ ਦੇਖਭਾਲ ਹੀ ਕਰਦੀ ਹੈ। ਪ੍ਰੀਵਾਰ ਵਿਚ ਖੁਸ਼ਹਾਲੀ ਹੈ।

ਅੱਜ ਕੱਲ੍ਹ ਲਕਸਮਬੁਰਗ ਦੁਨੀਆਂ ਦਾ ਸਭ ਤੋਂ ਅਮੀਰ ਦੇਸ਼ ਬਣ ਗਿਆ ਹੈ। ਇਥੋਂ ਦੀ ਪ੍ਰਤੀ ਮਨੁੱਖ ਆਮਦਨ ਅਮਰੀਕਾ ਅਤੇ ਜਪਾਨ ਤੋਂ ਵਧੇਰੇ ਹੈ। ਲੋਕ ਮਿਲਾਪੜੇ ਹਨ। ਕੋਈ ਦੰਗਾ ਫਸਾਦ ਨਹੀਂ ਹੁੰਦਾ। ਆਮਦਨੀ ਦਾ ਜਰੀਆ ਅੰਤਰ-ਰਾਸ਼ਟਰੀ ਬੈਂਕ ਅਤੇ ਕੰਪਨੀਆਂ ਹਨ ਜੋ ਲਕਸਮਬੁਰਗ ਦੀ ਰਾਜਧਾਨੀ ਨੂੰ ਆਪਣਾ ਵਪਾਰੀ ਅੱਡਾ ਬਣਾ ਰਹੀਆਂ ਹਨ।

## ਮਾਰਬੁਰਗ ਦੀ ਯਾਤਰਾ

ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਅੰਦਾਜਾ ਲਗਾਉਣਾ ਹੋਵੇ ਤਾਂ ਉਥੋਂ ਦੇ ਲੋਕਾਂ ਦਾ ਸਭਿਆਚਾਰ ਸਰਵੇਖਣ ਜਰੂਰੀ ਹੈ। ਇਹੋ ਕਾਰਨ ਹੈ ਕਿ ਮੈਂ ਅਮਰੀਕਾ ਨੂੰ ਕਦੇ ਤਰਜੀਹ ਨਹੀਂ ਦਿੱਤੀ। ਸਭਿਆਚਾਰ ਦੇ ਖੇਤਰ ਵਿੱਚ ਯੂਰਪ ਅਮਰੀਕਾ ਤੋਂ ਬਹੁਤ ਅੱਗੇ ਹੈ। ਕਿਸੇ ਸਮੇਂ ਭਾਰਤ ਅਤੇ ਚੀਨ ਮੋਹਰੀ ਦੇਸ਼ ਸਨ, ਫਿਰ ਮਿਸਰ, ਯੂਨਾਨ ਅਤੇ ਰੋਮ ਦੀ ਵਾਰੀ ਆਈ। ਹੁਣ ਫਰਾਂਸੀਸੀ, ਜਰਮਨ ਅਤੇ ਜਪਾਨੀ ਚੋਟੀ ਤੇ ਪਹੁੰਚ ਚੁੱਕੇ ਹਨ। ਅੱਜ ਕੱਲ੍ਹ ਟੈਕਨਾਲੋਜੀ ਦਾ ਬੋਲਬਾਲਾ ਹੈ ਅਤੇ ਸਭਿਆਚਾਰ ਉਪਰ ਵੀ ਇਸਦਾ ਅਸਰ ਪ੍ਰਤੱਖ ਪੈ ਰਿਹਾ ਹੈ। ਮੈਂ ਗੱਡੀ ਦੇ ਸਫਰ ਨੂੰ ਹਮੇਸ਼ਾ ਤਰਜੀਹ ਦਿੰਦਾ ਹਾਂ ਕਿਉਂਕਿ ਸਭਿਆਚਾਰ ਦੀ ਪਹਿਚਾਣ ਤਾਂ ਲੋਕਾਂ ਦੇ ਵਰਤਾਓ ਤੋਂ ਹੀ ਹੁੰਦੀ ਹੈ। ਜਰਮਨੀ ਅਤੇ ਜਪਾਨ ਦੀਆਂ ਗੱਡੀਆਂ ਵਿਚ ਇਉਂ ਹੀ ਜਾਪਦਾ ਹੈ ਜਿਵੇਂ ਸਾਰੇ ਮੁਸਾਫਰ ਕਿਸੇ ਦਾ ਮਾਤਮ ਮਨਾ ਰਹੇ ਹੋਣ। ਹਰ ਕੋਈ ਪੁਸਤਕ ਜਾਂ ਰਸਾਲਾ ਪੜ੍ਹ ਰਿਹਾ ਹੁੰਦਾ ਹੈ। ਗੱਡੀਆਂ ਦੀ ਸਫਾਈ ਨਹਾਇਤ ਅੱਛੀ ਹੁੰਦੀ ਹੈ ਅਤੇ ਬਾਥਰੂਮ ਸਾਡੇ ਪੰਜ ਤਾਰਾ ਹੋਟਲਾਂ ਤੋਂ ਵੀ ਸਾਫ ਸੁਥਰੇ। ਭਾਰਤ ਵਿਚ ਭਾਵੇਂ ਸ਼ਤਾਬਦੀ ਗੱਡੀ ਤੇ ਸਫਰ ਕਰੋ ਜਾਂ ਰਾਜਧਾਨੀ ਐਕਸਪਰੈਸ ਉਪਰ, ਮੱਛੀ ਮਾਰਕੀਟ ਵਾਲਾ ਰੌਲਾ ਗੌਲਾ ਅਤੇ ਗੰਦ ਹੀ ਲੱਭਦਾ ਹੈ। ਭਾਵੇਂ ਰੇਲ ਮੰਤਰੀ ਕਿੰਨੇ ਇਸ਼ਤਿਹਾਰ ਲਗਾਵੇ ਜਾਂ ਐਲਾਨ ਕਰੇ, ਸਫਾਈ ਸਾਡੇ ਸਭਿਆਚਾਰ ਦਾ ਅੰਗ ਹੀ ਨਹੀਂ।

ਜਰਮਨ ਲੋਕਾਂ ਵਿਚ ਨਿੱਜੀ ਹਉਂ ਬਾਕੀ ਯੂਰਪੀਨ ਕੌਮਾਂ ਨਾਲੋਂ ਵਧੇਰੇ ਹੈ। ਭਾਰਤੀਆਂ ਦੀ ਤਾਂ ਗੱਲ ਹੀ ਛੱਡੋ ਉਹ ਅੰਗਰੇਜ, ਫਰਾਂਸੀਸੀਆਂ ਅਤੇ ਸਪੇਨੀਆਂ ਨੂੰ ਵੀ ਦੂਜੇ ਦਰਜੇ ਦੇ ਯੂਰਪੀਨ ਮੰਨਦੇ ਹਨ। ਇਹ ਆਰੀਅਨ ਜਾਤੀ ਇਸੇ ਹਉਂ ਕਾਰਨ ਯਹੂਦੀਆਂ ਦਾ ਮਲੀਆਮੇਟ ਕਰਨ ਲਈ ਤਿਆਰ ਹੋ ਗਈ ਅਤੇ ਹਿਟਲਰ ਦੀ ਨਾਜ਼ੀ ਫੌਜ ਨੇ ਯੂਰਪ ਵਿਚ ਤਬਾਹੀ ਮਚਾ ਦਿੱਤੀ। ਮੇਰਾ ਜਰਮਨ ਵਿਗਿਆਨੀਆਂ ਨਾਲ ਵਾਹ ਵਾਸਤਾ ਪਿਛਲੇ ਪੰਦਰਾਂ ਸਾਲਾਂ ਤੋਂ ਹੀ ਪਿਆ ਹੈ। ਮੇਰਾ ਕਿਆਸ ਹੁਣ ਗਲਤ ਸਾਬਤ ਹੋ ਰਿਹਾ ਹੈ ਅਤੇ ਮੈਂ ਲਗਭਗ ਪੂਰਬੀ ਅਤੇ ਪੱਛਮੀ ਜਰਮਨੀ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਜਾ ਚੁੱਕਾ ਹਾਂ। 1985 ਤੋਂ ਲੈ ਕੇ ਮੇਰੀ ਖੋਜ ਦਾ ਅਧਾਰ ਜਰਮਨੀ ਹੀ ਰਿਹਾ ਹੈ। ਇਸਦੇ ਮੁਕਾਬਲੇ ਫਰਾਂਸੀਸੀ ਵਿਗਿਆਨੀ ਵਧੇਰੇ ਕੰਜੂਸ ਅਤੇ ਮਤਲਬੀ ਹਨ। ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਨੇ ਵੀ ਸਾਡੀ ਖੋਜ ਦੀ ਵਰਤੋਂ ਕੀਤੀ ਅਤੇ ਇਵਜ਼ ਵਿਚ ਇਕ ਦੋ ਵਾਰ ਹਵਾਲਾ ਦੇਣ ਤੋਂ ਸਿਵਾਏ ਹੋਰ ਕੋਈ ਮੱਦਦ ਨਹੀਂ ਕੀਤੀ। ਜਰਮਨ ਵਿਗਿਆਨੀ ਬਗੈਰ ਕਿਸੇ ਨਿੱਜੀ ਲਾਲਚ ਦੇ ਮੇਰੀ ਮੱਦਦ ਕਰਦੇ ਆਏ ਹਨ। ਉਹ ਸਭ ਨੂੰ ਆਪਣੀਆਂ ਸਹੂਲਤਾਂ ਵਰਤਣ ਦੀ ਖੁੱਲ੍ਹ ਦੇ ਦਿੰਦੇ ਹਨ।

16 ਅਕਤੂਬਰ ਨੂੰ ਮੈਂ ਲਕਸਮਬੁਰਗ ਤੋਂ ਸਵੇਰ ਦੀ ਗੱਡੀ ਤੇ ਜਰਮਨੀ ਦੀ ਰਾਜਧਾਨੀ ਫਰੈਂਕਫਰਟ ਵੱਲ ਰਵਾਨਾ ਹੋ ਪਿਆ। ਕੜਾਕੇ ਦੀ ਸਰਦੀ ਸੀ ਅਤੇ ਜਿਵੇਂ ਮਾਰਤੀਨੇਲੀ ਨੇ ਕਿਹਾ ਸੀ ਕਿ ਰੇਲਵੇ ਪਲੇਟਫਾਰਮ ਦਾ ਤਾਪਮਾਨ ਸ਼ਹਿਰ ਤੋਂ ਹਮੇਸ਼ਾ ਘੱਟ ਹੁੰਦਾ ਹੈ ਅਤੇ ਇਸਨੂੰ ਰੇਲਵੇ ਤਾਪਮਾਨ ਕਹਿੰਦੇ ਹਨ। ਦੁਪਹਿਰ ਤੱਕ ਮੈਂ ਫਰੈਂਕਫਰਟ ਪਹੁੰਚ ਗਿਆ। ਸਟੇਸ਼ਨ ਦੇ ਬਾਹਰ ਮੇਨ ਬਜ਼ਾਰ ਵਿਚ ਹੁਣ ਕਈ ਪੰਜਾਬੀ ਹੋਟਲ ਅਤੇ ਢਾਬੇ ਹਨ ਜਿਥੇ ਥਾਲੀ ਦੇ ਹਿਸਾਬ ਨਾਲ ਭੋਜਨ ਮਿਲ ਜਾਂਦਾ ਹੈ। ਹੁਣ ਪਤਾ ਨਹੀਂ ਲੱਗਦਾ ਕਿ ਅੰਮ੍ਰਿਤਸਰ ਭਰਾਵਾਂ ਦੇ ਢਾਬੇ ਵਿਚ ਰੋਟੀ ਖਾ ਰਹੇ ਹੋ ਜਾਂ ਜਰਮਨੀ ਦੇ ਖਾਲਸਾ ਰੈਸਤੋਰਾਂ ਵਿਚ। ਸਫਾਈ ਦਾ ਜਰੂਰ ਫਰਕ ਹੈ। ਫਰੈਂਕਫਰਟ ਵਿਚ ਵਿਸ਼ਵ ਪੁਸਤਕ ਮੇਲਾ ਚੱਲ ਰਿਹਾ ਸੀ ਜਿਸ ਕਰਕੇ ਹੋਟਲ ਵਿਚ ਕਮਰਾ ਮਿਲਣਾ ਅਸੰਭਵ ਸੀ। ਵੈਸੇ ਵੀ ਇਥੋਂ ਦੇ ਹੋਟਲ ਮਹਿੰਗੇ ਅਤੇ ਮੇਰੀ ਪਹੁੰਚ ਤੋਂ ਬਾਹਰ ਸਨ। ਪ੍ਰੋ: ਗਰੋਨਫੈਲਡ ਨੇ ਮੇਰੀ ਰਿਹਾਇਸ਼ ਦਾ ਪ੍ਰਬੰਧ ਫਰੈਂਕਫਰਟ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਕਰ ਦਿੱਤਾ। ਇਸ ਨਾਲ ਮੇਰੀ ਸਹੂਲਤ ਹੋ ਗਈ ਅਤੇ ਮੈਂ ਯੂਨੀਵਰਸਿਟੀ ਲਾਇਬਰੇਰੀ ਵਿਚੋਂ ਆਪਣੀ ਖੋਜ ਦੇ ਲੋੜੀਂਦੇ ਰਸਾਲੇ ਵੀ ਵੇਖ ਸਕਿਆ। ਸ਼ਾਮ ਨੂੰ ਉਹ ਮੈਨੂੰ ਨੇੜੇ ਦੀ ਮਾਰਕੀਟ ਵਿਚ ਛੱਡ ਗਿਆ ਤਾਂ ਕਿ ਮੈਂ ਆਪਣੇ ਲਈ ਖਾਣ ਪੀਣ ਦਾ ਸਮਾਨ ਖਰੀਦ ਲਵਾਂ। ਮੇਰੇ ਕਮਰੇ ਵਿਚ ਰਸੋਈ ਅਤੇ ਗੈਸ ਦਾ ਪ੍ਰਬੰਧ ਸੀ।

17 ਅਕਤੂਬਰ ਨੂੰ ਮੈਂ ਮਾਰਬੁਰਗ ਜਾਣ ਦੀ ਤਿਆਰੀ ਕਰ ਲਈ ਜੋ ਫਰੈਂਕਫਰਟ ਤੋਂ ਪੰਜਾਹ ਕਿਲੋਮੀਟਰ ਦੀ ਦੂਰੀ ਤੇ ਇਤਿਹਾਸਿਕ ਸ਼ਹਿਰ ਹੈ। ਇਥੇ ਪ੍ਰੋ. ਬਰਾਂਡ ਨੇ ਮੈਨੂੰ ਖੋਜ ਵਿਆਖਿਆਨ ਲਈ ਸੱਦਿਆ ਸੀ। ਜਦੋਂ ਮੈਂ ਮਾਰਬੁਰਗ ਪਹੁੰਚਿਆ ਤਾਂ ਰੇਲਵੇ ਸਟੇਸ਼ਨ ਤੇ ਪ੍ਰੋ. ਬਰਾਂਡ ਨਾ ਲੱਭੇ। ਇਕ ਪੰਜਾਬੀ ਨੌਜਵਾਨ ਪੁੱਛਣ ਲੱਗਾ, ਕੀ ਮੈਂ ਇੰਗਲੈਂਡ ਤੋਂ ਆਇਆ ਹਾਂ? ਇਥੇ ਜੇਕਰ ਕੋਈ ਸਾਬਤ ਸੂਰਤ ਸਿੱਖ ਮਿਲ ਪਵੇ ਤਾਂ ਸਮਝਦੇ ਹਨ ਕਿ ਇੰਗਲੈਂਡ ਤੋਂ ਆਇਆ ਹੋਵੇਗਾ। ਪੰਜਾਬ ਤੋਂ ਇਥੇ ਮਜਦੂਰੀ ਕਰਨ ਹੀ ਆਉਂਦੇ ਹਨ ਅਤੇ ਉਹ ਨੱਬੇ ਪ੍ਰਤੀਸ਼ਤ ਪੱਤਿਤ ਹੀ ਹੁੰਦੇ ਹਨ। ਖੈਰ ਅਸੀਂ ਗੱਲਾਂ ਕਰ ਰਹੇ ਸਾਂ ਕਿ ਪ੍ਰੋ. ਬਰਾਂਡ ਨੇ ਆ ਹੱਥ ਮਿਲਾਇਆ। ਉਸਨੂੰ ਪਾਰਕਿੰਗ ਲਈ ਜਗ੍ਹਾ ਨਹੀਂ ਮਿਲੀ ਸੀ ਜਿਸ ਕਰਕੇ ਉਸਨੂੰ ਦੇਰੀ ਲੱਗੀ ਵਰਨਾ ਜਰਮਨੀ ਵਿਚ ਕੋਈ ਇਕ ਮਿੰਟ ਵੀ ਲੇਟ ਨਹੀਂ ਹੁੰਦਾ। ਇਹੋ ਹਾਲ ਹੀ ਇਨ੍ਹਾਂ ਦੀਆਂ ਗੱਡੀਆਂ ਅਤੇ ਬੱਸਾਂ ਦਾ ਹੈ।

ਪ੍ਰੋ. ਬਰਾਂਡ ਨੇ ਪ੍ਰੋਗਰਾਮ ਦੱਸਿਆ - ਮੇਰਾ ਲੈਕਚਰ ਦੋ ਵਜੇ ਸੀ ਅਤੇ ਚਾਰ ਵਜੇ ਮੇਰੀ ਵਾਪਸੀ। ਅਸੀਂ ਕਾਰ ਵਿਚ ਬਹਿ ਕੇ ਮਾਰਬੁਰਗ ਸ਼ਹਿਰ ਦਾ ਗੇੜਾ ਲਾਉਣ ਚੱਲ ਪਏ। ਜਰਮਨੀ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਇਸੇ ਸ਼ਹਿਰ ਵਿਚ ਬਣੀ ਜੋ ਹੁਣ ਸੱਤ ਸੌ ਸਾਲ ਪੁਰਾਣੀ ਹੋ ਚੁੱਕੀ ਹੈ। ਪਹਿਲਾਂ ਅਸੀਂ ਇਸਦੀ ਇਤਿਹਾਸਕ ਇਮਾਰਤ ਨੂੰ ਵੇਖਿਆ। ਇਸ ਵਿਚ ਈਸਾਈ ਧਰਮ ਦੇ ਪਾਦਰੀਆਂ ਦਾ ਕਬਜਾ ਸੀ ਅਤੇ ਉਹ ਇਸਨੂੰ ਇਕ ਮਿਸ਼ਨਰੀ ਕਾਲਜ ਵਾਂਗ ਚਲਾ ਰਹੇ ਸਨ। ਕੋਈ ਦੋ ਸੌ ਸਾਲ ਪਹਿਲਾਂ ਪ੍ਰੋਫੈਸਰਾਂ ਅਤੇ ਪਾਦਰੀਆਂ ਦੀ ਝੜਪ ਹੋ ਪਈ ਅਤੇ ਪ੍ਰੋਫੈਸਰਾਂ ਨੇ ਯੂਨੀਵਰਸਿਟੀ ਉਪਰ ਕਬਜਾ ਕਰ ਲਿਆ। ਇਸ ਦੇ ਕੈਮਿਸਟਰੀ ਅਤੇ ਡਾਕਟਰੀ ਵਿਗਿਆਨ ਦੇ ਵਿਭਾਗ ਵਿਸ਼ਵ ਪ੍ਰਸਿੱਧ ਹਨ ਅਤੇ ਜਰਮਨੀ ਦੇ ਕਈ ਨੋਬਲ ਲੌਰੀਏਟ ਇਸ ਯੂਨੀਵਰਸਿਟੀ ਵਿਚ ਹੀ ਅਧਿਆਪਕ ਰਹੇ ਹਨ। ਯੂਨੀਵਰਸਿਟੀ ਤੋਂ ਬਾਅਦ ਅਸੀਂ ਮਾਰਬੁਰਗ ਸ਼ਹਿਰ ਦੇ ਪੁਰਾਤਨ ਹਿੱਸੇ ਦਾ ਚੱਕਰ ਕੱਟਿਆ। ਇਸ ਵਿਚ ਪੁਰਾਣੀਆਂ ਇਮਾਰਤਾਂ ਨੂੰ ਸਾਂਭ ਰੱਖਿਆ ਹੈ। ਲੱਕੜੀ ਦੀ ਵਰਤੋਂ ਤੋਂ ਇਉਂ ਜਾਪਦਾ ਹੈ ਕਿ ਕਸ਼ਮੀਰ ਵਾਦੀ ਦੀਆਂ ਇਮਾਰਤਾਂ ਹਨ। ਇਹ ਸ਼ਹਿਰ ਪੁਰਾਤਨ ਭਵਨ ਕਲਾ ਦਾ ਵਧੀਆ ਨਮੂਨਾ ਹੈ ਜੋ ਯੂਰਪ ਵਿਚ ਪ੍ਰਵਾਨ ਚੜ੍ਹੀ।

ਦੁਪਹਿਰ ਦਾ ਭੋਜਨ ਕਰਨ ਲਈ ਪ੍ਰੋ. ਬਰਾਂਡ ਨੇ ਇੰਡੀਅਨ ਰੈਸਤੋਰਾਂ ਦੀ ਪੇਸ਼ਕਸ਼ ਕੀਤੀ। ਉਸਨੂੰ ਪਤਾ ਸੀ ਕਿ ਮੈਂ ਸ਼ਾਕਾਹਾਰੀ ਭੋਜਨ ਪਸੰਦ ਕਰਦਾ ਹਾਂ।ਅਸੀਂ ਬਜ਼ਾਰ ਤੋਂ ਨਿਕਲਕੇ ਸੜਕ ਵੱਲ ਆ ਰਹੇ ਸਾਂ ਕਿ ਉਸਨੇ ਮੇਰਾ ਮੋਢਾ ਫੜ ਲਿਆ ਅਤੇ ਦੱਸਿਆ ਕਿ ਨੇੜੇ ਹੀ ਇੰਡੀਅਨ ਰੈਸਤੋਰਾਂ ਮਿਲ ਗਿਆ ਹੈ। ਅਸੀਂ ਅੰਦਰ ਗਏ ਹੀ ਸਾਂ ਕਿ ਤਿਆਰ-ਬਰ-ਤਿਆਰ ਸਿੱਖ ਨੌਜਵਾਨ ਨੇ ਆ ਫਤਹਿ ਬੁਲਾਈ। ਪਹਿਲਾਂ ਉਹ ਫਰੈਂਕਫਰਟ ਗੁਰਦੁਵਾਰੇ ਦਾ ਸੈਕਟਰੀ ਵੀ ਰਿਹਾ ਹੈ ਅਤੇ ਹੁਣ ਮਾਰਬੁਰਗ ਵਿੱਚ 'ਸਿੰਘਾਂ ਦਾ ਰੈਸਤੋਰਾਂ' ਚਲਾ ਰਿਹਾ ਹੈ। ਉਸਦਾ ਨਾਮ ਹਰਜੀਤ ਸਿੰਘ ਸੀ ਅਤੇ ਉਹ ਪਿਛੋਂ ਕਪੂਰਥਲੇ ਜਿਲ੍ਹੇ ਦਾ ਵਸਨੀਕ ਹੈ। ਸਾਡੇ ਲਈ ਸਿੰਘ ਸਾਹਿਬ ਦੀ ਘਰਵਾਲੀ ਨੇ ਪੰਜਾਬੀ ਖਾਣਾ ਪਰੋਸ ਕੇ ਭੇਜਿਆ। ਪ੍ਰੋ. ਬਰਾਂਡ ਨੇ ਵੀ ਖਾਣੇ ਦਾ ਆਨੰਦ ਮਾਣਿਆ ਅਤੇ ਕਹਿਣ ਲੱਗਾ ਕਿ ਉਹ ਆਪਣੀ ਘਰਵਾਲੀ ਨਾਲ ਇਥੇ ਆਇਆ ਕਰੇਗਾ।

ਦੋ ਵਜੇ ਮੇਰਾ ਭਾਸ਼ਣ ਸੀ। ਪ੍ਰੋ. ਬਰਾਂਡ ਨੇ ਆਪਣੇ ਖੋਜੀ ਸਾਥੀ ਅਤੇ ਵਿਦਿਆਰਥੀ ਬੁਲਾ ਰੱਖੇ ਸਨ। ਉਸਨੇ ਮੇਰੇ ਭਾਸ਼ਣ ਲਈ ਭੇਟਾ ਵੀ ਦਿੱਤੀ ਅਤੇ ਸਾਂਝੀ ਖੋਜ ਦੀ ਤਜਵੀਜ਼ ਵੀ ਪੇਸ਼ ਕੀਤੀ। ਉਹ ਸਾਡੇ ਖੋਜ ਗਰੁੱਪ ਨੂੰ 'ਵਿਰਕ ਸਕੂਲ' ਹੀ ਕਹਿੰਦਾ ਹੈ। ਇਥੇ ਸਕੂਲ ਦਾ ਮਤਲਬ ਪੰਜਾਬੀ ਵਾਲਾ ਨਹੀਂ ਬਲਕਿ ਅੰਤਰ-ਰਾਸ਼ਟਰੀ ਪ੍ਰੀਪੇਖ ਵਿੱਚ ਉੱਘਾ ਖੋਜ ਕੇਂਦਰ। ਜਰਮਨੀ ਵਿਚ ਯੂਨੀਵਰਸਿਟੀ ਪ੍ਰੋਫੈਸਰ ਦਾ ਰੁਤਬਾ ਵਜੀਰਾਂ ਦੇ ਬਰਾਬਰ ਹੈ ਬਲਕਿ ਸਤਿਕਾਰ ਵਧੇਰੇ। ਮੈਂ ਹੈਰਾਨ ਸਾਂ ਕਿ ਪ੍ਰੋ. ਬਰਾਂਡ ਖੁਦ ਹੀ ਮੈਨੂੰ ਅਲਵਿਦਾ ਕਹਿਣ ਰੇਲਵੇ ਸਟੇਸ਼ਨ ਤੇ ਆਇਆ। ਮੈਂ ਉਸਦਾ ਸ਼ੁਕਰੀਆ ਕਰਕੇ ਫਰੈਂਕਫਰਟ ਪਰਤ ਆਇਆ ਅਤੇ ਅਗਲੀ ਸਵੇਰ ਏਅਰ ਇੰਡੀਆ ਦੀ ਉਡਾਨ ਵਿੱਚ ਦਿੱਲੀ ਪਹੁੰਚ ਗਿਆ।

# ਹੰਗਰੀ ਦੇ ਯਹੂਦੀ ਪ੍ਰੀਵਾਰ 'ਚ ਬਸੇਰਾ

ਪੈਰਿਸ ਅਤੇ ਰੋਮ ਤੋਂ ਬਾਅਦ ਹੰਗਰੀ ਦਾ ਸ਼ਹਿਰ ਬੁੱਡਾਪੈਸਟ ਮੇਰੀ ਚੇਤਨਾ ਦਾ ਅਨਿਖੜਵਾਂ ਅੰਗ ਬਣ ਗਿਆ ਹੈ। ਇਹ ਮੇਰੀ ਤੀਸਰੀ ਯਾਤਰਾ ਸੀ ਹੰਗਰੀ ਦੀ। 20 ਅਗਸਤ (1999) ਨੂੰ ਸਵੇਰੇ ਇਕ ਵਜੇ ਐਰੋਫਲੋਟ ਦੀ ਉਡਾਨ ਦਿੱਲੀ ਤੋਂ ਮਾਸਕੋ ਵੱਲ ਰਵਾਨਾ ਹੋਈ। ਇਹ ਜਹਾਜ ਢਾਕਾ ਤੋਂ ਆ ਰਿਹਾ ਸੀ ਅਤੇ ਬੰਗਾਲੀ ਮੁਸਲਮਾਨਾਂ ਨਾਲ ਖਚਾਖਚ ਭਰਿਆ ਪਿਆ ਸੀ। ਮੇਰੀ ਸੀਟ ਭਾਵੇਂ ਅੱਧ ਵਿਚਕਾਰ ਸੀ ਪਰੰਤੂ ਸਿਗਰਟ ਨੋਸ਼ੀ ਕਰਨ ਵਾਲਿਆਂ ਦਾ ਧੂੰਆਂ ਸਾਰੇ ਜਹਾਜ 'ਚ ਫੈਲ ਕੇ ਦਮ ਘੁੱਟ ਰਿਹਾ ਸੀ। ਹਵਾਈ ਸਫਰ ਦੀ ਇਹੋ ਵੱਡੀ ਮੁਸੀਬਤ ਹੈ ਕਿ ਸਮੋਕਿੰਗ ਜ਼ੋਨ ਦਾ ਧੂੰਆਂ ਸਾਰਿਆਂ ਨੂੰ ਚੱਖਣਾ ਪੈਂਦਾ ਹੈ ਅਤੇ ਕਿਸੇ ਵੀ ਕੰਪਨੀ ਨੇ ਇਸ ਦਾ ਸਥਾਈ ਹੱਲ ਨਹੀਂ ਢੂੰਢਿਆ। ਇਹ ਬੰਗਾਲੀ ਬਾਬੂ ਯੂਰਪ ਵਿਚ ਮਿਹਨਤ ਮਜੂਰੀ ਕਰਨ ਜਾ ਰਹੇ ਸਨ ਅਤੇ ਵਧੇਰੇ ਹੋਟਲਾਂ ਵਿੱਚ ਬਹਿਰੇ ਦਾ ਕੰਮ ਕਰਦੇ ਹਨ। ਕੁਝ ਪੰਜਾਬੀ ਨੌਜਵਾਨ ਵੀ ਟਰਾਂਟੋ ਅਤੇ ਮਾਸਕੋ ਵੱਲ ਜਾ ਰਹੇ ਸਨ। ਸਵੇਰੇ ਅੱਠ ਵਜੇ ਸਾਡਾ ਜਹਾਜ ਮਾਸਕੋ ਏਅਰਪੋਰਟ ਤੇ ਜਾ ਉਤਰਿਆ। ਸਾਰੇ ਮੁਸਾਫਰ ਯੂਰਪੀਨ ਦੇਸ਼ਾਂ ਦੀਆਂ ਉਡਾਨਾਂ ਲੈਣ ਲਈ ਉਤਾਵਲੇ ਸਨ, ਪਰੰਤੂ ਰੂਸੀ ਬੀਬੀ ਸਹਿਜ ਸੁਭਾਅ ਮੱਠੀ ਚਾਲ ਨਾਲ ਕੰਮ ਕਰ ਰਹੀ ਸੀ। ਜਦੋਂ ਮੈਂ ਅੱਗੇ ਹੋ ਕੇ ਆਪਣੀ ਟਿਕਟ ਪੇਸ਼ ਕੀਤੀ ਤਾਂ ਕਹਿਣ ਲੱਗੀ ਕਿ ਬੁੱਡਾਪੈਸਟ ਦੀ ਉਡਾਨ ਤਾਂ ਦੇਰੀ ਨਾਲ ਜਾਣੀ ਹੈ। ਮੇਰਾ ਪਿਛਲਾ ਤਜਰਬਾ ਮਾਸਕੋ ਦਾ ਕਾਫੀ ਜੋਖਮ ਭਰਿਆ ਸੀ ਅਤੇ ਦੋ ਵਾਰ ਪਹਿਲਾਂ ਵੀ ਮੈਂ ਆਪਣਾ ਸਮਾਨ ਗਵਾ ਬੈਠਾ ਸਾਂ। ਇਸ ਵਾਰ ਧੱਕਾ ਮੁੱਕੀ ਤਾਂ ਨਹੀਂ ਸੀ ਹੋ ਰਿਹਾ, ਪਰੰਤੂ ਰਫਤਾਰ ਸਾਡੇ ਭਾਰਤ ਵਾਂਗ ਮੱਠੀ ਹੀ ਜਾਪਦੀ ਸੀ। ਮੈਂ ਆਪਣੀ ਲਾਈਨ ਤੋੜ ਕੇ ਦੂਸਰੇ ਕਾਊਂਟਰ ਵੱਲ ਚਲਾ ਗਿਆ ਅਤੇ ਬੁੱਡਾਪੈਸਟ ਜਾਣ ਵਾਲੀ ਉਡਾਨ 'ਚ ਆਪਣੀ ਸੀਟ ਰਾਖਵੀਂ ਕਰਵਾ ਲਈ।

ਮਾਸਕੋ ਤੋਂ ਦੋ ਘੰਟੇ ਦੀ ਉਡਾਨ ਬਾਅਦ ਸਾਡਾ ਜਹਾਜ ਬੁੱਡਾਪੈਸਟ ਦੀ ਅੰਤਰ-ਰਾਸ਼ਟਰੀ ਏਅਰਪੋਰਟ ਤੇ ਜਾ ਉਤਰਿਆ। ਮੈਂ ਆਪਣਾ ਸਮਾਨ ਹੱਥ ਰੇੜੀ ਤੇ ਲੱਦ ਕੇ ਬਾਹਰ ਨਿਕਲਿਆ ਹੀ ਸਾਂ ਕਿ ਪ੍ਰੋਫੈਸਰ ਜਾਰਜ ਮਾਰਕਸ ਅਤੇ ਐਸ਼ਟਰ ਟਾਥ ਮੈਨੂੰ ਆ ਗਲੇ ਮਿਲੇ। ਪਿਛੋਂ ਕਿਸੇ ਨੇ ਪੰਜਾਬੀ ਵਿਚ ਅਵਾਜ ਮਾਰੀ, "ਸਰਦਾਰ ਜੀ, ਸਾਡਾ ਮਾਲ ਵੀ ਇਸ ਜਹਾਜ ਵਿਚ ਆਉਣਾ ਸੀ, ਉਹ ਕਿਥੇ ਲਹਿ ਗਿਆ।" ਅਵਾਜ ਮਾਰਨ ਵਾਲੇ ਦੇ ਤੌਰ ਤਰੀਕੇ ਤੋਂ ਲਗਿਆ ਕਿ ਉਹ ਭਾਰਤੀ ਏਜੰਟ ਹੈ ਜੋ ਆਪਣੀ ਕਿਸੇ ਮੁਰਗੀ ਦੀ ਤਾੜ ਵਿਚ ਸੀ। ਦਰਅਸਲ, ਪੰਜਾਬੀ ਨੌਜਵਾਨ ਮਾਸਕੋ ਦੇ ਰਸਤੇ ਯੂਰਪ ਦੇ ਬਾਕੀ ਦੇਸ਼ਾਂ ਵੱਲ ਰਵਾਨਾ ਹੋ ਰਹੇ ਹਨ। ਇਹਨਾਂ ਦੀ ਬਹੁਤ ਦੁਰਦਸ਼ਾ ਹੁੰਦੀ ਹੈ ਕਿਉਂਕਿ ਇਹ ਕਿਸੇ ਨਾ ਕਿਸੇ ਬਾਰਡਰ ਤੇ ਪਕੜੇ ਜਾਂਦੇ ਹਨ ਅਤੇ ਏਜੰਟ ਇਨ੍ਹਾਂ ਦੀ ਕੋਈ ਮੱਦਦ ਨਹੀਂ ਕਰਦੇ। ਮਾਸਕੋ ਏਅਰਪੋਰਟ ਤੇ ਉਤਰੇ ਕੁਝ ਨੌਜਵਾਨ ਵੀ ਬੌਂਦਲੇ ਫਿਰਦੇ ਸਨ ਕਿ ਹੁਣ ਕਿਧਰ ਜਾਈਏ। ਟ੍ਰੀਬਿਊਨ ਵਿਚ ਛਪੀਆਂ ਖਬਰਾਂ ਤੋਂ ਪਤਾ ਲੱਗਾ ਹੈ ਕਿ ਹੁਣ ਯੂਕਰੇਨ ਦੀਆਂ ਜੇਹਲਾਂ ਵਿਚ ਸੈਂਕੜੇ ਪੰਜਾਬੀ ਮੁੰਡੇ ਤਸੀਹੇ ਭੁਗਤ ਰਹੇ ਹਨ। ਭਲਾ ਇਹਨਾਂ ਨੂੰ ਕੋਈ ਪੁੱਛੇ ਅੱਗੇ ਕਿਹੜੀ ਮਾਸੀ ਬੈਠੀ ਹੈ ਜੋ ਸਾਂਭ ਲਵੇਗੀ।

ਐਸ਼ਟਰ ਟਾਥ ਦੀ ਕਾਰ ਵਿਚ ਸਵਾਰ ਹੋ ਕੇ ਅਸੀਂ ਬੁੱਡਾਪੈਸਟ ਯੂਨੀਵਰਸਿਟੀ ਦੇ ਹੋਸਟਲ ਵਿਚ ਪਹੁੰਚ ਗਏ। ਯੂਨੀਵਰਸਿਟੀ ਵਿਚ ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਹੋਸਟਲ ਖਾਲੀ ਸਨ ਅਤੇ ਕਾਨਫਰੰਸ ਦੇ ਡੈਲੀਗੇਟਾਂ ਨੂੰ ਇਥੇ ਠਹਿਰਾਇਆ ਗਿਆ ਸੀ। ਦੁਨੀਆਂ ਭਰ ਦੇ ਯਾਤਰੀ ਬੁੱਡਾਪੈਸਟ ਪਹੁੰਚਦੇ ਹਨ ਅਤੇ ਹੋਟਲਾਂ ਵਿਚ ਕਮਰਾ ਮਹਿੰਗਾ ਹੋਣ ਦੇ ਬਾਵਜੂਦ ਵੀ ਨਹੀਂ ਮਿਲ ਸਕਦਾ।ਇਸ ਸ਼ਹਿਰ ਦੀ ਸੁੰਦਰਤਾ ਪੈਰਿਸ ਅਤੇ ਰੋਮ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ । ਪਹਾੜੀ ਤੇ ਵੱਸਿਆ 'ਬੁੱਡਾ' ਸ਼ਹਿਰ, ਡੈਨੂਬ ਦਰਿਆ ਤੋਂ ਪਾਰ 'ਪੈਸਟ' ਅਤੇ ਥੋੜਾ ਹੋਰ ਪਰ੍ਹਾਂ 'ਓਬੂਦਾ' ਮਿਲਕੇ ਬੁੱਡਾਪੈਸਟ ਬਣ ਗਿਆ ਹੈ। ਇਕ ਹਜ਼ਾਰ ਵਰ੍ਹਾ ਪਹਿਲਾਂ ਇਹ ਤਿੰਨ ਵੱਖੋ ਵੱਖਰੇ ਰਾਜਿਆਂ ਅਧੀਨ ਸਨ, ਪਰੰਤੂ ਰੋਮਨ ਬਾਦਸ਼ਾਹਾਂ ਨੇ ਇਨ੍ਹਾਂ ਨੂੰ ਜਿੱਤ ਕੇ ਹੰਗਰੀ ਦੀ ਰਾਜਧਾਨੀ ਬਣਾ ਲਿਆ। ਡੈਨੂਬ ਦਰਿਆ ਇਸ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਦ ਲਾਉਂਦਾ ਹੈ। ਬੁੱਡਾਪੈਸਟ ਦੇ ਸਾਰੇ ਸੁੰਦਰ ਸਮਾਰਕ ਅਤੇ ਹੋਟਲ ਇਸ ਦਰਿਆ ਕਿਨਾਰੇ ਹੀ ਉਸਾਰੇ ਗਏ ਹਨ। ਇਸ ਦੇ ਲਛਮਣ ਝੂਲਾ ਪੁਲ ਬੁੱਡਾ ਅਤੇ ਪੈਸਟ ਨੂੰ ਆਪਸ ਵਿਚ ਜੋੜਦੇ ਹਨ। ਡੈਨੂਬ ਦਰਿਆ ਵਿਚ ਐਲਿਜ਼ਬੈਥ ਨਾਮੀ ਜ਼ਜੀਰਾ ਹੈ ਜੋ ਯਾਤਰੀਆਂ ਦੀ ਖਿੱਚ ਦਾ ਕਾਰਨ ਹੈ। ਇਥੇ ਇਕ ਬਹੁਤ ਹੀ ਸੁੰਦਰ ਪਾਰਕ ਹੈ ਅਤੇ ਰਾਤ ਭਰ ਰੰਗਾ ਰੰਗ ਪ੍ਰੋਗਰਾਮ ਚਲਦੇ ਰਹਿੰਦੇ ਹਨ। ਸਾਡੀ ਕਾਨਫਰੰਸ ਦਾ ਪ੍ਰੀਤੀ ਭੋਜਨ ਵੀ ਇਸੇ ਪਾਰਕ ਵਿਚ ਹੋਇਆ। ਹੰਗਰੀ ਦੇ ਸਕੂਲੀ ਬੱਚਿਆਂ ਨੇ ਨਾਚ ਗਾਣੇ ਨਾਲ ਸਭ ਦਾ ਮਨ ਮੋਹ ਲਿਆ। ਮੇਰੇ ਨਾਲ ਵੀ ਕਿੰਗੜੀ ਪਾ ਕੇ ਇਹਨਾਂ ਆਪਣੇ ਵਤਨ ਦੀ ਮੁਹੱਬਤ ਜਾਹਰ ਕੀਤੀ।

21 ਅਗਸਤ ਅਸੀਂ ਕਾਰ ਤੇ ਸਵਾਰ ਹੋ ਕੇ ਐਸ਼ਟਰ ਟਾਥ ਦੇ ਪਿੰਡ ਮਾਤਰਾਦਰਿਚਕੇ ਪਹੁੰਚ ਗਏ। ਦੋ ਸਾਲ ਪਹਿਲਾਂ ਵੀ ਮੈਂ ਇਥੋਂ ਦਾ ਦੌਰਾ ਕਰ ਗਿਆ ਸਾਂ। ਇਸ ਪਿੰਡ ਵਿਚ ਰੇਡੀਓਐਕਟਿਵੀਟੀ ਦੀ ਮਾਤਰਾ ਖਤਰੇ ਦੀ ਹੱਦ ਤੋਂ ਉਪਰ ਹੈ ਅਤੇ ਕਈ ਪ੍ਰੀਵਾਰ ਕੈਂਸਰ ਦੀ ਬੀਮਾਰੀ ਨਾਲ ਪੀੜ੍ਹਤ ਹਨ। ਐਸ਼ਟਰ ਟਾਥ ਬੁੱਡਾਪੈਸਟ ਦੇ ਯਹੂਦੀ ਸਕੂਲ ਦੀ ਅਧਿਆਪਕਾ ਹੈ ਜਿਸ ਨੇ ਆਪਣੀ ਖੋਜ ਨਾਲ ਇਥੋਂ ਦੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਲੱਭਿਆ ਹੈ। ਉਸ ਨੇ ਇਸ ਪਿੰਡ ਨਾਲ ਪੀਡੀ ਸਾਂਝ ਪਾਈ ਹੈ ਅਤੇ ਉਹ ਲੋਕਾਂ ਦੇ ਦਿਲਾਂ ਤੇ ਰਾਜ ਕਰਦੀ ਹੈ।ਪਿੰਡ ਦਾ ਹਰ ਬੱਚਾ ਬੁੱਢਾ ਉਸ ਦੇ ਸਵਾਗਤ ਵਿਚ ਖੜੋ ਜਾਂਦਾ ਹੈ। ਪਿੰਡ ਵਿਚ ਹੰਗੇਰੀਅਨ ਕਲਚਰ ਦਾ ਮਿਊਜ਼ੀਅਮ ਵੀ ਵੇਖਿਆ ਅਤੇ ਗਿਰਜਾ ਘਰ ਵਿਚ ਇਕ ਸ਼ਾਦੀ ਦੀ ਦਾਅਵਤ ਵੀ ਸਵੀਕਾਰ ਕੀਤੀ। ਪਿੰਡ ਦੀਆਂ ਕੁਝ ਸਵਾਣੀਆਂ ਮੇਰੇ ਲਈ ਆਪਣੇ ਬਗੀਚਿਆਂ ਦੇ ਫਲ ਦੇ ਗਈਆਂ। ਅਸੀਂ ਦੁਪਹਿਰ ਦਾ ਭੋਜਨ ਕਰਕੇ ਘਰਾਂ ਅੰਦਰ ਵਿਕਿਰਣ ਦੀ ਮਾਤਰਾ ਮਾਪਣ ਚਲੇ ਗਏ ਅਤੇ ਰਾਤ ਪੈਣ ਤੱਕ ਬੁੱਡਾਪੈਸਟ ਪਰਤ ਆਏ।

22 ਅਗਸਤ ਐਤਵਾਰ ਦਾ ਦਿਨ ਸੀ। ਅਜੇ ਮੈਂ ਨਾਸ਼ਤਾ ਕਰਕੇ ਆਇਆ ਹੀ ਸਾਂ ਕਿ ਐਸ਼ਟਰ ਟਾਥ ਆਪਣੀ ਕਾਰ ਵਿਚ ਆ ਪਹੁੰਚੀ। ਉਸਦੇ ਸਕੂਲ ਦੇ ਯਹੂਦੀ ਬੱਚੇ ਉਸ ਨਾਲ ਖੋਜ ਵਿਚ ਭਾਈਵਾਲ ਹਨ।ਉਹ ਬੱਚਿਆਂ ਨਾਲ ਮਾਂ ਵਾਂਗ ਮੋਹ ਕਰਦੀ ਹੈ। ਉਸ ਨੇ ਸ਼ਾਦੀ ਨਹੀਂ ਕਰਵਾਈ ਅਤੇ ਸਕੂਲੀ ਬੱਚਿਆਂ ਨੂੰ ਆਪਣਾ ਪ੍ਰੀਵਾਰ ਹੀ ਸਮਝਦੀ ਹੈ। ਸ਼ਾਇਦ ਇਹ ਯੂਰਪ ਦਾ ਪਹਿਲਾ ਸਕੂਲ ਹੋਵੇ ਜਿਸਦੇ ਦਸਵੀਂ ਬਾਰਵੀਂ ਦੇ ਬੱਚੇ ਅੰਤਰ-ਰਾਸ਼ਟਰੀ ਕਾਨਫਰੰਸਾਂ ਵਿਚ ਆਪਣੀ ਅਧਿਆਪਕਾ ਨਾਲ ਰਲਕੇ ਖੋਜ ਪੱਤਰ ਪੇਸ਼ ਕਰਦੇ ਹਨ ਅਤੇ ਵਿਗਿਆਨਿਕ ਬਹਿਸ ਵਿਚ ਹਿੱਸਾ ਲੈਂਦੇ ਹਨ। ਐਸ਼ਟਰ ਟਾਥ ਕਹਿੰਦੀ ਹੈ ਕਿ ਹੰਗਰੀ ਦੇ ਭਵਿੱਖ ਦੇ ਨੋਬਲ ਪੁਰਸਕਾਰ ਜੇਤੂ ਇਸ ਯਹੂਦੀ ਸਕੂਲ ਦੇ ਬੱਚੇ ਹੀ ਹੋਣਗੇ। ਹੁਣ ਤੱਕ ਹੰਗਰੀ ਦੇ ਪੰਜ ਵਿਗਿਆਨੀ ਨੋਬਲ ਪੁਰਸਕਾਰ ਜਿੱਤ ਚੁੱਕੇ ਹਨ ਅਤੇ ਇਹ ਸਾਰੇ ਬੁੱਡਾਪੈਸਟ ਦੇ ਯਹੂਦੀ ਪ੍ਰੀਵਾਰਾਂ ਦੇ ਜੰਮਪਲ ਹੀ ਸਨ। ਬਲਕਿ ਦੁਨੀਆਂ ਭਰ ਦੇ ਅੱਧੇ ਨੋਬਲ ਪੁਰਸਕਾਰ ਜੇਤੂ ਯਹੂਦੀ ਬਰਾਦਰੀ ਵਿਚ ਪੈਦਾ ਹੋਏ ਮੰਨੇ ਜਾਂਦੇ ਹਨ। ਇਸ ਕੌਮ ਨੇ ਸਿੱਖਾਂ ਵਾਂਗ ਬਹੁਤ ਹੀ ਤਸੀਹੇ ਸਹੇ ਸਨ, ਪਰੰਤੂ ਵਿਦਿਆ ਦੇ ਖੇਤਰ ਵਿਚ ਇਹ ਸਭ ਤੋਂ ਮੋਹਰੀ ਰਹੇ ਹਨ ਜਦਕਿ ਸਿੱਖਾਂ ਨੇ ਵਿਦਿਆ ਨੂੰ ਤਿਲਾਂਜਲੀ ਦੇ ਰੱਖੀ ਹੈ ਅਤੇ ਆਪਣੇ ਵਿਦਿਅਕ ਅਦਾਰਿਆਂ ਦੀ ਵਾਗਡੋਰ ਕੱਚ-ਘਰੜ ਚਾਪਲੂਸਾਂ ਦੇ ਹੱਥ ਦੇ ਰੱਖੀ ਹੈ।

ਐਸ਼ਟਰ ਟਾਥ ਦਾ ਖੋਜ ਸਹਾਇਕ ਡੇਨੀਅਲ ਦਸਵੀਂ ਜਮਾਤ ਪਾਸ ਕਰ ਚੁੱਕਾ ਹੈ ਅਤੇ ਕਾਲਜ ਜਾਣ ਦੀ ਤਿਆਰੀ ਕਰ ਰਿਹਾ ਹੈ। ਉਸਦੀ ਮਾਂ 'ਈਵਾ ਪੱਪ' ਅਨੁਵਾਦਕ ਹੈ ਅਤੇ ਬਾਪ ਅਰਥ-ਸ਼ਾਸ਼ਤਰੀ ਜੋ ਕਿਸੇ ਫਰਮ ਵਿਚ ਨੌਕਰੀ ਕਰਦਾ ਹੈ। ਜੁਲਾਈ ਦੇ ਮਹੀਨੇ ਉਸਦਾ ਬਾਪ ਆਪਣੀ ਰਖੇਲ ਕੋਲ ਚਲਾ ਗਿਆ ਜਿਸ ਕਰਕੇ ਉਸਦੀ ਮਾਂ ਨੇ ਤਲਾਕ ਦਾ ਦਾਅਵਾ ਕਰ ਦਿੱਤਾ। ਹੰਗਰੀ ਵਿਚ ਬਾਕੀ ਯੂਰਪੀਨ ਦੇਸ਼ਾਂ ਵਾਂਗ ਹੀ ਤਲਾਕ ਦੀ ਦਰ 50 ਪ੍ਰਤੀਸ਼ਤ ਹੋ ਗਈ ਹੈ। ਇਹ ਮਾਰ ਨੌਜਵਾਨ ਪੀੜੀ ਵਿਚ ਇੰਨੀ ਨਹੀਂ ਜਿੰਨੀ ਕਿ ਵਡੇਰੀ ਉਮਰ ਦੇ ਮਰਦਾਂ ਵਿਚ ਵੇਖੀ ਗਈ ਹੈ। ਪੰਜਾਹ ਸਾਲ ਦੇ ਮਰਦ ਆਪਣਾ ਨਵਾਂ ਸਾਥੀ ਲੱਭ ਲੈਂਦੇ ਹਨ।ਨੌਜਵਾਨ ਤਾਂ ਸ਼ਾਦੀ ਦੇ ਬੰਧਨ ਵਿਚ ਹੀ ਨਹੀਂ ਪੈਣਾ ਚਾਹੁੰਦੇ। ਉਹ ਆਪਣੀ ਗਰਲ ਫਰੈਂਡ ਨਾਲ ਸਾਲਾਂ ਬੱਧੀ ਸਹਿਵਾਸ ਕਰਦੇ ਹਨ। ਬਗੈਰ ਸ਼ਾਦੀ ਤੋਂ ਬੱਚੇ ਵੀ ਪੈਦਾ ਹੋ ਜਾਂਦੇ ਹਨ। ਭਾਵੇਂ ਔਰਤਾਂ ਦੀ ਅਜ਼ਾਦੀ ਬਰਕਰਾਰ ਹੈ ਪਰੰਤੂ ਮਰਦ ਔਰਤਾਂ ਨਾਲੋਂ ਵਧੇਰੇ ਸੁਤੰਤਰ ਜਾਪਦੇ ਹਨ। ਬੁੱਡਾਪੈਸਟ ਦੇ ਇਕ ਹਸਪਤਾਲ ਵਿਚ ਇਕ ਨਵਾਂ ਪ੍ਰਯੋਗ ਹੋ ਰਿਹਾ ਹੈ: ਔਰਤ ਨੂੰ ਮਰਦ ਅਤੇ ਮਰਦ ਨੂੰ ਔਰਤ ਵਿਚ ਤਬਦੀਲ ਕਰਨ ਲਈ ਅਪਰੇਸ਼ਨ ਚਾਲੂ ਹੋ ਗਿਆ ਹੈ।

ਡੇਨੀਅਲ ਦਾ ਘਰ 'ਬੁੱਡਾ' ਏਰੀਆ ਵਿਚ ਲੈਨਿਨ ਸਕੇਅਰ ਉਪਰ ਹੈ। ਐਸ਼ਟਰ ਟਾਥ ਦੀ ਰਾਏ ਮੰਨ ਕੇ ਮੈਂ ਇਕ ਹਫਤਾ ਇਸ ਯਹੂਦੀ ਪ੍ਰੀਵਾਰ ਵਿਚ ਰਹਿਣਾ ਸਵੀਕਾਰ ਕਰ ਲਿਆ। ਕਮਿਊਨਿਸਟਾਂ ਅਤੇ ਨਾਜ਼ੀਆਂ ਨੇ ਯਹੂਦੀਆਂ ਨੂੰ ਮਲੀਆਮੇਟ ਕਰਨ ਦੀ ਕੋਈ ਕਸਰ ਨਹੀਂ ਛੱਡੀ। ਹੰਗਰੀ ਦੇ ਯਹੂਦੀ ਪ੍ਰੀਵਾਰ ਅਮਰੀਕਾ, ਸਵੀਡਨ ਅਤੇ ਇਜ਼ਰਾਈਲ ਚਲੇ ਗਏ, ਪਰੰਤੂ ਬੁੱਡਾਪੈਸਟ ਵਿਚ ਅਜੇ ਵੀ ਕਈ ਮਹੱਲੇ ਯਹੂਦੀਆਂ ਦੇ ਕਾਇਮ ਹਨ। ਇਹਨਾਂ ਦੇ ਆਪਣੇ ਗਿਰਜਾਘਰ (ਸਾਈਨਾਗਾਗ) ਅਤੇ ਸਕੂਲ ਹਨ। ਵਪਾਰ ਵਿਚ ਯਹੂਦੀ ਸਾਰੇ ਯੂਰਪ ਅਤੇ ਅਮਰੀਕਾ ਉਪਰ ਹਾਵੀ ਹੋ ਰਹੇ ਹਨ। ਇਹ ਆਪਣੀ ਆਮਦਨ 'ਚੋਂ ਦਸਵੰਧ ਕੱਢ ਕੇ ਇਜ਼ਰਾਈਲ ਦੀ ਭੇਂਟ ਕਰਦੇ ਹਨ। ਦੁਨੀਆਂ ਭਰ ਦੇ ਯਹੂਦੀ ਇਜ਼ਰਾਈਲ ਨੂੰ ਆਪਣਾ ਵਤਨ ਸਮਝਕੇ ਪੂਜਦੇ ਹਨ। ਹਰ ਯਹੂਦੀ ਪ੍ਰੀਵਾਰ ਮਾਇਕ ਸਹਾਇਤਾ ਤਾਂ ਕਰਦਾ ਹੀ ਹੈ ਬਲਕਿ ਆਪਣੇ ਨੌਜਵਾਨ ਪੁੱਤਰਾਂ ਨੂੰ ਇਜ਼ਰਾਈਲ ਦੀ ਰੱਖਿਆ ਲਈ ਵੀ ਤਿਆਰ ਕਰਦਾ ਹੈ। ਡੇਨੀਅਲ ਦਾ ਵੱਡਾ ਭਰਾ ਤਿੰਨ ਸਾਲ ਤੋਂ ਇਜ਼ਰਾਈਲ ਦੀ ਫੌਜ ਵਿਚ ਭਰਤੀ ਹੋ ਕੇ ਸੇਵਾ ਨਿਭਾ ਰਿਹਾ ਹੈ। ਹੋਰ ਕਈ ਨੌਜਵਾਨ ਮੁੰਡੇ ਅਤੇ ਕੁੜੀਆਂ ਫੌਜੀ ਸਿਖਲਾਈ ਪ੍ਰਾਪਤ ਕਰ ਚੁੱਕੇ ਹਨ। ਇਹ ਯਹੂਦੀਆਂ ਦੀ ਲਗਨ ਅਤੇ ਧਰਮ ਪ੍ਰਸਤੀ ਦਾ ਸਬੂਤ ਹੈ। ਸਾਡੀ ਸਿਖ ਕੌਮ ਯਹੂਦੀਆਂ ਤੋਂ ਸਬਕ ਸਿਖ ਲਵੇ ਤਾਂ ਕੌਮ ਦਾ ਕੁਝ ਸੌਰ ਕਰਦਾ ਹੈ।

ਬੁੱਡਾਪੈਸਟ ਵਿਚ ਹੁਣ ਪੰਜਾਬੀ ਦੁਕਾਨਦਾਰ ਵੀ ਪਹੁੰਚ ਗਏ ਹਨ। ਲੁਧਿਆਣੇ ਦੇ ਹੌਜ਼ਰੀ ਦੇ ਵਪਾਰੀ ਮਾਸਕੋ ਛੱਡ ਕੇ ਹੰਗਰੀ ਵੱਲ ਆ ਰਹੇ ਹਨ। ਹੋਰ ਤਾਂ ਹੋਰ ਸ਼ਾਕਾਹਾਰੀ ਭੋਜਨ ਦੇ ਤਿੰਨ ਰੈਸਤੋਰਾਂ ਵੀ ਬੁੱਡਾਪੈਸਟ ਵਿਚ ਖੁੱਲ੍ਹ ਗਏ ਹਨ। ਮੈਂ ਅਤੇ ਡੇਨੀਅਲ

ਇਕ ਦਿਨ ਰੈਸਤੋਰਾਂ 'ਗੋਵਿੰਦਾ' ਵਿਚ ਦੁਪਹਿਰ ਦਾ ਲੰਚ ਕਰਨ ਗਏ। ਡੈਨੂਬ ਦਰਿਆ ਦੇ ਕੰਢੇ ਹਰੇ ਰਾਮਾ-ਹਰੇ ਕ੍ਰਿਸ਼ਨਾ ਗਰੁੱਪ ਦਾ ਇਹ ਰੈਸਤੋਰਾਂ ਕਾਫੀ ਚੱਲ ਨਿਕਲਿਆ ਹੈ। ਇਸ ਵਿਚ ਸਵਾਦੀ ਸ਼ਾਕਾਹਾਰੀ ਭੋਜਨ ਅਤੇ ਲੱਸੀ ਮਿਲਦੀ ਹੈ। ਭਜਨ ਕੀਰਤਨ ਦੀਆਂ ਟੇਪਾਂ ਦੀ ਮੱਧਮ ਧੁਨੀ ਵਿਚ ਅਸੀਂ ਸ਼ਾਕਾਹਾਰੀ ਭੋਜਨ ਦਾ ਆਨੰਦ ਮਾਣਿਆ। ਹੰਗਰੀ ਦੀ ਬਾਲਾਤੋਨ ਝੀਲ ਦੇ ਕਿਨਾਰੇ ਕ੍ਰਿਸ਼ਨਾ ਵੈਲੀ ਵਿਚ ਤਾਂ ਪ੍ਰਭੂਪਦਾ ਦੇ ਚੇਲਿਆਂ ਨੇ ਇਕ ਸੁੰਦਰ ਮੰਦਰ ਵੀ ਤਾਮੀਰ ਕਰ ਲਿਆ ਹੈ। ਉਹ ਕ੍ਰਿਸ਼ਨ ਭਗਤ ਹਨ ਅਤੇ ਬਿੰਦਰਾਵਨ ਦੀ ਤਰ੍ਹਾਂ ਗਊਆਂ ਪਾਲ ਕੇ ਖੇਤੀ ਦਾ ਕੰਮ ਟੈਰਕਟਰ ਦੀ ਬਜਾਏ ਬਲਦਾਂ ਦੀ ਜੋੜੀ ਨਾਲ ਕਰਦੇ ਹਨ। ਕ੍ਰਿਸ਼ਨਾ ਵੈਲੀ ਦੇ ਪਿੰਡ ਮਥੁਰਾ ਅਤੇ ਗੋਕੁਲਭੂਮੀ ਦੀ ਯਾਦ ਤਾਜ਼ਾ ਕਰਾ ਦਿੰਦੇ ਹਨ। ਭਗਵੇਂ ਕੱਪੜਿਆਂ ਵਿਚ ਹੰਗਰੀ ਦੇ ਨੌਜਵਾਨ ਮੁੰਡੇ ਅਤੇ ਕੁੜੀਆਂ ਚੈਤੰਨਿਆ ਪ੍ਰਭੂ ਵਾਂਗ ਕ੍ਰਿਸ਼ਨਾ ਭਗਤੀ ਵਿਚ ਮਸਤ ਹੋ ਕੇ ਨੱਚਦੇ ਵੇਖ ਕੇ ਸਰੂਰ ਜਿਹਾ ਆ ਜਾਂਦਾ ਹੈ। ਭਾਰਤ ਵਿਚ ਪੱਛਮੀ ਤਹਿਜੀਬ ਦਾ ਬੋਲਬਾਲਾ ਹੋ ਰਿਹਾ ਹੈ, ਪਰੰਤੂ ਹੰਗਰੀ ਵਿਚ ਭਾਰਤੀ ਸੰਸਕ੍ਰਿਤੀ ਪੈਰ ਜਮਾ ਰਹੀ ਹੈ।

## ਪੋਲੈਂਡ ਦਾ ਸਭਿਆਚਾਰਕ ਕੇਂਦਰ : ਕਰਾਕੋਵ

ਜੁਲਾਈ 1972 ਵਿਚ ਆਪਣਾ ਖੋਜ ਦਾ ਕੰਮ ਪੂਰਾ ਕਰਕੇ ਮੈਂ ਗਰਮੀ ਦੀਆਂ ਛੁੱਟੀਆਂ 'ਚ ਯੂਰਪ ਦੀ ਸੈਰ ਤੇ ਨਿਕਲ ਪਿਆ। ਮੇਰਾ ਪੀ-ਐਚ.ਡੀ. ਦਾ ਇਮਤਿਹਾਨ ਸਤੰਬਰ ਵਿਚ ਹੋਣਾ ਸੀ। ਜਰਮਨੀ, ਚੈਕੋਸਲਵਾਕੀਆ ਹੁੰਦਾ ਹੋਇਆ ਮੈਂ ਪੋਲੈਂਡ ਪਹੁੰਚ ਗਿਆ। ਪਰਾਗ ਤੋਂ ਮਾਸਕੋ ਜਾਣ ਵਾਲੀ ਗੱਡੀ ਤੇ ਰਾਤ ਨੂੰ ਸਵਾਰ ਹੋਇਆ ਤਾਂ ਇਹ ਖਚਾਖਚ ਭਰੀ ਹੋਈ ਸੀ। ਦਰਅਸਲ, ਪੂਰਬੀ ਯੂਰਪ ਦੇ ਕਾਮੇ ਛੁੱਟੀਆਂ ਮਨਾਉਣ ਆਪਣੇ ਘਰਾਂ ਨੂੰ ਜਾ ਰਹੇ ਸਨ ਅਤੇ ਹਰ ਕੋਈ ਆਪਣੇ ਪ੍ਰੀਵਾਰ ਲਈ ਢੇਰ ਸਾਰੇ ਤੋਹਫਿਆਂ ਨਾਲ ਲੈਸ ਸੀ। ਸਾਰੀ ਰਾਤ ਗੱਡੀ ਵਿਚ ਬੈਠ ਕੇ ਗੁਜ਼ਾਰਨੀ ਪਈ ਅਤੇ ਸਵੇਰੇ ਤੜਕਸਾਰ ਮੇਰਾ ਪੋਲਿਸ਼ ਮਿੱਤਰ ਜਰਜ਼ੀ ਸਮੋਲਕਾ ਮੈਨੂੰ ਆਪਣੇ ਘਰ 'ਤਿਖੀ' ਕਸਬੇ ਵਿਚ ਲੈ ਗਿਆ। ਜਰਜ਼ੀ ਕੋਲੇ ਦੀਆਂ ਕਾਨਾਂ ਉਪਰ ਇੰਜੀਨੀਅਰ ਸੀ ਅਤੇ ਪੈਰਿਸ ਟਰੇਨਿੰਗ ਕਰਨ ਆਇਆ ਮੇਰਾ ਮਿਤਰ ਬਣ ਗਿਆ ਸੀ। ਉਸਨੇ ਆਪਣੀ ਕਾਰ ਵਿਚ ਕਰਾਕੋਵ ਅਤੇ ਨਾਜ਼ੀਆਂ ਦਾ ਕੈਂਪ ਔਸ਼ਵਿਜ਼ ਵਿਖਾਇਆ ਸੀ, ਜਿਥੇ ਕਈ ਲੱਖ ਯਹੂਦੀਆਂ ਨੂੰ ਗੈਸ ਚੈਂਬਰ ਵਿਚ ਜਹਿਰੀਲੀ ਗੈਸ ਭਰ ਕੇ ਮੌਤ ਦੇ ਮੂੰਹ ਵਿਚ ਧਕੇਲ ਦਿਤਾ ਗਿਆ ਸੀ। ਨਾਜ਼ੀਆਂ ਨੇ ਪੋਲੈਂਡ ਨੂੰ ਤਬਾਹ ਕਰ ਦਿਤਾ ਸੀ ਅਤੇ ਜਦੋਂ ਰੂਸੀਆਂ ਨੇ ਕਬਜਾ ਕਰ ਲਿਆ ਤਾਂ ਉਨ੍ਹਾਂ ਵੀ ਪੋਲਿਸ਼ ਲੋਕਾਂ ਉਪਰ ਬਹੁਤ ਜੁਲਮ ਢਾਹੇ। 1972 ਵਿਚ ਪੋਲੈਂਡ ਰੂਸ ਪੱਖੀ ਕਮਿਊਨਿਸਟਾਂ ਦੇ ਅਧੀਨ ਸੀ ਅਤੇ ਲੋਕਾਂ ਦੀ ਸ਼ਖਸੀ ਅਜ਼ਾਦੀ ਖੋਹੀ ਜਾ ਚੁੱਕੀ ਸੀ। ਕਮਿਊਨਿਸਟਾਂ ਨੇ ਹੰਗਰੀ ਅਤੇ ਚੈਕੋਸਲਵਾਕੀਆ ਵਿਚ ਹੋਏ ਵਿਦਰੋਹ ਨੂੰ ਰੂਸੀ ਫੌਜ ਦੀ ਮੱਦਦ ਨਾਲ ਕੁਚਲ ਦਿਤਾ ਸੀ, ਗਿਰਜਾ ਘਰ ਬੰਦ ਕਰ ਦਿਤੇ ਸਨ ਅਤੇ ਧਰਮ ਦੀ ਨਿਖੇਧੀ ਸ਼ੁਰੂ ਕਰ ਰੱਖੀ ਸੀ। ਮੇਰੀ ਹੈਰਾਨੀ ਦੀ ਹੱਦ ਹੋ ਗਈ ਜਦੋਂ ਪੋਲੈਂਡ ਦੇ ਲੋਕਾਂ ਨੂੰ ਐਤਵਾਰ ਦੇ ਦਿਨ ਵਹੀਰਾਂ ਘੱਤੀ ਗਿਰਜਾ ਘਰ ਵੱਲ ਜਾਂਦੇ ਵੇਖਿਆ। ਪੋਲੈਂਡ ਦੇ ਲੋਕ ਧਰਮ ਤੋਂ ਟੁੱਟੇ ਨਹੀਂ ਸਨ ਬਲਕਿ ਕਮਿਊਨਿਸਟ ਪਾਰਟੀ ਦੇ ਕਈ ਮੈਂਬਰ ਵੀ ਪ੍ਰਾਰਥਨਾ ਸਭਾ ਵਿਚ ਸ਼ਾਮਲ ਹੁੰਦੇ ਸਨ। ਇਸ ਅਨੋਖੇ ਵਰਤਾਰੇ ਦੀ ਮੈਨੂੰ ਉਦੋਂ ਸਮਝ ਲਗੀ ਜਦੋਂ ਵੈਟੀਕਨ ਦਾ ਪੋਪ ਇਕ ਪੋਲਿਸ਼ ਪਾਦਰੀ ਨਿਯੁਕਤ ਕੀਤਾ ਗਿਆ। ਇਹ ਪਹਿਲੀ ਵਾਰੀ ਸੀ ਕਿ ਰੋਮਨ ਕੈਥੋਲਿਕ ਧਰਮ ਦਾ ਪੋਪ ਇਟਲੀ ਦੇ ਬਾਹਰੋਂ ਚੁਣਿਆ ਗਿਆ।

ਕਈ ਵਾਰ ਯੂਰਪ ਦਾ ਦੌਰਾ ਕੀਤਾ ਅਤੇ ਜਰਜ਼ੀ ਸਮਲੋਕਾ ਨੂੰ ਪੱਤਰ ਵੀ ਲਿਖਿਆ ਪਰੰਤੂ ਕੋਈ ਢੋ ਨਾ ਢੁਕਿਆ ਅਤੇ ਪੋਲੈਂਡ ਦੀ ਦੁਬਾਰਾ ਯਾਤਰਾ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਇਸ ਸਾਲ ਹੰਗਰੀ ਅਤੇ ਰੂਸ ਜਾਣਾ ਸੀ। ਮੈਂ ਪੋਲੈਂਡ ਦਾ ਵੀਜ਼ਾ ਲੈਣ ਲਈ ਜਰਜ਼ੀ ਤੋਂ ਸੱਦਾ ਪੱਤਰ ਮੰਗਵਾ ਲਿਆ। ਹੰਗਰੀ ਤੋਂ ਕਾਨਫਰੰਸ ਖਤਮ ਹੋਈ ਤਾਂ ਮੈਨੂੰ ਪੋਲੈਂਡ ਲੈ ਜਾਣ ਲਈ ਜਰਜ਼ੀ ਦਾ ਇਕ ਸਾਥੀ ਰਜ਼ਾਮੰਦ ਹੋ ਪਿਆ। ਉਹ ਆਪਣੀ ਕਾਰ ਵਿਚ ਧੀ ਸਮੇਤ ਹੰਗਰੀ ਆਇਆ ਹੋਇਆ ਸੀ। ਜਰਜ਼ੀ ਨੇ ਉਸਨੂੰ ਮੇਰੇ ਪੋਲੈਂਡ ਆਉਣ ਬਾਰੇ ਦੱਸਿਆ ਹੋਇਆ ਸੀ। 4 ਸਤੰਬਰ ਨੂੰ ਅਸੀਂ ਕਾਰ ਵਿਚ ਸਵਾਰ ਹੋ ਕੇ ਦਸ ਵਜੇ ਦੇ ਕਰੀਬ ਹੰਗਰੀ ਸਲੋਵਾਕੀਆ ਬਾਰਡਰ ਤੇ ਪਹੁੰਚ ਗਏ। ਇਸ ਬਾਰਡਰ ਤੇ ਕਈ ਪੰਜਾਬੀ ਨੌਜਵਾਨ ਫੜੇ ਗਏ ਸਨ ਜਿਸ ਕਰਕੇ ਮੇਰੀ ਵੀ ਪੁੱਛ ਪੜਤਾਲ ਹੋਈ। ਮੇਰਾ ਸਾਥੀ ਕਾਫੀ ਪਰੇਸ਼ਾਨ ਸੀ ਪਰੰਤੂ ਉਹ ਬੇਵੱਸ ਸੀ। ਬਾਰਡਰ ਪਾਰ ਕਰਕੇ ਮੈਂ ਸੁਖ ਦਾ ਸਾਹ ਲਿਆ।

ਇਕ ਰੈਸਤੋਰਾਂ ਤੋਂ ਨਾਸ਼ਤਾ ਕਰਕੇ ਅਸੀਂ ਸਲੋਵਾਕੀਆ ਦੀ ਧਰਤੀ ਉਪਰ ਸਫਰ ਸ਼ੁਰੂ ਕੀਤਾ। ਇਹ ਦੇਸ਼ ਹੰਗਰੀ ਅਤੇ ਪੋਲੈਂਡ ਤੋਂ ਵਧੇਰੇ ਅਮੀਰ ਹੈ। ਕੁਝ ਸਾਲ ਪਹਿਲਾਂ ਇਹ ਚੈਕੋਸਲਵਾਕੀਆ ਦਾ ਹਿੱਸਾ ਸੀ ਪਰੰਤੂ ਹੁਣ 'ਚੈਕ' ਰੀਪਬਲਿਕ ਤੋਂ ਅਲਹਿਦਾ ਸੁਤੰਤਰ ਦੇਸ਼ ਹੈ। ਰਕਬਾ ਪੰਜਾਬ ਬਰਾਬਰ ਅਤੇ ਅਬਾਦੀ ਇਕ ਕਰੋੜ ਤੋਂ ਵੀ ਘੱਟ ਹੈ। ਮੈਂ ਸੋਚਿਆ ਕਿ ਭਾਰਤ ਦੀ

ਭੁੱਖਮਰੀ ਦਾ ਕਾਰਨ ਵਧ ਰਹੀ ਅਬਾਦੀ ਤਾਂ ਹੈ ਹੀ ਪਰੰਤੂ ਕਈ ਹੋਰ ਕਾਰਨ ਵੀ ਹਨ ਜਿਨ੍ਹਾਂ ਵਿਚ ਲੋਕਾਂ ਦੀਆਂ ਹਸਰਤਾਂ ਦਬਾਅ ਕੇ ਇਕ ਵੱਡੇ ਪ੍ਰਾਂਤ ਵਿਚ ਨੂੜੀ ਰੱਖਣਾ ਵੀ ਸ਼ਾਮਲ ਹੈ। ਕਿਉਂਕਿ ਭਾਰਤ ਸਰਕਾਰ ਝਾਰਖੰਡ, ਵਿਧਰਭਾ ਅਤੇ ਉਤਰਖੰਡ ਸੂਬਿਆਂ ਦੀ ਕਾਇਮੀ ਵਿਚ ਢਿੱਲ ਕਰ ਰਹੀ ਹੈ। ਤਿੰਨ ਵਜੇ ਦੇ ਕਰੀਬ ਅਸੀਂ ਸਲੋਵਾਕੀਆ - ਪੋਲੈਂਡ ਦੇ ਬਾਰਡਰ ਤੇ ਪਹੁੰਚ ਗਏ। ਇਥੋਂ ਬਾਰਡਰ ਪਾਰ ਕਰਕੇ ਅਸੀਂ ਪੋਲੈਂਡ ਦੇ ਇਕ ਪਿੰਡ ਵਿਚ ਰੁਕੇ ਅਤੇ ਕੁਝ ਚਿਰ ਅਰਾਮ ਕਰਕੇ ਕਰਾਕੋਵ ਜਾਣ ਵਾਲੀ ਸੜਕ ਤੇ ਪੈ ਗਏ। ਰਸਤੇ ਵਿਚ ਛੋਟੀਆਂ ਪਹਾੜੀਆਂ ਅਤੇ ਉਨ੍ਹਾਂ ਉਪਰ ਵੱਸੇ ਪਿੰਡ ਸੁੰਦਰ ਦ੍ਰਿਸ਼ ਪੇਸ਼ ਕਰਦੇ ਸਨ। ਹਰ ਪਾਸੇ ਹਰਿਆਵਲ ਸੀ ਕਿਤੇ ਵੀ ਮਿੱਟੀ ਜਾਂ ਗੰਦਗੀ ਨਜ਼ਰ ਨਹੀਂ ਸੀ ਆਉਂਦੀ। ਹੰਗਰੀ ਅਤੇ ਸਲੋਵਾਕੀਆ ਵਿਚ ਜਿਪਸੀਆਂ ਦੇ ਪਿੰਡ ਵੀ ਆਏ। ਇਹ ਲੋਕ ਨਸਲ ਵਿਚ ਯੂਰਪੀਨਾਂ ਤੋਂ ਵੱਖ ਹਨ ਅਤੇ ਆਪਣੇ ਆਪ ਨੂੰ ਭਾਰਤ ਦੇ ਮੂਲ ਵਾਸੀਆਂ ਨਾਲ ਜੋੜਦੇ ਹਨ।

ਸ਼ਾਮ ਦੇ ਛੇ ਵਜੇ ਦੇ ਕਰੀਬ ਲਗਭਗ ਅੱਠ ਸੌ ਕਿਲੋਮੀਟਰ ਦਾ ਸਫਰ ਤਹਿ ਕਰਕੇ ਅਸੀਂ ਆਪਣੇ ਟਿਕਾਣੇ ਤੇ ਪਹੁੰਚ ਗਏ। ਜਰਜ਼ੀ ਸਮੋਲਕਾ ਇੰਤਜਾਰ ਕਰ ਰਿਹਾ ਸੀ। ਸਾਡੀ ਮਿਲਣੀ ਸਤਾਈ ਵਰ੍ਹਿਆਂ ਬਾਅਦ ਹੋਈ। ਜਰਜ਼ੀ ਰੀਟਾਇਰ ਹੋ ਚੁੱਕਾ ਸੀ। ਉਸਦੀ ਪਹਿਲੀ ਘਰਵਾਲੀ ਮਰ ਗਈ ਅਤੇ ਉਸਨੇ ਆਪਣੇ ਮਰ ਚੁੱਕੇ ਦੋਸਤ ਦੀ ਬੀਵੀ ਨਾਲ ਦੂਸਰੀ ਸ਼ਾਦੀ ਕਰ ਰੱਖੀ ਸੀ। ਜਰਜ਼ੀ ਦੀ ਧੀ ਐਲਿਜ਼ਬੈਥ ਇਕ ਉਘੀ ਇਮਾਰਤਸਾਜ (ਆਰਕੀਟੈਕਟ) ਬਣ ਗਈ ਸੀ ਅਤੇ ਉਸਦਾ ਪੁੱਤਰ ਕੰਪਿਊਟਰ ਇੰਜੀਨੀਅਰ ਦਾ ਕੰਮ ਕਰਦਾ ਸੀ। ਰਾਤ ਦਾ ਖਾਣਾ ਖਾ ਕੇ ਅਸੀਂ ਉਸਦੀ ਧੀ ਦੇ ਘਰ ਚਲੇ ਗਏ। ਉਸਦੇ ਪੁੱਤਰ ਦਾ ਜਨਮ ਦਿਨ ਸੀ ਅਤੇ ਕਾਫੀ ਬੱਚੇ ਜਮਾਂ ਸਨ। ਉਹ ਮੈਨੂੰ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਸਭ ਨੇ ਫੋਟੋ ਖਿਚਵਾਈ। ਐਲਿਜ਼ਬੈਥ ਹਾਈ ਸਕੂਲ ਵਿਚ ਪੜ੍ਹਦੀ ਸੀ ਜਦੋਂ 1972 'ਚ ਮੈਂ ਉਸਦੇ ਘਰ ਗਿਆ ਸਾਂ ਅਤੇ ਹੁਣ ਉਸਦਾ ਪੁੱਤਰ ਅਤੇ ਧੀ ਵੀ ਹਾਈ ਸਕੂਲ ਪਾਸ ਕਰਨ ਵਾਲੇ ਹਨ। ਜਰਜ਼ੀ ਦੇ ਪੋਤਰੇ ਅਤੇ ਦੋਹਤਰੇ ਆਪਣੇ ਦਾਦੇ ਦੇ ਸਿੱਖ ਮਿੱਤਰ ਵੱਲ ਅਚੰਭਿਤ ਹੋ ਕੇ ਵੇਖ ਰਹੇ ਸਨ। ਮੈਂ ਹਰ ਇਕ ਨੂੰ ਭਾਰਤੀ ਤੋਹਫਾ ਭੇਟ ਕੀਤਾ ਅਤੇ ਉਹ ਝੱਟ ਹੀ ਮੇਰੇ ਨਾਲ ਘੁਲ ਮਿਲ ਗਏ। ਐਲਿਜ਼ਬੈਥ ਬੜੇ ਹੀ ਤਪਾਕ ਨਾਲ ਆਪਣੇ ਸਟੂਡੀਓ ਵਿਚ ਲੈ ਗਈ। ਉਹ ਇਕ ਹੋਣਹਾਰ ਆਰਕੀਟੈਕਟ ਹੋ ਨਿਬੜੀ ਹੈ ਅਤੇ ਕਈ ਕੰਪਨੀਆਂ ਦੇ ਕੰਮ ਦਾ ਠੇਕਾ ਉਸ ਕੋਲ ਸੀ। ਮੈਂ ਉਸ ਦੇ ਕੰਮ ਦੀ ਤਾਰੀਫ ਕੀਤੀ, ਖਾਸ ਕਰਕੇ ਉਸ ਦੇ ਤਾਮੀਰ ਕੀਤੇ ਆਪਣੇ ਹੀ ਘਰ ਦੀ। ਮੈਂ ਉਸਦੀ ਮਾਂ ਦੇ ਗੁਜਰ ਜਾਣ ਦਾ ਅਫਸੋਸ ਵੀ ਪ੍ਰਗਟ ਕੀਤਾ। ਉਸ ਨੇ ਆਪਣੀ ਮਾਂ ਦਾ ਤਿਆਰ ਕੀਤਾ ਰੇਖਾ ਚਿਤਰ ਲੈ ਆਂਦਾ ਜੋ ਹੁਣ ਉਸ ਦੇ ਸਟੂਡੀਓ ਦਾ ਸ਼ਿੰਗਾਰ ਬਣ ਗਿਆ ਹੈ। ਉਹ ਕਹਿਣ ਲੱਗੀ ਕਿ ਜਰਜ਼ੀ ਨੇ ਚੰਗਾ ਕੀਤਾ ਹੈ ਦੂਸਰੀ ਸ਼ਾਦੀ ਕਰ ਲਈ ਵਰਨਾ ਉਹ ਇੱਕਲਾ ਹੀ ਰਹਿ ਕੇ ਪ੍ਰੇਸ਼ਨ ਹੋ ਜਾਂਦਾ। ਰਾਤ ਦੇ ਦਸ ਵਜੇ ਅਸੀਂ ਜਰਜ਼ੀ ਦੇ ਘਰ ਪਰਤ ਆਏ।

ਪੰਜ ਸਤੰਬਰ ਐਤਵਾਰ ਦਾ ਦਿਨ ਸੀ। ਮੈਂ ਛੇ ਵਜੇ ਦੇ ਕਰੀਬ ਉਠਿਆ। ਜਰਜ਼ੀ ਅਤੇ ਉਸਦੀ ਘਰਵਾਲੀ ਗਿਰਜਾਘਰ ਜਾਣ ਲਈ ਤਿਆਰ ਸਨ। ਉਹ ਮੇਰੇ ਲਈ ਬੈਡ ਟੀ ਤਿਆਰ ਕਰ ਗਏ। ਮੈਨੂੰ ਆਪਣੀ ਪਹਿਲੀ ਯਾਤਰਾ ਦਾ ਨਜ਼ਾਰਾ ਚੇਤੇ ਆ ਗਿਆ ਅਤੇ ਮੈਨੂੰ ਪੋਲਿਸ਼ ਲੋਕਾਂ ਦੇ ਧਾਰਮਿਕ ਅਕੀਦੇ ਉਪਰ ਫਖਰ ਮਹਿਸੂਸ ਹੋਣ ਲੱਗਾ। ਨਾਸ਼ਤਾ ਕਰਕੇ ਅਸੀਂ ਕਰਾਕੋਵ ਦੀ ਯਾਤਰਾ ਲਈ ਰਵਾਨਾ ਹੋ ਪਏ। ਤਿੱਖੀ ਤੋਂ ਕਰਾਕੋਵ ਦੋ ਘੰਟੇ ਦਾ ਸਫਰ ਸੀ। ਇਕ ਰਸਤਾ ਔਸ਼ਵਿਜ਼ ਦੇ ਨਾਜ਼ੀ ਕੈਂਪ ਕੋਲੋਂ ਲੰਘਦਾ ਸੀ, ਪਰੰਤੂ ਜਰਜ਼ੀ ਦੇ ਜਰਮਨ ਦੋਸਤ ਨੇ ਹਾਈਵੇ ਤੇ ਜਾਣ ਦੀ ਸਲਾਹ ਦਿੱਤੀ। ਦਰਅਸਲ ਉਹ ਨਹੀਂ ਚਾਹੁੰਦਾ ਸੀ ਕਿ ਨਾਜ਼ੀਆਂ ਦੇ ਘਟੀਆ ਕਾਰਨਾਮੇ ਮੇਰੇ ਮਨ ਤੇ ਭਾਰੂ ਹੋਣ। ਪੋਲੈਂਡ ਦੇ ਲੋਕ ਵੀ ਇਸ ਘਟਨਾ ਦਾ ਜ਼ਿਕਰ ਨਹੀਂ ਕਰਨਾ ਚਾਹੁੰਦੇ। ਇਹ ਅਤੀਤ ਦਾ ਹਿੱਸਾ ਬਣ ਗਈ ਹੈ ਅਤੇ ਨਵੀਂ ਪੀੜੀ ਇਸ ਦੇ ਪ੍ਰਭਾਵ ਤੋਂ ਮੁਕਤ ਹੋਣਾ ਲੋਚਦੀ ਹੈ। ਸੋ ਮੇਰਾ ਵਿਚਾਰ ਵੀ ਬਦਲ ਗਿਆ ਅਤੇ ਮੈਂ ਆਪਣੀ ਔਸ਼ਵਿਜ਼ ਜਾਣ ਦੀ ਜਿੱਦ ਛੱਡ ਦਿੱਤੀ।

ਕਰਾਕੋਵ ਯੂਰਪ ਦੇ ਕੁਝ ਗਿਣੇ ਮਿਥੇ ਸ਼ਹਿਰਾਂ 'ਚੋਂ ਹੈ ਜੋ ਯੂਨੈਸਕੋ ਦੀ ਦੇਖ ਰੇਖ ਵਿਚ ਆ ਚੁੱਕੇ ਹਨ। ਇਕੀਵੀਂ ਸਦੀ ਦੇ ਸਮਾਰੋਹ ਲਈ ਕਰਾਕੋਵ ਦੇ ਉਘੇ ਸਮਾਰਕਾਂ ਨੂੰ ਸੰਵਾਰਿਆ ਅਤੇ ਉਸਾਰਿਆ ਜਾ ਰਿਹਾ ਹੈ। ਇਸ ਸ਼ਹਿਰ ਵਿਚ ਰੋਮ ਅਤੇ ਪੈਰਿਸ ਵਾਂਗ ਦੁਨੀਆਂ ਭਰ ਦੇ ਸੈਲਾਨੀ ਆਉਂਦੇ ਹਨ। ਕਰਾਕੋਵ ਪੋਲੈਂਡ ਦੀ ਕਲਚਰ ਦਾ ਪ੍ਰਤੀਕ ਹੈ। ਇਸ ਵਿਚ ਈਸਾਈ ਧਰਮ ਦੇ ਵੱਖ-ਵੱਖ ਫਿਰਕਿਆਂ ਨਾਲ ਸੰਬੰਧਿਤ ਗਿਰਜਾਘਰ ਅੱਜ ਵੀ ਮੌਜੂਦ ਹਨ। ਵੇਵਲ ਹਿੱਲ ਉਪਰ ਸ਼ਾਹੀ ਮਹੱਲ ਹੈ ਜੋ 1000 ਸਾਲ ਪਹਿਲਾਂ ਰੋਮਨਾਂ ਦੇ ਕਬਜੇ ਵਿਚ ਸੀ। ਚੌਦਵੀਂ ਸਦੀ ਵਿਚ ਕੈਜੀਮੀਰ ਪੋਲੈਂਡ ਦਾ ਮਹਾਨ ਬਾਦਸ਼ਾਹ ਹੋ ਨਿਬੜਿਆ ਜਿਸ ਦੇ ਰਾਜਕਾਲ ਦੌਰਾਨ ਕਰਾਕੋਵ ਦੀ ਚੜ੍ਹਤ ਸਾਰੇ ਯੂਰਪ ਵਿਚ ਫੈਲ ਗਈ। ਵੇਵਲ ਹਿੱਲ ਉਪਰ ਸ਼ਾਹੀ ਗਿਰਜਾਘਰ ਤਾਮੀਰ ਕਰਵਾਇਆ ਗਿਆ। 1364 ਈਸਵੀ ਵਿਚ ਪੋਲੈਂਡ ਦੀ ਪਹਿਲੀ ਅਤੇ ਯੂਰਪ ਦੀ ਗਿਣੀ ਚੁਣੀ ਜੈਗਲੋਨੀਅਨ ਯੂਨੀਵਰਸਿਟੀ ਦਾ ਪਹਿਲਾ ਕਾਲਜ ਵੀ ਕੈਜੀਮੀਰ ਨੇ ਹੀ ਸਥਾਪਿਤ ਕੀਤਾ। 1400 ਈਸਵੀ ਵਿਚ ਮਲਕਾ ਜਗਵੀਰਾ ਨੇ ਆਪਣੇ ਹੀਰੇ ਜਵਾਹਰਾਤ ਯੂਨੀਵਰਸਿਟੀ ਦੇ ਖਰਚੇ ਪੂਰੇ ਕਰਨ ਲਈ ਭੇਟ ਕਰ ਦਿਤੇ ਅਤੇ ਕਰਾਕੋਵ ਅਕੈਡਮੀ ਦੀ ਸਥਾਪਨਾ ਕੀਤੀ ਗਈ। ਇਸੇ ਅਕੈਡਮੀ ਦਾ ਉਘਾ ਵਿਦਿਆਰਥੀ ਨਿਕੋਲਸ ਕਾਪਰਨੀਕਸ ਸੀ ਜਿਸ ਨੇ ਸਿੱਧ ਕਰ ਦਿਤਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਅਤੇ ਪਾਦਰੀ ਹੁੰਦਿਆਂ ਹੋਇਆਂ ਬਾਈਬਲ ਦੀ

ਧਾਰਣਾ ਨੂੰ ਚੁਣੌਤੀ ਦਿਤੀ। ਕਾਪਰਨੀਕਸ ਦੇ ਜਿਉਂਦਿਆਂ ਉਸਦੀ ਕਿਤਾਬ ਨਾ ਛਪ ਸਕੀ ਪਰੰਤੂ ਜਦੋਂ ਉਹ ਮਰਨ ਕਿਨਾਰੇ ਸੀ ਤਾਂ ਉਸਨੂੰ ਇਸ ਕਿਤਾਬ ਦੀ ਸੋਧੀ ਹੋਈ ਭੂਮਿਕਾ ਵਿਖਾਈ ਗਈ ਜਿਸ ਵਿਚ ਉਸਦੇ ਸਿਧਾਂਤ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਗਿਆ ਸੀ। ਉਹ ਬੇਵੱਸ ਸੀ ਅਤੇ ਰੋਮਨ ਕੈਥੋਲਿਕ ਧਰਮ ਦਾ ਅਕੀਦਾ ਭੰਨਣ ਤੋਂ ਵੀ ਚਿੰਤਾਤੁਰ ਸੀ।

ਕਰਾਕੋਵ ਯੂਰਪ ਦੀ ਸ਼ਾਹੀ ਸੜਕ ਤੇ ਸਥਿਤ ਸੀ। ਹੰਗਰੀ ਤੋਂ ਆਉਣ ਵਾਲੇ ਤਜਾਰਤੀ ਕਾਫਲੇ ਇਸ ਰਸਤੇ ਹੀ ਜਰਮਨੀ ਅਤੇ ਸਵੀਡਨ ਪਹੁੰਚਦੇ ਸਨ। ਕਰਾਕੋਵ ਦੀ ਮਾਰਕੀਟ (ਰਾਈਨੈਕ) ਯੂਰਪ ਦੇ ਵਪਾਰੀਆਂ ਦਾ ਅੱਡਾ ਸੀ। ਅੱਜਕੱਲ੍ਹ ਇਸ ਵਿਚ ਫੁੱਲ ਵੇਚਣ ਵਾਲੀਆਂ ਔਰਤਾਂ ਦੇ ਸਟਾਲ ਹਨ, ਪੋਲੈਂਡ ਦੇ ਮਹਾਨ ਕਵੀ ਐਡਮ ਮਿਕੀਵਿਚ ਦਾ ਬੁੱਤ ਸੁਸ਼ੋਭਿਤ ਹੈ, ਕਾਫੀ ਹਾਊਸ ਹਨ ਅਤੇ ਯਾਤਰੀਆਂ ਦੇ ਮਨੋਰੰਜਨ ਦਾ ਸਾਜੋ ਸਮਾਨ ਮਿਲਦਾ ਹੈ। ਇਸ ਦੇ ਦੁਆਲੇ ਕਈ ਗਿਰਜਾਘਰ ਅਤੇ ਮਿਊਜ਼ੀਅਮ ਹਨ। ਪੋਲੈਂਡ ਦੇ ਸਭਿਆਚਾਰ ਦੀ ਝਲਕੀ ਇਸ ਮਾਰਕੀਟ ਵਿਚ ਘੁੰਮ ਫਿਰ ਕੇ ਲੱਭ ਪੈਂਦੀ ਹੈ। ਸੇਂਟ ਮੇਰੀ ਦਾ ਗਿਰਜਾਘਰ ਮੁਰੰਮਤ ਲਈ ਬੰਦ ਪਿਆ ਸੀ। ਇਸ ਦੇ ਦੋਹਾਂ ਸਤੰਭਾਂ ਦੀ ਉਚਾਈ ਵਿਚ ਅੰਤਰ ਹੈ। ਦੰਦ ਕਥਾ ਹੈ ਕਿ ਦੋ ਸਕੇ ਭਰਾ ਇਸ ਦੇ ਸਤੰਭਾਂ ਦੀ ਚਿਣਾਈ ਕਰਨ ਵਿਚ ਜੁਟੇ ਹੋਏ ਸਨ। ਜਦੋਂ ਵੱਡੇ ਭਰਾ ਨੇ ਵੇਖਿਆ ਕਿ ਛੋਟਾ ਅੱਗੇ ਲੰਘ ਰਿਹਾ ਹੈ ਤਾਂ ਉਸਨੇ ਛੋਟੇ ਭਰਾ ਦਾ ਕਤਲ ਕਰ ਦਿੱਤਾ। ਪਸ਼ਚਾਤਾਪ ਵੱਸ ਹੋ ਕੇ ਆਪ ਵੀ ਸਤੰਭ ਦੀ ਸਿਖਰ ਤੋਂ ਛਾਲ ਮਾਰ ਕੇ ਪ੍ਰਾਣ ਤਿਆਗ ਦਿਤੇ। ਇਨ੍ਹਾਂ ਦੋਹਾਂ ਸਤੰਭਾਂ ਦੀ ਬਣਾਵਟ ਵਿਚ ਵੀ ਫਰਕ ਪ੍ਰਤੱਖ ਹੈ। ਕਰਾਕੋਵ ਦੀ ਨਵੀਂ ਅਤੇ ਪੁਰਾਣੀ ਯੂਨੀਵਰਸਿਟੀ ਦੀ ਇਮਾਰਤ ਦਾ ਮੁਆਇਨਾ ਕਰਕੇ ਅਸੀਂ ਸ਼ਾਮ ਨੂੰ ਤਿੱਖੀ ਵਾਪਸ ਪਰਤ ਆਏ। ਰਾਤ ਦਾ ਖਾਣਾ ਤਿੱਖੀ ਦੇ ਮੇਅਰ ਨੇ ਵਰਜ ਰੱਖਿਆ ਸੀ। ਉਸਦੀ ਘਰਵਾਲੀ ਨੇ ਪੋਲੈਂਡ ਦਾ ਕੌਮੀ ਪਹਿਰਾਵਾ ਪਹਿਨ ਰੱਖਿਆ ਸੀ ਅਤੇ ਉਹ ਮੇਰੇ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਦੇ ਚਾਹਵਾਨ ਸਨ।

## ਪਲੈਂਡ ਦੀ ਰਾਜਧਾਨੀ : ਵਾਰਸਾ

ਭਾਵੇਂ ਕਰਾਕੋਵ ਪੋਲੈਂਡ ਦੀ ਸਭਿਆਚਾਰਕ ਰਾਜਧਾਨੀ ਮੰਨੀ ਜਾਂਦੀ ਹੈ, ਪਰੰਤੂ ਫਿਰ ਵੀ ਵਾਰਸਾ ਸ਼ਹਿਰ ਪੋਲੈਂਡ ਦੇ ਇਤਿਹਾਸ ਦਾ ਉਘਾ ਪਾਤਰ ਰਿਹਾ ਹੈ। ਦਸਵੀਂ ਸਦੀ ਵਿਚ ਇਹ ਵਿਸਤੂਲਾ ਨਦੀ ਦੇ ਕੰਢੇ ਅਬਾਦ ਹੋਇਆ। 1430 ਈਸਵੀ ਵਿਚ ਇਸਦੀ ਰੱਖਿਆ ਲਈ ਆਲੇ ਦੁਆਲੇ ਕੰਧ ਉਸਾਰੀ ਗਈ। ਅਜੇ ਵੀ ਇਸਦੇ ਨਿਸ਼ਾਨ ਸ਼ਹਿਰ ਦੇ ਪੁਰਾਣੇ ਹਿਸੇ ਵਿਚ ਲੱਭ ਪੈਂਦੇ ਹਨ। ਇਹ ਸ਼ਹਿਰ ਕਈ ਵਾਰ ਤਬਾਹ ਹੋਇਆ ਅਤੇ ਮੁੜ ਵਸਾਇਆ ਗਿਆ। ਦੂਸਰੇ ਵਿਸ਼ਵ ਯੁੱਧ ਸਮੇਂ ਨਾਜ਼ੀਆਂ ਨੇ ਇਸਨੂੰ ਦੋ ਵਾਰ ਉਜਾੜਿਆ। ਜਦੋਂ 1944 ਵਿਚ ਜਰਮਨੀ ਹਾਰ ਦਾ ਮੂੰਹ ਵੇਖ ਰਿਹਾ ਸੀ ਤਾਂ ਵਾਰਸਾ ਦੇ ਯਹੂਦੀਆਂ ਨੇ ਬਗਾਵਤ ਕਰ ਦਿਤੀ। ਜਰਮਨ ਫੌਜ ਨੇ ਭਿਆਨਕ ਤਬਾਹੀ ਮਚਾ ਦਿਤੀ ਅਤੇ ਵਾਰਸਾ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਸਾਰਾ ਸ਼ਹਿਰ ਗਰਕ ਹੋ ਗਿਆ ਅਤੇ ਦੋ ਲੱਖ ਦੇ ਕਰੀਬ ਵਾਰਸਾ ਦੇ ਸ਼ਹਿਰੀ ਮੌਤ ਦੇ ਘਾਟ ਉਤਾਰ ਦਿਤੇ ਗਏ। ਪੋਲੈਂਡ ਦੇ ਲੋਕਾਂ ਨੇ ਆਪਣੇ ਦੇਸ ਦੀ ਰਾਜਧਾਨੀ ਨੂੰ ਮੁੜ ਨਵੇਂ ਸਿਰਿਓਂ ਉਸੇ ਮਾਡਲ ਤੇ ਹੀ ਉਸਾਰ ਲਿਆ ਹੈ। ਇਸ ਕੰਮ ਵਿਚ ਰੂਸੀਆਂ ਨੇ ਪੋਲੈਂਡ ਦੀ ਮਦਦ ਵੀ ਕੀਤੀ ਅਤੇ ਧਾਂਕ ਵੀ ਜਮਾਈ ਰੱਖੀ।

6 ਸਤੰਬਰ ਦੀ ਸਵੇਰ ਜਰਜੀ ਸਮੋਲਕਾ ਮੈਨੂੰ ਤਿੱਖੀ ਦੇ ਸਟੇਸ਼ਨ ਤੇ ਵਿਦਾ ਕਰਨ ਆਇਆ ਅਤੇ ਮੈਂ ਤੇਜ਼ ਰਫਤਾਰ ਗੱਡੀ ਤੇ ਸਵਾਰ ਹੋ ਕੇ ਦਸ ਵਜੇ ਦੇ ਕਰੀਬ ਵਾਰਸਾ ਦੇ ਕੇਂਦਰੀ ਸਟੇਸ਼ਨ ਤੇ ਪਹੁੰਚ ਗਿਆ। ਮੇਰੇ ਨਾਲ ਦੀ ਸੀਟ ਤੇ ਵਾਰਸਾ ਯੂਨੀਵਰਸਿਟੀ ਦੇ ਦੋ ਵਿਦਿਆਰਥੀ ਸਫਰ ਕਰ ਰਹੇ ਸਨ। ਮੈਂ ਕਾਫੀ ਚੌਕੰਨਾ ਰਿਹਾ ਅਤੇ ਕੁਝ ਚਿਰ ਸਹਿਮਿਆ ਵੀ। ਪਿਛਲੇ ਸਾਲ ਦਿੱਲੀ ਦੇ ਭੌਤਿਕ ਵਿਗਿਆਨੀ ਕ੍ਰਿਸ਼ਨ ਲਾਲ ਨੇ ਆਪਣੀ ਵਿਥਿਆ ਸੁਣਾ ਕੇ ਮੇਰੇ ਰੌਂਗਟੇ ਖੜੇ ਕਰ ਦਿੱਤੇ। ਉਹ ਵਾਰਸਾ ਤੋਂ ਕਰਾਕੋਵ ਗੱਡੀ ਤੇ ਸਫਰ ਕਰ ਰਹੇ ਸਨ। ਯੂਨੀਵਰਸਿਟੀ ਦੇ ਸ਼ਰਾਰਤੀ ਮੁੰਡਿਆਂ ਨੇ ਘੇਰਾ ਪਾ ਲਿਆ ਤੇ ਪਾਸਪੋਰਟ ਅਤੇ ਨਕਦੀ ਖੋਹ ਕੇ ਲੈ ਗਏ। ਇਹੋ ਜਿਹੀ ਘਟਨਾ ਹੋਰਨਾਂ ਵਿਗਿਆਨੀਆਂ ਨਾਲ ਵੀ ਵਾਪਰੀ ਹੈ। ਬਲਕਿ ਮਾਰੀਆ ਲੇਬੀਕਾ ਜਦੋਂ ਪੋਲੈਂਡ ਤੋਂ ਅੰਮ੍ਰਿਤਸਸਰ ਆਉਣਾ ਸੀ ਤਾਂ ਉਸ ਨੂੰ ਗੱਡੀ ਵਿਚ ਲੁੱਟ ਲਿਆ ਗਿਆ। ਜਰਜੀ ਨੇ ਦੱਸਿਆ ਕਿ ਨੌਜਵਾਨ ਤਬਕਾ ਪੱਛਮੀ ਯੂਰਪ ਅਤੇ ਅਮਰੀਕਾ ਦੀ ਰੀਸ ਕਰਨਾ ਚਾਹੁੰਦਾ ਹੈ। ਆਰਥਿਕ ਮੰਦਵਾੜੇ ਦੀ ਹਾਲਤ ਵਿਚ ਉਨ੍ਹਾਂ ਦੀਆਂ ਉਮੰਗਾਂ ਪੂਰੀਆਂ ਨਹੀਂ ਹੋ ਰਹੀਆਂ ਅਤੇ ਉਹ ਖੋਹ ਖਿੰਝ ਕਰਨ ਲਗ ਪਏ ਹਨ। ਮੇਰੇ ਨਾਲ ਐਸੀ ਕੋਈ ਘਟਨਾ ਨਹੀਂ ਵਾਪਰੀ ਅਤੇ ਮੈਂ ਇਸ ਤਜਰਬੇ ਤੋਂ ਵਾਂਝਿਆਂ ਹੀ ਰਹਿ ਗਿਆ।

ਵਾਰਸਾ ਦੇ ਕੇਂਦਰੀ ਸਟੇਸ਼ਨ ਤੇ ਵੀ ਮੈਂ ਕਾਫੀ ਚੌਕੰਨਾ ਹੀ ਰਿਹਾ। ਸਮਾਨ ਦੀ ਰੇੜ੍ਹੀ ਹੱਥ ਵਿਚ ਹੀ ਰੱਖੀ ਅਤੇ ਲਿਫਟ ਰਾਹੀਂ ਪਲੇਟਫਾਰਮ ਤੋਂ ਪਹਿਲੀ ਮੰਜਲ ਤੇ ਪਹੁੰਚ ਗਿਆ। ਡਾਲਰਾਂ ਨੂੰ ਪੋਲੈਂਡ ਦੀ ਕਰੰਸੀ ਜਲੋਟਿਆਂ ਵਿਚ ਤਬਦੀਲ ਕਰਵਾ ਕੇ ਸੂਚਨਾ

ਕੇਂਦਰ ਤੋਂ ਹੋਟਲ ਦੀ ਪੁੱਛ ਪੜਤਾਲ ਕੀਤੀ। 1972 ਵਿਚ ਵੀ ਮੈਂ ਇਸੇ ਸਟੇਸ਼ਨ ਤੇ ਹੀ ਗੱਡੀ ਤੋਂ ਉਤਰਿਆ ਸਾਂ। ਓਦੋਂ ਪੋਲੈਂਡ ਦੇ ਕੁਝ ਵਿਦਿਆਰਥੀ ਜੋ ਪੈਰਿਸ ਪੜ੍ਹਿਆ ਕਰਦੇ ਸਨ ਮੈਨੂੰ ਝੱਟ ਪਹਿਚਾਣ ਕੇ ਆਪਣੀ ਕਾਰ ਵਿਚ ਯੂਥ ਹੋਸਟਲ ਲੈ ਗਏ ਅਤੇ ਰਿਹਾਇਸ਼ ਦਾ ਪ੍ਰਬੰਧ ਹੋ ਗਿਆ। ਹੁਣ ਤਾਂ ਸਤਾਈ ਸਾਲ ਗੁਜ਼ਰ ਚੁੱਕੇ ਸਨ ਅਤੇ ਭੀੜ ਵਿਚ ਗਵਾਚਿਆ ਮਹਿਸੂਸ ਕਰ ਰਿਹਾ ਸਾਂ। ਪੰਜਾਬ ਦੇ ਉਹ ਨੌਜਵਾਨ ਧੰਨ ਹਨ ਜੋ ਬਗੈਰ ਕਿਸੇ ਠਾਹਰ ਦੇ ਬਗਾਨੇ ਦੇਸ਼ਾਂ ਵਿਚ ਜਾ ਪਹੁੰਚਦੇ ਹਨ। ਪਤਾ ਨਹੀਂ ਉਹ ਕਿਵੇਂ ਇਹ ਮੁਸੀਬਤ ਝੱਲਣ ਲਈ ਤਿਆਰ ਹੋ ਬਹਿੰਦੇ ਹਨ। ਇਕ ਘੰਟਾ ਸਟੇਸ਼ਨ ਤੇ ਖੱਜਲ ਹੋਣ ਉਪਰੰਤ ਮੈਂ ਇਕ ਬੱਸ ਤੇ ਸਵਾਰ ਹੋ ਗਿਆ। ਮੇਰੇ ਪਾਸ ਹੋਟਲ ਦਾ ਪਤਾ ਅਤੇ ਬੱਸ ਰੂਟ ਲਿਖਿਆ ਹੋਇਆ ਸੀ। ਰਸਤੇ ਵਿਚ ਇਕ ਸਵਾਰੀ ਨੂੰ ਪੁੱਛਿਆ ਤਾਂ ਉਹ ਕਹਿਣ ਲੱਗੀ ਕਿ ਇਹ ਬੱਸ ਤਾਂ ਕਿਧਰੇ ਹੋਰ ਜਾ ਰਹੀ ਹੈ। ਮੈਂ ਪਹਿਲੇ ਸਟਾਪ ਤੇ ਹੀ ਉਤਰ ਗਿਆ ਅਤੇ ਨਕਸ਼ੇ ਦੀ ਮੱਦਦ ਨਾਲ ਪੈਦਲ ਚਲਣਾ ਸ਼ੁਰੂ ਕਰ ਦਿੱਤਾ। ਪੁੱਛਦਾ ਪੁਛਾਂਦਾ ਹੋਟਲ ਪਹੁੰਚ ਗਿਆ ਜੋ ਵਾਰਸਾ ਯੂਨੀਵਰਸਿਟੀ ਦੇ ਕੋਲ ਹੀ ਸੀ। ਰੀਸੈਪਸ਼ਨ ਤੇ ਖੜੀ ਮੁਟਿਆਰ ਕਹਿਣ ਲੱਗੀ ਕੋਈ ਕਮਰਾ ਖਾਲੀ ਨਹੀਂ ਹੈ। ਮੈਂ ਪੈਦਲ ਚੱਲਦਾ ਹੰਭ ਗਿਆ ਸਾਂ ਅਤੇ ਗਰਮੀ ਨਾਲ ਪਸੀਨਾ ਛੁੱਟ ਰਿਹਾ ਸੀ। ਮੁਟਿਆਰ ਦੇ ਮਨ ਮਿਹਰ ਪਈ ਉਸਨੇ ਇਕ ਹੋਰ ਹੋਟਲ ਤੋਂ ਮੇਰੇ ਲਈ ਕਮਰਾ ਪੁੱਛਿਆ ਜੋ ਕਿ ਬਹੁਤ ਹੀ ਮਹਿੰਗਾ ਸੀ ਅਤੇ ਯੂਨੀਵਰਸਿਟੀ ਤੋਂ ਕਾਫੀ ਦੂਰ ਸੀ। ਮੈਂ ਕਿਹਾ ਜਦੋਂ ਕਮਰਾ ਖਾਲੀ ਹੋ ਜਾਵੇ ਦੇ ਦੇਣਾ ਮੈਂ ਤਾਂ ਇਥੇ ਹੀ ਰਹਿਣਾ ਹੈ। ਮੇਰੀ ਜਿੱਦ ਵੇਖ ਕੇ ਮੁਟਿਆਰ ਨੇ ਹੋਟਲ ਮਾਲਕ ਤੋਂ ਇਜਾਜਤ ਲੈ ਕੇ ਇਕ ਰਾਖਵਾਂ ਕਮਰਾ ਮੇਰੇ ਹਵਾਲੇ ਕਰ ਦਿੱਤਾ।

ਕਿਸੇ ਠਾਹਰ ਤੋਂ ਬਗੈਰ ਬੇਗਾਨੇ ਦੇਸ਼ਾਂ ਵਿਚ ਸਫਰ ਕਰਨਾ ਜੋਖਮ ਭਰਿਆ ਕੰਮ ਹੋ ਨਿਬੜਦਾ ਹੈ। ਵੈਸੇ ਵੀ ਮੇਰੀ ਯੂਰਪ ਭਰ ਦੇ ਦੇਸ਼ਾਂ ਵਿਚ ਮਿੱਤਰਤਾ ਦਾ ਘੇਰਾ ਇੰਨਾ ਵਿਸ਼ਾਲ ਹੈ ਕਿ ਹਰ ਸ਼ਹਿਰ ਵਿਚ ਕੋਈ ਸੰਗੀ ਸਾਥੀ ਟੱਕਰ ਜਾਂਦਾ ਹੈ। ਵਾਰਸਾ ਵਿਚ ਕਈ ਵਿਗਿਆਨੀ ਮੇਰੇ ਜਾਣੂ ਸਨ ਪਰੰਤੂ ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਉਹ ਸਮੁੰਦਰ ਕਿਨਾਰੇ ਘੁੰਮਣ ਫਿਰਨ ਗਏ ਹੋਏ ਸਨ। ਹੋਟਲ ਵਿਚ ਕੁਝ ਦੇਰ ਅਰਾਮ ਕਰਕੇ ਮੈਂ ਵਾਰਸਾ ਯੂਨੀਵਰਸਿਟੀ ਦੇ ਅਹਾਤੇ ਵਿਚ ਪਹੁੰਚ ਗਿਆ। ਇਹ ਕਿਸੇ ਸਮੇਂ ਪੋਲੈਂਡ ਦੇ ਸ਼ਾਹੀ ਪ੍ਰੀਵਾਰ ਦਾ ਮਹੱਲ ਸੀ। ਯੂਨੀਵਰਸਿਟੀ ਲਾਇਬਰੇਰੀ ਇਕ ਆਲੀਸ਼ਾਨ ਇਮਾਰਤ ਵਿਚ ਕਾਇਮ ਹੈ ਅਤੇ ਇਸ ਦੀ ਪਿਛਲੀ ਕੰਧ ਨਾਲ ਵਿਸਤੂਲਾ ਦਰਿਆ ਵਹਿੰਦਾ ਹੈ। ਨਵੇਂ ਦਾਖਲੇ ਸ਼ੁਰੂ ਹੋਣ ਵਾਲੇ ਸਨ ਅਤੇ ਵਿਦਿਆਰਥੀ ਪੁੱਛ ਗਿੱਛ ਕਰ ਰਹੇ ਸਨ। ਮੈਂ ਕੈਂਪਸ ਦਾ ਚੱਕਰ ਲਗਾ ਕੇ ਵਾਰਸਾ ਸ਼ਹਿਰ ਦੀ ਸੈਰ ਕਰਨ ਨਿਕਲ ਪਿਆ। ਯੂਨੀਵਰਸਿਟੀ ਦੇ ਗੇਟ ਪਾਸ ਹੀ ਨਿਕੋਲਸ ਕਾਪਰਨੀਕਸ ਦਾ ਬੁੱਤ ਲੱਗਾ ਹੋਇਆ ਹੈ। ਇਸ ਮਹਾਨ ਵਿਗਿਆਨੀ ਨੇ ਟਾਲਮੀ ਦੇ ਸਿਧਾਂਤ ਨੂੰ ਰੱਦ ਕਰ ਦਿਤਾ ਅਤੇ ਧਰਤੀ ਦੀ ਬਜਾਏ ਸੂਰਜ ਨੂੰ ਸੋਲਰ ਸਿਸਟਮ ਦਾ ਕੇਂਦਰ ਬਿੰਦੂ ਸਥਾਪਿਤ ਕਰ ਦਿਤਾ। ਬਾਅਦ ਵਿਚ ਗੈਲੀਲੀਓ ਨੇ ਕਾਪਰਨੀਕਸ ਦੇ ਸਿਧਾਂਤ ਦੀ ਪੁਸ਼ਟੀ ਕਰ ਦਿਤੀ ਅਤੇ ਉਮਰ ਕੈਦ ਦੀ ਸਜਾ ਭੁਗਤਣੀ ਪਈ ਕਿਉਂਕਿ ਰੋਮਨ ਕੈਥੋਲਿਕ ਧਰਮ ਦੇ ਅਕੀਦੇ ਨੂੰ ਉਸ ਸੱਟ ਮਾਰੀ ਸੀ। ਕਈ ਵਿਗਿਆਨੀ ਤਾਂ ਜੀਵਨ ਦੀ ਅਹੂਤੀ ਦੇਣ ਖਾਤਰ ਮਜਬੂਰ ਹੋ ਗਏ ਕਿਉਂਕਿ ਪੋਪ ਦਾ ਬੋਲਬਾਲਾ ਯੂਰਪ ਦੇ ਬਾਦਸ਼ਾਹਾਂ ਤੋਂ ਵਧੇਰੇ ਸੀ। ਵਾਰਸਾ ਦੀ ਜਿਸ ਸੜਕ ਤੇ ਬਹੁਤੇ ਸਮਾਰਕ ਕਾਇਮ ਹਨ ਇਹ ਸ਼ਾਹੀ ਮਾਰਗ ਹੋਇਆ ਕਰਦਾ ਸੀ। ਇਸ ਉਪਰ ਕਈ ਉਘੇ ਮਹੱਲ, ਬਾਦਸ਼ਾਹਾਂ ਅਤੇ ਜਰਨੈਲਾਂ ਦੇ ਬੁੱਤ ਅਤੇ ਸ਼ਹਿਰ ਦੇ ਇਤਿਹਾਸਕ ਗਿਰਜਾ ਘਰ ਸਥਿਤ ਹਨ। ਪੁਰਾਣੇ ਸ਼ਹਿਰ ਨੂੰ ਦਸ ਕਿਲੋਮੀਟਰ ਬਾਹਰ ਉਸਾਰੇ ਸ਼ਾਹੀ ਮਹੱਲ 'ਵਿਲਾਨੋਵਾ' ਨਾਲ ਇਹ ਸ਼ਾਹੀ ਮਾਰਗ ਹੀ ਜੋੜਦਾ ਹੈ।

ਵਾਰਸਾ ਦਾ ਪੁਰਾਣਾ ਸ਼ਹਿਰ ਯਾਤਰੀਆਂ ਦੀ ਖਿੱਚ ਦਾ ਕਾਰਨ ਹੈ। ਬਹੁਤ ਸਾਰਾ ਤਾਂ ਵਿਸ਼ਵ ਯੁੱਧ ਵਿਚ ਤਬਾਹ ਹੋ ਗਿਆ ਸੀ। ਬਾਹਰਲੀ ਚਾਰਦੀਵਾਰੀ ਦੇ ਖੰਡਰ ਅਜੇ ਵੀ ਕਾਇਮ ਹਨ। ਪੁਰਾਣੇ ਸ਼ਹਿਰ ਦੀਆਂ ਇਮਾਰਤਾਂ ਨੂੰ ਉਸੇ ਡੀਜ਼ਾਈਨ ਵਿਚ ਉਸਾਰਿਆ ਗਿਆ ਹੈ। 1611 ਈਸਵੀ ਵਿਚ ਪੋਲੈਂਡ ਦੀ ਰਾਜਧਾਨੀ ਕਰਾਕੋਵ ਤੋਂ ਵਾਰਸਾ ਲਿਆਂਦੀ ਗਈ ਜਿਸ ਕਰਕੇ ਬਾਦਸ਼ਾਹ ਸਿਗਸਮੁੰਡਸ ਤੀਜੇ ਨੇ ਆਪਣੇ ਲਈ ਨਵਾਂ ਮਹੱਲ ਤਾਮੀਰ ਕਰਵਾਇਆ। ਇਸ ਅੰਦਰ ਹੁਣ ਅਜਾਇਬਘਰ ਹੈ। ਪੋਲੈਂਡ ਦੇ ਇਤਿਹਾਸ ਦੀ ਝਾਕੀ ਇਸ ਵਿਚੋਂ ਲੱਭਦੀ ਹੈ ਜਿਸ ਕਰਕੇ ਮੈਂ ਤਿੰਨ ਘੰਟੇ ਇਸ ਦੀ ਛਾਣਬੀਣ ਕੀਤੀ। ਮਹੱਲ ਵਿਚ ਪੇਂਟਿੰਗ ਗੈਲਰੀ, ਸ਼ਾਹੀ ਵਸਤਰ, ਸ਼ਸਤਰ ਅਤੇ ਸ਼ੀਸ਼ ਮਹੱਲ ਵੇਖਣ ਯੋਗ ਹਨ। ਮੈਂ ਹੈਰਾਨ ਸੀ ਕਿ ਇਸ ਅਜਾਇਬਘਰ ਵਿਚ ਚੰਗੀ ਰੋਸ਼ਨੀ ਅਤੇ ਗਾਈਡ ਦਾ ਕੋਈ ਪ੍ਰਬੰਧ ਨਹੀਂ ਸੀ ਅਤੇ ਪੂਰੀ ਜਾਣਕਾਰੀ ਅੰਗਰੇਜ਼ੀ ਵਿਚ ਨਹੀਂ ਸੀ ਦਿੱਤੀ ਹੋਈ। ਸ਼ਾਹੀ ਮਹੱਲ ਦੇ ਸਾਹਮਣੇ ਬਾਦਸ਼ਾਹ ਸਿਗਸਮੁੰਡਸ ਤੀਜੇ ਦਾ ਬੁੱਤ ਇਕ ਉਚੀ ਲਾਠ ਉਪਰ ਕਾਇਮ ਹੈ। ਬਾਦਸ਼ਾਹ ਦੇ ਇੱਕ ਹੱਥ ਵਿਚ ਤਲਵਾਰ ਅਤੇ ਦੂਜੇ ਵਿਚ ਈਸਾਈ ਧਰਮ ਦਾ ਚਿੰਨ੍ਹ ਸਲੀਬ (ਕਰਾਸ) ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਉਹ ਧਰਮ ਰੱਖਿਅਕ ਵੀ ਹੋਇਆ ਕਰਦਾ ਸੀ। ਪੁਰਾਣੇ ਸ਼ਹਿਰ ਦੇ ਬਜਾਰਾਂ ਅਤੇ ਗਲੀਆਂ ਵਿਚ ਘੁੰਮ ਕੇ ਇਉਂ ਲੱਗਿਆ ਕਿ ਪੰਜ ਸੌ ਸਾਲ ਪੁਰਾਣਾ ਪੋਲੈਂਡ ਵੇਖ ਲਿਆ ਹੈ। ਨਵੇਂ ਅਤੇ ਪੁਰਾਣੇ ਵਾਰਸਾ ਸ਼ਹਿਰ ਵਿਚ ਉਨਾ ਹੀ ਫਰਕ ਹੈ ਜਿੰਨਾ ਪੁਰਾਣੀ ਅਤੇ ਨਵੀਂ ਦਿੱਲੀ ਵਿਚ। ਯੂਰਪ ਦੇ ਹਰ ਦੇਸ ਵਿਚ ਪੁਰਾਣੀਆਂ ਇਮਾਰਤਾਂ ਨੂੰ ਉਸੇ ਰੂਪ ਵਿਚ ਸਾਂਭਿਆ ਗਿਆ ਹੈ ਤਾਂ ਕਿ ਇਨ੍ਹਾਂ ਦੀ ਇਤਿਹਾਸਿਕ ਮਹੱਤਤਾ ਕਾਇਮ ਰੱਖੀ ਜਾਵੇ। ਜੇਕਰ ਸਾਡੇ ਕਾਰਸੇਵਾ ਵਾਲਿਆਂ ਦੇ ਹੱਥ ਲਗ ਜਾਵੇ ਤਾਂ ਸਾਰੇ ਗਿਰਜਾਘਰ ਤਬਾਹ ਕਰ ਦੇਣਗੇ ਜਿਵੇਂ ਕਿ ਸਾਡੇ ਧਾਰਮਿਕ ਅਸਥਾਨਾਂ ਦੀ ਦੁਰਗਤੀ ਹੋਈ ਹੈ।

ਪੁਰਾਣੇ ਵਾਰਸਾ ਤੋਂ ਮੈਂ ਸਿੱਧਾ ਸ਼ਾਹੀ ਮਾਰਗ ਦੇ ਰੂਟ ਤੇ ਜਾ ਰਹੀ ਬੱਸ ਤੇ ਸਵਾਰ ਹੋ ਕੇ ਵਿਲਾਨੋਵਾ ਪਹੁੰਚ ਗਿਆ। ਇਹ ਫਰਾਂਸ ਦੇ ਸ਼ਾਹੀ ਮਹੱਲ ਵਾਰਸੇਲਜ਼ ਵਾਂਗ ਹੀ ਤਾਮੀਰ ਕੀਤਾ ਗਿਆ ਸੀ। ਮਹੱਲ ਦੇ ਬਾਹਰ ਕਈ ਏਕੜ ਵਿਚ ਬਾਗ ਹੈ ਅਤੇ ਪਿਛਲੇ ਪਾਸੇ ਸਵੱਛ ਪਾਣੀ ਦੀ ਝੀਲ ਹੈ ਜੋ ਪੁਲ ਰਾਹੀਂ ਮਹੱਲ ਨਾਲ ਜੁੜੀ ਹੋਈ ਹੈ। ਇਹ ਪਟਿਆਲੇ ਦੇ ਮੋਤੀਬਾਗ ਦਾ ਨਜ਼ਾਰਾ ਪੇਸ਼ ਕਰਦਾ ਹੈ ਜੋ ਕਿਸੇ ਸਮੇਂ ਪੰਜਾਬ ਅਤੇ ਭਾਰਤ ਦਾ ਸਭ ਤੋਂ ਸੁੰਦਰ ਮਹੱਲ ਹੋਇਆ ਕਰਦਾ ਸੀ। ਅਫਸੋਸ ਹੈ ਕਿ ਹੁਣ ਇਹ ਭਲਵਾਨਾਂ ਦਾ ਅਖਾੜਾ ਬਣ ਚੁੱਕਾ ਹੈ ਅਤੇ ਭਾਰਤ ਸਰਕਾਰ ਦੇ ਖੇਡ ਵਿਭਾਗ ਨੇ ਇਸਦੀ ਸਾਂਭ ਸੰਭਾਲ ਵਿਚ ਅਜਿਹੀ ਕੁਤਾਹੀ ਵਰਤੀ ਹੈ ਕਿ ਇਸ ਮਹੱਲ ਦੇ ਖੰਡਰ ਬਣ ਜਾਣ ਵਿਚ ਜਿਆਦਾ ਸਮਾਂ ਨਹੀਂ ਲਗੇਗਾ। ਵਿਲਾਨੋਵਾ 1677 ਈਸਵੀ ਵਿਚ ਬਣਨਾ ਸ਼ੁਰੂ ਹੋਇਆ ਅਤੇ ਇਟਲੀ ਦੇ ਕਾਰੀਗਰਾਂ ਨੇ ਇਸਦੀ ਰੂਪਰੇਖਾ ਤਿਆਰ ਕੀਤੀ। ਬਾਦਸ਼ਾਹ ਜਾਨ ਤੀਜੇ ਨੇ ਤੁਰਕਾਂ ਉਪਰ ਫਤਹਿ ਹਾਸਲ ਕਰਕੇ ਇਸ ਮਹੱਲ ਦੀ ਸ਼ਾਨੋ ਸ਼ੌਕਤ ਵਿਚ ਢੇਰ ਸਾਰਾ ਵਾਧਾ ਕੀਤਾ। ਮਹੱਲ ਦੇ ਬਾਹਰ ਅਤੇ ਅੰਦਰ ਇਤਾਲੀਅਨ ਕਾਰੀਗਰਾਂ ਦੀ ਸ਼ਿਲਪਕਾਰੀ ਅਤੇ ਬੁਤ ਤਰਾਸ਼ੀ ਦੇ ਹੁਨਰ ਦੀ ਪੇਸ਼ਕਾਰੀ ਉਜਾਗਰ ਹੁੰਦੀ ਹੈ। ਰਾਣੀਆਂ ਦੇ ਕਮਰੇ ਚਿਤਰਕਾਰੀ ਨਾਲ ਸਜਾਏ ਗਏ ਹਨ। ਜਾਨ ਤੀਜੇ ਦੀ ਮਲਕਾ ਮਾਰੀਆ ਕੈਜ਼ੀਮੀਰਾ ਦੀ ਸੁੰਦਰਤਾ ਅਤੇ ਸੁਹਿਰਦਤਾ ਵੀਨਸ ਦੇਵੀ ਦੇ ਚਿਤਰ ਰਾਹੀਂ ਦਰਸਾਈ ਗਈ ਹੈ। ਉਹ ਪੋਲੈਂਡ ਦੀ ਮਲਕਾ ਬਣ ਕੇ ਰਾਜ ਵੀ ਕਰਦੀ ਰਹੀ। ਇਹ ਮਹੱਲ ਕਈ ਵਾਰ ਖਰੀਦੋ ਫਰੋਖਤ ਦਾ ਸ਼ਿਕਾਰ ਵੀ ਹੋਇਆ। ਜਦੋਂ ਬਾਦਸ਼ਾਹ ਕਮਜੋਰ ਹੋ ਗਏ ਤਾਂ ਇਕ ਜਰਨੈਲ ਨੇ ਇਸ ਨੂੰ ਖਰੀਦ ਲਿਆ। ਜਰਮਨ ਫੌਜ ਨੇ ਇਸ ਤੇ ਕਬਜਾ ਕਰਕੇ ਫੌਜੀ ਛਾਉਣੀ ਬਣਾ ਲਈ ਅਤੇ ਇਸ ਦੀਆਂ ਕੀਮਤੀ ਵਸਤਾਂ ਨੂੰ ਲੁੱਟ ਲਿਆ। ਪੋਲੈਂਡ ਦੀ ਸਰਕਾਰ ਨੇ ਲੁੱਟੀਆਂ ਦੁਰਲੱਭ ਵਸਤਾਂ ਮੁੜ ਪ੍ਰਾਪਤ ਕਰਕੇ ਇਸ ਵਿਚ ਅਜਾਇਬ ਘਰ ਬਣਾ ਦਿੱਤਾ ਹੈ। ਮੇਰੇ ਪਹੁੰਚਣ ਤੱਕ ਮਹੱਲ ਦੀਆਂ ਕਈ ਆਰਟ ਗੈਲਰੀਆਂ ਬੰਦ ਹੋ ਚੁੱਕੀਆਂ ਸਨ। ਮੈਂ ਇਸ ਦੇ ਬਾਗ ਅਤੇ ਅਹਾਤੇ ਦਾ ਚੱਕਰ ਲਗਾਇਆ ਅਤੇ ਸੂਰਜ ਦੇ ਅਸਤ ਹੋਣ ਤਕ ਇਸ ਦੀ ਝੀਲ ਕਿਨਾਰੇ ਡੁੱਬਦੇ ਸੂਰਜ ਦਾ ਨਜ਼ਾਰਾ ਤਕਿਆ। ਯੂਰਪ ਦੇ ਸ਼ਾਹੀ ਮਹੱਲ ਸਾਂਭ ਸੰਭਾਲ ਕਰਕੇ ਬਚੇ ਹੋਏ ਹਨ, ਪਰੰਤੂ ਭਾਰਤ ਸਰਕਾਰ ਨੇ ਆਪਣੇ ਵਿਰਸੇ ਨੂੰ ਸੰਭਾਲਣ ਦਾ ਚੰਗਾ ਉਪਰਾਲਾ ਨਹੀਂ ਕੀਤਾ। ਰਾਜਸਥਾਨ ਦੇ ਮਹੱਲ ਹੀ ਸਾਂਭ ਲਏ ਜਾਣ ਤਾਂ ਗਨੀਮਤ ਹੋਵੇਗੀ ਕਿਉਂਕਿ ਸੈਲਾਨੀਆਂ ਨੂੰ ਆਕਰਸ਼ਤ ਕਰਦੇ ਹਨ।

ਰਾਤ ਪੈ ਰਹੀ ਸੀ। ਸ਼ਾਹੀ ਮਾਰਗ ਤੇ ਬੱਤੀਆਂ ਦੀ ਰੋਸ਼ਨੀ ਅੱਖਾਂ ਨੂੰ ਚੁੰਧਿਆ ਰਹੀ ਸੀ। ਭਾਵੇਂ ਵਾਰਸਾ ਵਿਚ ਮੇਰਾ ਬਸੇਰਾ ਇਕ ਦਿਨ ਅਤੇ ਰਾਤ ਦਾ ਹੀ ਸੀ। ਪਰ ਮੈਂ ਸਤਾਈ ਸਾਲ ਪਹਿਲਾਂ ਤੱਕੇ ਇਸ ਸ਼ਹਿਰ ਨੂੰ ਮੁੜ ਚੰਗੀ ਤਰ੍ਹਾਂ ਨਿਹਾਰ ਰਿਹਾ ਸਾਂ। ਸ਼ਹਿਰ ਦੇ ਕੇਂਦਰ ਵਿਚ ਰੂਸੀ ਕਮਿਊਨਿਸਟ ਸਰਕਾਰ ਦਾ ਉਸਾਰਿਆ 'ਸਭਿਆਚਾਰ ਅਤੇ ਵਿਗਿਆਨ ਦਾ ਕੇਂਦਰ' ਅਜੇ ਵੀ ਰੁਸ਼ਨਾਇਆ ਹੋਣ ਕਰਕੇ ਦੂਰੋਂ ਹੀ ਲੱਭ ਰਿਹਾ ਸੀ, ਭਾਵੇਂ ਪੋਲੈਂਡ ਦੇ ਵਾਸੀਆਂ ਨੇ ਆਪਣੇ ਦੇਸ਼ ਵਿਚੋਂ ਕਮਿਊਨਿਜ਼ਮ ਦੇ ਨਿਜ਼ਾਮ ਨੂੰ ਖਤਮ ਕਰ ਦਿੱਤਾ ਹੈ ਅਤੇ ਇਸਦੇ ਫਿਲਸਫੇ ਦਾ ਮਰਸੀਆ ਪੜ੍ਹ ਛੱਡਿਆ ਹੈ।

~~~

## ਰੂਸ ਦੀ ਦੂਜੀ ਫੇਰੀ

ਜਦੋਂ 1991 ਵਿਚ ਮੈਂ ਯੂਗੋਸਲਾਵੀਆ ਜਾਂਦਾ ਹੋਇਆ ਮਾਸਕੋ ਵਿਚ ਇਕ ਰਾਤ ਲਈ ਠਹਿਰਿਆ ਸਾਂ ਤਾਂ ਰੂਸ ਵਿਚ ਗਰਬਾਚੋਵ ਦਾ ਰਾਜ ਸਿੰਘਾਸਨ ਡੋਲ ਰਿਹਾ ਸੀ ਅਤੇ ਉਸ ਦਾ ਵਿਰੋਧੀ ਯੈਲਸਿਨ ਹਾਵੀ ਹੋ ਗਿਆ ਸੀ। ਰੂਸੀ ਲੋਕ ਗਰਬਾਚੋਵ ਤੋਂ ਮੂੰਹ ਮੋੜਨ ਲਗ ਪਏ ਸਨ। ਆਰਥਿਕ ਹਾਲਤ ਨਿਘਰ ਚੁੱਕੀ ਸੀ ਅਤੇ ਅਸ਼ਾਂਤੀ ਦਾ ਮਾਹੌਲ ਬਣਿਆ ਹੋਇਆ ਸੀ। ਮੇਰੇ ਪਾਸ ਚਾਰ ਘੰਟੇ ਦਾ ਸਮਾਂ ਸੀ ਅਤੇ ਸਾਡੇ ਪਹਿਲੇ ਉਪ-ਕੁਲਪਤੀ ਸਮੁੰਦਰੀ ਸਾਹਿਬ ਦੇ ਛੋਟੇ ਪੁੱਤਰ ਨੇ ਮੇਰੀ ਆਉ-ਭਗਤ ਵੀ ਕੀਤੀ ਅਤੇ ਮਾਸਕੋ ਦੇ ਕਈ ਮਹਾਨ ਸਮਾਰਕ ਵੀ ਵਿਖਾਏ। ਉਹ ਮਾਸਕੋ ਦੇ ਭਾਰਤੀ ਸਿਫਾਰਤਖਾਨੇ ਵਿਚ ਬਤੌਰ ਸੈਕਟਰੀ ਦੇ ਕੰਮ ਕਰ ਰਹੇ ਸਨ। ਵਿਦੇਸ਼ੀ ਯਾਤਰੀਆਂ ਉਪਰ ਸਖਤ ਪਾਬੰਦੀ ਸੀ ਕਿ ਉਹ ਮਾਸਕੋ ਦੇ ਕਿਸੇ ਹੋਟਲ ਵਿਚ ਹੀ ਠਹਿਰ ਸਕਦੇ ਸਨ, ਪਰੰਤੂ ਮੈਨੂੰ ਉਹ ਏਅਰਪੋਰਟ ਤੋਂ ਆਪਣੇ ਘਰ ਲੈ ਗਏ ਅਤੇ ਭਾਰਤੀ ਡਿਪਲੋਮੈਟ ਹੋਣ ਦੇ ਨਾਤੇ ਕਈ ਬੰਧਨਾਂ ਤੋਂ ਛੁਟਕਾਰਾ ਮਿਲ ਗਿਆ। ਸਮੇਂ ਦੀ ਥੋੜ ਕਾਰਨ ਅਸੀਂ ਕਰੈਮਲਿਨ ਦਾ ਰੈਡ ਸਕੇਅਰ ਬਾਹਰੋਂ ਹੀ ਵੇਖਿਆ ਅਤੇ ਮਾਸਕੋ ਸਟੇਟ ਯੂਨੀਵਰਸਿਟੀ ਦਾ ਗੇੜਾ ਕਾਰ ਵਿਚ ਹੀ ਲਾ ਕੇ ਮੁੜ ਆਏ।

7 ਸਤੰਬਰ 1999 ਨੂੰ ਜਦੋਂ ਮੇਰਾ ਜਹਾਜ ਮਾਸਕੋ ਦੇ ਏਅਰਪੋਰਟ ਤੇ ਉਤਰਿਆ ਤਾਂ ਮੇਰੀ ਆਉ-ਭਗਤ ਵਿਚ ਮੇਰੇ ਰੂਸੀ ਵਿਗਿਆਨੀ ਮਿੱਤਰ ਵਲੈਡੀਮੀਰ ਡਿਟਲੋਵ, ਅਲੈਕਸੀਵ ਅਤੇ ਮਿਖੈਲੋਵ ਹਾਜਰ ਸਨ। ਡਿਟਲੋਵ ਤਾਂ ਮੇਰੇ ਪਾਸ ਅੰਮ੍ਰਿਤਸਰ ਵੀ ਆ ਚੁੱਕਾ ਸੀ ਅਤੇ ਅਲੈਕਸੀਵ ਦੋ ਵਾਰ ਕਾਨਫਰੰਸਾਂ ਵਿਚ ਮਿਲਿਆ ਸੀ ਅਤੇ ਮੇਰਾ ਮਿੱਤਰ ਬਣ ਗਿਆ ਸੀ। ਇਸ ਵਾਰ ਮੈਂ ਉਸਦੇ
~~~

ਸੱਦੇ ਉਪਰ ਹੀ ਮਾਸਕੋ ਰੁਕਿਆ ਸਾਂ। ਇਨ੍ਹਾਂ ਰੂਸੀ ਵਿਗਿਆਨੀਆਂ ਨੇ ਮੇਰੀ ਖੋਜ ਦੀ ਪ੍ਰੋੜਤਾ ਕੀਤੀ ਸੀ ਅਤੇ ਮੈਨੂੰ ਮਾਸਕੋ ਸਟੇਟ ਯੂਨੀਵਰਸਿਟੀ ਵਿਚ ਖੋਜ ਬਾਰੇ ਭਾਸ਼ਣ ਦੇਣ ਲਈ ਬੁਲਾਇਆ ਸੀ। ਤਿੰਨ ਵਜੇ ਦੇ ਕਰੀਬ ਅਸੀਂ ਏਅਰਪੋਰਟ ਤੋਂ ਮਾਸਕੋ ਯੂਨੀਵਰਸਿਟੀ ਵੱਲ ਰਵਾਨਾ ਹੋ ਪਏ। ਸਰਕਾਰੀ ਕਾਰ ਦੀ ਖਸਤਾ ਹਾਲਤ ਵੇਖ ਕੇ ਰੂਸ ਦੇ ਆਰਥਿਕ ਮੰਦਵਾੜੇ ਦਾ ਅੰਦਾਜਾ ਲਾਉਣਾ ਸੌਖਾ ਹੋ ਗਿਆ। ਇਹ ਸਾਡੀ ਟੈਕਸੀ ਤੋਂ ਵੀ ਮਾੜੀ ਹਾਲਤ ਵਿਚ ਸੀ। ਦੋ ਘੰਟੇ ਦੇ ਸਫਰ ਤੋਂ ਬਾਅਦ ਅਸੀਂ ਮਾਸਕੋ ਯੂਨੀਵਰਸਿਟੀ ਦੇ ਗੇਟ ਉਪਰ ਪਹੁੰਚ ਗਏ। ਮਾਸਕੋ ਸ਼ਹਿਰ ਦੀਆਂ ਸੜਕਾਂ ਚੌੜੀਆਂ ਹਨ ਅਤੇ ਚਾਰ ਚਾਰ ਕਾਰਾਂ ਦੋਵੇਂ ਪਾਸੀਂ ਲੰਘਦੀਆਂ ਹਨ। ਮਾਸਕਵਾ ਦਰਿਆ ਇਸ ਦੇ ਵਿਚਕਾਰੋਂ ਲੰਘਦਾ ਹੈ ਅਤੇ ਮਾਸਕੋ ਸਟੇਟ ਯੂਨੀਵਰਸਿਟੀ ਸ਼ਹਿਰੋਂ ਬਾਹਰ ਇਸ ਦੇ ਕਿਨਾਰੇ ਹੀ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਸਟਾਲਿਨ ਨੇ ਦਸ ਸਾਲਾਂ ਵਿਚ ਸਰਕਾਰੀ ਕੈਦੀਆਂ ਨੂੰ ਵਰਤ ਕੇ ਇਸ ਦਾ ਢਾਂਚਾ ਤਿਆਰ ਕੀਤਾ ਸੀ। ਇਸ ਦੀ ਆਲੀਸ਼ਾਨ ਇਮਾਰਤ ਪੱਥਰ ਦੀ ਬਣੀ ਹੋਈ ਹੈ ਅਤੇ ਇਸ ਦੇ ਕੇਂਦਰ ਵਿਚ ਕਮਿਊਨਿਸਟ ਰਾਜ ਦਾ ਪ੍ਰਤੀਕ ਮਿਨਾਰਾ ਹੈ, ਜਿਸ ਉਪਰ ਤਾਰਾਨੁਮਾ ਸ਼ਕਲ ਦਾ ਚਿੰਨ੍ਹ ਹੈ। ਮਾਸਕੋ ਵਿਚ ਇਸ ਕਿਸਮ ਦੇ ਹੋਰ ਛੇ ਸਮਾਰਕ ਹਨ ਜੋ ਲੈਨਿਨ-ਸਟਾਲਿਨ ਦੀ ਚੜ੍ਹਤ ਦੇ ਪ੍ਰਤੀਕ ਹਨ। ਸਟਾਲਿਨ ਨੇ ਤਾਂ ਰੂਸੀਆਂ ਉਪਰ ਬਹੁਤ ਹੀ ਜੁਲਮ ਢਾਹੇ ਸਨ ਅਤੇ ਹਰ ਚੌਥਾ ਰੂਸੀ ਸ਼ਹਿਰੀ ਜੇਲ੍ਹ ਵਿਚ ਡੱਕਿਆ ਹੋਇਆ ਸੀ। ਲੋਕੀਂ ਖੁਫੀਆ ਪੁਲਿਸ ਕੇ.ਜੀ.ਬੀ. ਤੋਂ ਤਰਹਿੰਦੇ ਸਨ, ਕਿਉਂਕਿ ਇਹ ਪੰਜਾਬ ਪੁਲਿਸ ਵਾਂਗ ਝੂਠੇ ਮੁਕੱਦਮੇ ਬਣਾ ਕੇ ਕਈ ਸਾਲ ਤੱਕ ਜੇਲ ਵਿਚ ਡੱਕ ਦਿੰਦੀ ਸੀ। ਇਹਨਾਂ ਕੈਦੀਆਂ ਨੂੰ ਸਾਇਬੇਰੀਆ ਭੇਜ ਦਿੱਤਾ ਜਾਂਦਾ ਅਤੇ ਬੇਗਾਰ ਰਾਹੀਂ ਸਖਤ ਮੁਸ਼ੱਕਤ ਦਾ ਕੰਮ ਲਿਆ ਜਾਂਦਾ। ਕਈ ਹਜ਼ਾਰ ਕਿਲੋਮੀਟਰ ਲੰਬਾਈ ਦੀ ਸਾਇਬੇਰੀਅਨ ਰੇਲ ਲਾਈਨ ਇਨ੍ਹਾਂ ਹੀ ਤਿਆਰ ਕੀਤੀ ਅਤੇ ਹੋਰ ਸਰਕਾਰੀ ਭਵਨ ਵੀ ਉਸਾਰੇ ਗਏ। ਇਹ ਯੂਨੀਵਰਸਿਟੀ ਕੈਦੀਆਂ ਦੇ ਖ਼ੂਨ ਪਸੀਨੇ ਤੋਂ ਤਿਆਰ ਹੋਈ ਅਤੇ ਇਸ ਦੀ ਇਮਾਰਤ ਵੀਹ ਮੰਜਿਲ ਉੱਚੀ, ਮਾਸਕੋ ਸ਼ਹਿਰ ਦਾ ਨਜ਼ਾਰਾ ਪੇਸ਼ ਕਰਦੀ ਹੈ।

ਮੇਰਾ ਕਮਰਾ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਰਾਖਵਾਂ ਸੀ। ਆਪਣਾ ਸਮਾਨ ਟਿਕਾ ਕੇ ਅਸੀਂ ਸਾਰੇ ਸਾਥੀ ਰੈਸਤੋਰਾਂ ਵਿਚ ਡਿਨਰ ਲਈ ਚਲੇ ਗਏ। ਇਥੇ ਰਾਤ ਦਾ ਖਾਣਾ ਛੇ ਵਜੇ ਹੀ ਖਾ ਲੈਂਦੇ ਹਨ। ਅਜੇ ਸੂਰਜ ਤੇਜ ਚਮਕ ਰਿਹਾ ਸੀ ਅਤੇ ਅਸੀਂ ਖਾਣੇ ਦੀ ਮੇਜ ਉਪਰ ਬੈਠੇ ਸਾਂ। ਅਲੈਕਸੀਵ ਨੇ ਮੇਰੇ ਲਈ ਸ਼ਾਕਾਹਾਰੀ ਭੋਜਨ ਪਰੋਸ ਲਿਆਂਦਾ। ਰੂਸ ਵਿਚ ਆਲੂ ਅਤੇ ਚੌਲ ਮਿਲ ਜਾਂਦੇ ਹਨ, ਪਰੰਤੂ ਚੌਲਾਂ ਵਿਚ ਗੋਸ਼ਤ ਮਿਲਿਆ ਹੁੰਦਾ ਹੈ। ਰੂਸੀ ਮੁਟਿਆਰ ਨੇ ਬਥੇਰੀ ਕੋਸ਼ਿਸ਼ ਕੀਤੀ ਕਿ ਮੀਟ ਦੇ ਟੁਕੜੇ ਕੱਢ ਲਵੇ ਪਰੰਤੂ ਫਿਰ ਵੀ ਨਜ਼ਰ ਆ ਰਹੇ ਸਨ। ਖਾਣਾ ਖਾਣ ਉਪਰੰਤ ਮੇਰੇ ਲਈ ਦੁੱਧ, ਦਹੀਂ ਅਤੇ ਹੋਰ ਲੋੜੀਂਦਾ ਸਮਾਨ ਖਰੀਦਿਆ ਗਿਆ ਤਾਂ ਕਿ ਮੈਂ ਆਪਣਾ ਨਾਸ਼ਤਾ ਕਮਰੇ ਵਿਚ ਹੀ ਤਿਆਰ ਕਰ ਸਕਾਂ। ਮੇਰੇ ਸਾਥੀ ਵਿਦਾਇਗੀ ਲੈ ਕੇ ਬਾਹਰ ਨਿਕਲ ਰਹੇ ਸਨ, ਮੈਂ ਵੀ ਸੈਰ ਕਰਨ ਦੇ ਬਹਾਨੇ ਨਾਲ ਚਲਾ ਗਿਆ। ਯੂਨੀਵਰਸਿਟੀ ਦੇ ਸਾਹਮਣੇ ਬਹੁਤ ਖੁੱਲ੍ਹਾ ਮੈਦਾਨ ਹੈ ਜਿਸ ਵਿਚ ਫੁਹਾਰੇ ਬੰਦ ਪਏ ਸਨ। ਕੁਝ ਸਾਲ ਪਹਿਲਾਂ ਜਦੋਂ ਮਾਸਕੋ ਆਇਆ ਸਾਂ ਤਾਂ ਰੰਗ ਬਰੰਗੀਆਂ ਰੋਸ਼ਨੀਆਂ ਵਿਚ ਫੁਹਾਰੇ ਚੱਲਦੇ ਚੰਗਾ ਨਜ਼ਾਰਾ ਪੇਸ਼ ਕਰ ਰਹੇ ਸਨ ਪਰੰਤੂ ਹੁਣ ਤਾਂ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋ ਕੇ ਬੰਦ ਪਏ ਸਨ। ਖੁੱਲ੍ਹੇ ਮੈਦਾਨ ਦੇ ਸਿਰੇ ਤੇ ਕਾਫੀ ਡੂੰਘਾ ਮਾਸਕਵਾ ਦਰਿਆ ਵਹਿੰਦਾ ਹੈ ਅਤੇ ਇਸ ਜਗ੍ਹਾ ਤੋਂ ਸੈਲਾਨੀ ਮਾਸਕੋ ਸ਼ਹਿਰ ਦਾ ਨਜ਼ਾਰਾ ਵੇਖਣ ਰਾਤ ਸਮੇਂ ਆ ਪਧਾਰਦੇ ਹਨ।

ਅੱਠ ਸਤੰਬਰ ਨੂੰ ਸਵੇਰੇ ਮਿਖਾਲੋਵ ਮੇਰੇ ਕਮਰੇ ਵਿਚ ਆ ਗਿਆ ਅਤੇ ਅਸੀਂ ਕਾਰ ਵਿਚ ਸਵਾਰ ਹੋ ਕੇ ਮਾਸਕੋ ਤੋਂ ਚਾਲੀ ਕਿਲੋਮੀਟਰ ਬਾਹਰ ਵਿਗਿਆਨਕ ਸ਼ਹਿਰ ਟਰਾਇਟਸਕ (Troitsk) ਪਹੁੰਚ ਗਏ। ਮਾਸਕੋ ਵਿਚ ਜਗ੍ਹਾ ਦੀ ਕਮੀ ਕਾਰਨ ਟਰਾਇਟਸਕ ਵਿਚ ਰੂਸ ਦੇ ਕਈ ਖੋਜ ਕੇਂਦਰ ਕਾਇਮ ਕੀਤੇ ਗਏ ਹਨ। ਮੇਰਾ ਭਾਸ਼ਨ ਇਥੇ ਵੀ ਰੱਖਿਆ ਗਿਆ। ਮੇਰੇ ਲਈ ਇਕ ਦੋ-ਭਾਸ਼ੀਆ ਮੱਦਦ ਕਰ ਰਿਹਾ ਸੀ, ਉਹ ਰੂਸੀ ਸਰੋਤਿਆਂ ਨੂੰ ਅੰਗਰੇਜ਼ੀ ਤੋਂ ਰੂਸੀ ਜ਼ਬਾਨ ਵਿਚ ਅਨੁਵਾਦ ਕਰਕੇ ਸਮਝਾ ਰਿਹਾ ਸੀ। ਮਿਖਾਲੋਵ ਅਤੇ ਅਲੈਕਸੀਵ ਦੀਆਂ ਘਰਵਾਲੀਆਂ ਵੀ ਵਿਗਿਆਨੀ ਹਨ ਅਤੇ ਅੰਗਰੇਜ਼ੀ ਸਮਝ ਲੈਂਦੀਆਂ ਹਨ। ਦਫਤਰ ਦੀਆਂ ਕਲਰਕ ਕੁੜੀਆਂ ਵੀ ਅੰਗਰੇਜ਼ੀ ‘ਚ ਮੁਹਾਰਤ ਰੱਖਦੀਆਂ ਹਨ ਪਰੰਤੂ ਆਮ ਲੋਕਾਂ ਵਿਚ ਗੱਲਬਾਤ ਕਰਨ ਲਈ ਅੰਗਰੇਜ਼ੀ ਬਿਲਕੁਲ ਸਹਾਈ ਨਹੀਂ ਹੁੰਦੀ। ਮੈਨੂੰ ਰੂਸੀ ਪੜ੍ਹਨੀ ਆਉਂਦੀ ਹੈ ਅਤੇ ਗੁਜਾਰੇ ਜੋਗੀ ਬੋਲ ਕੇ ਕੰਮ ਟਪਾ ਲੈਂਦਾ ਸਾਂ ਵਰਨਾ ਭਾਸ਼ਾ ਬਗੈਰ ਤਾਂ ਬੰਦਾ ਬੌਂਦਲ ਹੀ ਜਾਂਦਾ ਹੈ। ਦੁਪਹਿਰ ਦਾ ਖਾਣਾ ਇਸ ਸ਼ਹਿਰ ਦੇ ਇਕ ਰੈਸਤੋਰਾਂ ਵਿਚ ਵਰਜਿਆ ਗਿਆ ਸੀ। ਖੋਜ ਸੰਸਥਾ ਦੇ ਵਿਗਿਆਨੀ ਬਹੁਤ ਹੀ ਘੱਟ ਤਨਖਾਹ ਉਪਰ ਕੰਮ ਕਰ ਰਹੇ ਹਨ। ਇਕ ਪ੍ਰੋਫੈਸਰ ਦੀ ਤਨਖਾਹ ਸੌ ਡਾਲਰ ਅਰਥਾਤ ਪੰਜ ਹਜਾਰ ਰੁਪਏ ਬਰਾਬਰ ਹੈ। ਰੂਬਲ ਦੀ ਕੀਮਤ ਡਾਲਰ ਦੇ ਮੁਕਾਬਲੇ ਤੇਜੀ ਨਾਲ ਡਿੱਗ ਰਹੀ ਹੈ, ਜਿਸ ਕਰਕੇ ਰੂਸ ਦੀ ਅਰਥ ਵਿਵਸਥਾ ਤਹਿਸ ਨਹਿਸ ਹੋ ਚੁੱਕੀ ਹੈ। ਖੋਜ ਸੰਸਥਾ ਦੇ ਵਿਗਿਆਨੀ ਨਿਰਬਾਹ ਕਰਨ ਲਈ ਪ੍ਰਾਈਵੇਟ ਕੰਮ ਕਰਨ ਲਈ ਮਜਬੂਰ ਹਨ।

ਪਹਿਲਾਂ ਰੂਸੀ ਸਰਕਾਰ ਹਰ ਇਕ ਸ਼ਹਿਰੀ ਨੂੰ ਕੰਮ ਮੁਹੱਈਆ ਕਰਵਾਉਂਦੀ ਸੀ, ਵਿਦਿਆ ਅਤੇ ਡਾਕਟਰੀ ਸਹਾਇਤਾ ਮੁਫਤ ਸੀ ਅਤੇ ਸਾਰਾ ਪ੍ਰਬੰਧ ਸਰਕਾਰੀ ਅਦਾਰਿਆਂ ਅਧੀਨ ਚੱਲਦਾ ਸੀ। ਹੁਣ ਪ੍ਰਾਈਵੇਟ ਕੰਪਨੀਆਂ ਆ ਗਈਆਂ ਹਨ ਅਤੇ ਸਰਕਾਰੀ ਸਹਾਇਤਾ ਖਤਮ ਕਰ ਦਿੱਤੀ ਗਈ ਹੈ, ਜਿਸ ਕਰਕੇ ਰੂਸੀ ਲੋਕਾਂ ਵਿਚ ਬੇਰੁਜਗਾਰੀ ਅਤੇ ਅਰਾਜਕਤਾ ਫੈਲ ਰਹੀ ਹੈ।

ਜੇਕਰ ਅਮਰੀਕਾ ਕਰਜਾ ਨਾ ਦੇਵੇ ਤਾਂ ਰੂਸ ਵਿਚ 'ਸਿਵਲ-ਵਾਰ' ਹੋ ਸਕਦੀ ਹੈ। 1991 ਵਿਚ ਰੂਸੀ ਲੋਕਾਂ ਨੇ ਗਰਬਾਚੋਵ ਤੋਂ ਪਿੱਛਾ ਛੁਡਾਇਆ ਸੀ ਅਤੇ ਹੁਣ 1999 ਵਿਚ ਉਹ ਯੈਲਸਿਨ ਤੋਂ ਖਹਿੜਾ ਛੁਡਾਉਣ ਲਈ ਹੱਥ ਪੈਰ ਮਾਰ ਰਹੇ ਹਨ। ਦਸੰਬਰ ਦੀਆਂ ਚੋਣਾਂ ਵਿਚ ਉਹ ਕਿਸੇ ਨਵੇਂ ਲੀਡਰ ਦੀ ਭਾਲ ਕਰਨਗੇ।

ਨੌ ਸਤੰਬਰ ਨੂੰ ਅਸੀਂ ਮਾਸਕੋ ਤੋਂ 200 ਕਿਲੋਮੀਟਰ ਬਾਹਰ ਇਕ ਹੋਰ ਵਿਗਿਆਨਕ ਸ਼ਹਿਰ 'ਡੂਬਨਾ' (Dubna) ਵੇਖਣ ਜਾਣਾ ਸੀ। ਰੂਸ ਦੇ ਉਘੇ ਭੌਤਿਕ ਵਿਗਿਆਨੀ ਇਥੇ ਨਿਊਕਲੀਅਰ ਫਜ਼ਿਕਸ ਦੀ ਖੋਜ ਕਰਦੇ ਹਨ ਅਤੇ ਉਨ੍ਹਾਂ ਨੇ ਕਈ ਭਾਰੇ ਬਣਾਉਟੀ ਤੱਤ ਵੀ ਘੜ੍ਹ ਲਏ ਹਨ। ਇਕ ਨਵਾਂ ਤੱਤ ਇਸ ਸ਼ਹਿਰ ਦੇ ਨਾਮ ਤੇ 'ਡੂਬਨੀਅਮ' ਕਹਿਲਾਉਂਦਾ ਹੈ। ਅਲੈਕਸੀਵ ਅਤੇ ਡਿਟਲੋਵ ਦੇ ਸਾਥ ਅਸੀਂ ਰੂਸੀ ਗੱਡੀ ਤੇ ਸਵਾਰ ਹੋ ਕੇ ਦੋ ਘੰਟੇ ਵਿਚ ਡੂਬਨਾ ਪਹੁੰਚ ਗਏ। ਮੇਰਾ ਮਿੱਤਰ ਪੈਰੀਲੀਗਨ ਅਗੋਂ ਸਟੇਸ਼ਨ ਤੇ ਹੀ ਮਿਲ ਪਿਆ ਅਤੇ ਅਸੀਂ ਸਾਰੇ ਜਣੇ ਰੂਸ ਦੀ ਇਸ ਉਘੀ ਪ੍ਰਯੋਗਸ਼ਾਲਾ ਦਾ ਦੌਰਾ ਕਰਨ ਨਿਕਲ ਤੁਰੇ। ਇਥੇ ਕਈ ਰੀਐਕਟਰ ਅਤੇ ਸਾਈਕਲੋਟਰਾਨ ਕੰਮ ਕਰ ਰਹੇ ਹਨ ਅਤੇ ਰੂਸੀ ਵਿਗਿਆਨੀ ਨੋਬਲ ਪੁਰਸਕਾਰ ਦੀ ਉਮੀਦ ਲਾਈ ਬੈਠੇ ਹਨ। ਸ਼ਾਮ ਨੂੰ ਅਸੀਂ ਵਾਪਸੀ ਗੱਡੀ ਤੇ ਸਵਾਰ ਹੋ ਕੇ ਮਾਸਕੋ ਪਰਤ ਆਏ। ਰਸਤੇ ਵਿਚ ਰੂਸੀ ਪਿੰਡਾਂ ਅਤੇ ਜੰਗਲ ਦਾ ਨਜ਼ਾਰਾ ਵੇਖਿਆ। ਕਈ ਜਗ੍ਹਾ ਨਵੀਂ ਅਬਾਦੀ ਲੱਭ ਰਹੀ ਸੀ। ਡਿਟਲੋਵ ਨੇ ਦੱਸਿਆ ਕਿ ਮਾਸਕੋ ਦੇ ਅਮੀਰ ਲੋਕ ਸ਼ਹਿਰ ਤੋਂ ਬਾਹਰ ਨਵੇਂ ਘਰ ਉਸਾਰ ਰਹੇ ਹਨ। ਇਹ ਨਵੀਆਂ ਕੰਪਨੀਆਂ ਦੇ ਮਾਲਕ ਹਨ। ਰੂਸੀ ਕਿਸਾਨ ਤਾਂ ਮਸਾਂ ਗੁਜਾਰਾ ਹੀ ਕਰਦਾ ਹੈ। ਜਮੀਨ ਉਪਰ ਸਰਕਾਰੀ ਕਬਜਾ ਹੈ ਅਤੇ ਕਿਸਾਨ ਮਜਾਰੇ ਦੇ ਤੌਰ ਤੇ ਕੰਮ ਕਰਦਾ ਹੈ। ਉਹ ਕੁਝ ਟੁਕੜਾ ਆਪਣੇ ਪ੍ਰੀਵਾਰ ਦੇ ਨਿਰਬਾਹ ਲਈ ਵੀ ਰੱਖ ਸਕਦਾ ਹੈ। ਸੜਕ ਦੇ ਕਿਨਾਰੇ ਰੂਸੀ ਸਵਾਣੀਆਂ ਸਬਜੀ ਅਤੇ ਫਲ ਵੇਚ ਰਹੀਆਂ ਸਨ ਜੋ ਉਨ੍ਹਾਂ ਦੇ ਆਪਣੇ ਨਿੱਜੀ ਪਲਾਟ ਦੀ ਪੈਦਾਵਾਰ ਸਨ। ਰੂਸ ਦੀ ਵੱਡੀ ਸਮੱਸਿਆ ਇਹੋ ਹੈ ਕਿ ਪੁਰਾਣਾ ਆਰਥਿਕ ਢਾਂਚਾ ਨਿਘਰ ਚੁੱਕਾ ਹੈ ਅਤੇ ਨਵੇਂ ਨਾਲ ਰੂਸੀਆਂ ਦਾ ਬਰ ਮੇਚ ਨਹੀਂ ਆਇਆ। ਕੁਝ ਲੋਕ ਖੁਲ੍ਹੇ ਤੌਰ ਤੇ ਕਮਿਊਨਿਜ਼ਮ ਦੀ ਹਾਮੀ ਭਰ ਰਹੇ ਹਨ, ਪਰੰਤੂ ਨੌਜਵਾਨ ਤਬਕਾ ਪੱਛਮੀ ਯੂਰਪ ਦੇ ਪ੍ਰਭਾਵ ਹੇਠ ਇਸਦਾ ਵਿਰੋਧੀ ਹੋ ਨਿਬੜਿਆ ਹੈ। ਵੇਖੀਏ ਰੂਸ ਇਸ ਦੁਬਿਧਾ 'ਚੋਂ ਕਦੋਂ ਸੁਰਖਰੂ ਹੁੰਦਾ ਹੈ।

ਦਸ ਸਤੰਬਰ ਮੇਰੀ ਵਾਪਸੀ ਸੀ। ਦੁਪਹਿਰ ਤੱਕ ਅਸੀਂ ਕਰੈਮਲਿਨ ਦੀ ਸੈਰ ਕਰਨੀ ਸੀ ਅਤੇ ਦੁਪਹਿਰ ਦਾ ਭੋਜਨ ਡਿਟਲੋਵ ਨੇ ਵਰਜਿਆ ਹੋਇਆ ਸੀ। ਅਲੈਕਸੀਵ ਅਤੇ ਉਸਦੀ ਪਤਨੀ ਲਿਲੀਅਨ ਮੈਨੂੰ ਲੈਣ ਆ ਗਏ। ਅਸੀਂ ਯੂਨੀਵਰਸਿਟੀ ਤੋਂ ਮੈਟਰੋ ਰਾਹੀਂ ਕਰੈਮਲਿਨ ਸਕੇਅਰ ਪਹੁੰਚ ਗਏ। ਮੈਟਰੋ ਰੇਲਗੱਡੀ ਮਾਸਕੋ ਦੇ ਆਰ-ਪਾਰ ਧਰਤੀ ਹੇਠ ਚੱਲਦੀ ਹੈ ਅਤੇ ਬਹੁਤ ਹੀ ਤੇਜ ਰਫਤਾਰ ਹੈ। ਮਾਸਕੋ ਦੇ ਮੈਟਰੋ ਸਟੇਸ਼ਨ ਦੁਨੀਆਂ ਵਿਚ ਸਭ ਤੋਂ ਸਾਫ ਮੰਨੇ ਗਏ ਹਨ। ਸਟੇਸ਼ਨ ਉਪਰ ਕਿਤੇ ਵੀ ਕਾਗਜ਼ ਦਾ ਟੁਕੜਾ ਜਾਂ ਸਿਗਰੇਟ ਦਾ ਬਟ ਨਜ਼ਰ ਨਹੀਂ ਆਉਂਦਾ। ਸਿਗਰਟ ਨੋਸ਼ੀ ਉਪਰ ਹਰ ਥਾਂ ਸਖਤ ਮਨਾਹੀ ਹੈ। ਕਰੈਮਲਿਨ ਸਕੇਅਰ ਵਿਚ ਸੈਲਾਨੀਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਜੋ ਗਿਰਜਾ ਘਰ ਲੈਨਿਨ ਅਤੇ ਸਟਾਲਿਨ ਨੇ ਬੰਦ ਕਰਵਾ ਜਾਂ ਢਵਾ ਦਿਤੇ ਸਨ, ਉਹ ਹੁਣ ਮੁੜ ਤਾਮੀਰ ਕਰਵਾਏ ਗਏ ਹਨ। ਗੇਟ ਦੇ ਅੰਦਰ ਖੱਬੇ ਹੱਥ ਆਰਥੋਡਾਕਸ ਧਰਮ ਦਾ ਸੁਨਹਿਰੀ ਗਿਰਜਾਘਰ ਹੈ ਜਿਸ ਵਿਚ ਪ੍ਰਾਰਥਨਾ ਹੋ ਰਹੀ ਸੀ। ਸਕੇਅਰ ਦੇ ਦੂਸਰੇ ਸਿਰੇ ਤੇ ਦੋ ਪੁਰਾਤਨ ਗਿਰਜਾਘਰ ਹਨ, ਜੋ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹਨ। ਲੈਨਿਨ ਦੀ ਕਬਰ ਤਾਂ ਕਾਇਮ ਹੈ, ਪਰੰਤੂ ਇਸ ਦੀ ਪੁਰਾਣੀ ਸ਼ਾਨੋ-ਸ਼ੌਕਤ ਕਿਧਰੇ ਨਹੀਂ ਲੱਭਦੀ। 1991 ਵਿਚ ਮੈਂ ਲੈਨਿਨ ਦੀ ਮ੍ਰਿਤਕ ਦੇਹ ਦੀ ਪ੍ਰਕਰਮਾ ਕੀਤੀ ਸੀ ਅਤੇ ਹਰ ਰੂਸੀ ਇਸ ਨੂੰ ਸਿਜਦਾ ਕਰਦਾ ਸੀ। ਪਰੰਤੂ ਹੁਣ ਇਹ ਗੁੰਮਨਾਮ ਹਾਲਤ ਵਿਚ ਵਿਸਾਰੀ ਜਾ ਚੁੱਕੀ ਹੈ। ਕਈ ਜਗ੍ਹਾ ਤਾਂ ਸਟਾਲਿਨ ਅਤੇ ਲੈਨਿਨ ਦੇ ਬੁੱਤ ਰੂਸੀ ਲੋਕਾਂ ਨੇ ਤੋੜ ਦਿੱਤੇ ਹਨ। ਹਾਲਾਂ ਕਿ ਮਹਾਤਮਾ ਗਾਂਧੀ ਅਤੇ ਇੰਦਰਾ ਗਾਂਧੀ ਦੇ ਬੁੱਤ ਮਾਸਕੋ ਵਿਚ ਕਾਇਮ ਹਨ। ਪਰੰਤੂ ਰੂਸੀ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਤਾਂ ਰਾਜ ਕਪੂਰ ਹੋ ਨਿਬੜਿਆ ਹੈ, ਜਿਸ ਦੀਆਂ ਫਿਲਮਾਂ ਦੇ ਗਾਣੇ ਅਜੇ ਤੱਕ ਰੂਸੀ ਲੋਕਾਂ ਦੀ ਜ਼ਬਾਨ ਤੇ ਹਨ।

ਕਰੈਮਲਿਨ ਸਕੇਅਰ ਦੀ ਸੈਰ ਕਰਕੇ ਅਸੀਂ ਅੰਦਰ ਜਾਣ ਦਾ ਟਿਕਟ ਖਰੀਦ ਲਿਆ। ਪੂਰਾ ਕਰੈਮਲਿਨ ਵੇਖਣ ਲਈ ਕਈ ਦਿਨ ਚਾਹੀਦੇ ਹਨ ਪਰੰਤੂ ਸਾਡੇ ਪਾਸ ਅੱਧਾ ਦਿਨ ਹੀ ਸੀ। ਕਰੈਮਲਿਨ ਗਿਰਜਾਘਰ ਵਿਚ ਰੂਸੀ ਬਾਦਸ਼ਾਹਾਂ ਦਾ ਕਈ ਟਨ ਸੋਨਾ ਪਿਆ ਮਿਲਦਾ ਹੈ। ਸਟਾਲਿਨ ਨੇ ਸਾਰੇ ਰੂਸ ਦੇ ਗਿਰਜਾਘਰਾਂ ਦਾ ਸੋਨਾ ਉਤਾਰ ਕੇ ਸਰਕਾਰੀ ਖਜਾਨੇ ਵਿਚ ਜਮਾਂ ਕਰਵਾ ਦਿੱਤਾ ਸੀ। ਹੁਣ ਇਹ ਸੋਨਾ ਪਰਤਾ ਦਿੱਤਾ ਗਿਆ ਹੈ। ਰੂਸੀ ਬਾਦਸ਼ਾਹਾਂ ਦੀਆਂ ਕਬਰਾਂ ਵੀ ਕਰੈਮਲਿਨ ਦੇ ਗਿਰਜਾਘਰਾਂ ਅੰਦਰ ਕਾਇਮ ਹਨ। ਇਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ। ਕਰੈਮਲਿਨ ਅੰਦਰ ਕਈ ਅਜਾਇਬ ਘਰ ਵੀ ਹਨ। ਮਿਲਟਰੀ ਮਿਊਜੀਅਮ ਵਿਚ ਹਥਿਆਰਾਂ ਦੀ ਪ੍ਰਦਰਸ਼ਨੀ ਹੈ। ਈਸਾਈ ਧਰਮ ਦੇ ਇਤਿਹਾਸ ਨਾਲ ਸਬੰਧਿਤ ਸ਼ਿਲਾਲੇਖ ਵੀ ਮਿਲਦੇ ਹਨ ਅਤੇ ਰੂਸੀ ਭਾਸ਼ਾ ਦੀ ਸਮੱਗਰੀ ਅਤੇ ਪੁਰਾਤਨ ਹੱਥ ਲਿਖਤਾਂ ਵੀ ਮੌਜੂਦ ਹਨ। ਇਥੇ ਤਾਂ ਰੂਸ ਦਾ ਸਾਰਾ ਇਤਿਹਾਸਕ ਸਫ਼ਰ ਮੁਕੰਮਲ ਹੋ ਸਕਦਾ ਹੈ।

ਦੁਪਹਿਰ ਦਾ ਭੋਜਨ ਡਿਟਲੋਵ ਦੀ ਘਰਵਾਲੀ 'ਓਲਾ' ਨੇ ਤਿਆਰ ਕਰ ਰੱਖਿਆ ਸੀ। ਉਹ ਵੇਖਣ ਨੂੰ ਉਸ ਦੀ ਧੀ ਜਾਪਦੀ ਸੀ। ਇਹ ਦਰਅਸਲ ਡਿਟਲੋਵ ਦੀ ਦੂਸਰੀ ਬੀਵੀ ਸੀ। ਉਸਦਾ ਜਵਾਨ ਪੁੱਤਰ ਮਾਸਕੋ ਦੇ ਗੁੰਡਿਆਂ ਨੇ ਮਾਰ ਦਿੱਤਾ ਅਤੇ ਪਹਿਲੀ

ਬੀਵੀ ਉਸਦੇ ਵੈਰਾਗ ਵਿਚ ਨੀਮ-ਪਾਗਲ ਹੋ ਗਈ। ਹੁਣ ਡਿਟਲੋਵ ਆਪਣੇ ਸਹੁਰੇ ਘਰ ਹੀ ਰਹਿੰਦਾ ਹੈ ਅਤੇ ਦੋ ਪੁੱਤਰਾਂ ਦਾ ਬਾਪ ਹੈ। ਖਾਣੇ ਵਿਚ ਭਾਰਤੀ ਕਿਸਮ ਦਾ ਸ਼ਾਕਾਹਾਰੀ ਭੋਜਨ ਤਿਆਰ ਕੀਤਾ ਗਿਆ। ਇਕ ਰਾਤ ਪਹਿਲਾਂ ਚੇਚਨੀਆਂ ਦੇ ਆਤੰਕਵਾਦੀਆਂ ਨੇ ਮਾਸਕੋ ਸ਼ਹਿਰ ਵਿਚ ਬਰੂਦੀ ਸੁਰੰਗ ਲਗਾ ਕੇ ਇਕ ਪੂਰਾ ਘਰਾਂ ਦਾ ਬਲਾਕ ਹੀ ਉਡਾ ਦਿੱਤਾ ਸੀ। ਇਹ ਘਟਨਾ ਉਸਦੇ ਘਰ ਕੋਲ ਹੀ ਵਾਪਰੀ ਸੀ ਅਤੇ ਉਸਦੇ ਬੱਚੇ ਅਜੇ ਤੱਕ ਸਹਿਮੇ ਹੋਏ ਸਨ। ਸ਼ਾਮ ਨੂੰ ਪੰਜ ਵਜੇ ਦੇ ਕਰੀਬ ਮੈਂ ਮਾਸਕੋ ਯੂਨੀਵਰਸਿਟੀ ਤੋਂ ਏਅਰਪੋਰਟ ਵੱਲ ਰਵਾਨਾ ਹੋ ਪਿਆ। ਸਾਰੇ ਰੂਸੀ ਮਿੱਤਰ ਹਵਾਈ ਜਹਾਜ ਤੇ ਚੜਾਉਣ ਆਏ ਸਨ। ਲਿਲੀਅਨ ਅਤੇ ਓਲਾ ਨੇ ਪਿਆਰ ਭਰੇ ਚੁੰਮਣ ਦੇ ਕੇ ਘਰੋਂ ਹੀ ਵਿਦਾਇਗੀ ਲੈ ਲਈ ਸੀ ਅਤੇ ਬਾਕੀ ਰੂਸੀ ਮਿੱਤਰਾਂ ਨੇ ਏਅਰਪੋਰਟ ਤੇ ਨਿੱਘੀ ਗਲਵੱਕੜੀ ਪਾ ਕੇ ਅਲਵਿਦਾ ਕਹੀ।

## ਯੂਰਪ ਦੀ ਯਾਤਰਾ : ਹਵਾਈ ਜਹਾਜ਼ ਦਾ ਸਫਰ

ਅੰਮ੍ਰਿਤਸਰ ਅੰਤਰ-ਰਾਸ਼ਟਰੀ ਏਅਰ-ਪੋਰਟ ਤੋਂ ਏਅਰ ਇੰਡੀਆ ਦੀ ਤਾਂ ਅਜੇ ਕੋਈ ਉਡਾਨ ਸ਼ੁਰੂ ਨਹੀਂ ਹੋਈ ਸੀ ਪਰੰਤੂ ਉਜ਼ਬੇਕਿਸਤਾਨ ਅਤੇ ਤੁਰਕਮੀਨੀਆ ਦੇ ਹਵਾਈ ਜਹਾਜ਼ ਪੰਜਾਬੀਆਂ ਨੂੰ ਯੂਰਪ ਅਤੇ ਅਮਰੀਕਾ ਲੈ ਜਾਣ ਲਈ ਸਹਾਈ ਹੋਏ ਸਨ। ਦਰਅਸਲ ਏਅਰ-ਇੰਡੀਆ ਦਾ ਭੱਠਾ ਬੈਠ ਚੁੱਕਾ ਹੈ ਅਤੇ ਯੂਰਪ ਦੀਆਂ ਉਡਾਨਾਂ ਲਗਭਗ ਬੰਦ ਹੋ ਗਈਆਂ ਹਨ। ਕੁਝ ਸਾਲ ਪਹਿਲਾਂ ਫਰੈਂਕਫਰਟ ਅਤੇ ਰੋਮ ਨੂੰ ਹਰ ਰੋਜ਼ ਉਡਾਨ ਭਰਦੀ ਸੀ ਪਰੰਤੂ ਹੁਣ ਸਭ ਰੂਟ ਠੱਪ ਹੋ ਗਏ ਸਨ। ਭਾਰਤ ਸਰਕਾਰ ਨੇ ਪੰਜਾਬੀਆਂ ਦੀ ਮੰਗ ਪੂਰੀ ਕਰਨ ਲਈ ਗੁਰੂ ਰਾਮ ਦਾਸ ਅੰਤਰ-ਰਾਸ਼ਟਰੀ ਹਵਾਈ ਅੱਡੇ ਦੀ ਮੰਗ ਮਨਜ਼ੂਰ ਕਰ ਰੱਖੀ ਹੈ ਪਰੰਤੂ ਅਜੇ ਤੱਕ ਨਾ ਤਾਂ ਹਵਾਈ ਪੱਟੀ ਦਾ ਸੁਧਾਰ ਹੋਇਆ ਹੈ ਅਤੇ ਨਾ ਹੀ ਅੰਤਰ-ਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਹਨ। ਪੰਜਾਬ ਸਰਕਾਰ ਦਾ ਵੈਸੇ ਹੀ ਦਿਵਾਲਾ ਨਿਕਲਿਆ ਹੋਇਆ ਹੈ ਵਰਨਾ ਇਹ ਹਵਾਈ ਅੱਡਾ ਹੁਣ ਤੱਕ ਤਿਆਰ ਹੋ ਜਾਣਾ ਸੀ।

ਯੂਰਪ ਦੇ ਕਈ ਦੇਸ਼ਾਂ ਨੇ ਇਕ ਸਮਝੌਤਾ ਕਰ ਲਿਆ ਹੈ ਕਿ ਸਾਂਝੀ ਕਰੰਸੀ 'ਯੂਰੋ' ਹੀ ਵਰਤੀ ਜਾਵੇਗੀ ਅਤੇ ਯਾਤਰੀ ਇਕੋ ਵੀਜ਼ੇ ਨਾਲ ਸਾਰੇ ਯੂਰਪੀਨ ਦੇਸ਼ ਘੁੰਮ ਸਕਣਗੇ। ਇਸ ਸੰਧੀ ਹੇਠ ਅਜੇ ਅੱਠ ਕੁ ਦੇਸ਼ ਹੀ ਸ਼ਾਮਲ ਹੋਏ ਹਨ ਅਤੇ ਬਾਕੀ ਦੇ ਵੀ ਸ਼ਾਮਲ ਹੋਣ ਲਈ ਤਤਪਰ ਹੋ ਰਹੇ ਹਨ। ਯੂਰਪ ਇਕ ਮਹਾਂਦੀਪ ਤੋਂ ਇਕ ਇਕਾਈ ਵੱਲ ਵਧ ਰਿਹਾ ਹੈ। ਵੱਖ ਵੱਖ ਦੇਸ਼ਾਂ ਦੇ ਹੱਦਾਂ ਬੰਨੇ ਕਾਇਮ ਹਨ ਪਰੰਤੂ ਬਾਰਡਰ ਖੋਲ੍ਹ ਦਿਤੇ ਗਏ ਹਨ। ਬਗੈਰ ਕਿਸੇ ਰੋਕ ਟੋਕ ਦੇ ਯੂਰਪੀਨ ਲੋਕ ਆਪਣਾ ਪਛਾਣ ਪੱਤਰ ਵਿਖਾ ਕੇ ਸਰਹੱਦ ਪਾਰ ਕਰ ਲੈਂਦੇ ਹਨ। ਇਹੋ ਸਹੂਲਤ ਅਮਰੀਕਾ ਅਤੇ ਕਨੇਡਾ ਵਾਸੀਆਂ ਕੋਲ ਵੀ ਹੈ। ਭਾਰਤ ਅਤੇ ਪਾਕਿਸਤਾਨ ਦਾ ਬਾਰਡਰ ਪਾਰ ਕਰਨਾ ਤਾਂ ਜੋਖਮ ਭਰਿਆ ਕੰਮ ਹੈ। 27 ਨਵੰਬਰ ਨੂੰ ਸਮਝੌਤਾ ਐਕਸਪਰੈਸ ਦੇਰੀ ਨਾਲ ਪੁੱਜੀ ਅਤੇ ਭਾਰਤੀ ਸੁਰੱਖਿਆ ਦਸਤੇ ਨੇ ਗੱਡੀ ਨੂੰ ਵਾਹਗਾ ਬਾਰਡਰ ਤੇ ਹੀ ਰੋਕ ਲਿਆ। ਮੁਸਾਫਰਾਂ ਨੂੰ ਸਾਰੀ ਰਾਤ ਠੰਡ 'ਚ ਗੱਡੀ ਅੰਦਰ ਹੀ ਕੈਦ ਰੱਖਿਆ ਗਿਆ ਅਤੇ ਇਕ ਮੁਸਾਫਰ ਇਸ ਤਸੀਹੇ ਦਾ ਸ਼ਿਕਾਰ ਹੋ ਕੇ ਪ੍ਰਾਣ ਤਿਆਗ ਗਿਆ। ਇਹੋ ਜਿਹਾ ਵਰਤਾਰਾ ਨਨਕਾਣਾ ਸਾਹਿਬ ਦੀ ਯਾਤਰਾ ਤੇ ਜਾ ਰਹੇ ਸਿੱਖ ਜਥਿਆਂ ਨਾਲ ਵੀ ਕੀਤਾ ਗਿਆ। ਦੁਨੀਆ ਭਰ ਵਿਚ ਵਾਹਗਾ ਬਾਰਡਰ ਬਦਨਾਮ ਹੋ ਚੁੱਕਾ ਹੈ। ਕੀ ਕਦੇ ਪੰਜਾਬੀਆਂ ਦਾ ਸੁਪਨਾ ਵੀ ਸਾਕਾਰ ਹੋ ਸਕੇਗਾ ਕਿ ਉਹ ਆਪਣੇ ਹਮਜੋਲੀਆਂ ਨਾਲ ਬਗੈਰ ਰੋਕ ਟੋਕ ਦੇ ਮਿਲ ਬੈਠਣ ਅਤੇ ਵਿਛੜ ਗਏ ਗੁਰਧਾਮਾਂ ਦੀ ਯਾਤਰਾ ਕਰ ਸਕਣ?

27 ਅਗਸਤ (2000) ਨੂੰ ਸਵੇਰੇ ਸਮਾਨ ਪੈਕ ਕਰਕੇ ਯੂਨੀਵਰਸਿਟੀ ਤੋਂ ਰਾਜਾਸਾਂਸੀ ਹਵਾਈ ਅੱਡੇ ਤੇ ਪਹੁੰਚ ਗਿਆ। ਹਵਾਈ ਅੱਡੇ ਤੇ ਭੀੜ ਭੜੱਕਾ ਇਸ ਤਰ੍ਹਾਂ ਸੀ ਜਿਵੇਂ ਕੋਈ ਫਸਾਦ ਹੋਣ ਵਾਲਾ ਹੈ। ਯਾਤਰੀਆਂ ਦੇ ਰਿਸ਼ਤੇਦਾਰ ਸਾਰੀਆਂ ਸੜਕਾਂ ਘੇਰੀ ਬੈਠੇ ਸਨ। ਕੋਈ ਸੱਜ ਵਿਆਹੀ ਵਹੁਟੀ ਆਪਣੇ ਲਾੜੇ ਨਾਲ ਯੂਰਪ ਰਵਾਨਾ ਹੋ ਰਹੀ ਸੀ ਅਤੇ ਪੇਕੇ ਪਰਿਵਾਰ ਦੇ ਜੀਅ ਹੁੱਬਾਂ ਮਾਰ ਕੇ ਰੋ ਰਹੇ ਸਨ। ਹਵਾਈ ਅੱਡੇ ਅੰਦਰ ਦਾਖਲ ਹੋਣ ਲਈ ਕਈ ਰੋਕਾਂ ਪਾਰ ਕਰਨੀਆਂ ਪਈਆਂ। ਗਰਮੀ ਅਤੇ ਹੁੰਮਸ ਕਾਰਨ ਜਾਨ ਹੀ ਨਿਕਲ ਰਹੀ ਸੀ ਅਤੇ ਬੱਚਿਆਂ ਦਾ ਚੀਕ ਚਿਹਾੜਾ ਜਾਇਜ਼ ਲਗ ਰਿਹਾ ਸੀ। ਬੜੀ ਬੇਸ਼ਰਮੀ ਦੀ ਗੱਲ ਹੈ ਕਿ ਅੰਤਰ-ਰਾਸ਼ਟਰੀ ਹਵਾਈ ਅੱਡੇ ਦੇ ਚੈਕ-ਇਨ ਹਾਲ ਵਿਚ ਕੋਈ ਵੀ ਏਅਰ ਕੰਡਸ਼ੀਨਰ ਨਹੀਂ ਹੈ। ਸਾਮਾਨ ਜਮਾ ਕਰਕੇ ਇਮੀਗਰੇਸ਼ਨ ਕਾਊਂਟਰ ਤੋਂ ਲੰਘ ਗਿਆ ਪਰ ਸਕਿਊਰਟੀ ਚੈਕ ਵਾਲੇ ਤਾਂ ਹਰ ਇਕ ਦੀ ਪੱਗ ਲਾਹੁਣ ਤਕ ਜਾਂਦੇ ਹਨ। ਮੇਰੇ ਕੋਲ ਪੱਗ ਠੀਕ ਕਰਨ ਵਾਲਾ ਬਾਜ ਸੀ ਜੋ ਮਸਾਂ ਛੇ ਇੰਚ ਦਾ ਹੋਵੇਗਾ। ਡਿਊਟੀ ਤੇ ਸਿਪਾਹੀ ਕਹਿਣ ਲੱਗਾ ਕਿ ਇਸ ਦੀ ਇਜਾਜ਼ਤ ਨਹੀਂ ਹੈ

ਕਿਉਂਕਿ ਇਸ ਹਥਿਆਰ ਦੀ ਮਦਦ ਨਾਲ ਤਾਂ ਹਵਾਈ ਜਹਾਜ਼ ਅਗਵਾ ਹੋ ਸਕਦਾ ਹੈ। ਇਸ ਬਾਜ ਦੀ ਇਜਾਜ਼ਤ ਤਾਂ ਹਵਾਈ ਅੱਡੇ ਦਾ ਇੰਚਾਰਜ ਹੀ ਦੇ ਸਕਦਾ ਹੈ। ਐਕਸ ਰੇ ਮਸ਼ੀਨ ਨਾਲ ਚੈਕਿੰਗ ਤੋਂ ਬਾਅਦ ਵੀ ਹਰ ਬੈਗ ਨੂੰ ਬਖੀਏ ਉਧੇੜ ਕੇ ਫਰੋਲਿਆ ਗਿਆ। ਖੈਰ ਇਹ ਚੈਕਿੰਗ ਮਨਹੂਸ ਤਰੀਕੇ ਨਾਲ ਕੀਤੀ ਗਈ ਅਤੇ ਕਈ ਯਾਤਰੀਆਂ ਨੂੰ ਰੋਕ ਲਿਆ ਗਿਆ। ਦਰਅਸਲ, ਹਵਾਈ ਅੱਡੇ ਤੇ ਇਮੀਗਰੇਸ਼ਨ ਦਾ ਕੰਮ ਕੇਂਦਰੀ ਸਰਕਾਰੀ ਏਜੰਸੀ ਕਰ ਰਹੀ ਹੈ ਜੋ ਨਿਹਾਇਤ ਇਮਾਨਦਾਰ ਤੇ ਸਲੀਕੇ ਨਾਲ ਪੇਸ਼ ਆਉਦੀ ਹੈ ਪਰੰਤੂ ਸੁਰੱਖਿਆ ਦਾ ਕੰਮ ਪੰਜਾਬ ਪੁਲਿਸ ਦੇ ਜ਼ਿੰਮੇ ਹੈ ਜੋ ਯਾਤਰੀਆਂ ਨੂੰ ਤੰਗ ਕਰਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਸਾਮਾਨ ਢੋਣ ਵਾਲੇ ਅਤੇ ਪੁਲਿਸੀਏ ਯਾਤਰੀਆਂ ਤੋਂ ਟਿੱਪ ਵਸੂਲਣ ਲਈ ਲੇਲੜੀਆਂ ਕੱਢਦੇ ਹਨ ਜੋ ਕਿ ਅੰਤਰ ਰਾਸ਼ਟਰੀ ਅੱਡੇ ਦੀ ਹੱਤਕ ਹੈ। ਲੋੜ ਹੈ ਕਿ ਕੇਂਦਰੀ ਸਰਕਾਰ ਪੂਰੀ ਦੇਖ ਰੇਖ ਨਾਲ ਸਹੂਲਤਾਂ ਬਹਾਲ ਕਰੇ ਅਤੇ ਯਾਤਰੀਆਂ ਨੂੰ ਦਰਪੇਸ਼ ਮੁਸੀਬਤਾਂ ਤੋਂ ਰਾਹਤ ਦਿਵਾਈ ਜਾਵੇ।

ਉਜ਼ਬੇਕਿਸਤਾਨ ਕੰਪਨੀ ਦਾ ਹਵਾਈ ਜਹਾਜ਼ ਸਮੇਂ ਸਿਰ ਰਾਜਾਸਾਂਸੀ ਹਵਾਈ ਪੱਟੀ ਤੇ ਆਣ ਉਤਰਿਆ। ਮੁਸਾਫਰਾਂ ਵਿਚ ਅੱਗੇ ਲੰਘਣ ਲਈ ਤਾਂਤਾ ਮੱਚ ਗਿਆ। ਹਵਾਈ ਅੱਡੇ ਤੇ ਅਜੇ ਤੱਕ ਕੋਈ ਚੰਗੀ ਬੱਸ ਦਾ ਵੀ ਪ੍ਰਬੰਧ ਨਹੀਂ ਹੈ ਜਿਸ ਕਰਕੇ ਕਈ ਫੇਰੇ ਲਗਾ ਕੇ ਸਵਾਰੀਆਂ ਨੂੰ ਢੋਹਿਆ ਗਿਆ। ਹਵਾਈ ਜਹਾਜ਼ ਤੂੜ ਕੇ ਭਰਿਆ ਗਿਆ ਜਿਵੇਂ ਪੰਜਾਬ ਰੋਡਵੇਜ਼ ਦੀ ਬੱਸ ਭਰਦੀ ਹੈ। ਏਅਰ ਹੋਸਟੈਸਾਂ ਦਾ ਵਤੀਰਾ ਵੀ ਪੰਜਾਬ ਪੁਲਸੀਆਂ ਤੋਂ ਘੱਟ ਨਹੀਂ ਸੀ। ਉਹ ਪੰਜਾਬੀਆਂ ਦੇ ਸੁਭਾਅ ਤੋਂ ਅਣਜਾਣ ਲਗਦੀਆਂ ਸਨ ਅਤੇ ਹਰ ਇਕ ਨੂੰ ਖਿਝ ਕੇ ਪੈਂਦੀਆਂ ਸਨ। ਅੱਧੇ ਘੰਟੇ ਦੀ ਦੇਰੀ ਨਾਲ ਹਵਾਈ ਜਹਾਜ ਨੇ ਉਡਾਨ ਭਰੀ ਅਤੇ ਲਾਹੌਰ ਤੇ ਪਿਸ਼ਾਵਰ ਦੇ ਉਪਰੋਂ ਉਡਦੇ ਹੋਏ ਹਿੰਦੂਕੁਛ ਦੀਆਂ ਬਰਫ ਲੱਦੀਆਂ ਚੋਟੀਆਂ ਪਾਰ ਕਰਕੇ ਦੋ ਘੰਟੇ ਬਾਅਦ ਤਾਸ਼ਕੰਦ ਦੇ ਹਵਾਈ ਅੱਡੇ ਤੇ ਜਾ ਉਤਰੇ। ਇਸ ਅੱਡੇ ਉਪਰ ਵੀ ਸਹੂਲਤਾਂ ਦੀ ਘਾਟ ਹੈ ਪਰੰਤੂ ਅੰਮ੍ਰਿਤਸਰ ਤੋਂ ਕਈ ਦਰਜੇ ਬਿਹਤਰ ਪ੍ਰਬੰਧ ਸੀ। ਤਾਸ਼ਕੰਦ ਤੋਂ ਕੁਝ ਮੁਸਾਫਿਰ ਇੰਗਲੈਂਡ ਵੱਲ ਜਾ ਰਹੇ ਸਨ ਅਤੇ ਲਗਭਗ ਪੰਜਾਹ ਦੇ ਕਰੀਬ ਪੰਜਾਬੀ ਯਾਤਰੀ ਰੋਮ ਜਾ ਰਹੇ ਸਨ। ਤਾਸ਼ਕੰਦ ਤੋਂ ਕਾਫੀ ਯੂਰਪੀਨ ਯਾਤਰੀ ਵੀ ਸਾਡੇ ਨਾਲ ਜਹਾਜ਼ ਤੇ ਸਵਾਰ ਹੋਏ। ਹੁਣ ਏਅਰ ਹੋਸਟੈਸਾਂ ਦਾ ਵਤੀਰਾ ਵੀ ਬਦਲ ਗਿਆ ਜਾਪਦਾ ਸੀ। ਉਹ ਬੜੇ ਸਲੀਕੇ ਨਾਲ ਪੇਸ਼ ਆ ਰਹੀਆਂ ਸਨ ਅਤੇ ਮੁਸਾਫਰਾਂ ਦੀ ਖਿਦਮਤ ਵਿਚ ਝਟ ਹਾਜ਼ਰ ਹੋ ਜਾਂਦੀਆਂ ਸਨ। ਇਸ ਦਾ ਕਾਰਨ ਗੋਰੀ ਚਮੜੀ ਹੀ ਨਹੀਂ ਬਲਕਿ ਯੂਰਪੀਨ ਤਹਿਜ਼ੀਬ ਦਾ ਵਧੇਰੇ ਯੋਗਦਾਨ ਹੈ।

ਤਾਸ਼ਕੰਦ ਤੋਂ ਰੋਮ ਦਾ ਸਫਰ ਸਤ ਘੰਟੇ ਵਿਚ ਪੂਰਾ ਹੋਣਾ ਸੀ। ਮੇਰੀ ਸੀਟ ਜਹਾਜ ਦੀ ਖਿੜਕੀ ਕੋਲ ਸੀ ਅਤੇ ਝਰੋਖੇ ਵਿਚੋਂ ਧਰਤੀ ਉਪਰਲੇ ਸਾਰੇ ਨਜ਼ਾਰੇ ਲੱਭ ਪੈਂਦੇ ਸਨ। ਤਾਸ਼ਕੰਦ ਸ਼ਹਿਰ ਮੈਂ ਪਹਿਲਾਂ ਵੀ ਘੁੰਮ ਆਇਆ ਸਾਂ। ਮੇਰੇ ਦੋਸਤ ਦਾ ਫਲੈਟ ਹਵਾਈ ਅੱਡੇ ਤੋਂ ਨਜ਼ਦੀਕ ਹੋਣ ਕਰਕੇ ਝਰੋਖੇ ਵਿਚੋਂ ਸਾਫ ਦਿਖਾਈ ਦੇ ਰਿਹਾ ਸੀ। ਰੇਲਵੇ ਸਟੇਸ਼ਨ ਅਤੇ ਹੋਰ ਕਈ ਜਾਣੀਆਂ ਪਹਿਚਾਣੀਆਂ ਇਮਾਰਤਾਂ ਵੀ ਲੱਭ ਰਹੀਆਂ ਸਨ। ਪੁਰਾਣੀਆਂ ਯਾਦਾਂ ਦਾ ਵਲਵਲਾ ਉਮਡ ਉੱਠਿਆ। ਉਜ਼ਬੇਕੀ ਔਰਤਾਂ ਦਾ ਨਾਚ ਅਤੇ ਲੋਕਾਂ ਦਾ ਮਿਲਾਪੜਾਪਨ ਮੇਰੀ ਯਾਦ ਦਾ ਹਿੱਸਾ ਬਣ ਗਿਆ ਸੀ। ਦੋ ਘੰਟਿਆਂ ਬਾਅਦ ਸਾਡਾ ਜਹਾਜ਼ ਤੁਰਕਮੀਨਸਤਾਨ ਅਤੇ ਅਜ਼ਰਬਾਈਜਾਨ ਦੇਸ਼ਾਂ ਉਪਰ ਉੱਡ ਰਿਹਾ ਸੀ। ਧਰਤੀ ਉਪਰ ਰੇਤ ਹੀ ਰੇਤ ਲੱਭ ਰਹੀ ਸੀ। ਕਦੇ ਕਦਾਈ ਪਾਣੀ ਦੀ ਝੀਲ (ਨਖਲਸਤਾਨ) ਵੀ ਨਜ਼ਰੀਂ ਪੈਂਦੀ ਸੀ। ਬਾਕੂ ਸ਼ਹਿਰ ਕੈਸਪੀਅਨ ਸਮੁੰਦਰ ਕੰਢੇ ਲੱਭ ਰਿਹਾ ਸੀ। ਧਰਤੀ ਅਤੇ ਸਮੁੰਦਰ ਦਾ ਸੁਮੇਲ ਵੀ ਅਜੀਬ ਕੁਦਰਤੀ ਕਰਿਸ਼ਮਾ ਹੈ। ਕੈਸਪੀਅਨ ਸਮੁੰਦਰ ਸਭ ਪਾਸਿਉਂ ਧਰਤੀ ਨਾਲ ਘਿਰਿਆ ਹੋਇਆ ਹੈ ਅਤੇ ਇਸ ਦੇ ਪਾਣੀਆਂ ਅੰਦਰ ਤੇਲ ਅਤੇ ਗੈਸ ਦੇ ਭਾਰੀ ਜ਼ਖੀਰੇ ਉਪਲਭਧ ਹਨ। ਇਸ ਤੋਂ ਬਾਅਦ ਜਾਰਜੀਆ ਦੀ ਧਰਤੀ ਆਈ ਅਤੇ ਕੋਹਕਾਸ ਪਹਾੜ ਦੀਆਂ ਬਰਫ ਲੱਦੀਆਂ ਚੋਟੀਆਂ ਦਾ ਸੁੰਦਰ ਨਜ਼ਾਰਾ।

ਕੁਝ ਸਮੇਂ ਬਾਅਦ ਅਸੀਂ ਏਸ਼ੀਆ ਦੀ ਧਰਤੀ ਪਾਰ ਕਰਕੇ ਯੂਰਪ ਦੀ ਸੀਮਾ ਉਪਰ ਉਡ ਰਹੇ ਸੀ। ਖਾੜੀ ਬਾਸਫੋਰਸ ਤੁਰਕੀ ਦੇ ਦੋ ਹਿਸੇ ਕਰ ਦਿੰਦੀ ਹੈ, ਇਕ ਹਿੱਸਾ ਏਸ਼ੀਆ ਵਿਚ ਅਤੇ ਦੂਸਰਾ ਯੂਰਪ ਵਿਚ ਆ ਜਾਂਦਾ ਹੈ। ਸਾਡਾ ਜਹਾਜ਼ ਯੂਨਾਨ ਦੇ ਟਾਪੂਆਂ ਉਪਰੋਂ ਉਡਦਾ ਹੋਇਆ ਇਟਲੀ ਦੀ ਧਰਤੀ ਉਪਰ ਪਹੁੰਚ ਗਿਆ। ਯੂਨਾਨ ਅਤੇ ਇਟਲੀ ਵਿਚਕਾਰ ਐਡਰੀਏਟਿਕ ਸਮੁੰਦਰ ਹੈ ਜੋ ਸੌ ਕਿਲੋਮੀਟਰ ਤੋਂ ਵੀ ਘੱਟ ਚੌੜਾ ਹੈ। ਇਹ ਉਹੋ ਸਮੁੰਦਰ ਹੈ ਜਿਸ ਨੂੰ ਪਾਰ ਕਰਕੇ ਪੰਜਾਬੀ ਮੁੰਡੇ ਇਟਲੀ ਪਹੁੰਚ ਜਾਂਦੇ ਹਨ ਅਤੇ ਕਈ ਵਾਰ ਸਮੁੰਦਰ ਦੀ ਗੋਦ ਵਿਚ ਹੀ ਸਮਾ ਜਾਂਦੇ ਹਨ। ਅਲਬਾਨੀਆ ਦੇ ਵਸਨੀਕ ਵੀ ਇਟਲੀ ਅੰਦਰ ਦਾਖਲ ਹੋਣ ਲਈ ਇਸੇ ਸਮੁੰਦਰ ਨੂੰ ਪਾਰ ਕਰਦੇ ਹਨ। ਇਟਲੀ ਦਾ ਦੱਖਣੀ ਭਾਗ ਗਰੀਬ ਹੈ ਅਤੇ ਉਤਰੀ ਹਿੱਸਾ ਅਮੀਰ। ਪੰਜਾਬੀ ਮੁੰਡੇ ਇਟਲੀ ਦੇ ਬਾਰਡਰ ਤੋਂ ਰੋਮ ਲੁਕ ਛਿਪ ਕੇ ਪੈਦਲ ਹੀ ਪਹੁੰਚ ਜਾਂਦੇ ਹਨ। ਰੋਮ ਤਾਂ ਹੁਣ ਪੰਜਾਬੀਆਂ ਨਾਲ ਭਰਿਆ ਪਿਆ ਹੈ, ਰੇਲਵੇ ਸਟੇਸ਼ਨ ਤੇ ਆਵਾਰਾ ਗਰਦੀ ਕਰਦੇ ਕਈ ਮਿਲ ਪੈਂਦੇ ਹਨ। ਇਥੇ ਏਜੰਟਾਂ ਦੀ ਭਰਮਾਰ ਹੈ। ਕਈਆਂ ਨੇ ਰੋਮ ਦੇ ਪੁਰਾਣੇ ਘਰ ਖਰੀਦ ਰੱਖੇ ਹਨ ਅਤੇ ਆਪਣੇ ਆਏ ਹੋਏ ਮਹਿਮਾਨਾਂ ਨੂੰ ਲੁਕਾਣ ਲਈ ਚੰਗਾ ਪ੍ਰਬੰਧ ਕਰ ਰੱਖਿਆ ਹੈ। ਰੋਮ ਵਿਚ ਹੁਣ ਕਈ ਕਮਿਊਨਸਟ ਦੇਸ਼ਾਂ ਦੇ ਸ਼ਰਨਾਰਥੀ ਵੀ ਆ ਵਸੇ ਹਨ ਜੋ ਪੰਜਾਬੀ ਮੁੰਡਿਆਂ ਵਾਂਗ ਹੀ ਭਟਕ ਰਹੇ ਹਨ।

ਰੋਮ ਦੇ ਹਵਾਈ ਅੱਡੇ ਤੇ ਜਹਾਜ਼ ਉਤਰਿਆ ਤਾਂ ਰਾਤ ਪੈ ਚੁਕੀ ਸੀ। ਮੈਂ ਕਾਹਲੀ ਕਾਹਲੀ ਸਮਾਨ ਦੀ ਤਲਾਸ਼ ਵਿਚ ਭੱਜ ਰਿਹਾ ਸਾਂ ਕਿ ਇਕ ਸਕਾਈ ਰੇਲ ਗੱਡੀ ਸਾਹਮਣੇ ਆ ਕੇ ਰੁਕੀ। ਮੁਸਾਫਰਾਂ ਦੀ ਸਹੂਲਤ ਲਈ ਇਹ ਅਸਮਾਨ ਵਿਚ ਉਡ ਰਹੀ ਰੇਲ ਗੱਡੀ ਗੇੜੇ ਲਗਾਂਦੀ ਰਹਿੰਦੀ ਹੈ ਤੇ ਮੁਸਾਫਰਾਂ ਨੂੰ ਤੁਰਨ ਦੀ ਲੋੜ ਹੀ ਨਹੀਂ ਪੈਂਦੀ। ਮੈਂ ਆਪਣਾ ਸਾਮਾਨ ਢੂੰਢ ਰਿਹਾ ਸਾਂ ਕਿ ਇਕ ਪੰਜਾਬੀ ਮੁੰਡੇ ਨੇ ਮੇਰੀ ਰਿਹਾਇਸ਼ ਬਾਰੇ ਪੁੱਛਿਆ। ਮੈਂ ਉਸੇ ਰਾਤ ਗੱਡੀ ਤੇ ਸਵਾਰ ਹੋ ਕੇ ਰੋਮ ਤੋਂ ਤਰੀਸਤੇ ਪਹੁੰਚਣਾ ਸੀ ਪਰੰਤੂ ਹਵਾਈ ਅੱਡੇ ਤੋਂ ਬਾਹਰ ਨਿਕਲਣ ਵਿਚ ਦੇਰੀ ਹੋਣ ਕਾਰਨ ਮੇਰੀ ਗੱਡੀ ਨਿਕਲ ਚੁਕੀ ਸੀ। ਮੈਨੂੰ ਮਜਬੂਰਨ ਇਕ ਰਾਤ ਰੋਮ ਵਿਚ ਰੁਕਣਾ ਪੈ ਗਿਆ।

ਰੋਮ ਵਿਚ ਮੇਰੇ ਦੋ ਵਿਦਿਆਰਥੀ ਖੋਜ ਦਾ ਕੰਮ ਕਰ ਰਹੇ ਸਨ। ਉਹ ਰੇਲਵੇ ਸਟੇਸ਼ਨ ਤੇ ਮੇਰੀ ਉਡੀਕ ਕਰ ਰਹੇ ਸਨ। ਮੈਂ ਫੋਨ ਕਾਰਡ ਖਰੀਦਿਆ ਅਤੇ ਉਹਨਾਂ ਨੂੰ ਆਪਣੀ ਦੇਰੀ ਦਾ ਕਾਰਨ ਦੱਸਿਆ। ਅਸੀਂ ਤਿੰਨਾਂ ਨੇ ਅੰਤਰ ਰਾਸ਼ਟਰੀ ਕਾਨਫਰੰਸ ਵਿਚ ਖੋਜ ਪਰਚੇ ਪੜ੍ਹਨ ਜਾਣਾ ਸੀ ਜੋ ਕਿ ਇਟਲੀ ਦੇ ਨਾਲ ਲੱਗਦੇ ਦੇਸ ਸਲੋਵੀਨੀਆ ਵਿਖੇ ਹੋ ਰਹੀ ਸੀ। ਮੈਂ ਉਹਨਾਂ ਨੂੰ ਤਾਕੀਦ ਕੀਤੀ ਕਿ ਉਹ ਤਰੀਸਤੇ ਸ਼ਹਿਰ ਜਾਣ ਵਾਲੀ ਗੱਡੀ ਤੇ ਰਵਾਨਾ ਹੋ ਜਾਣ ਅਤੇ ਮੈਂ ਅਗਲੀ ਸਵੇਰ ਰੋਮ ਤੋਂ ਚਾਲੇ ਪਾ ਦਿਆਂਗਾ। ਅੱਧੀ ਰਾਤ ਦੇ ਕਰੀਬ ਮੈਂ ਹਵਾਈ ਅੱਡੇ ਤੋਂ ਰੋਮ ਸ਼ਹਿਰ ਦੇ ਰੇਲਵੇ ਸਟੇਸ਼ਨ ਤੇ ਪੁਹੰਚ ਗਿਆ। ਟੈਕਸੀ ਮਿਲਣ ਦੀ ਕੋਈ ਉਮੀਦ ਨਹੀਂ ਸੀ। ਸਟੇਸ਼ਨ ਦੇ ਬਾਹਰ ਉਡੀਕ ਰਿਹਾ ਸਾਂ ਅਤੇ ਕਈ ਪ੍ਰਾਈਵੇਟ ਕਾਰਾਂ ਵਾਲੇ ਪੰਜ ਗੁਣਾਂ ਰੇਟ ਤੇ ਲਿਜਾਣ ਦੀ ਪੇਸ਼ਕਸ਼ ਕਰਨ ਲੱਗੇ। ਭਾਰਤ ਵਾਂਗ ਇਟਲੀ ਵਿਚ ਵੀ ਲੁੱਟ ਖਸੁੱਟ ਹੋ ਜਾਂਦੀ ਹੈ। ਖਤਰੇ ਦੀ ਘੰਟੀ ਕਦੇ ਵੀ ਵੱਜ ਸਕਦੀ ਹੈ। ਮਜਬੂਰੀ ਵੱਸ ਪ੍ਰਾਈਵੇਟ ਕਾਰ ਵਿਚ ਹੀ ਸਵਾਰ ਹੋ ਕੇ ਮੈਂ ਡਾਕਟਰ ਜੈਨ ਦੇ ਘਰ ਪਹੁੰਚਿਆ ਜਿਥੇ ਮੇਰੇ ਰੈਣ ਬਸੇਰੇ ਦਾ ਪ੍ਰਬੰਧ ਕੀਤਾ ਗਿਆ ਸੀ।

~~~

## ਰੋਮ ਤੋਂ ਪੋਰਤੋਰੋਜ਼

28 ਅਗਸਤ ਸਵੇਰੇ ਤਿਆਰ ਹੋ ਕੇ ਮੈਂ ਡਾਕਟਰ ਜੈਨ ਦੇ ਘਰੋਂ ਰੋਮ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਪਤਾ ਲੱਗਾ ਕਿ ਤਰੀਸਤੇ ਸ਼ਹਿਰ ਜਾਣ ਵਾਲੀ ਗੱਡੀ ਨੇਪਲਜ਼ ਤੋਂ ਅੱਧੇ ਘੰਟੇ ਦੀ ਦੇਰੀ ਨਾਲ ਆ ਰਹੀ ਹੈ। ਇਟਲੀ ਵਿਚ ਗੱਡੀਆਂ ਅਕਸਰ ਲੇਟ ਹੋ ਜਾਂਦੀਆਂ ਹਨ ਪਰੰਤੂ ਭਾਰਤ ਵਾਂਗ ਨਹੀਂ ਕਿ ਅੱਜ ਆਉਣ ਵਾਲੀ ਗੱਡੀ ਭਲਕੇ ਪਹੁੰਚ ਰਹੀ ਹੋਵੇ। ਪਲੇਟਫਾਰਮ ਤੇ ਇਕ ਨੌਜਵਾਨ ਵਿਦਿਆਰਥੀ ਆ ਟਪਕਿਆ ਅਤੇ ਮੇਰੀ ਯਾਤਰਾ ਬਾਰੇ ਪੁੱਛਣ ਲੱਗਾ। ਉਹ ਸ਼ਕਲ ਸੂਰਤ ਤੋਂ ਹੀ ਬੇਰੜਾ ਜਾਪਦਾ ਸੀ। ਉਸ ਦੀ ਮਾਂ ਕੇਰਲਾ ਦੀ ਨਰਸ ਹੈ ਅਤੇ ਬਾਪ ਇਤਾਲੀਅਨ ਪ੍ਰੋਫੈਸਰ। ਦਰਅਸਲ ਦੱਖਣੀ ਭਾਰਤ ਤੋਂ ਰੋਮ ਦੇ ਵੈਟੀਕਨ ਵਿਚ ਬਹੁਤ ਸਾਰੀਆਂ ਨਰਸਾਂ ਅਤੇ ਈਸਾਈ ਸਿਸਟਰਜ਼ ਕੰਮ ਕਰਨ ਆਉਂਦੀਆਂ ਹਨ ਅਤੇ ਇਥੇ ਹੀ ਡੇਰਾ ਜਮਾ ਲੈਂਦੀਆਂ ਹਨ। ਇਤਾਲੀਅਨ ਕੁੜੀਆਂ ਜੋਖਮ ਭਰਿਆ ਕੰਮ ਕਰਨ ਨੂੰ ਤਿਆਰ ਨਹੀਂ ਤੇ ਚਰਚ ਦਾ ਬੰਧਨ ਭਰਿਆ ਜੀਵਨ ਪ੍ਰਵਾਨ ਨਹੀਂ ਕਰਦੀਆਂ। ਮੈਂ ਵੀ ਸਫਰ ਦੇ ਸਾਥੀ ਮਿਲ ਜਾਣ ਤੇ ਖੁਸ਼ੀ ਮਹਿਸੂਸ ਕੀਤੀ।

ਰੋਮ ਤੋਂ ਤਰੀਸਤੇ ਸਤ ਘੰਟੇ ਦਾ ਸਫਰ ਸੀ। ਮੌਸਮ ਗਰਮੀ ਦਾ ਹੋਣ ਕਰਕੇ ਸਭ ਕਿਲਤ ਮਹਿਸੂਸ ਕਰ ਰਹੇ ਸਨ। ਗੱਡੀ ਚੱਲਣ ਨਾਲ ਕੁਝ ਰਾਹਤ ਮਹਿਸੂਸ ਹੋਈ। ਰੋਮ ਦੇ ਨੇੜੇ ਹੀ ਪਹਾੜੀ ਇਲਾਕਾ ਹੈ ਜਿਸ ਦੀਆਂ ਸੁਰੰਗਾਂ ਵਿੱਚੋਂ ਗੱਡੀ ਤੇਜ਼ ਰਫਤਾਰ ਲੰਘ ਰਹੀ ਸੀ। ਕਿਧਰੇ ਭੇਡਾਂ ਦੇ ਵੱਗ ਚਰ ਰਹੇ ਸਨ ਅਤੇ ਕਿਸੇ ਪਹਾੜੀ ਵਿੱਚੋਂ ਨਦੀ ਦਾ ਪਾਣੀ ਕਲੋਲਾਂ ਕਰਦਾ ਵਗ ਰਿਹਾ ਸੀ। ਰੋਮਨ ਬਾਦਸ਼ਾਹਾਂ ਦੇ ਖੰਡਰ ਹੋ ਚੁੱਕੇ ਕਿਲੇ ਅਤੇ ਮਹੱਲ ਵੀ ਲੱਭ ਰਹੇ ਸਨ। ਪਹਾੜੀਆਂ ਦੀਆਂ ਢਲਾਣਾਂ ਤੇ ਅੰਗੂਰਾਂ ਦੀਆਂ ਵੇਲਾਂ ਫੈਲੀਆਂ ਹੋਈਆਂ ਸਨ। ਫਲੋਰੈਂਸ ਅਤੇ ਬਲੌਨੀਆ ਤੋਂ ਲੰਘ ਕੇ ਅਸੀਂ ਵੀਨਸ ਦੇ ਮਸ਼ਹੂਰ ਸ਼ਹਿਰ ਪੁੱਜ ਗਏ। ਗੱਡੀ ਸਮੁੰਦਰ ਉਪਰ ਬਣੇ ਪੁਲ ਤੋਂ ਲੰਘ ਰਹੀ ਸੀ ਅਤੇ ਵੀਨਸ ਸ਼ਹਿਰ ਦਾ ਸੁੰਦਰ ਨਜ਼ਾਰਾ ਦਿਲ ਨੂੰ ਖਿੱਚ ਪਾ ਰਿਹਾ ਸੀ। ਇੱਥੇ ਗਰਮੀ ਦੀ ਰੁੱਤੇ ਵਿਸ਼ਵ ਭਰ ਤੋਂ ਸੈਲਾਨੀ ਆ ਪਹੁੰਚਦੇ ਹਨ ਕਿਉਂਕਿ ਸਮੁੰਦਰ ਵਿਚ ਉਸਾਰਿਆ ਗਿਆ ਇਹ ਸ਼ਹਿਰ ਯੂਨੈਸਕੋ ਨੇ ਇਕ ਅਜੂਬਾ ਘੋਸ਼ਿਤ ਕਰ ਰੱਖਿਆ ਹੈ। ਦੋ ਘੰਟੇ ਦੇ ਹੋਰ ਸਫਰ ਬਾਅਦ ਮੈਂ ਤਰੀਸਤੇ ਸ਼ਹਿਰ ਜਾ ਪਹੁੰਚਿਆ ਜਿੱਥੇ ਮੇਰੇ ਰਹਿਣ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਜਾ ਚੁੱਕਾ ਸੀ।

ਪ੍ਰੋ: ਅਬਦੁੱਸ ਸਲਾਮ ਨੇ ਇਤਾਲੀਅਨ ਸਰਕਾਰ ਦੀ ਮਦਦ ਨਾਲ ਤਰੀਸਤੇ ਸ਼ਹਿਰ ਵਿਚ ਸਿਧਾਂਤਕ ਭੌਤਿਕ ਵਿਗਿਆਨ ਦੀ ਖੋਜ ਲਈ ਇਕ ਕੇਂਦਰ ਸਥਾਪਿਤ ਕਰ ਲਿਆ ਸੀ ਜਿੱਥੇ ਤੀਸਰੀ ਦੁਨੀਆਂ ਦੇ ਹੋਣਹਾਰ ਵਿਗਿਆਨੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ। 1978 ਤੋਂ ਮੇਰਾ ਸੰਪਰਕ ਇਸ ਕੇਂਦਰ ਨਾਲ ਹੋਇਆ ਅਤੇ ਅਬਦੁੱਸ ਸਲਾਮ ਪੰਜਾਬੀ ਹੋਣ ਦੇ ਨਾਤੇ ਮੇਰੇ ਚੰਗੇ ਮਿੱਤਰ ਹੋ ਨਿਬੜੇ। ਇਸ ਖੋਜ ਕੇਂਦਰ ਦੀ ਬਦੌਲਤ ਹੀ ਮੈਂ ਭੁਚਾਲਾਂ ਦੀ ਵਿਸ਼ਵ ਪੱਧਰੀ ਖੋਜ ਦਾ ਆਗਾਜ਼ ਕੀਤਾ ਅਤੇ ਦੁਨੀਆਂ ਭਰ ਦੇ
~~~

ਖੋਜੀਆਂ ਨਾਲ ਮੇਰਾ ਸੰਪਰਕ ਕਾਇਮ ਹੋ ਗਿਆ। ਸਮੁੰਦਰ ਦੇ ਕਿਨਾਰੇ ਇਕ ਅਤੀ ਸੁੰਦਰ ਬਾਗ ਅਤੇ ਮੀਰਾਮਾਰੇ ਮਹੱਲ ਦੇ ਕੋਲ ਹੀ ਖੋਜ ਕੇਂਦਰ ਦੀ ਇਮਾਰਤ ਹੈ ਜਿੱਥੇ ਮੇਰਾ ਰੈਣ ਬਸੇਰਾ ਸੀ। ਤਾਜੀ ਹਵਾ ਦੇ ਬੁੱਲੇ ਲੁੱਟਣ ਲਈ ਮੈਂ ਗੈਸਟ ਹਾਊਸ ਵਿਚ ਸਮਾਨ ਰੱਖ ਕੇ ਸਮੁੰਦਰ ਵੱਲ ਨਿਕਲ ਪਿਆ। ਸੂਰਜ ਅਸਤ ਹੋ ਰਿਹਾ ਸੀ ਅਤੇ ਇਸਦੀਆਂ ਬਲੌਰੀ ਕਿਰਣਾਂ ਸਮੁੰਦਰੀ ਪਾਣੀਆਂ ਨੂੰ ਮਾਨੋ ਅੱਗ ਲਗਾ ਰਹੀਆਂ ਸਨ। ਵਿਸ਼ਵ ਭਰ ਵਿਚ ਅਜਿਹਾ ਰਮਣੀਕ ਨਜਾਰਾ ਕਿਧਰੇ ਨਹੀਂ ਲੱਭਦਾ। ਇਸ ਕੇਂਦਰ ਦੀ ਇਹ ਵਿਲੱਖਣਤਾ ਹੈ ਕਿ ਸ਼ਹਿਰ ਦੇ ਘੁਟਵੇਂ ਵਾਤਾਵਰਣ ਤੋਂ ਬਾਹਰ ਕੁਦਰਤ ਰਾਣੀ ਦੀ ਗੋਦ ਵਿਚ ਸਥਿਤ ਹੈ। ਇੱਥੇ ਵਿਗਿਆਨੀ ਪਹੁੰਚਣ ਸਾਰ ਇਕ ਕਵੀ ਹੋ ਨਿਬੜਦਾ ਹੈ। ਪ੍ਰੋ: ਅਬਦੁਸ ਸਲਾਮ ਇਸ ਕੇਂਦਰ ਦੇ ਰੂਹੇ ਰਵਾਂ ਸਨ ਪਰੰਤੂ ਉਹਨਾਂ ਦੀ ਮੌਤ ਤੋਂ ਬਾਅਦ ਵੀ ਇਤਾਲੀਅਨ ਸਰਕਾਰ ਨੇ ਇਸ ਕੇਂਦਰ ਨੂੰ ਉਹਨਾਂ ਦੀ ਯਾਦ ਵਿਚ ਸਮਰਪਿਤ ਅਤੇ ਸਦੀਵੀ ਰੱਖਣ ਲਈ ਇਸ ਦਾ ਨਾਮ 'ਅਬਦੁਸ ਸਲਾਮ ਅੰਤਰ ਰਾਸ਼ਟਰੀ ਖੋਜ ਕੇਂਦਰ' ਰੱਖ ਦਿੱਤਾ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਸਾਡੀਆਂ ਸੰਸਥਾਵਾਂ ਦਾ ਨਾਮਕਰਣ ਸਿਆਸੀ ਹਸਤੀਆਂ ਦੇ ਪਿੱਛੇ ਕੀਤਾ ਜਾਂਦਾ ਹੈ ਜਦਕਿ ਯੂਰਪ ਦੇ ਦੇਸ਼ ਆਪਣੇ ਅਤੇ ਕਈ ਵਾਰ ਬਿਗਾਨੇ ਦੇਸ਼ ਦੇ ਵਿਗਿਆਨੀ ਨੂੰ ਇਹ ਮਾਣ ਸਤਿਕਾਰ ਦਿੰਦੇ ਹਨ।

ਸਮੁੰਦਰ ਕਿਨਾਰੇ ਬੈਠ ਕੇ ਮੈਂ ਰਹਿਰਾਸ ਦਾ ਪਾਠ ਕੀਤਾ। ਦਿਲ ਦੀਆਂ ਡੂੰਘਾਣਾਂ ਵਿੱਚੋਂ ਪੁਰਾਣੀਆਂ ਯਾਦਾਂ ਉਮੱਡ ਆਈਆਂ। ਆਪਣੇ ਮਿੱਤਰ ਅਤੇ ਮਿਹਰਬਾਨ ਵਿਗਿਆਨੀ ਦੀ ਯਾਦ ਨੇ ਬਿਹਬਲ ਕਰ ਦਿੱਤਾ। ਗੁਰ ਸ਼ਬਦ ਦੀ ਟੇਕ ਲੈ ਕੇ ਮਨ ਨੂੰ ਢਾਰਸ ਦਿੱਤੀ। ਮੈਂ ਕਾਫੀ ਚਿਰ ਗੁਣਗਣਾਂਦਾ ਰਿਹਾ:

ਸੱਜਣ ਮੇਰੇ ਰਾਂਗਲੇ ਜਾਏ ਸੁੱਤੇ ਜੀਰਾਂਦ।

ਹੰਭੀ ਵੰਞਾ ਡੁੰਮਣੀ ਰੋਵਾਂ ਝੀਣੀ ਵਾਣ।

ਇਹ ਪਹਿਲੀ ਵਾਰੀ ਸੀ ਕਿ ਖੋਜ ਕੇਂਦਰ ਵਿਚ ਅਬਦੁੱਸ ਸਲਾਮ ਨਾਲ ਮੁਲਾਕਾਤ ਨਹੀਂ ਹੋਣੀ ਸੀ ਕਿਉਂਕਿ ਉਹ ਪੰਜ ਸਾਲ ਪਹਿਲਾਂ ਅੱਲਾ ਨੂੰ ਪਿਆਰੇ ਹੋ ਗਏ ਸਨ। ਜਦੋਂ ਉਹਨਾਂ ਨੂੰ ਭੌਤਿਕ ਵਿਗਿਆਨ ਵਿਚ ਆਹਲਾ ਦਰਜੇ ਦੀ ਖੋਜ ਕਰਨ ਸਦਕਾ ਨੋਬਲ ਪੁਰਸਕਾਰ ਮਿਲਿਆ ਤਾਂ ਅਬਦੁਸ ਸਲਾਮ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਆਨਰੇਰੀ ਡਿਗਰੀ ਪ੍ਰਾਪਤ ਕਰਕੇ ਕਾਦੀਆਂ ਦੀ ਜ਼ਿਆਰਤ ਕਰਨ ਗਏ। ਉਹ ਕਾਦੀਆਨੀ ਫਿਰਕੇ ਨਾਲ ਸੰਬੰਧ ਰਖਦੇ ਸਨ ਅਤੇ ਆਪਣੇ ਨਾਨਕੇ ਘਰ ਕਾਦੀਆਂ ਦੇ ਨੇੜੇ ਹੀ ਇਕ ਪਿੰਡ ਵਿਚ ਪੈਦਾ ਹੋਏ ਸਨ। ਇਸ ਯਾਤਰਾ ਵਿਚ ਮੈਂ ਪੂਰੀ ਤਰ੍ਹਾਂ ਸ਼ਾਮਲ ਸੀ। ਹਰ ਪੰਜਾਬੀ ਅਤੇ ਭਾਰਤੀ ਉਹਨਾਂ ਉਪਰ ਵਾਰੇ ਜਾ ਰਿਹਾ ਸੀ ਕਿਉਂਕਿ ਸੀ.ਵੀ.ਰਮਨ ਤੋਂ ਬਾਅਦ ਇਹ ਦੂਸਰਾ ਭੌਤਿਕ ਵਿਗਿਆਨੀ ਸੀ ਜਿਸ ਨੇ ਇਸ ਖਿਤੇ ਵਿੱਚੋਂ ਨੋਬਲ ਪੁਰਸਕਾਰ ਹਾਸਲ ਕੀਤਾ ਸੀ। ਅਬਦੁੱਸ ਸਲਾਮ ਕਹਿਣ ਲੱਗਾ, "ਸਾਰੀ ਦੁਨੀਆਂ ਦੇ ਮਾਨ ਸਨਮਾਨ ਪ੍ਰਾਪਤ ਕਰਕੇ ਵੀ ਮੇਰੀ ਰੀਝ ਪੂਰੀ ਨਹੀਂ ਸੀ ਹੋਈ ਪਰੰਤੂ ਕਾਦੀਆਂ ਦੇ ਪੰਜਾਬੀਆਂ ਨੇ ਮੈਨੂੰ ਜੋ ਮਾਣ ਬਖਸ਼ਿਆ ਹੈ ਇਸ ਨਾਲ ਮੇਰਾ ਹਿਰਦਾ ਗਦਗਦ ਹੋ ਉਠਿਆ ਹੈ।" ਇਸ ਮੌਕੇ ਉਪਰ ਮੈਂ ਵੀ ਇਕ ਜਜ਼ਬਾਤੀ ਲਹਿਜੇ ਦਾ ਭਾਸ਼ਣ ਕੀਤਾ ਸੀ।

29 ਅਗਸਤ ਸਵੇਰੇ ਸੈਰ ਕਰਨ ਲਈ ਮੈਂ ਮੀਰਾਮਾਰੇ ਦੇ ਬਾਗ ਵਿਚ ਘੁੰਮਣ ਨਿਕਲ ਗਿਆ। ਇਥੋਂ ਦੂਰ ਤੱਕ ਸਮੁੰਦਰੀ ਨਜ਼ਾਰਾ ਲੱਭ ਰਿਹਾ ਸੀ। ਸਾਫ ਮੌਸਮ ਵਿਚ ਵੀਨਸ ਸ਼ਹਿਰ ਦੀਆਂ ਰੋਸ਼ਨੀਆਂ ਇਥੋਂ ਲੱਭ ਪੈਂਦੀਆਂ ਹਨ। ਪਹਾੜੀ ਦੇ ਪਿਛਲੇ ਪਾਸਿਉਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਨਜ਼ਰ ਪੈ ਰਹੀਆਂ ਸਨ। ਬਾਗ ਵਿਚ ਚੁੱਪ ਅਤੇ ਸ਼ਾਂਤੀ ਦਾ ਮਹੌਲ ਸੀ। ਇਉਂ ਜਾਪਿਆ ਅਬਦੁੱਸ ਸਲਾਮ ਦੀ ਰੂਹ ਇਸ ਖੋਜ ਕੇਂਦਰ ਅਤੇ ਮੀਰਾਮਾਰੇ ਬਾਗ ਵਿਚ ਪਸਰੀ ਹੋਈ ਹੈ। ਉਹ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਨਮਾਜ਼ ਪੜ੍ਹਦਾ ਸੀ ਅਤੇ ਬਾਗ ਦੀ ਸੈਰ ਕਰਕੇ ਆਪਣੀ ਖੋਜ ਸਾਧਨਾ ਵਿਚ ਜੁੱਟ ਜਾਂਦਾ ਸੀ। ਇਹ ਨਿਤਨੇਮ ਉਸ ਜਿੰਦਗੀ ਭਰ ਕਾਇਮ ਰੱਖਿਆ। ਬਾਬਾ ਫਰੀਦ ਦੀ ਬਾਣੀ ਅਤੇ ਆਸਾ ਦੀ ਵਾਰ ਦੀਆਂ ਕੀਰਤਨ ਟੇਪਾਂ ਮੈਂ ਭੇਟ ਕਰ ਆਇਆ ਸਾਂ ਅਤੇ ਉਹ ਬਹੁਤ ਸ਼ੌਕ ਨਾਲ ਸ਼ਬਦ ਸੁਣਿਆ ਕਰਦੇ ਸਨ। ਹਰਿਮੰਦਰ ਸਾਹਿਬ ਦਾ ਸਿਰੋਪਾ ਤਾਂ ਉਹ ਰਾਤ ਨੂੰ ਸਿਰ ਤੇ ਬੰਨਿਆ ਕਰਦੇ ਸਨ। ਇਕ ਵਾਰ ਕਹਿਣ ਲੱਗੇ: "ਮੇਰਾ ਘਰ ਝੰਗ ਸ਼ਹਿਰ ਦੇ ਗੁਰਦਵਾਰੇ ਦੇ ਨੇੜੇ ਸੀ ਅਤੇ ਹਰ ਰੋਜ਼ ਅਰਦਾਸ ਉਪਰੰਤ ਮੈਂ ਆਪਣੇ ਸਿਖ ਹਾਣੀ ਮੁੰਡਿਆਂ ਨਾਲ ਰਲਕੇ ਪਰਸ਼ਾਦ ਲੈਣ ਜਾਇਆ ਕਰਦਾ ਸਾਂ। ਆਸਾ ਦੀ ਵਾਰ ਦਾ ਕੀਰਤਨ ਮੇਰੇ ਘਰ ਸੁਣਾਈ ਦਿੰਦਾ ਸੀ ਅਤੇ ਮੈਨੂੰ ਗੁਰਬਾਣੀ ਅਤੇ ਬਾਬੇ ਨਾਨਕ ਨਾਲ ਦਿਲੀ ਮੁਹੱਬਤ ਬਚਪਨ ਤੋਂ ਹੀ ਹੋ ਗਈ ਸੀ।"

ਸਲੋਵੇਨੀਆ ਦੇ ਸ਼ਹਿਰ ਪੋਰਤੋਰੋਜ਼ ਜਾਣ ਲਈ ਮੈਂ ਖੋਜ ਕੇਂਦਰ ਤੋਂ ਲੋਕਲ ਬੱਸ ਤੇ ਸਵਾਰ ਹੋ ਕੇ ਤਰੀਸਤੇ ਦੇ ਬੱਸ ਅੱਡੇ ਤੇ ਜਾ ਪਹੁੰਚਿਆ। ਪੋਰਤੋਰੋਜ਼ ਦੀ ਬੱਸ ਲੱਭ ਕੇ ਸਵਾਰ ਹੋ ਗਿਆ ਅਤੇ ਡਰਾਈਵਰ ਤੋਂ ਟਿਕਟ ਦੀ ਮੰਗ ਕੀਤੀ। ਯੂਰਪ ਵਿਚ ਬੱਸ ਕੰਡਕਟਰ ਨਹੀਂ ਹੁੰਦੇ ਅਤੇ ਡਰਾਈਵਰ ਹੀ ਟਿਕਟਾਂ ਕੱਟਦਾ ਹੈ। ਇਕ ਘੰਟੇ ਦੇ ਸਫਰ ਦੇ ਬਾਅਦ ਅਸੀਂ ਸਲੋਵੀਨੀਆ ਦੀ ਸਰਹੱਦ ਤੇ ਪਹੁੰਚ ਗਏ। ਪਹਿਲਾਂ ਇਟਲੀ ਵਾਲਿਆਂ ਬੱਸ ਦੀ ਚੈਕਿੰਗ ਕੀਤੀ ਅਤੇ ਫਿਰ ਸਲੋਵੀਨੀਆ ਦੇ ਕਸਟਮ ਅਧਿਕਾਰੀ ਅਤੇ ਪੁਲਿਸ ਆਣ ਚੜ੍ਹੀ। ਮੇਰੇ ਕੋਲ ਦਾਖਲ ਹੋਣ ਲਈ ਵੀਜ਼ਾ ਨਹੀਂ ਸੀ ਕਿਉਂਕਿ ਸਲੋਵੀਨੀਆ ਦੀ ਭਾਰਤ ਵਿਚ ਕੋਈ ਅੰਬੈਸੀ ਨਹੀਂ ਹੈ।

ਅੰਤਰ ਰਾਸ਼ਟਰੀ ਕਾਨਫਰੰਸ ਵਾਲਿਆਂ ਨੇ ਮੈਨੂੰ ਚਿੱਠੀ ਭੇਜ ਰੱਖੀ ਸੀ ਕਿ ਬਾਰਡਰ ਤੇ ਵੀਜ਼ਾ ਮਿਲ ਜਾਵੇਗਾ। ਮੈਨੂੰ ਪਾਸਪੋਰਟ ਲੈ ਕੇ ਵੀਜ਼ਾ ਦਫਤਰ ਜਾਣ ਲਈ ਕਿਹਾ ਗਿਆ ਪਰੰਤੂ ਵੀਜ਼ਾ ਅਫਸਰ ਫੀਸ ਟਾਲਰਾਂ ਵਿਚ ਮੰਗ ਰਿਹਾ ਸੀ ਜੋ ਸਲੋਵੀਨੀਆ ਦੀ ਕਰੰਸੀ ਹੈ। ਮੇਰੇ ਪਾਸ ਡਾਲਰ ਹੀ ਸਨ ਅਤੇ ਬੈਂਕ ਕਾਫੀ ਦੂਰ ਸੀ ਜਿੱਥੋਂ ਕਰੰਸੀ ਬਦਲਣੀ ਸੀ। ਬੱਸ ਦਾ ਡਰਾਈਵਰ ਦੇਰੀ ਕਾਰਨ ਖਿਝ ਰਿਹਾ ਸੀ। ਕੁਝ ਸਵਾਰੀਆਂ ਵੀ ਕਾਹਲੀ ਵਿਚ ਸਨ, ਉਹ ਮੇਰਾ ਸਮਾਨ ਸੜਕ ਤੇ ਉਤਾਰ ਕੇ ਅੱਗੇ ਚਲਦਾ ਬਣਿਆ।

ਸਲੋਵੀਨੀਆ ਵਿਚ ਦਾਖਲ ਹੋਣ ਲਈ ਇਕਹਿਰਾ ਵੀਜ਼ਾ ਤਾਂ ਮਿਲ ਗਿਆ ਪਰੰਤੂ ਪੋਰਤੋਰੋਜ਼ ਵਿਚ ਗਿਆਰਾਂ ਵਜੇ ਪਹੁੰਚਣਾ ਜ਼ਰੂਰੀ ਸੀ ਤਾਂ ਕਿ ਮੈਂ ਆਪਣਾ ਖੋਜ ਪੱਤਰ ਪੇਸ਼ ਕਰ ਸਕਾਂ। ਮੈਂ ਵੀਜ਼ਾ ਅਫਸਰ ਨੂੰ ਪੁੱਛ ਕੇ ਕਾਨਫਰੰਸ ਦੇ ਚੇਅਰਮੈਨ ਨੂੰ ਫੋਨ ਕੀਤਾ ਕਿ ਮੇਰੇ ਲਈ ਸਟਾਫ ਕਾਰ ਭੇਜੀ ਜਾਵੇ। ਉਸ ਨੇ ਮਜਬੂਰੀ ਦੱਸੀ ਤੇ ਲੋਕਲ ਬਸ ਤੇ ਸਫਰ ਕਰਨ ਦੀ ਹਿਦਾਇਤ ਕਰ ਦਿਤੀ। ਵੀਜ਼ਾ ਅਫਸਰ ਕਾਫੀ ਮਿਹਰਬਾਨ ਨਿਕਲਿਆ, ਉਸਨੇ ਸਿਪਾਹੀ ਨੂੰ ਕਿਹਾ ਕੇ ਮੈਨੂੰ ਕਿਸੇ ਹੋਰ ਦੀ ਕਾਰ ਵਿਚ ਬਿਠਾ ਕੇ ਪੋਰਤੋਰੋਜ਼ ਭੇਜ ਦੇਵੇ।

ਗਰਮੀਆਂ ਦੀ ਛੁੱਟੀਆਂ ਵਿਚ ਇਤਾਲੀਅਨ ਲੋਕ ਐਡਰੀਐਟਿਕ ਸਮੁੰਦਰ ਕੰਢੇ ਡੇਰੇ ਜਮਾ ਲੈਂਦੇ ਹਨ। ਬਾਰਡਰ ਤੋਂ ਕਾਰਾਂ ਤਾਂ ਲੰਘ ਰਹੀਆਂ ਸਨ  ਪਰੰਤੂ ਸਭ ਲੱਦੀਆਂ ਹੋਈਆਂ। ਕੁਝ ਮਿੰਟਾਂ ਬਾਅਦ ਇਕ ਇਤਾਲੀਅਨ ਬੀਬੀ ਆਪਣੇ ਪਾਲਤੂ ਕੁੱਤੇ ਸਮੇਤ ਬਾਰਡਰ ਤੇ ਆ ਰੁਕੀ। ਮੇਰੇ ਨਾਲ ਖੜੇ ਸਿਪਾਹੀ ਨੇ ਮੇਰੀ ਸਮੱਸਿਆ ਦੱਸੀ ਅਤੇ ਉਹ ਬਿਨਾ ਕਿਸੇ ਹੀਲ ਹੁੱਜਤ ਦੇ ਮੈਨੂੰ ਨਾਲ ਲੈ ਜਾਣ ਦੀ ਪੇਸ਼ਕਸ਼ ਮੰਨ ਗਈ। ਮੁਟਿਆਰ ਨੇ ਕੁੱਤੇ ਨੂੰ ਪਿਛਲੀ ਸੀਟ ਤੇ ਬਿਠਾ ਦਿਤਾ ਅਤੇ ਮੈਨੂੰ ਆਪਣੀ ਅਗਲੀ ਸੀਟ ਤੇ ਬਿਠਾ ਕੇ ਰਵਾਨਾ ਹੋ ਤੁਰੀ। ਉਸਨੂੰ ਅੰਗਰੇਜੀ ਭਾਸ਼ਾ ਦਾ ਗਿਆਨ ਨਹੀਂ ਸੀ ਪਰੰਤੂ ਮਾੜੀ ਮੋਟੀ ਇਤਾਲੀਅਨ ਭਾਸ਼ਾ ਵਿਚ ਮੈਂ ਉਸ ਨੂੰ ਆਪਣੇ ਥਾਂ ਟਿਕਾਣੇ ਦਾ ਪਤਾ ਦਿਤਾ। ਪੋਰਤੋਰੋਜ਼ ਸ਼ਹਿਰ ਦੇ ਨੇੜੇ ਪਹੁੰਚ ਕੇ ਉਸਨੇ ਮੇਰੇ ਹੋਟਲ ਦਾ ਪਤਾ ਲਗਾਇਆ ਅਤੇ ਠੀਕ ਠਿਕਾਣੇ ਪਹੁੰਚਾ ਦਿੱਤਾ ਜਿੱਥੇ ਅੰਤਰ ਰਾਸ਼ਟਰੀ ਕਾਨਫਰੰਸ ਚੱਲ ਰਹੀ ਸੀ। ਵਿਛੜ ਰਹੀ ਇਤਾਲੀਅਨ ਮੁਟਿਆਰ ਦਾ ਮੈਂ ਤਹਿ ਦਿਲੋਂ ਸ਼ੁਕਰੀਆ ਕੀਤਾ ਅਤੇ ਪੰਜਾਬ ਆਉਣ ਦਾ ਸੱਦਾ ਦਿੱਤਾ ਤਾਂ ਕਿ ਉਸਦੇ ਅਹਿਸਾਨ ਦਾ ਬਦਲਾ ਚੁਕਾ ਸਕਾਂ। ਉਹ ਆਪਣਾ ਅਹਿਸਾਨ ਜਤਾਏ ਬਗੈਰ ਅਲਵਿਦਾ ਕਹਿ ਕੇ ਤੁਰਦੀ ਬਣੀ। ਮੈਂ ਯੂਰਪ ਦੀਆਂ ਔਰਤਾਂ ਅਤੇ ਭਾਰਤ ਦੀਆਂ ਗੁਲਾਮ ਔਰਤਾਂ ਦੇ ਵਤੀਰੇ ਦਾ ਟਾਕਰਾ ਕਰਨ ਲੱਗਾ ਅਤੇ ਆਪਣੇ ਹੁਸੀਨ ਸਫਰ ਦੀ ਯਾਦ ਆਪਣੇ ਕਈ ਸਾਥੀਆਂ ਨਾਲ ਸਾਂਝੀ ਕਰਕੇ ਪ੍ਰਸੰਨ ਹੋ ਰਿਹਾ ਸਾਂ।

~~~

## ਸਲੋਵੀਨੀਆ ਦੀ ਯਾਤਰਾ

---

ਅੰਤਰ ਰਾਸ਼ਟਰੀ ਕਾਨਫਰੰਸ ਪੋਰਤੋਰੋਜ਼ ਸ਼ਹਿਰ ਦੇ ਹੋਟਲ ਏਮੋਨਾ ਵਿਖੇ ਹੋ ਰਹੀ ਸੀ ਜੋ ਸਮੁੰਦਰ ਦੇ ਕੰਢੇ ਸਲੋਵੀਨੀਆ ਦਾ ਸਭ ਤੋਂ ਮਸ਼ਹੂਰ ਹੋਟਲ ਹੈ। ਮੈਂ ਆਪਣਾ ਖੋਜ ਪਰਚਾ ਪੜਨ ਤੋਂ ਪਹਿਲਾਂ ਪਹੁੰਚ ਗਿਆ ਸਾਂ ਅਤੇ ਮੇਰੇ ਕਈ ਸਾਥੀ ਮੇਰਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਮੇਰੇ ਪੁਰਾਣੇ ਵਿਦਿਆਰਥੀ ਡਾਕਟਰ ਜੈਨ ਅਤੇ ਲਖਵੰਤ ਸਿੰਘ ਵੀ ਇਸ ਕਾਨਫਰੰਸ ਵਿਚ ਭਾਗ ਲੈ ਰਹੇ ਸਨ। ਦੇਰੀ ਨਾਲ ਪੁੱਜਣ ਕਾਰਨ ਏਮੋਨਾ ਹੋਟਲ ਭਰ ਚੁਕਾ ਸੀ ਅਤੇ ਮੈਨੂੰ ਕਿਸੇ ਹੋਰ ਥਾਂ ਰੈਣ ਬਸੇਰੇ ਖਾਤਰ ਜਾਣਾ ਪੈਣਾ ਸੀ। ਪ੍ਰਬੰਧਕਾਂ ਨੇ ਦੱਸਿਆ ਕਿ ਸਮੁੰਦਰ ਕਿਨਾਰੇ ਮਛੇਰਿਆਂ ਦਾ ਇਕ ਪੁਰਾਣਾ ਪਿੰਡ ਯਾਤਰੀਆਂ ਦੀ ਖਿਚ ਦਾ ਕਾਰਣ ਬਣ ਚੁੱਕਾ ਹੈ ਅਤੇ ਹੋਟਲ ਤੋਂ ਕੇਵਲ ਦੋ ਕਿਲੋਮੀਟਰ ਦੀ ਵਿੱਥ ਤੇ ਹੈ। ਮੈਨੂੰ ਹੋਰ ਕੀ ਚਾਹੀਦਾ ਸੀ, ਨਾਲੇ ਪੈਸੇ ਬਚੇ ਨਾਲੇ ਪੇਂਡੂ ਲੋਕਾਂ ‘ਚ ਰਹਿਣ ਦਾ ਮੌਕਾ ਮਿਲ ਗਿਆ।

ਕਾਨਫਰੰਸ ਦਾ ਸੈਸ਼ਨ ਖਤਮ ਹੋਣ ਦੀ ਦੇਰ ਸੀ ਇਕ ਸੱਜਣ ਆਪਣੀ ਕਾਰ ਲੈ ਕੇ ਆ ਗਿਆ ਅਤੇ ਮੈਨੂੰ ਇਤਿਹਾਸਕ ਪਿੰਡ ਪਿਰਾਨੋ ਲੈ ਗਿਆ। ਇਥੇ ਮੇਰੇ ਰਹਿਣ ਦਾ ਪ੍ਰਬੰਧ ਕਿਸੇ ਬਿਰਧ ਔਰਤ ਦੇ ਘਰ ਕੀਤਾ ਗਿਆ ਸੀ। ਯਾਤਰੀਆਂ ਦੀ ਭਰਮਾਰ ਹੋਣ ਕਾਰਨ ਪਿੰਡ ਦੇ ਲੋਕ ਆਪਣੇ ਘਰਾਂ ਵਿਚ ਮਹਿਮਾਨ ਠਹਿਰਾ ਲੈਂਦੇ ਹਨ ਅਤੇ ਹੋਟਲਾਂ ਨਾਲੋਂ ਸਸਤੇ ਭਾਅ ਕਮਰਾ ਮਿਲ ਜਾਂਦਾ ਹੈ। ਆਪਣੀ ਅਟੈਚੀ ਅਤੇ ਬੈਗ ਲੈ ਕੇ ਮੈਂ ਪਿੰਡ ਦੀ ਭੀੜੀ ਗਲੀ ਵਿਚ ਦਾਖਲ ਹੋ ਗਿਆ ਅਤੇ ਮਕਾਨ ਮਾਲਕਣ ਦੇ ਘਰ ਜਾ ਦਸਤਕ ਦਿੱਤੀ। ਇਕ ਮੁਸੀਬਤ ਦਾ ਸਾਹਮਣਾ ਕਰਨਾ ਪੈ ਗਿਆ ਕਿਉਂਕਿ ਘਰ ਦੀ ਮਾਲਕਣ ਨੂੰ ਮੇਰੀ ਕੋਈ ਵੀ ਭਾਸ਼ਾ ਨਹੀਂ ਸੀ ਆਉਂਦੀ। ਉਹ ਜਰਮਨ ਅਤੇ ਸਲੋਵੀਨਕ ਭਾਸ਼ਾ ਹੀ ਜਾਣਦੀ ਸੀ। ਖੈਰ ਇਸ਼ਾਰਿਆਂ ਦੀ ਭਾਸ਼ਾ ਵੀ ਕੰਮ ਸਾਰ ਦਿੰਦੀ ਹੈ। ਪਹਿਲੀ ਮੰਜ਼ਿਲ ਤੇ ਮੇਰਾ ਕਮਰਾ ਸੀ ਜਿੱਥੋਂ ਸਮੁੰਦਰ ਦਾ ਨਜ਼ਾਰਾ ਲੱਭ ਰਿਹਾ ਸੀ ਅਤੇ ਦੂਸਰੇ ਪਾਸੇ ਖਿੜਕੀ ਖੋਲ੍ਹਿਆਂ ਪਹਾੜੀ ਉਪਰ ਸਰੂ ਦੇ
~~~

ਦਰੱਖਤ ਲੱਭ ਰਹੇ ਸਨ। ਮੇਰੀ ਚੰਗੀ ਕਿਸਮਤ ਨੂੰ ਦਸਾਂ ਡਾਲਰਾਂ ਵਿਚ ਹੀ ਬਹਿਸ਼ਤੀ ਨਜ਼ਾਰਾ ਲੱਭ ਪਿਆ ਜੋ ਹੋਟਲ ਵਿਚ ਪੰਜਾਹ ਡਾਲਰ ਦੇ ਕੇ ਵੀ ਨਹੀਂ ਲੱਭਣਾ ਸੀ।

ਆਪਣਾ ਸਮਾਨ ਟਿਕਾ ਕੇ ਮੈਂ ਪਿੰਡ ਪਿਰਾਨੋ ਦੀ ਸੈਰ ਕਰਨ ਨਿਕਲ ਪਿਆ। ਸਮੁੰਦਰੀ ਕੰਢੇ ਪੱਕੀ ਸੜਕ ਹੈ ਜਿਥੇ ਕਾਰਾਂ ਦੀ ਆਵਾਜਾਈ ਰੋਕਣ ਲਈ ਦਾਖਲਾ ਫੀਸ ਲਈ ਜਾਂਦੀ ਹੈ ਜੋ ਹੋਟਲ ਦੇ ਕਮਰੇ ਦੇ ਬਰਾਬਰ ਜਾ ਪੈਂਦੀ ਹੈ। ਪਿੰਡ ਵਿਚ ਕੇਵਲ ਮਿੰਨੀ ਬੱਸਾਂ ਹੀ ਚਲਦੀਆਂ ਹਨ ਜੋ ਯਾਤਰੀਆਂ ਨੂੰ ਮੁਫਤ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਲੈ ਜਾਂਦੀਆਂ ਹਨ। ਜੇਕਰ ਦੂਰ ਜਾਣਾ ਹੋਵੇ ਤਾਂ ਕਿਸ਼ਤੀ ਰਾਹੀਂ ਸਫਰ ਕਰਨਾ ਪੈਂਦਾ ਹੈ। ਪਿੰਡ ਦੀਆਂ ਭੀੜੀਆਂ ਗਲੀਆਂ ਪੰਜਾਬ ਦੇ ਪੁਰਾਣੇ ਪਿੰਡਾਂ ਜਾਂ ਅੰਮ੍ਰਿਤਸਰ ਦੀਆਂ ਭੀੜੀਆਂ ਗਲੀਆਂ ਨਾਲ ਮੇਲ ਖਾਂਦੀਆਂ ਹਨ। ਯਾਤਰੀ ਪੈਦਲ ਹੀ ਸੈਰ ਕਰਦੇ ਹਨ ਕੋਈ ਕਾਰ ਜਾਂ ਹੋਰ ਵਾਹਨ ਦਾਖਲ ਨਹੀਂ ਹੋ ਸਕਦਾ। ਛੋਟੇ ਛੋਟੇ ਘਰਾਂ ਵਿਚ ਰੈਸਤੋਰਾਂ ਚਲ ਰਹੇ ਹਨ ਅਤੇ ਹਰ ਕਿਸਮ ਦੀ ਸਹੂਲਤ ਮੁਹੱਈਆ ਕੀਤੀ ਜਾਂਦੀ ਹੈ। ਪਿੰਡ ਦੇ ਚੌਂਕ ਵਿਚ ਸਲੋਵੀਨੀਆ ਦੇ ਪੁਰਾਣੇ ਬਾਦਸ਼ਾਹ ਦਾ ਬੁੱਤ ਲੱਗਾ ਹੋਇਆ ਹੈ ਅਤੇ ਇਕ ਫੁਹਾਰਾ। ਕਿਸੇ ਸਮੇਂ ਸਲੋਵੀਨੀਆ ਅਜ਼ਾਦ ਦੇਸ਼ ਸੀ ਪਰੰਤੂ ਵਧੇਰੇ ਸਮਾਂ ਇਹ ਅਸਟਰੀਆ ਦਾ ਭਾਗ ਬਣਿਆ ਰਿਹਾ। ਪਹਿਲੇ ਵਿਸ਼ਵ ਯੁੱਧ ਵਿਚ ਇਸਨੂੰ ਯੂਗੋਸਲਾਵੀਆ ਵਿਚ ਸ਼ਾਮਲ ਕਰ ਦਿੱਤਾ ਗਿਆ ਸੀ। ਮਾਰਸ਼ਲ ਟੀਟੋ ਦੇ ਰਾਜ ਸਮੇਂ ਯੂਗੋਸਲਾਵੀਆ ਅਤੇ ਭਾਰਤ ਦੀ ਪੀਡੀ ਸਾਂਝ ਸੀ ਪਰੰਤੂ ਟੀਟੋ ਦੀ ਮੌਤ ਬਾਅਦ ਯੂਗੋਸਲਾਵੀਆ ਦੇ ਕਈ ਟੁਕੜੇ ਹੋ ਚੁਕੇ ਹਨ। ਸਭ ਤੋਂ ਪਹਿਲਾਂ ਸਲੋਵੀਨੀਆਂ ਦੇ ਲੋਕਾਂ ਨੇ ਬਗਾਵਤ ਕੀਤੀ ਅਤੇ ਬਗੈਰ ਕਿਸੇ ਖ਼ੂਨ ਖਰਾਬੇ ਦੇ ਅਜ਼ਾਦ ਹੋ ਗਏ।

ਸਲੋਵੀਨੀਆ ਦਾ ਰਕਬਾ ਪੰਜਾਬ ਜਿੰਨਾ ਹੈ ਪਰੰਤੂ ਆਬਾਦੀ ਕੇਵਲ ਵੀਹ ਲੱਖ ਦੇ ਲਗਭਗ ਹੈ ਜੋ ਕਿ ਲੁਧਿਆਣੇ ਦੇ ਸ਼ਹਿਰ ਤੋਂ ਵੀ ਘੱਟ ਜਾਪਦੀ ਹੈ। ਵਧੇਰੇ ਧਰਤੀ ਪਹਾੜੀ ਇਲਾਕਾ ਹੈ ਅਤੇ ਅੰਗੂਰ ਦੀ ਖੇਤੀ ਹੁੰਦੀ ਹੈ। ਸਮੁੰਦਰੀ ਕੰਢਾ ਵੀ ਪੰਜਾਹ ਕਿਲੋਮੀਟਰ ਹੀ ਹੈ ਪਰੰਤੂ ਯਾਤਰੀਆਂ ਦੀ ਸਹੂਲਤ ਲਈ ਬਹੁਤ ਸਾਰੇ ਸੁੰਦਰ ਹੋਟਲ ਬਣਾਏ ਗਏ ਹਨ ਤੇ ਆਮਦਨ ਦਾ ਚੰਗਾ ਜ਼ਰੀਆ ਹਨ। ਪਹਾੜੀ ਰਸਤਿਆਂ ਉਪਰ ਜਰਨੈਲੀ ਸੜਕਾਂ ਬਣਾਈਆਂ ਗਈਆਂ ਹਨ ਅਤੇ ਆਵਾਜਾਈ ਦੇ ਸਾਧਨ ਭਾਰਤ ਤੋਂ ਕਿਤੇ ਬਿਹਤਰ ਹਨ। ਯੂਰਪ ਦੇ ਛੋਟੇ ਛੋਟੇ ਦੇਸ਼ ਪੰਜਾਬ ਤੋਂ ਖੁਸ਼ਹਾਲ ਜਾਪਦੇ ਹਨ। ਸਲੋਵੀਨੀਆ ਕੋਲ ਨਾ ਤੇਲ ਹੈ ਅਤੇ ਨਾ ਹੀ ਖਣਿਜ ਪਦਾਰਥ ਪਰੰਤੂ ਕੁਦਰਤ ਨੇ ਆਮਦਨ ਦਾ ਇਕ ਅਜਿਹਾ ਸਾਧਨ ਮੁਹੱਈਆ ਕਰਵਾ ਰੱਖਿਆ ਹੈ ਜੋ ਯੂਰਪ ਵਿਚ ਹੋਰ ਕਿਧਰੇ ਨਹੀਂ ਲੱਭਦਾ।

30 ਅਗਸਤ ਨੂੰ ਦੁਪਹਿਰ ਦੇ ਭੋਜਨ ਉਪਰੰਤ ਸਾਰੇ ਡੈਲੀਗੇਟ ਬੱਸਾਂ ਤੇ ਸਵਾਰ ਹੋ ਕੇ ਪੋਸਤਜਾਨਾ ਕੇਵਜ਼ (ਗੁਫਾਵਾਂ) ਦਾ ਨਜ਼ਾਰਾ ਵੇਖਣ ਗਏ। ਸਲੋਵੀਨੀਆ ਦੇ ਪਹਾੜਾਂ ਵਿਚ ਕਈ ਕਿਲੋਮੀਟਰ ਲੰਬਾਈ ਦੀਆਂ ਗੁਫਾਵਾਂ ਹਨ ਅਤੇ ਪੋਸਤਜਾਨਾ ਦੀ ਗੁਫਾ ਚੌਦਾਂ ਕਿਲੋਮੀਟਰ ਲੰਬੀ ਹੈ। ਇਹ ਕੁਦਰਤ ਦਾ ਅਦਭੁੱਤ ਨਜ਼ਾਰਾ ਪੇਸ਼ ਕਰਦੀ ਹੈ। ਯਾਤਰੀਆਂ ਦੀ ਸਹੂਲਤ ਲਈ ਇਸ ਅੰਦਰ ਰੇਲ ਗੱਡੀ ਤੇ ਸਫਰ ਕੀਤਾ ਜਾ ਸਕਦਾ ਹੈ। ਹਰ ਘੰਟੇ ਬਾਅਦ ਇੱਥੇ ਗੱਡੀ ਘੁੰਮਦੀ ਰਹਿੰਦੀ ਹੈ ਅਤੇ ਟਿਕਟਾਂ ਲੈ ਕੇ ਅਸੀਂ ਗੁਫਾ ਦੀ ਯਾਤਰਾ ਲਈ ਸਵਾਰ ਹੋ ਗਏ। ਅੰਦਰ ਜਾਣ ਤੋਂ ਪਹਿਲਾਂ ਗਰਮ ਕੋਟ ਪਾਉਣਾ ਪੈਂਦਾ ਹੈ ਕਿਉਂਕਿ ਅੰਦਰ ਦਾ ਤਾਪਮਾਨ ਗਰਮੀਆਂ ਵਿਚ ਵੀ ਪੰਜ ਦਰਜਾ ਸੈਂਟੀਗਰੇਡ ਹੁੰਦਾ ਹੈ। ਗੁਫਾ ਅੰਦਰ ਕਈ ਨਜ਼ਾਰੇ ਲੱਭਦੇ ਹਨ ਜਿਵੇਂ ਕਿਸੇ ਪਰੀ ਦੇਸ ਦੀ ਸੈਰ ਕਰ ਰਹੇ ਹੋਈਏ। ਗੁਫਾ ਦੀ ਛੱਤ ਤੋਂ ਪਾਣੀ ਦੇ ਤੁਪਕੇ ਟਪਕਦੇ ਰਹਿੰਦੇ ਹਨ ਜੋ ਹਵਾ ਵਿਚ ਡਿੱਗਣ ਸਾਰ ਬਰਫ ਦਾ ਰੂਪ ਧਾਰਨ ਕਰ ਲੈਂਦੇ ਹਨ। ਕਰੋੜਾਂ ਸਾਲਾਂ ਤੋਂ ਇਹ ਕਿਰਿਆ ਚੱਲ ਰਹੀ ਹੈ ਜਿਸ ਕਾਰਨ ਗੁਫਾ ਅੰਦਰ ਛੱਤ ਤੋਂ ਲਟਕ ਰਹੇ ਅਤੇ ਧਰਤ ਤੋਂ ਥੰਮਾਂ ਵਾਂਗ ਉਸਰੇ ਹੋਏ ਸ਼ਿਵਲਿੰਗ ਬਣ ਚੁਕੇ ਹਨ। ਕਈ ਜਗਾ ਇਹ ਛੱਤ ਤੋਂ ਧਰਤੀ ਤੱਕ ਇਕ ਥੰਮ ਜਿਹਾ ਹੀ ਬਣ ਗਏ ਹਨ।

ਦਰਅਸਲ, ਅਮਰਨਾਥ ਦੀ ਗੁਫਾ ਦਾ ਸ਼ਿਵਲਿੰਗ ਵੀ ਇਸੇ ਅਮਲ ਦੁਆਰਾ ਬਣਦਾ ਹੈ। ਪਰੰਤੂ ਵਾਰੇ ਜਾਈਏ ਭਾਰਤ ਦੇ ਬ੍ਰਾਹਮਣੀ ਸਭਿਆਚਾਰ ਦੇ ਜਿਸਨੇ ਭਾਰਤੀ ਲੋਕਾਂ ਦੀ ਜ਼ਹਿਨੀਅਤ ਨੂੰ ਆਪਣੇ ਸ਼ਿਕੰਜੇ ਵਿਚ ਜਕੜ ਰੱਖਿਆ ਹੈ। ਸਲੋਵੀਨੀਆ ਦੇ ਬਰਫ ਦੇ ਸ਼ਿਵਲਿੰਗ ਤਾਂ ਦੁਨੀਆਂ ਭਰ ਵਿਚ ਅਜੂਬਾ ਹਨ ਅਤੇ ਇਹਨਾਂ ਨੂੰ ਭੂ-ਵਿਗਿਆਨੀ ਸਟੈਲਕੇਮਾਈਟ ਕਹਿੰਦੇ ਹਨ। ਪਹਾੜੀ ਗੁਫਾਵਾਂ ਵਿਚ ਇਹ ਚੀਨ, ਯੂਨਾਨ, ਫਰਾਂਸ, ਇਟਲੀ ਅਤੇ ਹੋਰ ਕਈ ਦੇਸਾਂ ਵਿਚ ਮੈਂ ਆਪਣੀ ਯਾਤਰਾ ਦੌਰਾਨ ਵੇਖੇ ਹਨ ਪਰੰਤੂ ਇਹਨਾਂ ਦੀ ਸ਼ਿਵਲਿੰਗ ਵਾਲੀ ਪਹਿਚਾਣ ਕੇਵਲ ਭਾਰਤ ਵਿਚ ਹੀ ਲੱਭਦੀ ਹੈ। ਪੋਸਤਜਾਨਾ ਦੀਆਂ ਗੁਫਾਵਾਂ ਵਿਸ਼ਵ ਭਰ ਵਿਚ ਪ੍ਰਸਿੱਧ ਹਨ। ਇਕ ਵੱਡੀ ਗੁਫਾ ਅੰਦਰ ਤਾਂ ਕਈ ਹਾਲ ਬਣੇ ਹੋਏ ਹਨ ਜਿਥੇ ਹਜ਼ਾਰਾਂ ਲੋਕ ਮਿਊਜ਼ਿਕ ਸਮਾਰੋਹਾਂ ਦਾ ਆਨੰਦ ਮਾਣਦੇ ਹਨ। ਰੋਸ਼ਨੀ ਵਿਚ ਇਹ ਸਫੈਦ, ਬਲੌਰੀ ਅਤੇ ਨੀਲੇ ਰੰਗ ਦੀ ਭਾਅ ਮਾਰਦੇ ਹਨ ਜਿਵੇਂ ਕਿ ਕਿਸੇ ਪਰਿਜ਼ਮ ਵਿਚੋਂ ਰੋਸ਼ਨੀ ਦੀ ਕਿਰਣ ਲੰਘਣ ਤੇ ਸਤਰੰਗੀ ਪੀਂਘ ਦਾ ਨਜ਼ਾਰਾ ਲੱਭ ਪੈਂਦਾ ਹੈ।

31 ਅਗਸਤ ਨੂੰ ਮੈਂ ਸਲੋਵੀਨੀਆ ਤੋਂ ਇਟਲੀ ਪਰਤਣਾ ਸੀ। ਪਿਰਾਨੋ ਪਿੰਡ ਦੀਆਂ ਗਲੀਆਂ ਨਾਲ ਮੇਰੀ ਸਾਂਝ ਪੈ ਗਈ ਸੀ। ਘਰ ਦੀ ਮਾਲਕਣ ਨੂੰ ਮਿਲ ਕੇ ਵਿਦਾ ਹੋਣ ਦਾ ਮਨ ਬਣਾ ਲਿਆ। ਮੈਂ ਉਸ ਦੇ ਪਰਿਵਾਰ ਬਾਰੇ ਪੁੱਛਿਆ ਤਾਂ ਉਹ ਜਾਰ ਜਾਰ ਰੋਣ

ਲਗ ਪਈ। ਉਸ ਦਾ ਪਤੀ ਦੂਸਰੇ ਵਿਸ਼ਵ ਯੁੱਧ ਵਿਚ ਨਾਜ਼ੀਆਂ ਨੇ ਮਾਰ ਦਿੱਤਾ ਸੀ ਅਤੇ ਜਵਾਨ ਪੁੱਤਰ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਹੁਣ ਉਹ ਆਪਣੇ ਨਿਰਬਾਹ ਲਈ ਘਰ ਵਿਚ ਮਹਿਮਾਨ ਰੱਖ ਕੇ ਗੁਜ਼ਾਰਾ ਕਰਦੀ ਸੀ। ਮੈਨੂੰ ਅਫਸੋਸ ਹੋਇਆ ਕਿ ਇਕ ਮਾਂ ਦੇ ਦਿਲ ਦਾ ਦਰਦ ਫਰੋਲ ਬੈਠਾ ਹਾਂ। ਮੈਂ ਉਸਦੇ ਗਲੇ ਲਗ ਕੇ ਹਮਦਰਦੀ ਜਾਹਿਰ ਕੀਤੀ ਅਤੇ ਨਮਸਕਾਰ ਕਰਕੇ ਤੁਰਦਾ ਬਣਿਆ। ਮੇਰੇ ਲਈ ਸਲੋਵੀਨੀਆ ਦੀ ਯਾਤਰਾ ਇਕ ਯਾਦ ਬਣ ਕੇ ਰਹੇਗੀ ਕਿ ਮੇਰੀ ਮਾਂ ਵਰਗਾ ਦਰਦ ਹੋਰ ਮਾਵਾਂ ਵੀ ਹੰਢਾ ਰਹੀਆਂ ਹਨ। ਇਕ ਹੋਰ ਵਿਸ਼ੇਸ਼ਤਾ ਜੋ ਇਸ ਨਿਕੇ ਜਿਹੇ ਦੇਸ਼ ਦੀ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦੀ ਹੈ, ਉਹ ਇਹ ਹੈ ਕਿ ਵੀਹ ਲੱਖ ਦੀ ਆਬਾਦੀ ਦਾ ਦੇਸ਼ ਪ੍ਰਾਇਮਰੀ ਤੋਂ ਲੈ  ਕੇ ਯੂਨੀਵਰਸਿਟੀ ਪੱਧਰ ਤਕ ਦੀ ਪੜ੍ਹਾਈ ਆਪਣੀ ਮਾਂ ਬੋਲੀ ਸਲੋਵੀਨਕ ਭਾਸ਼ਾ ਵਿਚ ਹੀ ਕਰਾ ਰਿਹਾ ਹੈ  ਜਦਕਿ ਪੰਜਾਬ ਵਿਚ ਵਿਦਿਆ ਮੰਤਰੀ ਤੋਤਾ ਸਿੰਘ ਤੋਂ ਲੈ ਕੇ ਸਕੂਲ ਦੇ ਚਪੜਾਸੀ ਤਕ ਸਭ ਨੇ ਅੰਗਰੇਜ਼ੀ ਮਾਧਿਅਮ ਦੀ ਰਟ ਲਗਾ ਰੱਖੀ ਹੈ।

## ਜਰਮਨੀ ਦਾ ਮਿਊਨਿਖ ਸ਼ਹਿਰ

---

ਦੋ ਸਤੰਬਰ ਸ਼ਨਿਚਰਵਾਰ ਦੀ ਰਾਤ ਤਰੀਸਤੇ ਤੋਂ ਜਰਮਨੀ ਦੇ ਸ਼ਹਿਰ ਮਿਊਨਿਖ ਵੱਲ ਰਵਾਨਾ ਹੋ ਪਿਆ, ਜਿਥੇ ਰੇਡੀਏਸ਼ਨ ਦੇ ਵਿਸ਼ੇ ਉਪਰ ਅੰਤਰ-ਰਾਸ਼ਟਰੀ ਕਾਨਫਰੰਸ ਹੋਣੀ ਸੀ। ਵੀਨਸ ਸ਼ਹਿਰ ਤੋਂ ਗੱਡੀ ਬਦਲ ਕੇ ਸਲੀਪਰ ਕੋਚ ਵਿਚ ਸੌਣ ਦੀ ਸੀਟ ਮਿਲ ਗਈ ਪਰੰਤੂ ਰਸਤੇ ਵਿਚ ਦੋ ਬਾਰਡਰ, ਇਟਲੀ ਅਤੇ ਆਸਟਰੀਆ ਦੇ, ਲੰਘ ਕੇ ਜਾਣਾ ਸੀ ਜਿਸ ਕਰਕੇ ਮੇਰੀ ਨੀਂਦ ਉਚਾਟ ਹੋਈ ਰਹੀ। 3 ਸਤੰਬਰ ਐਤਵਾਰ ਸਵੇਰੇ 6 ਵਜੇ ਦੇ ਕਰੀਬ ਸਾਡੀ ਗੱਡੀ ਮਿਊਨਿਖ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਈ। ਪਲੇਟਫਾਰਮ ਤੇ ਠੰਡੀ ਹਵਾ ਦੇ ਬੁੱਲੇ ਸਰੀਰ ਨੂੰ ਸੁੰਨ ਕਰ ਰਹੇ ਸਨ। ਸਟੇਸ਼ਨ ਦੇ ਨੇੜੇ ਹੀ ਯੂਥ ਹੋਸਟਲ ਵਿਚ ਮੇਰੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਸੀ। ਜਦੋਂ ਮੈਂ ਉਥੇ ਪਹੁੰਚਿਆ ਤਾਂ ਕਾਊਂਟਰ ਤੇ ਖੜੀ ਬੀਬੀ ਕਹਿਣ ਲੱਗੀ  ਕਿ ਕਮਰਾ ਅਜੇ ਖਾਲੀ ਨਹੀਂ ਹੋਇਆ ਅਤੇ ਦੁਪਹਿਰ ਬਾਅਦ ਹੀ ਮਿਲ ਸਕਦਾ ਹੈ। ਮੈਂ ਆਪਣਾ ਸਮਾਨ ਕਾਮਨ ਰੂਮ ਵਿੱਚ ਰੱਖ ਕੇ ਮੁੜ ਰੇਲਵੇ ਸਟੇਸ਼ਨ ਤੇ ਚਲਾ ਗਿਆ ਤਾਂ ਕਿ ਸਮਾਂ ਲੰਘ ਜਾਵੇ। ਜਾਣ ਤੋਂ ਪਹਿਲਾਂ ਮੈਨੂੰ ਨਹਾ ਧੋ ਕੇ ਨਾਸ਼ਤਾ ਕਰਨ ਦੀ ਸੁਵਿਧਾ ਮਿਲ ਗਈ ਸੀ ਵਰਨਾ ਰੇਲਵੇ ਸਟੇਸ਼ਨ ਤੇ ਤਾਂ ਪਿਸ਼ਾਬ ਕਰਨ ਦੇ 50 ਰੁਪਏ (ਦੋ ਮਾਰਕ) ਅਤੇ ਨਹਾਉਣ ਦੇ 250 ( ਦਸ ਮਾਰਕ) ਲਗ ਜਾਂਦੇ ਹਨ। ਇਹ ਸੁਵਿਧਾ ਰੇਲਵੇ ਸਟੇਸ਼ਨਾਂ ਅਤੇ ਪਬਲਿਕ ਪਾਰਕਾਂ ਵਿਚ ਵੀ ਪਬਲਿਕ  ਲਈ ਰੱਖੀ ਗਈ ਹੈ ਅਤੇ ਸਫਾਈ ਸਾਡੇ ਪੰਜ ਤਾਰਾ ਹੋਟਲਾਂ ਦੇ ਬਰਾਬਰ ਰੱਖੀ ਜਾਂਦੀ ਹੈ। ਜਰਮਨੀ ਦੀਆਂ ਗੱਡੀਆਂ ਯੂਰਪ ਵਿਚ ਸਭ ਤੋਂ ਸਾਫ ਸੁਥਰੀਆਂ ਹੁੰਦੀਆਂ ਹਨ ਅਤੇ ਕਿਸੇ ਦੇਸ਼ ਦੀ ਖੁਸ਼ਹਾਲੀ ਅਤੇ ਸਭਿਆਚਾਰ ਦਾ ਅੰਦਾਜ਼ਾ ਉਥੋਂ ਦੇ ਟਾਇਲੈਟਾਂ ਦੀ ਸਫਾਈ ਤੋਂ ਭਲੀ - ਭਾਂਤ ਹੋ ਜਾਂਦਾ ਹੈ।

ਜਦੋਂ ਕਿਸੇ ਦੀ ਇੰਤਜ਼ਾਰ ਕਰਨੀ ਹੋਵੇ ਤਾਂ ਸਮੇਂ ਦੀ ਚਾਲ ਰੁਕ ਗਈ ਜਾਪਦੀ ਹੈ। ਇਹੋ ਹਾਲ ਮੇਰਾ ਸੀ ਚਾਰ ਘੰਟੇ ਰੇਲਵੇ ਸਟੇਸ਼ਨ ਤੇ ਗੁਜਾਰਣੇ ਸਨ। ਪਹਿਲਾਂ ਮੈਂ ਪਲੇਟਫਾਰਮ ਤੇ ਲੱਗੇ ਬੈਂਚ ਤੇ ਬੈਠ ਗਿਆ ਪਰੰਤੂ ਦੋ ਚਾਰ ਸ਼ਰਾਬੀ ਆ ਧਮਕੇ। ਇਥੇ ਅਮੀਰੀ ਦੇ ਬਾਵਜੂਦ ਬੇਘਰੇ ਲੋਕ ਮਿਲ ਜਾਂਦੇ ਹਨ, ਜੋ ਰੇਲਵੇ ਸਟੇਸ਼ਨਾਂ ਤੇ ਰਾਤ ਗੁਜਾਰਦੇ ਹਨ। ਇਹ ਹਮੇਸ਼ਾ ਨਸ਼ੇ ਵਿਚ ਧੁੱਤ ਰਹਿੰਦੇ ਹਨ। ਇਕ ਤਾਂ ਪਲੇਟਫਾਰਮ ਦੀ ਠੰਡੀ ਹਵਾ ਸਤਾ ਰਹੀ ਸੀ ਤੇ ਦੂਸਰਾ ਸ਼ਰਾਬੀਆਂ ਤੋਂ ਡਰਦਾ ਮਾਰਾ ਮੈਂ ਵੇਟਿੰਗ ਹਾਲ 'ਚ ਦਾਖਲ ਹੋ ਗਿਆ ਅਤੇ ਪੜ੍ਹਨ ਦਾ ਬਹਾਨਾ ਬਣਾ ਕੇ ਕਿਤਾਬ ਦੇ ਪੰਨੇ ਫਰੋਲਨ ਲਗ ਪਿਆ। ਭੁੱਖ ਵੀ ਲਗ ਰਹੀ ਸੀ।ਯੂਥ ਹੋਸਟਲ ਜਾਣ ਤੋਂ ਪਹਿਲਾਂ ਮੈਂ ਸੈਂਡਵਿਚ ਖਰੀਦ ਲਏ ਅਤੇ ਕਮਰੇ ਵਿਚ ਜਾ ਕੇ ਖਾਣ ਲਈ ਪੈਕ ਕਰਕੇ ਲੈ ਗਿਆ। ਮੇਰਾ ਕਮਰਾ ਤਿਆਰ ਹੋ ਗਿਆ ਸੀ ਅਤੇ ਸਮਾਨ ਟਿਕਾ ਕੇ ਮੈਂ ਬਿਸਤਰ ਤੇ ਲੇਟ ਗਿਆ। ਥੱਕਿਆ ਅਤੇ ਅੱਕਿਆ ਹੋਣ ਕਰਕੇ ਪਤਾ ਨਹੀਂ ਲੱਗਾ ਕਿਹੜੇ ਵੇਲੇ ਮੇਰੀ ਅੱਖ ਲੱਗ ਗਈ ਅਤੇ ਮੈਂ ਸੌਂ ਗਿਆ। ਐਤਵਾਰ ਦਾ ਦਿਨ ਹੋਣ ਕਰਕੇ ਬਜ਼ਾਰ ਬੰਦ ਸਨ ਅਤੇ ਘੁੰਮਣ ਫਿਰਨ ਦਾ ਕੋਈ ਪ੍ਰੋਗਰਾਮ ਨਹੀਂ ਸੀ। ਸ਼ਾਮ ਦੇ ਸੱਤ ਵਜੇ ਦੇ ਕਰੀਬ ਮੈਂ ਤਿਆਰ ਹੋ ਕੇ ਕਾਨਫਰੰਸ ਡੈਲੀਗੇਟਾਂ ਦੀ ਆਮਦ ਵਿਚ ਕੀਤੀ ਗਈ ਦਾਅਵਤ ਵਿਚ ਸ਼ਾਮਲ ਹੋਣ ਲਈ ਇਕ ਰੈਸਤੋਰਾਂ ਵਿਚ ਚਲਾ ਗਿਆ। ਇਥੇ ਰਜਿਸਟਰੇਸ਼ਨ ਹੋ ਰਹੀ ਸੀ ਅਤੇ ਈਰਾਨ ਤੇ ਮੈਕਸੀਕੋ ਦੇ ਕਈ ਡੈਲੀਗੇਟ ਟੱਕਰ ਪਏ ਜੋ ਮੇਰੇ ਚੰਗੇ ਮਿੱਤਰ ਸਨ। ਡਾ. ਸੋਹਰਾਬੀ ਨੇ ਮੇਰਾ ਹਾਲ ਚਾਲ ਪੁੱਛਿਆ ਅਤੇ ਅਸੀਂ ਦਾਅਵਤ ਵਿਚ ਸ਼ਾਮਲ ਹੋ ਗਏ। ਭਾਵੇਂ ਇਹ ਰਾਤ ਦਾ ਖਾਣਾ ਅਥਵਾ ਡਿਨਰ ਤਾਂ ਨਹੀਂ ਸੀ ਪਰੰਤੂ ਸੈਂਡਵਿਚ ਅਤੇ ਕੇਕ ਪੇਸਟਰੀਆਂ ਇੰਨੇ ਜ਼ਿਆਦਾ ਖਾਣ ਨੂੰ ਮਿਲ ਜਾਂਦੇ ਹਨ ਕਿ ਰੋਟੀ ਖਾਣ ਦੀ ਲੋੜ ਹੀ ਨਹੀਂ ਪੈਂਦੀ।

4 ਸਤੰਬਰ ਨੂੰ ਕਾਨਫਰੰਸ ਦਾ ਉਦਘਾਟਨ ਸੀ। ਮੈਂ ਇਕ ਮੈਕਸੀਕਨ ਸਾਥੀ ਸਮੇਤ ਟੈਕਨੀਕਲ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਚ ਪਹੁੰਚ ਗਿਆ। ਦੋ ਸੌ ਤੋਂ ਵਧੀਕ ਡੈਲੀਗੇਟ ਹਾਲ ਵਿਚ ਬੈਠੇ ਸਨ। ਭਾਰਤ ਤੋਂ ਅਸੀਂ ਚਾਰ ਡੈਲੀਗੇਟ ਹਾਜ਼ਰ ਹੋਏ। ਕਈ ਪੁਰਾਣੇ ਮਿੱਤਰ ਗਲੇ ਲੱਗ ਕੇ ਮਿਲੇ। ਇਥੇ ਭਾਰਤ ਵਾਂਗ ਵਜ਼ੀਰਾਂ ਨੂੰ ਨਹੀਂ ਸੱਦਿਆ ਜਾਂਦਾ। ਉਦਘਾਟਨੀ ਭਾਸ਼ਣ ਵੀਹ ਮਿੰਟਾਂ ਵਿਚ ਹੀ ਸਮਾਪਤ ਹੋ ਗਏ ਅਤੇ ਅੰਤਰ - ਰਾਸ਼ਟਰੀ ਕਾਨਫਰੰਸ ਆਰੰਭ ਹੋ ਗਈ। ਮੇਰਾ ਖੋਜ ਪਰਚਾ 5 ਸਤੰਬਰ ਨੂੰ ਪੇਸ਼ ਹੋਣਾ ਸੀ, ਸੋ ਦੁਪਹਿਰ ਦੇ ਖਾਣੇ ਉਪਰੰਤ ਮੈਂ ਯੂਥ ਹੋਸਟਲ ਪਰਤ ਗਿਆ। ਇਥੇ ਸਾਡੇ ਵਾਂਗ ਉਚੇਚ ਨਹੀਂ ਕਰਦੇ। ਦੁਪਹਿਰ ਦਾ ਖਾਣਾ ਅਸੀਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਰਲ ਕੇ ਰੈਸਤੋਰਾਂ ਵਿਚ ਹੀ ਖਾਧਾ। ਹੋਟਲ ਤਾਂ ਬਹੁਤ ਹੀ ਮਹਿੰਗੇ ਹਨ ਪਰੰਤੂ ਵਿਦਿਆਰਥੀਆਂ ਦੀ ਸਹੂਲਤ ਲਈ ਦਸ ਮਾਰਕ ਵਿਚ ਚੰਗਾ ਖਾਣਾ ਮਿਲ ਜਾਂਦਾ ਹੈ। ਜਰਮਨ ਅਤੇ ਹੋਰ ਕਈ ਯੂਰਪੀਨ ਦੇਸ਼ਾਂ ਵਿਚ ਯੂਨੀਵਰਸਿਟੀ ਪੱਧਰ ਤੱਕ ਪੜ੍ਹਾਈ ਮੁਫਤ ਹੁੰਦੀ ਹੈ ਅਤੇ ਕੇਵਲ ਰਿਹਾਇਸ਼ ਲਈ ਹੀ ਪੈਸੇ ਖਰਚ ਹੁੰਦੇ ਹਨ ਜਦਕਿ ਭਾਰਤ ਅਤੇ ਖਾਸ ਕਰਕੇ ਪੰਜਾਬ ਵਿਚ ਤਾਂ ਫੀਸਾਂ ਨੇ ਮਾਪਿਆਂ ਦਾ ਕਚੂੰਮਰ ਕੱਢ ਛੱਡਿਆ ਹੈ।

5 ਸਤੰਬਰ ਨੂੰ ਸ਼ਾਮ ਦਾ ਡਿਨਰ ਇਕ ਹੋਟਲ ਵਿਚ ਸੀ, ਜੋ ਬਾਵੇਰੀਅਨ ਖਾਣੇ ਲਈ ਮਸ਼ਹੂਰ ਹੈ। ਮਿਊਨਿਖ ਜਰਮਨੀ ਦੇ ਬਾਵੇਰੀਆ ਪ੍ਰਾਂਤ ਦੀ ਰਾਜਧਾਨੀ ਹੈ ਅਤੇ ਕਿਸੇ ਸਮੇਂ ਅਜ਼ਾਦ ਰਿਆਸਤ ਹੋਇਆ ਕਰਦੀ ਸੀ। ਇਥੋਂ ਦੇ ਲੋਕ ਬੀਅਰ ਪੀਣ ਅਤੇ ਅੰਮ੍ਰਿਤਸਰੀਆਂ ਵਾਂਗ ਚੰਗਾ ਖਾਣ ਪੀਣ ਦੇ ਸ਼ੌਕੀਨ ਹਨ। ਇਸ ਹੋਟਲ ਵਿਚ ਡਿਨਰ ਨਾਲ ਬਾਵੇਰੀਅਨ ਲੋਕ-ਗੀਤਾਂ ਦੀ ਮਹਿਫਲ ਵੀ ਚੱਲ ਰਹੀ ਸੀ। ਬਾਅਦ ਵਿਚ ਲੋਕ-ਨਾਚ ਵੀ ਪੇਸ਼ ਕੀਤਾ ਗਿਆ। ਦੇਰ ਰਾਤ ਬਾਵੇਰੀਅਨ ਮਹਿਫਲ ਦਾ ਅਨੰਦ ਮਾਣ ਕੇ ਮੈਂ ਯੂਥ ਹੋਸਟਲ ਪਰਤ ਆਇਆ। ਇਨ੍ਹਾਂ ਦਾ ਲੋਕ-ਨਾਚ ਭੰਗੜੇ ਵਾਂਗ ਹੀ ਜੋਸ਼ੀਲਾ ਅਤੇ ਫੁਰਤੀਲਾ ਸੀ।

6 ਸਤੰਬਰ ਨੂੰ ਅੰਤਰ-ਰਾਸ਼ਟਰੀ ਕਾਨਫਰੰਸ ਸਮਾਪਤ ਹੋ ਗਈ। ਮੈਂ ਸ਼ਹਿਰ ਤੋਂ ਬਾਹਰ ਰੇਡੀਏਸ਼ਨ ਸਰਵੇਖਣ ਦੀ ਪ੍ਰਯੋਗਸ਼ਾਲਾ ਵੇਖਣ ਚਲਾ ਗਿਆ। ਇਸ ਦਾ ਡਾਇਰੈਕਟਰ ਮੈਨੂੰ ਕਾਰ ਵਿਚ ਬਿਠਾ ਕੇ ਲੈ ਗਿਆ ਸੀ। ਰੇਡੀਏਸ਼ਨ ਦਾ ਖਤਰਾ ਸਭ ਤੋਂ ਜਿਆਦਾ ਡਰਾਵਣਾ ਬਣ ਗਿਆ ਹੈ ਖਾਸ ਕਰਕੇ ਚੈਰਨੋਬਿਲ ਦੇ ਰੀਐਕਟਰ ਐਕਸੀਡੈਂਟ ਉਪਰੰਤ। ਹੁਣ ਜਰਮਨੀ ਨੇ ਆਪਣੇ ਸਾਰੇ ਰੀਐਕਟਰ ਬੰਦ ਕਰ ਰੱਖੇ ਹਨ, ਭਾਵੇਂ ਭਾਰਤ ਸਰਕਾਰ ਅਜੇ ਵੀ ਨਵੇਂ ਰੀਐਕਟਰ ਲਗਾ ਰਹੀ ਹੈ। ਹੁਣ ਤਾਂ ਪੰਜਾਬ ਸਰਕਾਰ ਦੀ ਮੰਗ ਤੇ ਗੌਰ ਹੋ ਰਿਹਾ ਹੈ ਅਤੇ ਪਟਿਆਲਾ ਜਿਲੇ ਦੇ ਡਰੌਲੀ ਪਿੰਡ ਵਿੱਚ ਰੀਐਕਟਰ ਲੱਗਣ ਦੀ ਤਿਆਰੀ ਹੋ ਰਹੀ ਹੈ।

7 ਸਤੰਬਰ ਨੂੰ ਸਾਰੇ ਡੈਲੀਗੇਟ ਜਾ ਚੁੱਕੇ ਸਨ। ਮੇਰੇ ਲਈ ਇਹ ਦਿਨ ਮਿਊਨਿਖ ਸ਼ਹਿਰ ਪੈਦਲ ਘੁੰਮ ਕੇ ਵੇਖਣ ਲਈ ਬਚਿਆ ਸੀ। ਨਾਸ਼ਤਾ ਕਰਕੇ ਮੈਂ ਰੇਲਵੇ ਸਟੇਸ਼ਨ ਤੇ ਚਲਾ ਗਿਆ। ਇਸ ਤੋਂ ਨੇੜੇ ਹੀ ਕਾਰਲਪਲਾਜ਼ ਸਕੇਅਰ ਹੈ ਜਿਸ ਵਿਚ ਬਾਵੇਰੀਆ ਦੇ ਡਿਊਕ ਕਾਰਲ ਦਾ ਮਹੱਲ ਹੈ। ਜਰਮਨ ਲੋਕ ਇਸ ਜਾਲਮ ਡਿਊਕ ਤੋਂ ਦੁਖੀ ਸਨ, ਜਿਸ ਕਰਕੇ ਕਾਰਲਪਲਾਜ਼ ਦਾ ਨਾਮ ਵਿਗਾੜ ਕੇ ਇਸਨੂੰ ਸਟਾਚੂ ਸਕੇਅਰ ਕਿਹਾ ਜਾਂਦਾ ਹੈ। ਇਸ ਸਕੇਅਰ ਤੋਂ ਦੋ ਕਿਲੋਮੀਟਰ ਦੀ ਵਿੱਥ ਤੇ ਮਿਊਨਿਖ ਸ਼ਹਿਰ ਦੀ ਸਭ ਤੋਂ ਮਸ਼ਹੂਰ ਸੈਰਗਾਹ 'ਮਾਰੀਅਨ ਪਲਾਜ਼' ਹੈ ਜਿਥੇ ਹਰ ਕੋਈ ਯਾਤਰੀ ਘੁੰਮਣ ਜਾਂਦਾ ਹੈ। ਇਸ ਸਕੇਅਰ ਦੇ ਇਕ ਪਾਸੇ ਪੁਰਾਣਾ ਗਿਰਜਾਘਰ ਹੈ ਜਿਥੇ ਰੂਪਰਟ ਮੇਅਰ ਪਾਦਰੀ ਨੂੰ ਦਫਨ ਕੀਤਾ ਗਿਆ ਕਿਉਂਕਿ ਇਹ ਨਾਜ਼ੀਆਂ ਦੇ ਖਿਲਾਫ ਜਲਸੇ ਕਰਿਆ ਕਰਦਾ ਸੀ। ਸਕੇਅਰ ਵਿਚ 'ਮੇਰੀ' (ਮਰੀਅਮ) ਦਾ ਸੁਨਹਿਰੀ ਬੁੱਤ ਇਕ ਪੱਥਰ ਦੀ ਲਾਠ ਤੇ ਜੜਿਆ ਲੱਭਦਾ ਹੈ। ਇਥੇ ਹਰ ਕਿਸਮ ਦੇ ਵਾਹਨ ਤੇ ਪਾਬੰਦੀ ਹੈ ਅਤੇ ਘੁੰਮ ਫਿਰ ਕੇ ਹੀ ਮਜਾ ਲਿਆ ਜਾਂਦਾ ਹੈ। ਸ਼ਾਮ ਦੇ ਸਮੇਂ ਤਾਂ ਇਥੋਂ ਦੀ ਲੰਘਣਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਸਾਡੇ ਮਦਾਰੀਆਂ ਵਾਂਗ ਇਥੇ ਵੀ ਜਰਮਨ ਨੌਜਵਾਨ ਵੰਨ ਸਵੰਨੇ ਤਰੀਕਿਆਂ ਨਾਲ ਯਾਤਰੀਆਂ ਤੋਂ ਪੈਸੇ ਬਟੋਰਦੇ ਹਨ। ਕਈ ਨਾਚ ਗਾਣੇ ਨਾਲ ਦਿਲ ਪ੍ਰਚਾਵਾ ਕਰਦੇ ਹਨ।

ਦੁਪਹਿਰ ਤੱਕ ਮਿਊਨਿਖ ਸ਼ਹਿਰ ਘੁੰਮਦਾ ਰਿਹਾ। ਟਰਾਮ ਦੀ ਸਵਾਰੀ ਕਰਕੇ ਮੈਂ ਮਿਊਨਿਖ ਦੇ ਬਾਹਰਲੇ ਹਿੱਸੇ ਵੱਲ ਚਲਾ ਗਿਆ, ਜਿਥੇ ਬਾਦਸ਼ਾਹਾਂ ਦੇ ਮਹੱਲ ਅਤੇ ਕਿਲੇ ਬਣੇ ਹੋਏ ਹਨ। ਮਿਊਨਿਖ ਦੀ ਦੂਸਰੇ ਵਿਸ਼ਵ ਯੁੱਧ ਦੀ ਬੰਬਾਰੀ ਕਾਰਨ ਪੂਰੀ ਤਬਾਹੀ ਹੋ ਗਈ ਸੀ ਪਰੰਤੂ ਜਰਮਨ ਸਰਕਾਰ ਨੇ ਆਪਣੇ ਇਤਿਹਾਸਕ ਸ਼ਹਿਰ ਨੂੰ ਪੁਨਰ ਆਬਾਦ ਕਰ ਲਿਆ ਹੈ। ਬਰਲਿਨ, ਹੈਮਬਰਗ ਅਤੇ ਫਰੈਂਕਫਰਟ ਤੋਂ ਬਾਅਦ ਮਿਊਨਿਖ ਜਰਮਨੀ ਦਾ ਵੱਡਾ ਸ਼ਹਿਰ ਅਤੇ ਵਪਾਰਕ ਕੇਂਦਰ ਹੈ। ਇਥੇ ਦੀ ਯੂਨੀਵਰਸਿਟੀ ਵਿਸ਼ਵ ਪ੍ਰਸਿੱਧ ਰਹੀ ਹੈ। ਸਾਡੇ ਦੇਸ ਦੇ ਮਸ਼ਹੂਰ ਸ਼ਾਇਰ ਅਤੇ ਫਿਲਾਸਫਰ ਇਲਾਮਾ ਇਕਬਾਲ ਮਿਊਨਿਖ ਯੂਨੀਵਰਸਿਟੀ ਤੋਂ ਪੀ.ਐਚ.ਡੀ ਦੀ ਡਿਗਰੀ ਪ੍ਰਾਪਤ ਕਰਕੇ ਆਏ ਸਨ ਅਤੇ ਉਨ੍ਹਾਂ ਦੀ ਯਾਦ ਵਿਚ ਇਕ ਛੋਟਾ ਜਿਹਾ ਸਮਾਰਕ ਕਾਇਮ ਕੀਤਾ ਗਿਆ ਹੈ। ਮੈਂ ਸ਼ਹਿਰ ਦੀ ਸੈਰ ਕਰਕੇ ਸ਼ਾਮ ਦੇ ਚਾਰ ਵਜੇ ਆਪਣੇ ਹੋਟਲ ਪਰਤ ਆਇਆ।

## ਜਰਮਨ ਪਿੰਡ ਵਿਚ ਦੋ ਰਾਤਾਂ

ਮਿਊਨਿਖ ਦੀ ਅੰਤਰ ਰਾਸ਼ਟਰੀ ਕਾਨਫਰੰਸ ਵਿਚ ਮੇਰੇ ਪੁਰਾਣੇ ਮਿੱਤਰ ਪ੍ਰੋਫੈਸਰ ਸੈਨਸੋਨੀ ਟੱਕਰ ਪਏ ਜੋ 1997 ਵਿਚ ਮੇਰੇ ਪਾਸ ਅੰਮ੍ਰਿਤਸਰ ਰਹਿ ਕੇ ਗਏ ਸਨ। ਉਹ ਖਹਿੜੇ ਪੈ ਗਏ ਕਿ ਮੈਂ ਦੋ ਰਾਤਾਂ ਉਨ੍ਹਾਂ ਦੇ ਪਿੰਡ 'ਬਾਦ ਅਬਾਕ' ਵਿਚ ਗੁਜਾਰਾਂ। ਹੋਰ ਕੀ ਚਾਹੀਦਾ ਸੀ ਮੈਂ ਤਾਂ ਹਮੇਸ਼ਾ ਸ਼ਹਿਰ ਦੇ ਹੋਟਲਾਂ ਨਾਲੋਂ ਮਿੱਤਰਾਂ ਦੀ ਮਹਿਮਾਨ ਨਿਵਾਜੀ ਨੂੰ ਤਰਜੀਹ ਦਿੰਦਾ ਹਾਂ। ਅੱਠ ਸਤੰਬਰ ਦੀ ਸਵੇਰ ਮੈਂ ਮਿਊਨਿਖ ਨੂੰ ਅਲਵਿਦਾ ਕਹਿ ਕੇ ਰੀਗਨਜ਼ਬਰਗ ਜਾਣ ਵਾਲੀ ਗੱਡੀ ਤੇ ਸਵਾਰ ਹੋ ਗਿਆ। ਮੇਰੇ ਕੋਚ ਵਿਚ ਦੋ ਹੀ ਸਵਾਰੀਆਂ ਸਨ ਇਕ ਮੈਂ ਅਤੇ ਦੂਸਰਾ ਫੌਜੀ ਵਿਦਿਆਰਥੀ ਜੋ ਟਰੇਨਿੰਗ ਉਪਰੰਤ ਘਰ ਪਰਤ ਰਿਹਾ ਸੀ। ਦੋ ਘੰਟੇ ਦੇ ਸਫਰ ਬਾਅਦ ਮੈਂ ਰੀਗਨਜ਼ਬਰਗ ਦੇ ਸਟੇਸ਼ਨ ਤੇ ਜਾ ਉਤਰਿਆ। ਪ੍ਰੋ. ਸੈਨਸੋਨੀ ਅਤੇ ਉਸਦੀ ਘਰਵਾਲੀ ਪਲੇਟਫਾਰਮ ਤੇ ਮੇਰਾ ਇੰਤਜ਼ਾਰ ਕਰ ਰਹੇ ਸਨ। ਕਾਰ ਤੇ ਸਵਾਰ ਹੋ ਕੇ ਅਸੀਂ ਸੈਨਸੋਨੀ ਦੇ ਪਿੰਡ ਪਹੁੰਚ ਗਏ। ਮੇਰੇ ਠਹਿਰਣ ਦਾ ਪ੍ਰਬੰਧ ਪਿੰਡ ਦੇ ਹੋਟਲ 'ਚ ਕੀਤਾ ਹੋਇਆ ਸੀ। 'ਬਾਦ ਅਬਾਕ' ਵਿਚ ਗਰਮ ਪਾਣੀ ਦੇ ਚਸ਼ਮੇ ਹਨ ਅਤੇ ਦੂਰੋਂ ਨੇੜਿਉਂ ਜਰਮਨ ਲੋਕ ਸਿਹਤਯਾਬ ਹੋਣ ਲਈ ਇਥੇ ਛੁੱਟੀਆਂ ਕੱਟਣ ਆ ਜਾਂਦੇ ਹਨ। ਯੂਰਪ ਦਾ ਮਸ਼ਹੂਰ ਦਰਿਆ ਡੈਨੂਬ ਇਸ ਪਿੰਡ ਦੇ ਕੋਲੋਂ ਹੀ ਲੰਘਦਾ ਹੈ। ਜਿਸ ਕਰਕੇ ਯਾਤਰੀ ਮੋਟਰ ਕਿਸ਼ਤੀਆਂ ਰਾਹੀਂ ਵੀ ਸੈਰ ਕਰਨ ਆ ਜਾਂਦੇ ਹਨ।

ਪ੍ਰੋ. ਸੈਨਸੋਨੀ ਦੇ ਵਡੇਰੇ ਤਾਂ ਇਟਲੀ ਦੇ ਰਹਿਣ ਵਾਲੇ ਸਨ, ਪਰੰਤੂ ਉਸ ਦਾ ਬਾਪ ਕੰਮ ਦੀ ਭਾਲ ਵਿੱਚ ਜਰਮਨੀ ਆ ਗਿਆ। ਇਥੇ ਹੀ ਉਹ ਪੜ੍ਹਿਆ ਅਤੇ ਦੂਸਰੇ ਵਿਸ਼ਵ ਯੁੱਧ ਵਿਚ ਜਰਮਨ ਫੌਜ ਵਿਚ ਅੰਗਰੇਜਾਂ ਵਿਰੁੱਧ ਲੜਿਆ। ਉਸ ਦੱਸਿਆ ਕਿ ਸੁਭਾਸ਼ ਚੰਦਰ ਬੋਸ ਵੀ ਉਨ੍ਹਾਂ ਦੇ ਯੂਨਿਟ ਨਾਲ ਹੋ ਕੇ ਅੰਗਰੇਜਾਂ ਵਿਰੁੱਧ ਲੜਿਆ ਸੀ। ਉਸਨੇ ਜਰਮਨ ਔਰਤ ਨਾਲ ਸ਼ਾਦੀ ਕਰ ਲਈ ਅਤੇ ਇਕ ਬੱਚੀ ਦਾ ਬਾਪ ਬਣ ਕੇ ਜਾਪਾਨ ਚਲੇ ਗਏ ਤਾਂ ਕਿ ਅੰਗਰੇਜਾਂ ਦੀ ਕੈਦ ਤੋਂ ਬਚਿਆ ਜਾ ਸਕੇ। ਪ੍ਰੋ. ਸੈਨਸੋਨੀ ਦੀ ਘਰਵਾਲੀ ਜਰਮਨ ਹੈ ਅਤੇ ਉਸਦੇ ਦੋ ਪੁੱਤਰ ਅਤੇ ਦੋ ਧੀਆਂ ਹਨ। ਇਕ ਪੁੱਤਰ ਚਿਤਰਕਾਰ ਹੈ ਅਤੇ ਇਕ ਧੀ ਡਾਕਟਰ ਹੈ। ਦੂਸਰੀ ਲਾਗਲੇ ਪਿੰਡ ਇਕ ਜਰਮਨ ਜੱਟ ਨਾਲ ਵਿਆਹੀ ਹੋਈ ਹੈ ਅਤੇ ਤਿੰਨ ਪੁੱਤਰਾਂ ਦੀ ਮਾਂ ਹੈ। ਪ੍ਰੋ. ਸੈਨਸੋਨੀ ਆਪਣੇ ਦੋਹਤੇ ਪੋਤਿਆਂ ਨਾਲ ਪਿਆਰ ਕਰਦਾ ਹੈ ਅਤੇ ਖੇਡਦਾ ਮੱਲ੍ਹਦਾ ਹੈ। ਉਸਦੀ ਘਰਵਾਲੀ ਨੇ ਮੇਰੇ ਲਈ ਦੁਪਹਿਰ ਦਾ ਭੋਜਨ ਤਿਆਰ ਕਰ ਰੱਖਿਆ ਸੀ। ਮੇਰੀ ਲੋੜ ਮੁਤਾਬਕ ਸ਼ਾਕਾਹਾਰੀ ਭੋਜਨ ਤੇ ਘਰ ਦਾ ਤਿਆਰ ਕੀਤਾ ਕੇਕ ਪਰੋਸਿਆ ਗਿਆ। ਸ਼ਾਮ ਦਾ ਭੋਜਨ ਉਸਦੀ ਧੀ ਘਰ ਵਰਜਿਆ ਹੋਇਆ ਸੀ।

ਕਾਰ ਤੇ ਸਵਾਰ ਹੋ ਕੇ ਪਹਿਲਾਂ ਅਸੀਂ ਪਿੰਡ ਦੇ ਗਿਰਜਾਘਰ ਗਏ ਜੋ ਬਹੁਤ ਹੀ ਸਾਫ ਸੁਥਰਾ ਰੱਖਿਆ ਗਿਆ ਸੀ। ਸਾਰੇ ਧਰਮ ਅਸਥਾਨਾਂ ਦਾ ਭਰਮਣ ਕਰਨ ਉਪਰੰਤ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਹਿੰਦੂ ਮੰਦਰਾਂ ਜਿੰਨੀ ਗੰਦਗੀ ਕਿਤੇ ਨਹੀਂ ਲੱਭਦੀ। ਇਥੇ ਦਾ ਪਾਦਰੀ ਇਕ ਚੰਗਾ ਸਾਹਿਤਕਾਰ ਹੈ ਅਤੇ ਲੋਕ ਉਸਦੀ ਬਹੁਤ ਹੀ ਇੱਜ਼ਤ ਕਰਦੇ ਹਨ। ਗਿਰਜਾਘਰ ਤੋਂ ਅਸੀਂ ਆਪਣੇ ਮੇਜ਼ਬਾਨ ਦੇ ਘਰ ਪਹੁੰਚੇ। ਜਰਮਨ ਪਿੰਡ ਵੀ ਸਾਫ ਸੁਥਰੇ ਹਨ। ਜਰਮਨ ਜੱਟਾਂ ਦੇ ਘਰ ਖੁੱਲੇ ਡੁੱਲੇ ਪੁਰਾਣੇ ਪੰਜਾਬ ਦੇ ਸਰਦਾਰਾਂ ਦੀਆਂ ਹਵੇਲੀਆਂ ਵਾਂਗ ਮੋਕਲੇ ਬਣੇ ਹੁੰਦੇ ਹਨ। ਰਿਹਾਇਸ਼ੀ ਮਕਾਨ ਦੇ ਸਾਹਮਣੇ ਤਬੇਲੇ ਵਿੱਚ ਟਰੈਕਟਰ ਅਤੇ ਹੋਰ ਮਸ਼ੀਨਰੀ ਰੱਖੀ ਹੋਈ ਸੀ। ਇਕ ਪਾਸੇ ਗਾਈਆਂ ਦਾ ਸ਼ੈੱਡ ਸੀ, ਜਿਸ ਵਿਚ 50 ਕਿਲੋ ਤੋਂ ਵੱਧ ਦੁੱਧ ਦੇਣ ਵਾਲੀਆਂ ਸੱਠ ਸੱਤਰ ਵਲਾਇਤੀ ਗਾਈਆਂ ਬੱਝੀਆਂ ਹੋਈਆਂ ਸਨ। ਪ੍ਰੋ. ਸੈਨਸੋਨੀ ਦੀ ਧੀ ਅਤੇ ਜਵਾਈ ਸਾਨੂੰ ਫਾਰਮ ਹਾਊਸ ਦੀ ਪੂਰੀ ਜਾਣਕਾਰੀ ਦੇ ਰਹੇ ਸਨ। ਖੇਤੀਬਾੜੀ ਲਈ ਉਨ੍ਹਾਂ ਕੋਲ 300 ਏਕੜ ਜ਼ਮੀਨ ਹੈ। ਉਸ ਦਾ ਜਵਾਈ ਟਰੈਕਟਰ ਨਾਲ ਖੇਤੀ ਕਰਦਾ ਹੈ ਅਤੇ ਧੀ ਗਾਈਆਂ ਦੀ ਦੇਖ ਰੇਖ ਅਤੇ ਡੇਅਰੀ ਦਾ ਕੰਮ ਕਰਦੀ ਹੈ। ਗਾਈਆਂ ਦੇ ਸ਼ੈੱਡ ਦੀ ਸਫਾਈ ਨਿਹਾਇਤ ਜ਼ਰੂਰੀ ਹੈ। ਹਰ ਰੋਜ਼ ਟਰੱਕ ਵਿਚ ਦੁੱਧ ਭਰ ਕੇ ਸ਼ਹਿਰ ਭੇਜਿਆ ਜਾਂਦਾ ਹੈ। ਇਹ ਜੋਖਮ ਭਰਿਆ ਕੰਮ ਇਕ ਔਰਤ ਹੀ ਕਰ ਰਹੀ ਹੈ ਕਿਉਂਕਿ ਜਰਮਨੀ ਵਿਚ ਕਾਮੇ ਅਤੇ ਮਜ਼ਦੂਰ ਰੱਖਣੇ ਅਸੰਭਵ ਜਾਪਦਾ ਹੈ। ਉਸਦਾ ਜਵਾਈ ਕਹਿਣ ਲਗਾ ਕਿ ਉਸਦੇ ਫਾਰਮ ਉਪਰ ਪੰਜਾਬੀ ਕਾਮੇ ਆ ਜਾਣ ਤਾਂ ਜਾਨ ਸੌਖੀ ਹੋ ਜਾਵੇ ਪਰੰਤੂ ਜਰਮਨ ਸਰਕਾਰ ਭਾਰਤੀ ਕਾਮਿਆਂ ਦੇ ਵਿਰੁੱਧ ਹੈ।

ਜਰਮਨ ਜੱਟਾਂ ਦੀ ਆਮਦਨ ਤਾਂ ਚੋਖੀ ਹੈ ਪਰੰਤੂ ਟੈਕਸ ਵਗੈਰਾ ਭਰਨਾ ਪੈਂਦਾ ਹੈ ਅਤੇ ਪੰਜਾਬੀ ਜੱਟਾਂ ਵਾਂਗ ਪੂਰਬੀਆ ਲੇਬਰ ਦੀ ਸਹੂਲਤ ਨਹੀਂ ਹੈ। ਅਗਲੀ ਪੀੜ੍ਹੀ ਖੇਤੀ ਤੋਂ ਕਤਰਾਂਦੀ ਹੈ ਅਤੇ ਨੌਕਰੀ ਵੱਲ ਰੁਝਾਨ ਵਧ ਰਿਹਾ ਹੈ। ਘਰ ਵਿਚ ਨਾਖਾਂ ਦੇ ਬੂਟੇ ਸਨ। ਸੈਨਸੋਨੀ ਦਾ ਛੋਟਾ ਦੋਹਤਾ ਮੇਰੇ ਲਈ ਫਲ ਤੋੜ ਲਿਆਇਆ। ਰਾਤ ਦਾ ਖਾਣਾ ਪਰੋਸਿਆ ਗਿਆ। ਫਾਰਮ ਦੀਆਂ ਤਾਜ਼ਾ ਸਬਜ਼ੀਆਂ ਅਤੇ ਫਲਾਂ ਦਾ ਰਸ ਭੋਜਨ ਵਿਚ ਸ਼ਾਮਲ ਸੀ। ਸਾਰੇ ਜਣੇ ਪੰਜਾਬ ਦੀ ਖੇਤੀਬਾੜੀ ਅਤੇ ਮਾਹੌਲ ਬਾਰੇ ਪੁੱਛ ਰਹੇ ਸਨ। ਮੇਰੇ ਦੱਸਣ ਤੇ ਹੈਰਾਨ ਸਨ ਕਿ ਮੈਂ ਪਿੰਡ ਨਾਲੋਂ ਮੋਹ ਤੋੜ ਕੇ ਸ਼ਹਿਰੀ ਹੋ ਨਿਬੜਿਆ ਹਾਂ ਅਤੇ ਮੇਰੇ ਬੱਚਿਆਂ ਨੂੰ ਕੱਟੇ ਅਤੇ ਕੁੱਤੇ ਵਿਚ ਕੋਈ ਫਰਕ ਨਹੀਂ ਜਾਪਦਾ ਸੀ, ਜਦੋਂ ਉਹ ਆਪਣੇ ਪਿੰਡ ਬਚਪਨ ਵਿਚ ਗਏ ਸਨ। ਸੈਨਸੋਨੀ ਕਹਿਣ ਲੱਗਾ ਕਿ ਉਸ ਦੀ ਧੀ ਇਸ ਫਾਰਮ ਤੇ ਘੋੜ ਸਵਾਰੀ ਸਿੱਖਣ ਆਉਂਦੀ ਸੀ ਅਤੇ ਉਸਦਾ ਜਵਾਈ ਇਕ ਰੱਜਿਆ ਪੁੱਜਿਆ ਜੱਟ ਅਤੇ ਘੋੜ ਸਵਾਰੀ ਦਾ ਮਾਹਰ

ਸੀ। ਪ੍ਰੋਫੈਸਰ ਦੀ ਪੜ੍ਹੀ ਲਿਖੀ ਮੂਰਖ ਕੁੜੀ ਨੇ ਜੱਟ ਨੂੰ ਪਸੰਦ ਕਰ ਲਿਆ ਅਤੇ ਹੁਣ ਆਪਣੀ ਜੱਟੀ ਦੀ ਜੂਨ ਭੁਗਤ ਰਹੀ ਹੈ। ਸੈਨਸੋਨੀ ਦੀ ਧੀ ਜਵਾਈ ਅਤੇ ਅਸੀਂ ਸਾਰੇ ਬਹੁਤ ਜ਼ੋਰ ਦੀ ਹੱਸੇ ਕਿਉਂਕਿ ਜੱਟਾਂ ਦੀ ਜੂਨ ਬਾਰੇ ਪੰਜਾਬ ਵਿਚ ਵੀ ਕਈ ਲਤੀਫੇ ਮਸ਼ਹੂਰ ਹਨ ਜੋ ਮੈਂ ਉਸਦੇ ਜਵਾਈ ਦੀ ਜਾਣਕਾਰੀ ਲਈ ਦੱਸੇ। ਸੈਨਸੋਨੀ ਦੀ ਧੀ ਨੇ ਤੁਰਨ ਲੱਗਿਆਂ ਮੈਨੂੰ ਫਾਰਮ ਤੋਂ ਤੋੜੇ ਗਏ ਤਾਜਾ ਫਲਾਂ ਦੀ ਟੋਕਰੀ ਭੇਂਟ ਕੀਤੀ ਅਤੇ ਮੈਂ ਇਸ ਪਿਆਰੀ ਜੋੜੀ ਦਾ ਸ਼ੁਕਰੀਆ ਅਦਾ ਕਰਕੇ ਆਪਣੇ ਹੋਟਲ ਪਰਤ ਆਇਆ।

9 ਸਤੰਬਰ ਨੂੰ ਸਵੇਰੇ ਉਠਿਆ ਤਾਂ ਧੁੰਧ ਪੈ ਰਹੀ ਸੀ। ਸਰਦੀ ਸਾਡੇ ਦਸੰਬਰ ਮਹੀਨੇ ਵਾਂਗ ਸੀ। ਸਾਰਾ ਪਿੰਡ ਕੁਦਰਤ ਦਾ ਅਲੌਕਿਕ ਦ੍ਰਿਸ਼ ਪੇਸ਼ ਕਰ ਰਿਹਾ ਸੀ। ਪ੍ਰੋ. ਸੈਨਸੋਨੀ ਦਾ ਘਰ ਇਕ ਛੋਟੀ ਪਹਾੜੀ ਉਪਰ ਸਥਿਤ ਹੋਣ ਕਰਕੇ ਸਾਰੇ ਪਿੰਡ ਦਾ ਨਜ਼ਾਰਾ ਪੇਸ਼ ਕਰਦਾ ਹੈ। ਮਖਮਲੀ ਘਾਹ ਨੇ ਖਾਲੀ ਥਾਵਾਂ ਮੱਲੀਆਂ ਹੋਈਆਂ ਹਨ ਅਤੇ ਕਿਤੇ ਵੀ ਮਿੱਟੀ ਘੱਟਾ ਉਡਦਾ ਨਜ਼ਰੀਂ ਨਹੀਂ ਪੈਂਦਾ। ਅਸੀਂ ਨਾਸ਼ਤਾ ਕਰਕੇ ਦਰਿਆ ਡੈਨੂਬ ਦੀ ਸੈਰ ਕਰਨ ਨਿਕਲ ਪਏ। ਪਹਿਲਾਂ ਅਸੀਂ ਉਸਦੀ ਧੀ ਦੇ ਘਰ ਗਏ ਅਤੇ ਬੱਚਿਆਂ ਨੂੰ ਕਾਰ ਵਿਚ ਬਿਠਾ ਕੇ ਡੈਨਬੂ ਦੇ ਕਿਨਾਰੇ ਇਕ ਰਮਣੀਕ ਜਗ੍ਹਾ ਤੇ ਪਹੁੰਚ ਗਏ। ਛੁੱਟੀ ਦਾ ਦਿਨ ਹੋਣ ਕਰਕੇ ਜਹਾਜ਼ ਦੀ ਸੈਰ ਲਈ ਲੋਕਾਂ ਦੀ ਭੀੜ ਜਮਾਂ ਹੋ ਚੁੱਕੀ ਸੀ। ਸਾਡੀ ਵਾਰੀ ਦੂਸਰੇ ਬੇੜੇ ਲਈ ਆਈ। ਤਿੰਨ ਸੌ ਦੇ ਕਰੀਬ ਯਾਤਰੀ ਬੇੜੇ ਵਿਚ ਸਵਾਰ ਸਨ ਅਤੇ ਪਹਾੜੀਆਂ ਵਿਚੋਂ ਹੁੰਦਾ ਹੋਇਆ ਸਾਡਾ ਜਹਾਜ਼ ਇਕ ਪੁਰਾਣੇ ਗਿਰਜਾਘਰ ਕੋਲ ਜਾ ਕੇ ਰੁਕਿਆ। ਡੈਨੂਬ ਕਿਨਾਰੇ ਕਈ ਰੈਸਤੋਰਾਂ ਬਣੇ ਹੋਏ ਹਨ। ਕਈ ਜਰਮਨ ਜੋੜੇ ਮੋਟਰ ਕਿਸ਼ਤੀਆਂ 'ਚ ਆਨੰਦ ਮਾਣ ਰਹੇ ਸਨ ਅਤੇ ਕਈ ਦਰਿਆ ਦੀ ਰੇਤ ਵਿਚ ਲੇਟ ਰਹੇ ਸਨ। ਕੁਝ ਘੰਟੇ ਦੀ ਯਾਤਰਾ ਉਪਰੰਤ ਅਸੀਂ 'ਬਾਦ ਅਬਾਕ' ਪਰਤ ਆਏ।

10 ਸਤੰਬਰ ਮੈਂ ਅਗਲੀ ਮੰਜਿਲ ਤੇ ਪਹੁੰਚਣਾ ਸੀ। ਰੀਗਨਜ਼ਬਰਗ ਤੋਂ ਗੱਡੀ ਤੇ ਸਵਾਰ ਹੋ ਕੇ ਮੈਂ ਜਰਮਨੀ ਦੇ ਡਰੈਸਡਨ ਸ਼ਹਿਰ ਜਾਣਾ ਸੀ। ਪ੍ਰੋ. ਸੈਨਸੋਨੀ ਅਤੇ ਉਸਦੀ ਘਰਵਾਲੀ ਮੈਨੂੰ ਅਲਵਿਦਾ ਕਹਿਣ ਆਏ। ਅਸੀਂ ਪਹਿਲਾਂ ਸਟੇਸ਼ਨ ਤੇ ਆਪਣੀ ਸੀਟ ਰਾਖਵੀਂ ਕਰਨ ਲਈ ਗਏ ਅਤੇ ਇਕ ਘੰਟਾ ਪੈਦਲ ਰੀਗਨਜ਼ਬਰਗ ਦੇ ਇਤਿਹਾਸਕ ਸ਼ਹਿਰ ਦੀ ਯਾਤਰਾ ਕੀਤੀ। ਇਹ ਡੈਨੂਬ ਦਰਿਆ ਦੇ ਕੰਢੇ ਤੇ ਸਥਿਤ ਹੈ ਅਤੇ ਜਰਮਨੀ ਦੇ ਸ਼ਹਿਜ਼ਾਦੇ ਦੀ ਰਾਜਧਾਨੀ ਹੋਇਆ ਕਰਦਾ ਸੀ। ਯੂਰਪ ਦੇ ਰਾਜੇ ਮਹਾਰਾਜੇ ਸਮਝੌਤਾ ਅਤੇ ਸੰਧੀ ਕਰਨ ਇਥੇ ਪਧਾਰਦੇ ਸਨ। ਮੈਂ ਉਹ ਮਹੱਲ ਵੇਖਿਆ ਜਿਥੇ ਇਹ ਮੀਟਿੰਗ ਹੋਇਆ ਕਰਦੀ ਸੀ। ਇਸ ਸ਼ਹਿਰ ਦੀ ਵੱਸੋਂ ਰੋਮਨ ਕੈਥੋਲਿਕ ਹੈ ਅਤੇ ਇਥੇ ਬੜਾ ਸ਼ਾਨਦਾਰ ਗਿਰਜਾਘਰ ਹੈ। ਜਰਮਨੀ ਦੀ ਵਧੇਰੇ ਵੱਸੋਂ ਤਾਂ ਪ੍ਰੋਟੈਸਟੈਂਟ ਧਰਮ ਦੀ ਪੈਰੋਕਾਰ ਹੈ। ਰੋਮਨ ਕੈਥੋਲਿਕ ਲੋਕ ਦਸਵੰਧ ਦੇਂਦੇ ਹਨ ਜਿਸ ਨਾਲ ਗਿਰਜਾਘਰ ਦੀ ਦੇਖ-ਰੇਖ ਹੁੰਦੀ ਹੈ। ਰੀਗਨਜ਼ਬਰਗ ਵੀ ਯਾਤਰੀਆਂ ਦੀ ਖਿੱਚ ਦਾ ਕਾਰਨ ਹੈ। ਮੈਂ ਇਸ ਦੀ ਇਤਿਹਾਸਕ ਮਹਾਨਤਾ ਨੂੰ ਪ੍ਰਣਾਮ ਕਰਕੇ ਸੈਨਸੋਨੀ ਜੋੜੇ ਤੋਂ ਅਲਵਿਦਾ ਲਈ।

## ਡਰੈਸਡੈਨ ਦੀ ਯਾਤਰਾ

10 ਸਤੰਬਰ ਐਤਵਾਰ ਦੇ ਦਿਨ ਮੈਂ ਇਕ ਹੋਰ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਖੋਜ ਪੇਪਰ ਪੜ੍ਹਨ ਲਈ ਡਰੈਸਡੈਨ ਵੱਲ ਰਵਾਨਾ ਹੋ ਪਿਆ ਜੋ ਕਿਸੇ ਸਮੇਂ ਜਰਮਨ ਦੇ ਸੈਕਸੋਨੀ ਬਾਦਸ਼ਾਹਾਂ ਦੀ ਰਾਜਧਾਨੀ ਸੀ। ਪੂਰਬੀ ਜਰਮਨੀ ਦਾ ਇਹ ਸਭ ਤੋਂ ਸੁੰਦਰ ਸ਼ਹਿਰ ਹੈ ਜੋ ਆਪਣੇ ਗਿਰਜਾ ਘਰਾਂ ਅਤੇ ਮਹੱਲਾਂ ਕਾਰਨ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ। ਰੀਗਨਜ਼ਬਰਗ ਤੋਂ ਗੱਡੀ ਚੱਲੀ ਤਾਂ ਮੇਰੇ ਡੱਬੇ ਵਿਚ ਅਧਖੜ ਉਮਰ ਦੀ ਇਕ ਜਰਮਨ ਔਰਤ ਆ ਕੇ ਬੈਠ ਗਈ। ਉਹ ਆਪਣੀ ਮਾਂ ਪਾਸ ਜਾ ਰਹੀ ਸੀ ਅਤੇ ਕਾਫੀ ਪਰੇਸ਼ਾਨ ਜਾਪ ਰਹੀ ਸੀ। ਉਸਨੇ ਦੱਸਿਆ ਕਿ ਉਸਦਾ ਪਿਤਾ ਡਾਕਟਰ ਹੈ ਅਤੇ ਜੀਵਨ ਦੇ ਆਖਰੀ ਮੋੜ ਤੇ ਮੌਤ ਨਾਲ ਜੂਝ ਰਿਹਾ ਹੈ। ਪਰੰਤੂ 90 ਸਾਲ ਦਾ ਹੋ ਕੇ ਵੀ ਉਹ ਮਰਨਾ ਨਹੀਂ ਚਾਹੁੰਦਾ ਅਤੇ ਉਸਦੀ ਮਾਂ ਦੇ ਮੋਹਵੱਸ ਹੋ ਕੇ ਉਹ ਤੜਪ ਰਿਹਾ ਹੈ। ਉਸ ਔਰਤ ਨੇ ਮੇਰੇ ਕੋਲੋਂ ਹਿੰਦੂ ਧਰਮ ਦੇ ਮੌਤ ਬਾਰੇ ਸੰਕਲਪ ਦੀ ਜਾਣਕਾਰੀ ਮੰਗੀ। ਮੈਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਤ੍ਰੈਲੋਚਨ ਦੀ ਬਾਣੀ ਦਾ ਸ਼ਬਦ ਇਸ ਸੰਕਲਪ ਦੀ ਸੁੰਦਰ ਤਸਵੀਰ ਪੇਸ਼ ਕਰਦਾ ਹੈ। "ਜੇਕਰ ਅੰਤ ਸਮੇਂ ਬੰਦੇ ਦੀ ਸੁਰਤ ਆਪਣੇ ਪੁੱਤਰਾਂ ਵਿਚ ਹੋਵੇ ਤਾਂ ਉਹ ਅਗਲੇ ਜਨਮ ਵਿਚ ਸੂਰ ਦੀ ਜੂਨੀ ਭੁਗਤਦਾ ਹੈ ਤੇ ਜੇਕਰ ਸੁਰਤ ਆਪਣੀ ਪਤਨੀ ਵੱਲ ਕੇਂਦਰਿਤ ਹੋਵੇ ਤਾਂ ਉਹ ਬੰਦਾ ਵੇਸਵਾ ਦੀ ਜੂਨੀ ਪਵੇਗਾ। ਜੋ ਅੰਤ ਸਮੇਂ ਸੁਰਤ ਨੂੰ ਪ੍ਰਭੂ ਨਾਲ ਜੋੜਦਾ ਹੈ ਉਸਦੀ ਜੂਨੀ ਕੱਟੀ ਜਾਂਦੀ ਹੈ ਅਤੇ ਉਹ ਪ੍ਰਭੂ ਨਾਲ ਇਕਮਿਕ ਹੋ ਜਾਂਦਾ ਹੈ।" ਚੰਗਾ ਹੋਵੇ ਜੇਕਰ ਤੁਹਾਡਾ ਪਿਤਾ ਮੋਹ ਦਾ ਤਿਆਗ ਕਰਕੇ ਆਪਣੀ ਸੁਰਤ ਈਸਾ ਮਸੀਹ ਦੀ ਬੰਦਗੀ ਵਿਚ ਜੋੜੇ ਤਾਂ ਕਿ ਬੰਦ ਖਲਾਸੀ ਸੌਖੀ ਹੋ ਜਾਵੇ। ਉਸ ਔਰਤ ਨੇ ਬਹੁਤ ਹੀ ਪ੍ਰਭਾਵ ਪੂਰਨ ਢੰਗ ਨਾਲ ਮੇਰਾ ਸ਼ੁਕਰੀਆ ਅਦਾ ਕੀਤਾ ਅਤੇ ਅਗਲੇ ਸਟੇਸ਼ਨ ਤੇ ਉਤਰ ਗਈ।

ਗਰਮੀ ਕਾਰਨ ਸਫਰ ਸੁਖਾਵਾਂ ਨਹੀ ਸੀ ਰਿਹਾ। ਮੈਂ ਆਪਣੇ ਗਰਮ ਕੱਪੜੇ ਉਤਾਰ ਕੇ ਅਟੈਚੀ 'ਚ ਬੰਦ ਕਰ ਲਏ। ਮੇਰੇ ਡੱਬੇ ਵਿਚ ਕੋਈ ਮੁਸਾਫਰ ਨਹੀਂ ਸੀ। ਮੈਂ ਜਰਮਨ ਔਰਤ ਦੀ ਪਰੇਸ਼ਾਨੀ ਬਾਰੇ ਸੋਚਣ ਲੱਗਾ ਅਤੇ ਗੁਰੂ ਬਾਣੀ ਦੇ ਅਮੋਘ ਬਾਣ ਦੀ ਜਾਦੂਮਈ ਸ਼ਕਤੀ ਬਾਰੇ ਜਿਸ ਨੇ ਉਸਨੂੰ ਧਰਵਾਸ ਦਿੱਤਾ ਸੀ। ਵਿਗਿਆਨ ਅਤੇ ਤਕਨਾਲੌਜੀ ਨੇ ਜਰਮਨ ਲੋਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾ ਦਿੱਤਾ ਹੈ। ਇਹ ਯੂਰਪ ਦੀ ਅਗਾਂਹਵਧੂ ਕੌਮ ਹੈ ਅਤੇ ਦੋ ਵਾਰ ਵਿਸ਼ਵ ਯੁੱਧ ਵਿਚ ਤਬਾਹ ਹੋਣ ਤੋਂ ਉਪਰੰਤ ਮੁੜ ਯੂਰਪ ਵਿਚ ਮੋਹਰੀ ਬਣ ਚੁੱਕੀ ਹੈ। ਪੂਰਬੀ ਜਰਮਨੀ ਰੂਸੀ ਬਲਾਕ ਵਿਚ ਸ਼ਾਮਲ ਹੋਣ ਕਰਕੇ ਕਮਿਊਨਿਸਟ ਬਣ ਗਿਆ ਪ੍ਰੰਤੂ ਪੱਛਮੀ ਜਰਮਨੀ ਦੇ ਮੁਕਾਬਲੇ ਆਰਥਿਕ ਅਤੇ ਤਕਨੀਕੀ ਪੱਖੋਂ ਬਹੁਤ ਹੀ ਪਛੜ ਗਿਆ ਸੀ। ਅਖੀਰ ਦੋਹਾਂ ਦੇਸ਼ਾਂ ਵਿਚਾਲੇ ਬਣੀ ਬਰਲਨ ਦੀ ਕੰਧ ਢਾਹ ਦਿੱਤੀ ਗਈ ਅਤੇ ਜਰਮਨ ਲੋਕਾਂ ਨੂੰ ਸਿਆਸੀ ਵਿਤਕਰਿਆਂ ਨੂੰ ਤਿਆਗ ਕੇ ਇਕਮਿਕ ਹੋਣਾ ਪਿਆ। ਮੈਂ ਇਸ ਏਕੀਕਰਣ ਤੋਂ ਪਹਿਲਾਂ ਦੋ ਵਾਰ ਪੂਰਬੀ ਜਰਮਨੀ ਵੇਖ ਚੁੱਕਾ ਸਾਂ। ਸਰਹੱਦ ਪਾਰ ਕਰਨਾ ਜੋਖਮ ਭਰਿਆ ਕੰਮ ਸੀ। ਮਾਵਾਂ ਆਪਣੇ ਪੁੱਤਰਾਂ ਤੋਂ ਵਿਛੜ ਕੇ ਵਰਲਾਪ ਕਰਦੀਆਂ ਵੇਖੀਆਂ। ਬਰਲਿਨ ਦੀ ਕੰਧ ਪਾਰ ਕਰਦਿਆਂ ਹਜ਼ਾਰਾਂ ਨੌਜਵਾਨ ਗੋਲੀਆਂ ਨਾਲ ਭੁੰਨੇ ਗਏ। ਕਮਿਊਨਿਸਟ ਨਿਜ਼ਾਮ ਨੇ ਕੌਮਾਂ ਦੀ ਸਭਿਆਚਾਰਕ ਬਰਬਾਦੀ ਤਾਂ ਕੀਤੀ ਪ੍ਰੰਤੂ ਹੁਣ ਆਪ ਹੀ ਖੇਰੂੰ ਖੇਰੂੰ ਹੋ ਚੁੱਕਾ ਹੈ। ਜਰਮਨੀ ਦੇ ਲੋਕ ਇਸ ਦੇ ਮਾਰੂ ਅਸਰ ਤੋਂ ਮੁਕਤ ਹੋ ਚੁੱਕੇ ਹਨ।

ਰੇਲ ਗੱਡੀ ਪੂਰਬੀ ਜਰਮਨੀ ਦੇ ਵਿਸ਼ਾਲ ਖੇਤਰ ਵਿਚੋਂ ਲੰਘ ਰਹੀ ਸੀ ਜੋ ਚੈੱਕ ਰੀਪਬਲਿਕ ਨਾਲ ਢੁਕਦਾ ਹੈ। ਖੇਤੀਬਾੜੀ ਲਈ ਇਹ ਧਰਤੀ ਯੋਗ ਹੈ ਅਤੇ ਕਿਸਾਨ ਮੱਕੀ ਦੀ ਕਾਸ਼ਤ ਕਰਦੇ ਹਨ। ਲਗਭਗ ਅੱਧੀ ਜ਼ਮੀਨ ਉਪਰ ਜੰਗਲ ਉਗਾ ਦਿੰਦੇ ਹਨ ਜਿਸ ਕਰਕੇ ਵਾਤਾਵਰਣ ਠੀਕ ਰਹਿੰਦਾ ਹੈ। ਜਰਮਨੀ ਦਾ ਘਣਾ ਜੰਗਲ (ਬਲੈਕ ਫਾਰੈਸਟ) ਵਿਸ਼ਵ ਭਰ ਵਿਚ ਯਾਤਰੀਆਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸਾਡੇ ਕਿਸਾਨ ਪਿੰਡਾਂ ਵਿਚ ਮੂਸਲ ਬੰਨਦੇ ਹਨ, ਜਰਮਨੀ ਦੇ ਜੱਟ ਵੀ ਫਸਲ ਸਾਂਭਣ ਲਈ ਟੀਨ ਦੇ ਸਟੋਰੇਜ਼ ਟੈਂਕ ਵਰਤਦੇ ਹਨ। ਪਾਣੀ ਦੇ ਸਰੋਤ ਵੀ ਕੁਦਰਤੀ ਹਨ। ਨਹਿਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਨਦੀਆਂ ਦਾ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਹੈ ਅਤੇ ਜਿਆਦਾ ਖੇਤੀ ਬਾਰਸ਼ ਤੇ ਨਿਰਭਰ ਹੁੰਦੀ ਹੈ। ਪੂਰਬੀ ਜਰਮਨੀ ਦੀਆਂ ਫੈਕਟਰੀਆਂ ਹੁਣ ਖਸਤਾ ਹਾਲਤ ਵਿਚ ਹਨ ਅਤੇ ਲਗਭਗ ਬੰਦ ਹੋ ਚੁੱਕੀਆਂ ਹਨ। ਪੱਛਮੀ ਜਰਮਨੀ ਵਿਚ ਸ਼ਾਮਲ ਹੋਣ ਉਪਰੰਤ ਨਵੀਆਂ ਕਾਰਾਂ ਦੇ ਮਾਡਲ ਬਣਨ ਲਗ ਪਏ ਹਨ ਵਰਨਾ ਪੂਰਬੀ ਜਰਮਨੀ ਦੇ ਕਬਾੜਖਾਨੇ ਵਿਚ ਤਾਂ ਭਾਰਤ ਵਾਂਗ ਇਕੋ ਕਿਸਮ ਦੀ ਕਾਰ ਹੀ ਬਣਦੀ ਸੀ। ਰੇਲਵੇ ਸਟੇਸ਼ਨਾਂ ਤੇ ਵੀ ਸਾਡੇ ਦੇਸ਼ ਤੋਂ ਵੀ ਮਾੜਾ ਹਾਲ ਸੀ ਕਿਉਂਕਿ ਪਲਟੇਫਾਰਮ ਨਾ ਹੋਣ ਕਰਕੇ ਬਜੁਰਗ ਮੁਸਾਫਰ ਗੱਡੀ ਚੜ੍ਹਦੇ ਅਤੇ ਉਤਰਦੇ ਪਰੇਸ਼ਾਨ ਹੁੰਦੇ ਸਨ। ਵੈਸੇ ਸਭਿਆਚਾਰਕ ਅਤੇ ਇਤਿਹਾਸਕ ਪੱਖੋਂ ਪੂਰਬੀ ਜਰਮਨੀ ਦੇ ਸ਼ਹਿਰ ਯਾਤਰੀਆਂ ਦੀ ਖਿੱਚ ਦਾ ਕਾਰਨ ਬਣੇ ਹੋਏ ਹਨ। ਡਰੈਸਡੈਨ, ਲਿਪਜ਼ਿਗ, ਵਾਈਮਰ, ਵੁਰਜ਼ਬਰਗ ਅਤੇ ਬਰਲਿਨ ਵਿਸ਼ਵ ਭਰ ਵਿਚ ਪ੍ਰਸਿੱਧ ਹਨ।

ਸ਼ਾਮ ਦੇ ਪੰਜ ਵਜੇ ਦੇ ਕਰੀਬ ਮੇਰੀ ਗੱਡੀ ਡਰੈਸਡੈਨ ਰੇਲਵੇ ਸਟੇਸ਼ਨ ਤੇ ਪਹੁੰਚ ਗਈ। ਮੈਂ ਆਪਣਾ ਸਮਾਨ ਡੱਬੇ ਤੋਂ ਉਤਾਰ ਰਿਹਾ ਸਾਂ ਕਿ ਮੇਰਾ ਦੋਸਤ ਅਤੇ ਅੰਤਰ-ਰਾਸ਼ਟਰੀ ਕਾਨਫਰੰਸ ਦਾ ਕਰਤਾ ਧਰਤਾ ਡਾਕਟਰ ਟਾਮਸ ਸਟਰਾਈਲ ਆ ਗਲੇ ਮਿਲਿਆ। ਟਾਮਸ ਪਹਿਲਾਂ ਟੈਕਨੀਕਲ ਯੂਨੀਵਰਸਿਟੀ ਵਿਚ ਭੌਤਿਕ ਵਿਗਿਆਨ ਦਾ ਅਧਿਆਪਕ ਸੀ ਪਰੰਤੂ ਹੁਣ ਇਕ ਕੰਪਨੀ ਦਾ ਮਾਲਕ ਹੈ ਜੋ ਵਿਕਿਰਣ ਮਾਪਣ ਲਈ ਸੰਵੇਦਨਸ਼ੀਲ ਉਪਕਰਣ ਤਿਆਰ ਕਰਦੀ ਹੈ। ਦੰਸਬਰ 1995 ਵਿਚ ਉਹ ਅੰਮ੍ਰਿਤਸਰ ਆਇਆ ਸੀ ਅਤੇ ਮੈਂ ਵੀ ਉਸਦੇ ਸ਼ਹਿਰ ਵਿਖੇ 1996 ਵਿਚ ਫੇਰਾ ਪਾਇਆ ਸੀ। ਟਾਮਸ ਸਟਰਾਈਲ ਨੇ ਡਰੈਸਡੈਨ ਦੇ ਨਾਲ ਲਗਦੇ ਪਿੰਡ ਪੈਸਟਰਵਿਜ਼ ਵਿਚ ਮੇਰੇ ਰਹਿਣ ਦਾ ਪ੍ਰਬੰਧ ਕੀਤਾ ਹੋਇਆ ਸੀ। ਉਸਦੀ ਫੈਕਟਰੀ ਵੀ ਇਸੇ ਪਿੰਡ ਵਿਚ ਹੈ ਅਤੇ ਰਿਹਾਇਸ਼ੀ ਮਕਾਨ ਵੀ ਇਥੇ ਹੀ ਖਰੀਦ ਰੱਖਿਆ ਹੈ। ਪਹਿਲਾਂ ਅਸੀਂ ਉਸਦੀ ਫੈਕਟਰੀ ਵੇਖੀ ਜੋ ਪਿੰਡ ਦੇ ਪ੍ਰਾਇਮਰੀ ਸਕੂਲ ਦੀ ਇਮਾਰਤ ਖਰੀਦ ਕੇ ਬਣਾਈ ਗਈ ਹੈ। ਸ਼ਹਿਰ ਵਿਚ ਪਲਾਟ ਮਹਿੰਗੇ ਹੋਣ ਕਰਕੇ ਉਸਨੇ ਪਿੰਡ ਵਿਚ ਰਹਿਣਾ ਪਸੰਦ ਕੀਤਾ ਹੈ ਕਿਉਂਕਿ ਇਹ ਸਿਰਫ ਪੰਜ ਕਿਲੋਮੀਟਰ ਦੀ ਦੂਰੀ ਤੇ ਹੈ।ਘਰ ਪਹੁੰਚੇ ਤਾਂ ਟਾਮਸ ਦੀ ਘਰਵਾਲੀ ਸਾਬੀਨਾ ਮੇਰਾ ਇੰਤਜਾਰ ਕਰ ਰਹੀ ਸੀ। ਇਕ ਜੋੜਾ ਬਰਾਜ਼ੀਲ ਤੋਂ ਉਹਨਾਂ ਦੇ ਘਰ ਪਹਿਲਾਂ ਹੀ ਠਹਿਰਿਆ ਹੋਇਆ ਸੀ, ਸੋ ਮੇਰੀ ਰਿਹਾਇਸ਼ ਪਿੰਡ ਦੇ ਹੋਟਲ ਵਿਚ ਕੀਤੀ ਗਈ। ਸਾਬੀਨਾ ਨੇ ਚਾਹ ਤੇ ਕੇਕ ਪਰੋਸਿਆ ਅਤੇ ਕਿਹਾ ਕਿ ਇਹ ਦਾਰਜੀਲਿੰਗ ਦੀ ਵਧੀਆ ਚਾਹ ਹੈ। ਪਹਿਲੀ ਵਾਰ ਜਦੋਂ ਉਹ ਮਿਲੀ ਸੀ ਤਾਂ ਝੂਰ ਰਹੀ ਸੀ ਕਿ ਟਾਮਸ ਨੇ ਘਰ ਦੀ ਸਾਰੀ ਜਾਇਦਾਦ ਫੈਕਟਰੀ ਵਿਚ ਲਗਾ ਦਿੱਤੀ ਹੈ ਅਤੇ ਉਸਦੇ ਗਹਿਣੇ ਵੀ ਵੇਚ ਛੱਡੇ ਸਨ ਪਰੰਤੂ ਹੁਣ ਉਹ ਖੁਸ਼ ਜਾਪਦੀ ਸੀ। ਟਾਮਸ ਦੀ ਮਾਂ ਆਪਣੇ ਜੱਦੀ ਘਰ ਵਿਚ ਡਰੈਸਡੈਨ ਹੀ ਰਹਿੰਦੀ ਹੈ। ਉਸੇ ਰਾਤ ਜਦੋਂ ਅਸੀਂ ਡਿਨਰ ਲਈ ਸ਼ਹਿਰ ਵੱਲ ਗਏ ਸਾਂ ਤਾਂ ਉਹ ਉਚੇਚਾ ਮੈਨੂੰ ਮਿਲਣ ਆਈ ਅਤੇ ਮੇਰੀ ਪਗੜੀ ਵੇਖ ਕੇ ਮੈਨੂੰ ਮਹਾਰਾਜਾ ਕਹਿਣ ਲੱਗੀ।

ਪਿੰਡ ਦਾ ਹੋਟਲ ਫਿਰਨੀ ਉਪਰ ਬਣਿਆ ਹੋਣ ਕਰਕੇ ਖੇਤਾਂ ਦੇ ਨਾਲ ਲਗਦਾ ਹੈ। ਇਥੇ ਵਪਾਰੀ ਲੋਕ ਅਤੇ ਯਾਤਰੀ ਵੀ ਠਹਿਰਦੇ ਹਨ ਕਿਉਂਕਿ ਸ਼ਹਿਰ ਦੇ ਹੋਟਲਾਂ ਮੁਕਾਬਲੇ ਇਹ ਕਾਫੀ ਸਸਤਾ ਹੈ। ਹੋਟਲ ਦੇ ਮਾਲਕ ਦਾ ਪਰਿਵਾਰ ਆਪ ਹੀ ਸਾਰੇ ਕੰਮ ਕਰਦਾ ਹੈ। ਉਸ ਦੀ ਘਰਵਾਲੀ ਅਤੇ ਜਵਾਨ ਧੀ ਰੈਸਤੋਰਾਂ ਵਿਚ ਮਹਿਮਾਨਾਂ ਦੀ ਖਿਦਮਤ ਕਰਦੀਆਂ ਹਨ ਕਿਉਂਕਿ ਨੌਕਰ ਰੱਖਣਾ

ਬਹੁਤ ਹੀ ਮਹਿੰਗਾ ਪੈਂਦਾ ਹੈ। ਇਸ ਹੋਟਲ ਵਿਚ ਮੈਨੂੰ ਘਰ ਵਰਗਾ ਮਾਹੌਲ ਮਿਲ ਗਿਆ। ਸਵੇਰੇ ਪਿੰਡ ਦੇ ਬਾਹਰ ਸੈਰ ਕਰਨ ਨਿਕਲ ਜਾਂਦਾ ਅਤੇ ਸੇਬਾਂ ਦੇ ਬਾਗ ਵਿਚ ਘੁੰਮ ਆਉਂਦਾ। ਨਾਸ਼ਤੇ ਉਪਰੰਤ ਟਾਮਸ ਦਾ ਸਾਥੀ ਮੈਨੂੰ ਆਪਣੀ ਕਾਰ ਵਿਚ ਟੈਕਨੀਕਲ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਚ ਹਰ ਰੋਜ਼ ਲੈ ਜਾਂਦਾ ਜਿਥੇ ਅੰਤਰ-ਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਸੀ। ਪਹਿਲੀ ਰਾਤ ਸਾਰੇ ਡੈਲੀਗੇਟਾਂ ਲਈ ਡਰੈਸਡੈਨ ਸ਼ਹਿਰ ਘੁੰਮਣ ਦਾ ਪ੍ਰੋਗਰਾਮ ਤੈਅ ਕੀਤਾ ਹੋਇਆ ਸੀ। ਅੱਧੀ ਰਾਤ ਤੱਕ ਸਾਡਾ ਗਰੁੱਪ ਗਾਈਡ ਦੀ ਮੱਦਦ ਨਾਲ ਡਰੈਸਡੈਨ ਦੇ ਸ਼ਹਿਨਸ਼ਾਹਾਂ ਦੇ ਮਹੱਲ, ਬਾਗ ਅਤੇ ਗਿਰਜਾ ਘਰ ਵੇਖਦਾ ਰਿਹਾ। ਰਾਤ ਦੀ ਚਹਿਲ ਪਹਿਲ ਵਿਚ ਇਸ ਸ਼ਹਿਰ ਦਾ ਮੁਕਾਬਲਾ ਜਰਮਨੀ ਦਾ ਹੋਰ ਕੋਈ ਸ਼ਹਿਰ ਨਹੀਂ ਕਰ ਸਕਦਾ। ਯਾਤਰੀਆਂ ਦੇ ਮਨੋਰੰਜਨ ਲਈ ਰੰਗ ਤਮਾਸ਼ੇ ਦਾ ਪ੍ਰੋਗਰਾਮ ਸਵੇਰ ਦੇ ਚਾਰ ਵਜੇ ਤੱਕ ਚਲਦਾ ਰਹਿੰਦਾ ਹੈ। ਦੋ ਵਜੇ ਦੇ ਕਰੀਬ ਅਸੀਂ ਆਪਣੇ ਹੋਟਲ ਵੱਲ ਪਰਤ ਆਏ।

12 ਸਤੰਬਰ ਨੂੰ ਕਾਨਫਰੰਸ ਵਿਚ ਮੈਂ ਆਪਣਾ ਖੋਜ ਪੱਤਰ ਪੇਸ਼ ਕੀਤਾ ਅਤੇ ਇਕ ਸੈਸ਼ਨ ਦੀ ਪ੍ਰਧਾਨਗੀ ਵੀ ਕੀਤੀ। ਬਹੁਤ ਸਾਰੇ ਵਿਗਿਆਨੀ ਰੂਸ ਅਤੇ ਯੂਰਪ ਦੇ ਬਾਕੀ ਦੇਸ਼ਾਂ ਵਿਚੋਂ ਆਏ ਹੋਏ ਸਨ। ਲਾਤੀਨੀ ਅਮਰੀਕਾ ਤੋਂ ਵੀ ਇਕ ਵੱਡਾ ਜੱਥਾ ਪਹੁੰਚਿਆ ਹੋਇਆ ਸੀ। ਇਹ ਲੋਕ ਕਾਫੀ ਮਿਲਣਸਾਰ ਹੁੰਦੇ ਹਨ। ਦਰਅਸਲ, ਲਾਤੀਨੀ ਅਮਰੀਕਾ ਦੇ ਬਹੁਤੇ ਵਾਸ਼ਿੰਦੇ ਸਪੇਨ ਤੇ ਪੁਰਤਗਾਲ ਤੋਂ ਹੀ ਗਏ ਸਨ ਅਤੇ ਸਪੈਨਿਸ਼ ਲੋਕ ਜ਼ਿੰਦਗੀ ਦਾ ਭਰਪੂਰ ਆਨੰਦ ਮਾਣਦੇ ਹਨ। ਇਨ੍ਹਾਂ ਦੇ ਲੋਕ ਨਾਚ ਵੀ ਭੰਗੜੇ ਵਾਂਗ ਜੋਸ਼ੀਲੇ ਹੁੰਦੇ ਹਨ। ਦੁਪਹਿਰ ਦਾ ਭੋਜਨ ਕਾਨਫਰੰਸ ਹਾਲ ਦੇ ਨਾਲ ਹੀ ਲਗਦੇ ਯੂਨੀਵਰਸਿਟੀ ਰੈਸਤੋਰਾਂ ਵਿਚ ਸੀ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਕੋ ਜਿਹਾ ਖਾਣਾ ਮਿਲਦਾ ਹੈ, ਬਲਕਿ ਵਿਦਿਆਰਥੀ ਇਹੋ ਖਾਣਾ ਅੱਧੀ ਕੀਮਤ ਤੇ ਖਾਂਦੇ ਹਨ। ਇਥੇ ਸਮਾਜਿਕ ਬਰਾਬਰੀ ਆਹਲਾ ਦਰਜੇ ਦੀ ਹੈ। ਵਿਦਿਆ ਮੰਤਰੀ ਨਾਲੋਂ ਯੂਨੀਵਰਸਿਟੀ ਦੇ ਪ੍ਰੋਫੈਸਰ ਦੀ ਕਦਰ ਵਧੇਰੇ ਹੈ ਕਿਉਂਕਿ ਪ੍ਰੋਫੈਸਰ ਦੀ ਉਪਾਧੀ ਲਈ ਆਹਲਾ ਦਰਜੇ ਦੀ ਖੋਜ ਜ਼ਰੂਰੀ ਹੈ। ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦਾ ਦੌਰਾ ਕਰਕੇ ਮੈਂ ਕੁਝ ਖੋਜੀ ਪ੍ਰੋਫੈਸਰਾਂ ਨੂੰ ਮਿਲਿਆ। ਮੈਡਮ ਦੋਰਸ਼ੈਲ, ਜੋ ਇਥੋਂ ਦੀ ਡਾਇਰੈਕਟਰ ਹੈ, ਕਿਸੇ ਭਿਆਨਕ ਬੀਮਾਰੀ ਕਾਰਨ ਹਸਪਤਾਲ ਵਿਚ ਦਾਖਲ ਸੀ ਜਿਸ ਕਰਕੇ ਮੇਰਾ ਸੁਪਨਾ ਅਧੂਰਾ ਰਹਿ ਗਿਆ। ਅਸੀਂ ਦੋਹਾਂ ਨੇ ਵਿਕਿਰਣ ਸੰਬੰਧੀ ਸਾਂਝੀ ਖੋਜ ਦਾ ਪ੍ਰੋਜੈਕਟ ਤਿਆਰ ਕੀਤਾ ਸੀ ਜਿਸ ਦੀ ਮਨਜ਼ੂਰੀ ਜਰਮਨ ਸਰਕਾਰ ਨੇ ਦੇਣੀ ਸੀ। ਪਰੰਤੂ ਕੈਂਸਰ ਦੀ ਨਾ-ਮੁਰਾਦ ਬੀਮਾਰੀ ਨੇ ਦੋਰਸ਼ੈਲ ਨੂੰ ਸੇਵਾ ਮੁਕਤ ਹੋਣ ਲਈ ਮਜਬੂਰ ਕਰ ਛੱਡਿਆ ਹੈ।

ਡਰੈਸਡੈਨ ਦੀ ਵਿਸ਼ਵ ਪ੍ਰਸਿੱਧੀ ਦਾ ਕਾਰਨ ਇਥੋਂ ਦਾ ਗਿਰਜਾਘਰ ਹੈ ਜੋ ਦੂਸਰੇ ਵਿਸ਼ਵ ਯੁੱਧ ਵਿਚ ਅਮਰੀਕਾ ਦੀ ਬੰਬਾਰੀ ਕਾਰਨ ਤਬਾਹ ਹੋ ਗਿਆ। ਇਸ ਗਿਰਜਾਘਰ ਦੀ ਇਮਾਰਤ ਮੁੜ ਤਾਮੀਰ ਕੀਤੀ ਜਾ ਰਹੀ ਹੈ ਪਰੰਤੂ ਇਸ ਵਿਚ ਇਕ ਵੀ ਬਾਹਰਲਾ ਪੱਥਰ ਨਹੀਂ ਵਰਤਿਆ ਜਾ ਰਿਹਾ। ਪੁਰਾਣੇ ਪੱਥਰਾਂ ਦੇ ਟੁਕੜੇ ਮੁੜ ਤਰਾਸ਼ੇ ਗਏ ਹਨ ਅਤੇ ਮਲਬੇ ਦੇ ਢੇਰ ਵਿਚੋਂ ਪ੍ਰਾਪਤ ਪੱਥਰ ਅਤੇ ਮੂਰਤੀਆਂ ਹੀ ਇਸ ਅੰਦਰ ਲਗਾਈਆਂ ਜਾ ਰਹੀਆਂ ਹਨ। ਇਸ ਸ਼ਹਿਰ ਦੀ ਇਕ ਹੋਰ ਦੰਦ-ਕਥਾ ਵੀ ਮਸ਼ਹੂਰ ਹੈ। ਜਦੋਂ ਸੈਕਸੋਨੀ ਦਾ ਰੋਮਨ ਕੈਥੋਲਿਕ ਬਾਦਸ਼ਾਹ ਅਗੱਸਤੱਸ ਮਰ ਗਿਆ ਤਾਂ ਸ਼ਹਿਰ ਦੇ ਪ੍ਰੋਟੈਸਟੈਂਟ ਲੋਕਾਂ ਨੇ ਇਸ ਦੀ ਦੇਹ ਨੂੰ ਗਿਰਜਾ ਘਰ ਵਿਚ ਦਫਨ ਕਰਨ ਤੋਂ ਵਰਜ ਦਿੱਤਾ। ਬਾਦਸ਼ਾਹ ਇਸ ਸ਼ਹਿਰ ਨੂੰ ਤਹਿ ਦਿਲੋਂ ਪਿਆਰ ਕਰਦਾ ਸੀ। ਉਸਨੇ ਆਪਣੇ ਦਰਬਾਰੀਆਂ ਤੋਂ ਇਜਾਜਤ ਲੈ ਲਈ ਕਿ ਮਰਨ ਉਪਰੰਤ ਉਸਦੀ ਦੇਹ ਤਾਂ ਪੋਲੈਂਡ ਦੇ ਸ਼ਹਿਰ ਕਰਾਕੋਵ ਦੇ ਗਿਰਜਾਘਰ ਵਿਚ ਦਫਨਾਈ ਜਾਵੇ ਪਰੰਤੂ ਉਸਦਾ ਦਿਲ ਕੱਢ ਕੇ ਡਰੈਸਡੈਨ ਸ਼ਹਿਰ ਵਿਚ ਰੱਖਿਆ ਜਾਵੇ ਜੋ ਕਿ ਇਸ ਦੇ ਪਿਆਰ ਵਿਚ ਹਮੇਸ਼ਾ ਧੜਕਦਾ ਰਹੇਗਾ। ਬਾਦਸ਼ਾਹ ਦੀ ਇਹ ਆਖਰੀ ਇੱਛਾ ਪ੍ਰਵਾਨ ਕਰ ਲਈ ਗਈ। ਸ਼ਹਿਰ ਦੇ ਲੋਕ ਦੱਸਦੇ ਹਨ ਕਿ ਜਦੋਂ ਕਦੇ ਵੀ ਕੋਈ ਹੁਸੀਨਾ ਇਸ ਕਬਰ ਕੋਲੋਂ ਦੀ ਲੰਘਦੀ ਹੈ ਤਾਂ ਬਾਦਸ਼ਾਹ ਦੇ ਦਿਲ ਦੀ ਧੜਕਣ ਸੁਣਾਈ ਦੇਣ ਲੱਗਦੀ ਹੈ। ਹੈ ਨਾ ਸੱਚੇ ਪਿਆਰ ਦੀ ਕਰਾਮਾਤ ਦਾ ਅਦਭੁੱਤ ਨਜ਼ਾਰਾ।

## ਪਰਾਗ ਦੇ ਮਨਮੋਹਕ ਨਜ਼ਾਰੇ

ਜੁਲਾਈ 1972 ਵਿਚ, ਪੈਰਿਸ ਯੂਨੀਵਰਸਿਟੀ ਵਿਚ ਆਪਣੀ ਖੋਜ ਦਾ ਕੰਮ ਪੂਰਾ ਕਰਕੇ ਮੈਂ ਜਰਮਨੀ, ਚੈਕੋਸਲਵਾਕੀਆ ਅਤੇ ਪੋਲੈਂਡ ਦੀ ਯਾਤਰਾ ਤੇ ਨਿਕਲ ਪਿਆ। ਜੋ ਰਕਮ ਮੈਂ ਵਜ਼ੀਫੇ ਵਿਚੋਂ ਜਮ੍ਹਾਂ ਕੀਤੀ ਹੋਈ ਸੀ ਉਹ ਇਸ ਯਾਤਰਾ ਤੇ ਖਰਚ ਹੋ ਗਈ। ਪੈਰਿਸ ਰਹਿੰਦਿਆਂ ਮੇਰੇ ਕਈ ਦੋਸਤ ਬਣੇ ਜੋ ਮੇਰੀ ਹਰ ਯਾਤਰਾ ਵਿਚ ਸਹਾਈ ਹੁੰਦੇ ਸਨ। 1972 ਵਿਚ ਚੈਕੋਸਲਵਾਕੀਆ ਕਮਿਊਨਿਸਟ ਦੇਸ਼ ਸੀ ਅਤੇ ਰੂਸੀ ਫੌਜ ਇਸ ਦੀ ਰਾਜਧਾਨੀ ਪਰਾਗ ਵਿਚ ਤਾਇਨਾਤ ਸੀ। ਹੰਗਰੀ ਤੋਂ ਬਾਅਦ ਚੈਕ ਲੋਕਾਂ ਨੇ ਵੀ ਰੂਸ ਦੇ ਖਿਲਾਫ ਬਗਾਵਤ ਦਾ ਝੰਡਾ ਖੜਾ ਕੀਤਾ ਸੀ ਪਰੰਤੂ ਰੂਸੀ ਫੌਜ ਨੇ ਚੈਕ ਨੌਜਵਾਨਾਂ ਨੂੰ ਟੈਂਕਾਂ ਹੇਠ ਕੁਚਲ ਦਿੱਤਾ ਸੀ। ਹੁਣ

ਭਾਸ਼ਾ ਦੇ ਅਧਾਰ ਤੇ ਚੈਕੋਸਲਵਾਕੀਆ ਦੇ ਦੋ ਟੁਕੜੇ ਹੋ ਚੁੱਕੇ ਹਨ: ਇਕ ਚੈਕ ਭਾਸ਼ਾ ਬੋਲਦਾ ਦੇਸ਼ ਚੈਕ ਰੀਪਬਲਿਕ ਅਤੇ ਦੂਸਰਾ ਸਲਾਵ ਭਾਸ਼ਾ ਬੋਲਦਾ ਸਲੋਵਾਕੀਆ। 1999 ਵਿਚ ਮੈਂ ਕਾਰ ਰਾਹੀਂ ਸਲੋਵਾਕੀਆ ਦੋ ਘੰਟੇ ਵਿਚ ਪਾਰ ਕਰ ਲਿਆ ਸੀ। ਚੈਕ ਰੀਪਬਲਿਕ ਖੇਤਰਫਲ ਅਤੇ ਅਬਾਦੀ ਵਿਚ ਸਲੋਵਾਕੀਆ ਤੋਂ ਦੁੱਗਣਾ ਹੈ ਅਤੇ ਤਕਨੀਕੀ ਪੱਖੋਂ ਵੀ ਅਮੀਰ ਦੇਸ਼ ਹੈ। ਹੁਣ ਕਮਿਊਨਿਜ਼ਮ ਦਾ ਸਫਾਇਆ ਹੋ ਚੁੱਕਾ ਹੈ ਅਤੇ ਅਮਰੀਕੀ ਸਿਆਸਤ ਦਾ ਬੋਲਬਾਲਾ ਹੋ ਰਿਹਾ ਹੈ। ਮੈਨੂੰ ਯਾਦ ਹੈ 1972 ਵਿਚ ਹਰ ਯਾਤਰੀ ਸਮਾਰਕ ਵਿਚ ਦਾਖਲ ਹੋਣ ਉਪਰੰਤ ਲੈਨਿਨ ਦੀ ਰਿਕਾਰਡ ਕੀਤੀ ਤਕਰੀਰ ਸੁਣਾਈ ਜਾਂਦੀ ਸੀ ਪਰੰਤੂ ਹੁਣ ਐਸੀ ਕੋਈ ਰਸਮ ਨਹੀਂ ਕੀਤੀ ਜਾਂਦੀ। ਨਵੀਂ ਪੀੜੀ ਤਾਂ ਪੱਛਮੀ ਪ੍ਰਭਾਵ ਥੱਲੇ ਪਲ ਰਹੀ ਹੈ ਪ੍ਰੰਤੂ ਪੁਰਾਣੇ ਲੋਕ ਅਜੇ ਤੱਕ ਸਮਾਜਵਾਦ ਦੇ ਸੰਸਕਾਰਾਂ ਤੋਂ ਮੁਕਤ ਨਹੀਂ ਹੋਏ।

13 ਸਤੰਬਰ ਨੂੰ ਮੈਂ ਰੇਲ ਗੱਡੀ ਤੇ ਸਵਾਰ ਹੋ ਕੇ ਪਰਾਗ ਵੱਲ ਚਾਲੇ ਪਾ ਦਿੱਤੇ। ਗੱਡੀ ਵਿਚ ਕੋਈ ਵਿਰਲਾ ਟਾਵਾਂ ਹੀ ਮੁਸਾਫਰ ਬੈਠਾ ਸੀ। ਜਰਮਨ ਪੁਲਿਸ ਨੇ ਮੇਰਾ ਸਮਾਨ ਚੈੱਕ ਕੀਤਾ ਅਤੇ ਪੂਰੀ ਗੱਡੀ ਦੀ ਤਲਾਸ਼ੀ ਲਈ। ਦਰਿਆ ਦੇ ਕਿਨਾਰੇ ਪਹਾੜੀ ਵਾਦੀ ਵਿਚੋਂ ਗੱਡੀ ਤੇਜ ਰਫਤਾਰ ਨਾਲ ਜਾ ਰਹੀ ਸੀ। ਪਹਾੜੀ ਚੱਟਾਨਾਂ ਕਈ ਰੂਪਾਂਤਰ ਪੇਸ਼ ਕਰ ਰਹੀਆਂ ਸਨ ਅਤੇ ਭੂ-ਵਿਗਿਆਨੀਆਂ ਲਈ ਇਹ ਖਿੱਤਾ ਕਈ ਗੁਹਜ ਭੇਦ ਲਕੋਈ ਬੈਠਾ ਹੈ। ਪਹਾੜੀਆਂ ਦੀ ਕਿਤਾਰ ਲੰਘਣ ਸਾਰ ਅਸੀਂ ਚੈਕ ਰੀਪਬਲਿਕ ਦੀ ਸਰਹੱਦ 'ਚ ਦਾਖਲ ਹੋ ਗਏ। ਗਿਆਰਾਂ ਵਜੇ ਦੇ ਕਰੀਬ ਮੇਰੀ ਗੱਡੀ ਪਰਾਗ ਦੇ ਸਟੇਸ਼ਨ ਤੇ ਪਹੁੰਚ ਗਈ। ਮਿਥੇ ਪ੍ਰੋਗਰਾਮ ਅਨੁਸਾਰ ਮੇਰਾ ਦੋਸਤ ਵੈਕਲਾਵ ਚੈਰਵ ਮੈਨੂੰ ਰੇਲਵੇ ਸਟੇਸ਼ਨ ਤੇ ਹੀ ਮਿਲ ਗਿਆ। ਮੈਂ ਆਪਣਾ ਸਮਾਨ ਕਲਾਕ ਰੂਮ ਵਿਚ ਜਮ੍ਹਾਂ ਕਰਵਾ ਦਿੱਤਾ ਅਤੇ ਕੈਮਰਾ ਲੈ ਕੇ ਚੈਰਵ ਨਾਲ ਪਰਾਗ ਦੀ ਯਾਤਰਾ ਤੇ ਨਿਕਲ ਪਿਆ। ਪਹਿਲਾਂ ਅਸੀਂ ਟਰਾਮ ਤੇ ਸਫਰ ਕੀਤਾ ਅਤੇ ਬਾਅਦ ਵਿਚ ਧਰਤੀ ਹੇਠ ਚੱਲਣ ਵਾਲੀ ਮੈਟਰੋ ਰੇਲ ਗੱਡੀ ਤੇ ਸਵਾਰ ਹੋ ਗਏ। ਇਹ ਮੈਟਰੋ ਯੂਰਪ ਦੇ ਹਰ ਵੱਡੇ ਸ਼ਹਿਰ ਵਿਚ ਚੱਲਦੀ ਹੈ ਜਿਸ ਕਰਕੇ ਦਿੱਲੀ ਅਤੇ ਕਲਕੱਤਾ ਵਾਂਗ ਟਰੈਫਿਕ ਜਾਮ ਨਹੀਂ ਹੁੰਦੇ। ਇਹ ਸਹੂਲਤ ਭਾਰਤ ਦੇ ਸਾਰੇ ਸ਼ਹਿਰਾਂ ਵਿਚ ਮੁਹੱਈਆ ਹੋਣੀ ਚਾਹੀਦੀ ਹੈ ਵਰਨਾ ਲੋਕੀਂ ਕੀੜੇ ਮਕੌੜਿਆਂ ਵਾਂਗ ਵਾਹਣਾ ਹੇਠ ਕੁਚਲੇ ਜਾਇਆ ਕਰਨਗੇ। ਵਧ ਰਹੀ ਅਬਾਦੀ ਦੀ ਕਰੋਪੀ ਭਾਰਤ ਦੀਆਂ ਸਾਰੀਆਂ ਪਲੈਨਾਂ ਫੇਲ੍ਹ ਕਰ ਦਿੰਦੀ ਹੈ। ਦੂਸਰਾ ਅਮੀਰੀ ਅਤੇ ਗਰੀਬੀ ਦਾ ਵਧ ਰਿਹਾ ਪਾੜਾ ਭਾਰਤ ਲਈ ਖਤਰੇ ਦੀ ਘੰਟੀ ਹੈ।

ਮੇਰੇ ਦੋਸਤ ਨੇ ਕਿਹਾ ਕਿ ਜੇਕਰ ਪਰਾਗ ਵੇਖਣਾ ਹੈ ਤਾਂ ਚਾਰ ਪੰਜ ਘੰਟੇ ਪੈਦਲ ਸਫਰ ਕਰਨਾ ਪਵੇਗਾ। ਮੈਨੂੰ ਇਹ ਸ਼ਰਤ ਮਨਜ਼ੂਰ ਸੀ ਕਿਉਂਕਿ ਮੇਰੇ ਪਾਸ ਸਮੇਂ ਦੀ ਕਿੱਲਤ ਸੀ ਅਤੇ ਉਸੇ ਸ਼ਾਮ ਮੈਂ ਵੀਆਨਾ ਪਹੁੰਚਣਾ ਸੀ। ਅਸੀਂ ਮੈਟਰੋ ਸਟੇਸ਼ਨ ਤੋਂ ਬਾਹਰ ਆ ਕੇ ਪਰਾਗ ਦੇ ਖੁੱਲ੍ਹੇ ਮੈਦਾਨ ਵਿਚ ਤੁਰਨਾ ਸ਼ੁਰੂ ਕੀਤਾ। ਇਥੋਂ ਅਸੀਂ ਸਾਰੇ ਸ਼ਹਿਰ ਦਾ ਨਜ਼ਾਰਾ ਵੇਖ ਸਕਦੇ ਹਾਂ। ਵਲਤਾਵਾ ਦਰਿਆ ਪਰਾਗ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਇਕ ਪਾਸੇ ਟਿੱਲੇ ਉਪਰ ਪਰਾਗ ਦਾ ਕੈਸਲ ਅਤੇ ਬਾਦਸ਼ਾਹਾਂ ਦੇ ਮਹੱਲ ਹਨ। ਮਾਥੀਆਜ ਗਿਰਜਾਘਰ ਅਤੇ ਸੰਤ ਵਿਟੂ ਦਾ ਕੈਥੀਡਰਲ ਵੀ ਮਹੱਲਾਂ ਦੇ ਨਾਲ ਹੀ ਹੈ। ਮਾਥੀਆਜ ਗਿਰਜਾਘਰ ਗੋਥਿਕ ਸਟਾਈਲ ਵਿਚ ਤਾਮੀਰ ਕੀਤਾ ਗਿਆ ਹੈ ਜੋ ਕਿ ਯੂਰਪ ਵਿਚ ਰੋਮਨ ਕੈਥੋਲਿਕ ਚੜ੍ਹਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਕਿਸੇ ਸਮੇਂ ਪਰਾਗ ਰੋਮਨ ਬਾਦਸ਼ਾਹਾਂ ਦੇ ਕਬਜੇ ਵਿਚ ਸੀ ਅਤੇ ਇਸ ਦੇ ਖੰਡਰ ਰੋਮਨ ਬਾਦਸ਼ਾਹਾਂ ਦੇ ਰਾਜ ਦੀ ਗਵਾਹੀ ਭਰਦੇ ਹਨ। ਤੁਰਕਾਂ ਨੇ ਵੀ ਇਸ ਉਤੇ ਕਬਜਾ ਕੀਤਾ ਪਰੰਤੂ ਉਹ ਹੰਗਰੀ ਵੱਲ ਚਲੇ ਗਏ। ਜਰਮਨੀ ਨੇ ਵੀ ਇਸ ਉਤੇ ਰਾਜ ਕੀਤਾ ਅਤੇ ਹੋਰ ਵੀ ਕਈ ਹਮਲਾਵਰ ਇਸ ਉਪਰ ਕਬਜਾ ਜਮਾਈ ਬੈਠੇ ਰਹੇ ਕਿਉਂਕਿ ਇਹ ਯੂਰਪ ਦੇ ਕੇਂਦਰ ਵਿਚ ਸਥਿਤ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਉੱਥਲ-ਪੁੱਥਲ ਵਿਚ ਪਰਾਗ ਦੀ ਰੂਹ ਤਾਂ ਝੰਜੋੜੀ ਜਾਂਦੀ ਰਹੀ, ਪਰੰਤੂ ਇਸ ਸ਼ਹਿਰ ਦੀ ਸੁੰਦਰਤਾ ਬੇਦਾਗ ਬਚੀ ਰਹੀ ਹੈ। ਦੂਸਰੇ ਵਿਸ਼ਵ ਯੁੱਧ ਵਿਚ ਵੀ ਅਮਰੀਕੀ ਬੰਬਾਰੀ ਤੋਂ ਬਚਿਆ ਰਿਹਾ। ਪੈਰਿਸ, ਰੋਮ, ਬਰਲਿਨ, ਬੁਡਾਪੈਸਟ, ਵੀਆਨਾ ਅਤੇ ਮਾਸਕੋ ਯੂਰਪ ਦੇ ਯਾਤਰੀ ਕੇਂਦਰ ਮੰਨੇ ਜਾਂਦੇ ਹਨ ਪਰੰਤੂ ਜਿੰਨੇ ਯਾਤਰੀ ਪਰਾਗ ਵਿਚ ਮੈਂ ਵੇਖੇ ਇੰਨੇ ਕਿਸੇ ਵੀ ਹੋਰ ਸ਼ਹਿਰ ਵਿਚ ਨਹੀਂ ਲੱਭਦੇ।ਇਥੋਂ ਦੀਆਂ ਗਲੀਆਂ ਵਿਚੋਂ ਪੈਦਲ ਲੰਘਣਾ ਮੁਸ਼ਕਲ ਹੋ ਰਿਹਾ ਸੀ।

ਸ਼ਾਹੀ ਮਹੱਲਾਂ ਦੇ ਨਜ਼ਾਰੇ ਵੇਖ ਕੇ ਅਸੀਂ ਸੁਨਹਿਰੀ ਗਲੀ ਥਾਈਂ ਹੇਠ ਉਤਰੇ। ਇਥੇ ਕਵੀਆਂ ਅਤੇ ਚਿਤਰਕਾਰਾਂ ਦੇ ਘਰ ਹਨ ਜੋ ਬਾਦਸ਼ਾਹ ਦੇ ਦਰਬਾਰੀ ਹੋਇਆ ਕਰਦੇ ਸਨ। ਕਈ ਘਰਾਂ ਨੂੰ ਸਾਂਭਿਆ ਗਿਆ ਹੈ ਖਾਸ ਕਰਕੇ ਚੈਕ ਰੀਪਬਲਿਕ ਦੇ ਨੋਬਲ ਇਨਾਮ ਜੇਤੂ ਸਾਹਿਤਕਾਰ ਦਾ ਮਕਾਨ ਤਾਂ ਇਕ ਮਿਊਜ਼ੀਅਮ ਬਣ ਗਿਆ ਹੈ। ਯਾਤਰੀਆਂ ਦੀ ਸਹੂਲਤ ਲਈ ਘੋੜਾ ਗੱਡੀਆਂ ਹਨ ਜੋ ਟੈਕਸੀ ਤੋਂ ਬਹੁਤ ਮਹਿੰਗੀ ਪੈਂਦੀ ਹੈ। ਥਕੇਵਾਂ ਦੂਰ ਕਰਨ ਲਈ ਅਸੀਂ ਪਾਰਕ ਦੇ ਇਕ ਬੈਂਚ ਤੇ ਜਾ ਬੈਠੇ। ਸਕੂਲੀ ਬੱਚਿਆਂ ਦਾ ਝੁੰਡ ਮੇਰੇ ਦੁਆਲੇ ਹੋ ਗਿਆ ਅਤੇ ਲੱਗੇ ਫੋਟੋ ਖਿਚਵਾਣ। ਇਹ ਗਰੁੱਪ ਪੋਲੈਂਡ ਤੋਂ ਆਇਆ ਸੀ। ਅਮਰੀਕਾ ਅਤੇ ਯੂਰਪੀਨ ਦੇਸ਼ਾਂ ਦੇ ਯਾਤਰੀ ਵੀ ਗਰੁੱਪਾਂ ਵਿਚ ਘੁੰਮ ਰਹੇ ਸਨ। ਪਗੜੀ ਵਾਲਾ ਸਿੱਖ ਤਾਂ ਇਕ ਅਜੂਬਾ ਜਾਪਦਾ ਹੈ ਅਤੇ ਹਰ ਕੋਈ ਫੋਟੋ ਖਿਚਵਾਣ ਲਈ ਉਤਸੁਕ ਹੋ ਜਾਂਦਾ ਹੈ।

ਵਲਤਾਵਾ ਦਰਿਆ ਉਪਰ ਕਈ ਪੁਲ ਹਨ ਅਤੇ ਸਭ ਤੋਂ ਵੱਧ ਇਤਿਹਾਸਕ ਪੁਲ ਚਾਰਲਸ ਬਰਿੱਜ਼ ਹੈ ਜੋ ਬਾਦਸ਼ਾਹ ਚਾਰਲਸ ਨੇ ਤਾਮੀਰ ਕਰਵਾਇਆ ਸੀ। ਇਸ ਦੇ ਦੋਹੀਂ ਪਾਸੇ ਉਚੇ ਮੀਨਾਰੇ ਹਨ ਜਿਥੇ ਫੌਜੀ ਕਮਾਂਡਰ ਰਿਹਾ ਕਰਦੇ ਸਨ। ਹਰ ਯਾਤਰੀ ਇਸ ਪੁਲ ਤੋਂ ਲੰਘ ਕੇ ਫਖਰ ਮਹਿਸੂਸ ਕਰਦਾ ਹੈ। ਇਸ ਦੇ ਇਕ ਪਾਸੇ ਦਰਿਆ ਵਿਚ ਟਾਪੂ ਹੈ ਜਿਥੇ ਕਿਸ਼ਤੀ ਰਾਹੀਂ ਜਾ ਸਕਦੇ ਹਾਂ। ਸ਼ਹਿਰ ਦੇ ਦੋਹਾਂ ਹਿੱਸਿਆਂ ਨੂੰ ਕਈ ਪੁਲਾਂ ਰਾਹੀਂ ਜੋੜਿਆ ਗਿਆ ਹੈ। ਚਾਰਲਸ ਦੇ ਰਾਜ ਕਾਲ ਵਿਚ ਪਰਾਗ ਬਹੁਤ ਹੀ ਪ੍ਰਸਿੱਧ ਹੋ ਗਿਆ। ਉਸਨੇ ਮੱਧ ਯੂਰਪ ਦੀ ਪਹਿਲੀ ਯੂਨੀਵਰਸਿਟੀ ਚੌਦਵੀਂ ਸਦੀ ਵਿਚ ਇਥੇ ਕਾਇਮ ਕੀਤੀ। ਇਹ ਵਿਗਿਆਨ ਦਾ ਕੇਂਦਰ ਬਣ ਗਈ ਅਤੇ ਇਥੇ ਯੂਰਪ ਦੇ ਸਭ ਦੇਸ਼ਾਂ ਤੋਂ ਵਿਦਿਆਰਥੀ ਆ ਕੇ ਦਾਖਲ ਹੁੰਦੇ ਸਨ।

ਪਰਾਗ ਦੀਆਂ ਗਲੀਆਂ ਵਿਚ ਗਿਰਜਾਘਰਾਂ ਦੀ ਭਰਮਾਰ ਹੈ। ਇਥੇ ਰੋਮਨ ਕੈਥੋਲਿਕ ਅਤੇ ਈਸਾਈ ਧਰਮ ਦੇ ਹੋਰ ਫਿਰਕੇ ਬੜੇ ਇਤਫਾਕ ਨਾਲ ਰਹਿੰਦੇ ਹਨ। ਕਮਿਊਨਿਸਟਾਂ ਨੇ ਧਰਮ ਅਸਥਾਨਾਂ ਨੂੰ ਤਬਾਹ ਨਹੀਂ ਕੀਤਾ ਭਾਵੇਂ ਲੋਕਾਂ ਵਿਚ ਧਰਮ ਦੀ ਅਫੀਮ ਵਿਰੁੱਧ ਪ੍ਰਚਾਰ ਕਰਦੇ ਰਹੇ। ਇਕ ਗਿਰਜਾਘਰ ਦੀ ਬਾਹਰਲੀ ਕੰਧ ਉਪਰ ਪੰਜ ਸੌ ਸਾਲ ਪੁਰਾਣਾ ਘੜਿਆਲ ਜੜਿਆ ਹੋਇਆ ਹੈ। ਇਸ ਦੇ ਚੌਖਟੇ ਉਪਰ ਹਰ ਘੰਟੇ ਬਾਅਦ ਦੇਵਤਿਆਂ (ਸੰਤਾਂ) ਦੀਆਂ ਆਕਿਰਤੀਆਂ ਘੁੰਮਦੀਆਂ ਹਨ ਜਿਸ ਨੂੰ ਵੇਖਣ ਲਈ ਯਾਤਰੀ ਜਮਾਂ ਹੋ ਜਾਂਦੇ ਹਨ। ਇਹੋ ਜਿਹੀ ਇਕ ਹੋਰ ਘੜੀ ਮੈਂ ਫਰਾਂਸ ਦੇ ਸਟਰਾਸਬੁਰਗ ਸ਼ਹਿਰ ਵਿਚ ਵੇਖੀ ਸੀ ਪਰੰਤੂ ਪਰਾਗ ਦਾ ਇਹ ਘੜਿਆਲ ਵਿਸ਼ੇਸ਼ ਪ੍ਰਸਿੱਧੀ ਰੱਖਦਾ ਹੈ। ਅਸੀਂ ਵੀ ਇਸ ਕੌਤਕ ਨੂੰ ਵੇਖ ਕੇ ਦੰਗ ਰਹਿ ਗਏ। ਪਰਾਗ ਦੇ ਨੈਸ਼ਨਲ ਥੀਏਟਰ ਅਤੇ ਮਿਊਜ਼ੀਅਮ ਵੀ ਵਿਸ਼ਵ ਪ੍ਰਸਿੱਧ ਹਨ। ਸਮੇਂ ਦੀ ਘਾਟ ਕਾਰਨ ਅਸੀਂ ਬਾਹਰੋਂ ਹੀ ਦਰਸ਼ਨ ਕਰਕੇ ਮੁੜ ਆਏ ਕਿਉਂਕਿ ਅੰਦਰ ਜਾ ਕੇ ਵੇਖਣ ਲਈ ਸਾਰਾ ਦਿਨ ਚਾਹੀਦਾ ਹੈ। ਗਲੀਆਂ ਵਿਚ ਕਾਰਾਂ ਦੀ ਆਵਾਜਾਈ ਤੇ ਰੋਕ ਹੈ ਜਿਸ ਕਰਕੇ ਖੁੱਲੇ ਬਜ਼ਾਰਾਂ ਵਿਚ ਨੌਜਵਾਨ ਪੈਸਾ ਬਟੋਰਨ ਲਈ ਕਈ ਧੰਦੇ ਕਰਦੇ ਹਨ। ਕਈ ਤਾਂ ਮਦਾਰੀਆਂ ਵਾਂਗ ਤਮਾਸ਼ਾ ਵੀ ਕਰ ਰਹੇ ਸਨ।

ਚੈਰਵ ਦੀ ਘਰਵਾਲੀ ਨੇ ਆਪਣੀ ਨੌਕਰੀ ਤੋਂ ਚਾਰ ਵਜੇ ਮੁੜਨਾ ਸੀ। ਅਸੀਂ ਮੈਟਰੋ ਤੇ ਸਵਾਰ ਹੋ ਕੇ ਉਸਦੇ ਫਲੈਟ ਤੇ ਪਹੁੰਚ ਗਏ। ਉਸਦੀਆਂ ਦੋਵੇਂ ਧੀਆਂ ਘਰ ਹੀ ਸਨ। ਇਕ ਤਾਂ ਯੂਨੀਵਰਸਿਟੀ ਵਿਚ ਮਨੋਵਿਗਿਆਨ ਦੀ ਸਿੱਖਿਆ ਪ੍ਰਾਪਤ ਕਰ ਰਹੀ ਹੈ ਅਤੇ ਦੂਸਰੀ ਫਰਾਂਸੀਸੀ ਭਾਸ਼ਾ ਦੀ ਅਧਿਆਪਕ ਹੈ। ਮੇਰੇ ਨਾਲ ਫਰਾਂਸੀਸੀ ਭਾਸ਼ਾ ਵਿਚ ਗੁਫਤਗੂ ਕਰਕੇ ਉਹ ਪ੍ਰਸੰਨ ਹੋਈ। ਘਰਵਾਲੀ ਨੇ ਆਉਣ ਸਾਰ ਪਹਿਲਾਂ ਮੇਰਾ ਹਾਲ-ਚਾਲ ਪੁੱਛਿਆ ਅਤੇ ਫਿਰ ਗਰਮ ਗਰਮ ਚਾਹ ਦੀ ਕੇਤਲੀ ਭਰ ਲਿਆਈ। ਆਪਣੇ ਮਿੱਤਰ ਦੇ ਪਰਿਵਾਰ ਨਾਲ ਫੋਟੋਆਂ ਖਿਚਵਾਕੇ ਮੈਂ ਵਿਦਾਇਗੀ ਮੰਗੀ। ਚੈਰਵ ਮੇਰੇ ਨਾਲ ਹੀ ਪੌੜੀਆਂ ਉਤਰ ਆਇਆ ਅਤੇ ਵੀਆਨਾ ਜਾਣ ਵਾਲੀ ਗੱਡੀ ਵਿਚ ਬਹਾ ਕੇ ਆਪਣੇ ਘਰ ਪਰਤ ਗਿਆ। ਮੈਂ 1972 ਵਾਲੇ ਪਰਾਗ ਦਾ ਅਠਾਈ ਵਰ੍ਹੇ ਬਾਅਦ ਵੇਖੇ ਪਰਾਗ ਨਾਲ ਮੁਕਾਬਲਾ ਕਰ ਰਿਹਾ ਸਾਂ। ਪਰਾਗ ਦਾ ਤਾਂ ਕੁਝ ਵੀ ਨਹੀਂ ਬਦਲਿਆ ਜਾਪਿਆ ਪਰੰਤੂ ਸਮਾਂ ਬਦਲ ਗਿਆ ਜਾਪਦਾ ਹੈ ਅਤੇ ਮੈਂ ਹੁਣ ਜਵਾਨੀ ਤੋਂ ਬੁਢਾਪੇ ਵੱਲ ਵੱਧ ਰਿਹਾ ਹਾਂ।

## ਅਸਟਰੀਆ ਦੀ ਰਾਜਧਾਨੀ ਵੀਆਨਾ

---

13 ਸਤੰਬਰ ਨੂੰ ਪਰਾਗ ਦੀ ਸੈਰ ਕਰਕੇ ਮੈਂ ਵੀਆਨਾ ਜਾਣ ਵਾਲੀ ਤੇਜ਼ ਰਫਤਾਰ ਗੱਡੀ ਤੇ ਸਵਾਰ ਹੋ ਗਿਆ। ਕਿਸੇ ਟੈਕਨੀਕਲ ਖਰਾਬੀ ਕਾਰਨ ਗੱਡੀ ਇਕ ਘੰਟਾ ਦੇਰੀ ਨਾਲ ਰਵਾਨਾ ਹੋਈ, ਜਿਸ ਕਰਕੇ ਵੀਆਨਾ ਅੱਧੀ ਰਾਤ ਤੋਂ ਬਾਅਦ ਹੀ ਪਹੁੰਚੀ। ਅਸਟਰੀਆ ਦੀ ਰਾਜਧਾਨੀ ਵੀਆਨਾ ਯੂਰਪ ਦਾ ਦੂਸਰਾ ਪੈਰਿਸ ਮੰਨਿਆ ਜਾਂਦਾ ਹੈ ਕਿਉਂਕਿ ਜਦੋਂ ਨੈਪੋਲੀਅਨ ਬੋਨਾਪਰਟ ਨੇ ਵੀਆਨਾ ਤੇ ਕਬਜ਼ਾ ਕਰ ਲਿਆ ਅਤੇ ਇਥੋਂ ਦੀ ਸੁੰਦਰ ਸ਼ਹਿਜਾਦੀ ਜੈਸੋਫੀਨ ਨੂੰ ਆਪਣੀ ਮਲਕਾ ਬਣਾ ਲਿਆ ਤਾਂ ਸ਼ਹਿਰ ਦੀ ਉਸਾਰੀ ਪੈਰਿਸ ਦੇ ਨਮੂਨੇ ਤੇ ਹੀ ਅਰੰਭ ਕਰ ਦਿੱਤੀ। ਵੀਆਨਾ ਦੇ ਮਹੱਲ ਅਤੇ ਹੋਰ ਸਮਾਰਕ ਫਰਾਂਸ ਦੀ ਰਾਜਧਾਨੀ ਪੈਰਿਸ ਦੀ ਨਕਲ ਹੀ ਜਾਪਦੇ ਹਨ। ਵੀਆਨਾ ਦੀ ਸੁੰਦਰਤਾ ਦੇ ਹੋਰ ਕਈ ਕਾਰਨ ਵੀ ਹਨ। ਡੇਨੂਬ ਦਰਿਆ ਯੂਰਪ ਦੀਆਂ ਕਈ ਰਾਜਧਾਨੀਆਂ ਦੀ ਸ਼ਾਨ ਵਧਾਉਂਦਾ ਹੈ। ਵੀਆਨਾ ਵੀ ਇਸ ਦੇ ਕੰਢੇ ਹੀ ਵੱਸਿਆ ਹੋਇਆ ਹੈ। ਇਸ ਤੋਂ ਬਾਅਦ ਇਹ ਯੂਗੋਸਲਾਵੀਆ, ਸਲੋਵਾਕੀਆ, ਹੰਗਰੀ ਅਤੇ ਰੋਮਾਨੀਆ ਦੀ ਧਰਤੀ ਤੋਂ ਵਗਦਾ ਹੋਇਆ ਕਾਲੇ ਸਮੁੰਦਰ (ਬਲੈਕ ਸੀ) ਵਿਚ ਜਾ ਡਿਗਦਾ ਹੈ। ਵੀਆਨਾ ਯੂਰਪ ਦੀ ਸਭ ਤੋਂ ਸ਼ਕਤੀਸ਼ਾਲੀ ਸਲਤਨਤ ਐਸਟਰੋ-ਹੰਗੇਰੀਅਨ ਰਾਜ ਘਰਾਣੇ ਦੀ ਰਾਜਧਾਨੀ ਵੀ ਰਿਹਾ ਹੈ। ਅਸਟਰੀਅਨ ਬਾਦਸ਼ਾਹਾਂ ਦਾ ਸਿੱਕਾ ਹੰਗਰੀ ਅਤੇ ਯੂਗੋਸਲਾਵੀਆ ਵਿਚ ਵੀ ਚੱਲਦਾ ਸੀ ਅਤੇ ਇਟਲੀ ਦਾ ਕਾਫੀ ਹਿੱਸਾ ਇਨ੍ਹਾਂ ਦੇ

ਕਬਜੇ ਵਿਚ ਰਿਹਾ ਹੈ। ਹਿਟਲਰ ਵੀ ਅਸਟਰੀਆ ਦਾ ਜੰਮਪਲ ਸੀ। ਜਰਮਨੀ ਅਤੇ ਅਸਟਰੀਆ ਦੀ ਸਭਿਆਚਾਰਕ ਸਾਂਝ ਸਦੀਆਂ ਪੁਰਾਣੀ ਹੈ। ਦੋਹਾਂ ਹੀ ਦੇਸ਼ਾਂ ਦੀ ਭਾਸ਼ਾ ਜਰਮਨ ਹੈ ਅਤੇ ਧਾਰਮਿਕ ਸਾਂਝ ਵੀ ਰਹੀ ਹੈ।

ਅੱਧੀ ਰਾਤ ਵੇਲੇ ਮੇਰੀ ਗੱਡੀ ਵੀਆਨਾ ਦੇ ਸਟੇਸ਼ਨ ਤੇ ਰੁਕੀ ਅਤੇ ਮੈਂ ਆਪਣੇ ਮੇਜ਼ਬਾਨ ਦੀ ਤਲਾਸ਼ ਕਰਨ ਲੱਗਾ। ਪਹਿਲਾਂ ਦੋ ਸਿੱਖ ਮੁੰਡੇ ਹੀ ਟੱਕਰੇ ਜੋ ਮੇਰੇ ਭਣੇਵੇਂ ਪਿੰਕੀ ਨੇ ਅੱਗੋਂ ਲੈਣ ਵਾਸਤੇ ਭੇਜੇ ਸਨ। ਆਪਣਿਆਂ ਨੂੰ ਮਿਲ ਕੇ ਚਾਅ ਚੜ੍ਹ ਗਿਆ। ਜਦੋਂ ਅਸੀਂ ਪਲੇਟਫਾਰਮ ਤੋਂ ਬਾਹਰ ਵੱਲ ਜਾ ਰਹੇ ਸਾਂ ਤਾਂ ਮੇਰਾ ਜਾਣੂ ਵਿਗਿਆਨੀ ਫਰਾਈਡਮੈਨ ਵੀ ਆ ਧਮਕਿਆ। ਦਰਅਸਲ ਮਿਊਨਿਖ ਕਾਨਫਰੰਸ ਵਿਚ ਮੇਰੀ ਉਸ ਨਾਲ ਜਾਣ ਪਹਿਚਾਣ ਹੋ ਗਈ ਅਤੇ ਮੈਂ ਆਪਣਾ ਵੀਆਨਾ ਦਾ ਪ੍ਰੋਗਰਾਮ ਉਸ ਨਾਲ ਤੈਅ ਕਰ ਲਿਆ। ਉਸਨੇ ਮੇਰੇ ਲਈ ਹੋਟਲ ਵਿਚ ਕਮਰਾ ਬੁੱਕ ਕਰਵਾ ਰੱਖਿਆ ਸੀ ਅਤੇ ਮੇਰੇ ਘੁੰਮਣ ਦਾ ਪ੍ਰਬੰਧ ਵੀ ਕਰ ਰੱਖਿਆ ਸੀ। ਮੈਂ ਆਪਣਾ ਸਮਾਨ ਉਸ ਦੀ ਕਾਰ ਵਿਚ ਟਿਕਾ ਕੇ ਹੋਟਲ ਆਰਕੋਟ ਪਹੁੰਚ ਗਿਆ ਅਤੇ ਪੰਜਾਬੀ ਮੁੰਡਿਆਂ ਨੂੰ ਅਗਲੀ ਸਵੇਰ ਹੋਟਲ ਵਿਚ ਮਿਲਣ ਲਈ ਕਿਹਾ। ਉਹ ਵਾਇਦਾ ਕਰ ਗਏ ਪਰੰਤੂ ਮਿਲਣ ਨਾ ਆਏ। ਸ਼ਾਇਦ ਦੁਕਾਨ ਲਗਾਉਣ ਚਲੇ ਗਏ ਹੋਣ ਕਿਉਂਕਿ ਬਹੁਤੇ ਪੰਜਾਬੀ ਮੁੰਡੇ ਯਾਤਰੀਆਂ ਦੀ ਆਮਦ ਸਮੇਂ ਰੇੜੀ ਮਾਰਕੀਟ ਵਿਚ ਕੰਮ ਕਰਦੇ ਹਨ, ਕੁਝ ਅਖਬਾਰਾਂ ਵੇਚਦੇ ਹਨ ਜਾਂ ਰੈਸਤੋਰਾਂ ਵਿਚ ਬੈਹਰੇ ਦਾ ਕੰਮ ਕਰਦੇ ਹਨ। ਹਰ ਕੋਈ ਯਾਤਰੀ ਸੀਜ਼ਨ ‘ਚ ਸਾਲ ਭਰ ਦੀ ਕਮਾਈ ਕਰ ਲੈਂਦਾ ਹੈ। ਕਈਆਂ ਨੇ ਤਾਂ ਆਪਣੇ ਟੱਬਰ ਵੀ ਆਸਟਰੀਆ ਲੈ ਆਂਦੇ ਹਨ ਅਤੇ ਹੁਣ ਪੰਜਾਬੀ ਵੀਆਨਾ, ਸਾਲਜ਼ਬੁਰਗ ਅਤੇ ਹੋਰ ਛੋਟੇ ਸ਼ਹਿਰਾਂ ਵਿਚ ਵੱਸ ਗਏ ਹਨ। ਵੀਆਨਾ ਵਿਚ ਹੁਣ ਗੁਰਦੁਆਰਾ ਵੀ ਬਣ ਗਿਆ ਹੈ।

15 ਸਤੰਬਰ ਸਵੇਰੇ ਤਿਆਰ ਹੋ ਕੇ ਹੋਟਲ ਵਿਚ ਨਾਸ਼ਤਾ ਕਰ ਲਿਆ। ਯੂਰਪ ਦੇ ਹੋਟਲਾਂ ਦੇ ਕਿਰਾਏ ਵਿਚ ਨਾਸ਼ਤਾ ਸ਼ਾਮਲ ਹੁੰਦਾ ਹੈ ਅਤੇ ਮੇਰੇ ਵਰਗੇ ਯਾਤਰੀ ਲਾਹਾ ਲੈਣ ਲਈ ਚੰਗਾ ਚੋਖਾ ਖਾ ਲੈਂਦੇ ਹਨ ਤਾਂ ਕਿ ਸਾਰਾ ਦਿਨ ਘੁੰਮਿਆ ਜਾ ਸਕੇ। ਨਾਸ਼ਤੇ ਵਿਚ ਹਰ ਕਿਸਮ ਦਾ ਜੂਸ, ਅੰਡਾ, ਮੀਟ, ਬਰੈਡ ਅਤੇ ਚਾਹ-ਕਾਫੀ ਮਿਲਦਾ ਹੈ। ਦਸ ਵਜੇ ਮਿਥੇ ਸਮੇਂ ਅਨੁਸਾਰ ਫਰਾਈਡਮੈਨ ਮੈਨੂੰ ਲੈਣ ਆ ਗਿਆ। ਉਸ ਦਾ ਰੇਡੀਅਮ ਇੰਸਚੀਟੀਊਟ ਆਰਕੋਟ ਹੋਟਲ ਦੇ ਸਾਹਮਣੇ ਹੀ ਹੈ। ਮੇਰੀ ਕਿਊਰੀ ਨੇ ਪੈਰਿਸ ਵਿਖੇ ਨਵੇਂ ਤੱਤ ਰੇਡੀਅਮ ਦੀ ਖੋਜ ਕੀਤੀ ਤਾਂ ਯੂਰਪ ਵਿਚ ਉਸਦਾ ਨਾਮ ਰੌਸ਼ਨ ਹੋ ਗਿਆ। ਕਈ ਦੇਸ਼ਾਂ ਨੇ ਵਿਕਿਰਣ ਦੀ ਖੋਜ ਨੂੰ ਪ੍ਰਫੁੱਲਤ ਕਰਨ ਲਈ ਨਵੀਆਂ ਸੰਸਥਾਵਾਂ ਕਾਇਮ ਕੀਤੀਆਂ ਅਤੇ ਵੀਆਨਾ ਦੀ ਇਹ ਖੋਜ ਸੰਸਥਾ ਸਭ ਤੋ ਵੱਧ ਪ੍ਰਭਾਵਸ਼ਾਲੀ ਰਹੀ ਹੈ। ਮੇਰਾ ਖੋਜ ਖੇਤਰ ਵੀ ਨਿਊਕਲੀ ਵਿਕਿਰਣ ਨਾਲ ਸੰਬੰਧਿਤ ਹੋਣ ਕਰਕੇ ਮੈਂ ਰੇਡੀਅਮ ਇੰਸਟੀਚੀਊਟ ਦੇ ਖੋਜੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਦੋ ਘੰਟੇ ਦੀ ਮੁਹਲਤ ਮਿਲ ਗਈ ਅਤੇ ਇਥੋਂ ਦੇ ਉਪਕਰਣ ਪਰਖਣ ਦਾ ਸਮਾਂ ਮਿਲ ਗਿਆ। ਇਥੇ ਸੌ ਸਾਲ ਪੁਰਾਣੇ ਉਪਕਰਣ ਵੀ ਅਜੇ ਵਰਤੇ ਜਾ ਰਹੇ ਹਨ। ਫਰਾਈਡਮੈਨ ਨੇ ਮੇਰੇ ਘੁੰਮਣ ਦਾ ਪ੍ਰਬੰਧ ਕਰ ਲਿਆ। ਉਸਨੂੰ ਕੁਝ ਹੈਰਾਨੀ ਤਾਂ ਜਰੂਰ ਹੋਈ ਕਿ ਪੰਜਾਬੀ ਮੁੰਡੇ ਮੈਨੂੰ ਵਾਇਦਾ ਕਰਕੇ ਮੁੱਕਰ ਗਏ ਹਨ।

ਸਭ ਤੋਂ ਪਹਿਲਾਂ ਅਸੀਂ ਵੀਆਨਾ ਦੇ ਬਾਹਰਲੇ ਹਿੱਸੇ ਵਿਚ ਗਏ ਜਿਥੇ ਸ਼ੋਨਹਾਫ ਦਾ ਸੁੰਦਰ ਮਹੱਲ ਕਾਇਮ ਹੈ। ਅਸਟਰੀਆ ਦੇ ਬਾਦਸ਼ਾਹ ਇਸ ਮਹੱਲ ਵਿਚ ਰਿਹਾ ਕਰਦੇ ਸਨ। ਇਸਦੇ ਦੁਆਲੇ ਇਕ ਸੁੰਦਰ ਬਾਗ ਹੈ ਜਿਸ ਵਿਚ ਫੁਹਾਰੇ ਚੱਲ ਰਹੇ ਸਨ। ਇਹ ਮਹੱਲ ਅਤੇ ਬਾਗ ਪੈਰਿਸ ਦੇ ਮਹੱਲਾਂ ਨਾਲ ਕਾਫੀ ਮਿਲਦਾ ਜੁਲਦਾ ਹੈ। ਅਸਟਰੀਆ ਦੀ ਮਸ਼ਹੂਰ ਮਲਿਕਾ ਮਾਰੀਆ ਥਰੇਸਾ ਹੋਈ ਹੈ। ਉਸਦੇ ਚੌਦਾਂ ਬੱਚੇ ਪੈਦਾ ਹੋਏ ਅਤੇ ਉਹ ਅਸਟਰੀਆ ਦੀ ਹਰਮਨ ਪਿਆਰੀ ਮਲਿਕਾ ਬਣੀ ਰਹੀ। ਉਸ ਦੇ ਰਾਜਭਾਗ ਵਿਚ ਵੀਆਨਾ ਦੀ ਸੁੰਦਰਤਾ ਨੂੰ ਚਾਰ-ਚੰਨ ਲਗ ਗਏ। ਅੱਜ ਕੱਲ੍ਹ ਸ਼ੋਨਹਾਫ ਮਹੱਲ ਵਿਚ ਅਜਾਇਬਘਰ ਕਾਇਮ ਹੈ ਜਿਥੇ ਅਸਟਰੀਆ ਦੇ ਇਤਿਹਾਸ ਨਾਲ ਸੰਬੰਧਿਤ ਚਿਤਰਾਂ ਅਤੇ ਹੋਰ ਵਸਤੂਆਂ ਦੀ ਪ੍ਰਦਰਸ਼ਨੀ ਲੱਗੀ ਰਹਿੰਦੀ ਹੈ। ਅਸੀਂ ਬਾਗ ਵਿਚ ਸੈਰ ਕਰਕੇ ਵੀਆਨਾ ਸ਼ਹਿਰ ਨੂੰ ਪਰਤ ਆਏ। ਫਰਾਈਡਮੈਨ ਮੈਨੂੰ ਸ਼ਹਿਰ ਦੇ ਕੇਂਦਰ ਵਿਚ ਬਣੀ ‘ਕਾਰਲ ਰਿੰਗ’ ਕੋਲ ਉਤਾਰ ਗਿਆ। ਸਾਰੀਆਂ ਖੂਬਸੂਰਤ ਇਮਾਰਤਾਂ, ਥੀਏਟਰ, ਗਿਰਜਾਘਰ ਅਤੇ ਪਾਰਲੀਮੈਂਟ ਇਸ ਰਿੰਗ ਦੇ ਆਲੇ-ਦੁਆਲੇ ਹੀ ਕਾਇਮ ਹਨ। ਪੈਰਿਸ ਵਿਚ ਦੋ ਸਾਲ ਰਹਿਣ ਕਰਕੇ ਮੈਨੂੰ ਵੀਆਨਾ ਓਪਰਾ ਨਹੀਂ ਸੀ ਲਗ ਰਿਹਾ। ਬਜ਼ਾਰ ਅਤੇ ਘਰਾਂ ਦੀ ਬਣਤਰ ਵੀ ਪੈਰਿਸ ਨਾਲ ਮਿਲਦੀ ਹੈ।

ਵੀਆਨਾ ਵਿਚ ਘੁੰਮਣਾ ਸ਼ੁਰੂ ਕੀਤਾ ਤਾਂ ਬਾਰਸ਼ ਆ ਗਈ। ਇਕ ਪਾਰਕ ਵਿਚ ਜਾ ਕੇ ਬੈਠ ਗਿਆ। ਜਦੋਂ ਬਾਰਸ਼ ਹਟੀ ਤਾਂ ਪਾਰਕ ਵਿਚ ਯਾਤਰੀਆਂ ਦੀ ਭੀੜ ਜਮਾਂ ਹੋ ਗਈ। ਇਥੇ ਜਰਮਨ ਕਵੀ ਗੈਟੇ ਅਤੇ ਵੀਆਨਾ ਦੇ ਮਸ਼ਹੂਰ ਸੰਗੀਤਕਾਰ ਮੋਜ਼ਾਰਟ ਦੇ ਬੁੱਤ ਲੱਗੇ ਹੋਏ ਹਨ। ਯੂਰਪ ਦੇ ਲੋਕ ਸਿਆਸੀ ਨੇਤਾਵਾਂ ਦੀ ਪ੍ਰਵਾਹ ਨਹੀਂ ਕਰਦੇ ਪਰੰਤੂ ਆਪਣੇ ਸਾਹਿਤਕਾਰਾਂ, ਚਿਤਰਕਾਰਾਂ ਅਤੇ ਵਿਗਿਆਨੀਆਂ ਦਾ ਪਾਣੀ ਭਰਦੇ ਹਨ ਜਿਨ੍ਹਾਂ ਨੇ ਯੂਰਪੀਨ ਕੌਮਾਂ ਨੂੰ ਸਾਰੇ ਵਿਸ਼ਵ ਭਰ ਵਿਚ ਮੋਹਰੀ ਬਣਾ ਦਿੱਤਾ। ਕਾਰਲ ਰਿੰਗ ਦੇ ਅੰਦਰ ਆਸਟਰੀਆ ਦੇ ਬਾਦਸ਼ਾਹ ਦਾ ਮਹੱਲ ਹੈ ਅਤੇ ਬਾਹਰਲੇ ਪਾਸੇ ਪਾਰਲੀਮੈਂਟ ਦੀ ਇਮਾਰਤ ਹੈ। ਪਾਰਲੀਮੈਂਟ ਦੇ ਸਾਹਮਣੇ ਮਾਰੀਆ ਥਰੇਸਾ ਦਾ ਬੁੱਤ ਕਾਇਮ ਹੈ ਅਤੇ ਇਸ ਦੇ ਦੁਆਲੇ ਪਾਰਕ ਵਿਚ ਹੋਰ ਬਾਦਸ਼ਾਹਾਂ ਦੇ ਬੁੱਤ ਲੱਗੇ ਹੋਏ ਹਨ। ਵੀਆਨਾ

ਦੁਨੀਆ ਭਰ ਵਿਚ ਥੀਏਟਰਾਂ ਲਈ ਵੀ ਮਸ਼ਹੂਰ ਹੈ। ਇਥੇ ਕਈ ਓਪੇਰਾ ਘਰ, ਕਨਸਰਟ ਹਾਲ ਅਤੇ ਆਡੀਟੋਰੀਅਮ ਹਨ ਜਿਨ੍ਹਾਂ ਵਿਚ ਨਾਟਕ ਅਤੇ ਮਿਊਜ਼ਿਕ ਦੇ ਪ੍ਰੋਗਰਾਮ ਚਲਦੇ ਰਹਿੰਦੇ ਹਨ। ਵਿਗਿਆਨੀਆਂ ਨੇ ਵੀ ਆਪਣਾ ਰੋਲ ਅਦਾ ਕੀਤਾ ਹੈ ਅਤੇ ਅੱਜਕੱਲ੍ਹ ਇਸ ਸ਼ਹਿਰ ਦੇ ਬਾਹਰਲੇ ਹਿੱਸੇ ਵਿਚ ਅੰਤਰ-ਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੇ ਦਫਤਰ ਅਤੇ ਪ੍ਰਯੋਗਸ਼ਾਲਾ ਕਾਇਮ ਹਨ। ਕਈ ਭਾਰਤੀ ਵਿਗਿਆਨੀ ਇਥੇ ਕੰਮ ਕਰ ਰਹੇ ਹਨ। ਦੁਨੀਆਂ ਭਰ ਵਿਚ ਕੋਈ ਵੀ ਅਜਿਹਾ ਦੇਸ਼ ਨਹੀਂ ਹੈ ਜੋ ਇਸ ਏਜੰਸੀ ਦਾ ਮੈਂਬਰ ਨਾ ਹੋਵੇ ਕਿਉਂਕਿ ਇਹ ਯੂ.ਐਨ.ਓ ਦੀ ਦੇਖ ਰੇਖ ਵਿਚ ਕੰਮ ਕਰਦੀ ਹੈ। ਪ੍ਰਮਾਣੂ ਹਥਿਆਰਾਂ ਦੀ ਦੌੜ ਅਤੇ ਇਸ ਦੇ ਨਿਰੰਤਰਣ ਲਈ ਇਹ ਸੰਸਥਾ ਜੂਝ ਰਹੀ ਹੈ। ਭਾਰਤ ਅਤੇ ਪਾਕਿਸਤਾਨ ਅਜੇ ਅੜੇ ਹੋਏ ਹਨ ਅਤੇ ਨਿਊਕਲੀਅਰ ਟੈਸਟ ਬੈਨ ਟਰੀਟੀ ਤੇ ਦਸਤਖਤ ਕਰਨ ਲਈ ਤਿਆਰ ਨਹੀਂ ਹੋਏ।

ਮੈਂ ਕਾਰਲ ਰਿੰਗ ਦਾ ਚੱਕਰ ਲਗਾ ਕੇ ਪਾਰਕ ਵਿਚ ਪਹੁੰਚਿਆ ਹੀ ਸਾਂ ਕਿ ਫਰਾਈਡਮੈਨ ਆ ਹਾਜ਼ਰ ਹੋਇਆ। ਯੂਰਪੀਨ ਲੋਕ ਸਮੇਂ ਦੇ ਪਾਬੰਦ ਅਤੇ ਆਏ ਮਹਿਮਾਨ ਦੀ ਕਦਰ ਕਰਦੇ ਹਨ ਪਰੰਤੂ ਪਹਿਲਾਂ ਪ੍ਰੋਗਰਾਮ ਮਿਥਣਾ ਜਰੂਰੀ ਹੈ। ਉਹ ਮੈਨੂੰ ਕਾਰ ਵਿਚ ਬਿਠਾ ਕੇ ਪੰਜ ਵਜੇ ਰੇਲਵੇ ਸਟੇਸ਼ਨ ਤੇ ਛੱਡ ਗਿਆ ਜਿਥੋਂ ਹੰਗਰੀ ਦੀ ਰਾਜਧਾਨੀ ਬੁੱਡਾਪੈਸਟ ਜਾਣ ਵਾਲੀ ਗੱਡੀ ਰਵਾਨਾ ਹੋਣੀ ਸੀ। ਵੀਆਨਾ ਤੋਂ ਕਈ ਹੰਗਰੀ ਦੇ ਮੁਸਾਫਿਰ ਮੇਰੇ ਡੱਬੇ ਵਿਚ ਸਵਾਰ ਹੋ ਗਏ। ਇਹ ਖਰੀਦੋ-ਫਰੋਖਤ ਕਰਨ ਵੀਆਨਾ ਆ ਜਾਂਦੇ ਹਨ ਅਤੇ ਕਈ ਕੰਮ ਦੀ ਭਾਲ ਵਿਚ ਵੀ ਆਉਂਦੇ ਹਨ। ਵੀਆਨਾ ਦੀ ਅਬਾਦੀ ਵੀਹ ਲੱਖ ਤੋਂ ਵੀ ਘੱਟ ਹੈ ਅਤੇ ਇਹ ਯੂਰਪ ਦੀ ਪਹਿਲੀ ਰਾਜਧਾਨੀ ਹੈ ਜਿਸ ਦੀ ਵੱਸੋਂ ਨਿਰੰਤਰ ਘਟ ਰਹੀ ਹੈ। ਇਹੋ ਕਾਰਨ ਹੈ ਕਿ ਪਾਕਿਸਤਾਨੀ ਅਤੇ ਭਾਰਤੀ ਪੰਜਾਬੀਆਂ ਦੀ ਇਥੇ ਠਾਹਰ ਬਣ ਗਈ ਹੈ। ਹੋਰ ਕਈ ਦੇਸ਼ਾਂ ਦੇ ਲੋਕ ਵੀ ਕੰਮ ਦੀ ਭਾਲ ਵਿਚ ਇਥੇ ਡੇਰੇ ਜਮਾਂ ਬੈਠੇ ਹਨ, ਖਾਸ ਕਰਕੇ ਤੁਰਕੀ ਅਤੇ ਅਲਬਾਨੀਆ ਦੇ ਵਸਨੀਕ। ਵੀਆਨਾ ਅਤੇ ਬੁੱਡਾਪੈਸਟ ਵਿਚ ਮੈਦਾਨੀ ਇਲਾਕਾ ਹੈ ਜੋ ਖੇਤੀ ਲਈ ਉਪਜਾਊ ਹੈ। ਰਾਤ ਦੇ ਨੌ ਵਜੇ ਦੇ ਕਰੀਬ ਮੇਰੀ ਗੱਡੀ ਬੁੱਡਾਪੈਸਟ ਦੇ ਸਟੇਸ਼ਨ ਤੇ ਪਹੁੰਚ ਗਈ ਜਿਥੇ ਪ੍ਰੋਫੈਸਰ ਜਾਰਜ ਮਾਰਕਸ ਅਤੇ ਐਸਟਰ ਟਾਥ ਮੇਰਾ ਇੰਤਜਾਰ ਕਰ ਰਹੇ ਸਨ।

## ਹੰਗਰੀ ਦਾ ਪਿੰਡ ਮਾਤਰਾਦਰੈਚਕੇ

ਬੁੱਡਾਪੈਸਟ ਹੰਗਰੀ ਦੀ ਰਾਜਧਾਨੀ ਹੈ ਜੋ ਡੈਨੂਬ ਦਰਿਆ ਦੇ ਕੰਢੇ ਵੱਸਿਆ ਅਤੀ ਸੁੰਦਰ ਸ਼ਹਿਰ ਹੈ। ਇਸ ਦੇ ਦੋ ਹਿੱਸੇ ਬੁੱਡਾ ਅਤੇ ਪੈਸਟ ਹਨ ਜਿਸ ਕਰਕੇ ਇਸਦਾ ਨਾਮ ਬੁੱਡਾਪੈਸਟ ਪੈ ਗਿਆ। ਮੇਰਾ ਰੈਣ ਬਸੇਰਾ ਹੰਗਰੀ ਦੇ ਇਕ ਪ੍ਰੀਵਾਰ ਵਿਚ ਸੀ ਜਿਨ੍ਹਾਂ ਦਾ ਹੋਣਹਾਰ ਪੁੱਤਰ ਡੇਨੀਅਲ ਮੇਰੇ ਲਈ ਹਮੇਸ਼ਾ ਗਾਈਡ ਦਾ ਕੰਮ ਕਰਦਾ ਹੈ। ਇਸ ਪ੍ਰੀਵਾਰ ਬਾਰੇ ਮੇਰੇ ਪਹਿਲੇ ਯਾਤਰਾ ਲੇਖਾਂ ਵਿਚ ਜ਼ਿਕਰ ਆ ਚੁੱਕਾ ਹੈ। ਬੁੱਡਾਪੈਸਟ ਦੇ ਹੋਟਲ ਅਮਰੀਕਨ ਵਪਾਰੀਆਂ ਨਾਲ ਭਰੇ ਰਹਿੰਦੇ ਹਨ ਜਿਸ ਕਰਕੇ ਇਹ ਇਕ ਮਹਿੰਗਾ ਸ਼ਹਿਰ ਹੋ ਨਿਬੜਿਆ ਹੈ। ਦਰਿਆ ਕਿਨਾਰੇ ਕਈ ਘਰ ਤਾਂ ਅਮਰੀਕਨਾਂ ਨੇ ਖਰੀਦੇ ਹੋਏ ਹਨ ਅਤੇ ਹਰ ਸਾਲ ਗਰਮੀ ਦੀਆਂ ਛੁੱਟੀਆਂ ਕੱਟਣ ਇਥੇ ਆ ਜਾਂਦੇ ਹਨ। ਕਮਿਊਨਿਸਟ ਨਿਜ਼ਾਮ ਦੇ ਟੁੱਟਣ ਉਪਰੰਤ ਹੰਗਰੀ ਦੇ ਲੋਕ ਅਤੇ ਸਰਕਾਰ ਯੂਰਪੀਨ ਯੂਨੀਅਨ ਵਿਚ ਸ਼ਾਮਲ ਹੋਣ ਲਈ ਕਾਹਲੇ ਪੈ ਰਹੇ ਹਨ। ਹੰਗਰੀ ਦੀ ਅਬਾਦੀ ਪੰਜਾਬ ਤੋਂ ਵੀ ਘੱਟ ਹੈ। ਖੇਤੀ ਪ੍ਰਧਾਨ ਦੇਸ਼ ਹੈ ਪਰੰਤੂ ਤਕਨੀਕੀ ਪੱਖੋਂ ਪੰਜਾਬ ਤੋਂ ਕਿਤੇ ਅਗਾਂਹਵਧੂ ਹੈ। ਪੰਜਾਬੀਆਂ ਵਾਂਗ ਇਥੋਂ ਦੇ ਲੋਕ ਵੀ ਅਮਰੀਕਾ ਅਤੇ ਸਵੀਡਨ ਵਿਚ ਲੱਖਾਂ ਦੀ ਗਿਣਤੀ ਵਿਚ ਵੱਸ ਰਹੇ ਹਨ ਕਿਉਂਕਿ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਸਾਰੇ ਯਹੂਦੀ ਪ੍ਰੀਵਾਰ ਅਮਰੀਕਾ ਚਲੇ ਗਏ ਅਤੇ ਕਮਿਊਨਿਸਟਾਂ ਦੇ ਸਤਾਏ ਇਨਕਲਾਬੀ ਸਵੀਡਨ ਅਤੇ ਹੋਰ ਯੂਰਪੀਨ ਦੇਸ਼ਾਂ ਵਿਚ ਭੱਜ ਗਏ।

15 ਸਤੰਬਰ ਨੂੰ ਐਸਟਰ ਟਾਥ ਆਪਣੀ ਕਾਰ ਲੈ ਕੇ ਆ ਗਈ ਅਤੇ ਅਸੀਂ ਤਿੰਨੇ ਜਣੇ ਮਾਤਰਾਦਰੈਚਕੇ ਦੇ ਪਿੰਡ ਵੱਲ ਰਵਾਨਾ ਹੋ ਪਏ। ਇਹ 'ਮਾਤਰਾ' ਪਹਾੜੀਆਂ ਦੀ ਗੋਦ ਵਿੱਚ ਵੱਸਿਆ ਹੰਗਰੀ ਦਾ ਪੁਰਾਣਾ ਪਿੰਡ ਹੈ ਜਿਥੋਂ ਦੀ ਵਸੋਂ ਵਿਚ ਹੰਗਰੀ ਦੇ ਜਿਪਸੀ ਕਬੀਲੇ ਦੇ ਲੋਕ ਵੀ ਸ਼ਾਮਲ ਹਨ। ਇਹ ਲੋਕ ਨਾ ਤਾਂ ਖੇਤੀ ਕਰਦੇ ਹਨ ਅਤੇ ਨਾ ਹੀ ਹੋਰ ਕੋਈ ਕਿੱਤਾ। ਆਪਣੇ ਨਿਰਬਾਹ ਲਈ ਗਾਉਣ ਵਜਾਉਣ ਦਾ ਕੰਮ ਕਰਦੇ ਹਨ, ਕੁਝ ਮੰਗ ਕੇ ਨਿਰਬਾਹ ਕਰਦੇ ਹਨ ਜਾਂ ਮਾਰ-ਧਾੜ ਕਰਕੇ। ਇਹ ਲੋਕ ਸਾਡੇ ਟੱਪਰੀਵਾਸਾਂ ਨਾਲ ਮਿਲਦੇ ਹਨ ਅਤੇ ਇਨ੍ਹਾਂ ਦਾ ਵਿਸ਼ਵਾਸ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਇਹ ਭਾਰਤ ਵਿਚੋਂ ਹੀ ਆਏ ਸਨ। ਇਨ੍ਹਾਂ ਦੀ ਬੋਲੀ ਦੇ ਕੁਝ ਸ਼ਬਦ ਪੰਜਾਬੀ ਅਤੇ ਸੰਸਕ੍ਰਿਤ ਨਾਲ ਮਿਲਦੇ ਹਨ ਅਤੇ ਚੰਡੀਗੜ੍ਹ ਦੇ ਇਕ 'ਰਿਸ਼ੀ' ਨਾਮ ਦੇ ਸੱਜਣ ਨੇ ਇਨ੍ਹਾਂ ਦੀ ਭਾਸ਼ਾ ਅਤੇ ਰਸਮੋ-ਰਿਵਾਜਾਂ ਬਾਰੇ ਇਕ ਕਿਤਾਬ ਵੀ ਲਿਖੀ ਹੈ। ਵੈਸੇ ਤਾਂ ਯੂਰਪ ਦੇ ਹੋਰ ਵੀ ਕਈ ਦੇਸ਼ਾਂ ਵਿਚ ਇਹ ਜਿਪਸੀ ਲੋਕ

ਵੱਸਦੇ ਹਨ ਪਰੰਤੂ ਹੰਗਰੀ ਵਿਚ ਇਨ੍ਹਾਂ ਦੀ ਵੱਸੋਂ ਚੋਖੀ ਹੈ। ਸਾਡੇ ਪਿੰਡਾਂ ਦੀ ਚਮਾਰੜੀ ਵਾਂਗ ਇਨ੍ਹਾਂ ਦੇ ਘਰ ਵੀ ਪਿੰਡ ਦੇ ਬਾਹਰ ਇਕ ਪਾਸੇ ਬਣੇ ਹੁੰਦੇ ਹਨ। ਕਈ ਤਾਂ ਝੁੱਗੀਆਂ ਵਿਚ ਰਹਿੰਦੇ ਹਨ ਅਤੇ ਕਈ ਕੱਚੇ ਕੋਠਿਆਂ ਵਿਚ। ਇਨ੍ਹਾਂ ਦੀ ਸ਼ਕਲ ਸਾਡੇ ਬਾਜੀਗਰਾਂ ਨਾਲ ਮਿਲਦੀ ਜੁਲਦੀ ਹੈ, ਰੰਗ ਵੀ ਗੋਰਾ ਨਹੀਂ ਹੁੰਦਾ ਅਤੇ ਪੰਜਾਬੀਆਂ ਵਾਂਗ ਵਾਲ ਕਾਲੇ ਰੰਗ ਦੇ ਹੁੰਦੇ ਹਨ।

ਦੁਪਹਿਰ ਹੋਣ ਤਕ ਅਸੀਂ ਐਸਟਰ ਟਾਥ ਦੇ ਘਰ ਮਾਤਰਾਦਰੈਚਕੇ ਪਹੁੰਚ ਗਏ। ਐਸਟਰ ਬੁੱਡਾਪੈਸਟ ਦੇ ਇਕ ਯਹੂਦੀ ਸਕੂਲ ਵਿਚ ਵਿਗਿਆਨ ਪੜ੍ਹਾਉਂਦੀ ਹੈ ਪਰੰਤੂ ਆਪਣੀ ਖੋਜ ਕਰਕੇ ਵਿਸ਼ਵ ਭਰ ਵਿਚ ਪ੍ਰਸਿੱਧੀ ਹਾਸਲ ਕਰ ਚੁੱਕੀ ਹੈ। ਇਸਦੀ ਪ੍ਰਯੋਗਸ਼ਾਲਾ ਵਿਚ ਅਮਰੀਕਾ ਦਾ ਨੋਬਲ ਇਨਾਮ ਜੇਤੂ ਐਡਵਰਡ ਟੈਲਰ ਵੀ ਆ ਚੁੱਕਾ ਹੈ ਜਿਸ ਨੇ ਅਮਰੀਕਾ ਲਈ ਹਾਈਡਰੋਜਨ ਬੰਬ ਤਿਆਰ ਕੀਤਾ ਸੀ। ਨਿਊਕਲੀ ਵਿਕਿਰਣ ਤੋਂ ਯੂਰਪੀਨ ਲੋਕ ਬਹੁਤ ਡਰਦੇ ਹਨ ਜਿਸ ਕਰਕੇ ਪ੍ਰਮਾਣੂ ਰੀਐਕਟਰਾਂ ਤੇ ਰੋਕ ਲਗਾਈ ਜਾ ਰਹੀ ਹੈ। ਚੈਰਨੋਬਿਲ ਦੇ ਹਾਦਸੇ ਉਪਰੰਤ ਵਿਕਿਰਣ ਧੂੜ ਹੰਗਰੀ ਦੇ ਪਿੰਡਾਂ ਵਿਚ ਪਹੁੰਚ ਗਈ। ਐਸਟਰ ਟਾਥ ਨੇ ਆਪਣੇ ਉਪਕਰਣਾਂ ਨਾਲ ਇਸ ਖਤਰੇ ਦਾ ਲੇਖਾ ਜੋਖਾ ਕੀਤਾ। ਮਾਤਰਾਦਰੈਚਕੇ ਵਿਚ ਉਸ ਨੇ ਆਪਣੀ ਪ੍ਰਯੋਗਸ਼ਾਲਾ ਕਾਇਮ ਕਰ ਰੱਖੀ ਹੈ। ਹਰ ਘਰ ਦਾ ਨਿਊਕਲੀ ਵਿਕਿਰਣ ਮਾਪਿਆ ਗਿਆ। ਹੈਰਾਨੀ ਦੀ ਗੱਲ ਹੈ ਕਿ ਬਾਹਰਲੇ ਵਿਕਿਰਣ ਨਾਲੋਂ ਘਰਾਂ ਦੇ ਅੰਦਰ ਹੀ ਵਿਕਿਰਣ ਦਾ ਸਰੋਤ ਮਿਲ ਗਿਆ। ਪਿੰਡ ਦੀ ਜਮੀਨ ਦਾ ਸਰਵੇਖਣ ਕੀਤਾ ਗਿਆ ਤਾਂ ਪਤਾ ਲੱਗਾ ਕਿ ਧਰਤੀ ਹੇਠੋਂ ਕਾਰਬਨ ਡਾਈਆਕਸਾਈਡ, ਮੀਥੇਨ ਅਤੇ ਰੇਡਾਨ ਗੈਸਾਂ ਦੀ ਬਹੁਤਾਤ ਮਾਤਰਾ ਨਿਕਲ ਰਹੀ ਹੈ। ਪਿੰਡ ਵਿਚ ਕਈ ਮੌਤਾਂ ਕੈਂਸਰ ਨਾਲ ਹੋਈਆਂ ਸਨ ਅਤੇ ਇਕ ਘਰ ਵਿਚ ਕਾਰਬਨਡਾਈਆਕਸਾਈਡ ਸੁੰਘਣ ਨਾਲ ਮੌਤ ਹੋਈ ਸੀ। ਬੱਸ ਫਿਰ ਕੀ ਸੀ ਐਸਟਰ ਟਾਥ ਨੇ ਆਪਣਾ ਜੀਵਨ ਇਸ ਪਿੰਡ ਲਈ ਨਿਸ਼ਾਵਰ ਕਰ ਦਿੱਤਾ।

ਮੇਰੇ ਰਹਿਣ ਦਾ ਪ੍ਰਬੰਧ ਇਕ ਲਾਗਲੇ ਘਰ ਵਿਚ ਸੀ ਜਿਥੇ ਇਕ ਬਜ਼ੁਰਗ ਜੋੜੀ ਰਹਿੰਦੀ ਸੀ। ਉਲੰਪਿਕ ਖੇਡਾਂ ਸਿਡਨੀ ਵਿਚ ਹੋ ਰਹੀਆਂ ਸਨ ਜਿਸ ਕਰਕੇ ਮੇਰੇ ਲਈ ਟੈਲੀਵੀਜ਼ਨ ਰਾਖਵਾਂ ਕਰ ਦਿੱਤਾ ਗਿਆ। ਘਰ ਦੇ ਵਿਹੜੇ ਵਿਚ ਨਾਸ਼ਪਾਤੀ ਅਤੇ ਸੇਬਾਂ ਦੇ ਫਲਦਾਰ ਬੂਟੇ ਸਨ। ਘਰ ਦੀ ਮਾਲਕਣ ਤਾਜ਼ਾ ਫਲ ਤੋੜ ਕੇ ਦੇ ਗਈ। ਬਹੁਤ ਹੀ ਸਾਫ ਸੁਥਰਾ ਕਮਰਾ ਸੀ ਅਤੇ ਮੇਰੀ ਰੀਝ ਵੀ ਪੂਰੀ ਹੋ ਗਈ ਕਿ ਹੰਗਰੀ ਦੇ ਪਿੰਡ ਵਿਚ ਕੁਝ ਦਿਨ ਗੁਜਾਰਾਂ।

ਐਸਟਰ ਟਾਥ ਨੇ ਅਵਾਜ਼ ਮਾਰੀ ਅਤੇ ਅਸੀਂ ਰੇਡਾਨ ਦਾ ਸਰਵੇਖਣ ਕਰਨ ਘਰਾਂ ਵੱਲ ਨਿਕਲ ਤੁਰੇ। ਉਹ ਹਰ ਘਰ ਦੀ ਮਾਲਕਣ ਨੂੰ ਜੱਫੀ ਪਾ ਕੇ ਮਿਲਦੀ ਅਤੇ ਮੇਰੀ ਜਾਣ ਪਹਿਚਾਣ ਕਰਾਉਂਦੀ। ਇਕ ਘਰ ਵਿਚ ਸਾਨੂੰ ਡਿਨਰ ਦਾ ਸੱਦਾ ਮਿਲ ਗਿਆ। ਘਰ ਦੀਆਂ ਬੀਬੀਆਂ ਇਕ ਸਿੱਖ ਨੂੰ ਮਿਲ ਕੇ ਬਹੁਤ ਖੁਸ਼ ਹੋ ਰਹੀਆਂ ਸਨ। ਮੇਰੇ ਲਈ ਹਰ ਰੋਜ਼ ਨਾਸ਼ਤਾ ਇਸ ਘਰੋਂ ਤਿਆਰ ਹੋ ਕੇ ਆ ਜਾਂਦਾ ਵਰਨਾ ਮੇਰੇ ਪਾਸ ਰਸੋਈ ਅਤੇ ਗੈਸ ਮੌਜੂਦ ਸੀ ਅਤੇ ਆਮਲੇਟ ਵਗੈਰਾ ਮੈਂ ਤਿਆਰ ਕਰ ਲੈਂਦਾ ਸਾਂ। ਅਸੀਂ ਪਿੰਡ ਦੇ ਹੈਲਥ ਸੈਂਟਰ ਵਿਚ ਵੀ ਗਏ। ਕਾਰਬਨਡਾਈਆਕਸਾਈਡ ਦੀ ਵਰਤੋਂ ਨਾਲ ਜੋੜਾਂ ਦੇ ਦਰਦ ਅਤੇ ਗੰਠੀਆ ਦੇ ਰੋਗੀਆਂ ਦਾ ਇਲਾਜ ਕੀਤਾ ਜਾਂਦਾ ਹੈ। ਇਕ ਡੂੰਘੇ ਟੋਏ ਵਿਚ ਮਰੀਜ਼ ਨੂੰ 15 ਮਿੰਟ ਲਈ ਖੜਾ ਕੀਤਾ ਜਾਂਦਾ ਹੈ। ਕਾਰਬਨਡਾਈਆਕਸਾਈਡ ਸਰੀਰ ਦੇ ਮੁਸਾਮਾਂ ਰਾਹੀਂ ਦਾਖਲ ਹੋ ਕੇ ਲਹੂ ਦਾ ਦੌਰਾ ਤੇਜ ਕਰਦੀ ਹੈ। ਕਈ ਦਿਨ ਇਸ ਤਰ੍ਹਾਂ ਕਰਨ ਨਾਲ ਰੋਗੀ ਰਾਹਤ ਮਹਿਸੂਸ ਕਰਦੇ ਹਨ। ਇਸ ਕਮਰੇ ਨੂੰ ਮੋਫੈਤ (Mofette) ਕਿਹਾ ਜਾਂਦਾ ਹੈ ਅਤੇ ਦੂਰੋਂ ਨੇੜਿਓਂ ਮਰੀਜ਼ ਇਲਾਜ ਵਾਸਤੇ ਮੋਫੈਤ ਵਿਚ ਆਉਂਦੇ ਹਨ। ਇਸ ਨਾਲ ਪਿੰਡ ਦੀ ਆਮਦਨ ਵਿਚ ਵਾਧਾ ਹੋ ਰਿਹਾ ਹੈ।

16 ਸਤੰਬਰ ਨੂੰ ਹੰਗਰੀ ਦਾ ਕੌਮੀ ਦਿਨ ਸੀ ਅਤੇ ਪਿੰਡ ਦੇ ਗਿਰਜਾਘਰ ਵਿਚ ਸਵੇਰ ਦੀ ਪ੍ਰਾਰਥਨਾ ਕੀਤੀ ਗਈ। ਸਕੂਲ ਦੇ ਬੱਚੇ ਅਤੇ ਸਾਰੇ ਲੋਕ ਪ੍ਰਾਰਥਨਾ ਵਿਚ ਸ਼ਾਮਲ ਹੋਏ। ਮੈਨੂੰ ਪਾਦਰੀ ਨੇ ਉਚੇਚਾ ਸੱਦਾ ਭੇਜਿਆ ਸੀ, ਸੋ ਮੈਂ ਵੀ ਹਾਜ਼ਰ ਹੋ ਗਿਆ। ਪਿੰਡ ਦੇ ਕਬਰਿਸਤਾਨ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਝੰਡੇ ਦੀ ਰਸਮ ਅਦਾ ਹੋਈ। ਯਾਦ ਰਹੇ ਕਿ ਯੂਰਪ ਦੇ ਕਬਰਿਸਤਾਨ ਸਾਡੇ ਦੇਸ ਵਾਂਗ ਭੂਤਵਾੜੇ ਹੀ ਨਹੀਂ ਬਲਕਿ ਸੁੰਦਰ ਸੈਰਗਾਹਾਂ ਹਨ, ਜਿਥੇ ਹਰ ਕੋਈ ਫੁੱਲ ਭੇਂਟ ਕਰਨ ਆਉਂਦਾ ਹੈ ਅਤੇ ਮਿਤਰ ਪਿਆਰਿਆਂ ਦੀ ਯਾਦ ਵਿਚ ਦੋ ਹੰਝੂ ਵੀ ਕੇਰ ਜਾਂਦਾ ਹੈ। ਸਕੂਲੀ ਬੱਚਿਆਂ ਨੇ ਨਾਚ ਗਾਣੇ ਦਾ ਪ੍ਰੋਗਰਾਮ ਪੇਸ਼ ਕੀਤਾ। ਦੁਪਹਿਰ ਦਾ ਖਾਣਾ ਪਿੰਡ ਦੇ ਰੈਸਤੋਰਾਂ ਵਿਚ ਵਰਜਿਆ ਹੋਇਆ ਸੀ ਜਿਥੇ ਪਿੰਡ ਦੇ ਪਤਵੰਤੇ ਸੱਜਣ ਅਤੇ ਇਲਾਕੇ ਦਾ ਵਜ਼ੀਰ ਵੀ ਸ਼ਾਮਲ ਹੋਇਆ।

ਅਸੀਂ ਬੁੱਡਾਪੈਸਟ ਪਰਤਣ ਤੋਂ ਪਹਿਲਾਂ ਜਿਪਸੀਆਂ ਦੇ ਮਹੱਲੇ ਵਿਚ ਗਏ। ਐਸਟਰ ਟਾਥ ਨੇ ਮੇਰੇ ਬਾਰੇ ਦੱਸ ਰੱਖਿਆ ਸੀ। ਸਾਰੇ ਜਿਪਸੀ ਖੁਸ਼ੀ ਵਿਚ ਫੁੱਲੇ ਨਹੀਂ ਸਨ ਸਮਾਉਂਦੇ। ਉਹਨਾਂ ਮੇਰੀ ਆਉ ਭਗਤ ਵਿਚ ਕੁਝ ਗੀਤ ਵੀ ਗਾਏ। ਜਿਪਸੀ ਬੱਚੇ ਮੇਰੇ ਦੁਆਲੇ ਝੁਰਮਟ ਪਾ ਬੈਠੇ ਅਤੇ ਕਈ ਤਰ੍ਹਾਂ ਦੇ ਵਿਅੰਗ ਕੱਸ ਰਹੇ ਸਨ। ਪਿੰਡ ਦੀਆਂ ਸਵਾਣੀਆਂ ਆਪਣੇ ਪੁੱਤਰਾਂ ਦੀ ਜਾਣ ਪਹਿਚਾਣ ਕਰਵਾ ਕੇ ਖੁਸ਼ ਹੋ ਰਹੀਆਂ ਸਨ। ਭਾਵੇਂ ਬੋਲੀ ਦੀ ਸਮਝ ਨਹੀਂ ਸੀ ਆ ਰਹੀ ਪਰੰਤੂ ਜਿਪਸੀਆਂ ਦੇ ਹਾਵ ਭਾਵ ਮਿੱਤਰਤਾ

ਵਾਲੇ ਸਨ। ਅੱਧਾ ਘੰਟਾ ਗੁਜਾਰ ਕੇ ਅਸੀਂ ਮਾਤਰਾਦਰੈਚਕੇ ਦੇ ਜਿਪਸੀ ਕਬੀਲੇ ਤੋਂ ਵਿਦਾਇਗੀ ਲਈ ਅਤੇ ਰਾਤ ਪੈਣ ਤੱਕ ਬੁੱਡਾਪੈਸਟ ਆਪਣੇ ਟਿਕਾਣੇ ਤੇ ਪਹੁੰਚ ਗਏ।

## ਹੰਗਰੀ ਅਤੇ ਭਾਰਤ ਦੀ ਸਭਿਆਚਾਰਕ ਸਾਂਝ

---

ਪਿਛਲੇ ਲੇਖ ਵਿਚ ਅਸੀਂ ਹੰਗਰੀ ਦੇ ਜਿਪਸੀਆਂ ਦਾ ਹਾਲ ਬਿਆਨ ਕੀਤਾ ਸੀ ਜੋ ਆਪਣੇ ਆਪ ਨੂੰ ਭਾਰਤ ਅਤੇ ਪੰਜਾਬ ਦੇ ਪੁਰਾਣੇ ਵਸਨੀਕ ਮੰਨਦੇ ਹਨ। ਹੰਗਰੀ ਦੇ ਕੁਝ ਲੋਕ ਆਪਣੀਆਂ ਜੜ੍ਹਾਂ ਪੂਰਬ ਵਿਚ ਢੂੰਢਦੇ ਰਹੇ ਹਨ। ਐਸਟਰ ਟਾਥ ਦੇ ਸਕੂਲ ਦੇ ਡਾਇਰੈਕਟਰ ਨੇ ਆਪਣੇ ਘਰ ਮੇਰੀ ਰੋਟੀ ਵਰਜੀ। ਉਸ ਦੀ ਘਰਵਾਲੀ ਸੈਮਦੀ ਮੋਨੀਕਾ ਬੁੱਡਾਪੈਸਟ ਯੂਨੀਵਰਸਿਟੀ ਵਿਚ ਤਿਬਤੀ ਭਾਸ਼ਾ ਦੀ ਅਧਿਆਪਕ ਹੈ। ਉਸ ਨੇ ਮੇਰੇ ਲਈ ਸ਼ਾਕਾਹਾਰੀ ਭੋਜਨ ਤਿਆਰ ਕਰ ਰੱਖਿਆ ਸੀ। ਸ਼ਾਮ ਦੇ ਸੱਤ ਵਜੇ ਸਕੂਲ ਦਾ ਡਾਇਰੈਕਟਰ ਹਿਰੋਨੀ ਗਾਬੋਰ ਮੈਨੂੰ ਆਪਣੇ ਘਰ ਲੈ ਜਾਣ ਆਇਆ। ਉਹ ਭੌਤਿਕ ਵਿਗਿਆਨ ਦਾ ਖੋਜੀ ਰਿਹਾ ਹੈ ਅਤੇ ਅੰਗਰੇਜੀ ਭਾਸ਼ਾ ਚੰਗੀ ਤਰ੍ਹਾਂ ਬੋਲ ਸਕਦਾ ਹੈ। ਬੁੱਡਾ ਦੀ ਇਕ ਪਹਾੜੀ ਉਪਰ ਉਸਦਾ ਘਰ ਹੈ ਜਿਥੋਂ ਡੈਨੂਬ ਦਰਿਆ ਦੇ ਦੂਸਰੇ ਪਾਸੇ ਵੱਸਿਆ ਹੋਇਆ 'ਪੈਸਟ' ਨਜ਼ਰੀਂ ਆਉਂਦਾ ਹੈ। ਮੋਨੀਕਾ ਦੀ ਧੀ ਅਤੇ ਪੁੱਤਰ ਕੁਝ ਸੰਗ ਝੱਕ ਤੋਂ ਬਾਅਦ ਮੇਰੇ ਪਾਸ ਆ ਗਏ। ਇਹ ਜੋੜੀ ਇਕ ਸੁੰਦਰ ਪ੍ਰੀਵਾਰ ਦਾ ਨਜ਼ਾਰਾ ਪੇਸ਼ ਕਰਦੀ ਹੈ ਜੋ ਹੁਣ ਯੂਰਪ ਦੀ ਸਭਿਅਤਾ ਵਿਚੋਂ ਲਗਭਗ ਗਾਇਬ ਹੋ ਚੁੱਕਾ ਹੈ।

ਮੋਨੀਕਾ ਨੂੰ ਮੈਂ ਪੁੱਛਿਆ ਕਿ ਹੰਗਰੀ ਵਿਚ ਵਿਦਿਆਰਥੀ ਤਿੱਬਤੀ ਭਾਸ਼ਾ ਕਿਉਂ ਪੜ੍ਹਦੇ ਹਨ ਜਦਕਿ ਭਾਰਤ ਵਿਚ ਤਾਂ ਕੋਈ ਵਿਰਲਾ ਟਾਵਾਂ ਹੀ ਤਿੱਬਤੀ ਭਾਸ਼ਾ ਸਿਖਦਾ ਹੈ। ਬੁੱਡਾਪੈਸਟ ਯੂਨੀਵਰਸਿਟੀ ਵਿਚ ਇਕ ਸੌ ਤੋਂ ਵਧੀਕ ਵਿਦਿਆਰਥੀ ਤਿੱਬਤਨ ਵਿਭਾਗ ਵਿਚ ਦਾਖਲ ਹਨ ਅਤੇ ਇਕ ਸੰਸਥਾ ਖੋਜ ਦਾ ਕੰਮ ਵੀ ਕਰ ਰਹੀ ਹੈ। ਦਰਅਸਲ ਹੰਗਰੀ ਦਾ ਇਕ ਵਿਦਵਾਨ 'ਕੋਰੋਸ਼ੀ ਚੋਮਾ' 35 ਸਾਲ ਦੀ ਉਮਰ ਵਿਚ ਪੈਦਲ ਸਫਰ ਕਰਕੇ ਈਰਾਨ ਅਤੇ ਅਫਗਾਨਿਸਤਾਨ ਦੇ ਰਸਤੇ ਭਾਰਤ ਪੁੱਜਾ। ਉਸ ਨੇ ਮਨ ਵਿਚ ਠਾਣ ਰੱਖੀ ਸੀ ਕਿ ਹੰਗਰੀ ਦੇ ਲੋਕਾਂ ਦੀ ਭਾਸ਼ਾ ਅਤੇ ਸਭਿਆਚਾਰਕ ਪਿਛੋਕੜ ਬਾਰੇ ਗਿਆਨ ਹਾਸਲ ਕਰਕੇ ਰਹੇਗਾ। ਇਹਨਾਂ ਦੀ ਭਾਸ਼ਾ ਯੂਰਪੀਨ ਪ੍ਰੀਵਾਰ ਦੀਆਂ ਭਾਸ਼ਾਵਾਂ ਨਾਲ ਸੰਬੰਧ ਨਹੀਂ ਰੱਖਦੀ ਬਲਕਿ ਵੱਖਰੀ ਕਿਸਮ ਦੀ ਹੈ। ਕੋਰੋਸ਼ੀ ਚੋਮਾ ਜਰਮਨੀ ਦੀ ਗੋਟਿੰਗਨ ਯੂਨੀਵਰਸਿਟੀ ਵਿਚ ਪੜ੍ਹਿਆ ਸੀ। ਉਸਨੇ ਯੂਰਪ ਦੀਆਂ ਕਈ ਭਾਸ਼ਾਵਾਂ ਸਿੱਖੀਆਂ ਪਰੰਤੂ ਉਸਦੇ ਮਨ ਨੂੰ ਤਸੱਲੀ ਨਾ ਹੋਈ। ਉਹ ਆਪਣੀ ਖੋਜ ਨੂੰ ਸੰਪੰਨ ਕਰਨ ਲਈ ਭਾਰਤ ਜਾਣ ਲਈ ਉਤਾਵਲਾ ਹੋ ਪਿਆ। ਅਫਗਾਨਿਸਤਾਨ ਦੀ ਸਰਹੱਦ ਉਪਰ ਖਾਲਸੇ ਦਾ ਰਾਜ ਸੀ। ਮਹਾਰਾਜਾ ਰਣਜੀਤ ਸਿੰਘ ਦੇ ਫਰਾਂਸੀਸੀ ਜਰਨੈਲਾਂ ਦੀ ਮੱਦਦ ਨਾਲ ਉਹ ਕਾਬਲ ਤੋਂ ਪਿਸ਼ਾਵਰ ਅਤੇ ਫਿਰ ਲਾਹੌਰ ਪਹੁੰਚ ਗਿਆ। ਜਦੋਂ ਮਹਾਰਾਜੇ ਨੂੰ ਇਸ ਵਿਦੇਸ਼ੀ ਦਾ ਆਪਣੇ ਰਾਜ ਵਿਚ ਪਤਾ ਲੱਗਾ ਤਾਂ ਉਹ ਅੱਗ ਬਗੋਲਾ ਹੋ ਪਿਆ ਅਤੇ ਖੁਫੀਆ ਜਾਸੂਸਾਂ ਦੀ ਭੁਗਤ ਸਵਾਰੀ। ਉਹ ਕੋਰੋਸ਼ੀ ਨੂੰ ਕੋਈ ਯੂਰਪੀਨ ਜਸੂਸ ਹੀ ਸਮਝ ਬੈਠੇ ਸਨ। ਪੰਜਾਬ ਦੇ ਰਸਤੇ ਉਹ ਸਿਰੀਨਗਰ ਪਹੁੰਚ ਗਿਆ ਅਤੇ ਫਿਰ ਲਦਾਖ ਜਿਥੇ ਬੋਧੀ ਧਰਮ ਗ੍ਰੰਥਾਂ ਦਾ ਅਧਿਐਨ ਕਰਨ ਲਈ ਉਸਨੇ ਇਕ ਮੋਨਾਸਟਰੀ ਵਿਚ ਤਿੱਬਤੀ ਭਾਸ਼ਾ ਸਿੱਖਣੀ ਸ਼ੁਰੂ ਕਰ ਦਿੱਤੀ।

1822 ਦੇ ਸ਼ੁਰੂ ਵਿਚ ਕੋਰੋਸ਼ੀ ਪੰਜਾਬ ਪੁੱਜਾ ਸੀ ਅਤੇ ਦੋ ਸਾਲ ਉਹ ਲੇਹ ਵਿਚ ਤਿੱਬਤੀ ਭਾਸ਼ਾ ਸਿਖਦਾ ਰਿਹਾ। ਜਾਂਗਲਾ ਦੇ ਬੋਧੀ ਮੰਦਰ ਵਿਚ ਉਹ ਭਿਕਸ਼ੂ ਬਣ ਕੇ ਰਹਿਣ ਲੱਗਾ। ਕੁਝ ਚਿਰ ਸ਼ਿਮਲੇ ਕੋਲ ਸਬਾਥੂ ਆ ਗਿਆ ਅਤੇ ਫਿਰ ਲਾਹੌਲ-ਸਪਿਤੀ ਦੀ ਕਾਨਮ ਮੋਨਾਸਟਰੀ ਵਿਚ ਭਾਰੀ ਤਪੱਸਿਆ ਕਰਕੇ ਬੁੱਧ ਧਰਮ ਦਾ ਗਿਆਨ ਹਾਸਲ ਕੀਤਾ। 1931 ਵਿਚ ਕੋਰੋਸ਼ੀ ਕਲਕੱਤੇ ਪਹੁੰਚ ਗਿਆ ਅਤੇ ਬੋਧੀ ਧਰਮ ਗ੍ਰੰਥਾਂ ਦਾ ਅਨੁਵਾਦ ਕਰਨ ਵਿਚ ਜੁਟ ਗਿਆ। ਪਹਿਲਾਂ ਉਸਨੇ ਤਿੱਬਤੀ – ਅੰਗਰੇਜ਼ੀ ਭਾਸ਼ਾ ਦੀ ਡਿਕਸ਼ਨਰੀ ਤਿਆਰ ਕੀਤੀ ਅਤੇ 1834 ਵਿਚ ਤਿੱਬਤੀ ਗਰੈਮਰ ਦਾ ਖਰੜਾ ਛਪਵਾਇਆ ਜੋ ਏਸੀਏਟਿਕ ਸੋਸਾਇਟੀ ਦੀ ਮੱਦਦ ਨਾਲ ਨੇਪਰੇ ਚਾੜ੍ਹਿਆ ਗਿਆ। ਕੋਰੋਸ਼ੀ ਚਾਹੁੰਦਾ ਸੀ ਕਿ ਉਹ ਤਿੱਬਤ ਦੀ ਰਾਜਧਾਨੀ 'ਲਾਸਾ' ਜਾ ਕੇ ਹੋਰ ਗਿਆਨ ਪ੍ਰਾਪਤ ਕਰੇ ਪਰੰਤੂ ਦਾਰਜੀਲਿੰਗ ਪਹੁੰਚ ਕੇ ਉਸਨੂੰ ਮਲੇਰੀਆ ਹੋ ਗਿਆ ਅਤੇ 11 ਅਪ੍ਰੈਲ 1842 ਨੂੰ ਇਥੇ ਹੀ ਦਮ ਤੋੜ ਗਿਆ। ਉਸਦੀ ਕਬਰ ਦਾਰਜੀਲਿੰਗ ਵਿਚ ਬਣਾਈ ਗਈ। ਕਈ ਕਹਿੰਦੇ ਹਨ ਕਿ ਉਹ ਅੰਗਰੇਜੀ ਸਰਕਾਰ ਲਈ ਜਸੂਸੀ ਕਰਦਾ ਸੀ ਜਿਸ ਕਰਕੇ ਏਸੀਏਟਿਕ ਸੋਸਾਇਟੀ ਉਸਨੂੰ ਵਜ਼ੀਫਾ ਵੀ ਦਿੰਦੀ ਸੀ। ਪਰੰਤੂ ਇਹ ਮੰਨਣਾ ਪਵੇਗਾ ਕਿ ਇਸ ਹੰਗਰੀ ਦੇ ਹੋਣਹਾਰ ਵਿਦਵਾਨ ਨੇ ਆਪਾ ਨਿਸ਼ਾਵਰ ਕਰਕੇ ਹੰਗਰੀ ਦੇ ਸਭਿਆਚਾਰ ਨੂੰ ਭਾਰਤ ਦੇ ਬੋਧੀ ਸਭਿਆਚਾਰ ਨਾਲ ਜੋੜਿਆ।

ਮੋਨਿਕਾ ਅਤੇ ਗਾਬੋਰ ਨੇ ਆਪਣੇ ਪ੍ਰੀਵਾਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਯਾਹੂਦੀ ਧਰਮ ਦੇ ਪੈਰੋਕਾਰ ਹਨ। ਗਾਬੋਰ ਦਾ ਪਿਤਾ ਇਮਰੇ ਕੁਨ ਹੰਗਰੀ ਦਾ ਮਸ਼ਹੂਰ ਗਵੱਈਆ ਸੀ ਅਤੇ ਬੁੱਡਾਪੈਸਟ ਦੇ ਥੀਏਟਰ ਵਿਚ ਉਹ ਕਈ ਪ੍ਰੋਗਰਾਮ ਦੇ ਚੁੱਕਾ ਸੀ। ਜਦੋਂ ਰਾਬਿੰਦਰ ਨਾਥ ਟੈਗੋਰ ਨੂੰ ਨੋਬਲ ਪੁਰਸਕਾਰ ਮਿਲਿਆ ਤਾਂ ਉਹ ਸਵੀਡਨ ਤੋਂ ਪਰਤਦੇ ਹੋਏ ਯੂਰਪੀਨ ਦੇਸ਼ਾਂ ਦੀ ਸੈਰ ਕਰ ਗਏ। ਕੁਝ ਸਾਲਾਂ ਬਾਅਦ ਉਨ੍ਹਾਂ ਨੂੰ ਲੰਡਨ ਵਿਚ ਹਿਬਰਟ ਯਾਦਗਾਰੀ ਵਿਖਿਆਨ ਦੇਣ ਲਈ ਸੱਦਿਆ ਗਿਆ ਤਾਂ ਉਹ ਤੁਰੰਤ ਮੰਨ ਗਏ। ਇਸ ਸਮੇਂ ਗੁਰੂਦੇਵ ਟੈਗੋਰ ਸ਼ਾਂਤੀ ਨਿਕੇਤਨ ਨੂੰ ਚਲਾ ਰਹੇ ਸਨ ਅਤੇ ਸਾਹਿਤ ਦੇ ਖੇਤਰ ਵਿਚ ਧਾਂਕ ਜਮਾਈ ਬੈਠੇ ਸਨ। ਲੰਡਨ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਇਮਰੇ ਕੁਨ ਨੂੰ ਆਪਣੇ ਪੁੱਤਰ ਦਵਾਰਾ ਲਿਖਿਆ ਹੋਇਆ ਪੱਤਰ ਭੇਜਿਆ ਜਿਸ ਵਿਚ ਕਿਹਾ ਗਿਆ ਸੀ ਕਿ ਉਹ ਆਪਣੇ ਥੀਏਟਰ ਗਰੁੱਪ ਨਾਲ ਬੁੱਡਾਪੈਸਟ ਅਤੇ ਯੂਰਪ ਦੇ ਹੋਰ ਸ਼ਹਿਰਾਂ ਵਿਚ ਪ੍ਰੋਗਰਾਮ ਦੇਣ ਲਈ ਤਿਆਰ ਹਨ, ਜੇਕਰ ਸਾਰੇ ਗਰੁੱਪ ਦੀਆਂ ਟਿਕਟਾਂ ਅਤੇ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਜ਼ਿੰਮੇਵਾਰੀ ਚੁੱਕੀ ਜਾਵੇ। ਰਾਬਿੰਦਰ ਨਾਥ ਟੈਗੋਰ ਦੇ ਗਰੁੱਪ ਵਿਚ ਤੀਹ ਬੰਗਾਲੀ ਕੁੜੀਆਂ ਦਾ ਜਿਕਰ ਹੈ। ਟੈਗੋਰ ਦੇ ਇਸ ਖਤ ਦੀ ਕਾਪੀ ਇਮਰੇ ਕੁਨ ਦੇ ਪ੍ਰੀਵਾਰ ਨੇ ਸਾਂਭ ਰੱਖੀ ਹੈ। ਇਸ ਦੀ ਫੋਟੋ ਕਾਪੀ ਮੈਨੂੰ ਭੇਂਟ ਕੀਤੀ ਗਈ। ਟੈਗੋਰ ਦੇ ਦਸਤਖਤਾਂ ਹੇਠ ਇਕ ਫੋਟੋ ਵੀ ਵਿਖਾਈ ਗਈ। ਮੈਂ ਇਸ ਦੁਰਲੱਭ ਸੁਗਾਤ ਦੇ ਦਰਸ਼ਨ ਕੀਤੇ ਅਤੇ ਪ੍ਰੀਵਾਰ ਤੋਂ ਅਲਵਿਦਾ ਲਈ।

ਹੰਗਰੀ ਵਿਚ ਹਰ ਧਰਮ ਦੇ ਲੋਕ ਮਿਲ ਜਾਂਦੇ ਹਨ। ਕੋਈ ਵਿਰਲਾ ਟਾਵਾਂ ਸਿਖ ਵੀ ਲੱਭ ਪੈਂਦਾ ਹੈ ਪਰੰਤੂ ਕੰਮ ਨਾ ਮਿਲਣ ਕਰਕੇ ਪੰਜਾਬੀ ਮੁੰਡੇ ਇਟਲੀ ਅਤੇ ਜਰਮਨੀ ਵੱਲ ਚਲੇ ਜਾਂਦੇ ਹਨ। ਇਕ ਲੁਧਿਆਣੇ ਦਾ ਨੌਜਵਾਨ ਟੱਕਰ ਪਿਆ ਜੋ ਕੱਪੜੇ ਦੀ ਦੁਕਾਨ ਚਲਾ ਰਿਹਾ ਸੀ। ਇਸੇ ਤਰ੍ਹਾਂ ਹੀ ਰੇਲਵੇ ਸਟੇਸ਼ਨ ਤੇ ਦੋ ਸਿਖ ਮਿਲ ਪਏ ਜੋ ਸਰਕਾਰ ਵਲੋਂ ਲਗਾਈ ਗਈ ਨੁਮਾਇਸ਼ ਵਿਚ ਆਪਣਾ ਸਮਾਨ ਵੇਚਣ ਆਏ ਹੋਏ ਸਨ। ਇਥੇ ਡੈਨੂਬ ਦਰਿਆ ਕਿਨਾਰੇ ਦੋ ਸ਼ਾਕਾਹਾਰੀ ਰੈਸਤੋਰਾਂ ਹਨ, 'ਗੋਵਿੰਦਾ' ਤਾਂ ਹਰੇ ਰਾਮਾ ਕ੍ਰਿਸ਼ਨਾ ਦੇ ਪੈਰੋਕਾਰ ਚਲਾ ਰਹੇ ਹਨ ਅਤੇ ਦੂਸਰੇ ਦਾ ਨਾਮ 'ਗਾਂਧੀ' ਹੈ ਜੋ ਕਿਸੇ ਨੌਜਵਾਨ ਨੇ ਸ਼ੁਰੂ ਕੀਤਾ ਹੈ। ਗੋਵਿੰਦਾ ਤਾਂ ਠੀਕ ਹੈ ਪਰੰਤੂ ਗਾਂਧੀ ਨਿਰੀ ਲੁੱਟ ਦਾ ਸਾਧਨ ਬਣ ਗਿਆ ਹੈ। ਹੋ ਸਕਦਾ ਹੈ ਮਹਾਤਮਾ ਗਾਂਧੀ ਦੀ ਥਾਂ ਇੰਦਰਾ ਗਾਂਧੀ ਦੇ ਪੈਰੋਕਾਰਾਂ ਨੇ ਖੋਲ੍ਹਿਆ ਹੋਵੇ।

ਹੰਗਰੀ ਦੀ ਬਾਲਤਾਨ ਝੀਲ ਦੇ ਕਿਨਾਰੇ ਹੰਗਰੀ ਆਏ ਸਭ ਨੋਬਲ ਇਨਾਮ ਜੇਤੂ ਇਕ ਰੁੱਖ ਲਗਾ ਜਾਂਦੇ ਹਨ। ਜਦੋਂ ਗੁਰੂਦੇਵ ਟੈਗੋਰ ਬੁੱਡਾਪੈਸਟ ਦੀ ਯਾਤਰਾ ਤੇ ਆਏ ਤਾਂ ਇਕ ਮਹੀਨਾ ਹੰਗਰੀ ਰਹੇ ਅਤੇ ਇਕ ਯਾਦਗਾਰੀ ਰੁੱਖ ਵੀ ਲਗਾ ਗਏ। ਇਸ ਝੀਲ ਦੇ ਨਜ਼ਦੀਕ ਹੀ ਇਕ ਸੁੰਦਰ ਵਾਦੀ ਹੈ ਜਿਸ ਨੂੰ ਕ੍ਰਿਸ਼ਨਾ ਵੈਲੀ ਕਿਹਾ ਜਾਂਦਾ ਹੈ। ਚੈਤੰਨਿਆ ਪ੍ਰਭੂ ਦੇ ਕ੍ਰਿਸ਼ਨ ਭਗਤ ਇਥੇ ਵੱਸ ਰਹੇ ਹਨ ਅਤੇ ਟ੍ਰੈਕਟਰ ਦੀ ਬਜਾਏ ਬਲਦਾਂ ਨਾਲ ਖੇਤੀ ਕਰਦੇ ਹਨ। ਇਨ੍ਹਾਂ ਨੇ ਬ੍ਰਿੰਦਾਵਨ ਵਾਂਗ ਗਊਆਂ ਪਾਲ ਰੱਖੀਆਂ ਹਨ ਅਤੇ ਇਕ ਮੰਦਰ ਵੀ ਤਾਮੀਰ ਕਰਵਾ ਰੱਖਿਆ ਹੈ। ਇਸ ਵਾਰ ਜਦੋਂ ਮੈਂ ਭੂ-ਭੌਤਿਕ ਵਿਗਿਆਨ ਕੇਂਦਰ ਵਿਚ ਗਿਆ ਤਾਂ ਇਕ ਮੁਟਿਆਰ ਨੇ ਹੱਥ ਜੋੜ ਕੇ ਨਮਸਤੇ ਕਹੀ। ਉਹ ਬ੍ਰਹਮ ਕੁਮਾਰੀ ਹੈ ਅਤੇ ਕਈ ਵਾਰ ਮਾਊਂਟ ਆਬੂ ਵੀ ਆ ਚੁੱਕੀ ਹੈ। ਪਿਛਲੇ ਮਹੀਨੇ ਉਹ ਹੰਗਰੀ ਤੋਂ ਭਾਰਤ ਆਈ ਤਾਂ ਅੰਮ੍ਰਿਤਸਰ ਵੀ ਪਹੁੰਚ ਗਈ। ਕਿਸੇ ਬ੍ਰਹਮ ਕੁਮਾਰੀ ਨੇ ਮੇਰੇ ਘਰ ਉਸਦੇ ਆਉਣ ਦੀ ਖਬਰ ਦਿੱਤੀ ਪ੍ਰੰਤੂ ਮੈਂ ਮਿਲ ਨਾ ਸਕਿਆ। ਹੁਣ ਇਕੋ ਕਸਰ ਬਾਕੀ ਰਹਿ ਗਈ ਹੈ ਕਿ ਹੰਗਰੀ ਵਿਚ ਸਿੱਖਾਂ ਦਾ ਗੁਰਦੁਵਾਰਾ ਵੀ ਬਣੇ। ਗੁਰੂ ਭਲੀ ਕਰੇਗਾ ਅਤੇ ਇਹ ਸੁਪਨਾ ਵੀ ਸਾਕਾਰ ਹੋ ਜਾਵੇਗਾ।

## ਯੂਰਪ ਤੋਂ ਏਸ਼ੀਆ ਦਾ ਸਫ਼ਰ: ਪੁਰਤਗਾਲ ਦੀ ਯਾਤਰਾ

---

ਪੁਰਾਤਨ ਸਭਿਅਤਾ ਦੇ ਕੇਂਦਰ ਭਾਰਤ, ਚੀਨ ਅਤੇ ਮਿਸਰ ਮੰਨੇ ਜਾਂਦੇ ਹਨ ਪਰੰਤੂ ਆਧੁਨਿਕ ਯੁੱਗ ਵਿਚ ਯੂਰਪੀਨ ਦੇਸ਼ਾਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਪੁਨਰ ਸੁਰਜੀਤੀ ਦੀ ਲਹਿਰ ਨੇ ਯੂਰਪੀਨ ਦੇਸ਼ਾਂ ਦੀ ਕਾਇਆ ਹੀ ਪਲਟ ਦਿੱਤੀ। ਪੰਦਰਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਤਕ ਯੂਰਪੀਨ ਦੇਸ਼ ਵਿਸ਼ਵ ਭਰ ਵਿਚ ਰਾਜ ਕਰਦੇ ਰਹੇ। ਕੀ ਅਮਰੀਕਾ, ਅਫਰੀਕਾ ਅਤੇ ਏਸ਼ੀਆ ਸਾਰੇ ਮਹਾਂਦੀਪ ਯੂਰਪੀਨ ਕੌਮਾਂ ਦੇ ਗੁਲਾਮ ਬਣ ਗਏ। ਇਸ ਸਾਰੇ ਅਡੰਬਰ ਪਿੱਛੇ ਵਿਗਿਆਨ ਅਤੇ ਟੈਕਨਾਲੋਜੀ ਦਾ ਹੱਥ ਸੀ। ਅੱਜ ਵੀ ਸਹਿਤ, ਚਿਤਰਕਲਾ, ਵਿਗਿਆਨ ਅਤੇ ਇਨਕਲਾਬੀ ਫਿਲਸਫੇ ਦੇ ਕੇਂਦਰ ਯੂਰਪ ਵਿਚ ਕਾਇਮ ਹਨ। ਨਵੀਂ ਰੌਸ਼ਨੀ ਹੁਣ ਭਾਰਤ ਅਤੇ ਚੀਨ ਤੋਂ ਨਹੀਂ ਮਿਲਦੀ ਬਲਕਿ ਯੂਰਪ ਤੋਂ ਹੀ ਆ ਰਹੀ ਹੈ। ਮੇਰੇ ਜੀਵਨ ਦਾ ਮਨੋਰਥ ਸੀ ਕਿ ਯੂਰਪ ਦਾ ਚੱਪਾ ਚੱਪਾ ਗਾਹ ਮਾਰਾਂ ਅਤੇ ਕੁਦਰਤੀ ਇਹ ਸੁਪਨਾ ਸਾਕਾਰ ਹੋ ਗਿਆ।

3 ਸਤੰਬਰ 2001 ਨੂੰ ਦਿੱਲੀ ਹਵਾਈ ਅੱਡੇ ਤੋਂ ਐਰੋਫਲੋਟ ਦੇ ਹਵਾਈ ਜਹਾਜ ਤੇ ਰਵਾਨਾ ਹੋ ਕੇ ਦੁਪਹਿਰ ਤਕ ਮਾਸਕੋ ਦੇ ਹਵਾਈ ਅੱਡੇ ਤੇ ਜਾ ਉਤਰਿਆ। ਰਾਤ ਭਰ ਦਾ ਉਨੀਂਦਰਾ ਸੀ ਜਿਸ ਕਰਕੇ ਜਹਾਜ ਦੇ ਉਡਦਿਆਂ ਹੀ ਅੱਖ ਲਗ ਗਈ। ਹਵਾਈ ਸਫਰ ਵਿਚ ਉਹ ਖੁਸ਼ਕਿਸਮਤ ਹੁੰਦੇ ਹਨ ਜੋ ਉਡਦੇ ਜਹਾਜ ਵਿਚ ਵੀ ਖਰਾਟੇ ਮਾਰ ਸਕਣ ਵਰਨਾ ਪਹਿਲੀ ਵਾਰ ਸਫਰ ਕਰਨ ਵਾਲੇ ਤਾਂ ਪਰੇਸ਼ਾਨ ਹੀ ਰਹਿੰਦੇ ਹਨ, ਕਈ ਸਿਰ ਦਰਦ ਦਾ ਸ਼ਿਕਾਰ ਅਤੇ ਕਈ ਜਹਾਜ ਦੇ ਹਾਦਸੇ ਤੋਂ ਡਰਦੇ ਮਾਰੇ ਪਾਠ ਹੀ ਕਰਦੇ ਰਹਿੰਦੇ ਹਨ। ਮੇਰੀ ਭਣੇਵੀਂ ਰੂਪਾ ਬਾਜਵਾ ਕਿਹਾ ਕਰਦੀ ਹੈ ਕਿ ਹਵਾਈ ਜਹਾਜ ਦਾ ਸਫਰ ਏਨਾ ਅਕਾ ਦਿੰਦਾ ਹੈ ਕਿ ਦਿੱਲੀ ਆ ਕੇ ਰਿਕਸ਼ੇ ਦੀ ਸਵਾਰੀ ਵੀ ਬਿਹਤਰ ਲਗਦੀ ਹੈ। ਮਾਸਕੋ ਦਾ ਹਵਾਈ ਅੱਡਾ ਮੇਰਾ ਵੇਖਿਆ ਪਰਖਿਆ ਹੋਣ ਕਰਕੇ ਕੋਈ ਮੁਸ਼ਕਲ ਨਹੀਂ ਆਈ ਪਰੰਤੂ ਇਥੇ ਚਹਿਲ ਪਹਿਲ ਨਹੀਂ ਸੀ। ਘਰ ਦੇ ਪਰੌਂਠੇ ਅਤੇ ਫਲ ਮੇਰੇ ਪਾਸ ਸਨ ਅਤੇ ਮੈਂ ਲੰਚ ਦੀ ਤਿਆਰੀ ਕਰਨ ਲੱਗਾ। ਪਾਣੀ ਦੀ ਬੋਤਲ ਮੈਂ ਭਾਰ ਘਟਾਣ ਲਈ ਦਿੱਲੀ ਹੀ ਛੱਡ ਗਿਆ। ਇਥੇ ਲੋੜ ਪਈ ਤਾਂ ਇਕ ਡਾਲਰ ਖਰਚਣਾ ਪੈਣਾ ਸੀ। ਲੰਚ ਕਰਕੇ ਮੈਂ ਮਾਸਕੋ ਏਅਰਪੋਰਟ ਦੇ ਤਾਜ ਮਹੱਲ ਰੈਸਤੋਰਾਂ ਦੀ ਮੁਟਿਆਰ ਕੁੜੀ ਤੋਂ ਪਾਣੀ ਦੀ ਬੋਤਲ ਖਰੀਦੀ ਤਾਂ ਉਸਨੇ ਪੈਸੇ ਲੈਣੋਂ ਇਨਕਾਰ ਕਰ ਦਿਤਾ ਕਿਉਂਕਿ ਰੈਸਤੋਰਾਂ ਦਾ ਮਾਲਕ ਜਾਂ ਮੈਨੇਜਰ ਇਕ ਸਿੱਖ ਸੀ। ਰੂਸੀ ਮੁਟਿਆਰ ਦਾ ਸ਼ੁਕਰੀਆ ਅਦਾ ਕਰਕੇ ਮੈਂ ਅਗਲੀ ਉਡਾਨ ਦੀ ਇੰਤਜਾਰ ਕਰਨ ਲੱਗਾ।

ਭਾਰਤ ਦੀਆਂ ਰੇਲਾਂ ਵਾਂਗ ਰੂਸੀ ਜਹਾਜ ਵੀ ਅਕਸਰ ਦੇਰੀ ਨਾਲ ਹੀ ਉਡਦੇ ਹਨ। ਸ਼ਾਮ ਦੇ ਅੱਠ ਵਜੇ ਮਾਸਕੋ ਹਵਾਈ ਅੱਡੇ ਤੋਂ ਪੁਰਤਗਾਲ ਦੀ ਰਾਜਧਾਨੀ ਲਿਜ਼ਬਨ ਵੱਲ ਰਵਾਨਾ ਹੋਇਆ। ਰਾਤ ਦੇ ਗਿਆਰਾਂ ਵਜੇ ਲਿਜ਼ਬਨ ਦੀ ਏਅਰਪੋਰਟ ਤੇ ਜਾ ਉਤਰਿਆ। ਮੇਰੇ ਨਾਲ ਬੇਗੋਵਾਲ ਦਾ ਇਕ ਪੰਜਾਬੀ ਮੁੰਡਾ ਵੀ ਸਫਰ ਕਰ ਰਿਹਾ ਸੀ ਜੋ ਰੁਜ਼ਗਾਰ ਦੀ ਖਾਤਰ ਕਿਸੇ ਠੇਕੇਦਾਰ ਦੀ ਮਜਦੂਰੀ ਕਰਨ ਜਾ ਰਿਹਾ ਸੀ। ਉਸਦੇ ਸਾਥੀ ਅੱਗੋਂ ਲੈਣ ਆਏ ਹੋਏ ਸਨ ਪਰੰਤੂ ਮੇਰੇ ਮੇਜਬਾਨ ਕਿਧਰੇ ਵੀ ਨਹੀਂ ਲੱਭ ਰਹੇ ਸਨ। ਪੰਜਾਬੀ ਮੁੰਡੇ ਬਹੁਤ ਹੀ ਮਿਲਾਪੜੇ ਸਨ ਅਤੇ ਮੈਨੂੰ ਨਾਲ ਲੈਜਾਨ ਲਈ ਰਾਜੀ ਹੋ ਗਏ। ਅਸੀਂ ਟੈਕਸੀ ਲੈਣ ਖਾਤਰ ਕਤਾਰ ਵਿਚ ਖਲੋ ਕੇ ਇੰਤਜਾਰ ਕਰਨ ਲਗੇ, ਜਦੋਂ ਮੇਰੀ ਵਾਰੀ ਆਈ ਤਾਂ ਇਕ ਮੁਟਿਆਰ ਭੱਜੀ ਭੱਜੀ ਆਈ ਅਤੇ ਮੇਰਾ ਸਮਾਨ ਖੋਹਣ ਲੱਗੀ। ਦਰਅਸਲ, ਉਹ ਮੇਰੀ ਕਾਨਫਰੰਸ ਦੀ ਸੈਕਟਰੀ ਸੀ ਅਤੇ ਯੂਨੀਵਰਸਿਟੀ ਵੱਲੋਂ ਬਾਹਰੋਂ ਆ ਰਹੇ ਡੈਲੀਗੇਟਾਂ ਨੂੰ ਹੋਟਲਾਂ ਵਿਚ ਪਹੁੰਚਾਣ ਲਈ ਜ਼ਿਮੇਂਵਾਰ ਸੀ। ਲਗਭਗ ਅੱਧੀ ਰਾਤ ਬੀਤ ਚੁਕੀ ਸੀ ਜਦੋਂ ਮੈਂ ਯੂਨੀਵਰਸਿਟੀ ਦੇ ਹੋਟਲ ਵਿਚ ਪੁੱਜਾ।

4 ਸਤੰਬਰ ਨੂੰ ਸਵੇਰੇ ਉਠਿਆ ਤਾਂ ਕਈ ਦੇਸ਼ਾਂ ਦੇ ਵਿਗਿਆਨੀ ਟੱਕਰ ਪਏ। ਇਕ ਰੂਸੀ ਮੇਰਾ ਮਿੱਤਰ ਬਣ ਗਿਆ ਅਤੇ ਮੇਰੇ ਲਈ ਨਾਸ਼ਤਾ ਤਿਆਰ ਕਰਨ ਲੱਗਾ। ਸਾਡੇ ਵਾਂਗ ਰੂਸੀ ਵੀ ਹੁਣ ਗਰੀਬ ਹੋ ਗਏ ਹਨ ਅਤੇ ਯਾਤਰਾ ਲਈ ਆਪਣਾ ਸਮਾਨ ਨਾਲ ਲੈ ਕੇ ਤੁਰਦੇ ਹਨ। ਮੇਰੇ ਲਈ ਲਿਜ਼ਬਨ ਦੀ ਇਹ ਪਹਿਲੀ ਸਵੇਰ ਸੀ ਅਤੇ ਮੈਟਰੋ ਗੱਡੀ ਤੇ ਸਵਾਰ ਹੋ ਕੇ ਅਸੀਂ ਕਾਨਫਰੰਸ ਹਾਲ ਵਿਚ ਪਹੁੰਚ ਗਏ। ਕਾਨਫਰੰਸ ਦਾ ਬੈਗ ਪ੍ਰਾਪਤ ਕਰਕੇ ਪੁਰਾਣੇ ਮਿੱਤਰਾਂ ਨਾਲ ਜਾਣ ਪਹਿਚਾਣ ਕੱਢੀ। ਲਿਜ਼ਬਨ ਸਮੁੰਦਰ ਦੇ ਕੰਢੇ ਵੱਸਿਆ ਸੁੰਦਰ ਸ਼ਹਿਰ ਹੈ ਅਤੇ ਗਰਮੀਆਂ ਵਿਚ ਯਾਤਰੀਆਂ ਦੀ ਖਿੱਚ ਦਾ ਕਾਰਣ ਬਣ ਜਾਂਦਾ ਹੈ। ਇਥੋਂ ਦਾ ਮੌਸਮ ਗਰਮ ਅਤੇ ਖੁਸ਼ਕ ਹੋਣ ਕਰਕੇ ਯਾਤਰੀ ਸਮੁੰਦਰੀ ਬੀਚਾਂ ਤੇ ਰੰਗ ਰਲੀਆਂ ਮਾਣਦੇ ਹਨ। ਮਾਨੋ ਇਹ ਯੂਰਪ ਦਾ 'ਗੋਆ' ਹੈ। ਲਿਜ਼ਬਨ ਦੀ ਗੋਆ ਦੇ ਸ਼ਹਿਰ ਪੰਜਿਮ ਨਾਲ ਕੁਦਰਤੀ ਸਾਂਝ ਵੀ ਹੈ। ਪੁਰਤਗਾਲ ਦੇ ਜਹਾਜ਼ਰਾਨ ਸੋਲਵੀਂ ਸਦੀ ਵਿਚ ਜਦ ਭਾਰਤ ਦੀ ਖੋਜ ਕਰਨ ਨਿਕਲੇ ਤਾਂ ਕੋਲੰਬਸ ਪੁੱਠੇ ਰਾਹ ਪੈ ਗਿਆ ਅਤੇ ਭਾਰਤ ਦੀ ਬਜਾਏ ਅਮਰੀਕਾ ਦੇ ਸਮੁੰਦਰੀ ਤੱਟ ਤੇ ਜਾ ਉਤਰਿਆ। ਉਸਦਾ ਜਾਨਸ਼ੀਨ ਵਾਸਕੋਡੇਗਾਮਾ ਭਾਰਤ ਪਹੁੰਚ ਗਿਆ ਅਤੇ ਗੋਆ ਦੇ ਤੱਟ ਤੇ ਜਾ ਉਤਰਿਆ। ਗੋਆ ਉਪਰ ਪੁਰਤਗੀਜ਼ ਲੋਕਾਂ ਦਾ ਕਬਜਾ ਹੋ ਗਿਆ ਜੋ ਮਾਸਟਰ ਕਰਨੈਲ ਸਿੰਘ ਈਸੜੂ ਦੀ ਸ਼ਹੀਦੀ ਉਪਰੰਤ ਹੀ ਖਤਮ ਹੋਇਆ। ਪੰਜਿਮ ਵਾਂਗ ਲਿਜ਼ਬਨ ਵੀ ਦੋ ਦਰਿਆਵਾਂ ਦੇ ਮੁਹਾਣੇ ਉਪਰ ਵੱਸਿਆ ਸ਼ਹਿਰ ਹੈ ਅਤੇ ਇਉਂ ਜਾਪਦਾ ਹੈ ਕਿ ਪੁਰਤਗਾਲ ਦੀ ਬਜਾਏ ਗੋਆ ਵਿਚ ਹੀ ਘੁੰਮ ਰਹੇ ਹੋਈਏ। ਪੁਰਤਗੀਜ਼ ਭਾਰਤੀਆਂ ਦੀ ਕਦਰ ਕਰਦੇ ਹਨ ਅਤੇ ਹਜਾਰਾਂ ਭਾਰਤੀ ਮੂਲ ਦੇ ਲੋਕ ਇਥੇ ਰੁਜ਼ਗਾਰ ਦੀ ਖਾਤਰ ਵੱਸ ਗਏ ਹਨ। ਪੰਜਾਬੀ ਕਿਸੇ ਦੀ ਨੂੰਹ ਧੀ ਤੋਂ ਘੱਟ ਨਹੀਂ, ਉਹ ਵੀ ਲਿਜ਼ਬਨ ਵਿਚ ਪਹੁੰਚ ਗਏ ਹਨ ਅਤੇ ਗੁਰਦਵਾਰਾ ਕਾਇਮ ਕਰ ਲਿਆ ਹੈ।

ਪੁਰਤਗਾਲ ਯੂਰਪ ਦੇ ਗਰੀਬ ਦੇਸ਼ਾਂ ਵਿਚ ਗਿਣਿਆ ਜਾਂਦਾ ਸੀ ਪਰੰਤੂ ਹੁਣ ਇਹ ਤਰੱਕੀ ਵੱਲ ਵਧ ਰਿਹਾ ਹੈ ਅਤੇ ਯੂਰਪੀਨ ਯੂਨੀਅਨ ਵਿਚ ਸ਼ਾਮਲ ਹੋ ਚੁੱਕਾ ਹੈ। ਇਥੇ ਸਿਖ ਠੇਕੇਦਾਰ ਵੀ ਪਹੁੰਚ ਗਏ ਹਨ ਅਤੇ ਇਮਾਰਤਾਂ ਤਿਆਰ ਕਰਨ ਵਿਚ ਰੁੱਝੇ ਹੋਏ ਹਨ ਜਿਸ ਕਰਕੇ ਪੰਜਾਬੀ ਮੁੰਡਿਆਂ ਨੂੰ ਰੁਜ਼ਗਾਰ ਮਿਲ ਜਾਂਦਾ ਹੈ। ਪੁਰਤਗਾਲ ਦੀ ਅਬਾਦੀ ਇਕ ਕਰੋੜ ਹੈ ਅਤੇ ਦਸ ਲਖ ਲਿਜ਼ਬਨ ਦੀ। ਸ਼ਹਿਰ ਵਿਚ ਸੈਂਕੜੇ ਗਿਰਜਾ ਘਰ ਹਨ। ਰੋਮ ਤੋਂ ਬਾਅਦ ਲਿਜ਼ਬਨ ਹੀ ਰੋਮਨ ਕੈਥੋਲਿਕ ਧਰਮ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਹੈ। ਚਾਰ ਸੌ ਸਾਲ ਅਰਬਾਂ ਦਾ ਰਾਜ ਰਿਹਾ ਅਤੇ 1147 ਈਸਵੀ ਵਿਚ ਪੁਰਤਗਾਲ ਅਜ਼ਾਦ ਹੋਇਆ। ਇਸ ਦਾ ਪੁਰਾਣਾ ਨਾਮ ਪੁਰਤਸ਼ਕਾਲੇ ਸੀ ਜੋ ਬਾਅਦ ਵਿਚ ਪੁਰਤਗਾਲ ਬਣ ਗਿਆ। ਰੋਮਨ ਕੈਥੋਲਿਕ ਬਾਦਸ਼ਾਹਾਂ ਨੇ ਲਿਜ਼ਬਨ ਵਿਚ ਸੁੰਦਰ ਗਿਰਜਾਘਰ ਉਸਾਰੇ। ਸੰਤ ਐਂਤੋਨੀਓ ਅਤੇ ਸੰਤ ਵੀਸੈਂਟ ਇਥੋਂ ਦੇ ਮਹਾਨ ਸ਼ਹੀਦ ਸੰਤ ਹੋਏ ਜਿਨ੍ਹਾਂ ਦੀ ਯਾਦ ਵਿਚ ਗਿਰਜਾਘਰ ਕਾਇਮ ਹਨ।

ਸਮੁੰਦਰ ਕੰਢੇ ਇਕ ਪਹਾੜੀ ਉਪਰ ਪੁਰਾਣਾ ਲਿਜ਼ਬਨ ਸ਼ਹਿਰ ਹੈ ਜੋ ਮੈਂ ਪੈਦਲ ਘੁੰਮ ਕੇ ਵੇਖਿਆ। ਇਥੋਂ ਨਵੇਂ ਸ਼ਹਿਰ ਦਾ ਨਜ਼ਾਰਾ ਲੱਭਦਾ ਹੈ ਅਤੇ ਸਮੁੰਦਰੀ ਤੱਟ ਕਿਨਾਰੇ ਬੰਦਰਗਾਹ ਵਿਚ ਖੜ੍ਹੇ ਸਮੁੰਦਰੀ ਜਹਾਜ ਵੀ ਚੰਗੇ ਲੱਗਦੇ ਹਨ। ਪਹਾੜੀ ਉਪਰ ਸੰਤ ਜਾਰਜ ਦੇ ਨਾਮ ਤੇ ਉਸਾਰਿਆ ਕਿਲ੍ਹਾ ਵੀ ਵੇਖਣਯੋਗ ਹੈ। ਗੱਲ ਕੀ ਲਿਜ਼ਬਨ ਦੀ ਹਰ ਗਲੀ ਦੇ ਮੋੜ ਤੇ ਕਿਸੇ ਨਾ ਕਿਸੇ ਈਸਾਈ ਸੰਤ ਦੀ ਯਾਦਗਾਰ ਕਾਇਮ ਹੈ। ਲਿਜ਼ਬਨ ਦੇ ਸਮੁੰਦਰੀ ਕੰਢੇ ਦੇ ਨਾਲ ਨਾਲ ਯਾਤਰੀਆਂ ਦੇ ਘੁੰਮਣ ਲਈ ਸੈਰਗਾਹ ਹੈ ਜਿਸ ਉਪਰ ਕਈ ਸਮਾਰਕ ਹਨ ਅਤੇ ਇਸ ਇਲਾਕੇ ਨੂੰ 'ਬੈਲਮ' ਕਿਹਾ ਜਾਂਦਾ ਹੈ। ਭਾਰਤ ਦੀ ਖੋਜ ਕਰਨ ਉਪਰੰਤ ਬਾਦਸ਼ਾਹ ਡੋਮ ਮੈਨੂਅਲ ਨੇ ਜਿੱਤ ਦੀ ਖੁਸ਼ੀ ਵਿਚ ਪੁਰਤਗਾਲ ਦਾ ਸਭ ਤੋਂ ਵੱਡਾ ਗਿਰਜਾਘਰ ਸੰਤ ਜੈਰਨੀਮੋ ਦੇ ਨਾਮ ਤੇ ਉਸਾਰਿਆ। ਬੈਲਮ ਵਿਚ ਪੰਦਰਵੀਂ ਸਦੀ ਦਾ ਉਸਾਰਿਆ ਬੁਰਜ ਵੀ ਹੈ ਜੋ ਪੁਰਤਗਾਲ ਦੇ ਸਮੁੰਦਰੀ ਤੱਟ ਦੀ ਰਾਖੀ ਲਈ ਵਰਤਿਆ ਜਾਂਦਾ ਰਿਹਾ ਹੈ। ਇਹ ਦੋਵੇਂ ਸਮਾਰਕ ਹੁਣ ਯੂਨੈਸਕੋ ਦੀ ਦੇਖ-ਰੇਖ ਹੇਠ ਆ ਚੁੱਕੇ ਹਨ।

ਪੰਜ ਸਤੰਬਰ ਕਾਨਫਰੰਸ ਦੇ ਡੈਲੀਗੇਟਾਂ ਲਈ ਘੁੰਮਣ ਦਾ ਪ੍ਰਬੰਧ ਕੀਤਾ ਗਿਆ। ਦੁਪਹਿਰ ਬਾਅਦ ਬੱਸਾਂ ਤੇ ਸਵਾਰ ਹੋ ਕੇ ਪਹਿਲਾਂ ਲਿਜ਼ਬਨ ਸ਼ਹਿਰ ਦਾ ਗੇੜਾ ਲਾਇਆ। ਲਿਜ਼ਬਨ 1755 ਦੇ ਭੁਚਾਲ ਵਿਚ ਤਹਿਸ ਨਹਿਸ ਹੋ ਗਿਆ ਸੀ ਅਤੇ ਸਾਰਾ ਸ਼ਹਿਰ ਸਮੁੰਦਰ ਵਿਚ ਗਰਕ ਗਿਆ ਸੀ। ਇਸ ਦੀ ਮੁੜ ਉਸਾਰੀ ਕੀਤੀ ਗਈ ਅਤੇ ਚੌੜੀਆਂ ਸੜਕਾਂ ਬਣਾਈਆਂ ਗਈਆਂ। ਬਾਦਸ਼ਾਹ ਮਾਰਕ ਪੋਂਬਲ ਦਾ ਸਮਾਰਕ ਲਿਜ਼ਬਨ ਦੇ ਕੇਂਦਰ ਵਿਚ ਕਾਇਮ ਹੈ ਜਿਸ ਨੇ ਮੁੜ ਉਸਾਰੀ ਅਰੰਭੀ ਸੀ। ਬਾਦਸ਼ਾਹ ਜੋਸੇਫ ਪਹਿਲੇ ਨੇ ਇਹ ਕੰਮ ਜਾਰੀ ਰੱਖਿਆ ਜਿਸ ਦਾ ਬੁੱਤ ਸਮੁੰਦਰ ਕੰਢੇ ਮਾਰਕੀਟ ਵਿਚ ਕਾਇਮ ਹੈ। ਪੁਰਤਗਾਲ ਦਾ ਸੁਨਹਿਰੀ ਦੌਰ ਬਾਦਸ਼ਾਹ ਜਾਨ ਪੰਜਵੇਂ ਦੇ ਰਾਜ ਸਮੇਂ ਸ਼ੁਰੂ ਹੋਇਆ। ਬਰਾਜ਼ੀਲ ਅਤੇ ਗੋਆ ਉਪਰ ਪੁਰਤਗੀਜ਼ਾਂ ਦਾ ਰਾਜ ਸੀ ਅਤੇ ਭਾਰਤ ਦਾ ਸੋਨਾ ਅਤੇ ਲਤੀਨੀ ਅਮਰੀਕਾ ਦੇ ਜਖੀਰੇ ਪੁਰਤਗਾਲ ਦੇ ਬਾਦਸ਼ਾਹ ਨੇ ਗਿਰਜਾਘਰ ਉਸਾਰਣ ਲਈ ਵਰਤੇ। ਹਰ ਗਿਰਜਾਘਰ ਅੰਦਰ ਤਹਿਖਾਨੇ ਬਣੇ ਹੋਏ ਹਨ ਅਤੇ ਸੋਨੇ ਦੇ ਮੁਕਟ ਅਤੇ ਹੋਰ ਵਸਤਾਂ ਸਾਂਭੀਆਂ ਪਈਆਂ ਹਨ। ਲਿਜ਼ਬਨ ਤੋਂ ਬਾਹਰ ਪੁਰਤਗਾਲ ਦੀ ਰਾਣੀ ਨੇ ਆਪਣਾ ਆਲੀਸ਼ਾਨ ਮਹੱਲ ਤਿਆਰ ਕਰਵਾਇਆ ਜਿਸਨੂੰ ਕੇਲੂਜ਼ ਕਿਹਾ ਜਾਂਦਾ ਹੈ। ਇਸ ਦਾ ਨਕਸ਼ਾ ਫਰਾਂਸ ਦੇ ਲੂਈ ਬਾਦਸ਼ਾਹ ਦੇ ਵਾਰਸੇਲਜ਼ ਮਹੱਲ ਨਾਲ ਮਿਲਦਾ ਜੁਲਦਾ ਹੈ ਅਤੇ ਇਸ ਵਿਚ ਸੁੰਦਰ ਚਿਤਰਕਾਰੀ ਕੀਤੀ ਹੋਈ ਹੈ। ਮੁਗਲ ਬਾਦਸ਼ਾਹਾਂ ਵਾਂਗ ਯੂਰਪ ਦੇ ਰਾਜੇ ਰਾਣੀਆਂ ਵੀ ਐਸ਼ੋ ਇਸ਼ਰਤ ਦੀ ਜਿੰਦਗੀ ਦਾ ਸਵਾਦ ਮਾਨਣ ਦੇ ਚਾਹਵਾਨ ਸਨ। ਸਾਡਾ ਗਾਈਡ ਕਈ ਦਿਲਚਸਪ ਕਹਾਣੀਆਂ ਸੁਣਾ ਕੇ ਦਿਲ ਬਹਿਲਾ ਰਿਹਾ ਸੀ। ਪੁਰਤਗਾਲ ਦੇ ਬਾਦਸ਼ਾਹਾਂ ਨੇ ਗਰਮੀਆਂ ਦੀ ਰਾਜਧਾਨੀ ਇਕ ਪਹਾੜੀ ਕਸਬੇ ਸਿੰਤਰਾ ਵਿਚ ਬਣਾ ਰੱਖੀ ਸੀ। ਅਸੀਂ ਬੱਸ ਤੇ ਸਵਾਰ ਹੋ ਕੇ ਪਹਾੜੀ ਦੀ ਟੀਸੀ ਤੇ ਬਣੇ ਮਹੱਲ ਨੂੰ ਵੇਖਣ ਗਏ। ਸ਼ਾਮ ਨੂੰ ਸਮੁੰਦਰੀ ਕੰਢੇ ਦੇ ਨਾਲ ਚੱਲਦੇ ਹੋਏ ਯੂਰਪ ਦੇ ਕਿਨਾਰੇ ਤੇ ਪਹੁੰਚ ਗਏ ਜਿਸਨੂੰ 'ਕਾਬੋ ਦਾ ਰੋਚਾ' ਕਹਿੰਦੇ ਹਨ। ਇਥੇ ਯੂਰਪ ਦੀ ਧਰਤੀ ਦਾ ਅੰਤ ਅੰਧ ਮਹਾਂਸਾਗਰ ਵਿਚ ਹੋ ਜਾਂਦਾ ਹੈ। ਯੂਰਪ ਦਾ ਦੂਸਰਾ ਸਿਰਾ ਤੁਰਕੀ ਦੇ ਸ਼ਹਿਰ ਇਸਤੰਬੋਲ ਵਿਚੋਂ ਲੰਘਦੀ ਖਾੜੀ ਬਾਸਫੋਰਸ ਵਿਚ ਜਾ ਮਿਲਦਾ ਹੈ ਜਿਥੇ ਮੇਰੀ ਯਾਤਰਾ ਦੀ ਆਖਰੀ ਮੰਜਿਲ ਹੋਵੇਗੀ।

ਲਿਜ਼ਬਨ ਵਿਚ ਸਾਡੀ ਕਾਨਫਰੰਸ ਸੱਤ ਸਤੰਬਰ ਨੂੰ ਖਤਮ ਹੋਣੀ ਸੀ। ਛੇ ਸਤੰਬਰ ਨੂੰ ਇਕ ਸਿਖ ਨੌਜਵਾਨ ਹਰਮਨ ਸਿੰਘ ਮੈਨੂੰ ਲੈਣ ਆ ਧਮਕਿਆ। ਉਸਨੂੰ ਮੇਰੇ ਆਉਣ ਦੀ ਸੂਹ ਕਿਸੇ ਮੇਰੇ ਮਿੱਤਰ ਤੋਂ ਮਿਲ ਗਈ ਸੀ। ਇਹ ਨੌਜਵਾਨ ਜੰਮੂ ਤੋਂ ਕੈਨੇਡਾ ਪਹੁੰਚਿਆ ਅਤੇ ਚੰਗੇ ਪੈਸੇ ਕਮਾਕੇ ਹੁਣ ਲਿਜ਼ਬਨ ਵਿਚ ਰੰਗ ਰੋਗਨ ਦੀ ਫੈਕਟਰੀ ਲਗਾ ਰਿਹਾ ਹੈ। ਉਹ ਚਾਹੁੰਦਾ ਸੀ ਕਿ ਮੈਂ ਉਸਦੇ ਘਰ ਜਾ ਕੇ ਰਹਾਂ ਪਰੰਤੂ ਮੇਰਾ ਲਿਜ਼ਬਨ ਵਿਚ ਆਖਰੀ ਦਿਨ ਸੀ ਅਤੇ ਸਮਾਨ ਪੈਕ ਕਰਨਾ ਜੋਖਮ ਭਰਿਆ ਕੰਮ ਜਾਣਕੇ ਮੈ ਨਾਂਹ ਕਰਨੀ ਠੀਕ ਸਮਝੀ। ਇਸ ਗੁਰਸਿਖ ਨੌਜਵਾਨ ਨੇ ਹੀ ਗੁਰਦਵਾਰੇ ਦੀ ਉਸਾਰੀ ਦਾ ਬੀੜਾ ਚੁੱਕਿਆ ਹੈ। ਬੜੀ ਖੁਸ਼ੀ ਅਤੇ ਹੈਰਾਨੀ ਹੁੰਦੀ ਹੈ ਕਿ ਰੋਜ਼ੀ ਰੋਟੀ ਖਾਤਰ ਭਟਕ ਰਹੇ ਨੌਜਵਾਨ ਗੁਰੂਘਰ ਦੀ ਓਟ ਅਤੇ ਆਸਰਾ ਜ਼ਰੂਰ ਤੱਕਦੇ ਹਨ ਅਤੇ ਹਰ ਐਤਵਾਰ ਯੂਰਪ ਦੀਆਂ ਰਾਜਧਾਨੀਆਂ ਵਿਚ ਕਥਾ, ਕੀਰਤਨ ਦੇ ਨਾਲ ਹੁਣ ਬੋਲੇ ਸੋ ਨਿਹਾਲ-ਸਤਿ ਸਿਰੀ ਅਕਾਲ ਦੇ ਨਾਹਰੇ ਵੀ ਗੂੰਜ ਰਹੇ ਹਨ।

## ਯੂਰਪ ਤੋਂ ਏਸ਼ੀਆ ਦਾ ਸਫਰ: ਪੈਰਿਸ ਦੀ ਇਕ ਹੋਰ ਫੇਰੀ

7 ਸਤੰਬਰ ਦੀ ਦੁਪਹਿਰ ਨੂੰ ਕਾਨਫਰੰਸ ਦੀ ਸਮਾਪਤੀ ਹੋ ਗਈ। ਆਪਣੇ ਯੂਰਪੀਨ ਅਤੇ ਰੂਸੀ ਮਿੱਤਰਾਂ ਨੂੰ ਅਲਵਿਦਾ ਕਹਿ ਕੇ ਮੈਂ ਆਪਣੇ ਹੋਟਲ ਪਰਤ ਆਇਆ। ਪੈਰਿਸ ਜਾਣ ਲਈ ਮੇਰੇ ਪਾਸ ਭਾਰਤ ਤੋਂ ਹੀ ਖਰੀਦਿਆ ਯੂਰਪੀਨ ਰੇਲ ਪਾਸ ਸੀ ਜੋ

ਸਤਾਈ ਹਜਾਰ ਰੁਪਏ ਖਰਚ ਕੇ ਬਣ ਜਾਂਦਾ ਹੈ ਅਤੇ 15 ਦਿਨ ਯੂਰਪ ਘੁੰਮਣ ਲਈ ਵਰਤਿਆ ਜਾ ਸਕਦਾ ਹੈ। ਲਿਜ਼ਬਨ ਦਾ ਅਖੀਰੀ ਚੱਕਰ ਲਗਾਣ ਲਈ ਮੈਂ ਬੱਸ ਤੇ ਸਵਾਰ ਹੋ ਪਿਆ ਜੋ ਲਿਜ਼ਬਨ ਦੀ ਰਿੰਗ-ਰੋਡ ਤੋਂ ਹੁੰਦੀ ਹੋਈ ਸਾਰੇ ਸ਼ਹਿਰ ਦਾ ਗੇੜਾ ਲਵਾ ਕੇ ਪਰਤ ਆਈ। ਸ਼ਹਿਰ ਦੇ ਆਲੇ ਦੁਆਲੇ ਵਾਤਾਵਰਣ ਅਨੁਕੂਲ ਰੱਖਣ ਲਈ ਕੁਦਰਤੀ ਜੰਗਲ ਸਾਂਭਿਆ ਗਿਆ ਹੈ ਅਤੇ ਟੈਕਨੀਕਲ ਯੂਨੀਵਰਸਿਟੀ ਦਾ ਕੈਂਪਸ ਇਸਦੇ ਇਕ ਸਿਰੇ ਤੇ ਬਣ ਰਿਹਾ ਹੈ। ਬੱਸਾਂ ਵਿਚ ਸਾਡੇ ਦੇਸ ਵਾਂਗ ਭੀੜ ਭੜੱਕਾ ਨਹੀਂ ਹੁੰਦਾ ਜ਼ਿਆਦਾਤਰ ਲੋਕ ਮੈਟਰੋ ਗੱਡੀ ਦੀ ਸਵਾਰੀ ਕਰਦੇ ਹਨ ਕਿਉਂਕਿ ਇਹ ਤੇਜ ਰਫਤਾਰ ਚੱਲਦੀ ਹੈ। ਹੋਟਲ ਪਰਤ ਕੇ ਮੈਂ ਸਮਾਨ ਸਾਂਭਿਆ ਅਤੇ ਟੈਕਸੀ ਕਰਕੇ ਲਿਜ਼ਬਨ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ ਜੋ ਸਮੁੰਦਰੀ ਤਟ ਕਿਨਾਰੇ ਹੈ। ਪੈਰਿਸ ਆਪਣੇ ਮਿੱਤਰ ਨਰੇਸ਼ਪਾਲ ਸਿੰਘ ਨੂੰ ਪੈਰਿਸ ਪਹੁੰਚਣ ਦੀ ਖਬਰ ਫ਼ੋਨ ਰਾਹੀਂ ਦੇ ਕੇ ਮੈਂ ਸ਼ਾਮ ਦੇ 6 ਵਜੇ ਗੱਡੀ ਤੇ ਸਵਾਰ ਹੋ ਗਿਆ।

ਮੇਰੇ ਨਾਲ ਇਕ ਜਰਮਨ ਨੌਜਵਾਨ ਸਫਰ ਕਰ ਰਿਹਾ ਸੀ ਜੋ ਲਿਜ਼ਬਨ ਯੂਨੀਵਰਸਿਟੀ ਵਿਚ ਆਰਕੀਟੈਕਚਰ ਦੀ ਪੜਾਈ ਕਰਨ ਆਇਆ ਸੀ। ਕਈ ਘੰਟੇ ਗੱਡੀ ਵਿਚ ਗੁਜਾਰਨੇ ਸਨ ਅਤੇ ਅਗਲੇ ਦਿਨ ਦੁਪਹਿਰ ਬਾਦ ਪੈਰਿਸ ਪਹੁੰਚਣਾ ਸੀ। ਹਵਾਈ ਜਹਾਜ ਨਾਲੋਂ ਗੱਡੀ ਦਾ ਸਫਰ ਵਧੇਰੇ ਸੁਖਾਵਾਂ ਹੁੰਦਾ ਹੈ। ਜੇਕਰ ਸੀਟ ਰਾਖਵੀਂ ਕਰਾਈ ਹੋਵੇ ਤਾਂ ਯੂਰਪੀਨ ਰੇਲ ਵਿਚ ਸੌਣਾ ਹੋਟਲ ਦੇ ਕਮਰੇ ਸੌਣ ਬਰਾਬਰ ਹੁੰਦਾ ਹੈ। ਮੇਰੇ ਪਾਸ ਫਸਟ ਕਲਾਸ ਦਾ ਰੇਲ ਪਾਸ ਅਤੇ ਰਾਖਵੀਂ ਸੀਟ ਸੀ ਜਿਸ ਕਰਕੇ ਸਫਰ ਸੁਖਾਵਾਂ ਰਿਹਾ। ਰੇਲ ਗੱਡੀ ਸਮੁੰਦਰ ਦਾ ਕੰਢਾ ਛੱਡ ਕੇ ਪਹਾੜਾਂ ਵਿਚ ਜਾ ਦਾਖਲ ਹੋਈ। ਹੁਣ ਅਸੀਂ ਸਪੇਨ ਦੀ ਧਰਤੀ ਉਪਰ ਸਫਰ ਕਰ ਰਹੇ ਸੀ। ਰਾਤੋ ਰਾਤ ਸਪੇਨ ਦੀ ਸਰਹੱਦ ਪਾਰ ਕਰਕੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਫਰਾਂਸ ਪਹੁੰਚ ਗਏ। ਇੱਥੋਂ ਗੱਡੀ ਬਦਲਣੀ ਸੀ ਅਤੇ ਪੈਰਿਸ ਜਾਣ ਲਈ 300 ਕਿਲੋਮੀਟਰ ਦੀ ਤੇਜ ਰਫਤਾਰ ਗੱਡੀ ਤੇ ਸਫਰ ਕਰਨਾ ਸੀ। ਪਹਾੜੀ ਰਸਤਾ ਖਤਮ ਹੋਇਆ ਤਾਂ ਫਿਰ ਅੰਧ ਮਹਾਂਸਾਗਰ ਦੇ ਤਟ ਕਿਨਾਰੇ ਸਫਰ ਸ਼ੁਰੂ ਹੋ ਗਿਆ। ਸਪੇਨ ਅਤੇ ਫਰਾਂਸ ਦੀ ਸਰਹੱਦ ਉਪਰ ਬਾਸਕ ਕਬੀਲੇ ਦੇ ਪਿੰਡ ਹਨ ਜੋ ਆਪਣੀ ਭਾਸ਼ਾ ਤੇ ਕਲਚਰ ਦੇ ਆਧਾਰ ਉਪਰ ਅਜਾਦ ਬਾਸਕ ਦੇਸ਼ ਦੀ ਮੰਗ ਕਰ ਰਹੇ ਹਨ।

ਵਿਦਿਆਰਥੀ ਜੀਵਨ ਪੈਰਿਸ ਵਿਚ ਗੁਜਾਰਿਆ ਹੋਣ ਕਰਕੇ ਜਦੋਂ ਕਦੇ ਵੀ ਯੂਰਪ ਦਾ ਚੱਕਰ ਲਗਦਾ ਹੈ ਤਾਂ ਮੇਰੀ ਤਮੰਨਾ ਹੁੰਦੀ ਹੈ ਕਿ ਪੈਰਿਸ ਵੀ ਘੁੰਮ ਲਵਾਂ। ਗੱਡੀ ਦੇ ਸੁਹਾਵਣੇ ਸਫਰ ਦੇ ਨਾਲ ਹੀ ਫਰਾਂਸ ਦੀਆਂ ਤੀਹ ਸਾਲ ਪੁਰਾਣੀਆਂ ਯਾਦਾਂ ਉਮੱਡ ਉਮੱਡ ਕੇ ਆਉਣ ਲੱਗੀਆਂ। ਓਰਲੀਨਜ਼ ਸ਼ਹਿਰ ਲੰਘਿਆ ਜੋ ਫਰਾਂਸ ਦੀ ਸੂਰਬੀਰ ਆਜੜੀ ਕੁੜੀ ਜਾਨ ਆਫ ਆਰਕ ਦੀ ਯਾਦ ਤਾਜਾ ਕਰਵਾ ਗਿਆ। ਫਰਾਂਸੀਸੀ ਬਾਦਸ਼ਾਹਾਂ ਦੇ ਮਹੱਲ ਲੂਵਰ ਦਰਿਆ ਦੀ ਵਾਦੀ ਵਿਚ ਲੱਭ ਰਹੇ ਸਨ। ਮੈਂ ਅਕਸਰ ਵੀਕ ਐਂਡ ਬਿਤਾਉਣ ਲਈ ਉਸ ਵਾਦੀ ਵਿਚ ਘੁੰਮਣ ਜਾਇਆ ਕਰਦਾ ਸਾਂ। ਸ਼ੈਵਰਨੀ ਕਿਲੇ ਦੀ ਸ਼ਹਿਜਾਦੀ ਤਾਂ ਐਸੀ ਮੋਹਿਤ ਹੋਈ ਕਿ ਕਈ ਮਹੀਨੇ ਪਿਆਰ ਭਰੇ ਖਤ ਭੇਜਦੀ ਰਹੀ ਕਿਉਂਕਿ ਇਸ ਨੇ ਪਹਿਲੀ ਵਾਰ ਕਿਸੇ ਸਿੱਖ ਨੌਜਵਾਨ ਦੇ ਦੀਦਾਰ ਕੀਤੇ ਸਨ। ਪੈਰਿਸ ਰਹਿੰਦਿਆ ਸਿੱਖੀ ਸਰੂਪ ਦੀ ਜੋ ਕਦਰ ਦੇਖੀ, ਉਸਨੇ ਮੈਨੂੰ ਆਪਣੇ ਧਰਮ ਵਿਚ ਹੋਰ ਪ੍ਰਪੱਕ ਕਰ ਦਿਤਾ ਅਤੇ ਮੈਂ ਪੈਰਿਸ ਯੂਨੀਵਰਸਿਟੀ ਦਾ ਬੇਤਾਜ ਬਾਦਸ਼ਾਹ ਹੀ ਹੋ ਨਿਬੜਿਆ। ਵਾਹ ਲਗਦੇ ਖੋਜ ਵਿਚ ਅੱਵਲ ਰਹਿਣਾ ਅਤੇ ਕਾਰ ਵਿਹਾਰ ਵਿਚ ਵਧੀਆ ਸਲੀਕਾ ਰੱਖਣਾ ਜਰੂਰੀ ਬਣ ਗਿਆ ਤਾਂ ਕਿ ਸਿੱਖਾਂ ਦਾ ਅਕਸ ਖਰਾਬ ਨਾ ਹੋਵੇ। ਪੈਰਿਸ ਦੇ ਡੇਢ ਲੱਖ ਵਿਦਿਆਰਥੀਆਂ ਵਿਚ ਅਸੀਂ ਦੋ ਹੀ ਤਿਆਰ ਬਰ ਤਿਆਰ ਸਿਖ ਸਾਂ ਅਤੇ ਅਸੀਂ ਆਪਣੇ ਆਪ ਨੂੰ ਸਿੱਖੀ ਦੇ ਸਫੀਰ ਸਮਝਦੇ ਸਾਂ। ਮੈਂ ਪੰਜਾਬ ਪਰਤ ਆਇਆ ਅਤੇ ਨਰੇਸ਼ਪਾਲ ਸਿੰਘ ਨੇ ਫਰਾਂਸ ਦੀ ਇਕ ਮੁਟਿਆਰ ਕੈਥਰੀਨ ਨਾਲ ਸ਼ਾਦੀ ਕਰ ਲਈ ਅਤੇ ਪੈਰਿਸ 'ਚ ਹੀ ਵਸੇਬਾ ਕਰ ਲਿਆ। ਪੈਰਿਸ ਵਿਚ ਪਹਿਲਾ ਗੁਰਦਵਾਰਾ ਸ਼ੁਰੂ ਕਰਨ ਵਿਚ ਇਸ ਜੋੜੀ ਦਾ ਹੱਥ ਹੈ ਅਤੇ ਇਸ ਦਾ ਸਿਹਰਾ ਬੀਬੀ ਕੈਥਰੀਨ ਦੇ ਸਿਰ ਬੱਝਦਾ ਹੈ।

ਮੋਂਪਰਨਾਸ ਦੇ ਸਟੇਸ਼ਨ ਤੇ ਗੱਡੀ ਪਹੁੰਚੀ ਅਤੇ ਨਰੇਸ਼ਪਾਲ ਆ ਗਲੇ ਮਿਲਿਆ। ਕੈਥਰੀਨ ਦੀ ਮੌਤ ਤੋਂ ਬਾਦ ਉਹ ਉਦਾਸੀ ਦੇ ਡੂੰਘੇ ਸਮੁੰਦਰ ਵਿਚ ਗੇੜੇ ਖਾ ਰਿਹਾ ਸੀ ਕਿ ਉਸਦੀ ਨੁਮਾਇਸ਼ ਵੇਖਣ ਆਈ ਸਾਬੀਨਾ ਨੇ ਸਹਿਵਾਸ ਦੀ ਪੇਸ਼ਕਸ਼ ਕੀਤੀ। ਨਰੇਸ਼ਪਾਲ ਸਿੰਘ ਫੋਟੋ ਆਰਟਿਸਟ ਹੈ ਅਤੇ ਉਸਨੂੰ ਕਿਸੇ ਮਾਡਲ ਦੀ ਜਰੂਰਤ ਸੀ। ਹੁਣ ਉਹ ਦੋਵੇਂ ਪੈਰਿਸ ਤੋਂ ਬਾਹਰਲੇ ਖੇਤਰ 'ਬਵਾਸੀ' ਵਿਚ ਆਪਣਾ ਸਟੂਡੀਓ ਅਤੇ ਘਰ ਵਸਾ ਕੇ ਰਹਿ ਰਹੇ ਹਨ। ਵੀਕ ਐਂਡ ਉਪਰ ਪੈਰਿਸ ਦੀਆਂ ਸੜਕਾਂ ਕਾਰਾਂ ਦੀ ਆਵਾਜਾਈ ਨਾਲ ਭਰੀਆਂ ਹੋਣ ਕਰਕੇ ਸਾਨੂੰ ਚਾਲੀ ਕਿਲੋਮੀਟਰ ਦਾ ਸਫਰ ਪੂਰਾ ਕਰਨ ਵਿਚ ਦੋ ਘੰਟੇ ਲੱਗੇ। ਘਰ ਪਹੁੰਚ ਕੇ ਸਮਾਨ ਟਿਕਾਇਆ ਅਤੇ ਪੁਰਾਣੇ ਸਮੇਂ ਦੀਆਂ ਯਾਦਾਂ ਤਾਜਾ ਕੀਤੀਆਂ। ਨਰੇਸ਼ਪਾਲ ਨੇ ਮੇਰੇ ਲਈ ਸ਼ਾਕਾਹਾਰੀ ਭੋਜਨ ਤਿਆਰ ਕੀਤਾ ਅਤੇ ਸਾਬੀਨਾ ਦਾ ਇੰਤਜ਼ਾਰ ਕਰਨ ਲੱਗੇ।

9 ਸਤੰਬਰ ਐਤਵਾਰ ਦਾ ਦਿਨ ਹੋਣ ਕਰਕੇ ਮੇਰਾ ਦਿਲ ਕਰਦਾ ਸੀ ਕਿ ਅਸੀਂ ਪੈਰਿਸ ਦੇ ਬਾਹਰ ਬਣੇ ਬੋਬੀਨੀ ਦੇ ਗੁਰਦਵਾਰੇ ਹਾਜਰੀ ਭਰੀਏ। ਹੁਣ ਪੈਰਿਸ ਵਿਚ ਸਿੱਖਾਂ ਦੀ ਗਿਣਤੀ ਇਕ ਹਜ਼ਾਰ ਤੋਂ ਉਪਰ ਹੈ ਅਤੇ ਕਈ ਸਿਖ ਕਾਮੇ ਪਰਿਵਾਰਾਂ ਸਮੇਤ ਪਹੁੰਚ ਚੁਕੇ ਹਨ। ਮੇਰੀ ਤਮੰਨਾ ਪੂਰੀ ਨਾ ਹੋਈ ਕਿਉਂਕਿ ਨਰੇਸ਼ਪਾਲ ਅਤੇ ਸਾਬੀਨਾ ਪੈਰਿਸ ਦੇ ਆਰਟਿਸਟਾਂ ਦਾ ਸੱਦਾ ਪ੍ਰਵਾਨ ਕਰ ਚੁਕੇ

ਸਨ ਅਤੇ ਐਤਵਾਰ ਇਕ ਪਿਕਨਿਕ ਤੇ ਜਾਣਾ ਚਾਹੁੰਦੇ ਸਨ। ਮੇਰੇ ਕੋਲ ਜਾਣ ਦਾ ਕੋਈ ਸਾਧਨ ਨਹੀਂ ਸੀ ਅਤੇ ਗੁਰਦਵਾਰੇ ਦੇ ਮੈਨੇਜਰ ਨੇ ਕੋਈ ਹੁੰਗਾਰਾ ਨਾ ਭਰਿਆ। ਐਤਵਾਰ ਦੁਪਹਿਰ ਤੋਂ ਪਹਿਲਾਂ ਅਸੀਂ ਪੈਰਿਸ ਤੋਂ ਬਾਹਰ ਇਕ ਸੁੰਦਰ ਮਹੱਲ ਵੇਖਣ ਲਈ ਰਵਾਨਾ ਹੋ ਗਏ। ਇਕ ਫਰਾਂਸੀਸੀ ਲੂਣ ਦੇ ਵਪਾਰੀ ਨੇ ਇੰਨਾ ਧਨ ਜਮਾ ਕਰ ਲਿਆ ਸੀ ਕਿ ਉਸਨੇ ਬਾਦਸ਼ਾਹਾਂ ਦੇ ਮੁਕਾਬਲੇ ਅਠਾਰਵੀਂ ਸਦੀ ਵਿਚ ਆਪਣੇ ਪਿੰਡ ਦੀ 300 ਏਕੜ ਦੀ ਰੱਖ ਵਿਚ ਇਕ ਸੁੰਦਰ ਮਹੱਲ ਤਾਮੀਰ ਕਰਵਾਇਆ ਜਿਸਨੂੰ 'ਸ਼ਾਤੋ ਸ਼ਾਰਮਾਂਦ' ਕਹਿੰਦੇ ਹਨ। ਨਰੇਸ਼ਪਾਲ ਦੇ ਆਰਟਿਸਟ ਮਿੱਤਰ ਬੜੇ ਤਪਾਕ ਨਾਲ ਮਿਲੇ ਅਤੇ ਗਾਈਡ ਦੀ ਮਦਦ ਨਾਲ ਸਾਰੇ ਮਹੱਲ ਦਾ ਦੌਰਾ ਕੀਤਾ। ਪੈਰਿਸ ਵਿਚ ਲਿਜ਼ਬਨ ਦੇ ਮੁਕਾਬਲੇ ਬਹੁਤ ਹੀ ਠੰਡ ਪੈ ਰਹੀ ਸੀ ਅਤੇ ਮੈਂ ਧੁੱਪ ਸੇਕਣ ਦੀ ਤਜਵੀਜ਼ ਪੇਸ਼ ਕੀਤੀ। ਦੁਪਹਿਰ ਦਾ ਭੋਜਨ ਸਾਰੇ ਆਰਟਿਸਟਾਂ ਨਾਲ ਪਿਕਨਿਕ ਦੇ ਤੌਰ ਤੇ ਪਰੋਸਿਆ ਗਿਆ। ਹਰ ਕੋਈ ਆਪਣੇ ਆਪਣੇ ਪਕਵਾਨ ਤਿਆਰ ਕਰ ਲਿਆਇਆ ਸੀ। ਪੈਰਿਸ ਵਿਚ ਲਗਭਗ ਹਰ ਦੇਸ਼ ਦੇ ਆਰਟਿਸਟ ਰਹਿੰਦੇ ਹਨ ਅਤੇ ਇਸ ਨੂੰ ਆਰਟ ਅਤੇ ਕਲਚਰ ਦੀ ਵਿਸ਼ਵ ਰਾਜਧਾਨੀ ਮੰਨਿਆ ਜਾਂਦਾ ਹੈ। ਇੱਟ ਪੁੱਟਿਆਂ ਆਰਟ ਅਤੇ ਆਰਟਿਸਟ ਮਿਲ ਪੈਂਦੇ ਹਨ। ਕਈਆਂ ਨੇ ਆਪਣੇ ਫ਼ਨ ਦਾ ਮੁਜ਼ਾਹਰਾ ਵੀ ਕੀਤਾ। ਮਹੱਲ ਦੇ ਬਾਹਰ ਖੁੱਲਾ ਮੈਦਾਨ ਹੈ ਜਿਸ ਵਿਚ ਸੈਰਗਾਹ ਬਣੀ ਹੋਈ ਹੈ। ਅਸੀਂ ਇਕ ਗੇੜਾ ਲਾ ਕੇ ਆਰਟਿਸਟ ਸਾਥੀਆਂ ਤੋਂ ਵਿਦਾਇਗੀ ਲਈ ਅਤੇ ਪੈਰਿਸ ਲਈ ਰਵਾਨਾ ਹੋ ਪਏ।

ਮੁੜ ਰਹੇ ਸਾਂ ਕਿ ਰਸਤੇ ਵਿਚ ਰਾਮਾਕ੍ਰਿਸ਼ਨਾ ਆਸ਼ਰਮ ਦੇਖਣ ਦਾ ਵਿਚਾਰ ਬਣ ਗਿਆ ਜੋ ਗਰੈਜ਼ ਕਸਬੇ ਵਿਚ ਪੈਰਿਸ ਤੋਂ ਚਾਲੀ ਕਿਲੋਮੀਟਰ ਬਾਹਰ ਹੈ। ਇਹ 1938 ਵਿਚ ਸ਼ੁਰ ਹੋਇਆ ਅਤੇ ਫਰਾਂਸੀਸੀ ਸਾਹਿਤਕਾਰ ਰੋਮੈਨ ਰੋਲਾਂ ਨੇ 1946 ਵਿਚ ਇਸ ਨੂੰ ਕਾਇਮ ਮੁਕਾਮ ਜਗਾ ਤੇ ਲਿਆਂਦਾ। ਇਸ ਦੇ ਸਵਾਮੀ ਜੀ ਬੰਗਾਲ ਦੇ ਵਾਸੀ ਹਨ ਅਤੇ ਆਪਣੇ ਪੰਜਾਬੀ ਚੇਲੇ ਨੂੰ ਸਾਡੀ ਦੇਖ ਰੇਖ ਲਈ ਇਸ਼ਾਰਾ ਕੀਤਾ। ਆਸ਼ਰਮ ਵਿਚ ਡੇਅਰੀ ਫਾਰਮ ਅਤੇ ਖੇਤੀ ਬਾੜੀ ਦਾ ਕੰਮ ਸਨਿਆਸੀ ਖੁਦ ਕਰਦੇ ਹਨ। ਜਰਮਨ ਅਤੇ ਫਰਾਂਸੀਸੀ ਵੇਦਾਂਤੀ ਸਾਧੂ ਰਹਿੰਦੇ ਹਨ ਅਤੇ ਕੁਝ ਭਾਰਤੀ ਮੂਲ ਦੇ ਸੇਵਾਦਾਰ। ਹਰ ਐਤਵਾਰ ਲੈਕਚਰ ਅਤੇ ਸਮਾਧੀ ਦਾ ਆਯੋਜਨ ਕੀਤਾ ਜਾਂਦਾ ਹੈ। ਸਾਡੇ ਗੁਰਦਵਾਰਿਆਂ ਦੇ ਰੌਲੇ ਰੱਪੇ ਦੇ ਮੁਕਾਬਲੇ ਸ਼ਾਂਤੀ ਭਰਪੂਰ ਵਾਤਾਵਰਣ ਸੀ। ਗੁਰਦਵਾਰਿਆਂ ਦੀ ਰੀਸ ਨਾਲ ਹੁਣ ਇੱਥੇ ਵੀ ਲੰਗਰ ਦਾ ਪ੍ਰਬੰਧ ਹੈ। ਆਸ਼ਰਮ ਦੇ ਬਾਹਰ 25 ਏਕੜ ਦਾ ਫਾਰਮ ਹੈ। ਅੰਦਰ ਇਕ ਵਧੀਆ ਲਾਇਬਰੇਰੀ ਅਤੇ ਯੋਗ ਦੀ ਸਿਖਿਆ ਦਾ ਪ੍ਰਬੰਧ ਹੈ। ਇਥੇ ਭਾਰਤੀ ਮੂਲ ਦੇ ਲੋਕ ਘੱਟ ਪ੍ਰੰਤੂ ਯੂਰਪੀਨ ਵਧੇਰੇ ਲੱਭ ਰਹੇ ਸਨ।

ਸੂਰਜ ਦੀਆਂ ਕਿਰਣਾਂ ਪੈਰਿਸ ਦੇ ਮਹੱਲਾਂ ਉਪਰ ਬਲੋਰੀ ਰੰਗ ਖਿਲਾਰ ਰਹੀਆਂ ਸਨ ਜਦੋਂ ਅਸੀਂ ਆਪਣੀ ਯਾਤਰਾ ਸਮਾਪਤ ਕਰਕੇ ਨਰੇਸ਼ਪਾਲ ਦੇ ਘਰ ਪਰਤੇ।

## ਐਮਸਟਰਡਮ ਦੇ ਸੁੰਦਰ ਨਜ਼ਾਰੇ

ਹਾਲੈਂਡ ਦੀ ਧਰਤੀ ਸਮੁੰਦਰੀ ਤੱਟ ਤੋਂ ਨੀਵੀਂ ਹੈ ਜਿਸ ਕਰਕੇ ਇਸ ਦਾ ਅੰਗਰੇਜ਼ੀ ਭਾਸ਼ਾ ਵਿਚ ਨਾਮ ਨੀਦਰਲੈਂਡ ਹੈ। ਕਈ ਜਗਹ ਤਾਂ ਇਹ ਸਮੁੰਦਰੀ ਤੱਟ ਤੋਂ ਸੌ ਫੁੱਟ ਨੀਵੀਂ ਹੋਣ ਕਰਕੇ ਵੱਡੇ ਬੰਨ੍ਹ ਲਗਾ ਕੇ ਪਾਣੀ ਰੋਕਿਆ ਗਿਆ ਹੈ ਜਿਸ ਨੂੰ ਡਾਈਕ ਕਹਿੰਦੇ ਹਨ। ਐਮਸਟਰਡਮ ਹਾਲੈਂਡ ਦਾ ਵਪਾਰਕ ਕੇਂਦਰ ਅਤੇ ਰਾਜਧਾਨੀ ਹੈ। ਵੀਨਸ ਵਾਂਗ ਇਸ ਵਿਚ ਨਹਿਰਾਂ ਦਾ ਜਾਲ ਵਿਛਿਆ ਹੋਇਆ ਹੈ ਅਤੇ ਇਹੋ ਯਾਤਰੀਆਂ ਦੀ ਖਿੱਚ ਦਾ ਕਾਰਨ ਹਨ। ਸਤਾਰਵੀਂ ਸਦੀ ਵਿਚ ਇਸ ਸ਼ਹਿਰ ਦੀ ਮੁੜ ਉਸਾਰੀ ਹੋਈ ਅਤੇ 102 ਨਹਿਰਾਂ, ਜਿਨ੍ਹਾਂ ਦੀ ਕੁੱਲ ਲੰਬਾਈ 150 ਕਿਲੋਮੀਟਰ ਬਣਦੀ ਹੈ, ਸ਼ਹਿਰ ਨੂੰ ਸਮੁੰਦਰ ਨਾਲ ਜੋੜਦੀਆਂ ਹਨ। ਸ਼ਹਿਰ ਸਮੁੰਦਰੀ ਤਲ ਤੋਂ ਨੀਵਾਂ ਹੋਣ ਕਰਕੇ ਸਮੁੰਦਰੀ ਪਾਣੀ ਨੂੰ ਲੋਹੇ ਦੇ ਭਾਰੀ ਗੇਟ ਲਾ ਕੇ ਰੋਕਿਆ ਹੋਇਆ ਹੈ।

9 ਸਤੰਬਰ ਦੀ ਰਾਤ ਪੈਰਿਸ ਦੇ ਉਤਰੀ ਰੇਲਵੇ ਸਟੇਸ਼ਨ (ਗਾਰ ਦੇ ਨਾਰਦ) ਤੋਂ ਗੱਡੀ ਤੇ ਸਵਾਰ ਹੋ ਕੇ ਐਮਸਟਰਡਮ ਜਾਣ ਦੀ ਤਿਆਰੀ ਕਰ ਲਈ। ਗੱਡੀ ਯਾਤਰੀਆਂ ਨਾਲ ਭਰੀ ਹੋਣ ਕਰਕੇ ਅੱਧੀ ਰਾਤ ਬਾਅਦ ਹੀ ਅੱਖ ਲੱਗੀ। ਚਾਰ ਵਜੇ ਦੇ ਕਰੀਬ ਫਿਰ ਜਾਗ ਖੁੱਲ੍ਹ ਗਈ ਕਿਉਂਕਿ ਰੋਟਰਡਮ ਦਾ ਸਟੇਸ਼ਨ ਆ ਗਿਆ ਜਿਥੇ ਕਾਫੀ ਸਵਾਰੀਆਂ ਉਤਰੀਆਂ ਅਤੇ ਚੜ੍ਹੀਆਂ। ਇਥੇ ਭਾਰੀ ਬੰਦਰਗਾਹ ਵੀ ਹੈ ਅਤੇ ਅੱਜ ਕੱਲ੍ਹ ਸਿੱਖਾਂ ਦੀ ਕਾਫੀ ਅਬਾਦੀ ਹੋਣ ਕਰਕੇ ਗੁਰਦਵਾਰਾ ਵੀ ਬਣ ਗਿਆ ਹੈ। ਮੈਨੂੰ ਐਮਸਟਰਡਮ ਜਾ ਕੇ ਪਤਾ ਲੱਗਾ ਕਿ ਜਥੇਦਾਰ ਅਕਾਲ ਤਖਤ, ਵੇਦਾਂਤੀ ਜੀ ਵੀ ਇਥੇ ਪਧਾਰੇ ਹੋਏ ਹਨ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਮੇਰੀ ਗੱਡੀ ਐਮਸਟਰਡਮ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਈ। ਪੈਰਿਸ ਤੋਂ ਚੱਲਣ ਸਮੇਂ ਮੈਂ ਗੁਰਦਵਾਰੇ ਦੇ ਪ੍ਰਧਾਨ ਸੁੱਚਾ ਸਿੰਘ ਨੂੰ ਆਪਣਾ ਪ੍ਰੋਗਰਾਮ ਦੱਸ ਦਿਤਾ ਸੀ ਜਿਸ ਕਰਕੇ ਉਹ ਮੈਨੂੰ ਸਟੇਸ਼ਨ ਤੇ ਲੈਣ ਆਏ ਹੋਏ ਸਨ। ਉੱਚੇ ਲੰਮੇ ਕੱਦ ਦੇ ਸੁੱਚਾ ਸਿੰਘ ਮੇਰੀ

ਅਗਵਾਈ ਕਰ ਰਹੇ ਸਨ ਅਤੇ ਸਟੇਸ਼ਨ ਤੋਂ ਟਰਾਮ ਤੇ ਸਵਾਰ ਹੋ ਕੇ ਅਸੀਂ ਸ਼ਹਿਰ ਦੇ ਅੰਦਰ ਗੁਰੂ ਨਾਨਕ ਗੁਰਦਵਾਰਾ ਵਿਖੇ ਪਹੁੰਚੇ। ਸ਼ਹਿਰ ਦੇ ਕੇਂਦਰੀ ਭਾਗ ਵਿਚ ਸਿੱਖਾਂ ਨੇ ਇਕ ਗਿਰਜਾ ਘਰ ਦੀ ਇਮਾਰਤ ਖਰੀਦ ਕੇ ਗੁਰਦਵਾਰਾ ਕਾਇਮ ਕਰ ਲਿਆ ਹੈ। ਇਸ ਵਿਚ ਕਾਫੀ ਵੱਡਾ ਹਾਲ ਅਤੇ ਲੰਗਰ ਤਿਆਰ ਕਰਨ ਲਈ ਪ੍ਰਬੰਧ ਹੈ। ਐਤਵਾਰ ਦੇ ਦਿਨ ਭਾਰੀ ਇਕੱਠ ਹੁੰਦਾ ਹੈ ਅਤੇ ਦੂਰੋਂ ਨੇੜਿਓਂ ਸਿੱਖ ਸੰਗਤਾਂ ਹੁੰਮ ਹੁੰਮਾ ਕੇ ਪੁੱਜਦੀਆਂ ਹਨ। ਅਸੀਂ ਜਦੋਂ ਅੰਦਰ ਦਾਖਲ ਹੋਏ ਤਾਂ ਪਤਾ ਲਗਾ ਕਿ ਗ੍ਰੰਥੀ ਸਾਹਿਬ ਕਿਸੇ ਸਿਖ ਪ੍ਰੀਵਾਰ ਦੇ ਘਰ ਸੁਖਮਨੀ ਸਾਹਿਬ ਦਾ ਪਾਠ ਕਰਨ ਗਏ ਹਨ ਅਤੇ ਦੋ ਘੰਟੇ ਬਾਅਦ ਪਰਤਣਗੇ। ਲਾਂਗਰੀ ਸੱਜਣ ਨੇ ਗਰਮ ਗਰਮ ਚਾਹ ਦਾ ਗਲਾਸ ਲੈ ਆਂਦਾ ਅਤੇ ਦੱਸਿਆ ਕਿ ਲੰਗਰ ਤਿਆਰ ਹੋ ਰਿਹਾ ਹੈ, ਛਕ ਕੇ ਉਪਰ ਜਾਣਾ। ਗ੍ਰੰਥੀ ਜੀ ਨੂੰ ਸੁਨੇਹਾ ਭੇਜ ਕੇ ਪ੍ਰਾਈਵੇਟ ਕਮਰੇ ਦੀ ਚਾਬੀ ਮੰਗਾ ਲਈ ਅਤੇ ਮੇਰਾ ਸਮਾਨ ਉਪਰ ਟਿਕਾ ਦਿਤਾ ਗਿਆ। ਜਾਪਦਾ ਸੀ ਕਈ ਪੰਜਾਬੀ ਮੁੰਡੇ ਸ਼ਰਨਾਰਥੀ ਵੀ ਇਥੇ ਹੀ ਰੈਣ ਬਸੇਰਾ ਕਰ ਰਹੇ ਸਨ। ਦਰਅਸਲ, ਪੰਜਾਬ ਤੋਂ ਕਈ ਨੌਜਵਾਨ ਚੋਰੀ ਛੁਪੀ ਭੇਸ ਬਦਲਕੇ ਯੂਰਪ ਪਹੁੰਚ ਰਹੇ ਹਨ। ਜੇਕਰ ਦੋਸਤ ਮਿੱਤਰ ਅੱਗੋਂ ਝੱਲਣ ਤੋਂ ਆਕੀ ਹੋ ਜਾਣ ਤਾਂ ਉਹ ਗੁਰਦਵਾਰਿਆ ਦੀ ਠਾਹਰ ਲੱਭਦੇ ਹਨ। ਹਾਲੈਂਡ ਵਿਚ ਸ਼ਰਨਾਰਥੀ ਬਣ ਕੇ ਸੈਂਕੜੇ ਪੰਜਾਬੀ ਵੱਸ ਰਹੇ ਹਨ। ਕਈਆਂ ਨੂੰ ਸਰਕਾਰੀ ਭੱਤਾ ਵੀ ਮਿਲਦਾ ਹੈ ਅਤੇ ਕਈ ਰੇੜੀ ਮਾਰਕੀਟ ਵਿਚ ਕੰਮ ਕਰਕੇ ਪੈਸੇ ਕਮਾ ਰਹੇ ਹਨ। ਗੁਰਦਵਾਰੇ ਦੀ ਸੇਵਾ ਸੰਭਾਲ ਵਿਚ ਇਹ ਨੌਜਵਾਨ ਵੱਧ ਚੜ੍ਹਕੇ ਹਿੱਸਾ ਲੈਂਦੇ ਹਨ ਅਤੇ ਲੰਗਰ ਦੀ ਸੇਵਾ ਵੀ ਕਰਦੇ ਹਨ। ਹਾਲੈਂਡ ਦੇ ਗੁਰਦਵਾਰੇ ਵਿਚ ਪੁਲਿਸ ਨੇ ਛਾਪਾ ਮਾਰਿਆ ਅਤੇ ਗੈਰ ਕਾਨੂੰਨੀ ਢੰਗ ਨਾਲ ਰਹਿੰਦੇ ਕਈ ਨੌਜਵਾਨ ਫੜੇ ਗਏ। ਇਸ ਪਿਛੇ ਕਿਸੇ ਸਿਖ ਦਾ ਹੱਥ ਦੱਸਿਆ ਜਾਂਦਾ ਹੈ ਪਰੰਤੂ ਇਕ ਗੱਲ ਸਪਸ਼ਟ ਹੈ ਕਿ ਇਨ੍ਹਾਂ ਦੀਆਂ ਹਰਕਤਾਂ ਕਰਕੇ ਹਾਲੈਂਡ ਦਾ ਗੁਰਦਵਾਰਾ ਬਦਨਾਮ ਹੋਇਆ ਹੈ ਅਤੇ ਕਮੇਟੀ ਦੋਫਾੜ ਹੋ ਚੁੱਕੀ ਹੈ। ਕਮੇਟੀ ਦੇ ਮੈਂਬਰ ਵੀ ਪੁਲਿਸ ਨੇ ਹਿਰਾਸਤ ਵਿਚ ਲੈ ਲਏ ਸਨ।

ਦੁਪਹਿਰ ਹੋਣ ਤੱਕ ਮੈਂ ਐਮਸਟਰਡਮ ਸ਼ਹਿਰ ਦਾ ਚੱਕਰ ਲਗਾਣ ਖਾਤਰ ਨਿਕਲ ਤੁਰਿਆ। ਗੁਰਦਵਾਰੇ ਦੇ ਨੇੜੇ ਹੀ ਰੇੜੀ ਮਾਰਕੀਟ ਲੱਗੀ ਹੋਈ ਸੀ ਜਿਸ ਵਿਚ ਖਾਣ ਪੀਣ ਤੋਂ ਇਲਾਵਾ ਕੱਪੜਾ ਅਤੇ ਹੋਰ ਨਿੱਤ ਵਰਤੋਂ ਦੀਆਂ ਵਸਤੂਆਂ ਮਿਲ ਜਾਂਦੀਆਂ ਹਨ। ਬਹੁਤੀਆਂ ਦੁਕਾਨਾਂ ਉਪਰ ਰੁਜ਼ਗਾਰ ਲੱਭਣ ਆਏ ਨੌਜਵਾਨ ਹੀ ਕੰਮ ਕਰਦੇ ਹਨ। ਬਜਾਰਾਂ ਵਿਚ ਘੁੰਮਦਾ ਹੋਇਆ ਮੈਂ ਰੇਲਵੇ ਸਟੇਸ਼ਨ ਉਪਰ ਗਿਆ ਤਾਂ ਕਿ ਅਗਲੀ ਯਾਤਰਾ ਲਈ ਸੀਟ ਰਾਖਵੀਂ ਕਰਾ ਲਵਾਂ। ਰਸਤੇ ਵਿਚ ਯਾਤਰੀਆਂ ਦੀ ਸਹੂਲਤ ਲਈ ਕਿਰਾਏ ਤੇ ਕਿਸ਼ਤੀਆਂ ਮਿਲ ਰਹੀਆਂ ਸਨ। ਇਹ ਦੋ ਘੰਟੇ ਵਿਚ ਸਾਰੇ ਸ਼ਹਿਰ ਦਾ ਚੱਕਰ ਲਵਾ ਦਿੰਦੀਆਂ ਹਨ ਅਤੇ ਅੰਗਰੇਜੀ ਬੋਲਣ ਵਾਲੀ ਗਾਈਡ ਨਾਲ ਹੁੰਦੀ ਹੈ।ਟਿਕਟ ਖਰੀਦ ਕੇ ਮੈਂ ਕਿਸ਼ਤੀ ਵਿਚ ਸਵਾਰ ਹੋ ਗਿਆ ਅਤੇ ਲੱਗਾ ਐਮਸਟਰਡਮ ਦੀਆਂ ਨਹਿਰਾਂ ਥਾਣੀਂ ਸ਼ਹਿਰ ਦਾ ਨਜ਼ਾਰਾ ਵੇਖਣ।

ਯਾਤਰੂ ਕਿਸ਼ਤੀਆਂ ਅਤੇ ਜਹਾਜ ਪਹਿਲਾਂ ਐਮਸਟਲ ਦਰਿਆ ਵਿਚ ਦਾਖਲ ਹੁੰਦੇ ਹਨ ਜਿਸ ਦੇ ਨਾਮ ਉਪਰ ਸ਼ਹਿਰ ਦਾ ਨਾਮ ਪਿਆ ਹੈ। ਫਿਰ ਵੱਖ ਵੱਖ ਨਹਿਰਾਂ ਵਿਚ ਸੈਰ ਕਰਦਿਆਂ ਐਮਸਟਰਡਮ ਦੀ ਇਮਾਰਤ ਕਲਾ ਦੇ ਨਮੂਨੇ ਵੇਖਣ ਨੂੰ ਮਿਲਦੇ ਹਨ। ਇਸ ਸ਼ਹਿਰ ਦੀਆਂ ਇਮਾਰਤਾਂ ਆਪਣੀ ਦਿੱਖ ਕਾਰਨ ਜਗਤ ਪ੍ਰਸਿੱਧ ਹਨ। ਘਰਾਂ ਵਿਚ ਪਉੜੀਆਂ ਸਿੱਧੀਆਂ ਚੜ੍ਹਦੀਆਂ ਹਨ ਅਤੇ ਰੱਸੀ ਪਕੜ ਕੇ ਉਪਰ ਚੜ੍ਹਨਾ ਪੈਂਦਾ ਹੈ। ਭਾਰੀ ਸਮਾਨ ਰੱਸਿਆਂ ਦਵਾਰਾ ਬਾਹਰੋਂ ਦੀ ਛੱਤ ਉਪਰ ਚੜ੍ਹਾਇਆ ਜਾਂਦਾ ਹੈ।ਅੰਮ੍ਰਿਤਸਰ ਸ਼ਹਿਰ ਦੀਆਂ ਭੀੜੀਆਂ ਗਲੀਆਂ ਵਿਚ ਸਵਾਣੀਆਂ ਟੋਕਰੀ ਲਟਕਾ ਕੇ ਬਜ਼ਾਰ 'ਚੋਂ ਸਮਾਨ ਖਰੀਦ ਲੈਂਦੀਆਂ ਹਨ। ਕੁਝ ਇਸ ਤਰ੍ਹਾਂ ਦੀ ਪਰੰਪਰਾ ਹਾਲੈਂਡ ਦੇ ਇਸ ਸ਼ਹਿਰ ਵਿਚ ਵੀ ਰਹੀ ਹੈ। ਘਰਾਂ ਦੀਆਂ ਦੀਵਾਰਾਂ ਇੱਟਾਂ ਦੀਆਂ ਅਤੇ ਖਿੜਕੀਆਂ ਇਕੋ ਨਮੂਨੇ ਦੀਆਂ ਬਣੀਆਂ ਹੋਣ ਕਰਕੇ ਘਰਾਂ ਦੀ ਪਛਾਣ ਕਰਨੀ ਔਖੀ ਹੋ ਜਾਂਦੀ ਹੈ। ਜਦੋਂ ਘਰਾਂ ਦੇ ਨੰਬਰ ਨਹੀਂ ਸਨ ਹੁੰਦੇ ਤਾਂ ਮਾਲਕ ਆਪੋ ਆਪਣੇ ਘਰਾਂ ਉਪਰ ਪਹਿਚਾਣ ਚਿੰਨ ਲਗਾ ਰੱਖਦੇ ਸਨ। ਕਿਸੇ ਵੀ ਘਰ ਵਿਚ ਕਾਰ ਪਾਰਕ ਦੀ ਜਗ੍ਹਾ ਨਹੀਂ ਹੁੰਦੀ ਅਤੇ ਕਾਰ ਰੱਖਣੀ ਮਹਿੰਗੀ ਪੈਂਦੀ ਹੈ। ਕਾਰ ਦੀ ਕੀਮਤ ਬਰਾਬਰ ਹੀ ਪਾਰਕਿੰਗ ਲਈ ਲਾਈਸੈਂਸ ਭਰਨਾ ਪੈਂਦਾ ਹੈ। ਹਰ ਸਾਲ 500 ਦੇ ਕਰੀਬ ਕਾਰਾਂ ਨਹਿਰਾਂ ਵਿਚ ਡਿੱਗ ਪੈਂਦੀਆਂ ਹਨ ਕਿਉਂਕਿ ਪਾਰਕਿੰਗ ਸਾਰੀ ਨਹਿਰਾਂ ਦੇ ਕੰਢੇ ਹੀ ਮਿਲਦੀ ਹੈ। ਸ਼ਹਿਰ ਦੀਆਂ ਗਲੀਆਂ ਸਮਾਂਤਰ ਚੱਲਦੀਆਂ ਹਨ ਅਤੇ ਪੁਲਾਂ ਹੇਠੋਂ ਆਵਾਜਾਈ ਹੁੰਦੀ ਹੈ। ਜਹਾਜ ਲੰਘਾਣ ਲਈ ਕਈ ਪੁਲ ਵਿਚਕਾਰੋਂ ਖੁੱਲ ਜਾਂਦੇ ਹਨ। ਪੁਲਾਂ ਦਾ ਆਪਣਾ ਦਿਲਚਸਪ ਇਤਿਹਾਸ ਹੈ। ਦੋ ਅਮੀਰ ਭੈਣਾਂ ਨਹਿਰ ਦੇ ਆਰ-ਪਾਰ ਰਹਿੰਦੀਆਂ ਸਨ ਅਤੇ ਮਿਲਣ ਲਈ ਇਕ ਪੁਲ ਤਿਆਰ ਕੀਤਾ ਗਿਆ ਜਿਸ ਨੂੰ ਭੈਣਾਂ ਦਾ ਪੁਲ (ਸਿਸਟਰਜ਼ ਬਰਿੱਜ਼) ਕਹਿੰਦੇ ਹਨ।

ਐਮਸਟਰਡਮ ਦੀ ਸੈਰ ਕਰਕੇ ਮੈਂ ਟਰਾਮ ਰਾਹੀਂ ਸ਼ਹਿਰ ਦਾ ਬਾਹਰਲਾ ਹਿੱਸਾ ਵੀ ਵੇਖਿਆ। ਬੂੰਦਾਬਾਂਦੀ ਹੋਣ ਕਰਕੇ ਪੈਦਲ ਚੱਲਣਾ ਮੁਸ਼ਕਲ ਸੀ ਅਤੇ ਮੈਂ ਦੁਕਾਨਾਂ ਅੰਦਰ ਘੁੰਮਣਾ ਸ਼ੁਰੂ ਕਰ ਦਿੱਤਾ। ਈਲੈਕਟਰੋਨਿਕਸ ਦੀਆਂ ਵਸਤਾਂ ਕਾਫੀ ਸਸਤੀਆਂ ਮਿਲ ਜਾਂਦੀਆਂ ਹਨ। ਹਾਲੈਂਡ ਦੁੱਧ ਦੀ ਪੈਦਾਵਾਰ ਲਈ ਵੀ ਮਸ਼ਹੂਰ ਹੈ ਅਤੇ ਫੁੱਲਾਂ ਦੀ ਖੇਤੀ ਬਹੁਤ ਹੁੰਦੀ ਹੈ। ਫਰਵਰੀ ਮਾਰਚ ਦੇ ਮਹੀਨੇ ਤਾਂ ਲਾਲ ਰੰਗ ਦੇ ਤੂਲੀਪ ਫੁੱਲ ਧਰਤੀ ਉਪਰ ਚਟਾਈ ਵਾਂਗ ਵਿਛੇ ਹੋਏ ਲੱਭਦੇ ਹਨ। ਹਰ ਘਰ ਦੀ ਖਿੜਕੀ ਅੱਗੇ ਫੁੱਲਾਂ

ਦੀਆਂ ਕਤਾਰਾਂ ਸਜਾਈਆਂ ਹੁੰਦੀਆਂ ਹਨ। ਸਭ ਤੋਂ ਛੋਟਾ ਘਰ ਵੀ ਵੇਖਿਆ ਜਿਸ ਦੀ ਚੌੜਾਈ 115 ਸੈਂਟੀਮੀਟਰ ਹੈ, ਅਤੇ ਪਤਾ ਨਹੀਂ ਮੰਜਾ ਕਿਵੇਂ ਡਹਿੰਦਾ ਹੋਵੇਗਾ। 1971 ਵਿਚ ਮੈਂ ਇਸ ਸ਼ਹਿਰ ਦਾ ਦੌਰਾ ਕੀਤਾ ਸੀ ਅਤੇ ਨਹਿਰਾਂ ਵਿਚ ਹਿੱਪੀ ਕਿਸ਼ਤੀਆਂ ਦੀ ਬਦਬੋ ਦੂਰੋਂ ਹੀ ਨੱਕ ਵਿਚ ਦਮ ਕਰ ਦਿੰਦੀ ਸੀ। ਹੁਣ ਹਿੱਪੀ ਤਾਂ ਨਹੀਂ ਲੱਭਦੇ ਪਰੰਤੂ ਨਹਿਰਾਂ ਵਿਚ ਹਾਲੈਂਡ ਦੇ ਵਾਸੀ ਡੱਚ ਲੋਕ ਅਜੇ ਵੀ ਰਹਿੰਦੇ ਹਨ। ਐਮਸਟਰਡਮ ਦੀ ਵੀਹ ਪ੍ਰਤੀਸ਼ਤ ਵੱਸੋਂ ਅਰਥਾਤ ਦੋ ਲੱਖ ਡੱਚ ਇਨ੍ਹਾਂ ਕਿਸ਼ਤੀਆਂ ਵਿਚ ਹੀ ਘਰ ਬਣਾ ਕੇ ਰਹਿੰਦੇ ਹਨ। ਇਹ ਨਜ਼ਾਰਾ ਕਸ਼ਮੀਰ ਦੀ ਡੱਲ ਲੇਕ ਨਾਲ ਮਿਲਦਾ ਹੈ।

ਸ਼ਾਮ ਨੂੰ ਰੈਣ ਬਸੇਰੇ ਦੀ ਖਾਤਰ ਮੈਂ ਗੁਰਦਵਾਰੇ ਵੱਲ ਪਰਤ ਰਿਹਾ ਸਾਂ ਕਿ ਨਹਿਰਾਂ ਕਿਨਾਰੇ ਡੱਚ ਲੋਕਾਂ ਦੀ ਭੀੜ ਇਕੱਠੀ ਹੋਈ ਵੇਖੀ। ਪੁੱਛਣ ਤੇ ਪਤਾ ਲੱਗਾ ਕਿ ਹਾਲੈਂਡ ਦੀ ਮਲਕਾ ਬੀਟਰਿਕਸ ਆਪਣੇ ਸ਼ਾਹੀ ਬੇੜੇ ਤੇ ਸਵਾਰ ਹੋ ਕੇ ਘੁੰਮ ਰਹੀ ਹੈ ਅਤੇ ਡੱਚ ਲੋਕ ਆਪਣੀ ਹਰਮਨਪਿਆਰੀ ਰਾਣੀ ਦੇ ਦੀਦਾਰ ਕਰਨ ਲਈ ਉਤਾਵਲੇ ਸਨ। ਮੈਂ ਵੀ ਲੋਕਾਂ ਦੀ ਭੀੜ ਨਾਲ ਖਲੋ ਗਿਆ ਅਤੇ ਹੈਰਾਨ ਹੋ ਗਿਆ ਕਿ ਮਲਕਾ ਖੁੱਲੇ ਆਮ ਨਹਿਰਾਂ ਵਿਚ ਘੁੰਮ ਰਹੀ ਸੀ ਅਤੇ ਲੋਕ ਹੱਥ ਵੀ ਮਿਲਾ ਰਹੇ ਸਨ। ਸੁਰੱਖਿਆ ਦਸਤੇ ਹਰਲ ਹਰਲ ਕਰਦੇ ਕਿਧਰੇ ਨਹੀਂ ਲੱਭ ਰਹੇ ਸਨ ਕਿਉਂਕਿ ਇਹ ਪੰਜਾਬ ਦੇ ਮੁੱਖ ਮੰਤਰੀ ਜਾਂ ਭਾਰਤ ਦੇ ਪ੍ਰਧਾਨ ਮੰਤਰੀ ਦਾ ਕਾਫਲਾ ਤਾਂ ਨਹੀਂ ਸੀ, ਇਹ ਤਾਂ ਹਾਲੈਂਡ ਦੀ ਮਲਕਾ ਦਾ ਬੇੜਾ ਸੀ।

## ਡੈਨਮਾਰਕ ਦੀ ਰਾਜਧਾਨੀ ਕੋਪਨਹੈੱਗਨ ਦਾ ਦੌਰਾ

11 ਸਤੰਬਰ ਦੀ ਸਵੇਰ ਮੈਂ ਐਮਸਟਰਡਮ ਤੋਂ ਡੈਨਮਾਰਕ ਦੀ ਰਾਜਧਾਨੀ ਕੋਪਨਹੈੱਗਨ ਵੱਲ ਰਵਾਨਾ ਹੋਇਆ। ਸਾਡੀ ਸ਼ਤਾਬਦੀ ਵਾਂਗ ਇਹ ਪਹਿਲੀ ਗੱਡੀ ਸੀ ਜਿਸ ਵਿਚ ਚਾਹ ਕਾਫੀ ਅਤੇ ਨਾਸ਼ਤੇ ਦਾ ਪ੍ਰਬੰਧ ਸੀ ਵਰਨਾ ਯੂਰਪ ਵਿਚ ਕਿਸੇ ਗੱਡੀ ਵਿਚ ਇਹ ਸਹੂਲਤ ਨਹੀਂ ਹੁੰਦੀ ਅਤੇ ਸਭ ਲੋਕ ਖਾਣ ਪੀਣ ਦਾ ਸਮਾਨ ਲੈ ਕੇ ਹੀ ਤੁਰਦੇ ਹਨ। ਹਾਲੈਂਡ ਦੇ ਮੈਦਾਨੀ ਇਲਾਕੇ ਵਿਚੋਂ ਲੰਘ ਕੇ ਗੱਡੀ ਜਰਮਨੀ ਦੀ ਹੱਦ ਅੰਦਰ ਦਾਖਲ ਹੋਈ। ਅਜੇ ਖੇਤਾਂ ਵਿਚੋਂ ਧੁੰਧ ਵੀ ਨਹੀਂ ਸੀ ਹਟੀ ਕਿ ਗਾਈਆਂ ਦੇ ਵੱਗ ਚੁਗ ਰਹੇ ਲਭਦੇ ਸਨ। ਲੋਕੀਂ ਫਸਲ ਘੱਟ ਹੀ ਬੀਜਦੇ ਹਨ ਅਤੇ ਗਾਈਆਂ ਦੇ ਚਰਨ ਲਈ ਚਰਾਗਾਹ ਛੱਡ ਦਿੰਦੇ ਹਨ। ਰਸਤੇ ਵਿਚ ਦੋ ਵਾਰੀ ਗੱਡੀ ਬਦਲਣੀ ਸੀ, ਪਹਿਲਾਂ ਹਾਲੈਂਡ ਦੇ ਬਾਰਡਰ ਕੋਲ ਓਸਨਾਬਰੁਕ ਅਤੇ ਫਿਰ ਜਰਮਨੀ ਦੇ ਸ਼ਹਿਰ ਹੈਮਬਰਗ। ਹੈਮਬਰਗ ਤੋਂ ਕੋਪਨਹੈਗਨ ਜਾਣ ਵਾਲੀ ਗੱਡੀ ਰਸਤੇ ਵਿਚ ਪੈਂਦੇ ਸਮੁੰਦਰ ਨੂੰ ਫੈਰੀ (ਜਹਾਜ) ਤੇ ਸਵਾਰ ਹੋ ਕੇ ਪਾਰ ਕਰ ਲੈਂਦੀ ਹੈ ਅਤੇ ਯਾਤਰੀ, ਜਹਾਜ ਦੀ ਉਪਰਲੀ ਛੱਤ ਤੋਂ ਸਮੁੰਦਰੀ ਨਜ਼ਾਰਾ ਵੇਖ ਸਕਦੇ ਹਨ। ਮੇਰੇ ਨਾਲ ਦੋ ਅਮਰੀਕੀ ਯਾਤਰੀ ਅਤੇ ਇਕ ਜਰਮਨ ਪ੍ਰੋਫੈਸਰ ਸਫਰ ਕਰ ਰਿਹਾ ਸੀ। ਪ੍ਰੋਫੈਸਰ ਦੀ ਘਰਵਾਲੀ ਨੇ ਫ਼ੋਨ ਤੇ ਦੱਸਿਆ ਕਿ ਨਿਊਯਾਰਕ ਉਪਰ ਅੱਤਵਾਦੀਆਂ ਨੇ ਹਮਲਾ ਕਰ ਦਿਤਾ ਹੈ। ਇਹ ਸਨਸਨੀਖੇਜ਼ ਖਬਰ ਸੁਣ ਕੇ ਅਮਰੀਕਨ ਜੋੜੇ ਦੇ ਤਾਂ ਲੂੰ ਕੰਡੇ ਖੜੇ ਹੋ ਗਏ। ਕੁਝ ਚਿਰ ਬਾਦ ਗੱਡੀ ਦੇ ਡਰਾਈਵਰ ਨੇ ਵੀ ਇਸ ਹਮਲੇ ਦੀ ਖਬਰ ਦੀ ਪੁਸ਼ਟੀ ਕਰ ਦਿੱਤੀ। ਸਮੁੰਦਰੀ ਨਜ਼ਾਰੇ ਨੇ ਯਾਤਰੀਆਂ ਦਾ ਧਿਆਨ ਹੋਰ ਪਾਸੇ ਖਿੱਚ ਲਿਆ ਅਤੇ ਚਾਰ ਵਜੇ ਦੇ ਕਰੀਬ ਸਾਡੀ ਗੱਡੀ ਕੋਪਨਹੈਗਨ ਦੇ ਸਟੇਸ਼ਨ ਤੇ ਪਹੁੰਚ ਗਈ।

ਰੇਲਵੇ ਸਟੇਸ਼ਨ ਤੇ ਸਰਦਾਰ ਸ਼ਬੇਗ ਸਿੰਘ ਅਤੇ ਆਇਆ ਸਿੰਘ ਮੇਰਾ ਇੰਤਜ਼ਾਰ ਕਰ ਰਹੇ ਸਨ। ਆਇਆ ਸਿੰਘ ਇਕ ਮਹੀਨਾ ਪਹਿਲਾਂ ਅੰਮ੍ਰਿਤਸਰ ਹੋ ਕੇ ਗਿਆ ਸੀ ਅਤੇ ਮੈਨੂੰ ਸੱਦਾ ਦਿੱਤਾ ਸੀ ਕਿ ਮੈਂ ਕੋਪਨਹੈਗਨ ਦੀ ਯਾਤਰਾ ਕਰਾਂ। ਪਤਾ ਨਹੀਂ ਸੀ ਕੁਦਰਤ ਵੱਲੋਂ ਏਨੀ ਜਲਦੀ ਢੋਅ ਢੁਕ ਜਾਣਾ ਹੈ। ਰੇਲਵੇ ਸਟੇਸ਼ਨ ਤੇ ਤਿੰਨ ਸਿੱਖ ਸਰਦਾਰ ਤਾਂ ਤੀਹ ਯੂਰਪੀਨਾਂ ਨੂੰ ਮਾਤ ਪਾ ਰਹੇ ਸਨ । ਕਾਰ ਵਿਚ ਬੈਠਕੇ ਅਸੀਂ ਆਇਆ ਸਿੰਘ ਦੇ ਘਰ ਪਹੁੰਚੇ ਜਿੱਥੇ ਮੇਰੀ ਰਿਹਾਇਸ਼ ਦਾ ਪ੍ਰਬੰਧ ਕੀਤਾ ਹੋਇਆ ਸੀ। ਸ਼ਬੇਗ ਸਿੰਘ ਨੇ ਦੱਸਿਆ ਕਿ ਕੋਪਨਹੈਗਨ ਦੇ ਗੁਰਦਵਾਰੇ ਵਿਚ ਵੀ ਰਹਿਣ ਲਈ ਕਮਰਾ ਮਿਲ ਸਕਦਾ ਹੈ। ਰਾਤ ਦਾ ਖਾਣਾ ਤਿਆਰ ਸੀ। ਕਈ ਦਿਨਾਂ ਬਾਅਦ ਘਰ ਦੀ ਬਣੀ ਰੋਟੀ ਨਸੀਬ ਹੋਈ। ਪੰਜਾਬੀਆਂ ਨੂੰ ਭਲਾ ਯੂਰਪ ਦਾ ਖਾਣਾ ਕਿੱਥੇ ਪੋਹਂਦਾ ਹੈ ਅਤੇ ਪੰਜਾਬੀ ਰੋਟੀ ਦਾ ਮੁਕਾਬਲਾ ਵਿਚਾਰੀ ਯੂਰਪ ਦੀ ਡਬਲ ਰੋਟੀ ਕਿਵੇਂ ਕਰ ਸਕਦੀ ਹੈ। ਸਰਦਾਰ ਆਇਆ ਸਿੰਘ ਨੇ ਸਭ ਪਤਵੰਤੇ ਸੱਜਣਾਂ ਨੂੰ ਮੇਰੇ ਆਉਣ ਦੀ ਖਬਰ ਦੇ ਰੱਖੀ ਸੀ ਅਤੇ ਗੁਰਦਵਾਰੇ ਵਿਚ ਇਕ ਲੈਕਚਰ ਦਾ ਪ੍ਰਬੰਧ ਵੀ ਕਰ ਦਿਤਾ ਸੀ। ਉਸ ਦੀ ਘਰਵਾਲੀ ਅੰਮ੍ਰਿਤਸਰ ਸ਼ਹਿਰ ਦੀ ਹੈ ਅਤੇ ਆਪ ਜਲੰਧਰ ਦੇ ਰਹਿਣ ਵਾਲੇ, ਸਰਦਾਰ ਇਕਬਾਲ ਸਿੰਘ ਕਾਂਗਰਸ ਐਮ.ਪੀ ਦੇ ਵੱਡੇ ਭਰਾਤਾ ਹਨ। ਨੌਕਰੀ ਤੋਂ ਰੀਟਾਇਰ ਹੋ ਕੇ ਸਿਖ ਸੰਗਤ ਦੀ ਸੇਵਾ ਸ਼ੁਗਲ ਵਜੋਂ ਕਰਦੇ ਹਨ। ਕਈ ਸਾਲਾਂ ਤੋਂ ਮੇਰੇ ਛਪੇ ਲੇਖ ਇਕੱਠੇ ਕਰ ਕੇ ਗੁਰਦਵਾਰੇ ਸੰਗਤ ਵਿਚ ਵੰਡ ਰਹੇ ਸਨ, ਇਹ ਮੈਨੂੰ ਓਦੋਂ ਪਤਾ ਲਗਾ, ਜਦੋਂ ਉਹ ਇਕ ਲੇਖ ਦੀ ਕਾਪੀ ਲੈਣ ਅੰਮ੍ਰਿਤਸਰ ਆਏ

ਸਨ। ਰਾਤ ਖਬਰਾਂ ਸੁਣੀਆਂ ਤਾਂ ਅਮਰੀਕਾ ਵਿਚ ਹੋਈ ਤਬਾਹੀ ਦੀ ਜਾਣਕਾਰੀ ਮਿਲੀ। ਅਗਲੇ ਦਿਨ ਦਾ ਪ੍ਰੋਗਰਾਮ ਤੈਹ ਕਰਕੇ ਮੈਂ ਸ਼ਬੇਗ ਸਿੰਘ ਨਾਲ ਗੁਰਦਵਾਰੇ ਵਿਚ ਰੈਣ ਬਸੇਰੇ ਲਈ ਪਹੁੰਚ ਗਿਆ।

ਗੁਰਦਵਾਰੇ ਦੇ ਗ੍ਰੰਥੀ ਹਰਦੀਪ ਸਿੰਘ ਨੇ ਮੇਰੀ ਆਉ ਭਗਤ ਵਿਚ ਕੋਈ ਕਸਰ ਨਾ ਛੱਡੀ। ਰਾਤ ਗਰਮ ਦੁੱਧ ਅਤੇ ਸਵੇਰੇ ਚਾਹ ਦਾ ਗੱਫਾ ਮਿਲ ਗਿਆ। ਅੰਮ੍ਰਿਤ ਵੇਲੇ ਕੀਰਤਨ ਦੀ ਟੇਪ ਲਗਾ ਦਿੱਤੀ ਅਤੇ ਰੈਣ ਸਬਾਈ ਜੱਥੇ ਦੇ ਮਹਿੰਦਰ ਸਿੰਘ ਹੋਰਾਂ ਦਾ ਕੀਰਤਨ ਸੁਣਿਆ ਜੋ ਪਟਿਆਲੇ ਪੰਜਾਬੀ ਯੂਨੀਵਰਸਿਟੀ ਦੀ ਨੌਕਰੀ ਸਮੇਂ ਮੇਰੇ ਚੰਗੇ ਜਾਣੂ ਬਣ ਗਏ ਸਨ। ਭਾਈ ਹਰਦੀਪ ਸਿੰਘ ਵੀ ਪੰਜਾਬ ਦੇ ਅਤਿਵਾਦੀ ਦੌਰ ਸਮੇਂ ਪੁਲਿਸ ਤਸ਼ਦੱਦ ਦਾ ਸ਼ਿਕਾਰ ਰਹਿ ਚੁਕਾ ਹੈ ਅਤੇ ਹੁਣ ਕੋਪਨਹੈਗਨ ਦੇ ਸ਼ਰਨਾਰਥੀ ਕੈਂਪ ਵਿਚ ਪਨਾਹ ਲੈ ਕੇ ਰਹਿੰਦਾ ਹੈ। ਇਸ ਕੈਂਪ ਵਿਚ ਕਈ ਦੇਸ਼ਾਂ ਤੋਂ ਸ਼ਰਨਾਰਥੀ ਆ ਕੇ ਵਸੇ ਹੋਏ ਹਨ ਅਤੇ 2000 ਕਰੋਨਰ ਅਰਥਾਤ ਬਾਰਾਂ ਹਜ਼ਾਰ ਰੁਪਏ ਸਰਕਾਰੀ ਸਹਾਇਤਾ ਮਹੀਨੇ ਦੀ ਮਿਲ ਰਹੀ ਹੈ। ਹਰ ਸ਼ਰਨਾਰਥੀ ਨੂੰ ਰਿਹਾਇਸ਼ੀ ਕਮਰਾ, ਟੈਲੀਵੀਜ਼ਨ ਅਤੇ ਹੋਰ ਸਹੂਲਤਾਂ ਮੁਹਈਆ ਹਨ। ਸਾਡੇ ਯੂਨੀਵਰਸਿਟੀ ਹੋਸਟਲਾਂ ਤੋਂ ਤਾਂ ਇਹ ਵਧੇਰੇ ਸਾਫ ਸੁਥਰਾ ਕੈਂਪ ਸੀ। ਇਕ ਹੋਰ ਗੁਰਸਿੱਖ ਗੁਰਮੇਲ ਸਿੰਘ ਜੋ ਜਪਾਨ ਦੀ ਸੋਨੀ ਕੰਪਨੀ ਦੇ ਇੰਜੀਨੀਅਰ ਹਨ, ਮੈਨੂੰ ਇਸ ਕੈਂਪ ਦੀ ਸੈਰ ਕਰਵਾ ਲਿਆਏ ਅਤੇ ਕੋਪਨਹੈਗਨ ਨੂੰ ਰਾਤ ਵੇਲੇ ਵੇਖਣ ਦਾ ਮੌਕਾ ਮਿਲ ਗਿਆ।

ਸਵੇਰ ਦਾ ਨਾਸ਼ਤਾ ਆਇਆ ਸਿੰਘ ਦੇ ਘਰ ਸੀ। ਰਾਤ ਦੀ ਰਹਿੰਦੀ ਕਸਰ ਉਸਦੀ ਘਰਵਾਲੀ ਨੇ ਆਲੂ ਗੋਭੀ ਦੇ ਪਰੌਂਠੇ ਖਵਾ ਕੇ ਪੂਰੀ ਕਰ ਦਿੱਤੀ। ਪਤਾ ਨਹੀਂ ਕਿੰਨੇ ਪਰੌਂਠੇ ਖਾਧੇ ਹੋਣੇ ਹਨ ਮੈਨੂੰ ਤਾਂ ਸਾਰਾ ਦਿਨ ਭੁੱਖ ਹੀ ਨਾ ਲੱਗੀ। ਆਇਆ ਸਿੰਘ ਨੇ ਆਪਣੇ ਦਿੱਲੀ ਦੇ ਮਿੱਤਰ ਰਾਮ ਸਰੂਪ ਨੂੰ ਵੰਗਾਰ ਪਾਈ ਕਿ ਕਾਰ ਲੈ ਕੇ ਆ ਜਾਵੇ ਅਤੇ ਡੈਨਮਾਰਕ ਦੀ ਸੈਰ ਤੇ ਚੱਲੀਏ। ਉਡੀਕ ਕਰਦਿਆਂ ਦੁਪਹਿਰ ਹੋ ਗਈ ਪਰੰਤੂ ਰਾਮ ਸਰੂਪ ਆਖਰ ਆ ਬਹੁੜਿਆ ਅਤੇ ਕੈਮਰੇ ਕੱਸ ਕੇ ਅਸੀਂ ਸ਼ਹਿਰੋਂ ਬਾਹਰ ਨਿਕਲ ਤੁਰੇ। ਅਸੀਂ ਪਹਿਲਾਂ ਕੋਪਨਹੈਗਨ ਦੀ ਬੰਦਰਗਾਹ ਤੇ ਗਏ ਜਿਥੇ ਨਾਰਵੇ ਦਾ ਜਹਾਜ ਲੰਗਰ ਸੁੱਟੀ ਖਲੋਤਾ ਸੀ। ਸਮੁੰਦਰੀ ਪਰੀ (ਮਰਮੇਡ) ਦੀ ਫੋਟੋ ਖਿੱਚੀ ਅਤੇ ਪੈਦਲ ਟਹਿਲਦੇ ਹੋਏ ਸ਼ਾਹੀ ਮਹੱਲਾਂ ਨੂੰ ਨਿਕਲ ਗਏ। ਲੰਡਨ ਵਾਂਗ ਇੱਥੇ ਵੀ ਸ਼ਾਹੀ ਮਹੱਲ ਦੇ ਬਾਹਰ ਪਰੇਡ ਹੁੰਦੀ ਹੈ ਅਤੇ ਯਾਤਰੀਆਂ ਦੀ ਭੀੜ ਇਹ ਨਜ਼ਾਰਾ ਵੇਖਣ ਲਈ ਇੱਕਠੀ ਹੋ ਜਾਂਦੀ ਹੈ। ਸ਼ਾਹੀ ਮਹੱਲ ਦੇ ਨਾਲ ਹੀ ਗਿਰਜਾਘਰ ਵੀ ਹੈ। ਬਾਦਸ਼ਾਹਾਂ ਦੀ ਤਾਜਪੋਸ਼ੀ ਦੀ ਰਸਮ ਇੱਥੇ ਹੀ ਕੀਤੀ ਜਾਂਦੀ ਹੈ। ਇੰਗਲੈਂਡ ਦੀ ਮਲਕਾ ਵਾਂਗ ਡੈਨਮਾਰਕ ਦੇ ਲੋਕ ਵੀ ਆਪਣੀ ਰਾਣੀ ਦਾ ਸਤਿਕਾਰ ਕਰਦੇ ਹਨ।

ਮੈਂ ਇਕ ਦਿਨ ਵਿਚ ਹੀ ਸਾਰਾ ਡੈਨਮਾਰਕ ਅਤੇ ਕੋਪਨਹੈਗਨ ਘੁੰਮਣਾ ਚਾਹੁੰਦਾ ਸਾਂ। ਅਸੀਂ ਸ਼ਹਿਰ ਤੋਂ ਪੰਜਾਹ ਕਿਲੋਮੀਟਰ ਬਾਹਰ ਸਮੁੰਦਰੀ ਤੱਟ ਉਪਰ ਬਣੇ ਕਿਲਾ-ਰੂਪੀ ਮਹੱਲ ਨੂੰ ਵੇਖਣ ਗਏ। ਇਸ ਦਾ ਨਾਮ ਕਰੋਨਬੋਰਗ ਹੈ ਅਤੇ ਇਹ ਡੈਨਮਾਰਕ ਦੇ ਬਾਦਸ਼ਾਹ ਨੇ 1690 ਵਿਚ ਤਾਮੀਰ ਕਰਵਾਇਆ ਸੀ। ਇਸ ਦੀ ਸਫੀਲ ਤੋਂ ਖਲੋ ਕੇ ਸਵੀਡਨ ਦਾ ਸਮੁੰਦਰੀ ਤੱਟ ਅਤੇ ਸ਼ਹਿਰ ਸਾਫ ਦਿਖਾਈ ਦੇਂਦੇ ਹਨ। ਸ਼ੈਕਸਪੀਅਰ ਦੇ ਡਰਾਮੇ ਹੈਮਲੈਟ ਦੀ ਉਥਾਨਕਾ ਵਿਚ ਇਸ ਮਹੱਲ ਦਾ ਜਿਕਰ ਭਲੀਭਾਂਤ ਮਿਲਦਾ ਹੈ। ਮਹੱਲ ਦੇ ਬਾਹਰ ਬੰਦਰਗਾਹ ਦੀ ਸੈਰ ਕਰਕੇ ਅਸੀਂ ਕੋਪਨਹੈਗਨ ਵੱਲ ਪਰਤੇ। ਰਸਤੇ ਵਿਚ ਸਮੁੰਦਰੀ ਕੰਢੇ ਦੀ ਸੈਰ ਕੀਤੀ ਅਤੇ ਗਰਮੀਆਂ ਦੀਆਂ ਛੁੱਟੀਆਂ ਕੱਟਣ ਲਈ ਬਣੇ ਸੁੰਦਰ ਘਰਾਂ ਦਾ ਨਜ਼ਾਰਾ ਤੱਕਿਆ। ਆਇਆ ਸਿੰਘ ਡੈਨਮਾਰਕ ਦੇ ਲੋਕਾਂ ਦੀਆਂ ਸਿਫਤਾਂ ਕਰਦਾ ਰੱਜਦਾ ਨਹੀਂ ਸੀ। ਉਸਦਾ ਤਕੀਆ ਕਲਾਮ ਮੈਨੂੰ ਚੰਗਾ ਲੱਗਾ। ਹਰ ਚੰਗੀ ਚੀਜ਼ ਵੇਖਕੇ ਉਹ ਕਹਿੰਦਾ, "ਅਸਲੀ ਸੰਤ ਤਾਂ ਇਹ ਲੋਕ ਹਨ ਜਿਨ੍ਹਾਂ ਨੇ ਕਮਾਲ ਦੀ ਸਿਰਜਣਾ ਕਰ ਵਿਖਾਈ ਹੈ। ਸਾਡੇ ਦੇਸ਼ ਤਾਂ ਵਾਧੂ ਦਾ ਅਡੰਬਰ ਹੀ ਰਚਦੇ ਹਨ"। ਡੈਨਿਸ਼ ਲੋਕਾਂ ਦੀਆਂ ਸਿਫਤਾਂ ਕਰਦੇ ਅਸੀਂ ਕੋਪਨਹੈਗਨ ਸ਼ਹਿਰ ਦੇ ਬਜ਼ਾਰ ਵਿਚ ਪਹੁੰਚ ਗਏ। ਮੇਰੀ ਦਿਲੀ ਤਮੰਨਾ ਸੀ ਕਿ ਨੀਲਜ਼ ਬੋਹਰ ਦੇ ਨਾਮ ਉਪਰ ਬਣੀ ਖੋਜ ਸੰਸਥਾ ਦੀ ਯਾਤਰਾ ਵੀ ਕਰ ਲਵਾਂ। ਅਮਰੀਕਾ ਦਾ ਪਹਿਲਾ ਐਟਮ ਬੰਬ ਤਿਆਰ ਕਰਨ ਵਿਚ ਉਸਦਾ ਵੀ ਹੱਥ ਸੀ। ਇਸ ਮਹਾਨ ਵਿਗਿਆਨੀ ਨੇ ਕੁਆਂਟਮ ਭੌਤਿਕ ਵਿਗਿਆਨ ਦੀ ਖੋਜ ਕੀਤੀ ਅਤੇ ਆਇਨਸਟਾਈਨ ਵਰਗੇ ਵਿਗਿਆਨੀ ਨੂੰ ਬਹਿਸ ਵਿਚ ਕਈ ਵਾਰ ਭੰਬਲਭੂਸੇ ਵਿਚ ਪਾਈ ਰੱਖਿਆ। ਲਿਜ਼ਬਨ ਤੋਂ ਤੁਰਨ ਸਮੇਂ ਮੈਂ ਪ੍ਰੋਫੈਸਰ ਐਂਡਰਸਨ ਨੂੰ ਇਥੇ ਆਉਣ ਬਾਰੇ ਦੱਸ ਰੱਖਿਆ ਸੀ। ਨੀਲਜ਼ ਬੋਹਰ ਦੇ ਖੋਜ ਕਮਰੇ ਵਿਚ ਉਸਦੇ ਹੱਥ ਲਿਖਤ ਖਰੜਿਆਂ ਦੀ ਨੁਮਾਇਸ਼ ਵੇਖੀ। ਉਸਦਾ ਸਾਰਾ ਸਾਜੋ ਸਮਾਨ ਸਾਂਭ ਕੇ ਰੱਖਿਆ ਹੋਇਆ ਹੈ।

ਸ਼ਾਮ ਦੇ ਪੰਜ ਵਜੇ ਗੁਰਦਵਾਰੇ ਪਹੁੰਚੇ ਤਾਂ ਸ਼ਬੇਗ ਸਿੰਘ ਅਤੇ ਸਾਥੀ ਲੰਗਰ ਦੀ ਤਿਆਰੀ ਕਰ ਰਹੇ ਸਨ। ਮੇਰਾ ਲੈਕਚਰ ਖਤਮ ਹੋਣ ਉਪਰੰਤ ਅਰਦਾਸ ਹੋਈ ਅਤੇ ਸਿੰਘਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਿਟਾਂਦਰਾ ਹੋਇਆ। ਮੈਨੂੰ ਕਈ ਪੁਰਾਣੇ ਸਾਥੀਆਂ ਬਾਰੇ ਖਬਰ ਵੀ ਮਿਲੀ। ਸਾਡੀ ਯੂਨੀਵਰਸਿਟੀ ਦੇ ਹੋਣਹਾਰ ਵਿਗਿਆਨੀ ਸੁਰੇਸ਼ ਰਤਨ ਨਾਲ ਫੋਨ ਤੇ ਗੱਲ ਹੋਈ ਜੋ ਗੌਸ ਯੂਨੀਵਰਸਿਟੀ ਵਿਖੇ ਬੁਢਾਪੇ ਦੀ ਸਮੱਸਿਆ ਦਾ ਹੱਲ ਲੱਭਣ ਬਾਰੇ ਖੋਜ ਵਿਚ ਮੋਹਰੀ ਹਨ। ਪੰਜਾਬੀ ਕਵੀ ਸੋਹਣ ਕਾਦਰੀ ਬਾਰੇ ਵੀ ਪਤਾ ਲੱਗਾ ਪਰੰਤੂ ਮੇਰੇ ਪਾਸ ਸਮੇਂ ਦੀ ਥੁੜ ਸੀ।

ਬੜੀ ਖੁਸ਼ੀ ਦੀ ਗੱਲ ਹੈ ਕਿ ਡੈਨਮਾਰਕ ਦੇ ਵਧੇਰੇ ਸਿੱਖ ਪੜ੍ਹੇ ਲਿਖੇ ਹਨ ਅਤੇ ਅੱਗੋਂ ਬੱਚਿਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦੇ ਰਹੇ ਹਨ। ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਗੁਰਦਵਾਰੇ ਵਿਚ ਹੈ। ਕੀਰਤਨ ਵੀ ਸੰਗਤ ਆਪ ਹੀ ਕਰਦੀ ਹੈ। ਗੁਰਮੇਲ ਸਿੰਘ ਨੇ ਰਾਤ ਨੂੰ ਕੋਪਨਹੈਗਨ ਦੀ ਸੈਰ ਕਰਾ ਦਿੱਤੀ। ਤੀਵੋਲੀ ਗਾਰਡਨ, ਪਾਰਲੀਮੈਂਟ ਦੀ ਇਮਾਰਤ, ਮਹੱਲ, ਸ਼ਹਿਰ ਦੀ ਝੀਲ ਅਤੇ ਵੀਕ-ਐਂਡ ਉਪਰ ਆਤਸ਼ਬਾਜੀ ਦਾ ਨਜ਼ਾਰਾ ਰਾਤ ਨੂੰ ਵੇਖਣਯੋਗ ਹੁੰਦਾ ਹੈ। ਕੋਪਨਹੈਗਨ ਅੰਦਰ ਅਮਲੀਆਂ ਦੀ ਬਸਤੀ 'ਕਰਿਸਟੀਨੀਆ' ਵੀ ਖਿੱਚ ਦਾ ਕਾਰਨ ਹੈ। ਇਥੇ ਲਵਾਰਸ ਲੋਗ ਰਹਿੰਦੇ ਹਨ ਅਤੇ ਅੰਦਰ ਜਾਣਾ ਖਤਰੇ ਤੋਂ ਖਾਲੀ ਨਹੀਂ। ਯੂਰਪੀਨ ਮਾਪੇ ਆਪਣੇ ਗਵਾਚੇ ਹੋਏ ਪੁੱਤਰ ਧੀਆਂ ਇਥੋਂ ਆ ਕੇ ਲੱਭ ਲੈਂਦੇ ਹਨ ਪਰੰਤੂ ਮੈਂ ਇਥੇ ਜਾ ਕੇ ਗਵਾਚਣਾ ਨਹੀਂ ਚਾਹੁੰਦਾ ਸੀ।

## ਸਵੀਡਨ ਦੀ ਯਾਤਰਾ

---

13 ਸਤੰਬਰ ਦੀ ਸਵੇਰ ਸ਼ਬੇਗ ਸਿੰਘ ਆਪਣੀ ਕਾਰ ਵਿਚ ਬਿਠਾ ਕੇ ਮੈਨੂੰ ਕੋਪਨਹੈਗਨ ਦੇ ਰੇਲਵੇ ਸਟੇਸ਼ਨ ਤੇ ਵਿਦਾ ਕਰ ਗਿਆ। ਇੱਥੋਂ ਮੈਂ ਸਵੀਡਨ ਦੀ ਰਾਜਧਾਨੀ ਸਟਾਕਹਾਲਮ ਜਾਣ ਵਾਲੀ ਗੱਡੀ ਤੇ ਸਵਾਰ ਹੋਇਆ ਜੋ ਪਹਿਲਾਂ ਫੈਰੀ ਰਾਹੀਂ ਸਮੁੰਦਰ ਪਾਰ ਕਰਦੀ ਸੀ ਪਰੰਤੂ ਹੁਣ ਲੰਬੇ ਪੁਲ ਰਾਹੀਂ ਕੋਪਨਹੈਗਨ ਨੂੰ ਸਵੀਡਨ ਨਾਲ ਜੋੜ ਦਿੱਤਾ ਗਿਆ ਹੈ। ਬਾਲਟਿਕ ਸਮੁੰਦਰ ਵਿਚ ਸ਼ਾਇਦ ਇਹ ਦੁਨੀਆਂ ਦਾ ਸਭ ਤੋਂ ਲੰਬਾ ਪੁਲ ਹੋਵੇਗਾ ਅਤੇ ਇਸ ਨੂੰ ਇੰਜਨੀਅਰਿੰਗ ਦਾ ਇਕ ਅਜੂਬਾ ਮੰਨਿਆ ਜਾਂਦਾ ਹੈ। ਪੁਲ ਪਾਰ ਕਰਕੇ ਸਵੀਡਨ ਦਾ ਸ਼ਹਿਰ ਮਾਲਮੋ ਆ ਗਿਆ ਜੋ ਇਕ ਵੱਡੀ ਬੰਦਰਗਾਹ ਵੀ ਹੈ।

ਸਵੀਡਨ ਦੀ ਆਬਾਦੀ 80 ਲੱਖ ਹੈ ਤੇ ਇਸਦੀ ਲੰਬਾਈ 3000 ਕਿਲੋਮੀਟਰ ਦੇ ਬਰਾਬਰ ਹੈ। ਇਹ ਨਾਰਵੇ ਅਤੇ ਫਿਨਲੈਂਡ ਦੇ ਵਿਚਕਾਰ ਲੰਬੂਤਰਾ ਜਿਹਾ ਦੇਸ਼ ਹੈ ਜੋ ਉਤਰੀ ਧਰੁਵ ਕੋਲ ਜਾ ਪਹੁੰਚਦਾ ਹੈ। ਇਸ ਦੇ ਧੁਰ ਉਤਰੀ ਭਾਗ ਵਿਚ ਉਹ ਇਲਾਕਾ ਹੈ ਜਿੱਥੇ 6 ਮਹੀਨੇ ਦਾ ਦਿਨ ਅਤੇ 6 ਮਹੀਨੇ ਦੀ ਰਾਤ ਹੁੰਦੀ ਹੈ। ਇਸ ਨੂੰ ਲੈਪਲੈਂਡ ਕਹਿੰਦੇ ਹਨ। ਕਿਸੇ ਸਮੇਂ ਵਾਈਕਿੰਗ ਹਮਲਾਵਰਾਂ ਨੇ ਸਾਰੇ ਯੂਰਪ ਉਪਰ ਕਬਜਾ ਕਰ ਰੱਖਿਆ ਸੀ ਜੋ ਸਵੀਡਨ ਦੇ ਬਾਸ਼ਿੰਦੇ ਸਨ। ਹੁਣ ਵੀ ਧੁਰ ਉਤਰੀ ਭਾਗ ਵਿਚ ਐਸਕੀਮੋ ਕਬੀਲੇ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦੀ ਜੀਵਨ ਪ੍ਰਣਾਲੀ ਵਿਚ ਰੇਂਡੀਅਰ ਹੀ ਕੇਂਦਰ ਬਿੰਦੂ ਹੈ। ਇਸ ਦੀ ਖੱਲ ਦੀ ਉਹ ਪੁਸ਼ਾਕ ਪਹਿਨਦੇ ਹਨ, ਇਸ ਦਾ ਮੀਟ ਖਾਂਦੇ ਹਨ ਅਤੇ ਇਸ ਨੂੰ ਬਰਫ ਉਪਰ ਸਲੈਜ਼ (ਰੇੜ੍ਹੀ ਗੱਡੀ) ਖਿੱਚਣ ਲਈ ਵੀ ਵਰਤਦੇ ਹਨ। ਇਹਨਾਂ ਦੇ ਘਰ ਬਰਫ ਅੰਦਰ ਹੀ ਬਣੇ ਹੁੰਦੇ ਹਨ ਜਿਸ ਨੂੰ ਇਗਲੂ ਕਹਿੰਦੇ ਹਨ। ਆਮ ਬੰਦੇ ਲਈ ਅਜਿਹੇ ਬਰਫੀਲੇ ਖਿੱਤੇ ਵਿਚ ਰਹਿਣਾ ਜੋਖਮ ਭਰਿਆ ਕੰਮ ਹੈ।

ਮਾਲਮੋ ਤੋਂ ਗੱਡੀ ਸਵੀਡਨ ਦੀ ਹਰੀ ਭਰੀ ਧਰਤੀ ਉਪਰ ਸਟਾਕਹਾਲਮ ਵੱਲ ਚੱਲੀ ਤਾਂ ਰਸਤੇ ਵਿਚ ਜੰਗਲ ਅਤੇ ਝੀਲਾਂ ਦਾ ਤਾਣਾ ਬਾਣਾ ਹੀ ਲੱਭਿਆ। ਬਹੁਤੀ ਵਸੋਂ ਸ਼ਹਿਰਾਂ ਵਿਚ ਹੈ ਅਤੇ ਕੋਈ ਵਿਰਲਾ ਟਾਵਾਂ ਹੀ ਪਿੰਡ ਨਜ਼ਰੀ ਪੈਂਦਾ ਸੀ। ਪੈਰਿਸ ਦੇ ਮਿੱਤਰ ਨਰੇਸ਼ਪਾਲ ਸਿੰਘ ਨੇ ਸਵੀਡਨ ਦੀ ਕੁਦਰਤੀ ਸੁੰਦਰਤਾ ਬਾਰੇ ਦੱਸ ਰੱਖਿਆ ਸੀ ਕਿਉਂਕਿ ਉਸਦੀ ਪਹਿਲੀ ਘਰਵਾਲੀ ਮਰਿਆਨਾ ਇੱਥੋਂ ਦੀ ਵਸਨੀਕ ਸੀ। ਰਸਤੇ ਵਿਚ ਗੱਡੀ ਕਈ ਸਟੇਸ਼ਨਾਂ ਤੇ ਰੁਕੀ ਪਰੰਤੂ ਇਕ ਦੋ ਸਵਾਰੀਆਂ ਹੀ ਉਤਰਦੀਆਂ ਚੜ੍ਹਦੀਆਂ ਸਨ। ਭਾਰਤ ਵਾਂਗ ਭੀੜ ਭੜੱਕਾ ਕਿਧਰੇ ਨਹੀਂ ਲੱਭਦਾ। ਬੰਦਾ ਵੇਖਣ ਨੂੰ ਅੱਖਾਂ ਤਰਸ ਜਾਂਦੀਆਂ ਹਨ। ਰਸਤੇ ਵਿਚ ਛੋਟੀਆਂ ਪਹਾੜੀਆਂ ਵੀ ਆਈਆਂ ਅਤੇ ਕਈ ਥਾਂ ਗੱਡੀ ਸੁਰੰਗਾਂ ਵਿਚੋਂ ਲੰਘੀ। ਦੁਪਹਿਰ ਤੋਂ ਬਾਅਦ ਸਾਡੀ ਗੱਡੀ ਸਟਾਕਹਾਲਮ ਦੇ ਰੇਲਵੇ ਸਟੇਸ਼ਨ ਤੇ ਜਾ ਪਹੁੰਚੀ। ਮੇਰਾ ਵਿਗਿਆਨੀ ਮਿੱਤਰ ਗੁਸਤਾਵ ਏਕਰਬਲੋਮ ਅੱਗੋਂ ਲੈਣ ਆਇਆ ਹੋਇਆ ਸੀ। ਉਹ ਬੜੇ ਤਪਾਕ ਨਾਲ ਮਿਲਿਆ ਅਤੇ ਮੈਂ ਉਸਦੀ ਕਾਰ ਵਿਚ ਸਵਾਰ ਹੋ ਕੇ ਸਟਾਕਹਾਲਮ ਦੇ ਬਜਾਰਾਂ ਵਿੱਚੋਂ ਹੁੰਦਾ ਹੋਇਆ ਰੇਡੀਏਸ਼ਨ ਸੁਰੱਖਿਆ ਸੰਸਥਾ ਦੀ ਪ੍ਰਯੋਗਸ਼ਾਲਾ ਵਿਚ ਪਹੁੰਚ ਗਿਆ। ਇਸ ਸੰਸਥਾ ਦਾ ਕੰਮ ਰੇਡੀਏਸ਼ਨ ਜਾਂ ਵਿਕਿਰਣ ਦੇ ਪ੍ਰਭਾਵ ਦੀ ਖੋਜ ਕਰਨਾ ਅਤੇ ਲੋਕਾਂ ਨੂੰ ਇਸ ਦੇ ਮਾਰੂ ਅਸਰ ਤੋਂ ਬਚਾਉਣ ਦਾ ਪ੍ਰਬੰਧ ਕਰਨਾ ਹੈ। ਸਵੀਡਨ ਦੀ ਸਰਕਾਰ ਨੇ ਪਰਮਾਣੂ ਬੰਬਾਂ ਦੇ ਵਿਕਿਰਣ ਤੋਂ ਬਚਣ ਲਈ ਧਰਤੀ ਹੇਠ ਖੰਦਰਾਂ ਬਣਾ ਰੱਖੀਆਂ ਹਨ ਅਤੇ ਸਾਰੀ ਆਬਾਦੀ ਇਹਨਾਂ ਵਿਚ ਲੁਕ ਸਕਦੀ ਹੈ। ਮੇਰੀ ਖੋਜ ਵੀ ਵਿਕਿਰਣ ਨਾਲ ਸਬੰਧਿਤ ਹੋਣ ਕਰਕੇ ਇੱਥੇ ਵਿਚਾਰ ਵਿਟਾਂਦਰਾ ਹੋਇਆ ਅਤੇ ਸੰਸਥਾ ਦੇ ਕਈ ਵਿਗਿਆਨੀ ਮਿਲਣ ਆਏ। ਗੁਸਤਾਵ ਦੀ ਘਰਵਾਲੀ 'ਆਨ ਚਾਰਲੋਤ' ਵੀ ਇਸੇ ਸੰਸਥਾ ਵਿਚ ਖੋਜ ਦਾ ਕੰਮ ਕਰਦੀ ਹੈ। ਉਹ ਵੀ ਮਿਲਣ ਆਈ ਅਤੇ ਅਸੀਂ ਤਿੰਨ ਜਣੇ ਕਾਰ ਤੇ ਸਵਾਰ ਹੋ ਕੇ ਗੁਸਤਾਵ ਦੇ ਘਰ ਵੱਲ ਰਵਾਨਾ ਹੋ ਪਏ।

ਸਵੀਡਨ ਨੂੰ ਕੁਦਰਤੀ ਨਜ਼ਾਰਿਆਂ ਦਾ ਦੇਸ਼ ਕਹਿਣਾ ਚਾਹੀਦਾ ਹੈ। ਪਤਾ ਨਹੀਂ ਲੋਕ ਕਿਉਂ ਸਵਿਟਜ਼ਰਲੈਂਡ ਨੂੰ ਧਰਤੀ ਉਪਰ ਸਵਰਗ ਦਾ ਟੁਕੜਾ ਕਹਿੰਦੇ ਹਨ। ਸਟਾਕਹਾਲਮ ਕਾਊਂਟੀ ਦਾ ਇਲਾਕਾ ਬਾਲਟਿਕ ਸਮੁੰਦਰ ਵਿਚ ਇਕ ਸਮੁੰਦਰੀ ਜਜ਼ੀਰਾ ਹੈ ਅਤੇ ਇਸ ਵਿਚ ਚੌਵੀ ਹਜ਼ਾਰ ਟਾਪੂ ਹਨ। ਕਈ ਟਾਪੂ ਤਾਂ ਇੰਨੇ ਛੋਟੇ ਹਨ ਕਿ ਮਸਾਂ ਇੱਲ ਦਾ ਆਲ੍ਹਣਾ ਹੀ ਬਣ ਸਕਦਾ ਹੈ। ਸਟਾਕਹਾਲਮ ਸ਼ਹਿਰ ਦੀ ਆਬਾਦੀ ਚੌਦਾਂ ਸਮੁੰਦਰੀ ਟਾਪੂਆਂ ਉਪਰ ਵੱਸਦੀ ਹੈ। ਇਹ ਟਾਪੂ ਰੇਲ ਅਤੇ ਸੜਕ ਰਾਹੀਂ ਜੋੜੇ ਗਏ ਹਨ ਪਰੰਤੂ ਬਹੁਤੀ ਆਵਾਜਾਈ ਸਮੁੰਦਰੀ ਜਹਾਜ਼ਾਂ ਅਤੇ ਕਿਸ਼ਤੀਆਂ ਰਾਹੀਂ ਹੁੰਦੀ ਹੈ। ਐਮਸਟਰਡਮ ਵਾਂਗ ਇੱਥੇ ਵੀ ਨਹਿਰਾਂ ਹਨ ਪਰੰਤੂ ਇਹ ਸ਼ਹਿਰ ਵਧੇਰੇ ਫੈਲਿਆ ਹੋਇਆ ਹੈ। ਗੁਸਤਾਵ ਏਕਰਬਲੋਮ ਦਾ ਘਰ ਮਾਲਾਰੇਨ ਝੀਲ ਦੇ ਕਿਨਾਰੇ ਹੈ ਜੋ ਟਾਪੂ ਨੂੰ ਸਮੁੰਦਰ ਨਾਲ ਜੋੜਦੀ ਹੈ। ਰਾਤ ਨੂੰ ਆਨ ਚਾਰਲੋਤ ਨੇ ਕੁੱਕ ਬੁੱਕ ਦੀ ਮਦਦ ਨਾਲ ਸ਼ਾਕਾਹਾਰੀ ਭੋਜਨ ਤਿਆਰ ਕੀਤਾ। ਘਰ ਦੀ ਪਹਿਲੀ ਮੰਜ਼ਿਲ ਤੋਂ ਝੀਲ ਦਾ ਨਜ਼ਾਰਾ ਲੱਭਦਾ ਸੀ ਅਤੇ ਪਾਰਲੇ ਪਾਰ ਦੇ ਮਕਾਨਾਂ ਦੀਆਂ ਲਾਲ ਪੀਲੀਆਂ ਬੱਤੀਆਂ ਪਾਣੀ ਵਿਚ ਝਲਕਾਰੇ ਮਾਰਦੀਆਂ ਅਜੀਬੋ ਗਰੀਬ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਰੌਸ਼ਨੀ ਦਾ ਟਿਮਟਿਮਾਂਦਾ ਇਹ ਜਲੌਅ ਇੰਦਰ ਦੇਵਤੇ ਦੇ ਅਖਾੜੇ ਦੀਆਂ ਅਪੱਸਰਾਂ ਦੇ ਨਾਚ ਨੂੰ ਮਾਤ ਪਾ ਰਿਹਾ ਸੀ। ਘਰ ਦੇ ਵਿਹੜੇ ਵਿਚ ਸਬਜੀ ਅਤੇ ਫੁੱਲ ਉਗਾ ਰੱਖੇ ਸਨ। ਗੁਸਤਾਵ ਦੀ ਘਰਵਾਲੀ ਦੀ ਸ਼ਿਕਾਇਤ ਸੀ ਕਿ ਝੀਲ ਕਿਨਾਰੇ ਘੁੰਮਦੇ ਬਾਰਾਂ ਸਿੰਗੇ ਹਿਰਨ ਬਗੀਚੀ ਦਾ ਉਜਾੜਾ ਕਰ ਜਾਂਦੇ ਹਨ ਕਿਉਂਕਿ ਸਰਕਾਰ ਇਹਨਾਂ ਨੂੰ ਮਾਰਨ ਤੋਂ ਰੋਕਦੀ ਹੈ।

14 ਸਤੰਬਰ ਨੂੰ ਸਵੇਰੇ ਗਰਮ ਕੱਪੜਿਆਂ ਨਾਲ ਲੈਸ ਹੋ ਕੇ ਮੈਂ ਝੀਲ ਕਿਨਾਰੇ ਸੈਰ ਕੀਤੀ ਕਿਉਂਕਿ ਠੰਡਕ ਸਾਡੀਆਂ ਸਰਦੀਆਂ ਤੋਂ ਵਧੇਰੇ ਤਿੱਖੀ ਸੀ। ਸੱਤ ਵਜੇ ਅਸੀਂ ਘਰੋਂ ਨਿਕਲ ਪਏ ਤਾਂ ਕਿ ਸੜਕਾਂ ਤੇ ਭੀੜ ਹੋਣ ਤੋਂ ਪਹਿਲਾਂ ਹੀ ਖੋਜ ਸੰਸਥਾ ਪਹੁੰਚ ਜਾਈਏ। ਸਵੇਰ ਦਾ ਸਮਾਂ ਮੈਂ ਪ੍ਰਯੋਗਸ਼ਾਲਾ ਦੇ ਕੰਮ ਕਾਰ ਦਾ ਲੇਖਾ ਜੋਖਾ ਕਰਨ ਵਿਚ ਗੁਜਾਰਿਆ ਅਤੇ ਦੁਪਹਿਰ ਹੋਣ ਤਕ ਗੁਸਤਾਵ ਮੈਨੂੰ ਸ਼ਹਿਰ ਦੇ ਟੂਰਿਸਟ ਕੇਂਦਰ ਕੋਲ ਛੱਡ ਗਿਆ। ਕੁਝ ਚਿਰ ਬਜ਼ਾਰਾਂ ਵਿਚ ਪੈਦਲ ਘੁੰਮਿਆ ਪਰੰਤੂ ਕਾਲੀਆਂ ਘਟਾਵਾਂ ਨੂੰ ਵੇਖ ਕੇ ਮੈਂ ਟੂਰਿਸਟ ਕੇਂਦਰ ਤੋਂ ਯਾਤਰਾ ਬੱਸ ਤੇ ਸਵਾਰ ਹੋ ਕੇ ਸ਼ਹਿਰ ਦਾ ਨਜ਼ਾਰਾ ਵੇਖਣ ਨਿਕਲ ਪਿਆ। ਮੇਰਾ ਤਕਾਜ਼ਾ ਠੀਕ ਨਿਕਲਿਆ। ਝੱਟ ਹੀ ਮੋਹਲੇਧਾਰ ਬਾਰਸ਼ ਨੇ ਆ ਘੇਰਿਆ ਤੇ ਸਾਡੀ ਮੌਨਸੋਨ ਵਾਂਗ ਜਲਥਲ ਕਰ ਗਈ ਪਰੰਤੂ ਇੱਥੇ ਪਾਣੀ ਛੇਤੀ ਹੀ ਸਮੁੰਦਰ ਵਿਚ ਸਮੇਟਿਆ ਜਾਂਦਾ ਹੈ। ਯਾਤਰਾ ਬੱਸ ਪਾਰਲੀਮੈਂਟ ਹਾਊਸ, ਸ਼ਾਹੀ ਮਹੱਲ, ਗਿਰਜਾਘਰ, ਓਪੇਰਾ ਹਾਊਸ ਤੋਂ ਹੁੰਦੀ ਹੋਈ ਸ਼ਹਿਰ ਦੇ ਪੁਰਾਣੇ ਹਿੱਸੇ ਵਿਚ ਦਾਖਲ ਹੋਈ। ਇਹ ਇਕ ਪਹਾੜੀ ਉਪਰ ਵੱਸਿਆ ਸ਼ਹਿਰ ਹੈ ਜਿੱਥੇ ਯਾਤਰੀ ਪੈਦਲ ਘੁੰਮ ਕੇ ਆਨੰਦ ਮਾਣਦੇ ਹਨ ਕਿਉਂਕਿ ਅੰਮ੍ਰਿਤਸਰ ਵਾਂਗ ਭੀੜੀਆਂ ਗਲੀਆਂ ਹਨ। ਹਰ ਯਾਤਰੀ ਇੱਥੋਂ ਹੋ ਕੇ ਜਾਂਦਾ ਹੈ ਕਿਉਂਕਿ ਯੂਰਪੀਨ ਲੋਕ ਚੰਡੀਗੜ੍ਹ ਵਰਗੇ ਸ਼ਹਿਰਾਂ ਨੂੰ ਪਸੰਦ ਨਹੀਂ ਕਰਦੇ ਸਗੋਂ ਪੁਰਾਣੇ ਸਭਿਅਤਾ ਦੇ ਕੇਂਦਰ ਪਸੰਦ ਕਰਦੇ ਹਨ। ਪਹਾੜੀ ਤੋਂ ਬਾਲਟਿਕ ਸਮੁੰਦਰ ਵਿਚ ਨੇਵੀ ਦਾ ਬੇੜਾ ਅਤੇ ਸਟਾਕਹਾਲਮ ਸ਼ਹਿਰ ਦਾ ਨਜ਼ਾਰਾ ਲੱਭ ਰਿਹਾ ਸੀ।

ਦੁਪਹਿਰ ਤੋਂ ਬਾਅਦ ਗੁਸਤਾਵ ਮਿਥੀ ਹੋਈ ਜਗ੍ਹਾ ਤੇ ਮੈਨੂੰ ਲੈਣ ਆ ਗਿਆ। ਕਾਰ ਵਿਚ ਸਵਾਰ ਹੋ ਕੇ ਸ਼ਹਿਰ ਦਾ ਇਕ ਗੇੜਾ ਹੋਰ ਮਾਰਿਆ। ਇੱਥੇ ਪਾਰਕਾਂ ਵਿਚ ਸਿਆਸੀ ਲੀਡਰਾਂ ਦੇ ਬੁੱਤ ਨਜ਼ਰ ਨਹੀਂ ਆਉਂਦੇ ਬਲਕਿ ਵਿਗਿਆਨੀਆਂ ਦੇ ਬੁੱਤ ਹੀ ਲੱਭਦੇ ਹਨ। ਇਕ ਰਸਾਇਣ ਵਿਗਿਆਨੀ ਨੇ ਬਾਰੂਦ ਦੀ ਕਾਢ ਕੱਢ ਕੇ ਇੰਨਾ ਧਨ ਕਮਾ ਲਿਆ ਸੀ ਕਿ ਚੰਗੀ ਖੋਜ ਕਰਨ ਵਾਲਿਆਂ ਲਈ ਉਸਨੇ ਕਰੋੜਾਂ ਰੁਪਏ ਦਾ ਇਨਾਮ ਤਜਵੀਜ਼ ਕੀਤਾ ਜਿਸਨੂੰ ਨੋਬਲ ਪੁਰਸਕਾਰ ਕਿਹਾ ਜਾਂਦਾ ਹੈ। ਗੁਸਤਾਵ ਨੇ ਉਹ ਜਗ੍ਹਾ ਵੀ ਦਿਖਾਈ ਜਿੱਥੇ ਸਵੀਡਨ ਦਾ ਬਾਦਸ਼ਾਹ ਨੋਬਲ ਪੁਰਸਕਾਰ ਦੇਣ ਦੀ ਰਸਮ ਅਦਾ ਕਰਦਾ ਹੈ। ਬਜਾਰਾਂ ਵਿਚ ਕਿਧਰੇ ਵੀ ਪੁਲਿਸ ਦਾ ਸਿਪਾਹੀ ਨਹੀਂ ਲੱਭਦਾ ਸੀ। ਮੈਂ ਹੈਰਾਨ ਹੋ ਕੇ ਪੁੱਛਿਆ ਤਾਂ ਗੁਸਤਾਵ ਕਹਿਣ ਲੱਗਾ ਕਿ ਸਰਕਾਰ ਪੁਲਿਸ ਉਪਰ ਖਰਚ ਕਰਨ ਦੀ ਬਜਾਏ ਲੋਕ ਭਲਾਈ ਦੇ ਕੰਮਾਂ ਉਪਰ ਪੈਸਾ ਖਰਚ ਕਰਦੀ ਹੈ। ਸਵੀਡਨ ਦੇ ਪ੍ਰਧਾਨ ਮੰਤਰੀ ਦਾ ਘਰ ਆਇਆ ਤਾਂ ਕਹਿਣ ਲੱਗਾ ਕਿ ਵੇਖ ਲੈ ਕੋਈ ਵੀ ਸੁਰੱਖਿਆ ਦਸਤਾ ਤਾਇਨਾਤ ਨਹੀਂ ਹੈ। ਕਿਸੇ ਵੀ ਮੰਤਰੀ ਨੂੰ ਸਰਕਾਰੀ ਡਿਊਟੀ ਤੋਂ ਬਾਦ ਨਾ ਕਾਰ ਮਿਲਦੀ ਹੈ, ਨਾ ਸੁਰੱਖਿਆ ਅਤੇ ਨਾ ਹੀ ਡਰਾਈਵਰ। ਪ੍ਰਧਾਨ ਮੰਤਰੀ ਵੀ ਆਪ ਹੀ ਆਪਣੀ ਕਾਰ ਚਲਾ ਕੇ ਜਾਂਦਾ ਹੈ। ਸਵੀਡਨ ਵਰਗਾ ਅਮੀਰ ਦੇਸ਼ ਤਾਂ ਲੋਕ ਭਲਾਈ ਨੂੰ ਤਰਜੀਹ ਦਿੰਦਾ ਹੈ ਪਰੰਤੂ ਭਾਰਤ ਵਰਗਾ ਗਰੀਬ ਦੇਸ਼ ਕਰੋੜਾਂ ਰੁਪਿਆ ਸੁਰੱਖਿਆ ਪ੍ਰਬੰਧਾਂ ਉਪਰ ਖਰਚ ਕਰਕੇ ਵੀ ਕਿਸੇ ਦੀ ਸੁਰੱਖਿਆ ਨਹੀਂ ਕਰ ਸਕਦਾ। ਗੁਸਤਾਵ ਅਤੇ ਆਨ ਚਾਰਲੋਤ ਨੇ ਮੇਰੇ ਡਿਨਰ ਦਾ ਪ੍ਰਬੰਧ ਸ਼ਹਿਰ ਦੇ ਉਸ ਹੋਟਲ ਵਿਚ ਕੀਤਾ ਜਿੱਥੇ ਨੋਬਲ ਇਨਾਮ ਜੇਤੂ ਪੁਰਸਕਾਰ ਹਾਸਲ ਕਰਕੇ ਭੋਜਨ ਖਾਂਦੇ ਹਨ। ਮੇਰੇ ਲਈ ਇਹ ਯਾਦਗਾਰੀ ਹੋ ਨਿਬੜਿਆ ਕਿਉਂਕਿ ਮੇਰੇ ਮਿੱਤਰ ਅਬਦੁਲ ਸਲਾਮ ਵੀ 1979 ਵਿਚ ਨੋਬਲ ਇਨਾਮ ਜਿੱਤ ਕੇ ਇਸੇ ਹੋਟਲ ਵਿਚ ਡਿਨਰ ਕਰਕੇ ਗਏ ਸਨ। ਰਾਤ ਵੇਲੇ ਦਾ ਨਜ਼ਾਰਾ ਤੱਕਦੇ ਹੋਏ ਮੇਰੇ ਦੋਸਤ ਮੈਨੂੰ ਸਟਾਕਹਾਲਮ ਦੇ ਰੇਲਵੇ ਸਟੇਸ਼ਨ ਤੇ ਵਿਦਾ ਕਰਨ ਆਏ ਅਤੇ ਮੈਂ ਜਰਮਨੀ ਵੱਲ ਰਵਾਨਾ ਹੋ ਪਿਆ।

# ਜਰਮਨੀ ਦੀ ਯਾਤਰਾ

15 ਸਤੰਬਰ ਦੁਪਹਿਰ ਤੋਂ ਬਾਦ ਮੇਰੀ ਗੱਡੀ ਹੈਮਬਰਗ ਦੇ ਸਟੇਸ਼ਨ ਤੇ ਪਹੁੰਚ ਗਈ। ਮੈਂ ਪਲੇਟਫਾਰਮ ਤੇ ਤੱਕਿਆ ਤਾਂ ਇਕ ਸਿੱਖ ਨੌਜਵਾਨ ਮੇਰਾ ਇੰਤਜਾਰ ਕਰ ਰਿਹਾ ਸੀ। ਅਸੀਂ ਮੁੱਖ ਦਰਵਾਜੇ ਤੋਂ ਬਾਹਰ ਨਿਕਲੇ ਤਾਂ ਪੁਲਿਸ ਵਾਲੇ ਘੂਰ ਘੂਰ ਕੇ ਸਾਡੇ ਵੱਲ ਵੇਖ ਰਹੇ ਸਨ। ਨੌਜਵਾਨ ਨੇ ਦੱਸਿਆ ਕਿ ਜਰਮਨ ਪੁਲਿਸ ਨੇ ਕੁਝ ਅਰਬੀ-ਫਲਸਤੀਨੀ ਮੁੰਡੇ ਫੜੇ ਹਨ ਕਿਉਂਕਿ ਅਮਰੀਕਾ ਵਾਲਿਆਂ ਨੂੰ ਸ਼ੱਕ ਹੈ ਕਿ ਗਿਆਰਾਂ ਸਤੰਬਰ ਦੀ ਘਟਨਾ ਵਿਚ ਹਵਾਈ ਜਹਾਜ ਅਗਵਾ ਕਰਨ ਵਾਲੇ ਅੱਤਵਾਦੀ ਹੈਮਬਰਗ ਯੂਨੀਵਰਸਿਟੀ ਦੇ ਵਿਦਿਆਰਥੀ ਰਹੇ ਸਨ। ਭੁਲੇਖੇ ਵਿਚ ਪੁਲਿਸ ਵਾਲੇ ਸਿਖ ਟੈਕਸੀ ਡਰਾਈਵਰਾਂ ਨੂੰ ਵੀ ਤੰਗ ਕਰ ਰਹੇ ਸਨ। ਸਿੱਖਾਂ ਦੀ ਬਾਹਰੀ ਸ਼ਕਲ ਬਿਨ ਲਾਦੇਨ ਨਾਲ ਮਿਲਦੀ ਹੋਣ ਕਰਕੇ ਯੂਰਪੀਨ ਲੋਕਾਂ ਨੂੰ ਭੁਲੇਖਾ ਪੈਣਾ ਸੁਭਾਵਿਕ ਗੱਲ ਸੀ। ਰੇਲਵੇ ਸਟੇਸ਼ਨ ਤੋਂ ਅਸੀਂ ਸਿੱਧਾ ਹੈਮਬਰਗ ਦੇ ਗੁਰਦੁਆਰੇ ਪਹੁੰਚੇ ਜੋ ਸ਼ਹਿਰ ਤੋਂ ਬਾਹਰ ਫੈਕਟਰੀ ਏਰੀਆ ਵਿਚ ਹੈ। ਗੁਰੂ ਘਰ ਵਿਚ ਲੰਗਰ ਹਮੇਸ਼ਾ ਚਲਦਾ ਰਹਿੰਦਾ ਹੈ। ਉਪਰਲੀ ਮੰਜਿਲ ਤੇ ਅਖੰਡ ਪਾਠ ਚਲ ਰਿਹਾ ਸੀ ਅਤੇ ਸਿੱਖ ਪਰਿਵਾਰ ਦੇ ਸਾਰੇ ਮੈਂਬਰ ਸੇਵਾ ਵਿਚ ਹਾਜ਼ਰ ਸਨ। ਮੈਨੂੰ ਗ੍ਰੰਥੀ ਸਿੰਘਾਂ ਦੇ ਕਮਰੇ ਵਿਚ ਰੈਣ ਬਸੇਰੇ ਲਈ ਥਾਂ ਮਿਲ ਗਈ। ਸਿੱਖ ਨੌਜਵਾਨ ਸ਼ਮਸ਼ੇਰ ਸਿੰਘ ਦਾ ਭਤੀਜਾ ਸੀ ਜਿਸ ਦੀਆਂ ਅੱਠ ਟੈਕਸੀਆਂ ਹੈਮਬਰਗ ਵਿਚ ਚਲ ਰਹੀਆਂ ਹਨ ਅਤੇ ਇਹ ਪਰਿਵਾਰ ਗੁਰੂ ਘਰ ਦੀ ਸੇਵਾ ਸੰਭਾਲ ਵੀ ਕਰਦਾ ਹੈ। ਉਹ ਮੈਨੂੰ ਗੁਰਦੁਆਰੇ ਛੱਡ ਕੇ ਚਲਾ ਗਿਆ ਪਰੰਤੂ ਵਾਇਦੇ ਮੁਤਾਬਿਕ ਸਮੇਂ ਸਿਰ ਪਰਤਿਆ ਹੀ ਨਾ ਅਤੇ ਮੇਰਾ ਹੈਮਬਰਗ ਘੁੰਮਣ ਦਾ ਪ੍ਰੋਗਰਾਮ ਠੁੱਸ ਹੁੰਦਾ ਜਾਪਿਆ।

ਮੈਂ ਇੰਤਜ਼ਾਰ ਕਰਦਾ ਹੋਇਆ ਜੱਕੋ ਤੱਕੀ ਪੈ ਰਿਹਾ ਸਾਂ ਕਿ ਬਠਿੰਡੇ ਜਿਲੇ ਦਾ ਨਿਰਮਲ ਸਿੰਘ ਟੱਕਰ ਪਿਆ। ਮੈਂ ਕਿਹਾ ਭਾਈ ਸਾਹਿਬ ਮੈਨੂੰ ਹੈਮਬਰਗ ਦਾ ਡਾਊਨ ਟਾਊਨ ਘੁਮਾ ਲਿਆਓ। ਉਹ ਹੈਰਾਨ ਜਿਹਾ ਹੋ ਗਿਆ ਅਤੇ ਕਹਿਣ ਲੱਗਾ ਕਿ ਉਸ ਨੂੰ ਤਾਂ ਪਤਾ ਹੀ ਨਹੀਂ ਕਿ ਡਾਊਨ ਟਾਊਨ ਕਿੱਥੇ ਹੈ। ਮੈਂ ਛਿੱਥਾ ਪੈ ਗਿਆ ਅਤੇ ਦੱਸਿਆ ਕਿ ਸ਼ਹਿਰ ਦਾ ਉਹ ਹਿੱਸਾ ਜਿੱਥੇ ਯਾਤਰੀ ਘੁੰਮਣ ਆਉਂਦੇ ਹਨ ਉਸਨੂੰ ਡਾਊਨ ਟਾਊਨ ਕਹਿੰਦੇ ਹਨ। ਨਿਰਮਲ ਸਿੰਘ ਕਹਿਣ ਲੱਗਾ ਕਿ ਅਸੀਂ ਤਾਂ ਪੈਸੇ ਕਮਾਉਣ ਆਏ ਹਾਂ, ਘੁੰਮਣ ਲਈ ਥੋੜ੍ਹਾ ਆਏ ਹੋਏ ਹਾਂ। ਆਖਰ ਆਪਣੇ ਸਾਥੀ ਦੀ ਵੈਨ ਲੈ ਕੇ ਉਹ ਮੇਰੇ ਨਾਲ ਚੱਲ ਪਿਆ ਅਤੇ ਅਸੀਂ ਹੈਮਬਰਗ ਸ਼ਹਿਰ ਦਾ ਗੇੜਾ ਲਾਉਣ ਨਿਕਲ ਤੁਰੇ। ਰਸਤੇ ਵਿਚ ਭਟਨੂਰਾ ਪਿੰਡ ਦੇ ਭੱਟੀ ਦੀ ਪੀਜ਼ਾ ਹੱਟ ਤੇ ਰੁਕੇ ਜੋ ਬੜੇ ਤਪਾਕ ਨਾਲ ਮਿਲਿਆ ਅਤੇ ਸਭ ਨੂੰ ਗਰਮ ਗਰਮ ਚਾਹ ਛਕਾਈ। ਉਸਦੀ ਘਰਵਾਲੀ ਅਤੇ ਛੋਟਾ ਭੁਝੰਗੀ ਵੀ ਮਿਲਿਆ। ਤਿੰਨ ਧੀਆਂ ਤੋਂ ਬਾਅਦ ਹੋਏ ਆਪਣੇ ਲਾਡਲੇ ਪੁੱਤਰ ਦੀ ਖੁਸ਼ੀ ਵਿਚ ਭੱਟੀ ਹਰ ਪੰਜਾਬੀ ਮਹਿਮਾਨ ਨੂੰ ਲੱਡੂ ਭੇਟ ਕਰਦਾ ਹੈ। ਹੈਮਬਰਗ ਵਿਚ ਉਸਨੂੰ ਲੱਡੂਆਂ ਵਾਲਾ ਭੱਟੀ ਕਰਕੇ ਜਾਣਦੇ ਹਨ। ਮੇਰੇ ਨਾਲ ਤਾਂ ਉਸਨੇ ਵਾਇਦਾ ਕੀਤਾ ਸੀ ਕਿ ਉਹ ਹੁਣ ਆਪਣੇ ਪੁੱਤਰ ਦੀ ਰੀਸ ਸਿੱਖੀ ਸਰੂਪ ਵੀ ਧਾਰਨ ਕਰ ਲਵੇਗਾ।

ਹੈਮਬਰਗ ਜਰਮਨੀ ਦਾ ਦੂਜਾ ਵੱਡਾ ਸ਼ਹਿਰ ਅਤੇ ਵਪਾਰਕ ਕੇਂਦਰ ਹੈ। ਇਸ ਦੀ ਵੱਸੋਂ 18 ਲੱਖ ਹੈ। ਕਿਸੇ ਸਮੇਂ ਜਰਮਨੀ ਦਾ ਮਹਾਨ ਬਾਦਸ਼ਾਹ ਬਿਸਮਾਰਕ ਇੱਥੇ ਰਾਜ ਕਰਦਾ ਸੀ। ਦੂਜੇ ਵਿਸ਼ਵ ਯੁੱਧ ਵਿਚ ਇਸ ਸ਼ਹਿਰ ਦੀ ਪੂਰੀ ਤਬਾਹੀ ਹੋ ਗਈ ਪਰੰਤੂ ਜਰਮਨ ਲੋਕਾਂ ਨੇ ਇਸਨੂੰ ਮੁੜ ਵਸਾ ਲਿਆ ਅਤੇ ਇਸਦੇ ਪੁਰਾਣੇ ਗਿਰਜਾ ਘਰ ਮੁੜ ਤਾਮੀਰ ਕਰ ਲਏ। ਅਸੀਂ ਸੇਂਟ ਪੀਟਰ ਅਤੇ ਸੇਂਟ ਨਿਕੋਲਾਏ ਦੇ ਇਤਿਹਾਸਕ ਗਿਰਜਾ ਘਰ ਦੇਖੇ। ਪਾਦਰੀ ਕਹਿਣ ਲੱਗਾ ਕਿ ਹਰ ਧਰਮ ਵਿਚ ਮਾੜੇ ਚੰਗੇ ਬੰਦੇ ਮਿਲਦੇ ਹਨ। ਅਮਰੀਕਾ ਦਾ ਪ੍ਰਧਾਨ ਤਾਂ ਮੁਸਲਮਾਨਾਂ ਦੇ ਪਿੱਛੇ ਹੱਥ ਧੋ ਕੇ ਪੈ ਗਿਆ ਹੈ। ਮੈਨੂੰ ਜਾਪਿਆ ਕਿ ਯੂਰਪ ਦੇ ਸਿੱਖ ਕਾਮੇ ਹੀਣਤਾ ਭਾਵ ਦਾ ਸ਼ਿਕਾਰ ਹਨ। ਦੂਸਰਾ ਸਾਡੀਆਂ ਸਿੱਖ ਸੰਸਥਾਵਾਂ ਉੱਕਾ ਹੀ ਨਕਾਰਾ ਹਨ ਜੋ ਸਿੱਖੀ ਦੀ ਪਹਿਚਾਣ ਖਾਤਰ ਕੋਈ ਉਪਰਾਲਾ ਨਹੀਂ ਕਰ ਰਹੀਆਂ। ਸਿੱਖ ਆਪਣੇ ਗੁਰਦਵਾਰਿਆਂ ਤਕ ਹੀ ਸੀਮਤ ਹੋ ਗਏ ਹਨ। ਉਹ ਆਪਣੇ ਧਰਮ ਬਾਰੇ ਹੁਣ ਜਾਗਰੂਕ ਹੋ ਰਹੇ ਹਨ ਕਿਉਂਕਿ ਅਮਰੀਕਾ ਦੀ ਘਟਨਾ ਨੇ ਉਹਨਾਂ ਨੂੰ ਹਲੂਣ ਕੇ ਰੱਖ ਦਿੱਤਾ ਹੈ।

ਗਿਰਜਾਘਰਾਂ ਦੇ ਨਜ਼ਦੀਕ ਹੀ ਹੈਮਬਰਗ ਸੂਬੇ ਦੀ ਪਾਰਲੀਮੈਂਟ ਬਿਲਡਿੰਗ ਹੈ ਜਿਸਨੂੰ ਰਾਥਹੌਸ ਕਹਿੰਦੇ ਹਨ। ਇਸ ਦੇ ਬਾਹਰਵਾਰ ਜਰਮਨ ਲੋਕ ਅਮਰੀਕਾ ਵਿਚ ਸ਼ਹੀਦ ਹੋਏ ਬੰਦਿਆਂ ਲਈ ਫੁੱਲ ਭੇਟ ਕਰ ਰਹੇ ਸਨ। ਅਸੀਂ ਭੀੜ ਤੋਂ ਪਾਸਾ ਵੱਟ ਕੇ ਅੱਗੇ ਲੰਘ ਗਏ ਮਤੇ ਕੋਈ ਸਾਨੂੰ ਮੁਸਲਮਾਨ ਸਮਝ ਕੇ ਬੁਰਾ ਭਲਾ ਨਾ ਕਹੇ। ਕਾਰ ਤੇ ਸਵਾਰ ਹੋ ਕੇ ਅਸੀਂ ਹੈਮਬਰਗ ਦੀ ਬੰਦਰਗਾਹ ਵੇਖਣ ਗਏ। ਭਾਂਵੇ ਸਮੁੰਦਰ ਇੱਥੋਂ ਦੂਰ ਹੈ ਪਰੰਤੂ ਕਲਕੱਤੇ ਦੇ ਹੁਗਲੀ ਦਰਿਆ ਵਾਂਗ ਹੈਮਬਰਗ ਵੀ ਇਕ ਦਰਿਆ ਰਾਹੀਂ ਸਮੁੰਦਰ ਨਾਲ ਜੁੜਿਆ ਹੋਇਆ ਹੈ ਅਤੇ ਵੱਡੇ ਭਾਰੀ ਜਹਾਜ ਵੀ ਬੰਦਰਗਾਹ ਤੇ ਆ ਸਕਦੇ ਹਨ। ਇਸ ਦੀ ਇਮਾਰਤ ਬਹੁਤ ਹੀ ਪੁਰਾਣੇ ਨਮੂਨੇ ਦੀ ਹੈ। ਸੈਰ ਕਰਨ ਲਈ ਯਾਤਰੀ ਜਹਾਜ ਵੀ ਤਿਆਰ ਖੜਾ ਸੀ। ਮੌਸਮ ਖਰਾਬ ਹੋਣ ਕਰਕੇ ਅਸੀਂ ਗੁਰਦਵਾਰੇ ਪਰਤ ਆਏ।

ਹੈਮਬਰਗ ਵਿਚ ਅੰਮ੍ਰਿਤਧਾਰੀ ਸਿੱਖਾਂ ਦੀ ਕਾਫੀ ਗਿਣਤੀ ਹੈ। ਭਾਈ ਜਰਨੈਲ ਸਿੰਘ ਅਤੇ ਉਸਦੀ ਧਰਮ ਪਤਨੀ ਬੀਬੀ ਸ਼ਮਿੰਦਰ ਕੌਰ ਪੂਰਣ ਗੁਰਸਿੱਖ ਜੋੜੀ ਹਨ। ਉਹ ਬੱਚਿਆਂ ਨੂੰ ਗੁਰਦਵਾਰੇ ਵਿਚ ਪੰਜਾਬੀ ਪੜ੍ਹਾਉਂਦੇ ਹਨ ਅਤੇ ਕੀਰਤਨ ਦੀ ਸਿੱਖਿਆ ਵੀ ਦਿੰਦੇ ਹਨ।ਜਰਨੈਲ ਸਿੰਘ ਅਤੇ ਕੁਝ ਹੋਰ ਸਿੰਘ ਫੈਕਟਰੀਆਂ ਵਿੱਚ ਕੰਮ ਕਰਦੇ ਹਨ। ਜਦੋਂ ਅਸੀਂ ਗੁਰਦਵਾਰੇ ਪਰਤੇ ਤਾਂ ਛੋਟੇ ਭੁਝੰਗੀ ਸਿੰਘ ਕੀਰਤਨ ਕਰ ਰਹੇ ਸਨ। ਇਉਂ ਜਾਪਦਾ ਸੀ ਕਿ ਸਾਡੇ ਪੰਜਾਬ ਦੇ ਗੁਰਦਵਾਰਿਆਂ ਤੋਂ ਇੱਥੇ ਸਿੱਖ ਪਨੀਰੀ ਦੀ ਬਿਹਤਰ ਸੰਭਾਲ ਹੋ ਰਹੀ ਹੈ। ਰਹਿਰਾਸ ਦੇ ਪਾਠ ਅਤੇ ਕੀਰਤਨ ਉਪਰੰਤ ਅਰਦਾਸ ਹੋਈ ਅਤੇ ਸਾਰੀ ਸੰਗਤ ਲੰਗਰ ਛਕ ਕੇ ਘਰਾਂ ਨੂੰ ਵਿਦਾ ਹੋ ਗਈ।

ਰਾਤ ਨੂੰ ਸ਼ਮਸ਼ੇਰ ਸਿੰਘ ਹੋਰਾਂ ਨਾਲ ਫੋਨ ਤੇ ਗੱਲ ਹੋਈ ਤਾਂ ਪਤਾ ਲੱਗਾ ਕਿ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਜੋਗਿੰਦਰ ਸਿੰਘ ਵੇਦਾਂਤੀ ਫਰੈਂਕਫਰਟ ਗੁਰਦਵਾਰੇ ਵਿਚ ਹਾਜ਼ਰੀ ਭਰਨਗੇ ਅਤੇ ਹੈਮਬਰਗ ਦੀ ਗੁਰਦਵਾਰਾ ਕਮੇਟੀ ਦੇ ਮੈਂਬਰ ਵੀ ਐਤਵਾਰ ਉੱਥੇ ਜਾ ਰਹੇ ਸਨ। ਮੇਰਾ ਪ੍ਰੋਗਰਾਮ ਵੀ ਫਰੈਂਕਫਰਟ ਦਾ ਬਣ ਗਿਆ। 16 ਸਤੰਬਰ ਅੰਮ੍ਰਿਤ ਵੇਲੇ ਗੁਰਦਵਾਰੇ ਦੀ ਹਾਜ਼ਰੀ ਭਰ ਕੇ ਇਕ ਅਫ਼ਗਾਨੀ ਸਹਿਜਧਾਰੀ ਸਿੱਖ ਆਪਣੀ ਕਾਰ ਵਿਚ ਮੈਨੂੰ ਹੈਮਬਰਗ ਦੇ ਰੇਲਵੇ ਸਟੇਸ਼ਨ ਤੇ ਛੱਡ ਗਿਆ। ਜਰਮਨੀ ਵਿਚ ਕਈ ਅਫਗਾਨੀ ਸਿੱਖ ਪਰਿਵਾਰ ਰਹਿੰਦੇ ਹਨ ਅਤੇ ਹੈਮਬਰਗ ਵਿਚ ਇਹਨਾਂ ਦਾ ਵੱਖਰਾ ਗੁਰਦੁਆਰਾ ਵੀ ਬਣ ਗਿਆ ਹੈ। ਗੁਰੂ ਘਰ ਦੀ ਸੇਵਾ ਵਿਚ ਇਹ ਸਭ ਤੋਂ ਮੋਹਰੀ ਹਨ। ਸਹਿਜਧਾਰੀ ਸਿੱਖ, ਭਟੇਜਾ ਦਾ ਪਰਿਵਾਰ ਤਨੋ ਮਨੋ ਅਤੇ ਧਨੋ ਲੰਗਰ ਦੀ ਸੇਵਾ ਕਰਦਾ ਹੈ। ਐਵੇਂ ਸ਼ਰੋਮਣੀ ਕਮੇਟੀ ਨੇ ਗੁਰਦਵਾਰਿਆਂ ਉਪਰ ਕਬਜੇ ਦੀ ਭਾਵਨਾ ਹੇਠ ਵੋਟਾਂ ਦਾ ਰੇੜਕਾ ਪਾ ਕੇ ਸਹਿਜਧਾਰੀ ਸਿੱਖਾਂ ਨੂੰ ਅਲੱਗ ਥਲੱਗ ਕਰਨ ਦੀ ਠਾਣ ਰੱਖੀ ਹੈ। ਵਰਨਾ ਯੂਰਪ ਅਤੇ ਅਮਰੀਕਾ ਦੇ ਕਈ ਗੁਰਦਵਾਰੇ ਇਹਨਾਂ ਦੀ ਸੇਵਾ ਸੰਭਾਲ ਹੇਠ ਚੱਲ ਰਹੇ ਹਨ। ਸਾਡੇ ਪੰਜਾਬ ਦੇ ਸਿੱਖਾਂ ਨਾਲੋਂ ਸਹਿਜਧਾਰੀ ਸ਼ਰਧਾ ਭਾਵਨਾ ਵਿਚ ਬਹੁਤ ਪ੍ਰਪੱਕ ਹਨ। ਲੋੜ ਹੈ ਕਿ ਸਿੱਖੀ ਨੂੰ ਸੰਕੀਰਣ ਸੋਚਣੀ ਤੋਂ ਮੁਕਤ ਕਰਾਇਆ ਜਾਵੇ ਅਤੇ ਇਸ ਦੇ ਵਿਸ਼ਵ ਵਿਆਪੀ ਘੇਰੇ ਨੂੰ ਹੋਰ ਮੋਕਲਾ ਕੀਤਾ ਜਾਵੇ।

ਜਰਮਨ ਗੱਡੀਆਂ ਮਿਥੇ ਸਮੇਂ ਤੋਂ ਇਕ ਮਿੰਟ ਵੀ ਲੇਟ ਨਹੀਂ ਹੁੰਦੀਆਂ। ਮੇਰੀ ਗੱਡੀ ਗਿਆਰਾਂ ਵਜੇ ਫਰੈਂਕਫਰਟ ਸਟੇਸ਼ਨ ਤੇ ਪਹੁੰਚ ਗਈ। ਮੈਂ ਸਮਾਨ ਜਮ੍ਹਾਂ ਕਰਕੇ ਗੁਰਦਵਾਰੇ ਵੱਲ ਰਵਾਨਾ ਹੋ ਪਿਆ। ਇਹ ਸ਼ਹਿਰ ਤੋਂ ਬਾਹਰਲੇ ਪਾਸੇ ਹਵਾਈ ਅੱਡੇ ਦੀ ਤਰਫ ਬਣਾਇਆ ਗਿਆ ਹੈ। ਜਦੋਂ ਲੋਕਲ ਟਰੇਨ ਤੋਂ ਉਤਰਿਆ ਤਾਂ ਇਕ ਸਿੱਖ ਪਰਿਵਾਰ ਨਜ਼ਰੀ ਪਿਆ। ਮੇਰਾ ਅੰਦਾਜ਼ਾ ਠੀਕ ਨਿਕਲਿਆ ਉਹ ਗੁਰਦਵਾਰੇ ਹਾਜ਼ਰੀ ਭਰਨ ਜਾ ਰਹੇ ਸਨ ਅਤੇ ਮੈਂ ਇਹਨਾਂ ਦੇ ਪਿੱਛੇ ਲੱਗ ਤੁਰਿਆ। ਬਾਰਾਂ ਵਜੇ ਦੇ ਕਰੀਬ ਅਸੀਂ ਫਰੈਂਕਫਰਟ ਗੁਰਦਵਾਰੇ ਅੰਦਰ ਦਾਖਲ ਹੋਏ। ਅੱਸੂ ਦੀ ਸੰਗਰਾਂਦ ਦਾ ਦਿਨ ਅਤੇ ਐਤਵਾਰ ਦੀ ਛੁੱਟੀ ਹੋਣ ਕਰਕੇ ਗੁਰਦਵਾਰੇ ਅੰਦਰ ਕਾਫੀ ਭੀੜ ਸੀ। ਜਰਮਨੀ ਦੇ ਹੋਰ ਸ਼ਹਿਰਾਂ ਤੋਂ ਵੀ ਸਿੱਖ ਸੰਗਤ ਵੇਦਾਂਤੀ ਜੀ ਦਾ ਭਾਸ਼ਨ ਸੁਣਨ ਆਈ ਹੋਈ ਸੀ। ਪਤਾ ਲੱਗਾ ਕਿ ਵੇਦਾਂਤੀ ਜੀ ਕਿਸੇ ਪਤਵੰਤੇ ਸਿੱਖ ਦੇ ਘਰ ਪਹੁੰਚ ਗਏ ਹਨ ਪਰੰਤੂ ਗੁਰਦਵਾਰੇ ਅੰਦਰ ਦੁਪਹਿਰ ਤੋਂ ਬਾਦ ਹੀ ਆਉਣਗੇ। ਦਰਅਸਲ, ਵਿਦੇਸ਼ੀ ਸਿੱਖਾਂ ਨੇ ਆਪਣੀ ਸਹੂਲਤ ਲਈ ਸਿੱਖ ਮਰਿਆਦਾ ਹੀ ਵਿਗਾੜ ਰੱਖੀ ਹੈ। ਬਾਰਾਂ ਵਜੇ ਗੁਰਦਵਾਰਾ ਲੱਗਦਾ ਹੈ ਅਤੇ ਸ਼ਾਮ ਦੇ ਚਾਰ ਵਜੇ ਸਮਾਪਤੀ ਹੁੰਦੀ ਹੈ। ਲੰਗਰ ਤਾਂ ਚਲਦਾ ਰਹਿੰਦਾ ਹੈ। ਜਦੋਂ ਅਸੀਂ ਪਹੁੰਚੇ ਤਾਂ ਗੁਰਦਵਾਰਾ ਹਾਲ ਵਿਚ ਸੰਗਤ ਘੱਟ ਸੀ ਪਰੰਤੂ ਲੰਗਰ ਹਾਲ ਭਰਿਆ ਪਿਆ ਸੀ। ਮੈਂ ਆਪਣੇ ਭਾਸ਼ਣ ਵਿਚ ਕਹਿ ਦਿੱਤਾ ਕਿ ਆਮ ਤੌਰ ਤੇ ਦੁਪਹਿਰ ਬਾਅਦ ਤਾਂ ਸੋਗ ਦਾ ਭੋਗ ਪੈਂਦਾ ਹੈ, ਵੇਦਾਂਤੀ ਜੀ ਹਦਾਇਤ ਕਰਨ ਕਿ ਇੱਥੋਂ ਦੇ ਗੁਰਦਵਾਰਿਆਂ ਵਿਚ ਦੀਵਾਨ ਦੀ ਸਮਾਪਤੀ ਸਮੇਂ ਸਿਰ ਹੋਇਆ ਕਰੇ। ਸਿੱਖ ਗੁਰਦਵਾਰਿਆਂ ਅੰਦਰ ਈਸਾਈ ਗਿਰਜਾਘਰਾਂ ਦੇ ਮੁਕਾਬਲੇ ਨਾ ਤਾਂ ਸਫਾਈ ਹੈ ਅਤੇ ਨਾ ਹੀ ਸ਼ਾਂਤ ਮਾਹੌਲ। ਹਰ ਪਾਸੇ ਕਾਵਾਂ ਰੌਲੀ ਪਈ ਰਹਿੰਦੀ ਹੈ। ਬੀਬੀਆਂ ਆਪਣੀ ਗੁਫਤਗੂ ਜਾਰੀ ਰੱਖਦੀਆਂ ਹਨ ਅਤੇ ਪ੍ਰਬੰਧਕ ਆਪਣਾ ਖੜਕਾ ਦੜਕਾ।

ਵੇਦਾਂਤੀ ਜੀ ਦਾ ਭਾਸ਼ਣ ਸੁਣਨ ਲਈ ਸਿੱਖ ਉਤਾਵਲੇ ਹੋਏ ਬੈਠੇ ਸਨ। ਸਟੇਜ ਸੈਕਟਰੀ ਨੇ ਸੰਗਤ ਵਿੱਚੋਂ ਇਕ ਵਿਅਕਤੀ (ਢਿੱਲੋਂ) ਨੂੰ ਜੀ ਆਇਆਂ ਕਹਿਣ ਨੂੰ ਬੁਲਾਇਆ। ਉਸ ਨੇ ਪੰਜਾਬ ਸਰਕਾਰ ਅਤੇ ਖਾਸ ਕਰਕੇ ਪ੍ਰਕਾਸ਼ ਸਿੰਘ ਬਾਦਲ ਦੀਆਂ ਕਰਤੂਤਾਂ ਦਾ ਚਿੱਠਾ ਪੜ੍ਹ ਕੇ ਸੁਣਾਇਆ ਅਤੇ ਵੇਦਾਂਤੀ ਜੀ ਨੂੰ ਸਰਕਾਰੀ ਜਥੇਦਾਰ ਦੱਸਦੇ ਹੋਏ ਆਪਣੀਆਂ ਪੁੱਛਾਂ ਦੇ ਉੱਤਰ ਦੇਣ ਲਈ ਵੰਗਾਰਿਆ। ਵੇਦਾਂਤੀ ਜੀ ਨੇ ਬੜੇ ਹੌਂਸਲੇ ਨਾਲ ਜਵਾਬ ਦੇਣਾ ਚਾਹਿਆ ਅਤੇ ਆਪਣੀ ਮਜਬੂਰੀ ਬਾਰੇ ਦੱਸਿਆ ਪਰੰਤੂ ਸਿੰਘ ਗਰਮਜੋਸ਼ੀ ਵਿਚ ਖਾਲਿਸਤਾਨ ਜਿੰਦਾਬਾਦ ਦੇ ਨਾਹਰੇ ਲਗਾ ਰਹੇ ਸਨ। ਵੇਦਾਂਤੀ ਜੀ ਦੇ ਭਾਸ਼ਣ ਤੋਂ ਬਾਅਦ ਭਿੰਡਰ ਨਾਮੀ ਵਿਅਕਤੀ ਨੂੰ ਧੰਨਵਾਦ ਕਰਨ ਲਈ ਕਿਹਾ ਗਿਆ। ਉਸ ਨੇ ਫਿਰ ਉਹ ਕੱਚਾ ਚਿੱਠਾ ਦੁਹਰਾਇਆ ਅਤੇ ਸੰਗਤ ਵਿਚ ਅਕੇਵਾਂ ਪੈਦਾ ਕੀਤਾ। ਸਿੱਖਾਂ ਨੂੰ ਸਮੇਂ ਦੀ ਕਦਰ ਤਾਂ ਕਦੇ ਨਹੀਂ ਹੋਈ ਪਰੰਤੂ ਘਰ ਆਏ ਮਹਿਮਾਨ ਨਾਲ ਕਿਸ ਤਰਾਂ ਪੇਸ਼ ਆਉਣਾ ਹੈ, ਇਹ ਸਲੀਕਾ ਵੀ ਸਿੱਖ ਕੌਮ ਨੇ ਅਜੇ ਸਿੱਖਿਆ ਨਹੀਂ। ਸ਼ਾਮ ਦੇ ਚਾਰ ਵੱਜ ਰਹੇ ਸਨ ਅਤੇ ਮੇਰੀ ਅਗਲੀ ਯਾਤਰਾ ਸਾਢੇ ਚਾਰ ਵਜੇ ਆਰੰਭ ਹੋਣੀ ਸੀ। ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਅਤੇ ਲੰਗਰ ਛਕੇ ਬਗੈਰ ਹੀ ਮੈਨੂੰ ਫਰੈਂਕਫਰਟ ਰੇਲਵੇ ਸਟੇਸ਼ਨ ਤੇ ਪੁੱਜਣਾ ਪਿਆ।

ਲੋਕਲ ਟਰੇਨ ਦੇ ਸਟੇਸ਼ਨ ਤੱਕ ਇਕ ਸੱਜਣ ਮੈਨੂੰ ਵਿਦਾ ਕਰਨ ਆ ਗਿਆ। ਉਹ ਕਹਿਣ ਲੱਗਾ ਕਿ ਗੁਰਦਵਾਰਾ ਕਮੇਟੀ ਵਿਚ ਝਗੜਾ ਰਹਿੰਦਾ ਹੈ ਅਤੇ ਇਮਾਰਤ ਲਈ ਇਕੱਤਰ ਕੀਤੀ ਗਈ ਮਾਇਆ ਹੀ ਇਸ ਝਗੜੇ ਦਾ ਕਾਰਣ ਹੈ। ਸ਼ਮਸ਼ੇਰ ਸਿੰਘ ਹੋਰਾਂ ਵੀ ਦੱਸਿਆ ਸੀ ਕਿ ਹੈਮਬਰਗ ਗੁਰਦਵਾਰੇ ਤੋਂ ਉਧਾਰ ਲਈ ਮਾਇਆ ਕਮੇਟੀ ਨੇ ਮੋੜੀ ਨਹੀਂ। ਖੈਰ ਇਸ ਤਰ੍ਹਾਂ ਦੇ ਮਸਲੇ ਹਰ ਗੁਰਦਵਾਰੇ ਨਾਲ ਜੁੜੇ ਰਹਿੰਦੇ ਹਨ। ਹੁਣ ਜਰਮਨੀ ਵਿਚ ਇਕ ਦਰਜਨ ਗੁਰਦਵਾਰੇ ਕਾਇਮ ਹੋ ਚੁੱਕੇ ਹਨ। ਕਮੇਟੀਆਂ ਵਿਚ ਖਾਲਿਸਤਾਨੀਆਂ ਦਾ ਬੋਲਬਾਲਾ ਜਾਪਦਾ ਹੈ। ਵੇਦਾਂਤੀ ਜੀ ਨੇ ਤਾਂ ਆਪਣੇ ਭਾਸ਼ਨ ਵਿਚ ਵੰਗਾਰਿਆ ਸੀ ਕਿ ਯੂਰਪ ਵਿਚ ਰੌਲਾ ਪਾਉਣ ਦੀ ਬਜਾਏ ਪੰਜਾਬ ਵਿਚ ਆ ਕੇ ਕਿਉਂ ਨਹੀਂ ਸੰਘਰਸ਼ ਕਰਦੇ। ਪੰਜਾਬ ਵਿੱਚੋਂ ਸਿੱਖਾਂ ਦਾ ਪ੍ਰਵਾਸ ਹੋ ਰਿਹਾ ਹੈ ਅਤੇ ਪੂਰਬੀਏ ਇੱਥੇ ਆ ਕੇ ਵੋਟ ਬੈਂਕ ਵਧਾ ਰਹੇ ਹਨ। ਕਿਸੇ ਦਿਨ ਸਿੱਖ ਇੱਥੇ ਘੱਟ ਗਿਣਤੀ ਵਿਚ ਹੋ ਜਾਣਗੇ।

ਲੋਕਲ ਟਰੇਨ ਦੇ ਸਟੇਸ਼ਨ ਤੇ ਫਰੈਂਕਫਰਟ ਜਾਣ ਵਾਲੀ ਗੱਡੀ ਦਾ ਇੰਤਜਾਰ ਕਰ ਰਿਹਾ ਸਾਂ ਕਿ ਇਕ ਅਧਖੜ ਉਮਰ ਦਾ ਪੰਜਾਬੀ ਇਕ ਹੁਸੀਨ ਕੁੜੀ ਨਾਲ ਮੇਰੇ ਬੈਂਚ ਤੇ ਆਣ ਬੈਠਾ। ਮੈਂ ਸਹਿਜ ਸੁਭਾ ਹੀ ਪੁੱਛ ਬੈਠਾ ਕਿ ਤੁਹਾਡੀ ਧੀ ਕੀ ਕਰਦੀ ਹੈ? ਉਹ ਕਹਿਣ ਲੱਗਾ ਕਿ ਇਹ ਤਾਂ ਮੇਰੀ ਵਹੁਟੀ ਹੈ ਜੋ ਪਿਛਲੇ ਮਹੀਨੇ ਹੀ ਬੰਗੇ ਤੋਂ ਵਿਆਹ ਕੇ ਲਿਆਇਆ ਹਾਂ। ਪਹਿਲੀ ਜਰਮਨ ਵਹੁਟੀ ਤਾਂ ਮੇਰੇ ਬੱਚੇ ਲੈ ਕੇ ਹੀ ਭੱਜ ਗਈ ਹੈ। ਮੈਂ ਕੁਝ ਝਿਜਕ ਕੇ ਉਸਦੀਆਂ ਧੀਆਂ ਬਰਾਬਰ ਵਹੁਟੀ ਤੋਂ ਜਾਣਕਾਰੀ ਮੰਗੀ ਤਾਂ ਕਹਿਣ ਲੱਗੀ ਕਿ ਉਸਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪਿਛਲੇ ਸਾਲ ਹੀ ਬੀ.ਏ. ਦਾ ਇਮਤਿਹਾਨ ਪਾਸ ਕੀਤਾ ਹੈ। ਸ਼ਾਇਦ ਮੇਰੇ ਪਹਿਲੇ ਸਵਾਲ ਨੇ ਉਸਦਾ ਦਿਲ ਦੁਖਾ ਦਿੱਤਾ ਸੀ ਅਤੇ ਉਹ ਰੋਣ ਲੱਗ ਪਈ। ਪਤਾ ਨਹੀਂ ਉਹ ਆਪਣੇ ਪੰਜਾਬ ਦੀ ਧਰਤੀ ਨੂੰ ਯਾਦ ਕਰਕੇ ਰੋ ਰਹੀ ਸੀ , ਮਾਪਿਆਂ ਦੇ ਵਿਛੋੜੇ ਕਾਰਣ ਰੋ ਰਹੀ ਸੀ ਜਾਂ ਆਪਣੇ ਅਣਜੋੜ ਵਿਆਹ ਦੇ ਪਛੋਤਾਵੇ ਕਾਰਣ। ਮੈਂ ਉਸ ਲੜਕੀ ਨੂੰ ਦਿਲਾਸਾ ਦਿੱਤਾ ਅਤੇ ਉਸਦੇ ਮਰਦ ਨੂੰ ਤਾੜਨਾ ਕੀਤੀ ਕਿ ਇਸ ਨੂੰ ਕਿਸੇ ਯੂਨੀਵਰਸਿਟੀ ਵਿਚ ਦਾਖਲ ਕਰਵਾ ਦੇਵੇ। ਮੈਂ ਆਪਣੇ ਮਨ ਵਿਚ ਉਹਨਾਂ ਪੰਜਾਬੀ ਮਾਪਿਆਂ ਨੂੰ ਕੋਸ ਰਿਹਾ ਸਾਂ ਜੋ ਕੋਮਲ ਕਲੀਆਂ ਨੂੰ ਸੱਤ ਸਮੁੰਦਰੋਂ ਪਾਰ ਅਧਖੜ ਅਤੇ ਗੰਵਾਰ ਕਿਸਮ ਦੇ ਮਰਦਾਂ ਨਾਲ ਡਾਲਰਾਂ ਦੀ ਚਮਕ ਵੇਖ ਕੇ ਨੂੜ ਦਿੰਦੇ ਹਨ।

ਫਰੈਂਕਫਰਟ ਤੋਂ ਆਸਟਰੀਆ ਦੇ ਸ਼ਹਿਰ ਸਾਲਜ਼ਬੁਰਗ ਜਾਣ ਵਾਲੀ ਗੱਡੀ ਤਿਆਰ ਖੜੀ ਸੀ। ਮੈਂ ਗੱਡੀ ਤੇ ਸਵਾਰ ਹੋ ਕੇ ਉਸ ਪੰਜਾਬੀ ਕੁੜੀ ਦੇ ਹੁਸਨ, ਜਵਾਨੀ ਅਤੇ ਭੋਲੇਪਨ ਬਾਰੇ ਸੋਚਦਾ ਰਿਹਾ। ਗਲਤੀ ਨਾਲ ਮੈਂ ਜਰਮਨ ਦੀ ਸਰਹੱਦ ਤੇ ਅੱਧੀ ਰਾਤ ਵੇਲੇ ਗੱਡੀ ਤੋਂ ਉਤਰਿਆ ਤਾਂ ਪੁਲਿਸ ਵਾਲੇ ਮਗਰ ਲੱਗ ਗਏ। ਸ਼ਾਇਦ ਕਿਸੇ ਨੇ ਸੂਹ ਦਿੱਤੀ ਸੀ ਕਿ ਬਿਨ ਲਾਦੇਨ ਦਾ ਬੰਦਾ ਗੱਡੀ ਵਿਚ ਸਫਰ ਕਰ ਰਿਹਾ ਹੈ। ਮੇਰੇ ਸਮਾਨ ਦੀ ਤਲਾਸ਼ੀ ਲੈ ਕੇ ਸ਼ੱਕ ਦੂਰ ਹੋ ਗਿਆ। ਸਾਲਜ਼ਬੁਰਗ ਸਟੇਸ਼ਨ ਤੇ ਮੇਰੀ ਭਣੇਵੀਂ ਨੀਨਾ ਮੇਰਾ ਇੰਤਜ਼ਾਰ ਕਰ ਰਹੀ ਸੀ। ਉਹ ਬੜੀ ਹੈਰਾਨ ਸੀ ਕਿ ਮੈਂ ਕਈ ਵਾਰ ਸਾਲਜ਼ਬੁਰਗ ਆ ਚੁੱਕਾ ਸਾਂ ਅਤੇ ਗਲਤੀ ਕਿਵੇਂ ਕਰ ਬੈਠਾ। ਪਰੰਤੂ ਮੈਂ ਤਾਂ ਇਕ ਹੁਸੀਨ ਪੰਜਾਬੀ ਕੁੜੀ ਦੇ ਦਰਦ ਨਾਲ ਵਿੰਨਿਆ ਗਿਆ ਸਾਂ ਅਤੇ ਉਸਦੀ ਦਰਦ ਭਰੀ ਦਾਸਤਾਨ ਮੇਰੇ ਦਿਲ ਅਤੇ ਦਿਮਾਗ ਉਪਰ ਹਾਵੀ ਸੀ।

## ਹੰਗਰੀ ਵਿਚ ਕਰਿਸ਼ਨਾ ਵਾਦੀ

ਸਾਲਜ਼ਬੁਰਗ ਵਿਚ ਰਾਤ ਗੁਜਾਰ ਕੇ 17 ਸਤੰਬਰ ਦੀ ਸਵੇਰ ਮੈਂ ਹੰਗਰੀ ਦੀ ਰਾਜਧਾਨੀ ਬੁੱਡਾਪੈਸਟ ਵੱਲ ਰਵਾਨਾ ਹੋ ਪਿਆ। ਅਸਟਰੀਆ ਦੇ ਲੋਕ ਜਰਮਨ ਭਾਸ਼ਾ ਹੀ ਬੋਲਦੇ ਹਨ। ਕਿਸੇ ਸਮੇਂ ਇਹ ਹੰਗਰੀ ਨਾਲ ਮਿਲਕੇ ਅੱਧੇ ਯੂਰਪ ਦੇ ਮਾਲਕ ਬਣ ਬੈਠੇ ਸਨ। ਹਿਟਲਰ ਦੀ ਜਨਮ ਭੂਮੀ ਵੀ ਅਸਟਰੀਆ ਵਿਚ ਹੀ ਪੈਂਦੀ ਹੈ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਇਸਦੇ ਕਈ ਟੁਕੜੇ ਕਰ ਦਿਤੇ ਗਏ ਅਤੇ ਹੁਣ ਇਹ ਨਿਮਾਣਾ ਜਿਹਾ ਦੇਸ਼ ਬਣ ਗਿਆ ਹੈ। ਇਸਦੀ ਸੁੰਦਰਤਾ ਸਵਿਟਜ਼ਰਲੈਂਡ ਤੋਂ ਕਿਸੇ ਗੱਲੋਂ ਘੱਟ ਨਹੀਂ। ਰਸਤੇ ਵਿਚ ਵੀਆਨਾ ਦਾ ਸੁੰਦਰ ਸ਼ਹਿਰ ਆਇਆ ਜੋ ਅਸਟਰੀਆ ਦੀ ਰਾਜਧਾਨੀ ਹੈ।

ਸ਼ਾਮ ਦੇ ਛੇ ਵਜੇ ਦੇ ਕਰੀਬ ਮੈਂ ਬੁੱਡਾਪੈਸਟ ਪਹੁੰਚ ਗਿਆ। ਇਸ ਸ਼ਹਿਰ ਬਾਰੇ ਮੈਂ ਪਹਿਲਾਂ ਵੀ ਕਈ ਵਾਰ ਲਿਖ ਚੁੱਕਿਆ ਹਾਂ। ਮਾਸਕਾਵਾ ਸੁਕੇਅਰ ਦੇ ਨੇੜੇ ਮੇਰੀ ਰਿਹਾਇਸ਼ ਦਾ ਪ੍ਰਬੰਧ ਸੀ ਅਤੇ ਮੈਂ ਮੈਟਰੋ ਗੱਡੀ ਤੇ ਸਵਾਰ ਹੋ ਕੇ ਪ੍ਰੋਫੈਸਰ ਈਵਾ ਪੱਪ ਦੇ ਘਰ ਪਹੁੰਚ ਗਿਆ। ਉਸਦਾ ਪੁੱਤਰ ਡੇਨੀਅਲ ਮੇਰਾ ਇੰਤਜ਼ਾਰ ਕਰ ਰਿਹਾ ਸੀ।ਮੈਂ ਇਸ ਯਾਹੂਦੀ ਪ੍ਰੀਵਾਰ ਦੇ ਘਰ ਦੋ ਵਾਰ ਪਹਿਲਾਂ ਵੀ ਰਹਿ ਚੁੱਕਾ ਸਾਂ। ਮੇਰਾ ਸਾਥੀ ਬਿਕਰਮਜੀਤ ਸਿੰਘ ਬਾਜਵਾ ਵੀ ਖੋਜ ਦਾ ਕੰਮ ਸਿੱਖਣ ਬੁੱਡਾਪੈਸਟ ਆਇਆ ਹੋਇਆ ਸੀ। ਉਹ ਕਿਸੇ ਹੋਰ ਸਟੇਸ਼ਨ ਤੇ ਮੈਨੂੰ ਲੱਭਦਾ ਰਿਹਾ। ਅਗਲੀ ਸਵੇਰ ਬਾਜਵੇ ਨੇ ਆਪਣੀ ਪਰੇਸ਼ਾਨੀ ਦੱਸੀ। ਉਸਦੀ ਸ਼ਕਲ ਸੂਰਤ ਤੋਂ ਹੰਗਰੀ

ਦੀ ਪੁਲਿਸ ਉਸ ਨੂੰ ਬਿਨ ਲਾਦੇਨ ਦਾ ਛੋਟਾ ਭਰਾ ਸਮਝ ਬੈਠੀ। ਉਹ ਕਹਿਣ ਲੱਗਾ ਕਿ ਅਗਲੇ ਦਿਨ ਹੀ ਉਹ ਵਾਪਸੀ ਟਿਕਟ ਬੁੱਕ ਕਰਵਾ ਲਵੇਗਾ ਕਿਉਂਕਿ ਜੇਕਰ ਅਮਰੀਕਾ ਨੇ ਅਫਗਾਨਿਸਤਾਨ ਤੇ ਹਮਲਾ ਕਰ ਦਿੱਤਾ ਤਾਂ ਹਵਾਈ ਉਡਾਣਾਂ ਰੱਦ ਹੋ ਸਕਦੀਆਂ ਹਨ। ਉਹ ਬੱਸ ਮੇਰਾ ਇੰਤਜਾਰ ਹੀ ਕਰ ਰਿਹਾ ਸੀ।

ਹੰਗਰੀ ਦੇ ਖੋਜ ਸਾਥੀਆਂ ਨਾਲ ਸਾਰਾ ਪ੍ਰੋਗਰਾਮ ਤੈਹ ਕਰਕੇ ਮੈਂ ਦੋ ਦਿਨ ਲਈ ਪ੍ਰੋ: ਇਲੋਨਾ ਹੁਨਿਆਦੀ ਦੀ ਪ੍ਰਯੋਗਸ਼ਾਲਾ ਵਿਚ ਚਲਾ ਗਿਆ। ਪੁਰਾਣੇ ਖੋਜ ਸਾਥੀਆਂ ਨਾਲ ਵਿਚਾਰ ਵਿਟਾਂਦਰਾ ਹੋਇਆ। ਵੀਹ ਸਾਲ ਪਹਿਲਾਂ ਦੇ ਕੁਝ ਦੋਸਤ ਵੀ ਮਿਲ ਗਏ। ਹੰਗਰੀ ਦੇ ਲੋਕਾਂ ਦੀ ਆਉ ਭਗਤ ਅਤੇ ਪ੍ਰਾਹੁਣਾਚਾਰੀ ਵੇਖ ਕੇ ਮੈਂ ਇਹਨਾਂ ਨੂੰ 'ਹੰਗਰੀ ਦੇ ਸਿੱਖ' ਕਿਹਾ ਸੀ। ਬੁੱਡਾਪੈਸਟ ਦੀ ਹਰ ਗਲੀ ਤੋਂ ਮੈਂ ਵਾਕਫ ਹਾਂ ਅਤੇ ਇਸ ਵਾਰ ਇਕ ਨਵੀਂ ਮੰਜ਼ਿਲ ਤੇ ਪਹੁੰਚਣਾ ਸੀ।

24 ਸਤੰਬਰ ਨੂੰ ਗੱਡੀ ਤੇ ਸਵਾਰ ਹੋ ਕੇ ਬਲਾਤੋਨਫੁਰੈਦ ਦੇ ਯਾਤਰੀ ਸ਼ਹਿਰ ਵਿਚ ਪਹੁੰਚ ਗਿਆ। ਸਾਰਾ ਰਾਹ ਗੱਡੀ ਬਲਾਤੋਨ ਝੀਲ ਦੇ ਕਿਨਾਰੇ ਹੀ ਚੱਲਦੀ ਰਹੀ ਜੋ 70 ਕਿਲੋਮੀਟਰ ਲੰਬਾਈ ਅਤੇ 2-5 ਕਿਲੋਮੀਟਰ ਚੌੜਾਈ ਵਿਚ ਫੈਲੀ ਹੋਈ ਹੈ। ਹੰਗਰੀ ਸਮੁੰਦਰ ਤੋਂ ਦੂਰ ਹੈ ਪਰੰਤੂ ਇਸ ਕੁਦਰਤੀ ਝੀਲ ਕਾਰਣ ਯੂਰਪ ਭਰ ਤੋਂ ਯਾਤਰੀ ਇੱਥੇ ਗਰਮੀਆਂ ਦੀਆਂ ਛੁੱਟੀਆਂ ਕੱਟਣ ਆ ਪਹੁੰਚਦੇ ਹਨ। ਹੰਗਰੀ ਦੇ ਲੋਕ ਤਾਂ ਇਸ ਝੀਲ ਨੂੰ ਕੁਦਰਤ ਦਾ ਕ੍ਰਿਸ਼ਮਾ ਹੀ ਸਮਝਦੇ ਹਨ। ਹਰ ਵਿਦੇਸ਼ੀ ਮਹਿਮਾਨ ਇੱਥੇ ਹੋ ਕੇ ਜਾਂਦਾ ਹੈ। ਇਸ ਝੀਲ ਦੇ ਕਿਨਾਰੇ ਹਰ ਦੇਸ਼ ਦੇ ਪ੍ਰਧਾਨ ਜਾਂ ਪ੍ਰਧਾਨ ਮੰਤਰੀ ਦੇ ਹੱਥ ਦਾ ਲਗਾਇਆ ਪੌਦਾ ਲੱਭ ਪੈਂਦਾ ਹੈ। ਸਾਡੇ ਦੇਸ਼ ਦੇ ਇਕ ਦਰਜਨ ਦੇ ਕਰੀਬ ਲੀਡਰ ਇੱਥੇ ਪੌਦੇ ਲਗਾ ਗਏ ਹਨ। ਪਰੰਤੂ ਰਾਬਿੰਦਰ ਨਾਥ ਟੈਗੋਰ ਦੀ ਯਾਦ ਵਿਚ ਇਸ ਝੀਲ ਦੇ ਕਿਨਾਰੇ ਇਕ ਹੋਟਲ ਅਤੇ ਇਕ ਪਗਡੰਡੀ ਬਣੀ ਹੋਈ ਹੈ ਜਿਸਨੂੰ 'ਟੈਗੋਰ ਗਲੀ' ਕਹਿੰਦੇ ਹਨ। ਮੇਰਾ ਮੇਜ਼ਬਾਨ, ਜਾਰਜ ਵਾਸਤਾਗ, ਇਕ ਸਕੂਲ ਅਧਿਆਪਕ ਸੀ ਜੋ ਸਭ ਤੋਂ ਪਹਿਲਾਂ ਮੈਨੂੰ ਟੈਗੋਰ ਦੇ ਬੁੱਤ ਕੋਲ ਹੀ ਲੈ ਕੇ ਗਿਆ। ਟੈਗੋਰ ਦੇ ਹੱਥੀਂ ਲਾਇਆ ਸਰੂ ਦਾ ਬੂਟਾ ਅਤੇ ਉਸ ਦੇ ਹੇਠ ਪੱਥਰ ਦੀ ਸਿੱਲ ਤੇ ਲਿਖੇ ਬੋਲ ਪੜ੍ਹੇ "ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕਵੀ ਹਿਰਦਾ ਵੀ ਪਿਆਰ ਕਰਦਾ ਸੀ"। ਦੱਸਿਆ ਜਾਂਦਾ ਹੈ ਕਿ ਗੁਰੁਦੇਵ ਟੈਗੋਰ ਨੋਬਲ ਇਨਾਮ ਜਿੱਤ ਕੇ ਹੰਗਰੀ ਗਏ ਸਨ ਅਤੇ ਦਿਲ ਦੀ ਤਕਲੀਫ ਤੋਂ ਛੁਟਕਾਰਾ ਪਾਉਣ ਖਾਤਰ ਇਸ ਝੀਲ ਕਿਨਾਰੇ ਬਣੇ ਹਸਪਤਾਲ (ਸਿਹਤ ਘਰ) ਵਿਚ ਇਕ ਮਹੀਨਾ ਰਹੇ। ਸਿਹਤਯਾਬ ਹੋਣ ਉਪਰੰਤ ਉਹ ਹੰਗਰੀ ਦੇ ਲੋਕਾਂ ਦੇ ਪਿਆਰ ਵਿਚ ਰੰਗੇ ਗਏ ਅਤੇ ਕਵੀ ਮਨ ਨੇ ਕਵਿਤਾ ਦੇ ਪਿਆਰ ਭਿੱਜੇ ਬੋਲ ਆਪਣੇ ਪੈਰ ਚਿੰਨਾਂ ਵਜੋਂ ਲਿਖ ਦਿੱਤੇ। ਇੱਥੇ ਨੋਬਲ ਇਨਾਮ ਜੇਤੂਆਂ ਦੇ ਹੱਥੀਂ ਲਗਾਏ ਗਏ ਪੌਦੇ ਅਤੇ ਸਿੱਲਾਂ ਕਾਇਮ ਹਨ ਅਤੇ ਇਸ ਰਾਹ ਨੂੰ 'ਨੋਬਲ ਗਲੀ' ਕਿਹਾ ਜਾਂਦਾ ਹੈ।

25 ਸਤੰਬਰ ਨੂੰ ਮੈਂ ਤਿਆਰ ਹੋ ਕੇ ਇਸ ਸ਼ਹਿਰ ਦੇ ਸੈਕੰਡਰੀ ਸਕੂਲ ਦਾ ਦੌਰਾ ਕੀਤਾ। ਬੱਚਿਆਂ ਨੇ ਮੇਰੇ ਦੁਆਲੇ ਝੁਰਮਟ ਪਾ ਦਿੱਤਾ। ਸਕੂਲ ਦੀ ਪ੍ਰਿੰਸੀਪਲ ਮੈਡਮ ਕਲਾਰਾ ਨੇ ਸਾਰੇ ਸਟਾਫ਼ ਨੂੰ ਦਾਅਵਤ ਤੇ ਬੁਲਾਇਆ ਅਤੇ ਆਪਣੇ ਸਕੂਲ ਦੀ ਰੀਪੋਰਟ ਪੇਸ਼ ਕੀਤੀ। ਹੰਗਰੀ ਦੇ ਸਕੂਲਾਂ ਦੀ ਪੜ੍ਹਾਈ ਦਾ ਮਿਆਰ ਬਹੁਤ ਚੰਗਾ ਹੈ ਅਤੇ ਵਿਦਿਆਰਥੀਆਂ ਨੂੰ ਖੋਜ ਪ੍ਰੋਜੈਕਟਾਂ ਵਿਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਜਾਂਦਾ ਹੈ। ਜਿਸ ਖੋਜ ਪ੍ਰੋਜੈਕਟ ਦੇ ਸੰਬੰਧ ਵਿਚ ਮੈਂ ਅਤੇ ਬਾਜਵਾ ਹੰਗਰੀ ਗਏ ਸਾਂ, ਉਸ ਵਿਚ ਇਕ ਦਰਜਨ ਤੋਂ ਵਧੀਕ ਸਕੂਲਾਂ ਦੇ ਬੱਚੇ ਵੀ ਸ਼ਾਮਲ ਸਨ। ਸਾਡੀ ਖੋਜ ਸਹਾਇਕ ਮੈਡਮ ਐਸਟਰ ਟਾਥ ਇਹਨਾਂ ਬੱਚਿਆਂ ਦੀ ਰਹਿਨੁਮਾਈ ਕਰਦੀ ਹੈ ਅਤੇ ਆਪਣੇ ਬੱਚਿਆਂ ਵਾਂਗ ਇਹਨਾਂ ਦੀ ਦੇਖ ਭਾਲ ਕਰਦੀ ਹੈ। ਨਸ਼ਿਆਂ ਤੋਂ ਮੁਕਤ ਰੱਖਣ ਲਈ ਇਹਨਾਂ ਦੇ ਸਕੂਲ ਬਾਹਰ ਚੌਕਸੀ ਵਰਤੀ ਜਾਂਦੀ ਹੈ ਅਤੇ ਬੱਚੇ ਪੜ੍ਹਾਈ ਦੇ ਸਮੇਂ ਦੌਰਾਨ ਬਾਹਰ ਨਹੀਂ ਜਾ ਸਕਦੇ। ਸਕੂਲਾਂ ਵਿਚ ਹੰਗੇਰੀਅਨ, ਅੰਗਰੇਜ਼ੀ ਅਤੇ ਇਕ ਹੋਰ ਯੂਰਪੀਨ ਭਾਸ਼ਾ ਸਿਖਾਈ ਜਾਂਦੀ ਹੈ। ਪੜ੍ਹਾਈ ਦਾ ਕੋਈ ਖਰਚਾ ਨਹੀਂ ਦੇਣਾ ਪੈਂਦਾ ਅਤੇ ਮੁਫਤ ਪ੍ਰਬੰਧ ਹੈ।

ਸਕੂਲ ਤੋਂ ਵਿਹਲੇ ਹੋ ਕੇ ਜਾਰਜ ਵਾਸਤਾਗ ਆਪਣੀ ਘਰਵਾਲੀ ਨੂੰ ਲੈਣ ਗਿਆ ਅਤੇ ਅਸੀਂ ਤਿੰਨੇ ਜਣੇ ਕਰਿਸ਼ਨਾ ਵੈਲੀ (ਵਾਦੀ) ਦੀ ਤਰਫ ਰਵਾਨਾ ਹੋ ਗਏ। ਬਲਾਤੋਨ ਝੀਲ ਪਾਰ ਕਰਨ ਲਈ ਫੈਰੀ ਤੇ ਸਵਾਰੀ ਕੀਤੀ ਅਤੇ ਦੂਸਰੇ ਕਿਨਾਰੇ ਪਹੁੰਚ ਕੇ ਹੰਗਰੀ ਦੇ ਪਿੰਡਾਂ ਦੀ ਸੈਰ ਕੀਤੀ। ਇਹ ਰਸਤਾ ਝੀਲ ਦੇ ਕਿਨਾਰੇ ਹੁੰਦਾ ਹੋਇਆ ਕਰਿਸ਼ਨਾ ਵਾਦੀ ਪਹੁੰਚ ਜਾਂਦਾ ਹੈ। ਪਿੰਡਾਂ ਵਿਚ ਆਬਾਦੀ ਘੱਟ ਹੈ ਅਤੇ ਲੋਕ ਅੰਗੂਰਾਂ ਦੀ ਖੇਤੀ ਕਰਦੇ ਹਨ। ਮੱਕੀ ਦੇ ਖੇਤ ਵੀ ਲੱਭ ਰਹੇ ਸਨ। ਮਰਦ ਅਤੇ ਔਰਤਾਂ ਰਲਕੇ ਅੰਗੂਰ ਤੋੜ ਰਹੇ ਸਨ ਅਤੇ ਟਰਾਲੀ ਉਪਰ ਲੱਦ ਕੇ ਸ਼ਰਾਬ ਦੇ ਕਾਰਖਾਨੇ ਵਿੱਚ ਢੋਹੇ ਜਾ ਰਹੇ ਸਨ। ਇਕ ਘੰਟੇ ਦੇ ਸਫਰ ਬਾਅਦ ਅਸੀਂ ਕਰਿਸ਼ਨਾ ਵਾਦੀ ਦੇ ਗੇਟ ਤੇ ਪਹੁੰਚ ਗਏ। ਸਵਾਮੀ ਪ੍ਰਭੂਪਦਾ ਦੇ ਚੇਲੇ ਅਮਰੀਕਾ ਅਤੇ ਯੂਰਪ ਦੇ ਹਰ ਵੱਡੇ ਸ਼ਹਿਰ ਵਿਚ ਲੱਭ ਪੈਂਦੇ ਹਨ। ਇਹ ਚੈਤੰਨਯ ਪ੍ਰਭੂ ਵਾਂਗ ਕ੍ਰਿਸ਼ਨ ਭਗਤ ਹਨ ਅਤੇ ਮਸਤੀ ਵਿਚ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦਾ ਆਲਾਪ ਕਰਦੇ ਹਨ।

ਕ੍ਰਿਸ਼ਨਾ ਵਾਦੀ ਹੰਗਰੀ ਦੇ ਕ੍ਰਿਸ਼ਨ ਭਗਤਾਂ ਦੀ ਨਗਰੀ ਹੈ। ਇੱਥੇ ਬਿੰਦਰਾਬਨ ਅਤੇ ਮਥੁਰਾ ਵਾਂਗ ਕ੍ਰਿਸ਼ਨ ਮੰਦਰ ਹੈ ਜਿਸ ਵਿਚ ਕ੍ਰਿਸ਼ਨ ਦੀ ਰਾਸ ਲੀਲਾ ਚਿਤਰਾਂ ਰਾਹੀਂ ਦਰਸਾਈ ਗਈ ਹੈ। ਜਦੋਂ ਅਸੀਂ ਵਾਦੀ ਵਿਚ ਪਹੁੰਚੇ ਤਾਂ ਦੁਪਹਿਰ ਦਾ ਲੰਗਰ ਚੱਲ ਰਿਹਾ ਸੀ। ਸ਼ਾਕਾਹਾਰੀ ਭੋਜਨ ਸਭ ਭਗਤਾਂ ਲਈ ਪਰੋਸਿਆ ਗਿਆ ਅਤੇ ਪ੍ਰਾਰਥਨਾ ਤੋਂ ਬਾਅਦ ਲੰਗਰ ਛਕਿਆ ਗਿਆ। ਮੰਦਿਰ ਦੀ

ਸੈਕਟਰੀ ਨੇ ਸਾਨੂੰ ਇਸ ਵਾਦੀ ਬਾਰੇ ਜਾਣਕਾਰੀ ਦਿੱਤੀ। ਇਹ ਡੇਢ ਸੌ ਏਕੜ ਦੇ ਘੇਰੇ ਵਿਚ ਹੈ। ਖੇਤੀ ਦਾ ਕੰਮ ਬਲਦਾਂ ਨਾਲ ਹੁੰਦਾ ਹੈ ਅਤੇ ਡੇਅਰੀ ਫਾਰਮ ਦਾ ਪ੍ਰਬੰਧ ਹੈ। ਇੱਥੇ ਬਿਜਲੀ ਦੀ ਵਰਤੋਂ ਨਹੀਂ ਹੁੰਦੀ ਅਤੇ ਨਾ ਹੀ ਕੋਈ ਹੋਰ ਮਸ਼ੀਨਰੀ ਵਰਤੀ ਜਾਂਦੀ ਹੈ। ਲੰਗਰ ਪਕਾਉਣ ਅਤੇ ਕਮਰੇ ਗਰਮ ਕਰਨ ਲਈ ਲੱਕੜੀ ਵਰਤੀ ਜਾਂਦੀ ਹੈ। ਰੋਸ਼ਨੀ ਦਾ ਪ੍ਰਬੰਧ ਵੀ ਮੋਮਬੱਤੀਆਂ ਜਾਂ ਦੇਸੀ ਘਿਉ ਦੇ ਦੀਵੇ ਬਾਲ ਕੇ ਕੀਤਾ ਜਾਂਦਾ ਹੈ। ਸਵੇਰ ਦੀ ਪ੍ਰਾਰਥਨਾ ਤੋਂ ਬਾਅਦ ਸਾਰੇ ਭਗਤਜਨ ਖੇਤੀ ਦੇ ਕੰਮ ਵਿਚ ਰੁੱਝ ਜਾਂਦੇ ਹਨ ਅਤੇ ਬੀਬੀਆਂ ਪੂਰੀ ਮੱਦਦ ਕਰਦੀਆਂ ਹਨ। ਇਥੇ ਹੁਣ ਯਾਤਰੀ ਲੋਕ ਆਉਂਦੇ ਹਨ ਅਤੇ ਭਾਰਤੀ ਸ਼ਾਕਾਹਾਰੀ ਭੋਜਨ ਦਾ ਆਨੰਦ ਮਾਣਦੇ ਹਨ। ਦੁਪਹਿਰ ਬਾਅਦ ਕੀਰਤਨ ਸਮਾਗਮ ਹੋਇਆ ਅਤੇ ਅਸੀਂ ਯਾਤਰੀਆਂ ਨਾਲ ਸ਼ਾਮਲ ਹੋ ਕੇ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦੇ ਮਸਤੀ ਭਰੇ ਮਾਹੌਲ ਦਾ ਆਨੰਦ ਮਾਣਿਆ। ਹੁਣ ਇਹ ਭਗਤਜਨ ਸ਼ਾਦੀ ਕਰਵਾ ਕੇ ਗ੍ਰਹਿਸਥ ਜੀਵਨ ਨਿਬਾਹ ਰਹੇ ਹਨ ਅਤੇ ਸਾਡੇ ਬਾਬਿਆਂ ਨਾਲੋਂ ਵਧੇਰੇ ਸ਼ਰਧਾਵਾਨ ਅਤੇ ਸਿਦਕੀ ਪ੍ਰਤੀਤ ਹੁੰਦੇ ਹਨ। ਕ੍ਰਿਸ਼ਨਾ ਵਾਦੀ ਦੇ ਦੌਰੇ ਬਾਅਦ ਮੈਨੂੰ ਗੁਰੂ ਨਾਨਕ ਦੇ ਕਰਤਾਰਪੁਰ ਦੀ ਯਾਦ ਆ ਗਈ ਜਿੱਥੇ ਗੁਰੂ ਬਾਬੇ ਨੇ ਹੱਥੀਂ ਕਿਰਤ ਅਤੇ ਪ੍ਰਭੂ ਭਗਤੀ ਦਾ ਮਾਡਲ ਸਾਰੇ ਜਗਤ ਲਈ ਸਥਾਪਿਤ ਕੀਤਾ ਸੀ।

ਸ਼ਾਮ ਹੋਣ ਤੱਕ ਅਸੀਂ ਮੁੜ ਬਲਾਤੋਨ ਝੀਲ ਦੇ ਕਿਨਾਰੇ ਪਹੁੰਚ ਗਏ ਅਤੇ ਅਖੀਰਲੀ ਫੈਰੀ ਤੇ ਸਵਾਰ ਹੋ ਕੇ ਝੀਲ ਪਾਰ ਕੀਤੀ। ਸੂਰਜ ਝੀਲ ਕਿਨਾਰੇ ਪਹਾੜੀਆਂ ਦੇ ਪਿੱਛੇ ਅਲੋਪ ਹੋ ਰਿਹਾ ਸੀ। ਫੈਰੀ ਦੀ ਉਪਰਲੀ ਮੰਜ਼ਿਲ ਤੇ ਠੰਡੀ ਹਵਾ ਦੇ ਝੋਕੇ ਸੁੰਨ ਕਰ ਰਹੇ ਸਨ। ਜਾਰਜ ਦੀ ਘਰਵਾਲੀ ਤਾਂ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦੀ ਧੁਨ ਵਿਚ ਮਸਤ ਜਾਪਦੀ ਸੀ ਅਤੇ ਭਾਰਤ ਦੇ ਸਭਿਆਚਾਰ ਤੋਂ ਬਲਿਹਾਰ ਹੋ ਰਹੀ ਸੀ। ਹੰਗਰੀ ਵਿਚ ਬਹੁਤ ਸਾਰੇ ਨੌਜਵਾਨ ਸ਼ਾਕਾਹਾਰੀ ਹੋ ਗਏ ਹਨ ਅਤੇ ਬੁੱਡਾਪੈਸਟ ਵਿਚ 'ਗੋਵਿੰਦਾ' ਰੈਸਤੋਰਾਂ ਚੰਗਾ ਚੱਲ ਨਿਕਲਿਆ ਹੈ। ਰਾਤ ਦਾ ਖਾਣਾ ਬਲਾਤੋਨ ਝੀਲ ਕੰਢੇ ਟੈਗੋਰ ਰੈਸਤੋਰਾਂ ਵਿਚ ਖਾ ਕੇ ਮੈਂ ਆਪਣੇ ਹੋਟਲ ਵਿਚ ਪਰਤ ਗਿਆ। ਜਾਰਜ ਦੀ ਘਰਵਾਲੀ ਮੇਰੀ ਘਰਵਾਲੀ ਲਈ ਤੋਹਫੇ ਦੇ ਗਈ। 26 ਸਤੰਬਰ ਨੂੰ ਜਾਰਜ ਮੈਨੂੰ ਬਲਾਤੋਨਫੂਰੈਦ ਦੇ ਰੇਲਵੇ ਸਟੇਸ਼ਨ ਤੇ ਗੱਡੀ ਚੜ੍ਹਾ ਗਿਆ ਜੋ ਬਲਾਤੋਨ ਝੀਲ ਦੀ ਪ੍ਰਕਰਮਾ ਕਰਕੇ ਬੁੱਡਾਪੈਸਟ ਪਹੁੰਚ ਗਈ। ਕ੍ਰਿਸ਼ਨਾ ਵਾਦੀ ਦੇ ਨਜ਼ਾਰੇ ਮੇਰੀ ਯਾਦ ਦਾ ਹਿੱਸਾ ਬਣ ਗਏ ਅਤੇ ਮੈਂ ਸਿੱਖ ਧਰਮ ਦੇ ਉਜਲੇ ਭਵਿੱਖ ਬਾਰੇ ਸੋਚਣ ਲੱਗਾ।

## ਰੋਮਾਨੀਆ ਦੀ ਰਾਜਧਾਨੀ ਬੁਕਾਰੈਸਟ

28 ਸਤੰਬਰ ਨੂੰ ਹੰਗਰੀ ਵਿਚ ਆਪਣਾ ਖੋਜ ਪ੍ਰੋਜੈਕਟ ਪੂਰਾ ਕਰਕੇ ਮੈਂ ਬੁੱਡਾਪੈਸਟ ਤੋਂ ਰੋਮਾਨੀਆ ਦੀ ਰਾਜਧਾਨੀ ਬੁਕਾਰੈਸਟ ਵੱਲ ਰਵਾਨਾ ਹੋ ਪਿਆ। ਯੂਨੀਵਰਸਿਟੀ ਦਾ ਵਿਦਿਆਰਥੀ ਡੇਨੀਅਲ ਮੈਨੂੰ ਰੇਲਵੇ ਸਟੇਸ਼ਨ ਤੇ ਵਿਦਾ ਕਰਨ ਆਇਆ। ਹੰਗਰੀ ਪੂਰਬੀ ਯੂਰਪ ਦੇ ਕੇਂਦਰ ਵਿਚ ਹੈ ਅਤੇ ਬੁੱਡਾਪੈਸਟ ਤੋਂ ਪੂਰਬ ਅਤੇ ਪੱਛਮ ਵੱਲ ਜਾਣ ਵਾਲੀਆਂ ਸਭ ਰੇਲ ਗੱਡੀਆਂ ਇੱਥੋਂ ਹੋ ਕੇ ਲੰਘਦੀਆਂ ਹਨ। ਪੂਰਬ ਵੱਲ ਰੋਮਾਨੀਆ, ਬੁਲਗਾਰੀਆ, ਯੂਨਾਨ ਅਤੇ ਤੁਰਕੀ ਆ ਜਾਂਦੇ ਹਨ ਅਤੇ ਪੱਛਮ ਵੱਲ ਅਸਟਰੀਆ, ਜਰਮਨੀ, ਫਰਾਂਸ ਅਤੇ ਇੰਗਲੈਂਡ। ਕੁਦਰਤੀ ਤੌਰ ਤੇ ਪੱਛਮੀ ਦੇਸ਼ ਅਮੀਰ ਹਨ ਅਤੇ ਹੰਗਰੀ ਦੇ ਪੂਰਬ ਵੱਲ ਗਰੀਬੀ ਹੈ। ਤੁਰਕੀ ਪਹੁੰਚਣ ਤਕ ਏਸ਼ੀਆ ਦਾ ਕਿਨਾਰਾ ਆ ਜਾਂਦਾ ਹੈ। ਸਫਾਈ ਦਾ ਮਿਆਰ ਪੂਰਬ ਵੱਲ ਘਟਣਾ ਸ਼ੁਰੂ ਹੋ ਜਾਂਦਾ ਹੈ ਪਰੰਤੂ ਲੋਕਾਂ ਵਿਚ ਮਿਲਾਪੜਾਪਨ ਵਧਦਾ ਜਾਂਦਾ ਹੈ। ਇਸ ਯਾਤਰਾ ਦੌਰਾਨ ਮੈਂ ਪੱਛਮ ਤੋਂ ਪੂਰਬ ਅਤੇ ਦੱਖਣ ਤੋਂ ਉੱਤਰ ਵਲ ਯੂਰਪ ਦੇ ਸਾਰੇ ਮਹਾਨ ਦੇਸ਼ ਹੀ ਘੁੰਮੇਣੇ ਸਨ।

ਰੋਮਾਨੀਆ ਯੂਰਪ ਦੇ ਗਰੀਬ ਦੇਸ਼ਾਂ ਵਿਚ ਗਿਣਿਆ ਜਾਂਦਾ ਹੈ। ਇਸ ਦੀ ਗਰੀਬੀ ਦਾ ਕਾਰਨ ਕਮਿਊਨਿਸਟਾਂ ਦੇ ਸਿਰ ਮੜ੍ਹਿਆ ਗਿਆ ਹੈ। ਵਿਸ਼ਵ ਭਰ ਵਿਚ ਰੋਮਾਨੀਆ ਦੇ ਇਨਕਲਾਬ ਦੀ ਝਾਕੀ ਦਿਲ ਕੰਬਾ ਦਿੰਦੀ ਹੈ ਜਦੋਂ ਦਸੰਬਰ 1989 ਵਿਚ ਕਮਿਊਨਿਸਟ ਪਾਰਟੀ ਦੇ ਡਿਕਟੇਟਰ ਚੌਚੈਸਕੂ ਨੂੰ ਪਤਨੀ ਸਮੇਤ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ ਸੀ। ਉਹ ਰੋਮਨੀਆ ਉਪਰ ਬਾਦਸ਼ਾਹਾਂ ਵਾਂਗ ਰਾਜ ਕਰ ਰਿਹਾ ਸੀ ਅਤੇ ਜਨਤਾ ਗਰੀਬੀ ਦੀ ਰੇਖਾ ਹੇਠ ਗੁਜਾਰਾ ਕਰ ਰਹੀ ਸੀ। ਚੌਚੈਸਕੂ ਨੇ ਪੂਰੀ ਸਖਤੀ ਨਾਲ ਬਗਾਵਤ ਦਬਾਣ ਦੀ ਕੋਸ਼ਿਸ਼ ਕੀਤੀ ਅਤੇ ਦੋ ਹਜਾਰ ਵਿਦਰੋਹੀ ਸ਼ਹੀਦ ਕਰ ਦਿੱਤੇ। ਬੁਕਾਰੈਸਟ ਨੂੰ ਉਹ ਵਿਸ਼ਵ ਭਰ ਦਾ ਅਜੂਬਾ ਬਣਾਉਣਾ ਚਾਹੁੰਦਾ ਸੀ ਅਤੇ ਆਪਣੇ ਲਈ ਸੁੰਦਰ ਮਹਿਲ ਤਾਮੀਰ ਕਰਵਾ ਰਿਹਾ ਸੀ।

ਹੰਗਰੀ ਤੋਂ ਰੇਲ ਗੱਡੀ ਪਹਿਲਾਂ ਮੈਦਾਨੀ ਇਲਾਕੇ 'ਚੋਂ ਲੰਘਦੀ ਹੈ ਜਿਸਨੂੰ ਟਰਾਂਸਸਿਲਵੇਨੀਆ ਕਹਿੰਦੇ ਹਨ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਇਹ ਇਲਾਕਾ ਹੰਗਰੀ ਤੋਂ ਖੋਹ ਕੇ ਰੋਮਾਨੀਆ ਨੂੰ ਦੇ ਦਿੱਤਾ ਗਿਆ ਜਿਸ ਕਰਕੇ ਦੋਹਾਂ ਦੇਸ਼ਾਂ ਵਿਚ ਤਨਾਉ ਦਾ ਕਾਰਨ ਬਣ ਗਿਆ। ਇਥੋਂ ਦੇ ਲੋਕ ਹੰਗਰੀ ਨਾਲ ਮਿਲਣਾ ਚਾਹੁੰਦੇ ਹਨ ਕਿਉਂਕਿ ਇਹਨਾਂ ਦੀ ਬੋਲੀ ਵੀ ਰੋਮਾਨੀਆ ਤੋਂ ਵੱਖਰੀ ਹੈ।

ਖੇਤੀਬਾੜੀ ਅਤੇ ਖਣਿਜ ਪਦਾਰਥਾਂ ਦੀ ਬਹੁਤਾਤ ਕਾਰਨ ਇਹ ਰੋਮਾਨੀਆ ਦਾ ਸਭ ਤੋਂ ਅਮੀਰ ਸੂਬਾ ਹੈ। ਇਸ ਤੋਂ ਬਾਅਦ ਪਹਾੜੀ ਇਲਾਕਾ ਹੈ ਅਤੇ ਫਿਰ ਮੈਦਾਨੀ ਖੇਤਰ ਜੋ ਕਾਲੇ ਸਮੁੰਦਰ (Black Sea) ਤੱਕ ਫੈਲਿਆ ਹੋਇਆ ਹੈ।ਰਾਤ ਭਰ ਦੇ ਸਫਰ ਬਾਅਦ ਮੇਰੀ ਗੱਡੀ ਸਵੇਰੇ ਨੌਂ ਵਜੇ ਦੇ ਕਰੀਬ ਬੁਕਾਰੈਸਟ ਦੇ ਸਟੇਸ਼ਨ ਤੇ ਪਹੁੰਚ ਗਈ। ਚੋਰੀ ਦੇ ਡਰ ਕਾਰਨ ਰਾਤ ਭਰ ਮੇਰੇ ਡੱਬੇ ਦੇ ਦੋਹੀਂ ਪਾਸੀਂ ਤਾਲਾ ਲਗਾ ਰੱਖਿਆ ਸੀ। ਹੰਗਰੀ ਵਾਂਗ ਰੋਮਾਨੀਆ ਵਿਚ ਵੀ ਜਿਪਸੀ ਕਬੀਲੇ ਦੇ ਲੋਕ ਵੱਸਦੇ ਹਨ ਜੋ ਕੰਮ ਕਾਰ ਵਿਚ ਰੁਚੀ ਨਹੀਂ ਰੱਖਦੇ ਅਤੇ ਚੋਰੀ ਕਰਕੇ ਜਾਂ ਮੰਗਕੇ ਨਿਰਬਾਹ ਕਰ ਲੈਂਦੇ ਹਨ। ਆਪਣੇ ਆਪ ਨੂੰ ਉਹ ਪੰਜਾਬੀਆਂ ਦੇ ਪੂਰਵਜ਼ ਹੀ ਕਹਿੰਦੇ ਹਨ ਅਤੇ ਪੰਜਾਬੀਆਂ ਵਾਂਗ ਵੱਖਰੀ ਪਹਿਚਾਣ ਰੱਖਣ ਦੇ ਚਾਹਵਾਨ ਹਨ। ਇਹਨਾਂ ਦੀਆਂ ਔਰਤਾਂ ਘੱਗਰੀ ਪਾਉਂਦੀਆਂ ਹਨ ਅਤੇ ਬੱਚਿਆਂ ਸਮੇਤ ਬੁਕਾਰੈਸਟ ਦੇ ਬਜ਼ਾਰਾਂ ਵਿਚ ਅਤੇ ਗਿਰਜਾ ਘਰਾਂ ਦੇ ਬਾਹਰ ਭਾਰਤੀ ਮੰਗਤਿਆਂ ਵਾਂਗ ਯਾਤਰੀਆਂ ਦੇ ਖਹਿੜੇ ਪੈ ਜਾਂਦੀਆਂ ਹਨ।

ਰੇਲਵੇ ਸਟੇਸ਼ਨ ਤੇ ਮੇਰੀ ਮੇਜ਼ਬਾਨ ਮੈਡਮ ਆਨਾ ਦਾਨਿਸ਼ ਆਪਣੇ ਖੋਜ ਵਿਦਿਆਰਥੀਆਂ ਨਾਲ ਅੱਗੋਂ ਲੈਣ ਆਈ ਹੋਈ ਸੀ। ਉਹ ਪਿਛਲੇ ਸਾਲ ਸਲੋਵੀਨੀਆ ਦੀ ਅੰਤਰ ਰਾਸ਼ਟਰੀ ਕਾਨਫਰੰਸ ਵਿਚ ਮੈਨੂੰ ਬੁਕਾਰੈਸਟ ਆਉਣ ਦਾ ਸੱਦਾ ਪੱਤਰ ਦੇ ਗਈ। ਸਾਡਾ ਖੋਜ ਖੇਤਰ ਸਾਂਝਾ ਹੋਣ ਕਰਕੇ ਉਸਦੀ ਖੋਜ ਸੰਸਥਾ ਦੇ ਡਾਇਰੈਕਟਰ ਨੇ ਮੇਰੇ ਵੀਜ਼ੇ ਦਾ ਪ੍ਰਬੰਧ ਕਰ ਰੱਖਿਆ ਸੀ। ਦੋ ਦਿਨ ਮੇਰੇ ਲਈ ਰੋਮਾਨੀਆ ਘੁੰਮਣ ਦਾ ਸਮਾਂ ਸੀ ਅਤੇ ਪਹਿਲੀ ਅਕਤੂਬਰ ਨੂੰ ਮੇਰਾ ਭਾਸ਼ਣ ਸੀ। ਸ਼ਹਿਰ ਦੇ ਕੇਂਦਰ ਅਤੇ ਡਾਊਨਟਾਊਨ ਦੇ ਨੇੜੇ ਮੁਨਤੇਨੀਆ ਹੋਟਲ ਵਿਚ ਮੇਰੇ ਠਹਿਰਣ ਦਾ ਪ੍ਰਬੰਧ ਕੀਤਾ ਗਿਆ। ਕਮਰਾ ਤਾਂ 50 ਡਾਲਰ ਦਾ ਮਿਲਿਆ ਪਰੰਤੂ ਰੋਟੀ ਪਾਣੀ ਦਾ ਖਰਚਾ ਦਿੱਲੀ ਸ਼ਹਿਰ ਤੋਂ ਵੀ ਘੱਟ ਸੀ ਜੇਕਰ ਹੋਟਲ ਤੋਂ ਬਾਹਰ ਕਿਸੇ ਰੈਸਤੋਰਾਂ ਵਿਚ ਭੋਜਨ ਕੀਤਾ ਜਾਵੇ। ਆਨਾ ਦਾਨਿਸ਼ ਨੇ ਕੁਝ ਹਦਾਇਤਾਂ ਦਿੱਤੀਆਂ ਅਤੇ ਦੁਪਹਿਰ ਤੋਂ ਪਹਿਲਾਂ ਉਹ ਟੈਕਸੀ ਕਰ ਕੇ ਆ ਗਈ। ਅਸੀਂ ਬੁਕਾਰੈਸਟ ਦੀ ਪਾਰਲੀਮੈਂਟ ਦੇਖਣ ਗਏ ਅਤੇ ਸ਼ਹਿਰ ਦੇ ਬਜ਼ਾਰਾਂ ਦਾ ਗੇੜਾ ਲਾਇਆ।

ਰੋਮਾਨੀਆ ਦੀ ਪਾਰਲੀਮੈਂਟ ਵਿਸ਼ਵ ਭਰ ਵਿਚ ਹੁਣ ਸਭ ਤੋਂ ਵੱਡੀ ਇਮਾਰਤ ਮੰਨੀ ਜਾਂਦੀ ਹੈ ਕਿਉਂਕਿ ਪਹਿਲਾਂ ਇਹ ਸਥਾਨ ਵਾਸ਼ਿੰਗਟਨ ਦੀ ਪੈਂਟਾਗਨ ਇਮਾਰਤ ਨੂੰ ਹਾਸਲ ਸੀ ਜੋ ਗਿਆਰਾਂ ਸਤੰਬਰ ਨੂੰ ਤਬਾਹ ਹੋ ਗਈ। ਚੌਚੈਸਕੂ ਨੇ ਸ਼ਾਹਜਹਾਨ ਦੇ ਤਾਜਮਹੱਲ ਵਾਂਗ ਇਸ ਨੂੰ ਬੜੀ ਰੀਝ ਨਾਲ ਉਸਾਰਿਆ। ਅਸੀਂ ਗਾਈਡ ਦੀ ਅਗਵਾਈ ਹੇਠ ਇਸ ਦਾ ਚੱਕਰ ਲਗਾਇਆ। ਇਸ ਇਮਾਰਤ ਦੀ ਉਸਾਰੀ ਲਈ 17 ਹਜ਼ਾਰ ਮਜ਼ਦੂਰ ਅਤੇ 700 ਆਰਕੀਟੈਕਟ ਦਿਨ ਰਾਤ ਦਸ ਸਾਲ ਕੰਮ ਕਰਦੇ ਰਹੇ। ਇਸ ਵਿਚ 300 ਮਾਲ ਗੱਡੀਆਂ ਸੰਗਮਰਮਰ ਦੀਆਂ, 30 ਟਨ ਕ੍ਰਿਸਟਲ ਸ਼ੀਸ਼ਾ ਅਤੇ ਇਸੇ ਮਾਤਰਾ ਵਿਚ ਸੋਨਾ ਵਰਤਿਆ ਗਿਆ ਹੈ ਜੋ ਟਰਾਂਸਸਿਲਵੇਨੀਆ ਤੋਂ ਪ੍ਰਾਪਤ ਹੋਇਆ। ਇਸ ਦੇ ਅੰਦਰ ਬੜੇ ਸੁੰਦਰ ਹਾਲ ਹਨ, ਪੇਂਟਿੰਗ ਗੈਲਰੀ ਹੈ ਅਤੇ ਫਰਸ਼ ਉਪਰ ਆਹਲਾ ਦਰਜੇ ਦੇ ਕਾਲੀਨ ਵਿਛੇ ਹੋਏ ਹਨ। ਯੂਰਪ ਦੇ ਰਾਜ ਮਹੱਲਾਂ ਨੂੰ ਇਹ ਇਮਾਰਤ ਮਾਤ ਪਾ ਰਹੀ ਹੈ। ਚੌਚੈਸਕੂ ਨੇ ਰੋਮਾਨੀਆ ਨੂੰ ਕੰਗਾਲ ਕਰ ਛੱਡਿਆ ਪਰੰਤੂ ਆਪਣੀ ਜ਼ਿੱਦ ਪੂਰੀ ਕੀਤੀ। 1989 ਤੋਂ ਬਾਅਦ ਕੰਮ ਦੀ ਰਫਤਾਰ ਮੱਠੀ ਪੈ ਗਈ ਅਤੇ ਇਹ ਇਮਾਰਤ ਅਜੇ ਤਕ ਅਧੂਰੀ ਹੈ।

ਪਾਰਲੀਮੈਂਟ ਦੇ ਸਾਹਮਣੇ ਤਿੰਨ ਕਿਲੋਮੀਟਰ ਲੰਬਾਈ ਦਾ ਸ਼ਾਹੀ ਮਾਰਗ ਹੈ ਜਿਸ ਦੇ ਦੋਹੀਂ ਪਾਸੀਂ ਸਰਕਾਰੀ ਦਫਤਰ ਅਤੇ ਵਜ਼ੀਰਾਂ ਦੀਆਂ ਕੋਠੀਆਂ ਹਨ। ਇਹ ਪੈਰਿਸ ਦੇ ਸ਼ਾਂਜੇ ਲੀਜ਼ੇ ਨਾਲ ਮਿਲਦਾ ਜੁਲਦਾ ਹੈ ਅਤੇ ਸਾਡੇ ਰਾਜ ਪੱਥ ਤੋਂ ਬਿਹਤਰ ਹੈ। ਅਸੀਂ ਸ਼ਹਿਰ ਦੇ ਪੁਰਾਣੇ ਗਿਰਜਾਘਰ ਵੀ ਵੇਖੇ। ‘ਆਨਾ’ ਹਰ ਗਿਰਜਾਘਰ ਵਿਚ ਮੋਮਬੱਤੀਆਂ ਅਤੇ ਧੂਪ ਜਗਾਂਦੀ ਸੀ ਅਤੇ ਮੇਰੇ ਲਈ ਵੀ ਰੀਸ ਕਰਨੀ ਜਰੂਰੀ ਹੋ ਜਾਂਦੀ। ਉਹ ਬਹੁਤ ਹੀ ਧਾਰਮਿਕ ਤਬੀਅਤ ਦੀ ਔਰਤ ਹੈ ਅਤੇ ਹਰ ਜਗ੍ਹਾ ਦਾਨਪਾਤਰ ਵਿਚ ਮਾਇਆ ਵੀ ਭੇਟ ਕਰਦੀ। ਬਜ਼ਾਰਾਂ ਵਿਚ ਕਾਫੀ ਰੌਣਕ ਸੀ। ਸਰਕਾਰੀ ਇਮਾਰਤਾਂ ਉਪਰ ਕਮਿਊਨਿਸਟ ਚਿੰਨ ਤਾਰਾ ਜੋ ਮਾਸਕੋ ਵਿਚ ਅਜੇ ਤਕ ਲੱਭਦਾ ਹੈ, ਬੁਕਾਰੈਸਟ ਵਿਚ ਹੁਣ ਗਾਇਬ ਹੋ ਚੁਕਾ ਹੈ। ਰੋਮਾਨੀਆ ਦੀ ਸਿਆਸਤ ਵਿਚ ਚੌਚੈਸਕੂ ਦੀ ਪਾਰਟੀ ਹਾਵੀ ਹੈ ਜਿਸ ਕਰਕੇ 1989 ਦੇ ਬਾਗੀ ਸ਼ਹੀਦਾਂ ਦੇ ਕਾਤਲਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋ ਰਹੀ। ਲੋਕਾਂ ਵਿਚ ਰੋਹ ਦੀ ਭਾਵਨਾ ਹੈ। ਆਰਥਿਕ ਮੰਦਵਾੜੇ ਦੇ ਬਾਵਜੂਦ ਬੁਕਾਰੈਸਟ ਸ਼ਹਿਰ ਸਾਫ ਸੁਥਰਾ ਅਤੇ ਚਹਿਲ ਪਹਿਲ ਦਾ ਕੇਂਦਰ ਹੈ। ਡਾਊਨਟਾਊਨ ਵਿਚ ਨੌਜਵਾਨ ਪੌਪ ਮਿਊਜ਼ਿਕ ਦੀਆਂ ਕੰਨ ਪਾੜਦੀਆਂ ਸੁਰਾਂ ਉੱਤੇ ਮਸਤੀ ਵਿਚ ਝੂਮ ਰਹੇ ਸਨ।

30 ਸਤੰਬਰ ਐਤਵਾਰ ਦਾ ਦਿਨ ਸੀ ਅਤੇ ਅਸੀਂ ਸ਼ਹਿਰ ਦੇ ਅੰਦਰ ਅਤੇ ਬਾਹਰ ਮਿਊਜ਼ੀਅਮ ਵੇਖਣ ਜਾਣਾ ਸੀ। ਆਨਾ ਦਾਨਿਸ਼ ਦੀ ਧੀ ਜੋਆਨਾ ਆਪਣੇ ਦੋਸਤ ਦੀ ਕਾਰ ਲੈ ਕੇ ਮੇਰੇ ਹੋਟਲ ਆ ਗਈ। ਪਹਿਲਾਂ ਅਸੀਂ ਹਿਸਟਰੀ ਮਿਊਜ਼ੀਅਮ ਵੇਖਿਆ ਜਿਸ ਤੋਂ ਰੋਮਾਨੀਆ ਦੇ ਇਤਿਹਾਸ ਬਾਰੇ ਜਾਣਕਾਰੀ ਮਿਲੀ। ਇੱਥੇ ਪਹਿਲਾਂ ਯੂਨਾਨੀਆਂ ਅਤੇ ਬਾਅਦ ਵਿਚ 106 ਈਸਵੀ ਤੋਂ ਰੋਮਨਾਂ ਦਾ ਰਾਜ ਕਾਇਮ ਹੋ ਗਿਆ। ਰੋਮਨ ਬਾਦਸ਼ਾਹਾਂ ਦੇ ਕਈ ਸਮਾਰਕ ਰੋਮਾਨੀਆ ਵਿਚ ਮਿਲਦੇ ਹਨ। 500 ਸਾਲ ਤੁਰਕਾਂ ਦਾ ਰਾਜ ਰਿਹਾ ਅਤੇ 1462 ਈ: ਵਿਚ ਰੋਮਾਨੀਆਂ ਦੇ ਜਰਨੈਲ ਵਲੈਦ ਤੀਪ ਨੇ ਸੁਲਤਾਨ ਆਟੋਮਾਨ ਦੀਆਂ ਫੌਜਾਂ ਨੂੰ ਹਰਾ ਕੇ ਦੇਸ਼ ਨੂੰ ਅਜ਼ਾਦ ਕੀਤਾ। ਕਈ ਸੂਬਿਆਂ ਵਿਚ ਰੂਸ ਦੇ ਜ਼ਾਰ ਅਤੇ ਹੰਗਰੀ ਦੇ ਬਾਦਸ਼ਾਹ ਕਾਬਜ਼ ਹੋ ਬੈਠੇ ਅਤੇ ਅਖੀਰ 1922 ਈ: ਵਿਚ

ਬਾਦਸ਼ਾਹ ਫਰਡੀਨੈਂਡ ਨੇ ਰੋਮਾਨੀਆ ਨੂੰ ਇੱਕਮੁੱਠ ਕਰਕੇ ਆਪਣਾ ਰਾਜ ਕਾਇਮ ਕੀਤਾ। ਇਹੋ ਕਾਰਨ ਹੈ ਕਿ ਰੋਮਾਨੀਆ ਵਿਚ ਹਰ ਯੂਰਪੀਨ ਕੌਮ ਦੇ ਵਾਸ਼ਿੰਦੇ ਰਹਿੰਦੇ ਹਨ।

ਬੁਕਾਰੈਸਟ ਦੇ ਬਾਹਰਲੇ ਹਿੱਸੇ ਵਿਚ ਇਕ ਝੀਲ ਕਿਨਾਰੇ ਪੇਂਡੂ ਤਹਿਜ਼ੀਬ ਦਾ ਅਜਾਇਬਘਰ ਹੈ। ਇਸ ਵਿਚ ਹਰ ਸੂਬੇ ਦੇ ਲੋਕਾਂ ਦੇ ਰਹਿਣ ਸਹਿਣ ਦੀ ਮੁਕੰਮਲ ਝਾਕੀ ਪੇਸ਼ ਕੀਤੀ ਗਈ ਹੈ। ਲੋਕਾਂ ਦੇ ਘਰਾਂ ਵਿਚਲਾ ਸਮਾਨ ਸਾਂਭਿਆ ਪਿਆ ਹੈ: ਚਰਖੇ, ਮਧਾਣੀਆਂ ਅਤੇ ਖੇਤੀ ਦੇ ਔਜ਼ਾਰ ਸਾਡੇ ਪੰਜਾਬ ਨਾਲ ਮਿਲਦੇ ਹਨ। ਲੋੜ ਹੈ ਕਿ ਸਾਡੀ ਯੂਨੀਵਰਸਿਟੀ ਪੇਂਡੂ ਵਿਰਾਸਤ ਦਾ ਅਜਾਇਬਘਰ ਕਾਇਮ ਕਰੇ ਕਿਉਂਕਿ ਬਹੁਤ ਸਾਰੀ ਸਮੱਗਰੀ ਅੱਜ ਦੇ ਤਕਨੀਕੀ ਯੁਗ ਵਿਚ ਅਲੋਪ ਹੋ ਜਾਣੀ ਹੈ। ਰੋਮਾਨੀਆ ਦੇ ਪਿੰਡਾਂ ਦੇ ਬਾਹਰ ਚੌਰਾਹੇ ਉਪਰ ਯਾਤਰੀਆਂ ਦੇ ਅਰਾਮ ਲਈ ਗਿਰਜਾਘਰ ਹੋਇਆ ਕਰਦਾ ਸੀ ਜਿੱਥੇ ਪਿੰਡ ਦੇ ਲੋਕ ਖਾਣ ਪੀਣ ਦਾ ਸਮਾਨ ਰੱਖ ਦੇਂਦੇ ਸਨ। ਪੰਜਾਬ ਵਿਚ ਇਹ ਪਰੰਪਰਾ ਸਾਡੇ ਗੁਰਦਵਾਰਾ ਲੰਗਰ ਦੇ ਰੂਪ ਵਿਚ ਅਜੇ ਵੀ ਕਾਇਮ ਹੈ। ਵਿਆਹ ਸ਼ਾਦੀ ਦੇ ਤਿਉਹਾਰ ਵੀ ਸਾਡੇ ਨਾਲ ਮਿਲਦੇ ਹਨ, ਭਾਂਵੇ ਧਰਮ ਅਤੇ ਸਭਿਅਤਾ ਦਾ ਫਰਕ ਵੀ ਰਿਹਾ ਹੈ।

ਪਹਿਲੀ ਅਕਤੂਬਰ ਨੂੰ ਮੈਂ ਬੁਕਾਰੈਸਟ ਦੀ ਯੂਨੀਵਰਸਿਟੀ ਵੇਖਣ ਗਿਆ ਅਤੇ ਇਕ ਵਿਗਿਆਨੀ ਦੀ ਕਾਰ ਵਿਚ ਸ਼ਹਿਰ ਤੋਂ ਵੀਹ ਕਿਲੋਮੀਟਰ ਬਾਹਰ 'ਹੋਰਾ ਹੁੱਲਾਬਾਈ' ਖੋਜ ਸੰਸਥਾ ਵਿਚ ਆਪਣੇ ਖੋਜ ਕੰਮ ਬਾਰੇ ਭਾਸ਼ਣ ਦਿੱਤਾ। ਕਿਸੇ ਸਮੇਂ ਉਹ ਯੂਰਪ ਦੀ ਪ੍ਰਸਿੱਧ ਪ੍ਰਯੋਗਸ਼ਾਲਾ ਸੀ ਪਰੰਤੂ ਹੁਣ ਆਰਥਿਕ ਮੰਦਵਾੜੇ ਦਾ ਅਸਰ ਪ੍ਰਤੱਖ ਲੱਭ ਰਿਹਾ ਸੀ। ਇੱਥੋਂ ਦੇ ਵਿਗਿਆਨੀ ਪ੍ਰਵਾਸ ਕਰ ਰਹੇ ਹਨ ਅਤੇ ਖੋਜ ਮੱਧਮ ਪੈ ਗਈ ਹੈ। ਦੁਪਹਿਰ ਦਾ ਖਾਣਾ ਆਨਾ ਦਾਨਿਸ਼ ਦੇ ਘਰ ਵਰਜਿਆ ਹੋਇਆ ਸੀ। ਉਸਦੇ ਦੋ ਪੁੱਤਰ ਤਾਂ ਪਰਿਵਾਰ ਸਮੇਤ ਸ਼ਹਿਰ ਤੋਂ ਬਾਹਰ ਰਹਿੰਦੇ ਹਨ। ਉਸ ਦੀ ਧੀ ਯੂਨੀਵਰਸਿਟੀ ਵਿਚ ਪੜ੍ਹਦੀ ਹੈ ਅਤੇ ਉਹ ਸ਼ਰਾਬ ਤੇ ਸਿਗਰਟਨੋਸ਼ੀ ਤੋਂ ਪਰਹੇਜ਼ ਕਰਦੀ ਹੈ। ਆਨਾ ਨੇ ਮੇਰੇ ਲਈ ਕੇਕ ਅਤੇ ਫਲ ਪੈਕ ਕਰ ਦਿੱਤੇ ਤਾਂ ਕਿ ਮੈਂ ਰੇਲ ਯਾਤਰਾ ਦੌਰਾਨ ਪਰੇਸ਼ਾਨ ਨਾ ਹੋਵਾਂ। ਸਾਰਾ ਪਰਿਵਾਰ ਸਟੇਸ਼ਨ ਤੇ ਮੈਨੂੰ ਅਲਵਿਦਾ ਕਹਿਣ ਆਇਆ।

## ਬੁਲਗਾਰੀਆ ਦੀ ਸੁੰਦਰਤਾ ਦਾ ਪ੍ਰਤੀਕ : ਸੋਫੀਆ

ਬੁਕਾਰੈਸਟ ਤੋਂ ਬੁਲਗਾਰੀਆ ਦੀ ਰਾਜਧਾਨੀ ਸੋਫੀਆ ਜਾਣ ਵਾਲੀ ਗੱਡੀ ਸ਼ਾਮ ਦੇ ਛੇ ਵਜੇ ਰਵਾਨਾ ਹੋਈ। ਮੇਰੇ ਪਾਸ ਫਸਟ ਕਲਾਸ ਦਾ ਟਿਕਟ ਸੀ ਅਤੇ ਗੱਡੀ ਦੇ ਕੰਡੱਕਟਰ ਨੇ ਚੈਕ ਕਰਕੇ ਆਪਣੇ ਪਾਸ ਰੱਖ ਲਿਆ। ਯੂਰਪ ਵਿਚ ਰਿਵਾਜ ਹੈ ਕਿ ਰਾਤ ਦੇ ਸਫਰ ਵੇਲੇ ਟਿਕਟ ਅਤੇ ਪਾਸਪੋਰਟ ਗੱਡੀ ਦੇ ਕੰਡੱਕਟਰ ਪਾਸ ਜਮ੍ਹਾਂ ਕਰਵਾਣਾ ਪੈਂਦਾ ਹੈ। ਦਸ ਵਜੇ ਦੇ ਕਰੀਬ ਬੁਲਗਾਰੀਆ ਦੀ ਸਰਹੱਦ ਆ ਗਈ ਜੋ ਡੈਨੂਬ ਦਰਿਆ ਦੇ ਦੂਸਰੇ ਪਾਸੇ ਹੈ। ਕੰਡੱਕਟਰ ਨੇ ਮੇਰੇ ਪਾਸੋਂ ਫਿਰ ਟਿਕਟ ਦੀ ਮੰਗ ਕੀਤੀ ਜੋ ਉਸਦੇ ਕੋਲ ਹੀ ਸੀ। ਪਰੰਤੂ ਮੇਰੀ ਰਾਖਵੀਂ ਸੀਟ ਦਾ ਟਿਕਟ ਗੁੰਮ ਹੋ ਗਿਆ ਜਿਸ ਕਰਕੇ ਉਹ ਦਸ ਡਾਲਰ ਹੋਰ ਮੰਗਣ ਲੱਗਾ। ਮੈਂ ਸਮਝ ਗਿਆ ਕਿ ਉਹ ਕੁਝ ਡਾਲਰ ਬਟੋਰਨਾ ਚਾਹੁੰਦਾ ਹੈ। ਰੋਮਾਨੀਆ ਅਤੇ ਬੁਲਗਾਰੀਆ ਵਿਚ ਡਾਲਰ ਦੀ ਬਲੈਕ ਚੱਲਦੀ ਹੈ ਅਤੇ ਲੋਕੀਂ ਬੈਂਕ ਨਾਲੋਂ ਦੁਗਣੇ ਤਿਗੁਣੇ ਰੇਟ ਤੇ ਡਾਲਰ ਖਰੀਦ ਲੈਂਦੇ ਹਨ। ਬਾਰਡਰ ਤੇ ਪੁਲਿਸ ਅਤੇ ਕਸਟਮ ਵਾਲਿਆਂ ਨੇ ਪੂਰੀ ਤਲਾਸ਼ੀ ਲਈ। ਪੁਲਿਸ ਦੇ ਸਿਪਾਹੀ ਨੇ ਸੋਫੀਆ ਫੋਨ ਕਰਕੇ ਮੇਰੇ ਵੀਜ਼ੇ ਦਾ ਨੰਬਰ ਵੀ ਚੈਕ ਕੀਤਾ ਅਤੇ ਮੇਰੇ ਆਉਣ ਦੀ ਸੂਚਨਾ ਪਹੁੰਚਾ ਦਿੱਤੀ। ਸਾਰੇ ਯੂਰਪ ਦੀ ਯਾਤਰਾ ਦੌਰਾਨ ਇਹ ਪਹਿਲੀ ਵਾਰ ਤਜਰਬਾ ਹੋਇਆ।

ਬਾਰਡਰ ਪਾਰ ਕਰਨ ਤੋਂ ਬਾਅਦ ਸਾਰੇ ਯਾਤਰੀ ਆਪਣੇ ਆਪਣੇ ਕੰਪਾਰਟਮੈਂਟ ਨੂੰ ਤਾਲਾ ਲਾ ਕੇ ਸੌਂ ਗਏ। ਮੈਨੂੰ ਵੀ ਕੰਡੱਕਟਰ ਤਾੜਨਾ ਕਰ ਗਿਆ ਕਿਉਂਕਿ ਗੱਡੀ ਵਿਚ ਚੋਰੀ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ। ਕੁਝ ਹਫਤੇ ਪਹਿਲਾਂ ਅਮਰੀਕੀ ਯਾਤਰੀਆਂ ਨੂੰ ਲੁੱਟਿਆ ਗਿਆ ਸੀ। ਕੁਝ ਡਰ ਅਤੇ ਕੁਝ ਦਸ ਡਾਲਰ ਦੀ ਨਜਾਇਜ ਮੰਗ ਨੇ ਮੇਰੀ ਨੀਂਦ ਹੀ ਉਚਾਟ ਕਰ ਛੱਡੀ ਸੀ। ਪਲਸੇਟੇ ਮਾਰ ਮਾਰ ਕੇ ਰਾਤ ਗੁਜ਼ਾਰੀ ਅਤੇ ਸਵੇਰੇ ਛੇ ਵਜੇ ਤੋਂ ਪਹਿਲਾਂ ਮੇਰੀ ਗੱਡੀ ਸੋਫੀਆ ਦੇ ਸਟੇਸ਼ਨ ਤੇ ਪਹੁੰਚ ਗਈ। ਕੁਝ ਸਮਾਂ ਇੰਤਜ਼ਾਰ ਕਰਨ ਤੋਂ ਬਾਅਦ ਮੇਰਾ ਵਾਕਫਕਾਰ ਵਿਗਿਆਨੀ ਬਾਈਕੋ ਰੈਂਗੁਲੋਵ ਆ ਗਲੇ ਮਿਲਿਆ। ਸਟੇਸ਼ਨ ਤੋਂ ਬਾਹਰ ਟਰਾਮ ਤੇ ਸਵਾਰ ਹੋ ਕੇ ਅਸੀਂ ਸੋਫੀਆ ਸ਼ਹਿਰ ਦੇ ਬਾਹਰਲੇ ਹਿੱਸੇ ਵਿਚ ਪਹੁੰਚ ਗਏ ਜਿੱਥੇ ਭੂ-ਵਿਗਿਆਨ ਦਾ ਖੋਜ ਕੇਂਦਰ ਹੈ। ਮੇਰੇ ਰਹਿਣ ਦਾ ਪ੍ਰਬੰਧ ਇਕ ਨੇੜੇ ਦੇ ਹੋਟਲ ਵਿਚ ਕੀਤਾ ਹੋਇਆ ਸੀ। ਬੁਲਗਾਰੀਆ ਵਿਚ ਹੋਟਲ, ਟੈਕਸੀ ਅਤੇ ਖਾਣੇ ਦੇ ਰੇਟ ਸਾਡੇ ਸ਼ਹਿਰਾਂ ਬਰਾਬਰ ਹੀ ਹਨ। ਕਮਿਊਨਿਸਟ ਰਾਜ ਸਮੇਂ ਤਾਂ ਇਹ ਹੋਰ ਵੀ ਸਸਤਾ ਰੇਟ ਸੀ ਪਰੰਤੂ ਹੁਣ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋਣ ਕਾਰਨ ਮਹਿੰਗਾਈ ਵਧ ਰਹੀ ਹੈ। ਬਾਈਕੋ ਮੈਨੂੰ ਹੋਟਲ ਛੱਡ ਕੇ ਚਲਾ ਗਿਆ ਅਤੇ ਦੋ ਘੰਟੇ ਬਾਅਦ ਪਰਤ ਆਇਆ।

ਪਹਿਲਾਂ ਅਸੀਂ ਖੋਜ ਸੰਸਥਾ ਦਾ ਚੱਕਰ ਲਾਇਆ ਅਤੇ ਭੁਚਾਲਾਂ ਸੰਬੰਧੀ ਖੋਜ ਬਾਰੇ ਵਿਚਾਰ ਵਟਾਂਦਰਾ ਕੀਤਾ। ਬੁਲਗਾਰੀਆ ਦੀ ਆਬਾਦੀ 80 ਲੱਖ ਹੈ ਅਤੇ ਇਸ ਦਾ ਵਧੇਰੇ ਹਿੱਸਾ ਭੁਚਾਲੀ ਖੇਤਰ ਵਿਚ ਆ ਜਾਂਦਾ ਹੈ। ਇਕ ਪਾਸੇ ਕਾਲਾ ਸਮੁੰਦਰ (Black Sea) ਹੈ ਅਤੇ ਦੂਸਰੇ ਪਾਸੇ ਬਾਲਕਾਨ ਲੜੀ ਦੇ ਪਰਬਤ ਹਨ। ਸੋਫੀਆ ਸ਼ਹਿਰ ਵੀ ਚੰਡੀਗੜ੍ਹ ਵਾਂਗ ਪਹਾੜਾਂ ਦੇ ਪਰਛਾਵੇਂ ਹੇਠ ਹੈ ਅਤੇ ਇਸ ਦੀ ਆਬਾਦੀ ਦਸ ਲੱਖ ਦੇ ਕਰੀਬ ਹੈ। ਧਰਤੀ ਨਾਲ ਘਿਰਿਆ ਹੋਣ ਕਰਕੇ 'ਬਲੈਕ ਸੀ' ਦਾ ਪਾਣੀ ਨੀਲੇ ਦੀ ਥਾਂ ਕਾਲੇ ਰੰਗ ਦੀ ਭਾਹ ਮਾਰਦਾ ਹੈ ਜਿਸ ਕਰਕੇ ਇਸਨੂੰ ਕਾਲਾ ਸਮੁੰਦਰ ਕਹਿੰਦੇ ਹਨ।

ਸੋਫੀਆ ਸ਼ਹਿਰ ਯੂਨਾਨੀਆਂ ਨੇ ਆਬਾਦ ਕੀਤਾ ਸੀ ਜਿਸ ਕਰਕੇ ਇਸ ਦਾ ਨਾਮ ਅਕਲ ਅਤੇ ਸੂਝ ਦੀ ਦੇਵੀ 'ਸੋਫੀਆ' ਦੇ ਨਾਮ ਤੇ ਰੱਖਿਆ ਗਿਆ। ਬੁਲਗਾਰੀਆ ਉਪਰ ਕਈ ਕੌਮਾਂ ਦਾ ਰਾਜ ਰਿਹਾ। ਪਹਿਲਾਂ ਯੂਨਾਨੀ, ਫਿਰ ਰੋਮਨ ਅਤੇ ਤੁਰਕ ਕਾਬਜ਼ ਹੋ ਗਏ ਜੋ 500 ਸਾਲ ਰਾਜ ਕਰਦੇ ਰਹੇ ਜਿਸ ਕਰਕੇ ਮੁਸਲਮਾਨਾਂ ਦੀ ਗਿਣਤੀ ਦਸ ਲਖ ਤੋਂ ਵਧੇਰੇ ਹੈ। ਰੂਸ ਦੇ ਜ਼ਾਰ ਨੇ ਉਹਨਾਂ ਨੂੰ ਤੁਰਕਾਂ ਤੋਂ ਆਜ਼ਾਦ ਕਰਵਾਇਆ ਸੀ ਜਿਸ ਕਰਕੇ ਸ਼ਹਿਰ ਵਿਚ ਕਈ ਰੂਸੀ ਸਮਾਰਕ ਕਾਇਮ ਹਨ। ਪਹਿਲਾਂ ਅਸੀਂ ਸੋਫੀਆ ਦੇਵੀ ਦੇ ਬੁੱਤ ਕੋਲ ਗਏ ਜੋ ਪਾਰਲੀਮੈਂਟ ਬਿਲਡਿੰਗ ਦੇ ਸਾਹਮਣੇ ਹੈ। ਰੂਸੀ ਚੌਕ ਵਿਚ ਜ਼ਾਰ ਦਾ ਬੁੱਤ ਅਤੇ ਨੇੜੇ ਹੀ ਇਕ ਸੁੰਦਰ ਗਿਰਜਾਘਰ ਹੈ। ਸ਼ਹਿਰ ਦੇ ਡਾਊਨ ਟਾਊਨ ਵਿਚ ਯੂਨਾਨੀ ਅਤੇ ਰੋਮਨ ਬਾਦਸ਼ਾਹਾਂ ਦੇ ਖੰਡਰ ਮਿਲਦੇ ਹਨ। ਪੁਰਾਣੀ ਰੋਮਨ ਦੀਵਾਰ ਵੀ ਸਾਂਭੀ ਹੋਈ ਹੈ। 864 ਈ: ਵਿਚ ਬੋਰਿਸ ਬਾਦਸ਼ਾਹ ਨੇ ਰੋਮਨ ਕੈਥੋਲਿਕ ਧਰਮ ਅਪਨਾਇਆ ਅਤੇ ਯਾਦ ਵਿਚ ਇਕ ਗਿਰਜਾਘਰ ਤਾਮੀਰ ਕੀਤਾ। ਰੋਮਨ ਗਿਰਜਾਘਰ ਦੇਖ ਕੇ ਅਸੀਂ ਸੋਫੀਆ ਦਾ ਸਭ ਤੋਂ ਸੁੰਦਰ ਗਿਰਜਾਘਰ ਵੇਖਣ ਗਏ ਜੋ ਇੱਥੋਂ ਦੇ ਰੂਸੀ ਜ਼ਾਰ ਨੈਵਰੈਸਕੀ ਦੇ ਨਾਮ ਤੇ ਉਸਾਰਿਆ ਗਿਆ ਸੀ। ਇਹ ਬਾਦਸ਼ਾਹ ਇੰਨਾ ਹਰਮਨ ਪਿਆਰਾ ਅਤੇ ਧਾਰਮਿਕ ਭਾਵਨਾ ਵਾਲਾ ਸੀ ਕਿ ਇਸ ਨੂੰ ਸੰਤ ਘੋਸ਼ਿਤ ਕਰ ਦਿੱਤਾ ਗਿਆ। ਗਿਰਜਾਘਰ ਆਰਥੋਡੋਕਸ (Orthodox) ਫਿਰਕੇ ਨਾਲ ਸੰਬੰਧਿਤ ਹੈ ਅਤੇ ਈਸਾਈ ਧਰਮ ਦੀ ਇਹ ਸ਼ਾਖਾ ਰੂਸ, ਰੋਮਾਨੀਆ, ਯੂਨਾਨ ਅਤੇ ਬੁਲਗਾਰੀਆ ਵਿਚ ਵਿਕਸਤ ਹੋਈ। ਅਸੀਂ ਜਦੋਂ ਦਾਖਲ ਹੋਏ ਤਾਂ ਗਿਰਜੇ ਦਾ ਇਕ ਸੇਵਾਦਾਰ ਮੇਰੇ ਪਾਸ ਆ ਕੇ ਕਹਿਣ ਲੱਗਾ ਕਿ ਅੰਦਰ ਜਾਣ ਦੀ ਮਨਾਹੀ ਹੈ। ਸ਼ਾਇਦ ਉਹ ਮੈਨੂੰ ਮੁਸਲਮਾਨ ਸਮਝ ਬੈਠਾ ਸੀ। ਅਸੀਂ ਬਗੈਰ ਬਹਿਸ ਕੀਤਿਆਂ ਬਾਹਰ ਆ ਗਏ। ਇਸ ਗਿਰਜਾ ਘਰ ਦੀ ਵਿਸ਼ੇਸ਼ ਖੂਬੀ ਇਹ ਹੈ ਕਿ ਇਸ ਅੰਦਰ ਦੀਵਾਰਾਂ ਉਪਰ ਈਸਾਈ ਧਰਮ ਨਾਲ ਸੰਬੰਧਿਤ ਸੰਤਾਂ ਦੇ ਜੀਵਨ ਦੀਆਂ ਝਾਕੀਆਂ ਦਰਸਾਈਆਂ ਗਈਆਂ ਹਨ। ਇਸ ਕਲਾ ਨੂੰ ਬੁਲਗਾਰੀਆ ਵਿਚ ਵਿਕਸਤ ਕੀਤਾ ਗਿਆ ਅਤੇ ਇਸ ਨੂੰ ਧਾਰਮਿਕ ਚਿੱਤਰ ਕਲਾ (Icon Painting) ਕਹਿੰਦੇ ਹਨ। ਇਹਨਾਂ ਕਲਾ ਕ੍ਰਿਤੀਆਂ ਵਿਚ ਸੋਨੇ ਦੀ ਭਰਮਾਰ ਹੈ ਅਤੇ ਗੋਲਡਨ ਟੈਂਪਲ ਵਾਂਗ ਗਿਰਜਾਘਰ ਵੀ ਅੰਦਰੋਂ ਦਗਮਗਾ ਰਿਹਾ ਸੀ।

ਸੋਫੀਆ ਵਿਚ ਵੀਹ ਦੇ ਕਰੀਬ ਯੂਨੀਵਰਸਿਟੀਆਂ ਹਨ। ਅਸੀਂ ਕੇਂਦਰੀ ਯੂਨੀਵਰਸਿਟੀ ਦਾ ਗੇੜਾ ਲਾਇਆ। ਇਹ ਦੋ ਵਪਾਰੀ ਭਰਾਵਾਂ ਨੇ ਆਪਣੀ ਕਮਾਈ ਵਿੱਚੋਂ ਦਾਨ ਦੇ ਕੇ ਤਿਆਰ ਕਰਵਾਈ ਸੀ ਅਤੇ ਉਹਨਾਂ ਦੇ ਬੁੱਤ ਇਸ ਦੇ ਮੁੱਖ ਦਵਾਰ ਸਾਹਮਣੇ ਲੱਗੇ ਹੋਏ ਹਨ। ਇੱਥੇ ਹਿੰਦੀ ਅਤੇ ਸੰਸਕ੍ਰਿਤ ਵੀ ਪੜ੍ਹਾਈ ਜਾਂਦੀ ਹੈ। ਯੂਨੀਵਰਸਿਟੀ ਦੇ ਸਾਹਮਣੇ ਪਾਰਕ ਵਿੱਚ ਰਾਗ ਰੰਗ ਦਾ ਮਾਹੌਲ ਸੀ। ਬਹੁਤੇ ਵਿਦਿਆਰਥੀ ਵਾਲਾਂ ਦੀ ਗੁੱਤ ਕਰੀ ਫਿਰਦੇ ਸਨ, ਪਿੱਛੋਂ ਪਤਾ ਨਹੀਂ ਲਗਦਾ ਮੁੰਡਾ ਹੈ ਕਿ ਕੁੜੀ। ਇਹ ਹੁਣ ਯੂਰਪ ਦਾ ਫੈਸ਼ਨ ਹੀ ਬਣ ਗਿਆ ਹੈ, ਮੁੰਡੇ ਕੁੜੀਆਂ ਜਾਪਦੇ ਹਨ ਅਤੇ ਕੁੜੀਆਂ ਮੁੰਡਿਆਂ ਵਾਂਗ ਤਿਆਰ ਹੁੰਦੀਆਂ ਹਨ। ਹਰ ਪਾਰਕ ਅਤੇ ਯਾਤਰੀ ਕੇਂਦਰ ਅੱਗੇ ਮੰਗਤਿਆਂ ਦੀ ਹਾਜ਼ਰੀ ਲੱਭਦੀ ਸੀ। ਰੋਮਾਨੀਆ ਵਾਂਗ ਇੱਥੇ ਵੀ ਜਿਪਸੀ ਲੋਕ ਰਹਿੰਦੇ ਹਨ। ਮੇਰੇ ਦੋਸਤ ਦੇ ਮਨਾ ਕਰਨ ਤੇ ਵੀ ਉਹ ਮੇਰਾ ਰਾਹ ਘੇਰ ਖਲੋਂਦੇ ਸਨ ਅਤੇ ਮੂੰਹ ਮੰਗੀ ਭਿਖਿਆ ਲਏ ਬਗੈਰ ਅੱਗੇ ਨਹੀਂ ਜਾਣ ਦਿੰਦੇ ਸਨ।

3 ਅਕਤੂਬਰ ਨੂੰ ਮੈਂ ਖੋਜ ਸੰਸਥਾ ਦੇ ਵਿਗਿਆਨੀਆਂ ਨਾਲ ਭੁਚਾਲ ਕੇਂਦਰ ਦਾ ਦੌਰਾ ਕਰਨ ਜਾਣਾ ਸੀ। ਸੋਫੀਆ ਤੋਂ ਵੀਤੋਸਾ ਪਹਾੜ ਦੀ ਤਰਫ ਕਾਰ ਵਿਚ ਚਾਲੇ ਪਾ ਦਿੱਤੇ। ਇਸ ਦੀ ਚੋਟੀ ਉਪਰ ਇਕ ਸੁੰਦਰ ਝਰਨੇ ਦੇ ਕੋਲ ਭੁਚਾਲ ਰੀਕਾਰਡ ਕਰਨ ਲਈ ਪ੍ਰਯੋਗਸ਼ਾਲਾ ਬਣਾਈ ਗਈ ਹੈ। ਇਹ ਧਰਤੀ ਦੇ ਕਾਫੀ ਹੇਠ ਹੈ। ਚੋਟੀ ਤੋਂ ਸੋਫੀਆ ਸ਼ਹਿਰ ਦਾ ਨਜ਼ਾਰਾ ਮਨ ਭਾਉਂਦਾ ਸੀ। ਦੁਪਹਿਰ ਬਾਅਦ ਅਸੀਂ ਸ਼ਹਿਰ ਪਰਤ ਆਏ ਅਤੇ ਕੁਝ ਅਜਾਇਬ ਘਰਾਂ ਦੀ ਯਾਤਰਾ ਕੀਤੀ। ਬੁਲਗਾਰੀਆ ਦੇ ਲੋਕ ਖੇਤੀ ਕਰਦੇ ਹਨ ਅਤੇ ਪਹਾੜਾਂ ਦੀਆਂ ਵਾਦੀਆਂ ਵਿਚ ਭੇਡਾਂ ਚਾਰਦੇ ਹਨ। ਇਕ ਯੂਨਾਨੀ ਕਬੀਲਾ ਭੇਡਾਂ ਦੀ ਦੇਖ ਰੇਖ ਕਰਕੇ ਪ੍ਰਸਿੱਧ ਹੈ ਜਿਸ ਨੂੰ ਕਰਾਕਾਚਾਨ ਕਬੀਲਾ ਕਹਿੰਦੇ ਹਨ। ਇਹ ਸਾਡੇ ਹਿਮਾਚਲ ਦੇ ਗੱਦੀ ਕਬੀਲੇ ਨਾਲ ਮਿਲਦਾ ਜੁਲਦਾ ਹੈ। ਨਵੇਂ ਸਾਲ ਤੇ ਉਹ ਭੇਡੂ ਦੀ ਕੁਰਬਾਨੀ ਦਿੰਦੇ ਹਨ। ਵਿਆਹ ਸ਼ਾਦੀਆਂ ਦੀਆਂ ਰਸਮਾਂ ਅਤੇ ਪਹਿਰਾਵਾ ਵੀ ਗੱਦੀਆਂ ਵਾਂਗ ਹੈ। ਬੁਲਗਾਰੀਆ ਦੇ ਜੱਟ ਵੀ ਪੰਜਾਬ ਵਾਂਗ ਆਪਣੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ। ਸੇਂਟ ਜਾਰਜ ਇਹਨਾਂ ਦਾ ਇਸ਼ਟ ਦੇਵਤਾ ਹੈ ਅਤੇ ਨਵੀਂ ਫਸਲ ਆਉਣ ਤੇ ਉਸਦੀ ਸੀਰਣੀ ਵੰਡਦੇ ਹਨ।

4 ਅਕਤੂਬਰ ਨੂੰ ਮੈਂ ਖੋਜ ਸੰਸਥਾ ਦੇ ਡਾਇਰੈਕਟਰ ਨੂੰ ਮਿਲਿਆ ਅਤੇ ਕੁਝ ਪੁਰਾਣੇ ਜਾਣਕਾਰਾਂ ਦੀ ਸੂਚੀ ਦਿੱਤੀ। ਕਈ ਅਜੇ ਛੁੱਟੀਆਂ ਮਨਾ ਰਹੇ ਸਨ ਅਤੇ ਇਕ ਵਾਕਫਕਾਰ ਮਈਆ ਮਾਤੀਵਾ ਹੀ ਕੰਮ ਤੇ ਹਾਜ਼ਰ ਸੀ। ਉਹ ਨਿਊਕਲੀ ਰੇਡੀਏਸ਼ਨ ਦੀ

ਰੋਕਥਾਮ ਤੇ ਖੋਜ ਕਰ ਰਹੀ ਹੈ ਜੋ ਮੇਰਾ ਮਨਭਾਉਂਦਾ ਵਿਸ਼ਾ ਹੈ। ਮਾਤੀਵਾ ਨੇ ਆਪਣੇ ਡਰਾਈਵਰ ਨੂੰ ਭੇਜਿਆ ਅਤੇ ਅਸੀਂ ਰੇਡੀਏਸ਼ਨ ਖੋਜ ਸੰਸਥਾ ਦੇ ਵਿਗਿਆਨੀਆਂ ਨੂੰ ਮਿਲੇ। ਇੱਥੇ ਨਿਊਕਲੀ ਰੀਐਕਟਰਾਂ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ ਅਤੇ ਇਹ ਸਾਰੇ ਰੂਸ ਤੋਂ ਖਰੀਦੇ ਗਏ ਸਨ। ਸ਼ਹਿਰ ਤੋਂ ਬਾਹਰ ਇਕ ਜੰਗਲ ਵਿਚ ਰੀਐਕਟਰਾਂ ਤੋਂ ਬਚਿਆ ਨਿਊਕਲੀ ਬਾਲਣ ਮਾਤੀਵਾ ਦੀ ਦੇਖ ਰੇਖ ਵਿਚ ਸਾਂਭਿਆ ਜਾਂਦਾ ਹੈ। ਇਹ ਬਹੁਤ ਹੀ ਜੋਖਮ ਭਰਿਆ ਕੰਮ ਹੈ।

ਆਪਣੇ ਹੋਟਲ ਵਿੱਚੋਂ ਸਮਾਨ ਮਾਤੀਵਾ ਦੀ ਕਾਰ ਵਿਚ ਰੱਖ ਕੇ ਅਸੀਂ ਉਸ ਦੇ ਫਲੈਟ ਤੇ ਗਏ। ਉਸਦੀ ਧੀ ਅਤੇ ਪਤੀ ਸਾਡਾ ਇੰਤਜ਼ਾਰ ਕਰ ਰਹੇ ਸਨ। ਰਾਤ ਦਾ ਡਿਨਰ ਰਮਾਇਣਾ ਹੋਟਲ ਵਿਚ ਕੀਤਾ ਗਿਆ। ਸੋਫੀਆ ਵਿਚ ਦੋ ਭਾਰਤੀ ਰੈਸਤੋਰਾਂ ਹਨ ਅਤੇ ਇੱਥੇ ਪੰਜਾਬੀ ਅਤੇ ਸ਼ਾਕਾਹਾਰੀ ਭੋਜਨ ਮਿਲ ਜਾਂਦਾ ਹੈ। ਦਿਨ ਵੇਲੇ ਕੁਝ ਪੰਜਾਬੀ ਮੁੰਡੇ ਵੀ ਬਜ਼ਾਰ ਵਿਚ ਮਿਲੇ ਸਨ ਜੋ ਜਰਮਨੀ ਪਹੁੰਚਣ ਦੀਆਂ ਸਕੀਮਾਂ ਬਣਾ ਰਹੇ ਸਨ। ਬੁਲਗਾਰੀਆ ਤਾਂ ਯੂਨਾਨ ਅਤੇ ਤੁਰਕੀ ਤੋਂ ਜਰਮਨੀ ਦੇ ਰਾਹ ਵਿਚ ਪੰਜਾਬੀ ਮੁੰਡਿਆਂ ਦਾ ਅੱਡਾ ਹੀ ਜਾਪਦਾ ਹੈ ਕਿਉਂਕਿ ਇੱਥੇ ਰੋਜ਼ਗਾਰ ਦੇ ਵਸੀਲੇ ਨਾ-ਮਾਤਰ ਹਨ। ਨਾ ਹੀ ਕੋਈ ਗੁਰਦਵਾਰਾ ਬਣਿਆ ਹੈ। ਸੋਫੀਆ ਵਿਚ ਮਸਜਿਦਾਂ ਤਾਂ ਕਈ ਹਨ। ਰਾਤ ਦੇ ਖਾਣੇ ਉਪਰੰਤ ਮਾਤੀਵਾ ਦਾ ਪਰਿਵਾਰ ਮੈਨੂੰ ਸੋਫੀਆ ਦੇ ਸਟੇਸ਼ਨ ਤੇ ਵਿਦਾ ਕਰਨ ਆਇਆ ਅਤੇ ਕੁਝ ਤੋਹਫੇ ਭੇਟ ਕਰਕੇ ਅਲਵਿਦਾ ਕਹਿ ਗਿਆ।

~~~

## ਯੂਨਾਨ ਦਾ ਸੁੰਦਰ ਸ਼ਹਿਰ ਸੈਲੋਨੀਕੀ

5 ਅਕਤੂਬਰ ਦੀ ਸਵੇਰ ਮੈਂ ਸੈਲੋਨੀਕੀ ਦੇ ਰੇਲਵੇ ਸਟੇਸ਼ਨ ਤੇ ਜਾ ਉਤਰਿਆ। ਸੋਫੀਆ ਤੋਂ ਆਈ ਗੱਡੀ ਦੋ ਘੰਟੇ ਦੇਰੀ ਨਾਲ ਪਹੁੰਚੀ ਸੀ। ਮੇਰਾ ਯੂਨਾਨੀ ਮਿੱਤਰ ਪਾਪਾਸਟੀਫਾਨੋ ਸਟੇਸ਼ਨ ਤੇ ਮੇਰਾ ਇੰਤਜ਼ਾਰ ਕਰ ਰਿਹਾ ਸੀ। ਕਾਰ ਵਿਚ ਸਵਾਰ ਹੋ ਕੇ ਅਸੀਂ ਪਹਿਲਾਂ ਅਰਿਸਟੋਟਲ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਪਹੁੰਚੇ ਜਿੱਥੇ ਮੇਰੇ ਲਈ ਕਮਰਾ ਰਾਖਵਾਂ ਸੀ। ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਸਮੁੰਦਰ ਦੀ ਬਾਹੀ ਵਾਲੇ ਪਾਸੇ ਕਮਰਾ ਅਲਾਟ ਕੀਤਾ ਸੀ ਤਾਂ ਕਿ ਮੈਂ ਪੂਰਾ ਨਜ਼ਾਰਾ ਵੇਖ ਸਕਾਂ। ਕੁਝ ਸੂਚਨਾ ਯੂਨੀਵਰਸਿਟੀ ਬਾਰੇ ਮੁਹੱਈਆ ਕੀਤੀ ਗਈ। ਇੱਥੇ 65 ਹਜ਼ਾਰ ਵਿਦਿਆਰਥੀ ਪੜ੍ਹਦੇ ਹਨ ਅਤੇ ਦੋ ਹਜ਼ਾਰ ਤੋਂ ਵਧੀਕ ਅਧਿਆਪਕ ਹਨ ਅਤੇ ਇਹ ਯੂਨਾਨ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੈ। ਮੇਰਾ ਇਕ ਦਿਨ ਦਾ ਪ੍ਰੋਗਰਾਮ ਸੀ ਜਿਸ ਕਰਕੇ ਜਲਦੀ ਤਿਆਰ ਹੋ ਕੇ ਪਹਿਲਾਂ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਖੋਜ ਵਿਗਿਆਨੀਆਂ ਨਾਲ ਮੁਲਾਕਾਤ ਕੀਤੀ। ਵੀਹ ਸਾਲ ਪਹਿਲਾਂ ਵੀ ਮੈਂ ਇੱਥੇ ਭੁਚਾਲਾਂ ਬਾਰੇ ਭਾਸ਼ਣ ਦੇਣ ਆਇਆ ਸੀ ਕਿਉਂਕਿ ਯੂਨਾਨ ਦੇ ਵਿਗਿਆਨੀਆਂ ਨੇ ਇਕ ਨਵੀਂ ਕਾਢ ਕੱਢੀ ਸੀ ਜਿਸ ਨਾਲ ਭੁਚਾਲਾਂ ਬਾਰੇ ਅਗੇਤ-ਸੂਚਨਾ ਮਿਲ ਸਕਦੀ ਹੈ।

ਸੈਲੋਨੀਕੀ ਸਮੁੰਦਰ ਦੇ ਕੰਢੇ ਵੱਸਿਆ ਯੂਨਾਨ ਦਾ ਮਸ਼ਹੂਰ ਸ਼ਹਿਰ ਹੈ। ਇਹ ਮੈਕਦੋਨੀਆ ਪ੍ਰਾਂਤ ਦੀ ਰਾਜਧਾਨੀ ਹੈ। ਬਾਦਸ਼ਾਹ ਫਿਲਿਪ ਦੂਜੇ ਨੇ ਯੂਨਾਨ ਦੀਆਂ ਸਾਰੀਆਂ ਰਿਆਸਤਾਂ ਨੂੰ ਇਕਮੁੱਠ ਕਰਕੇ ਤਗੜਾ ਰਾਜਪ੍ਰਬੰਧ ਕਾਇਮ ਕੀਤਾ। ਉਸਦੇ ਬਹਾਦਰ ਪੁੱਤਰ ਸਿਕੰਦਰ  ਮਹਾਨ ਨੇ ਸਾਰੀ ਦੁਨੀਆਂ ਨੂੰ ਫਤਹਿ ਕਰਨ ਦਾ ਸੁਪਨਾ ਲਿਆ ਅਤੇ ਉਹ ਮੱਧ ਏਸ਼ੀਆ ਤੇ ਈਰਾਨ ਨੂੰ ਜਿੱਤਦਾ ਹੋਇਆ ਪੰਜਾਬ ਤਕ ਆ ਪਹੁੰਚਿਆ ਸੀ। ਬਿਆਸ ਦਰਿਆ ਤੋਂ ਉਸਨੂੰ ਪਿੱਛੇ ਮੁੜਨਾ ਪਿਆ ਅਤੇ ਅਫਗਾਨਿਸਤਾਨ ਵਿਚ ਉਸ ਦੀ ਮੌਤ ਹੋ ਗਈ ਜਦੋਂ ਉਹ ਅਜੇ 33 ਸਾਲ ਦਾ ਹੀ ਸੀ। ਉਸ ਦੀ ਛੋਟੀ ਭੈਣ ਸੈਲੋਨੀਕੀ ਦਾ ਵਿਆਹ ਇਕ ਬਹਾਦਰ ਜਰਨੈਲ ਕਸਾਂਦਰੋ ਨਾਲ ਹੋਇਆ ਜੋ ਮੈਕਦੋਨੀਆ ਦਾ ਬਾਦਸ਼ਾਹ ਬਣ ਗਿਆ। 315 ਪੂਰਬ ਈਸਵੀ ਵਿਚ ਕਸਾਂਦਰੋ ਨੇ ਇਕ ਸ਼ਹਿਰ ਵਸਾਇਆ ਜਿਸ ਦਾ ਨਾਮ ਸੈਲੋਨੀਕੀ ਰੱਖਿਆ। ਯੂਨਾਨੀਆਂ ਦਾ ਇਤਿਹਾਸ 4000 ਪੂਰਬੀ ਈਸਵੀ ਤੋਂ ਸ਼ੁਰੂ ਹੁੰਦਾ ਹੈ ਅਤੇ ਮੈਕਦੋਨੀਆ ਦੀਆਂ ਗੁਫਾਵਾਂ ਵਿਚ ਇਸ ਦੀ ਪੁਸ਼ਟੀ ਹੋ ਜਾਂਦੀ ਹੈ। ਇਸ ਕੌਮ ਨੇ ਬਹਾਦਰ ਜਰਨੈਲ ਅਤੇ ਫਿਲਾਸਫਰ ਪੈਦਾ ਕੀਤੇ ਹਨ। ਅਰਸਤੂ, ਸੁਕਰਾਤ ਅਤੇ ਪਲੈਟੋ ਸਾਰੇ ਯੂਨਾਨੀ ਦਰਸ਼ਨਵੇਤਾ ਸਨ ਅਤੇ ਅਰਸਤੂ ਸਿਕੰਦਰ ਦਾ ਟਿਊਟਰ (ਉਸਤਾਦ) ਸੀ। ਉਸ ਦਾ ਪੁਰਾਣਾ ਪਿੰਡ ਸਤੇਗੀਰਾ ਸੈਲੋਨੀਕੀ ਤੋਂ ਤੀਹ ਕਿਲੋਮੀਟਰ ਦੀ ਵਿੱਥ ਤੇ ਹੈ। ਯੂਨਾਨੀਆਂ ਦਾ ਸਬੰਧ ਪੰਜਾਬ ਨਾਲ ਕਈ ਸਦੀਆਂ ਤਕ ਰਿਹਾ ਖਾਸ ਕਰਕੇ ਟੈਕਸਲਾ ਅਤੇ ਪੇਸ਼ਾਵਰ  ਦੇ ਇਲਾਕੇ ਵਿੱਚ। ਯੂਨਾਨੀਆਂ ਦੇ ਨਕਸ਼ ਵੀ ਪੰਜਾਬੀਆਂ ਨਾਲ ਮਿਲਦੇ ਹਨ ਅਤੇ ਪੰਜਾਬੀ ਬੋਲੀ ਵਿਚ ਕਈ ਸ਼ਬਦ ਯੂਨਾਨੀ ਭਾਸ਼ਾ ਦੇ ਮਿਲ ਜਾਂਦੇ ਹਨ ਜਿਵੇਂ ਯੂਨਾਨੀ ਭਾਸ਼ਾ ਦਾ ਤੈਕਤਾਨ ਵਿਗੜ ਕੇ ਪੰਜਾਬੀ ਵਿਚ ਤਰਖਾਣ ਬਣ ਗਿਆ।ਇਹ ਕੌਮ ਦੁਨੀਆਂ ਭਰ ਵਿਚ  ਵਿਗਿਆਨ, ਚਿਤਰ ਕਲਾ, ਇਮਾਰਤ ਸਾਜ਼ੀ, ਉਲੰਪਿਕ ਖੇਡਾਂ ਅਤੇ ਲੋਕਰਾਜੀ ਪਰੰਪਰਾ ਦੀ ਮੋਢੀ ਮੰਨੀ ਜਾਂਦੀ ਹੈ। ਇਸ ਦੇ ਪੁਰਾਤਨ ਖੰਡਰ ਦੁਨੀਆਂ ਭਰ ਦੇ ਯਾਤਰੀਆਂ ਦੀ ਖਿੱਚ ਦਾ ਕਾਰਨ ਬਣ ਗਏ ਹਨ।
~~~

ਦੁਪਹਿਰ ਦੇ ਭੋਜਨ ਉਪਰੰਤ ਅਸੀਂ ਸੈਲੋਨੀਕੀ ਦੇ ਪੁਰਾਣੇ ਸ਼ਹਿਰ ਦੀ ਸੈਰ ਤੇ ਨਿਕਲ ਗਏ। ਇਸਨੂੰ ਹੁਣ ਐਕਰੋਪੋਲਿਸ ਕਹਿੰਦੇ ਹਨ। ਇਹ ਸਮੁੰਦਰ ਕੰਢੇ ਇਕ ਪਹਾੜੀ ਉਪਰ ਵਸਾਇਆ ਗਿਆ ਸੀ ਅਤੇ ਇਸ ਦੀ ਸੁਰੱਖਿਆ ਲਈ ਇਕ ਦਸ ਫੁੱਟ ਚੌੜੀ ਦੀਵਾਰ ਬਣਾਈ ਗਈ ਸੀ। ਜਦੋਂ ਰੋਮਨਾਂ ਦਾ ਯੂਨਾਨ ਉਪਰ ਕਬਜ਼ਾ ਹੋ ਗਿਆ ਅਤੇ ਉਹ ਮੱਧ ਏਸ਼ੀਆ ਤੇ ਮਿਸਰ ਵੀ ਮੱਲ ਬੈਠੇ ਤਾਂ ਕੁਸਤੁਨਤੁਨੀਆਂ ਦਾ ਸ਼ਹਿਰ ਅਬਾਦ ਕਰਕੇ ਰੋਮਨ ਸਲਤਨਤ ਦੇ ਪੂਰਬੀ ਹਿੱਸੇ ਉਪਰ ਰਾਜ ਕਰਨ ਲੱਗੇ। ਸੈਲੋਨੀਕੀ ਇਕ ਵਪਾਰਕ ਕੇਂਦਰ ਬਣ ਗਿਆ ਅਤੇ ਇਸ ਸ਼ਹਿਰ ਵਿਚ ਕਈ ਰੋਮਨ ਸਮਾਰਕ ਬਣਾਏ ਗਏ। ਪਹਿਲਾਂ ਸੇਂਟ ਪਾਲ ਦੇ ਪ੍ਰਚਾਰ ਸਦਕਾ ਰੋਮਨ ਕੈਥੋਲਿਕ ਧਰਮ ਦਾ ਬੋਲਬਾਲਾ ਹੋ ਗਿਆ। ਰੋਮਨ ਫੌਜੀ ਅਫਸਰ ਡੇਮੀਟਰੀਅਸ ਸ਼ਹਿਰ ਦੀ ਰੱਖਿਆ ਕਰਦਾ ਸ਼ਹੀਦ ਹੋ ਗਿਆ ਜਿਸਨੂੰ ਸੰਤ ਦਾ ਖਿਤਾਬ ਦਿੱਤਾ ਗਿਆ ਅਤੇ ਉਸ ਦੀ ਯਾਦ ਵਿਚ ਇਕ ਸੁੰਦਰ ਗਿਰਜਾਘਰ ਵੀ ਕਾਇਮ ਹੈ। ਇਹ ਸ਼ਹਿਰ ਦਾ ਪ੍ਰਮੁੱਖ ਸੰਤ ਹੋ ਨਿਬੜਿਆ ਹੈ। ਇਕ ਦੂਸਰਾ ਮਹਾਨ ਗਿਰਜਾਘਰ ਸੋਫੀਆ ਨੂੰ ਸਮਰਪਿਤ ਹੈ ਜੋ ਯੂਨਾਨੀ ਪਰੰਪਰਾ ਅਨੁਸਾਰ ਅਕਲ ਅਤੇ ਸੂਝ ਦੀ ਦੇਵੀ ਮੰਨੀ ਜਾਂਦੀ ਹੈ। ਸੈਲੋਨੀਕੀ ਵਿਚ 50 ਦੇ ਕਰੀਬ ਗਿਰਜਾਘਰ ਹਨ ਅਤੇ ਈਸਾਈ ਧਰਮ ਦੇ ਲਗਭਗ ਸਾਰੇ ਫਿਰਕਿਆਂ ਦੇ ਲੋਕ ਇਸ ਸ਼ਹਿਰ ਵਿਚ ਬੜੀ ਸਦਭਾਵਨਾ ਨਾਲ ਰਹਿੰਦੇ ਹਨ। ਕੁਝ ਵਸੋਂ ਮੁਸਲਮਾਨਾਂ ਦੀ ਹੈ ਕਿਉਂਕਿ 400 ਸਾਲ ਤਕ ਤੁਰਕਾਂ ਦਾ ਰਾਜ ਰਿਹਾ ਜਦੋਂ ਉਹਨਾਂ ਨੇ ਰੋਮਨ ਬਾਦਸ਼ਾਹ ਕੰਨਸਟੈਂਟਿਨ ਗਿਆਰਵੇਂ ਨੂੰ 1453 ਈਸਵੀ ਵਿਚ ਹਰਾ ਕੇ ਯੂਨਾਨ ਉਪਰ ਕਬਜ਼ਾ ਕਰ ਲਿਆ ਸੀ।

ਸੈਲੋਨੀਕੋ ਦੀ ਸੈਰ ਕਰਕੇ ਅਸੀਂ ਯੂਨੀਵਰਸਿਟੀ ਗੈਸਟ ਹਾਊਸ ਪਰਤ ਆਏ।ਸਮੁੰਦਰ ਦੇ ਕੰਢੇ ਸੈਰਗਾਹ ਬਣੀ ਹੋਈ ਹੈ ਜੋ ਅਰਸਤੂ ਐਵੀਨੀਊ ਕਰਕੇ ਜਾਣੀ ਜਾਂਦੀ ਹੈ। ਸ਼ਾਮ ਦੇ ਸਮੇਂ ਸਾਰਾ ਸ਼ਹਿਰ ਇਧਰ ਆ ਨਿਕਲਦਾ ਹੈ। ਮੈਂ ਵੀ ਅਰਸਤੂ ਦੇ ਮਾਰਗ ਤੇ ਸੈਰ ਕੀਤੀ ਅਤੇ ਇਕ ਬੈਂਚ ਉਪਰ ਬੈਠ ਕੇ ਯੂਨਾਨੀਆਂ ਦੇ ਪੁਰਾਣੇ ਪੰਜਾਬੀ ਸੰਬੰਧਾਂ ਬਾਰੇ ਸੋਚਣ ਲੱਗਾ। ਮੇਰੀ ਸਿੱਖੀ ਪਹਿਚਾਣ ਦਾ ਭੁਲੇਖਾ ਹੋਣ ਕਰਕੇ ਮੇਰੇ ਬੈਂਚ ਤੋਂ ਪਰ੍ਹਾਂ ਹਟ ਕੇ ਹੀ ਸਭ ਬੈਠਦੇ ਸਨ। ਕਈ ਹੈਰਾਨੀ ਭਰੇ ਅੰਦਾਜ਼ ਵਿਚ ਲੰਘ ਰਹੇ ਸਨ। ਇਕ ਮੁਟਿਆਰ ਮੇਰੇ ਕੋਲ ਆ ਕੇ ਪੁੱਛਣ ਲੱਗੀ ਕਿ ਕੀ ਮੈਂ ਪੰਜਾਬ ਦਾ ਸਿੱਖ ਹਾਂ। ਉਸ ਨੂੰ ਸ਼ਾਇਦ ਅੰਮ੍ਰਿਤਸਰ ਅਤੇ ਗੋਲਡਨ ਟੈਂਪਲ ਦੀ ਵਾਕਫੀ ਸੀ।ਪਹਿਲਾਂ ਮੈਂ ਤਾਂ ਕੁਝ ਝੇਂਪ ਗਿਆ ਕਿ ਮਤਾ ਬਜ਼ਾਰੀ ਔਰਤ ਹੀ ਨਾ ਹੋਵੇ ਜੋ ਗਾਹਕ ਲੱਭ ਰਹੀ ਹੋਵੇ। ਯੂਰਪ ਦੇ ਯਾਤਰੀ ਸ਼ਹਿਰਾਂ ਵਿਚ ਇਹ ਆਮ ਬੀਮਾਰੀ ਹੈ ਜੋ ਹੁਣ ਭਾਰਤ ਵਿਚ ਵੀ ਫੈਲ ਗਈ ਹੈ। ਉਸ ਨੇ ਤਾਂ ਹਮਦਰਦੀ ਪ੍ਰਗਟ ਕਰਨ ਲਈ ਗੱਲ ਛੇੜੀ ਸੀ ਕਿਉਂਕਿ ਅਮਰੀਕਾ ਦੀ 11 ਸਤੰਬਰ ਦੀ ਘਟਨਾ ਬਾਅਦ ਹੋਟਲਾਂ ਤੇ ਪਾਬੰਦੀ ਸੀ ਅਤੇ ਪੁਲਿਸ ਵੀ ਪਗੜੀ ਵਾਲਿਆਂ ਨੂੰ ਤੰਗ ਕਰ ਰਹੀ ਸੀ। ਮੈਂ ਉਸਦੀ ਹਮਦਰਦੀ ਦਾ ਸ਼ੁਕਰੀਆ ਅਦਾ ਕੀਤਾ ਅਤੇ ਉਸਦੀ ਮੇਰੇ ਨਾਲ ਫੋਟੋ ਖਿਚਾਵਣ ਦੀ ਉਮੰਗ ਪੂਰੀ ਕਰ ਦਿੱਤੀ।

ਪਾਪਾਸਟੀਫਾਨੋ 1995 ਵਿਚ ਅੰਮ੍ਰਿਤਸਰ ਹੋ ਕੇ ਗਿਆ ਸੀ। ਉਹ ਸਾਡੇ ਪੰਜਾਬੀਆਂ ਵਾਂਗ ਮਿਲਾਪੜੇ ਸੁਭਾਅ ਦਾ ਵਿਗਿਆਨੀ ਹੈ।ਰਾਤ ਦਾ ਡਿਨਰ ਇਕ ਯੂਨਾਨੀ ਰੈਸਤੋਰਾਂ ਵਿਚ ਵਰਜਿਆ ਗਿਆ ਜਿੱਥੇ ਉਸ ਦੀ ਪਤਨੀ 'ਹੀਵਾ' ਵੀ ਮਿਲ ਗਈ। ਉਹ ਇਕ ਕੱਪੜੇ ਦੀ ਫੈਕਟਰੀ ਵਿਚ ਡੀਜ਼ਾਈਨ ਦਾ ਕੰਮ ਕਰਦੀ ਹੈ। ਹੀਵਾ ਯੂਨਾਨ ਦੇ ਖੁਸ਼ਕ ਮੇਵਿਆਂ ਦਾ ਇਕ ਪੈਕਟ ਭੇਟ ਕਰ ਗਈ। ਯੂਨਾਨੀ ਰੈਸਤੋਰਾਂ ਵਿਚ ਮੇਰੇ ਲਈ ਉਚੇਚੇ ਤੌਰ ਤੇ ਮੈਕਦੋਨੀਆ ਦੇ ਲੋਕ ਸੰਗੀਤ ਦਾ ਪ੍ਰਬੰਧ ਕੀਤਾ ਗਿਆ ਸੀ।ਸਾਡੇ ਤਾਂ ਹੁਣ 'ਪੌਪ ਸੰਗੀਤ' ਦਾ ਹੜ੍ਹ ਹੀ ਆ ਗਿਆ ਹੈ ਅਤੇ ਸੂਫੀ ਕਲਾਮ ਦਾ ਦਾਅਵਾ ਕਰਨ ਵਾਲੇ ਵੀ ਇਸੇ ਹੜ੍ਹ ਵਿਚ ਰੁੜ੍ਹ ਗਏ ਹਨ। ਯੂਨਾਨੀ ਲੋਕ ਸੰਗੀਤ ਵਿਚ ਸਾਰੰਗੀ ਵਰਗਾ ਸਾਜ ਵਰਤਿਆ ਜਾਂਦਾ ਹੈ। ਰੈਸਤੋਰਾਂ ਦਾ ਮਾਲਕ ਭਾਂਤ ਭਾਂਤ ਦੀਆਂ ਸਬਜ਼ੀਆਂ ਤਿਆਰ ਕਰਵਾ ਰਿਹਾ ਸੀ ਅਤੇ ਮੈਂ ਉਸ ਦਾ ਵਿਸ਼ੇਸ਼ ਮਹਿਮਾਨ ਬਣ ਗਿਆ ਸਾਂ।

6 ਅਕਤੂਬਰ ਦੀ ਸਵੇਰ ਮੈਂ ਤਿਆਰ ਹੋ ਕੇ ਪਾਪਾਸਟੀਫਾਨੋ ਨਾਲ ਸੈਲੋਨੀਕੀ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ ਅਤੇ ਤੁਰਕੀ ਦੀ ਰਾਜਧਾਨੀ ਇਸਤੰਬੋਲ ਜਾਣ ਵਾਲੀ ਗੱਡੀ ਤੇ ਸਵਾਰ ਹੋ ਪਿਆ। ਵੀਕ ਐਂਡ ਕਰਕੇ ਲੋਕ ਛੁੱਟੀ ਮਨਾਉਣ ਘਰਾਂ ਨੂੰ ਜਾ ਰਹੇ ਸਨ ਪਰੰਤੂ ਸਾਡੀਆਂ ਗੱਡੀਆਂ ਵਾਂਗ ਭੀੜ ਨਹੀਂ ਸੀ। ਮੇਰੇ ਸਾਹਮਣੇ ਦੋ ਸਕੂਲੀ ਬੱਚੇ ਭੈਣ ਤੇ ਭਰਾ ਆਪਣੇ ਨਾਨਕੇ ਜਾ ਰਹੇ ਸਨ। ਛੁੱਟੀਆਂ ਮਨਾਉਣ ਦਾ ਹਰ ਬੱਚੇ ਨੂੰ ਚਾਅ ਹੁੰਦਾ ਹੈ।ਮੈਂ ਕੁਝ ਭਾਰਤੀ ਸਿੱਕੇ ਦਿੱਤੇ ਅਤੇ ਗੁਫਤਗੂ ਜਾਰੀ ਰੱਖੀ। ਉਹ ਮੇਰੇ ਚੰਗੇ ਮਿੱਤਰ ਬਣ ਗਏ ਅਤੇ ਸਵੇਰ ਦਾ ਨਾਸ਼ਤਾ ਅਸੀਂ ਰਲਕੇ ਕੀਤਾ। ਕੁੜੀ ਨਾ ਨਾਮ ਮਾਰੀਆ ਸੀ ਅਤੇ ਉਹ ਚੰਗੀ ਅੰਗਰੇਜ਼ੀ ਬੋਲ ਸਕਦੀ ਸੀ। ਉਸਦੀ ਮਾਂ ਤਾਂ ਘੁਰਾੜੇ ਮਾਰਦੀ ਰਹੀ ਅਤੇ ਛੋਟੇ ਭਰਾ ਨੂੰ ਸਾਂਭਣ ਦੀ ਜ਼ਿੰਮੇਵਾਰੀ ਭੈਣ ਦੇ ਸਿਰ ਸੀ। ਇਹ ਵੀ ਪੰਜਾਬੀ ਸਭਿਆਚਾਰ ਦਾ ਹੀ ਅੰਗ ਜਾਪਿਆ ਜੋ ਸ਼ਾਇਦ ਯੂਨਾਨੀਆਂ ਨੇ ਪੰਜਾਬ ਤੋਂ ਸਿੱਖਿਆ ਹੋਵੇ।

ਗੱਡੀ ਦੇ ਰਾਹ ਉੱਪਰ ਯੂਨਾਨ ਦੇ ਛੋਟੇ ਕਸਬੇ ਅਤੇ ਪਿੰਡ ਹੀ ਲੱਭ ਰਹੇ ਸਨ। ਖੇਤੀ ਦਾ ਕੰਮ ਟਰੈਕਟਰਾਂ ਨਾਲ ਹੋ ਰਿਹਾ ਸੀ। ਰੇਲਵੇ ਲਾਈਨ ਨਾਲ ਕਪਾਹ ਅਤੇ ਮਿਰਚਾਂ ਦੇ ਖੇਤ ਸਨ। ਕਪਾਹ ਦੀ ਚੁਗਾਈ ਮਸ਼ੀਨਾਂ ਨਾਲ ਹੋ ਰਹੀ ਸੀ। ਧਰਤੀ ਉੱਚੀ ਨੀਵੀਂ ਅਤੇ ਬਰਾਨੀ ਕਿਸਮ ਦੀ ਸੀ। ਦੂਰ ਦੂਰ ਪਿੰਡ ਸਨ ਅਤੇ ਰਸਤੇ ਵਿਚ ਖੁਸ਼ਕ ਪਹਾੜ ਆਏ ਜਿੱਥੇ ਭੇਡਾਂ ਅਤੇ ਬੱਕਰੀਆਂ ਦੇ ਵੱਗ

ਚਰ ਰਹੇ ਸਨ। ਮੇਰੇ ਦੋਸਤ ਬੱਚੇ ਆਪਣੇ ਨਾਨਕੇ ਪਿੰਡ ਦੇ ਸਟੇਸ਼ਨ ਤੇ ਉਤਰ ਗਏ ਅਤੇ ਕਾਫੀ ਦੇਰ ਹੱਥ ਹਿਲਾ ਕੇ 'ਟਾਟਾ' ਕਰਦੇ ਰਹੇ। ਜਿਉਂ ਜਿਉਂ ਗੱਡੀ ਤੁਰਕੀ ਵੱਲ ਜਾਂਦੀ ਹੈ ਮੁਸਲਮਾਨ ਵਸੋਂ ਦੇ ਪਿੰਡ ਆ ਜਾਂਦੇ ਹਨ। ਦੁਪਹਿਰ ਤੋਂ ਬਾਅਦ ਇਕ ਦਰਿਆ ਕਿਨਾਰੇ ਗੱਡੀ ਰੁਕੀ। ਸਾਰੀਆਂ ਸਵਾਰੀਆਂ ਉਤਰ ਗਈਆਂ ਅਤੇ ਇਕ ਘੰਟੇ ਬਾਅਦ ਤੁਰਕੀ ਤੋਂ ਆਈ ਗੱਡੀ ਤੇ ਮੈਂ ਸਵਾਰ ਹੋ ਗਿਆ। ਇਕ ਦਰਿਆ ਯੂਨਾਨ ਅਤੇ ਤੁਰਕੀ ਦੀ ਸਰਹੱਦ ਦਾ ਪ੍ਰਤੀਕ ਹੈ। ਗੱਡੀ ਵਿਚੋਂ ਸਿਗਰਟਾਂ ਦੇ ਧੂੰਏਂ ਦੀ ਮੁਸ਼ਕ ਦੱਸ ਰਹੀ ਸੀ ਕਿ ਹੁਣ ਤੁਰਕੀ ਆ ਗਿਆ ਹੈ। ਤੁਰਕੀ ਭਾਵੇਂ ਯੂਰਪ ਦਾ ਹਿੱਸਾ ਹੈ ਪਰੰਤੂ ਇਸ ਨੂੰ ਯੂਰਪ ਦਾ ਬੀਮਾਰ ਦੇਸ਼ ਕਿਹਾ ਜਾਂਦਾ ਰਿਹਾ ਹੈ।

~~~

## ਤੁਰਕੀ ਦਾ ਨਗੀਨਾ : ਇਸਤੰਬੋਲ

---

6 ਅਕਤੂਬਰ ਯੂਨਾਨ ਦੀ ਸਰਹੱਦ ਪਾਰ ਕਰਕੇ ਆਪਣੇ ਸੁਪਨਿਆਂ ਦੇ ਸ਼ਹਿਰ ਇਸਤੰਬੋਲ ਵੱਲ ਰਵਾਨਾ ਹੋਇਆ। ਗੱਡੀ ਦੀ ਹਾਲਤ ਦੱਸ ਰਹੀ ਸੀ ਕਿ ਮੈਂ ਏਸ਼ੀਆ ਪਹੁੰਚਣ ਵਾਲਾ ਹਾਂ। ਖਾੜੀ ਬਾਸਫੋਰਸ ਯੂਰਪ ਅਤੇ ਏਸ਼ੀਆ ਨੂੰ ਅਲਹਿਦਾ ਕਰਦੀ ਹੈ। ਇਹ ਦੋ ਸਮੁੰਦਰਾਂ ਨੂੰ ਵੀ ਮੇਲਦੀ ਹੈ: ਕਾਲਾ ਸਮੁੰਦਰ ਅਤੇ ਮਰਮਰਾ ਸਮੁੰਦਰ। ਬਾਸਫੋਰਸ ਦੀ ਖਾੜੀ 32 ਕਿਲੋਮੀਟਰ ਲੰਬੀ ਅਤੇ ਵੱਧ ਤੋਂ ਵੱਧ 3 ਕਿਲੋਮੀਟਰ ਚੌੜੀ ਹੈ। ਇਸ ਦਾ ਘੱਟ ਤੋਂ ਘੱਟ ਪਾੜ 660 ਮੀਟਰ ਹੈ ਅਤੇ ਇਸ ਵਿੱਚੋਂ 50,000 ਸਮੁੰਦਰੀ ਜਹਾਜ ਹਰ ਸਾਲ ਲੰਘਦੇ ਹਨ। ਰੋਮਾਨੀਆ, ਬੁਲਗਾਰੀਆ, ਯੂਕਰੇਨ ਅਤੇ ਰੂਸ ਦੇ ਸਮੁੰਦਰੀ ਜਹਾਜਾਂ ਨੂੰ ਰੋਮ ਸਾਗਰ ਵਿੱਚ ਪਹੁੰਚਣ ਲਈ ਇਸ ਖਾੜੀ ਵਿੱਚੋਂ ਲੰਘਣਾ ਪੈਂਦਾ ਹੈ। ਇਸ ਦੇ ਨਾਮਕਰਨ ਦੀ ਕਹਾਣੀ ਵੀ ਦਿਲਚਸਪ ਹੈ: ਯੂਨਾਨੀ ਮਿਥਿਹਾਸ ਦਾ ਜੀਊਸ ਦੇਵਤਾ ਈਓ ਦੇਵੀ ਉਪਰ ਆਸ਼ਕ ਹੋ ਗਿਆ ਅਤੇ ਆਪਣੀ ਘਰਵਾਲੀ ਦੀ ਈਰਖਾ ਤੋਂ ਬਚਣ ਲਈ ਉਸ ਨੂੰ ਗਊ ਬਣਾ ਕੇ ਘਰ ਲੈ ਆਇਆ। ਪਰੰਤੂ ਉਸਦੀ ਘਰਵਾਲੀ ਹੇਰਾ ਨੇ ਮੱਖੀ ਦਾ ਰੂਪ ਧਾਰ ਕੇ ਗਊ ਨੂੰ ਖਾੜੀ ਦੇ ਦੂਸਰੇ ਪਾਸੇ ਭਜਾ ਦਿੱਤਾ। ਯੂਨਾਨੀ ਭਾਸ਼ਾ ਵਿਚ ਗਊ ਨੂੰ 'ਬਊਸ' ਅਤੇ ਲਾਂਘੇ ਨੂੰ 'ਫੋਰਸ' ਕਹਿੰਦੇ ਹਨ ਜਿਸ ਕਰਕੇ ਖਾੜੀ ਦਾ ਨਾਮ ਬਾਸਫੋਰਸ ਪੈ ਗਿਆ।

ਗੱਡੀ ਦੇ ਸਫਰ ਦਾ ਅਕੇਵਾਂ ਚੰਗੇ ਸਾਥ ਨਾਲ ਦੂਰ ਹੋ ਜਾਂਦਾ ਹੈ। ਜਦੋਂ ਯੂਨਾਨੀ ਬੱਚੇ ਮੇਰਾ ਸਾਥ ਛੱਡ ਗਏ ਤਾਂ ਸਫ਼ਰ ਦੁੱਭਰ ਜਾਪਣ ਲੱਗਾ। ਤੁਰਕੀ ਦੀ ਹੱਦ ਅੰਦਰ ਪਹੁੰਚ ਕੇ ਗਰਮੀ ਵੀ ਤੇਜ ਹੋ ਗਈ ਸੀ। ਬਾਰਡਰ ਪਾਰ ਕੀਤਾ ਤਾਂ ਇਕ ਜਰਮਨ ਵਿਦਿਆਰਥੀ ਆਪਣੀ ਗੀਟਾਰ ਲੈ ਕੇ ਮੇਰੇ ਡੱਬੇ ਵਿਚ ਚੜ੍ਹ ਗਿਆ। ਉਹ ਹੈਮਬਰਗ ਤੋਂ ਛੁੱਟੀਆਂ ਕੱਟਣ ਆਪਣੇ ਭਰਾ ਕੋਲ ਜਾ ਰਿਹਾ ਸੀ ਜੋ ਇਸਤੰਬੋਲ ਯੂਨੀਵਰਸਿਟੀ ਵਿਚ ਸੰਗੀਤ ਦਾ ਵਿਦਿਆਰਥੀ ਰਿਹਾ ਹੈ। ਉੱਚੇ ਲੰਮੇ ਕੱਦ ਦਾ ਇਹ ਜਰਮਨ ਨੌਜਵਾਨ ਬਹੁਤ ਹੀ ਚੰਗਾ ਗਵੱਈਆ ਅਤੇ ਸੁੰਦਰਤਾ ਦਾ ਪ੍ਰਤੀਕ ਸੀ। ਜੇਕਰ ਬੰਦਿਆਂ ਦੀ ਸੁੰਦਰਤਾ ਦਾ ਵਿਸ਼ਵ ਮੁਕਾਬਲਾ ਹੋਵੇ ਤਾਂ ਇਹ ਜ਼ਰੂਰ ਚੈਂਪੀਅਨ ਬਣ ਸਕਦਾ ਹੈ।ਮੇਰੀ ਸਿਫਾਰਸ਼ ਮੰਨ ਕੇ ਉਸਨੇ ਜਰਮਨ ਲੋਕ ਸੰਗੀਤ ਦੀ ਵੰਨਗੀ ਪੇਸ਼ ਕੀਤੀ। ਅਸੀਂ ਪੁਰਾਣੇ ਮਿੱਤਰਾਂ ਵਾਂਗ ਘੁਲਮਿਲ ਗਏ।

ਗੱਡੀ ਤੁਰਕੀ ਦੇ ਪਿੰਡਾਂ ਅਤੇ ਕਸਬਿਆਂ ਕੋਲੋਂ ਲੰਘ ਰਹੀ ਸੀ। ਭਾਰਤ ਵਰਗੇ ਨਜ਼ਾਰੇ ਲੱਭ ਰਹੇ ਸਨ। ਗੱਡੀ ਚੜ੍ਹਾਉਣ ਆਏ ਰਿਸ਼ਤੇਦਾਰ ਗਲੇ ਲੱਗ ਕੇ ਰੋ ਰਹੇ ਸਨ ਅਤੇ ਵਿਛੋੜੇ ਦੀ ਭਾਵਨਾ ਪ੍ਰਬਲ ਜਾਪਦੀ ਸੀ। ਭਾਵੇਂ ਤੁਰਕੀ ਦੀ ਵਧੇਰੇ ਅਬਾਦੀ ਮੁਸਲਮਾਨ ਹੈ ਪਰੰਤੂ ਬੁਰਕੇ ਵਾਲੀ ਕੋਈ ਔਰਤ ਨਜ਼ਰ ਨਹੀਂ ਪਈ। ਕੁੜੀਆਂ ਦਾ ਲਿਬਾਸ ਤਾਂ ਯੂਰਪੀਨ ਹੈ ਪਰੰਤੂ ਹੁਣ ਕੱਟੜਪੰਥੀਆਂ ਦੇ ਪ੍ਰਚਾਰ ਦਾ ਸਕਦਾ ਪਿੰਡਾਂ ਵਿਚ ਸਿਰ ਤੇ ਚੱਦਰ ਲੈਣ ਦਾ ਰਿਵਾਜ਼ ਪੈ ਰਿਹਾ ਹੈ। ਪਤਾ ਲੱਗਾ ਹੈ ਕਿ ਇਸ ਪਹਿਰਾਵੇ ਦਾ ਖਰਚ ਇਕ ਅਰਬੀ ਸੰਸਥਾ ਦੇ ਰਹੀ ਹੈ। ਦਰਅਸਲ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਤੁਰਕੀ ਉਪਰ ਮੁਸਤਫਾ ਕਮਲ ਅਤਾਤੁਰਕ ਦੀ ਹਕੂਮਤ ਕਾਇਮ ਹੋਈ ਜੋ ਯੂਰਪ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਿਆ ਵਿਦਵਾਨ ਸੀ ਅਤੇ ਤੁਰਕੀ ਨੂੰ ਆਧੁਨਿਕਤਾ ਦੇ ਰਾਹ ਤੇ ਪਾਉਣ ਵਾਲਾ ਨੇਤਾ ਸਿੱਧ ਹੋਇਆ। ਉਸ ਨੇ ਵਿਦਿਆ ਦਾ ਪ੍ਰਸਾਰ ਕੀਤਾ ਅਤੇ ਧਾਰਮਿਕ ਕੱਟੜਪੰਥੀਆਂ ਨੂੰ ਖੂੰਜੇ ਲਾਈ ਰੱਖਿਆ। ਤੁਰਕੀ ਦੇ ਹਰ ਸਰਕਾਰੀ ਦਫ਼ਤਰ ਵਿਚ ਉਸਦੀ ਫੋਟੋ ਲੱਗੀ ਦਿੱਸਦੀ ਹੈ ਅਤੇ ਉਸਨੂੰ ਵਧੇਰੇ ਕਰਕੇ 'ਕਮਲ ਪਾਸ਼ਾ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਤੁਰਕੀ, ਯੂਰਪ ਅਤੇ ਏਸ਼ੀਆ ਵਿਚਕਾਰ ਇਕ ਸਭਿਆਚਾਰਕ ਪੁਲ ਹੈ ਜਿਸ ਕਰਕੇ ਇਸਤੰਬੋਲ ਸ਼ਹਿਰ ਵਿਚ ਪੂਰਬੀ ਅਤੇ ਪੱਛਮੀ ਸਭਿਆਚਾਰ ਦਾ ਮਿਲਗੋਭਾ ਹੈ।

ਭਾਰਤ ਵਾਂਗ ਤੁਰਕੀ ਦੀਆਂ ਗੱਡੀਆਂ ਵੀ ਲੇਟ ਹੋ ਜਾਂਦੀਆਂ ਹਨ। ਸਾਡੀ ਗੱਡੀ ਇਸਤੰਬੋਲ ਦੋ ਘੰਟੇ ਦੇਰੀ ਨਾਲ ਪਹੁੰਚੀ। ਜਰਮਨ ਵਿਦਿਆਰਥੀ ਕਹਿਣ ਲੱਗਾ ਕਿ ਜੇਕਰ ਮੇਰਾ ਮੇਜ਼ਬਾਨ ਸਟੇਸ਼ਨ ਤੇ ਲੈਣ ਨਾ ਆਇਆ ਤਾਂ ਮੈਂ ਇਕ ਰਾਤ ਉਸਦੇ ਭਰਾ ਕੋਲ
~~~

ਕੱਟ ਸਕਦਾ ਹਾਂ। ਰਾਤ ਦੇ ਦਸ ਵਜੇ ਅਸੀਂ ਇਸਤੰਬੋਲ ਸਟੇਸ਼ਨ ਤੇ ਪਹੁੰਚੇ। ਮੈਂ ਬਾਹਰ ਨਿਕਲਿਆ ਹੀ ਸਾਂ ਕਿ ਮੇਰਾ ਵਿਗਿਆਨੀ ਦੋਸਤ, ਪ੍ਰੋਫੈਸਰ ਅਦਨਾਨ ਤਈਮਾਜ਼ ਆ ਟੱਕਰਿਆ। ਉਹ ਕਾਫੀ ਗੁੱਸੇ ਵਿਚ ਸੀ ਕਿਉਂਕਿ ਮੈਂ ਸੈਲੋਨੀਕੋ ਤੋਂ ਤੁਰਨ ਸਮੇਂ ਆਪਣੀ ਗੱਡੀ ਦਾ ਨੰਬਰ ਅਤੇ ਪਹੁੰਚ ਸਮਾਂ ਨਹੀਂ ਸੀ ਦੱਸਿਆ। ਪੁਰਾਣੇ ਟਾਈਮ ਟੇਬਲ ਦਾ ਹਵਾਲਾ ਦੇ ਰੱਖਿਆ ਸੀ ਅਤੇ ਉਹ ਵੀ ਈ-ਮੇਲ ਰਾਹੀਂ। ਉਹ ਸਟੇਸ਼ਨ ਦੇ ਕਈ ਚੱਕਰ ਲਗਾ ਕੇ ਤੰਗ ਆ ਚੁੱਕਾ ਸੀ। ਪ੍ਰੋ: ਅਦਨਾਨ ਦੋ ਸਾਲ ਪਹਿਲਾਂ ਹੰਗਰੀ ਦੀ ਇਕ ਕਾਨਫਰੰਸ ਵਿਚ ਮੇਰਾ ਦੋਸਤ ਬਣ ਗਿਆ ਅਤੇ ਮੈਨੂੰ ਸੱਦਾ ਦੇ ਗਿਆ ਕਿ ਮੈਂ ਤੁਰਕੀ ਦੇ ਭੁਚਾਲ ਗ੍ਰਸਤ ਇਲਾਕੇ ਦਾ ਦੌਰਾ ਕਰਕੇ ਰੋਕ ਥਾਮ ਲਈ ਕੋਈ ਸੁਝਾਅ ਪੇਸ਼ ਕਰਾਂ। ਇਸ ਬਾਰੇ ਉਹ ਤੁਰਕੀ ਦੀ ਸਰਕਾਰ ਤੋਂ ਮੱਦਦ ਲੈਣ ਦਾ ਦਾਅਵਾ ਕਰ ਰਿਹਾ ਸੀ। ਜਰਮਨ ਵਿਗਿਆਨੀ ਤਾਂ ਤੁਰਕੀ ਵਿਚ ਪਹਿਲਾਂ ਵੀ ਕੰਮ ਕਰ ਰਹੇ ਸਨ।ਅਮਰੀਕਾ ਦੀ ਘਟਨਾ ਬਾਅਦ ਮੇਰਾ ਰੁਕਣਾ ਨਾ ਮੁਮਕਿਨ ਸੀ ਕਿਉਂਕਿ 7 ਅਕਤੂਬਰ ਨੂੰ ਅਫਗਾਨਿਸਤਾਨ ਦਾ ਯੁੱਧ ਛਿੜ ਪਿਆ ਅਤੇ ਅਦਨਾਨ ਦੀ ਸਕੀਮ ਸਿਰੇ ਨਾ ਚੜ੍ਹੀ। ਰੇਲਵੇ ਸਟੇਸ਼ਨ ਤੋਂ ਅਸੀਂ ਟੈਕਸੀ ਤੇ ਸਵਾਰ ਹੋ ਕੇ ਪ੍ਰੋ: ਅਦਨਾਨ ਦੇ ਪਿੰਡ ਪਹੁੰਚੇ ਜੋ ਮਰਮਰਾ ਸਮੁੰਦਰ ਦੇ ਕੰਢੇ ਇਸਤੰਬੋਲ ਤੋਂ 80 ਕਿਲੋਮੀਟਰ ਦੀ ਦੂਰੀ ਤੇ ਸੀ। ਰਾਤ ਨੂੰ ਇਸਤੰਬੋਲ ਦਾ ਨਜ਼ਾਰਾ ਵੇਖਿਆ ਅਤੇ ਅੱਧੀ ਰਾਤ ਵੇਲੇ ਉਸਦੇ ਘਰ ਪਹੁੰਚੇ। ਸਮੁੰਦਰ ਕਿਨਾਰੇ ਇਹ ਪਿੰਡ 'ਸਿਲਵਰੀ' ਯੂਰਪੀਨ ਯਾਤਰੀਆਂ ਅਤੇ ਤੁਰਕੀ ਦੇ ਅਮੀਰਜ਼ਾਦਿਆਂ ਦੀ ਸੈਰਗਾਹ ਹੈ ਅਤੇ ਛੁੱਟੀਆਂ ਬਤੀਤ ਕਰਨ ਲਈ ਮਨਭਾਉਂਦੀ ਥਾਂ ਹੈ। ਰਾਤ ਦਾ ਭੋਜਨ ਸਲਾਦ ਅਤੇ ਫਲ ਖਾ ਕੇ ਹੀ ਗੁਜ਼ਾਰਾ ਕੀਤਾ ਅਤੇ ਰੱਬ ਰਾਖਾ ਕਹਿ ਕੇ ਸੌਂ ਗਏ।

ਪ੍ਰੋ: ਅਦਨਾਨ ਦੀ ਪਤਨੀ ਅਤੇ ਬੱਚੇ ਕੈਨੇਡਾ ਰਹਿੰਦੇ ਹਨ ਅਤੇ ਉਹ ਇਸਤੰਬੋਲ ਯੂਨੀਵਰਸਿਟੀ ਵਿਚ ਨੌਕਰੀ ਕਰਨ ਕਰਕੇ ਕੈਨੇਡਾ ਅਤੇ ਤੁਰਕੀ ਦੀ ਦੋਹਰੀ ਸ਼ਹਿਰੀਅਤ ਰੱਖਦਾ ਹੈ। ਇਸ ਮਕਾਨ ਨੂੰ ਉਹ ਆਪਣਾ ਮਹੱਲ ਦੱਸਦਾ ਹੈ ਅਤੇ ਆਪਣੇ ਦੋਸਤਾਂ ਦੀ ਆਉ ਭਗਤ ਇੱਥੇ ਹੀ ਕਰਦਾ ਹੈ। ਤੁਰਕੀ ਮੁਸਲਮਾਨ ਚਾਰ ਬੀਵੀਆਂ ਰੱਖ ਸਕਦੇ ਹਨ ਪਰੰਤੂ ਉਹ ਇਸ ਝੰਜਟ ਵਿਚ ਨਹੀਂ ਪੈਣਾ ਚਾਹੁੰਦਾ ਅਤੇ ਛੜਾ ਰਹਿਣ ਦਾ ਸ਼ੌਕੀਨ ਹੈ। ਘਰ ਵਿਚ ਨੌਕਰ ਚਾਕਰ ਹੀ ਕੰਮ ਸਾਰ ਦਿੰਦੇ ਹਨ ਅਤੇ ਗਰਮੀਆਂ ਵਿਚ ਟੂਰਿਸਟਾਂ ਤੋਂ ਚੋਖੀ ਆਮਦਨ ਹੋ ਜਾਂਦੀ ਹੈ।

7 ਅਕਤੂਬਰ ਨੂੰ ਮੈਂ ਆਪਣਾ ਨਾਸ਼ਤਾ ਆਪ ਹੀ ਤਿਆਰ ਕਰ ਲਿਆ ਕਿਉਂਕਿ ਪ੍ਰੋ: ਅਦਨਾਨ ਨੇ ਰਸੋਈ ਮੇਰੇ ਹਵਾਲੇ ਕਰ ਦਿੱਤੀ ਸੀ। ਸਵੇਰ ਦੀ ਸੈਰ ਅਸੀਂ 'ਮਰਮਰਾ' ਸਮੁੰਦਰ ਦੇ ਕਿਨਾਰੇ ਕੀਤੀ। ਉਸ ਦੇ ਤੁਰਕੀ ਗਵਾਂਢੀ ਮੈਨੂੰ ਸ਼ਾਮ ਦੀ ਚਾਹ ਦਾ ਸੱਦਾ ਦੇ ਗਏ। ਦਸ ਵਜੇ ਦੇ ਕਰੀਬ ਅਸੀਂ ਸਿਲਵਰੀ ਪਿੰਡ ਦੇ ਬੱਸ ਅੱਡੇ ਤੇ ਪਹੁੰਚ ਗਏ। ਤੁਰਕੀ ਵਿਚ ਰੇਲ ਗੱਡੀਆਂ ਸੁਸਤ ਰਫਤਾਰ ਹਨ ਅਤੇ ਲੋਕੀਂ ਬੱਸਾਂ ਵਿਚ ਸਫਰ ਕਰਨਾ ਪਸੰਦ ਕਰਦੇ ਹਨ।ਇਸਤੰਬੋਲ ਦਾ ਬੱਸ ਅੱਡਾ ਯੂਰਪ ਅਤੇ ਅਮਰੀਕਾ ਦੇ ਬੱਸ ਅੱਡਿਆਂ ਤੋਂ ਵਿਸ਼ਾਲ ਹੈ। ਇੱਥੋਂ ਯੂਰਪ ਦੇ ਹਰ ਸ਼ਹਿਰ ਲਈ ਬੱਸ ਮਿਲ ਜਾਂਦੀ ਹੈ। ਬੱਸਾਂ ਵਿਚ ਪੂਰੀਆਂ ਆਰਾਮਦੇਹ ਸੀਟਾਂ ਅਤੇ ਟਾਇਲਟ ਦੀ ਸਹੂਲਤ ਹੁੰਦੀ ਹੈ। ਸ਼ਤਾਬਦੀ ਗੱਡੀ ਵਾਂਗ ਬੱਸ ਕਿਰਾਏ ਵਿਚ ਖਾਣ ਪੀਣ ਦਾ ਖਰਚਾ ਵੀ ਸ਼ਾਮਲ ਹੁੰਦਾ ਹੈ ਅਤੇ ਕਿਰਾਇਆ ਫਿਰ ਵੀ ਗੱਡੀ ਨਾਲੋਂ ਘੱਟ। ਸਾਡੇ ਪੰਜਾਬ ਵਰਗੀਆਂ ਮਾੜੀਆਂ ਬੱਸਾਂ ਤਾਂ ਸ਼ਾਇਦ ਅਫਰੀਕਾ ਵਿਚ ਵੀ ਨਾ ਹੋਣ, ਤੁਰਕੀ ਅਤੇ ਯੂਰਪ ਦੀ ਰੀਸ ਤਾਂ ਅਸੀਂ ਕੀ ਕਰਨੀ ਹੈ।

ਇਸਤੰਬੋਲ ਦੇ ਬੱਸ ਅੱਡੇ ਤੋਂ ਮੈਟਰੋ ਗੱਡੀ ਰਾਹੀਂ ਅਸੀਂ ਸ਼ਹਿਰ ਦੇ ਦੂਸਰੇ ਸਿਰੇ ਤੇ ਪਹੁੰਚੇ ਜਿੱਥੇ ਖਾੜੀ ਬਾਸਫੋਰਸ ਵਿਚ ਸੈਰ ਕਰਨ ਲਈ ਸਮੁੰਦਰੀ ਜਹਾਜ ਚਲਦੇ ਹਨ। ਐਤਵਾਰ ਦਾ ਦਿਨ ਹੋਣ ਕਰਕੇ ਬਜ਼ਾਰਾਂ ਵਿਚ ਮੇਲੇ ਵਰਗੀ ਰੌਣਕ ਸੀ। ਬਜ਼ਾਰ ਜੁੰਮੇ ਵਾਲੇ ਦਿਨ (ਸ਼ੁਕਰਵਾਰ) ਬੰਦ ਹੁੰਦੇ ਹਨ ਅਤੇ ਐਤਵਾਰ ਨੂੰ ਸ਼ਹਿਰ ਦਾ ਚੱਪਾ ਚੱਪਾ ਫੇਰੀ ਵਾਲਿਆਂ ਮੱਲਿਆ ਹੋਇਆ ਸੀ। ਹੋਕਾ ਦੇ ਕੇ ਅਤੇ ਹਾਕਾਂ ਮਾਰ ਕੇ ਗਾਹਕ ਘੇਰੇ ਜਾ ਰਹੇ ਸਨ। ਪੰਜਾਬ ਦੇ ਬਜ਼ਾਰਾਂ ਵਾਲਾ ਪੂਰਾ ਨਜ਼ਾਰਾ ਸੀ। ਅਸੀਂ ਟਿਕਟਾਂ ਲੈ ਕੇ ਯਾਤਰੀ ਜਹਾਜ਼ ਦੀ ਉਪਰਲੀ ਮੰਜ਼ਿਲ ਤੇ ਪਹੁੰਚ ਗਏ। ਬਾਸਫੋਰਸ ਖਾੜੀ ਵਿਚ ਦੁਨੀਆਂ ਦਾ ਸਭ ਤੋਂ ਸੁੰਦਰ ਨਜ਼ਾਰਾ ਸਾਹਮਣੇ ਸੀ। ਇਕ ਪਾਸੇ ਏਸ਼ੀਆ ਅਤੇ ਦੂਸਰੇ ਪਾਸੇ ਯੂਰਪ ਦਾ ਮਹਾਂਦੀਪ ਹੈ। ਬਾਦਸ਼ਾਹਾਂ ਦੇ ਮਹੱਲ, ਗਿਰਜਾਘਰ ਅਤੇ ਮਸਜਿਦਾਂ ਦੇ ਗੁੰਬਦ ਲੱਭ ਰਹੇ ਸਨ। ਇਸਤੰਬੋਲ ਦਾ ਸਾਰਾ ਇਤਿਹਾਸ ਇਸ ਖਾੜੀ ਨਾਲ ਜੁੜਿਆ ਹੋਇਆ ਹੈ। ਇਹ ਸ਼ਹਿਰ ਯੂਨਾਨੀ, ਰੋਮਨ ਅਤੇ ਆਟੋਮਾਨ ਤੁਰਕ ਬਾਦਸ਼ਾਹਾਂ ਦੀ ਰਾਜਧਾਨੀ ਰਿਹਾ ਹੈ। ਪੂਰਬੀ ਰੋਮਨ ਸਲਤਨਤ ਦੇ ਮਹਾਨ ਬਾਦਸ਼ਾਹ ਕੰਸਟੈਂਟਨ ਨੇ ਇਸ ਸ਼ਹਿਰ ਨੂੰ ਕੰਸਟੈਂਟੀਨੋਪਲ (ਕੁਸਤੁਨਤੁਨੀਆ) ਦੇ ਨਾਮ ਹੇਠ ਆਬਾਦ ਕੀਤਾ। ਇੱਥੇ ਹੇਜ਼ੀਆ ਸੋਫ਼ੀਆ ਦਾ 1500 ਸਾਲ ਪੁਰਾਣਾ ਗਿਰਜਾਘਰ ਹੈ ਜੋ ਆਟੋਮਾਨ ਬਾਦਸ਼ਾਹਾਂ ਨੇ ਮਸਜਿਦ ਵਿਚ ਤਬਦੀਲ ਕਰ ਲਿਆ ਸੀ ਅਤੇ ਹੁਣ ਇਕ ਸ਼ਾਨਦਾਰ ਅਜਾਇਬਘਰ ਬਣ ਗਿਆ ਹੈ। 500 ਸਾਲ ਤੋ ਵਧੇਰੇ ਤੁਰਕਾਂ ਦਾ ਰਾਜ ਰਿਹਾ ਅਤੇ ਕੁਸਤੁਨਤੁਨੀਆ ਦਾ ਨਾਮ ਇਸਤੰਬੋਲ ਪੈ ਗਿਆ।

ਕਿਸੇ ਸਮੇਂ 660 ਪੂਰਬੀ ਈਸਵੀ ਵਿਚ ਬਾਈਜ਼ਾ ਨਾਮੀ ਹਾਕਮ ਨੇ ਇਸ ਦੀ ਮੋਹੜੀ ਗੱਡੀ ਅਤੇ ਇਸ ਦਾ ਨਾਮ ਬਾਈਜੈਂਟੀਨ ਪੈ ਗਿਆ। ਪੂਰਬੀ ਰੋਮਨ ਸਲਤਨਤ ਨੂੰ ਇਸ ਕਰਕੇ ਹੀ ਇਤਿਹਾਸਕਾਰ ਬਾਈਜੈਂਟੀਨ ਰਾਜ ਘਰਾਣਾ ਕਹਿੰਦੇ ਹਨ। ਜਦੋਂ ਈਰਾਨ ਦੇ ਬਾਦਸ਼ਾਹ ਡੇਰੀਅਸ ਨੇ 400 ਪੂਰਬ ਈਸਵੀ ਵਿਦ ਯੂਰਪ ਨੂੰ ਫਤਹਿ ਕਰਨ ਦਾ ਸੁਪਨਾ ਲਿਆ ਤਾਂ ਉਸਦੀ ਸੱਤ ਲੱਖ ਫੌਜ

ਖਾੜੀ ਨੂੰ ਪਾਰ ਕਰਾਉਣ ਲਈ ਬੇੜੀਆਂ ਦਾ ਪੁਲ ਬੰਨ੍ਹਿਆ ਗਿਆ। ਇਹ ਖਾੜੀ ਫੌਜਾਂ ਦਾ ਖੌਅ ਬਣ ਗਈ। ਹਮਲਾਵਰ ਇਸ ਨੂੰ ਪਾਰ ਕਰੇ ਬਗੈਰ ਯੂਰਪ ਤੇ ਧਾਵਾ  ਨਹੀਂ ਬੋਲ ਸਕਦੇ ਸਨ। ਇਸ ਕਰਕੇ ਹੀ ਸੁਰੱਖਿਆ ਲਈ ਦੋਹੀਂ ਪਾਸੀਂ ਕਿਲ੍ਹੇ ਉਸਾਰੇ ਗਏ।

ਇਸਤੰਬੋਲ ਦੀ ਪੂਰੀ ਜਾਣਕਾਰੀ ਲਈ ਤਾਂ ਇਕ ਪੁਸਤਕ ਲਿਖੀ ਜਾ ਸਕਦੀ ਹੈ। ਬੱਸ ਕੁਝ ਅੰਕੜੇ ਦੇ ਕੇ ਲੇਖ ਸਮਾਪਤ ਕਰਦਾ ਹਾਂ। ਤੁਰਕੀ ਦੀ ਰਾਜਧਾਨੀ ਹੁਣ 'ਅੰਕਰਾ' ਹੈ ਪਰੰਤੂ ਇਸਤੰਬੋਲ ਹੀ ਸਭ ਤੋਂ ਵੱਡਾ ਸ਼ਹਿਰ ਹੈ। ਇਹ ਦੋਹਾਂ ਮਹਾਦੀਪਾਂ ਵਿਚਕਾਰ ਭੌਤਿਕ ਅਤੇ ਸਭਿਆਚਾਰਕ ਪੁਲ ਦਾ ਕੰਮ ਕਰਦਾ ਹੈ। ਇਸ ਦੀ ਆਬਾਦੀ ਇਕ ਕਰੋੜ ਤੋਂ ਵਧੀਕ ਹੈ ਅਤੇ ਤੁਰਕੀ ਦੀ ਵੀਹ ਪ੍ਰਤੀਸ਼ਤ ਆਬਾਦੀ ਇੱਥੇ ਰਹਿੰਦੀ ਹੈ। ਇਸ ਸ਼ਹਿਰ ਵਿਚ 18 ਯੂਨੀਵਰਸਿਟੀਆਂ ਹਨ, 1000 ਹੋਟਲ, 4500 ਰੈਸਤੋਰਾਂ ਅਤੇ 50,000 ਕੌਫੀ ਹਾਊਸ ਹਨ। ਹਰ ਸਾਲ 5 ਲੱਖ ਦੀ ਦਰ ਨਾਲ ਆਬਾਦੀ ਵੱਧ ਰਹੀ ਹੈ, ਜਿਸ ਕਰਕੇ ਸ਼ਹਿਰ ਵਿਚ ਹਰ ਸਾਲ 70,000 ਨਿਕਾਹ ਪੜ੍ਹੇ ਜਾਂਦੇ ਹਨ ਅਤੇ 5000 ਜੋੜੇ ਤਲਾਕ ਲੈ ਰਹੇ ਹਨ। ਮਸਜਿਦਾਂ ਦੀ ਗਿਣਤੀ ਬੇਸ਼ੁਮਾਰ ਹੈ ਅਤੇ ਦੁਨੀਆ ਦੇ ਹਰ ਦੇਸ਼ ਦੇ ਵਪਾਰੀ ਇੱਥੇ ਪਹੁੰਚਦੇ ਹਨ। ਭਾਵੇਂ ਮਸਜਿਦਾਂ ਵਿਚ ਰਾਗ ਰੰਗ ਦੀ ਮਨਾਹੀ ਹੈ ਪਰੰਤੂ ਹੋਟਲਾਂ ਅਤੇ ਥੀਏਟਰਾਂ ਵਿਚ ਯੂਰਪੀਨ ਪੱਧਰ ਦੀਆਂ ਰੰਗਰਲੀਆਂ ਮਨਾਈਆਂ ਜਾਂਦੀਆਂ ਹਨ। ਲੋਕੀ ਘਰਾਂ ਵਿਚ ਸ਼ਰਾਬ ਵੀ ਪੀਂਦੇ ਹਨ। ਔਰਤਾਂ ਵਿਚ ਸਿਗਰਟ ਨੋਸ਼ੀ ਦੀ ਭੈੜੀ ਆਦਤ ਫੈਲ ਰਹੀ ਹੈ। ਸਿਰਫ ਇਸਤੰਬੋਲ ਸ਼ਹਿਰ ਦੀ ਸੁੰਦਰਤਾ ਹੀ ਲਾਸਾਨੀ ਨਹੀਂ ਬਲਕਿ ਤੁਰਕੀ ਦੇ ਮਰਦ ਅਤੇ ਔਰਤਾਂ ਵੀ ਦੁਨੀਆਂ ਭਰ ਵਿਚ ਹੁਸਨ ਦਾ ਮੁਜ਼ੱਸਮਾ ਮੰਨੇ ਜਾਂਦੇ ਹਨ।

~~~

## ਇਜ਼ਮੀਰ ਦੇ ਸੁੰਦਰ ਨਜ਼ਾਰੇ

8 ਅਕਤੂਬਰ ਰਾਤ ਦੀ ਬੱਸ ਤੇ ਸਵਾਰ ਹੋ ਕੇ ਮੈਂ ਇਸਤੰਬੋਲ ਤੋਂ ਇਜ਼ਮੀਰ ਪਹੁੰਚਣਾ ਸੀ।ਮੇਰੇ ਪਾਸ ਪੂਰਾ ਦਿਨ ਇਸਤੰਬੋਲ ਘੁੰਮਣ ਲਈ ਅਜੇ ਬਚਿਆ ਹੋਇਆ ਸੀ। ਮੈਂ ਯੂਨੀਵਰਸਿਟੀ ਦੇ ਨੇੜੇ ਹੀ ਹਿਪੋਡਰੋਮ ਸੁਕੇਅਰ ਵਿਚ ਚਲਾ ਗਿਆ ਅਤੇ ਨੀਲੀ ਮਸਜਿਦ ਦਾ ਦੌਰਾ ਕੀਤਾ। ਇਸ ਨੂੰ 1609 ਈਸਵੀ ਵਿਚ ਸੁਲਤਾਨ ਮਹਿਮੂਦ ਨੇ ਬਣਵਾਇਆ ਸੀ। ਇਹ ਸਭ ਤੋਂ ਆਲੀਸ਼ਾਨ ਮਸਜਿਦ ਹੈ। ਇਸ ਦੇ ਬਾਹਰ ਤੋਪਕਾਪੀ ਮਹੱਲ ਹੈ ਜਿਸ ਅੰਦਰ ਆਟੋਮਾਨ ਸਲਤਨਤ ਦੇ ਤੁਰਕ ਸੁਲਤਾਨ ਰਿਹਾਇਸ਼ ਕਰਦੇ ਸਨ। ਲਗਭਗ 500 ਸਾਲ ਦੇ ਰਾਜਕਾਲ ਦੌਰਾਨ 31 ਸੁਲਤਾਨ ਤੁਰਕੀ ਦੇ ਤਖਤ ਉਪਰ ਬੈਠੇ। ਸੁਲਤਾਨ ਮੁਰਾਦ ਦੇ ਹਰਮ ਵਿਚ ਤਾਂ 1200 ਬੇਗਮਾਂ ਸ਼ਾਮਲ ਸਨ ਅਤੇ ਉਹ ਸਾਰਾ ਸਮਾਂ ਰੰਗ ਰਲੀਆਂ 'ਚ ਮਸਤ ਰਹਿੰਦਾ ਸੀ। ਤੁਰਕੀ ਦੇ ਸੁਲਤਾਨਾਂ ਨੇ ਕਈ ਮਹੱਲ ਅਤੇ ਮਸਜਿਦਾਂ ਤਾਮੀਰ ਕਰਵਾਈਆਂ। ਪੰਦਰਵੀਂ ਤੋਂ ਅਠਾਰਵੀਂ ਸਦੀ ਤਕ ਆਟੋਮਾਨ ਤੁਰਕਾਂ ਦਾ ਪੂਰਬੀ ਯੂਰਪ ਉੱਪਰ ਪੂਰਾ ਕਬਜ਼ਾ ਰਿਹਾ ਅਤੇ ਇਸਤੰਬੋਲ ਯੂਰਪ ਦਾ ਸਭ ਤੋਂ ਵੱਧ ਰੌਣਕ ਵਾਲਾ ਸ਼ਹਿਰ ਗਿਣਿਆ ਜਾਂਦਾ ਸੀ।

ਪ੍ਰੋ: ਅਦਨਾਨ ਮੈਨੂੰ ਊਲੂਜਾਇ ਕੰਪਨੀ ਦੀ ਬੱਸ ਤੇ ਚੜ੍ਹਾ ਗਿਆ ਜੋ ਰਾਤ ਦਸ ਵਜੇ ਇਸਤੰਬੋਲ ਤੋਂ ਰਵਾਨਾ ਹੋਈ ਅਤੇ ਸਵੇਰੇ ਛੇ ਵਜੇ 500 ਕਿਲੋਮੀਟਰ ਦਾ ਸਫਰ ਤੈਹ ਕਰਕੇ ਇਜ਼ਮੀਰ ਪਹੁੰਚ ਗਈ। ਰਸਤੇ ਵਿਚ ਫੈਰੀ ਰਾਹੀਂ ਮਰਮਰਾ ਸਮੁੰਦਰ ਵੀ ਪਾਰ ਕੀਤਾ। ਇਹ ਕੰਪਨੀ ਸਭ ਤੋਂ ਅਮੀਰ ਹੈ ਅਤੇ ਹਰ ਅੱਡੇ ਉਪਰ ਆਪਣੇ ਹੋਟਲ ਵੀ ਚਲਾ ਰਹੀ ਹੈ। ਇਹਨਾਂ ਦੀਆਂ ਬੱਸਾਂ ਯੂਰਪੀਨ ਬੱਸਾਂ ਵਾਂਗ ਸਮੇਂ ਦੀਆਂ ਪਾਬੰਧ ਅਤੇ ਸਹੂਲਤਾਂ ਵਿਚ ਵਧੀਆ ਹਨ। ਮੇਰੇ ਨਾਲ ਦੀ ਸੀਟ ਤੇ ਇਕ ਡਾਕਟਰ ਬੈਠਾ ਸੀ ਜੋ ਛੁੱਟੀਆਂ ਵਿਚ ਆਪਣੇ ਘਰ ਜਾ ਰਿਹਾ ਸੀ। ਇਜ਼ਮੀਰ ਤੁਰਕੀ ਦਾ ਤੀਸਰਾ ਵੱਡਾ ਸ਼ਹਿਰ ਹੈ ਜਿਸ ਦੀ ਆਬਾਦੀ 25 ਲੱਖ ਦੇ ਕਰੀਬ ਹੈ। ਇੱਥੋਂ ਦੀ 'ਐਗੇ ਯੂਨੀਵਰਸਿਟੀ' ਵਿਚ ਮੇਰਾ ਭਾਸ਼ਣ ਸੀ। 9 ਅਕਤੂਬਰ ਦੀ ਸਵੇਰੇ ਮੈਂ ਯੂਨੀਵਰਸਿਟੀ ਬੱਸ ਸਟਾਪ ਤੇ ਉਤਰਿਆ ਤਾਂ ਨਿਊਕਲੀਅਰ ਖੋਜ ਸੰਸਥਾ ਦੀ ਸਹਾਇਕ ਡਾਇਰੈਕਟਰ, ਅਈਤਾਸ ਸੂਲੇ ਮੇਰਾ ਇੰਤਜ਼ਾਰ ਕਰ ਰਹੀ ਸੀ। ਕਾਰ ਤੇ ਸਵਾਰ ਹੋ ਕੇ ਅਸੀਂ ਯੂਨੀਵਰਸਿਟੀ ਗੈਸਟ ਹਾਊਸ ਪਹੁੰਚੇ ਜਿੱਥੇ ਮੇਰੀ ਰਿਹਾਇਸ਼ ਦਾ ਪ੍ਰਬੰਧ ਸੀ। ਇੱਥੇ ਦੇ ਗੈਸਟ ਹਾਊਸ ਸਾਡੇ ਸ਼ਹਿਰਾਂ ਦੇ
~~~

ਹੋਟਲਾਂ ਨਾਲੋਂ ਸਾਫ ਸੁਥਰੇ ਹੁੰਦੇ ਹਨ। ਯੂਨੀਵਰਸਿਟੀ ਦੇ ਇਕ ਵਿਦਿਆਰਥੀ ਦੀ ਡਿਊਟੀ ਲੱਗੀ ਸੀ ਕਿ ਮੈਨੂੰ ਪੂਰੇ ਸ਼ਹਿਰ ਦੀ ਸੈਰ ਕਰਵਾ ਲਿਆਵੇ।

ਇਜ਼ਮੀਰ ਸ਼ਹਿਰ 'ਐਗੇ ਸਮੁੰਦਰ' ਦੀ ਖਾੜੀ ਉਪਰ ਵੱਸਿਆ ਹੋਇਆ ਹੈ। ਇਸਦਾ ਇਤਿਹਾਸ 4000 ਪੂਰਵੀ ਈਸਵੀ ਤੱਕ ਦਾ ਹੈ। ਕਿਸੇ ਸਮੇਂ ਇਹ ਯੂਨਾਨ ਦੇ ਟਰਾਏ ਸ਼ਹਿਰ ਦਾ ਸਮਕਾਲੀ ਰਿਹਾ ਅਤੇ ਯੂਨਾਨੀ ਮਹਾਂਕਾਵਿ ਦਾ ਰਚੈਤਾ 'ਹੋਮਰ' ਇੱਥੇ ਹੀ ਪੈਦਾ ਹੋਇਆ ਸੀ। ਇਹ ਰੋਮਨ ਸਲਤਨਤ ਦਾ ਵੀ ਕੇਂਦਰ ਬਣ ਗਿਆ ਅਤੇ 1500 ਸਾਲ ਰੋਮਨ ਤੇ ਬਾਈਜੈਂਟੀਨ ਸਭਿਅਤਾ ਦਾ ਗੜ੍ਹ ਬਣਿਆ ਰਿਹਾ। ਇੱਥੇ ਰੋਮਨ ਕਿਲ੍ਹੇ ਅਤੇ ਹੋਰ ਖੰਡਰ ਅਜੇ ਤਕ ਕਾਇਮ ਹਨ। ਤੁਰਕਾਂ ਦੇ ਰਾਜਕਾਲ ਵਿਚ ਇਹ ਤੁਰਕੀ ਦੀ ਦੂਸਰੀ ਮਹੱਤਵਪੂਰਨ ਬੰਦਰਗਾਹ ਬਣ ਗਈ। ਅੱਜ ਕੱਲ੍ਹ ਇਹ ਯੂਰਪੀਨ ਯਾਤਰੀਆਂ ਦੀ ਸੈਰਗਾਹ ਹੈ ਕਿਉਂਕਿ ਇੱਥੇ ਸਾਲ ਦੇ ਛੇ ਮਹੀਨੇ ਮੌਸਮ ਸੁਹਾਵਣਾ ਰਹਿੰਦਾ ਹੈ। ਯੂਨੀਵਰਸਿਟੀ ਦਾ ਵਿਦਿਆਰਥੀ ਮੇਰਾ ਗਾਈਡ ਬਣ ਗਿਆ ਅਤੇ ਅਸੀਂ ਬੋਰਨੋਵਾ ਕੈਂਪਸ ਤੋਂ ਲੋਕਲ ਬੱਸ ਤੇ ਸਵਾਰ ਹੋ ਕੇ ਇਜ਼ਮੀਰ ਦੇ ਸਮੁੰਦਰੀ ਕੰਢੇ ਤੇ ਪਹੁੰਚ ਗਏ। ਇਹ ਸ਼ਹਿਰ ਕਈ ਟੁਕੜਿਆਂ ਵਿਚ ਵੰਡਿਆ ਹੈ ਅਤੇ ਫੈਰੀ ਰਾਹੀਂ ਇਹ ਆਪਸ ਵਿਚ ਜੁੜੇ ਹੋਏ ਹਨ। ਪਹਿਲਾਂ ਅਸੀਂ ਕਾਸੀਯਾਕਾ ਗਏ ਅਤੇ ਇੱਥੋਂ ਫੈਰੀ ਰਾਹੀਂ ਕੋਨਾਕ ਦੇ ਕਸਬੇ ਪਹੁੰਚ ਗਏ। ਇੱਥੇ ਬਜ਼ਾਰਾਂ ਵਿੱਚ ਬਹੁਤ ਭੀੜ ਸੀ ਅਤੇ ਮਠਿਆਈ ਦੀਆਂ ਦੁਕਾਨਾਂ ਸਾਡੇ ਪੰਜਾਬ ਵਾਂਗ ਹੀ ਸਨ। ਤੁਰਕੀ ਭਾਸ਼ਾ ਦੇ ਕਈ ਸ਼ਬਦ ਵੀ ਪੰਜਾਬੀ ਬੋਲੀ ਵਿਚ ਮਿਲਦੇ ਹਨ, ਜਿਵੇਂ ਕਿ ਬਜ਼ਾਰ, ਸ਼ਰਬਤ, ਮੁਹੱਬਤ, ਬੁਲਬੁਲ ਅਤੇ ਹੋਰ ਕਈ ਤੁਰਕੀ ਸ਼ਬਦ ਜਾਣੇ ਪਹਿਚਾਣੇ ਲਗ ਰਹੇ ਸਨ। ਦਰਅਸਲ, ਪੰਜਾਬ ਅਤੇ ਭਾਰਤ ਵਿਚ ਮੁਗਲਾਂ ਤੋਂ ਪਹਿਲਾਂ ਤੁਰਕਾਂ ਦਾ ਹੀ ਰਾਜ ਰਿਹਾ ਸੀ ਜੋ ਆਪਣੇ ਸਭਿਆਚਾਰ ਅਤੇ ਭਾਸ਼ਾ ਦੀ ਮੋਹਰ ਛਾਪ ਇਥੇ ਛੱਡ ਗਏ।

10 ਅਕਤੂਬਰ ਐਗੇ ਯੂਨੀਵਰਸਿਟੀ ਵਿਚ ਮੇਰਾ ਭਾਸ਼ਣ ਹੋਇਆ। ਭੂਮਿਕਾ ਦੇ ਤੌਰ ਤੇ ਮੈਂ ਸਭਿਆਚਾਰਕ ਸਾਂਝ ਦਾ ਜ਼ਿਕਰ ਕੀਤਾ ਅਤੇ ਭਵਿੱਖ ਵਿਚ ਭਾਰਤ ਤੁਰਕੀ ਦੋਸਤੀ ਦੀ ਇੱਛਾ ਪ੍ਰਗਟ ਕੀਤੀ। ਭਾਸ਼ਣ ਤੋਂ ਬਾਅਦ ਖੋਜ ਵਿਦਿਆਰਥੀਆਂ ਨਾਲ ਖੋਜ ਸੰਸਥਾ ਦਾ ਦੌਰਾ ਕੀਤਾ ਅਤੇ ਵਿਚਾਰ ਵਟਾਂਦਰਾ ਹੋਇਆ। ਇੱਥੋਂ ਦੀ ਹੁਸੀਨ ਡਾਇਰੈਕਟਰ ਮੈਡਮ ਮੈਰਾਲ ਈਰਾਲ ਨੇ ਲੰਚ ਦਾ ਸੱਦਾ ਦੇ ਰੱਖਿਆ ਸੀ। ਅਧਿਆਪਕ ਅਤੇ ਖੋਜ ਵਿਦਿਆਰਥੀ ਯੂਨੀਵਰਸਿਟੀ ਕਲੱਬ ਵਿਚ ਲੰਚ ਅਤੇ ਡਿਨਰ ਕਰ ਸਕਦੇ ਹਨ। ਯੂਨੀਵਰਸਿਟੀ ਕੈਂਪਸ 200 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਇੱਥੇ ਵੀਹ ਹਜ਼ਾਰ ਵਿਦਿਆਰਥੀ ਪੜ੍ਹਦੇ ਹਨ। ਤੁਰਕੀ ਵਿਚ ਵਿਦਿਆ ਦਾ ਯੂਰਪੀਨ ਸਿਸਟਮ ਹੀ ਲਾਗੂ ਹੈ ਅਤੇ ਸਾਰੇ ਵਿਦਿਆਰਥੀ ਸਕੂਲ ਬਾਅਦ ਸਿੱਧਾ ਯੂਨੀਵਰਸਿਟੀ ਵਿਚ ਦਾਖਲ ਹੁੰਦੇ ਹਨ।

ਇਜ਼ਮੀਰ ਸੂਬੇ ਦੀ ਸਰਕਾਰ ਟੂਰਿਜ਼ਮ ਨੂੰ ਬੜਾਵਾ ਦੇ ਰਹੀ ਹੈ ਜਿਸ ਕਰਕੇ ਪੁਰਾਤਨ ਰੋਮਨ ਸਮਾਰਕਾਂ ਦੀ ਦੇਖ ਰੇਖ ਵੱਲ ਉਚੇਚਾ ਧਿਆਨ ਦਿੱਤਾ ਗਿਆ ਹੈ। ਕੋਰਦਾਨ ਕਸਬੇ ਦੀ ਬੀਚ ਤਾਂ ਬੰਬਈ ਦੀ ਮੈਰੀਨ ਡਰਾਈਵ ਦਾ ਭੁਲੇਖਾ ਪਾ ਦਿੰਦੀ ਹੈ। ਇਸ ਦੁਆਲੇ ਯਾਤਰੀ ਘੋੜਾ-ਬੱਘੀ ਲੈ ਕੇ ਘੁੰਮ ਸਕਦੇ ਹਨ। ਖੋਜ ਸੰਸਥਾ ਦੀ ਡਾਇਰੈਕਟਰ ਨੇ ਮੇਰੀ ਸੈਰ ਦਾ ਪ੍ਰਬੰਧ ਕਰ ਰੱਖਿਆ ਸੀ। ਸਮੁੰਦਰੀ ਕੰਢੇ ਦੀ ਸੈਰ ਕਰਕੇ ਅਸੀਂ ਕੋਨਾਕ ਦਾ ਘੰਟਾ ਘਰ ਦੇਖਿਆ ਜੋ ਇਜ਼ਮੀਰ ਦਾ ਪਹਿਚਾਣ ਚਿੰਨ੍ਹ ਬਣ ਗਿਆ ਹੈ। ਇਸ ਤੋਂ ਨੇੜੇ ਹੀ ਯਹੂਦੀਆਂ ਦਾ ਪੁਰਾਣਾ ਮਹੱਲਾ ਹੈ ਜਿਸ ਦੀਆਂ ਉਪਰਲੀਆਂ ਅਤੇ ਹੇਠਲੀਆਂ ਗਲੀਆਂ ਨੂੰ ਇਕ ਲਿਫਟ ਨਾਲ ਜੋੜਿਆ ਗਿਆ ਹੈ ਜੋ 51 ਮੀਟਰ ਦੀ ਉਚਾਈ ਤੇ ਲੈ ਜਾਂਦਾ ਹੈ। ਇਸ ਜਗ੍ਹਾ ਤੋਂ ਸਾਰੇ ਸਮੁੰਦਰੀ ਤੱਟ ਅਤੇ ਇਜ਼ਮੀਰ ਸ਼ਹਿਰ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ, ਖਾਸ ਕਰਕੇ ਰਾਤ ਵੇਲੇ ਸਮੁੰਦਰੀ ਪਾਣੀ ਵਿਚ ਟਿਮਟਿਮਾਂਦੀ ਰੋਸ਼ਨੀ ਦਾ ਨਾਚ। ਰਾਤ ਦਾ ਡਿਨਰ ਇਕ ਖੋਜ ਵਿਦਿਆਰਥੀ ਨੇ ਵਰਜਿਆ ਹੋਇਆ ਸੀ। ਮੈਡਮ ਫਰਾਹ ਸੈਰਾਪ ਨੇ ਪਰਿਵਾਰ ਸਮੇਤ ਸ਼ਮੂਲੀਅਤ ਕੀਤੀ ਅਤੇ ਢੇਰ ਸਾਰੇ ਤੋਹਫੇ ਭੇਟ ਕੀਤੇ। ਤੁਰਕੀ ਦੇ ਲੋਕ ਅਰਬਾਂ ਵਾਂਗ ਮਹਿਮਾਨ ਨਿਵਾਜ਼ੀ ਵਿਚ ਕਸਰ ਨਹੀਂ ਛੱਡਦੇ।

11 ਅਕਤੂਬਰ ਮੈਂ ਸਵੇਰੇ ਬੱਸ ਤੇ ਸਵਾਰ ਹੋ ਕੇ ਇਸਤੰਬੋਲ ਵੱਲ ਰਵਾਨਾ ਹੋ ਪਿਆ। ਰਸਤੇ ਵਿਚ ਪਹਾੜੀ ਅਤੇ ਮੈਦਾਨੀ ਇਲਾਕਾ ਆਇਆ। ਭੁਚਾਲ ਦੀ ਤਬਾਹੀ ਵਾਲਾ ਕਸਬਾ ਦੂਰੋਂ ਹੀ ਦੇਖਿਆ ਜੋ ਮੁੜ ਉਸਾਰੀ ਹੇਠ ਹੈ। ਮਨੀਸ਼ਾ ਅਤੇ ਬੁਰਸਾ ਦੋ ਸ਼ਹਿਰ ਵੀ ਆਏ। ਬੁਰਸਾ ਤੁਰਕੀ ਦੀ ਪਹਿਲੀ ਰਾਜਧਾਨੀ ਸੀ ਅਤੇ ਕਈ ਇਤਿਹਾਸਕ ਮਸਜਿਦਾਂ ਅਤੇ ਮਹੱਲ ਵੇਖਣਯੋਗ ਹਨ। ਪਿੰਡਾਂ ਦੇ ਲੋਕ ਖੇਤੀ ਕਰਦੇ ਹਨ ਅਤੇ ਘੋੜੇ ਪਾਲਦੇ ਹਨ। ਇੱਥੇ ਸਭ ਫਸਲਾਂ ਹੋ ਜਾਂਦੀਆਂ ਹਨ ਪਰੰਤੂ ਵਧੇਰੇ ਕਪਾਹ ਦੇ ਖੇਤ ਹੀ ਨਜ਼ਰ ਆ ਰਹੇ ਸਨ। ਪੇਂਡੂ ਔਰਤਾਂ ਪਿੱਠ ਪਿੱਛੇ ਟੋਕਰੀਆਂ ਬੰਨ੍ਹ ਕੇ ਕਪਾਹ ਚੁਗ ਰਹੀਆਂ ਸਨ ਜਿਵੇਂ ਦਾਰਜੀਲਿੰਗ ਵਿਚ ਚਾਹ ਪੱਤੀ ਤੋੜੀ ਜਾਂਦੀ ਹੈ। ਜੈਤੂਨ ਅਤੇ ਸੰਗਤਰਿਆਂ ਦੇ ਬਾਗ ਵੀ ਆਮ ਹਨ। ਜੈਤੂਨ ਦਾ ਤੇਲ ਹੀ ਘਰਾਂ ਵਿਚ ਕੁਕਿੰਗ ਲਈ ਵਰਤਿਆ ਜਾਂਦਾ ਹੈ। ਇਕ ਸਾਫ ਸੁਥਰੇ ਰੈਸਤੋਰਾਂ ਅੱਗੇ ਬੱਸ ਰੁਕੀ  ਜੋ ਬੱਸ ਕੰਪਨੀ ਦੇ ਮਾਲਕ ਦਾ ਸੀ। ਭੋਜਨ ਨਾਲ ਹਰ ਕੋਈ ਲੱਸੀ ਪੀ ਰਿਹਾ ਸੀ। ਮੈਂ ਵੀ ਇਕ ਗਲਾਸ ਪੀਤੀ ਜੋ ਪੰਜਾਬੀ ਲੱਸੀ ਵਾਂਗ ਹੀ ਤਿਆਰ ਕੀਤੀ ਜਾਂਦੀ ਹੈ। ਡੇਢ ਮਹੀਨੇ ਤੋਂ ਘੁੰਮ ਰਿਹਾ ਸਾਂ

ਅਤੇ ਬੂਟ ਪਾਲਿਸ਼ ਕਰਨ ਦੀ ਲੋੜ ਨਾ ਪਈ। ਇੱਥੇ ਪਾਲਿਸ਼ ਕਰਨ ਵਾਲਾ ਟੱਕਰ ਪਿਆ ਅਤੇ ਵੀਹ ਰੁਪਏ ਪਾਲਿਸ਼ ਕਰਨ ਦੇ ਲਏ ਜਦਕਿ ਇਸਤੰਬੋਲ ਵਿਚ ਦੋ ਡਾਲਰ ਰੇਟ ਸੀ।

ਰਾਤ ਪੈਣ ਤਕ ਇਸਤੰਬੋਲ ਪਹੁੰਚ ਗਿਆ ਅਤੇ ਅੱਗੇ ਸਿਲਵਰੀ ਪਿੰਡ ਦੀ ਬੱਸ ਦਾ ਡਰਾਈਵਰ ਪ੍ਰੋ: ਅਦਨਾਨ ਦੇ ਘਰ ਕੋਲ ਉਤਾਰ ਗਿਆ। ਪਿੰਡ ਦੇ ਲੋਕ ਮੈਨੂੰ ਅਰਬੀ ਮੁਸਲਮਾਨ ਹੀ ਸਮਝਦੇ ਰਹੇ ਪਰੰਤੂ ਸਿੱਖਾਂ ਨੂੰ ਉਹ ਨਫਰਤ ਨਹੀਂ ਕਰਦੇ। ਉਹਨਾਂ ਨੂੰ ਸਮਝ ਨਹੀਂ ਆਉਂਦੀ ਕਿ ਸਿੱਖ ਕੀ ਚੀਜ਼ ਹਨ। ਸਾਡਾ ਇਕ ਰੱਬ ਦਾ ਅਕੀਦਾ ਤਾਂ ਇਸਲਾਮ ਨਾਲ ਮੇਲ ਖਾਂਦਾ ਹੈ। ਮੈਂ ਬਥੇਰਾ ਸਮਝਾਇਆ ਕਿ ਸਿੱਖ ਧਰਮ ਹਿੰਦੂ ਅਤੇ ਇਸਲਾਮ ਮੱਤ ਤੋਂ ਨਿਆਰਾ ਹੈ ਪਰ ਉਹ ਮੈਨੂੰ ਮੁਸਲਮਾਨ ਸਮਝਣ ਵਿਚ ਖੁਸ਼ੀ ਮਹਿਸੂਸ ਕਰਦੇ ਜਾਪਦੇ ਸਨ। ਬਾਬਾ ਨਾਨਕ ਤਾਂ ਸਭ ਦਾ ਸਾਂਝਾ ਸੀ ਅਤੇ ਸਿੱਖੀ ਦਾ ਇਹੋ ਅਕਸ ਹੀ ਵਿਸ਼ਵ ਭਰ ਵਿਚ ਉਭਰਨਾ ਚਾਹੀਦਾ ਹੈ।

12 ਅਕਤੂਬਰ ਨੂੰ ਪ੍ਰੋ: ਅਦਨਾਨ ਮੈਨੂੰ ਇਸਤੰਬੋਲ ਦੇ ਅਤਾਤੁਰਕ ਹਵਾਈ ਅੱਡੇ ਤੇ ਛੱਡ ਗਿਆ ਅਤੇ ਮੈਂ ਐਰੋਫਲੋਟ ਦੇ ਹਵਾਈ ਜਹਾਜ਼ ਤੇ ਸਵਾਰ ਹੋ ਕੇ ਮਾਸਕੋ ਦੇ ਰਸਤੇ 13 ਅਕਤੂਬਰ ਦੇ ਅੰਮ੍ਰਿਤ ਵੇਲੇ ਦਿੱਲੀ ਪਹੁੰਚ ਗਿਆ। ਰੱਬ ਦਾ ਸ਼ੁਕਰ ਕੀਤਾ ਕਿ ਮੇਰੇ ਜੀਵਨ ਦੀ ਸਭ ਤੋਂ ਲੰਬੀ ਯਾਤਰਾ 'ਯੂਰਪ ਤੋਂ ਏਸ਼ੀਆ ਤਕ ਦਾ ਸਫਰ' ਸਹੀ ਸਲਾਮਤ ਪੂਰੀ ਹੋ ਗਈ।

## ਮੇਰੀ ਲੰਡਨ ਫੇਰੀ

24 ਅਕਤੂਬਰ 2003 ਨੂੰ ਮੈਂ ਆਪਣੇ ਵਾਪਸੀ ਸਫਰ ਦੀ ਤਿਆਰੀ ਕਰਕੇ ਆਪਣੇ ਪ੍ਰੀਵਾਰ ਦੇ ਮੈਂਬਰਾਂ ਨੂੰ ਅਲਵਿਦਾ ਕਹੀ। ਪੰਜਾਬ ਤੋਂ ਕਨੇਡਾ ਗਿਆਂ ਲਗਭਗ ਚਾਰ ਮਹੀਨੇ ਹੋ ਗਏ ਸਨ। ਤੁਰਨ ਤੋਂ ਪਹਿਲਾਂ ਮੇਰੇ ਇਕ ਦੋਸਤ ਨੇ ਸੱਦਾ ਭੇਜਿਆ ਕਿ ਵਾਪਸੀ ਦੇ ਰਸਤੇ ਮੈਂ ਸਕਾਟਲੈਂਡ ਹੋ ਕੇ ਜਾਵਾਂ ਅਤੇ 'ਡੰਡੀ' ਯੂਨੀਵਰਸਿਟੀ ਵਿੱਚ ਆਪਣੀ ਖੋਜ ਬਾਰੇ ਲੈਕਚਰ ਦਿਆਂ। 1972 ਤੋਂ ਬਾਅਦ ਮੈਂ ਕਈ ਵਾਰ ਯੂਰਪ ਦਾ ਗੇੜਾ ਤਾਂ ਲਾਇਆ ਪਰੰਤੂ ਇੰਗਲੈਂਡ ਨਾ ਜਾਣ ਦੀ ਮੈਂ ਕਸਮ ਖਾਧੀ ਹੋਈ ਸੀ।ਇਹ ਵਾਕਿਆ 1972 ਦਾ ਹੈ ਜਦੋਂ ਮੈਂ ਪੈਰਿਸ ਤੋਂ ਖੋਜ ਦਾ ਕੰਮ ਪੂਰਾ ਕਰਕੇ ਕੈਂਬਰਿਜ਼ ਯੂਨੀਵਰਸਿਟੀ ਵਿੱਚ ਇਕ ਸੈਮੀਨਾਰ ਦੇਣ ਲਈ ਗਿਆ ਤਾਂ ਗੈਟਵਿਕ ਏਅਰਪੋਰਟ ਦੇ ਅਧਿਕਾਰੀਆਂ ਨੇ ਮੈਨੂੰ ਭਾਰਤੀ ਹੋਣ ਕਰਕੇ ਬਹੁਤ ਹੀ ਪਰੇਸ਼ਾਨ ਕੀਤਾ। ਜਦੋਂ ਲੰਡਨ ਪਹੁੰਚਿਆ ਤਾਂ ਉਥੇ ਵੀ ਸਿੱਖਾਂ ਦੀ ਦੁਰਦਸ਼ਾ ਵੇਖੀ। ਗੋਰੇ ਨੌਜਵਾਨ ਗਲੀਆਂ ਬਜ਼ਾਰਾਂ ਵਿੱਚ ਟਕੋਰਾਂ ਕਰਕੇ ਲੰਘ ਜਾਂਦੇ ਅਤੇ ਸਾਡੇ ਲੋਕ ਆਪਣੀ ਹੇਠੀ ਸਹਿ ਜਾਂਦੇ। ਮੈਂ ਪੈਰਿਸ ਅਤੇ ਫਰਾਂਸ ਦੀ ਅਜ਼ਾਦ ਫਿਜ਼ਾ ਵਿੱਚ ਰਹਿੰਦਿਆਂ ਪ੍ਰਵਾਸੀ ਹੋਣ ਦਾ ਅਹਿਸਾਸ ਕਦੇ ਨਹੀਂ ਕੀਤਾ ਅਤੇ ਪੈਰਿਸ ਯੂਨੀਵਰਸਿਟੀ ਵਿੱਚ ਮੈਨੂੰ ਇਕ ਹੀਰੋ ਦਾ ਦਰਜਾ ਮਿਲਿਆ ਹੋਇਆ ਸੀ। ਇਹ ਮੇਰੇ ਸਿੱਖੀ ਸਰੂਪ ਕਰਕੇ ਜਾਂ ਸ਼ਾਇਦ ਚੰਗੀ ਖੋਜ ਕਰਕੇ ਹੋਵੇਗਾ।

ਮੇਰੇ ਦੋਸਤ ਬਰਨਾਰਡ ਕਿੰਗ ਨੇ ਈ-ਮੇਲ ਰਾਹੀਂ ਦੱਸਿਆ ਕਿ ਸਕਾਟਲੈਂਡ ਦੇ ਲੋਕ ਅੰਗਰੇਜ਼ਾਂ ਨਾਲੋਂ ਸੁਭਾਅ ਵਿੱਚ ਭਿੰਨ ਹਨ। ਉਹ ਪੰਜਾਬ ਦੇ ਜੱਟਾਂ ਵਾਂਗ ਮਿਲਾਪੜੇ ਹਨ ਅਤੇ ਮੈਨੂੰ ਕੋਈ ਪਰੇਸ਼ਾਨੀ ਨਹੀਂ ਹੋਵੇਗੀ। ਲੰਡਨ ਦੇ ਉਘੇ ਲੇਖਕ ਪਰੀਤਮ ਸਿੱਧੂ ਨਾਲ ਮੁਲਾਕਾਤ ਤੋਂ ਪਤਾ ਲੱਗਾ ਸੀ ਕਿ ਪੰਜਾਬੀਆਂ ਦੀ ਨਵੀਂ ਪੀੜੀ ਗੋਰੇ ਨੌਜਵਾਨਾਂ ਨਾਲ ਪੂਰਾ ਪੰਗਾ ਲੈਂਦੀ ਹੈ ਕਿਉਂਕਿ ਉਹ ਇੰਗਲੈਂਡ ਦੇ ਜਮਪਲ ਹਨ ਅਤੇ ਮਾਪਿਆਂ ਵਾਂਗ ਹੀਣਤਾ ਭਾਵ ਦੇ ਸ਼ਿਕਾਰ ਨਹੀਂ ਹੋਏ। ਕੈਲੇਫੋਰਨੀਆ ਵਿੱਚ ਲੰਡਨ ਵਾਸੀ ਸੇਵਾ ਸਿੰਘ ਸਿੱਧੂ ਵੀ ਮਿਲੇ ਸਨ ਅਤੇ ਮੇਰੇ ਲੰਡਨ ਰਹਿਣ ਦੀ ਜ਼ਿੰਮੇਵਾਰੀ ਵੀ ਲੈ ਬੈਠੇ ਸਨ। ਤੁਰਨ ਤੋਂ ਪਹਿਲਾਂ ਮੈਂ ਪਰੀਤਮ ਸਿੱਧੂ ਅਤੇ ਸੇਵਾ ਸਿੰਘ ਸਿੱਧੂ ਨੂੰ ਆਪਣੀ ਉਡਾਣ ਦੇ ਪਹੁੰਚਣ ਬਾਰੇ ਜਾਣਕਾਰੀ ਦਿੱਤੀ। ਪਰੀਤਮ ਕਹਿਣ ਲਗਾ ਅਸੀਂ ਦੋਵੇਂ ਨੇੜੇ ਨੇੜੇ ਹੀ ਰਹਿੰਦੇ ਹਾਂ, ਹੀਥਰੋ ਏਅਰਪੋਰਟ ਤੇ ਆ ਜਾਵਾਂਗੇ ਜਿਸ ਕੋਲ ਮਰਜ਼ੀ ਰਹਿ ਲਵੀਂ। ਸੋ ਲੰਡਨ ਦਾ ਡਰ ਦੂਰ ਹੋ ਗਿਆ ਅਤੇ ਮੈਂ ਬਰਿਟਸ਼ ਏਅਰਵੇਜ਼ ਦੇ ਜਹਾਜ਼ ਤੇ ਸਵਾਰ ਹੋ ਕੇ ਵੈਨਕੂਵਰ ਤੋਂ ਲੰਡਨ ਦੇ ਹੀਥਰੋ ਏਅਰਪੋਰਟ ਤੇ 25 ਅਕਤੂਬਰ ਨੂੰ ਜਾ ਉਤਰਿਆ। ਸੇਵਾ ਸਿੰਘ ਹਵਾਈ ਅੱਡੇ ਤੋਂ ਆਪਣੇ ਘਰ ਹੋਂਸਲੋ ਲੈ ਗਿਆ ਜੋ ਲੰਡਨ ਦੇ ਬਾਹਰ ਸਾਊਥ੍ਹਾਲ ਦੇ ਨਾਲ ਲਗਦੀ ਕਾਊਂਟੀ ਹੈ।

25 ਅਕਤੂਬਰ ਦੀਵਾਲੀ ਦਾ ਦਿਨ ਸੀ ਅਤੇ ਦੀਵਾਲੀ ਦੀ ਰਾਤ ਹੋਂਸਲੋ ਗੁਰਦਵਾਰੇ ਜਾਣ ਦਾ ਪ੍ਰੋਗਰਾਮ ਬਣ ਗਿਆ। ਸਿੱਖ ਦੀਵਾਲੀ ਘਰਾਂ ਵਿੱਚ ਵੀ ਮਨਾਉਂਦੇ ਹਨ ਪਰੰਤੂ ਗੁਰਦਵਾਰਿਆਂ ਵਿੱਚ ਕੀਰਤਨ ਅਤੇ ਲੰਗਰ ਵੀ ਚੱਲਦਾ ਹੈ। ਵੀਕ-ਐਂਡ ਹੋਣ ਕਰਕੇ ਗੁਰਦਵਾਰੇ ਦੇ ਬਾਹਰ ਸੰਗਤ ਮੋਮਬੱਤੀਆਂ ਜਗਾ ਕੇ ਅੰਦਰ ਹਾਜ਼ਰੀ ਭਰਨ ਜਾਂਦੀ ਜਿਵੇਂ ਕਿ ਗਿਰਜਾਘਰ ਵਿੱਚ ਹੁੰਦਾ ਹੈ। ਸੇਵਾ ਸਿੰਘ

ਦੀ ਘਰਵਾਲੀ ਰਣਜੀਤ ਨੇ ਘਰ ਜਾ ਕੇ ਦੀਵਾਲੀ ਦਾ ਤਿਉਹਾਰ ਮਨਾਇਆ। ਪਟਾਕੇ ਅਤੇ ਆਤਸ਼ਬਾਜੀ ਪੰਜਾਬ ਦੇ ਸ਼ਹਿਰਾਂ ਵਾਂਗ ਹੀ ਚਲਾਏ ਜਾ ਰਹੇ ਸਨ। ਅੱਧੀ ਰਾਤ ਤੱਕ ਪਟਾਕਿਆਂ ਦਾ ਸ਼ੋਰ ਸੁਣਾਈ ਦਿੰਦਾ ਰਿਹਾ ਅਤੇ ਮੈਂ ਹੈਰਾਨ ਹੋ ਰਿਹਾ ਸਾਂ ਕਿ ਅੰਗਰੇਜ਼ ਵਿਚਾਰੇ ਕੀ ਸੋਚਣਗੇ। ਇਉਂ ਜਾਪਦਾ ਸੀ ਕਿ ਸਾਊਥ੍ਹਾਲ ਅਤੇ ਹੋਂਸਲੋ ਹੁਣ ਪੰਜਾਬ ਦਾ ਹੀ ਹਿੱਸਾ ਬਣ ਗਏ ਹੋਣ। ਵਾਕਿਆ ਹੀ ਨਵੀਂ ਪੀੜੀ ਨੇ ਗੋਰਿਆਂ ਨੂੰ ਨਕੇਲ ਪਾ ਰੱਖੀ ਹੈ।

26 ਅਕਤੂਬਰ ਨੂੰ ਐਤਵਾਰ ਦਾ ਦਿਨ ਸੀ ਅਤੇ ਸੇਵਾ ਸਿੰਘ ਮੈਨੂੰ ਗੁਰਦਵਾਰਿਆਂ ਦੀ ਯਾਤਰਾ ਕਰਵਾਣੀ ਚਾਹੁੰਦਾ ਸੀ। ਪਹਿਲਾਂ ਹੋਂਸਲੋ ਅਤੇ ਫਿਰ ਸਾਊਥ੍ਹਾਲ ਦੇ ਗੁਰਦਵਾਰੇ ਵੇਖੇ। ਸਾਊਥ੍ਹਾਲ ਦਾ ਸਭ ਤੋਂ ਵੱਡਾ ਅਤੇ ਆਲੀਸ਼ਾਨ ਗੁਰਦਵਾਰਾ ਸਿਰੀ ਗੁਰੂ ਸਿੰਘ ਸਭਾ 1970 ਵਿੱਚ ਇਕ ਸ਼ੈਡ ਅੰਦਰ ਕਾਇਮ ਹੋਇਆ ਵੇਖਿਆ ਸੀ ਪਰੰਤੂ ਹੁਣ ਤਾਂ ਇਹ ਦੁਨੀਆਂ ਭਰ ਵਿੱਚ ਲੰਡਨ ਦੇ ਸਿੱਖਾਂ ਦੀ ਅਮੀਰੀ ਦਾ ਰੋਅਬ ਪਾ ਰਿਹਾ ਹੈ। ਇਸ ਅੰਦਰ ਹਰ ਸਹੂਲਤ ਕਾਇਮ ਹੈ। ਅਪਾਹਜਾਂ ਲਈ ਕੁਰਸੀਆਂ ਨੀਵੇਂ ਤਲ ਉਪਰ ਰੱਖੀਆਂ ਗਈਆਂ ਹਨ। ਲੰਗਰ ਛੱਕਣ ਲਈ ਮੇਜਾਂ ਅਤੇ ਦਰੀਆਂ ਦੀ ਸਹੂਲਤ ਰੱਖੀ ਗਈ ਹੈ। ਜਿਸ ਸਿੱਖ ਨੇ ਜਥੇਦਾਰ ਰਣਜੀਤ ਸਿੰਘ ਦਾ ਹੁਕਮ ਮੰਨਣਾ ਹੈ ਉਹ ਦਰੀਆਂ ਦੀ ਵਰਤੋਂ ਕਰ ਲਵੇ। ਕਾਰ ਪਾਰਕਿੰਗ ਦੀ ਸਮੱਸਿਆ ਦਾ ਹੱਲ ਅਜੇ ਪੂਰਾ ਨਹੀਂ ਹੋਇਆ। ਸਾਊਥ੍ਹਾਲ ਵਿੱਚ ਹੋਰ ਵੀ ਕਈ ਗੁਰਦਵਾਰੇ ਹਨ ਅਤੇ ਅਫਗਾਨੀ ਸਿੱਖਾਂ ਦਾ ਵੱਖਰਾ ਗੁਰਦਵਾਰਾ ਕਾਇਮ ਹੈ।

ਸਾਊਥ੍ਹਾਲ ਦਾ ਬਜ਼ਾਰ ਮੇਰੇ ਲਈ ਖਿੱਚ ਦਾ ਕਾਰਨ ਸੀ। ਸਿੱਖਾਂ ਲਈ ਇਹ ਦਿੱਲੀ ਦਾ ਚਾਂਦਨੀ ਚੌਕ ਅਤੇ ਮੁਸਲਮਾਨਾਂ ਲਈ ਲਾਹੌਰ ਦਾ ਅਨਾਰਕਲੀ ਬਣ ਗਿਆ ਹੈ। ਅੰਗਰੇਜ਼ ਤਾਂ ਇਥੇ ਦੂਰਬੀਨ ਨਾਲ ਲੱਭਣੇ ਪੈਂਦੇ ਹਨ। ਇਸ ਵਿੱਚ ਖਾਣ ਪੀਣ ਲਈ ਹੋਟਲ ਅਤੇ ਪੰਜਾਬੀ ਢਾਬੇ ਲੱਭ ਪੈਂਦੇ ਹਨ। ਪਿਆਕੜਾਂ ਲਈ ਪੰਜਾਬੀਆਂ ਦਾ ਮਸ਼ਹੂਰ ਅੱਡਾ 'ਗਲਾਸੀ ਜੰਕਸ਼ਨ' ਵੀ ਸਾਊਥ੍ਹਾਲ ਵਿੱਚ ਹੈ। ਸੇਵਾ ਸਿੰਘ ਨੇ ਦੂਰੋਂ ਹੀ ਇਸ਼ਾਰਾ ਕਰਕੇ ਦੱਸਿਆ ਕਿਉਂਕਿ ਅਸੀਂ ਦੋਵੇਂ ਹੀ ਪਿਆਕੜ ਨਹੀਂ ਹਾਂ। ਘਰ ਮੁੜਨ ਤੋਂ ਪਹਿਲਾਂ ਅਸੀਂ ਪਟਿਆਲੇ ਦੇ ਰਣਬੀਰ ਸਿੰਘ ਵਾਲੀਆ ਨੂੰ ਮਿਲਣ ਗਏ। ਉਸ ਦੀਆਂ ਦੋ ਧੀਆਂ ਹਨ, ਵੱਡੀ ਇਕ ਸਕਾਟਿਸ਼ ਗੋਰੇ ਨਾਲ ਵਿਆਹੀ ਹੋਈ ਹੈ ਅਤੇ ਛੋਟੀ ਹੀਥਰੋ ਏਅਰਪੋਰਟ ਤੇ ਨੌਕਰੀ ਕਰਦੀ ਹੈ। ਕੁਦਰਤੀ ਸਾਡੇ ਬੈਠਿਆਂ ਹੀ ਵੱਡੀ ਧੀ ਆਪਣੇ ਪਤੀ ਅਤੇ ਬੱਚਿਆਂ ਨਾਲ ਮਿਲਣ ਆ ਗਈ। ਸਕਾਟਲੈਂਡ ਬਾਰੇ ਜਾਣਕਾਰੀ ਮਿਲ ਗਈ ਅਤੇ ਪੰਜਾਬੀਆਂ ਦੀ ਨਵੀਂ ਪੀੜੀ ਅਤੇ ਗੋਰਿਆਂ ਦੀ ਨਵੀਂ ਪੀੜੀ ਦੇ ਆਪਸੀ ਸਬੰਧਾਂ ਦੀ ਝਲਕ ਵੀ ਵੇਖੀ। ਰਣਬੀਰ ਸਿੰਘ ਦਾ ਜਵਾਈ ਆਪਣੀ ਪੰਜਾਬੀ ਵਹੁਟੀ ਦਾ ਕਦਰਦਾਨ ਜਾਪਦਾ ਸੀ ਅਤੇ ਚੰਗੇ ਸਲੀਕੇ ਨਾਲ ਪੇਸ਼ ਆਇਆ।

27 ਅਕਤੂਬਰ ਨੂੰ ਸਵੇਰੇ 5 ਵਜੇ ਅਸੀਂ ਕਾਰ ਤੇ ਸਵਾਰ ਹੋ ਕੇ ਲੰਡਨ ਤੋਂ 60 ਮੀਲ ਦੂਰ ਸਟੈਨਸਟੈਡ ਏਅਰਪੋਰਟ ਵੱਲ ਰਵਾਨਾ ਹੋ ਪਏ। ਇਹ ਕੈਂਬਰਿਜ਼ ਦੇ ਨੇੜੇ ਜਾ ਲਗਦੀ ਹੈ। ਰਸਤੇ ਵਿੱਚ ਅਸੀਂ ਦਿਸ਼ਾ ਭੁੱਲ ਗਏ ਅਤੇ ਮੁੜ ਲੰਡਨ ਦੇ ਦੁਆਲੇ ਘੁੰਮ ਰਹੀ ਸੜਕ ਤੇ ਆਣ ਪਹੁੰਚੇ। ਸੇਵਾ ਸਿੰਘ ਇਸ ਰਾਹ ਪਹਿਲਾਂ ਕਦੇ ਆਇਆ ਨਹੀਂ ਸੀ ਅਤੇ ਨਾ ਹੀ ਰੋਡ ਮੈਪ ਲੈ ਕੇ ਤੁਰਿਆ ਸੀ। ਕਈ ਜਗ੍ਹਾ ਤੋਂ ਪੁੱਛਿਆ ਅਤੇ ਖੱਜਲ ਹੋ ਕੇ ਜਦੋਂ ਏਅਰਪੋਰਟ ਤੇ ਪਹੁੰਚੇ ਤਾਂ ਚੈਕ-ਇਨ ਕਾਊਂਟਰ ਬੰਦਾ ਹੋ ਚੁੱਕਾ ਸੀ। ਹੁਣ ਮੈਨੂੰ ਸ਼ਾਮ ਦੀ ਉਡਾਣ ਹੀ ਮਿਲਣੀ ਸੀ। ਅਜੇ ਮੈਂ ਪਰੇਸ਼ਾਨੀ ਵਿੱਚ ਘੁੰਮ ਰਿਹਾ ਸਾਂ ਕਿ ਏਅਰਪੋਰਟ ਦਾ ਸਫਾਈ ਕਰਮਚਾਰੀ ਪਰਸ਼ੋਤਮ ਸਿੰਘ ਆ ਗਿਆ। ਉਹ ਅੰਮ੍ਰਿਤਧਾਰੀ ਸਿੱਖ ਦਿੱਲੀ ਤੋਂ ਸ਼ਾਦੀ ਕਰਾ ਕੇ ਲੰਡਨ ਆਇਆ ਹੈ ਅਤੇ ਉਸਦੀ ਘਰਵਾਲੀ ਗੁਰਬਚਨ ਕੌਰ ਵੀ ਅੰਮ੍ਰਿਤਧਾਰੀ ਹੈ ਜੋ ਪਹਿਲਾਂ ਤੋਂ ਹੀਥਰੋ ਏਅਰਪੋਰਟ ਤੇ ਨੌਕਰੀ ਕਰਦੀ ਹੈ। ਉਸਨੇ ਮੇਰਾ ਸਾਥ ਦਿੱਤਾ ਅਤੇ ਚਾਹ ਪਿਲਾਈ। ਵਾਕਿਆ ਹੀ ਲੰਡਨ ਹੁਣ ਖਾਲਸੇ ਦੀ ਰਾਜਧਾਨੀ ਬਣ ਗਿਆ ਜਾਪਦਾ ਹੈ।

## ਸਕਾਟਲੈਂਡ ਦੀ ਸੈਰ

---

27 ਅਕਤੂਬਰ ਨੂੰ ਮੈਂ ਈਜ਼ੀ ਜੈਟ (Easy Jet) ਕੰਪਨੀ ਦੇ ਜਹਾਜ ਤੇ ਸਵਾਰ ਹੋ ਕੇ ਸ਼ਾਮ ਦੇ ਚਾਰ ਵਜੇ ਐਡਿਨਬਰਾ ਏਅਰਪੋਰਟ ਤੇ ਜਾ ਉਤਰਿਆ। ਹਵਾਈ ਅੱਡੇ ਤੋਂ ਟੈਕਸੀ ਕਰਕੇ ਮੈਂ ਰੇਲਵੇ ਸਟੇਸ਼ਨ ਪਹੁੰਚ ਗਿਆ ਅਤੇ ਪੰਜ ਵਜੇ ਦੀ ਗੱਡੀ ਦਾ ਟਿਕਟ ਖਰੀਦ ਲਿਆ। ਛੁੱਟੀ ਦਾ ਸਮਾਂ ਹੋਣ ਕਰਕੇ ਗੱਡੀ ਖਚਾਖਚ ਭਰੀ ਆਈ। ਰੇਲਵੇ ਸਟੇਸ਼ਨ ਤੋਂ ਮੈਂ ਆਪਣੇ ਮਿੱਤਰ ਬਰਨਾਰਡ ਕਿੰਗ ਨੂੰ ਫੋਨ ਕਰਨਾ ਚਾਹਿਆ ਤਾਂ ਬੂਥ ਅੱਗੇ ਵੀ ਭੀੜ ਜੁੜੀ ਹੋਈ ਵੇਖੀ। ਟੈਲੀਫੋਨ ਬੂਥ ਦੇ ਨੇੜੇ ਹੀ ਪੰਜਾਬੀ ਮੁਸਲਮਾਨ ਮੁੰਡੇ ਸਾਦਿਕ ਹੁਸੈਨ ਦੀ ਦੁਕਾਨ ਸੀ, ਮੇਰੀ ਪਰੇਸ਼ਾਨੀ ਵੇਖ ਕੇ ਉਸਨੇ ਆਪਣਾ ਮੋਬਾਇਲ ਫੋਨ ਪੇਸ਼ ਕਰ ਦਿੱਤਾ ਅਤੇ ਮੈਂ ਆਪਣੇ ਪਹੁੰਚਣ ਬਾਰੇ ਸੂਚਨਾ ਭੇਜ ਦਿੱਤੀ। ਮੈਂ ਸਾਦਿਕ ਦਾ ਸ਼ੁਕਰੀਆ ਅਦਾ ਕਰਕੇ ਗੱਡੀ ਵਿੱਚ ਸਵਾਰ ਹੋ ਗਿਆ। ਇਹ ਲੋਕਲ

ਟਰੇਨ ਸੀ ਅਤੇ ਲਗਭਗ ਹਰ ਸਟੇਸ਼ਨ ਤੇ ਰੁਕਦੀ ਸੀ। ਸਫਰ ਦੀ ਥਕਾਨ ਅਤੇ ਸਵੇਰ ਦੇ ਅਕੇਵੇਂ ਕਾਰਨ ਮੈਂ ਕਾਫੀ ਪਰੇਸ਼ਾਨ ਸਾਂ, ਜਦੋਂ ਸੀਟ ਖਾਲੀ ਮਿਲੀ ਮੈਂ ਕਬਜਾ ਕਰ ਲਿਆ।

ਮੇਰੀ ਰਿਹਾਇਸ਼ ਦਾ ਪ੍ਰਬੰਧ ਡੰਡੀ (Dundee) ਸ਼ਹਿਰ ਦੇ ਅਪੈਕਸ ਹੋਟਲ ਵਿੱਚ ਕੀਤਾ ਗਿਆ ਸੀ ਪਰੰਤੂ ਰਾਤ ਦਾ ਡਿਨਰ ਬਰਨਾਰਡ ਦੇ ਘਰ ਵਰਜਿਆ ਹੋਇਆ ਸੀ। ਮੈਨੂੰ ਹਦਾਇਤ ਸੀ ਕਿ ਮੈਂ ਗੱਡੀ ਰਾਹੀਂ ਸਿੱਧਾ ਅਰਬਰੋਥ (Arbroath) ਸਟੇਸ਼ਨ ਤੇ ਪਹੁੰਚ ਜਾਵਾਂ ਅਤੇ ਬਰਨਾਰਡ ਅੱਗੋਂ ਲੈ ਜਾਵੇਗਾ। ਗੱਡੀ ਸਮੇਂ ਤੋਂ ਕੁਝ ਪਹਿਲਾਂ ਹੀ ਪਹੁੰਚ ਗਈ ਅਤੇ ਮੇਰਾ ਦੋਸਤ ਕਿਧਰੇ ਨਜ਼ਰ ਨਹੀਂ ਸੀ ਆ ਰਿਹਾ। ਇਕ ਨੌਜਵਾਨ ਵਿਦਿਆਰਥੀ ਜੋ ਮੇਰੇ ਨਾਲ ਹੀ ਗੱਡੀ ਤੋਂ ਉਤਰਿਆ ਸੀ ਮੇਰੇ ਕੋਲ ਆ ਕੇ ਪੁੱਛਣ ਲੱਗਾ ਕਿ ਮੈਂ ਕਿੱਥੇ ਜਾਣਾ ਹੈ। ਉਸਨੇ ਕਿਹਾ ਕਿ ਮੈਂ ਉਸਦੇ ਘਰ ਰਾਤ ਗੁਜ਼ਾਰ ਸਕਦਾ ਹਾਂ ਜੇਕਰ ਮੇਰਾ ਮੇਜ਼ਬਾਨ ਲੈਣ ਨਾ ਆਇਆ। ਬਰਨਾਰਡ ਵੀ ਪਹੁੰਚ ਗਿਆ ਅਤੇ ਹੈਰਾਨ ਹੋਇਆ ਕਿ ਸਕਾਟਿਸ਼ ਨੌਜਵਾਨ ਏਨੇ ਚੰਗੇ ਮੱਦਦਗਾਰ ਹੋ ਸਕਦੇ ਹਨ। ਬਰਨਾਰਡ ਦੀ ਘਰਵਾਲੀ ਮੌਰਾ (Maura) ਨੇ ਪੂਰਾ ਸ਼ਾਕਾਹਾਰੀ ਭੋਜਨ ਤਿਆਰ ਕਰ ਰੱਖਿਆ ਸੀ ਕਿਉਂਕਿ ਉਹ ਖੁਦ ਵੀ ਮੀਟ ਨਹੀਂ ਸੀ ਖਾਂਦੀ। ਉਸਨੂੰ ਭਾਰਤੀ ਪਕਵਾਨ ਪਸੰਦ ਸਨ ਅਤੇ ਮੈਨੂੰ ਵੀ ਕੋਈ ਓਪਰਾਪਨ ਮਹਿਸੂਸ ਨਾ ਹੋਇਆ। ਮੌਰਾ ਦੀਆਂ ਦੋ ਧੀਆਂ ਹਨ ਅਤੇ ਦੋਵੇਂ ਹੀ ਇੰਗਲੈਂਡ ਰਹਿੰਦੀਆਂ ਹਨ। ਬਰਨਾਰਡ ਅਤੇ ਮੌਰਾ ਦੋਵੇਂ ਹੀ ਆਇਰਸ਼ ਹਨ ਪਰੰਤੂ ਨੌਕਰੀ ਕਰਕੇ ਸਕਾਟਲੈਂਡ ਵਿੱਚ ਹੀ ਰਹਿਣ ਲੱਗ ਪਏ। ਡਿਨਰ ਤੋਂ ਬਾਅਦ ਯੂਨੀਵਰਸਿਟੀ ਦੀ ਸਟਾਫ ਕਾਰ ਆ ਗਈ ਅਤੇ ਮੈਂ ਆਪਣੇ ਹੋਟਲ ਪਹੁੰਚ ਗਿਆ।

28 ਅਕਤੂਬਰ ਮੇਰਾ ਯੂਨੀਵਰਸਿਟੀ ਦਾ ਦੌਰਾ ਸੀ ਅਤੇ ਲੰਚ ਤੋਂ ਬਾਅਦ ਇਕ ਲੈਕਚਰ ਰੱਖਿਆ ਹੋਇਆ ਸੀ। ਬਰਨਾਰਡ ਕਿੰਗ ਵੀ.ਸੀ. ਹੋਣ ਕਰਕੇ ਮੈਂ ਯੂਨੀਵਰਸਿਟੀ ਦਾ ਖਾਸ ਮਹਿਮਾਨ ਸਾਂ। ਉਸਦਾ ਸੈਕਟਰੀ ਮੇਰੀ ਅਗਵਾਈ ਕਰ ਰਿਹਾ ਸੀ ਅਤੇ ਵਿਭਾਗਾਂ ਦੇ ਮੁਖੀਆਂ ਨੂੰ ਮੇਰੀ ਆਮਦ ਬਾਰੇ ਸੂਚਨਾ ਦਿੱਤੀ ਗਈ ਸੀ। ਸਭ ਤੋਂ ਵੱਧ ਸਮਾਂ ਲਾਇਬਰੇਰੀ ਵਿੱਚ ਗੁਜਾਰਿਆ ਜੋ ਕਿ ਆਪਣੀ ਹੀ ਕਿਸਮ ਦੀ ਪਹਿਲੀ ਲਾਇਬਰੇਰੀ ਹੈ। ਇਸ ਦਾ ਉਦਘਾਟਨ ਮਲਕਾ ਐਲਿਜ਼ਬੇਥ ਨੇ ਪਿਛਲੇ ਸਾਲ ਕੀਤਾ ਸੀ। ਹਰ ਵਿਦਿਆਰਥੀ ਕੋਲ ਕੰਪਿਊਟਰ ਹੁੰਦਾ ਹੈ ਅਤੇ ਉਹ ਲਾਇਬਰੇਰੀ ਦੀ ਕਿਸੇ ਵੀ ਕਿਤਾਬ ਦਾ ਅਧਿਐਨ ਕੰਪਿਊਟਰ ਦਵਾਰਾ ਹੀ ਕਰ ਲੈਂਦਾ ਹੈ। ਇਸ ਨਵੀਂ ਕਿਸਮ ਦੇ ਪ੍ਰਯੋਗ ਨੂੰ ਡਿਜ਼ੀਟਲ ਲਾਇਬਰੇਰੀ ਕਹਿੰਦੇ ਹਨ ਅਤੇ ਅਜੇ ਭਾਰਤ ਵਿੱਚ ਇਸ ਦੀ ਸ਼ੁਰੂਆਤ ਹੋਣੀ ਹੈ।

'ਅਬਰਤੇ' ਯੂਨੀਵਰਸਿਟੀ, ਡੰਡੀ ਅਜੇ ਦਸ ਸਾਲ ਪਹਿਲਾਂ ਹੀ ਹੋਂਦ ਵਿੱਚ ਆਈ ਹੈ ਅਤੇ ਇਸ ਤੋਂ ਪਹਿਲਾਂ ਇਹ ਡੰਡੀ ਕਾਲਜ ਆਫ ਟੈਕਨਾਲੋਜੀ ਦੇ ਨਾਮ ਨਾਲ ਪ੍ਰਸਿੱਧ ਸੀ। ਡੰਡੀ ਸਮੁੰਦਰ ਦੇ ਕੰਢੇ ਸਕਾਟਲੈਂਡ ਦੀ ਮਸ਼ਹੂਰ ਬੰਦਰਗਾਹ ਹੈ ਅਤੇ ਅੰਗਰੇਜ਼ੀ ਹਕੂਮਤ ਵੇਲੇ ਭਾਰਤ ਤੋਂ ਪਟਸਨ (Jute) ਇਥੇ ਭੇਜਿਆ ਜਾਂਦਾ ਸੀ। ਪਟਸਨ ਤੋਂ ਕੱਪੜਾ ਅਤੇ ਹੋਰ ਸਮਾਨ ਤਿਆਰ ਕਰਕੇ ਫਿਰ ਭਾਰਤ ਭੇਜਿਆ ਜਾਂਦਾ। ਹੁਣ ਇਹ ਕੰਮ ਠੱਪ ਹੋ ਚੁੱਕਾ ਹੈ ਪਰੰਤੂ ਸ਼ਹਿਰ ਵਿੱਚ ਬੰਗਲਾਦੇਸ਼ੀ ਨਾਗਰਿਕ ਆਮ ਮਿਲ ਪੈਂਦੇ ਹਨ। ਸ਼ਾਮ ਨੂੰ ਡੰਡੀ ਸ਼ਹਿਰ ਦੀ ਸੈਰ ਕੀਤੀ। ਇਸ ਯੂਨੀਵਰਸਿਟੀ ਵਿੱਚ ਭਾਰਤੀ ਮੂਲ ਦੇ ਕਾਫੀ ਵਿਦਿਆਰਥੀ ਪੜ੍ਹ ਰਹੇ ਹਨ ਅਤੇ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ ਕਸ਼ਿਅਪ ਭੱਟਾਚਾਰੀਆ ਵੀ ਕਲਕੱਤੇ ਦਾ ਵਸਨੀਕ ਹੈ।

29 ਅਕਤੂਬਰ ਨੂੰ ਮੈਂ ਸਕਾਟਲੈਂਡ ਦੇ ਪਿੰਡਾਂ ਦਾ ਦੌਰਾ ਕੀਤਾ। ਸਮੁੰਦਰ ਕੰਢੇ ਮਛਵਾਰਿਆਂ ਦੇ ਪੁਰਾਣੇ ਪਿੰਡ ਵੇਖੇ। ਸਕਾਟਲੈਂਡ ਦੀ ਧਰਤੀ ਪੱਧਰੀ ਨਹੀਂ ਬਲਕਿ ਛੋਟੀਆਂ ਪਹਾੜੀਆਂ ਅਤੇ ਵਾਦੀਆਂ ਨਾਲ ਘਿਰੀ ਹੋਈ ਹੈ। ਹਰ ਪਿੰਡ ਵਿੱਚ ਗੋਲਫ ਖੇਡਣ ਲਈ ਮੈਦਾਨ ਹੈ ਕਿਉਂਕਿ ਇਹ ਖੇਡ ਸਕਾਟਲੈਂਡ ਤੋਂ ਹੀ ਸ਼ੁਰੂ ਹੋਈ ਦੱਸੀ ਜਾਂਦੀ ਹੈ। ਸਕਾਟਲੈਂਡ ਦੀ 500 ਸਾਲ ਪੁਰਾਣੀ ਯੂਨੀਵਰਸਿਟੀ ਸੇਂਟ ਐਂਡਰੀਊਜ਼ ਦਾ ਦੌਰਾ ਕਰਕੇ ਅਸੀਂ ਸਮੁੰਦਰੀ ਕੰਢੇ ਦੇ ਨਾਲ ਦੀ ਸੜਕ ਰਾਹੀਂ ਐਡਿਨਬਰਾ ਸ਼ਹਿਰ ਪਹੁੰਚ ਗਏ। ਇਹ ਇਤਿਹਾਸਕ ਸ਼ਹਿਰ ਸਕਾਟਲੈਂਡ ਦੀ ਰਾਜਧਾਨੀ ਰਿਹਾ ਹੈ।

ਲੰਡਨ ਤੋਂ ਬਾਅਦ ਯਾਤਰੀਆਂ ਦਾ ਮਨਭਾਉਂਦਾ ਸ਼ਹਿਰ ਐਡਿਨਬਰਾ ਹੀ ਹੈ। ਸਰਦੀਆਂ ਦਾ ਮੌਸਮ ਸ਼ੁਰੂ ਹੋਣ ਵਾਲਾ ਸੀ ਫਿਰ ਵੀ ਸ਼ਹਿਰ ਦੇ ਬਾਜ਼ਾਰ ਯਾਤਰੀਆਂ ਨਾਲ ਭਰੇ ਪਏ ਸਨ। ਪਹਿਲਾਂ ਅਸੀਂ ਸੇਂਟ ਜ਼ਾਈਲਜ਼ (Saint Giles) ਦੇ ਗਿਰਜਾਘਰ ਦੀ ਯਾਤਰਾ ਕੀਤੀ। ਇਹ ਗਿਰਜਾਘਰ 1120 ਈਸਵੀ ਵਿੱਚ ਉਸਾਰਿਆ ਗਿਆ ਸੀ। ਅੰਗਰੇਜ਼ ਹਮਲਾਵਰਾਂ ਨੇ ਇਸ ਨੂੰ 1385 ਵਿੱਚ ਸਾੜ ਦਿੱਤਾ ਅਤੇ ਬਾਅਦ ਵਿੱਚ ਇਹ ਕਈ ਵਾਰ ਉਸਾਰਿਆ ਗਿਆ। ਸੰਤ ਜ਼ਾਈਲਜ਼ ਦੀ ਕਹਾਣੀ ਵੀ ਦਿਲਚਸਪ ਹੈ। ਇਹ ਰੋਮਨ ਕੈਥੋਲਿਕ ਸੰਤ ਫਰਾਂਸ ਦੇ ਜੰਗਲਾਂ ਵਿੱਚ ਰਹਿੰਦਾ ਸੀ। ਜੰਗਲੀ ਜਾਨਵਰ ਇਸ ਨੂੰ ਪਿਆਰ ਕਰਦੇ ਸਨ ਅਤੇ ਸ਼ਿਕਾਰੀਆਂ ਤੋਂ ਬਚਣ ਲਈ ਇਸ ਦੀ ਸ਼ਰਣ ਵਿੱਚ ਰਹਿੰਦੇ ਸਨ। ਇਸ ਨੂੰ ਲੂਲਿਆਂ ਦਾ ਸੰਤ ਵੀ ਕਿਹਾ ਜਾਂਦਾ ਹੈ। ਇਸ ਗਿਰਜਾਘਰ ਅੰਦਰ ਸਕਾਟਲੈਂਡ ਦੇ ਬਾਦਸ਼ਾਹ, ਜਰਨੈਲਾਂ ਅਤੇ ਵਿਦਵਾਨਾਂ ਨੂੰ ਦਫਨਾਇਆ ਜਾਂਦਾ ਰਿਹਾ ਹੈ। ਰਾਬਰਟ ਸਟੀਵਨਸਨ ਦੀ ਕਬਰ ਵੀ ਇਸ ਅੰਦਰ ਹੀ ਹੈ।

ਸ਼ਹਿਰ ਦੀ ਸਭ ਤੋਂ ਉੱਚੀ ਪਹਾੜੀ ਕਾਲਟਿਨ ਹਿੱਲ ਤੋਂ ਪੁਰਾਣੇ ਸ਼ਹਿਰ ਅਤੇ ਸ਼ਾਹੀ ਮਹੱਲਾਂ ਦਾ ਨਜ਼ਾਰਾ ਵੇਖਣਯੋਗ ਹੈ। ਪਹਾੜੀ ਕਿਲੇ ਤੋਂ ਸ਼ਾਹੀ ਮਹੱਲ ਤੱਕ ਦੇ ਸਫਰ ਨੂੰ ਸ਼ਾਹੀ ਮੀਲ (Royal Mile) ਦਾ ਸਫਰ ਕਿਹਾ ਜਾਂਦਾ ਹੈ। ਯਾਤਰੀ ਇਸ ਸੜਕ ਤੇ

ਪੈਦਲ ਘੁੰਮਦੇ ਹਨ। ਅਸੀਂ ਵੀ ਪੁਰਾਣੇ ਬਾਦਸ਼ਾਹਾਂ ਦੀ ਰੀਸ ਇਸ ਸੜਕ ਤੇ ਮੀਲ ਭਰ ਦਾ ਸਫਰ ਕੀਤਾ। ਭਾਰਤੀ ਫੌਜ ਦੇ ਬਹੁਤੇ ਅਫਸਰ ਸਕਾਟਲੈਂਡ ਦੇ ਹੀ ਸਨ। ਕਿਲੇ ਦੇ ਬਾਹਰ ਫੀਲਡ ਮਾਰਸ਼ਲ ਅਰਲ ਹੇਗ ਦਾ ਬੁੱਤ ਬੰਬਈ ਦੇ ਪਾਰਸੀਆਂ ਨੇ ਲਗਵਾਇਆ ਹੈ। ਇੰਗਲੈਂਡ ਦੀ ਮਲਕਾ ਐਲਿਜ਼ਬੇਥ ਗਰਮੀਆਂ ਕੱਟਣ ਲਈ ਸ਼ਾਹੀ ਮਹੱਲ ਵਿੱਚ ਨਿਵਾਸ ਕਰਦੀ ਹੈ। ਐਡਿਨਬਰਾ ਦੇ ਹੀ ਇਕ ਪਬਲਿਕ ਸਕੂਲ ਵਿੱਚ ਇੰਗਲੈਂਡ ਦਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਪੜ੍ਹਿਆ ਹੈ ਅਤੇ ਇਥੋਂ ਦੀ ਯੂਨੀਵਰਸਿਟੀ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ।

ਸ਼ਾਮ ਹੋਣ ਤੱਕ ਅਸੀਂ ਫੋਰਥ (Forth) ਦਰਿਆ ਦੇ ਪੁਲ ਨੂੰ ਪਾਰ ਕਰਕੇ ਡੰਡੀ ਜਾਣ ਵਾਲੀ ਸੜਕ ਤੇ ਚੜ੍ਹ ਗਏ। ਰਾਤ ਦਾ ਡਿਨਰ ਇਕ ਇੰਡੀਅਨ ਰੈਸਤੋਰਾਂ ਵਿੱਚ ਸੀ। ਡਿਨਰ ਕਰਕੇ ਬਾਹਰ ਨਿਕਲੇ ਤਾਂ ਡੰਡੀ ਦੇ ਬਜ਼ਾਰ ਵਿੱਚ ਅਲਫ ਨੰਗੇ ਨੌਜਵਾਨਾਂ ਦਾ ਟੋਲਾ ਘੁੰਮ ਰਿਹਾ ਸੀ। ਮੇਰੇ ਮੇਜ਼ਬਾਨ ਨੇ ਦੱਸਿਆ ਕਿ ਇਹ ਸਮਲਿੰਗੀ ਜੋੜੇ ਕਿਸੇ ਪੱਬ ਤੋਂ ਰੰਗ-ਰਲੀਆਂ ਮਨਾ ਕੇ ਆ ਰਹੇ ਹਨ। ਹੁਣ ਸਰਕਾਰ ਸਮਲਿੰਗੀ ਵਿਆਹਾਂ ਬਾਰੇ ਵੀ ਸੋਚ ਰਹੀ ਹੈ ਜਿਵੇਂ ਕੈਨੇਡਾ ਵਿੱਚ ਹੋਇਆ ਹੈ।

## ਲੰਡਨ ਵੱਲ ਵਾਪਸੀ

30 ਅਕਤੂਬਰ ਨੂੰ ਮੈਂ ਡੰਡੀ ਰੇਲਵੇ ਸਟੇਸ਼ਨ ਤੋਂ ਲੰਡਨ ਵੱਲ ਪਰਤਣਾ ਸੀ ਤਾਂ ਮੇਰੇ ਮਨ ਵਿੱਚ ਬਰਮਿੰਘਮ ਘੁੰਮਣ ਦਾ ਖਿਆਲ ਆ ਗਿਆ। ਮੇਰੇ ਵਿਗਿਆਨੀ ਮਿੱਤਰ ਸਈਅਦ ਦੁਰਾਨੀ ਬਰਮਿੰਘਮ ਯੂਨੀਵਰਸਿਟੀ ਤੋਂ ਹੁਣੇ ਹੀ ਰੀਟਾਇਰ ਹੋਏ ਸਨ। ਹਰਜਿੰਦਰ ਸਿੰਘ ਦਿਲਗੀਰ ਵੀ ਉਥੇ ਹੀ ਰਹਿੰਦਾ ਹੈ। ਮੈਂ ਉਸਦਾ ਈ-ਮੇਲ ਲੈ ਰੱਖਿਆ ਸੀ ਜਦੋਂ ਉਹ ਪਿਛਲੀ ਵਾਰ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਵਾਲੀ ਮੀਟਿੰਗ ਵਿੱਚ ਅੰਮ੍ਰਿਤਸਰ ਮਿਲਿਆ। ਕੈਨੇਡਾ ਤੋਂ ਕਈ ਵਾਰ ਦੋਹਾਂ ਸੱਜਣਾਂ ਨੂੰ ਈ- ਮੇਲ ਕੀਤਾ ਪਰੰਤੂ ਕਿਸੇ ਵੀ ਜਵਾਬ ਨਾ ਭੇਜਿਆ। ਦੋਚਿੱਤੀ ਵਿੱਚ ਹੀ ਮੈਂ ਬਰਮਿੰਘਮ ਜਾਣ ਵਾਲੀ ਗੱਡੀ ਤੇ ਸਵਾਰ ਹੋ ਗਿਆ। ਜਦੋਂ ਐਡਿਨਬਰਾ ਸਟੇਸ਼ਨ ਲੰਘਿਆ ਤਾਂ ਮੈਂ ਰਸਤੇ ਵਿੱਚ ਡਰੂਮ (Durham) ਰੁਕਣ ਦਾ ਮਨ ਬਣਾ ਲਿਆ। ਡਰੂਮ ਯੂਨੀਵਰਸਿਟੀ ਵਿੱਚ ਡਾਕਟਰ ਹਰਪਰੀਤ ਸੰਘੇੜਾ ਦਾ ਸੱਦਾ ਮੈਂ ਪ੍ਰਵਾਨ ਕਰ ਚੁੱਕਾ ਸਾਂ। ਇਸ ਜੋੜੀ ਨੇ ਦੱਸਿਆ ਕਿ ਬਰਮਿੰਘਮ ਵਿੱਚ ਯਾਤਰੀਆਂ ਦੇ ਵੇਖਣ ਲਈ ਕੋਈ ਚੰਗੀ ਥਾਂ ਨਹੀ ਹੈ ਕਿਉਂਕਿ ਇਹ ਤਜ਼ਾਰਤੀ ਸ਼ਹਿਰ ਹੈ ਅਤੇ ਉਹ ਇਸ ਸ਼ਹਿਰ ਦੇ ਵਸਨੀਕ ਰਹਿ ਚੁੱਕੇ ਹਨ।

ਸਕਾਟਲੈਂਡ ਤੋਂ ਗੱਡੀ ਜਦੋਂ ਇੰਗਲੈਂਡ ਦੀ ਧਰਤੀ ਤੇ ਦਾਖਲ ਹੁੰਦੀ ਹੈ ਤਾਂ ਆਲਾ ਦੁਆਲਾ ਵੀ ਬਦਲ ਜਾਂਦਾ ਹੈ। ਧਰਤੀ ਪੱਧਰੀ ਅਤੇ ਖੇਤ ਹਰੇ ਭਰੇ ਨਜ਼ਰ ਆਉਂਦੇ ਹਨ। ਘੋੜਿਆਂ ਦੇ ਸਟੱਡ ਫਾਰਮ ਅਤੇ ਭੇਡਾਂ ਦੇ ਇੱਜੜ ਵੀ ਚਰਦੇ ਲੱਭ ਪੈਂਦੇ ਹਨ। ਸਮੁੰਦਰੀ ਕਿਨਾਰਾ ਵੀ ਚੱਲਦੀ ਗੱਡੀ ਵਿੱਚੋਂ ਲੱਭਦਾ ਹੈ ਅਤੇ ਸਮੁੰਦਰੀ ਜਹਾਜ ਚੰਗਾ ਦ੍ਰਿਸ਼ ਪੇਸ਼ ਕਰਦੇ ਹਨ। ਰਸਤੇ ਵਿਚ ਨੀਊਕੈਸਲ ਦਾ ਸ਼ਹਿਰ ਲੰਘਿਆ ਅਤੇ ਇਸ ਤੋਂ ਨੇੜੇ ਹੀ ਡਰੂਮ ਦਾ ਸਟੇਸ਼ਨ ਆ ਗਿਆ। ਹਰਪਰੀਤ ਆਪਣੇ ਬੱਚਿਆਂ ਸਮੇਤ ਮੈਨੂੰ ਲੈਣ ਆਈ ਹੋਈ ਸੀ। ਅਸੀਂ ਘਰ ਪਹੁੰਚ ਕੇ ਲੰਚ ਕੀਤਾ ਅਤੇ ਉਸਦੇ ਡਾਕਟਰ ਪਤੀ ਨਾਲ ਮੁਲਾਕਾਤ ਕੀਤੀ। ਇਸ ਇਲਾਕੇ ਵਿੱਚ ਕੋਲੇ ਦੀਆਂ ਖਾਨਾਂ ਹਨ ਅਤੇ ਮਜ਼ਦੂਰਾਂ ਲਈ ਬਣੇ ਨਵੇਂ ਹਸਪਤਾਲ ਵਿੱਚ ਇਹ ਜੋੜੀ ਕੰਮ ਕਰਦੀ ਹੈ।

ਹਰਪਰੀਤ ਦਾ ਘਰ ਸ਼ਹਿਰ ਦੇ ਬਾਹਰ ਇਕ ਨਵੀਂ ਅਬਾਦੀ ਵਿੱਚ ਹੈ। ਪਤਝੜ ਦਾ ਮੌਸਮ ਹੋਣ ਕਰਕੇ ਦਰਖਤਾਂ ਦੇ ਪੱਤੇ ਸੁਨਹਿਰੀ ਰੰਗ ਦੇ ਹੋ ਚੁੱਕੇ ਸਨ। ਇਸ ਸ਼ਹਿਰ ਵਿੱਚ ਪੁਰਾਣੀ ਯੂਨੀਵਰਸਿਟੀ ਅਤੇ ਇਕ ਮਸ਼ਹੂਰ ਗਿਰਜਾਘਰ ਹੈ ਜੋ ਯਾਤਰੀਆਂ ਦੀ ਖਿੱਚ ਦਾ ਕਾਰਣ ਹੈ। ਇਹ ਗਿਰਜਾ ਘਰ 995 ਈਸਵੀ ਦਾ ਬਣਿਆ ਹੋਇਆ ਹੈ, ਇਸ ਵਿੱਚ ਸੇਂਟ ਕੁਥਬਰਟ (Saint Cuthbert) ਦੀ ਪੂਜਾ ਹੁੰਦੀ ਹੈ। ਇੰਗਲੈਂਡ ਦੇ ਚਰਚਾਂ ਵਿੱਚ ਇਸ ਦੀ ਬਹੁਤ ਮਾਨਤਾ ਹੈ ਅਤੇ ਇਸ ਨੂੰ ਇਤਿਹਾਸਕ ਮੰਨਿਆ ਗਿਆ ਹੈ। ਯਾਰਕ (York) ਬਾਦਸ਼ਾਹਾਂ ਦੀਆਂ ਕਬਰਾਂ ਇਸ ਗਿਰਜਾਘਰ ਅੰਦਰ ਮੌਜੂਦ ਹਨ। ਡਰੂਮ ਦੀਆਂ ਸੜ੍ਹਕਾਂ ਪੱਥਰ ਜੋੜ ਕੇ ਬਣਾਈਆਂ ਗਈਆਂ ਹਨ ਜੋ ਯੂਰਪ ਦੇ ਪੁਰਾਣੇ ਸ਼ਹਿਰਾਂ ਵਿੱਚ ਹੀ ਮਿਲਦੀਆਂ ਹਨ। ਸਾਡੇ ਸ਼ਹਿਰਾਂ ਵਾਂਗ ਸਬਜ਼ੀ ਮੰਡੀ ਵੀ ਲਗਦੀ ਹੈ ਅਤੇ ਮਨਿਆਰੀ ਦਾ ਸਮਾਨ ਵੀ ਮਿਲਦਾ ਹੈ। ਰਾਤ ਦੇ ਅਨ੍ਹੇਰੇ ਵਿੱਚ ਗਿਰਜਾਘਰ ਦੀਆਂ ਘੰਟੀਆਂ ਸ਼ਹਿਰ ਦੇ ਸਨਾਟੇ ਨੂੰ ਭੰਗ ਕਰ ਰਹੀਆਂ ਸਨ। ਮੈਨੂੰ ਇਹ ਸ਼ਹਿਰ ਇੰਗਲੈਂਡ ਦੇ ਪੁਰਾਣੇ ਸ਼ਹਿਰਾਂ ਅਤੇ ਇਥੋਂ ਦੀ ਸੱਭਿਅਤਾ ਦਾ ਪ੍ਰਤੀਕ ਜਾਪਿਆ।

31 ਅਕਤੂਬਰ ਨੂੰ ਮੈਂ ਬੱਸ ਦੀ ਸਵਾਰੀ ਕਰਕੇ ਲੰਡਨ ਪਹੁੰਚਣਾ ਸੀ। ਗੱਡੀ ਦਾ ਕਰਾਇਆ ਅੱਸੀ ਪਾਊਂਡ ਅਤੇ ਬੱਸ ਦਾ ਛੱਬੀ ਪਾਊਂਡ, ਕਿਉਂਕਿ ਗੱਡੀਆਂ ਪ੍ਰਾਈਵੇਟ ਕੰਪਨੀ ਚਲਾ ਰਹੀ ਹੈ ਅਤੇ ਵੀਕ-ਐਂਡ ਹੋਣ ਕਰਕੇ ਕਰਾਏ ਦੁੱਗਣੇ ਹੋ ਜਾਂਦੇ ਹਨ। ਇਥੇ ਬੜਾ ਅਜੀਬ ਲੱਗਿਆ ਕਿ ਗੱਡੀ ਦਾ ਕਿਰਾਇਆ ਹਰ ਰੋਜ਼ ਬਦਲਦਾ ਰਹਿੰਦਾ ਹੈ ਅਤੇ ਟਿਕਟ ਦਾ ਰੇਟ ਭੀੜ ਉਪਰ ਨਿਰਭਰ

ਕਰਦਾ ਹੈ। ਬੱਸਾਂ ਸਸਤੀਆਂ ਹਨ ਭਾਵੇਂ ਸਫਰ ਦਾ ਸਮਾਂ ਵਧੇਰੇ ਲਗਦਾ ਹੈ। ਹਰਪਰੀਤ ਮੈਨੂੰ ਬੱਸ ਚੜ੍ਹਾ ਗਈ ਅਤੇ ਮੈਂ ਸ਼ਾਮ ਤੱਕ ਲੰਡਨ ਦੇ ਬਾਹਰਲੇ ਅੱਡੇ ਮਿਲਟਨ-ਕਾਈਨਜ਼ (Milton-Kynes) ਤੇ ਜਾ ਉਤਰਿਆ।

ਜਿੱਥੇ ਪ੍ਰੋਗਰਾਮ ਅਨੁਸਾਰ ਬੱਸ ਅੱਡੇ ਤੋਂ ਗੁਨਦੀਪ ਸਿੰਘ ਗਿੱਲ ਲੈਣ ਆ ਗਿਆ ਅਤੇ ਅਸੀਂ ਉਸਦੇ ਫਲੈਟ ਤੇ ਪਹੁੰਚ ਗਏ। ਗੁਨਦੀਪ ਨੇ ਮੇਰੇ ਘੁੰਮਣ ਲਈ ਪ੍ਰੋਗਰਾਮ ਪੁੱਛਿਆ ਕਿਉਂਕਿ ਮੇਰੀ ਭਾਰਤ ਵਾਪਸੀ ਦਾ ਉਸਨੂੰ ਪਤਾ ਸੀ। ਉਸਦੇ ਘਰ ਦੇ ਕੋਲ ਹੀ ਇੱਕ ਪੱਬ ਸੀ ਜੋ ਸ਼ਰੀਫਾਂ ਦਾ ਪੱਬ ਮੰਨਿਆ ਜਾਂਦਾ ਹੈ ਕਿਉਂਕਿ ਅੰਗਰੇਜ਼ ਔਰਤਾਂ ਬਿਨਾਂ ਝਿਜਕ ਇਥੇ ਬੀਅਰ ਪੀਣ ਆਉਂਦੀਆਂ ਹਨ। ਪੱਬ ਅੰਗਰੇਜ਼ ਸਭਿਆਚਾਰ ਦਾ ਪ੍ਰਤੀਕ ਹਨ ਅਤੇ ਗੁਨਦੀਪ ਮੇਰੀ ਯਾਤਰਾ ਪੱਬ ਤੋਂ ਸ਼ੁਰੂ ਕਰਨੀ ਚਾਹੁੰਦਾ ਸੀ। ਪੱਬ ਵਿੱਚ ਸ਼ਰਾਬ ਪੀਣੀ ਜ਼ਰੂਰੀ ਨਹੀਂ, ਕੇਵਲ ਸਭਿਆਚਾਰ ਦੀ ਝਲਕ ਵੇਖਣ ਖਾਤਰ ਮੈਂ ਵੀ ਸਾਥ ਦੇ ਦਿੱਤਾ।

ਲੰਡਨ ਦੇ ਗੁਰਦਵਾਰੇ ਤਾਂ ਮੈਂ ਪਹਿਲਾਂ ਹੀ ਵੇਖ ਚੁੱਕਾ ਸੀ। ਹੁਣ ਲੰਡਨ ਦੀ ਤੀਹ ਸਾਲ ਪਹਿਲਾਂ ਫੇਰੀ ਦੀ ਯਾਦ ਤਾਜਾ ਕਰਨ ਖਾਤਰ ਹੀ ਗੇੜਾ ਮਾਰਨਾ ਸੀ। ਅਗਲੀ ਸਵੇਰ ਅਸੀਂ ਟਿਊਬ ਰੇਲਵੇ (ਮੈਟਰੋ) ਤੇ ਸਵਾਰ ਹੋ ਕੇ ਲੰਡਨ ਦੇ ਧੁਰ ਅੰਦਰਲੇ ਹਿੱਸੇ ਵਿੱਚ ਪਹੁੰਚ ਗਏ। ਜਗਤ ਪ੍ਰਸਿੱਧ ਹਾਈਡ ਪਾਰਕ ਦਾ ਗੇੜਾ ਲਾਇਆ। ਸ਼ਾਹੀ ਮਹੱਲ ਬੁਕਿੰਗਮ ਪੈਲੇਸ ਵੇਖਣ ਲਈ ਇਕ ਆਲੀਸ਼ਾਨ ਦਰਵਾਜੇ ਥਾਣੀ ਪਾਰਕ ਵਿੱਚ ਦਾਖਲ ਹੋਏ। ਜਦੋਂ ਨਿਗਾਹ ਮਾਰੀ ਤਾਂ ਇਸ ਦੀ ਡਾਟ ਉਪਰ ਭਾਰਤੀ ਸੂਰਬੀਰਾਂ ਦੇ ਨਾਮ ਉਕਰੇ ਹੋਏ ਵੇਖੇ ਜੋ ਅੰਗਰੇਜ਼ ਸਰਕਾਰ ਦੀ ਰੱਖਿਆ ਖਾਤਰ ਵਿਸ਼ਵ ਯੁੱਧਾਂ ਵਿੱਚ ਬਹਾਦਰੀ ਨਾਲ ਲੜੇ ਸਨ। ਪੰਜਾਬ ਦੇ ਵਿਕਟੋਰੀਆ ਕਰਾਸ ਜੇਤੂ ਸਿੱਖਾਂ ਦੇ ਨਾਮ ਵੀ ਫਖਰ ਨਾਲ ਪੜ੍ਹੇ। ਮਹੱਲ ਨੂੰ ਜਾਣ ਵਾਲੀ ਸੜਕ ਦਾ ਨਾਮ ਸ਼ਹਿਜਾਦੀ ਡਿਆਨਾ ਦੀ ਯਾਦ ਵਿੱਚ 'ਡਿਆਨਾ ਸੈਰਗਾਹ' ਰੱਖਿਆ ਗਿਆ ਹੈ। ਬੁਕਿੰਗਮ ਪੈਲੇਸ ਅੱਗੇ ਯਾਤਰੀਆਂ ਦੀ ਭੀੜ ਸੁਰੱਖਿਆ ਗਾਰਡਜ਼ ਦੀ ਬਦਲੀ ਵੇਖਣ ਲਈ ਹਮੇਸ਼ਾ ਹੀ ਜਮਾ ਰਹਿੰਦੀ ਹੈ। ਸਮੇਂ ਦੀ ਥੁੜ ਹੋਣ ਕਾਰਨ ਅਸੀਂ ਟਰਾਫਲਗਰ ਸੁਕੇਅਰ, ਪਾਰਲੀਮੈਂਟ ਹਾਊਸ ਅਤੇ ਮਸ਼ਹੂਰ ਗਿਰਜਾਘਰ ਵੈਸਟਮਨਿਸਟਰ ਐਬੇ ਵੇਖਣਾ ਬਿਹਤਰ ਸਮਝਿਆ। ਟੇਮਜ਼ ਦਰਿਆ ਦੇ ਕਿਨਾਰੇ ਸੈਰ ਕੀਤੀ ਅਤੇ ਲੰਡਨ ਦੀ ਚਮਕ ਦਮਕ ਵੇਖ ਕੇ ਅਸੀਂ ਟਾਵਰ ਬਰਿੱਜ਼ ਅਤੇ ਲੰਡਨ ਦਾ ਟਾਵਰ ਮਿਊਜ਼ੀਅਮ ਵੇਖਣ ਗੱਡੀ ਤੇ ਸਵਾਰ ਹੋ ਗਏ।

ਟਾਵਰ ਬਰਿੱਜ਼ ਰਾਤ ਨੂੰ ਰੋਸ਼ਨੀਆਂ ਨਾਲ ਚਮਕ ਰਿਹਾ ਸੀ। ਇਸ ਹੇਠੋਂ ਜਹਾਜ ਲੰਘਣ ਖਾਤਰ ਇਸ ਨੂੰ ਉਪਰ ਚੁੱਕਿਆ ਜਾ ਸਕਦਾ ਹੈ। ਕੋਹਿਨੂਰ ਹੀਰਾ ਲੰਡਨ ਦੇ ਟਾਵਰ ਮਿਊਜ਼ੀਅਮ ਅੰਦਰ ਰੱਖਿਆ ਗਿਆ ਹੈ। ਕਿਸੇ ਜਮਾਨੇ ਵਿੱਚ ਇਹ ਕਿਲਾ ਸੀ ਅਤੇ ਇਸ ਅੰਦਰ ਸ਼ਾਹੀ ਕੈਦੀ ਰੱਖੇ ਜਾਂਦੇ ਸਨ। ਈਸਟ ਇੰਡੀਆ ਕੰਪਨੀ ਦਾ ਪੁਰਾਣਾ ਅੱਡਾ ਕੈਥਰੀਨ ਡਾਕਸ (Catherine Docks) ਵੀ ਨੇੜੇ ਹੀ ਹੈ। ਮੁੜਨ ਤੋਂ ਪਹਿਲਾਂ ਅਸੀਂ ਇਕ ਪੰਜ ਤਾਰਾ ਹੋਟਲ ਵਿੱਚ ਚਾਹ ਪੀਣ ਲਈ ਰੁਕੇ। ਮੇਰਾ ਖਿਆਲ ਸੀ ਕਿ ਟੇਮਜ਼ ਦਰਿਆ ਕੰਢੇ ਇਸ ਮਹਿੰਗੇ ਹੋਟਲ ਵਿੱਚ ਕੋਈ ਵਿਰਲਾ ਹੀ ਪੰਜਾਬੀ ਜਾਂਦਾ ਹੋਵੇਗਾ। ਅੰਦਰ ਲੰਘ ਕੇ ਵੇਖਿਆ ਤਾਂ ਹੈਰਾਨੀ ਹੋਈ ਕਿ ਇਥੇ ਤਾਂ ਸਿੰਘਾਂ ਦਾ ਪੂਰਾ ਕਬਜਾ ਹੈ। ਸ਼ਾਦੀ ਤੇ ਭੰਗੜਾ ਪੈ ਰਿਹਾ ਸੀ ਅਤੇ ਦਾਅਵਤ ਉਪਰ ਲੰਡਨ ਦੇ ਅਮੀਰ ਸਿੱਖ ਹਾਜਰ ਸਨ। ਇਕ ਸਿੰਘ ਸਾਹਿਬ ਸ਼ੋਰ ਸ਼ਰਾਬੇ ਤੋਂ ਬਚ ਕੇ ਰਹਿਰਾਸ ਦਾ ਪਾਠ ਕਰ ਰਹੇ ਸਨ। ਕਹਿੰਦੇ ਮੈਂ ਆਪਣਾ ਨਿਤਨੇਮ ਵੀ ਪੂਰਾ ਕਰ ਲਵਾਂ।

~~~

## ਐਲਵੀਡਨ ਦੀ ਯਾਤਰਾ

---

ਜਦੋਂ ਰਣਜੀਤ ਸਿੰਘ ਦਾ ਕਾਇਮ ਕੀਤਾ ਖਾਲਸਾ ਰਾਜ ਢਹਿੰਦੀਆਂ ਕਲਾਂ ਵਿਚ ਪਹੁੰਚ ਗਿਆ ਤਾਂ ਅੰਗਰੇਜਾਂ ਨੇ ਨਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਕੈਦੀ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਭੇਜ ਦਿਤਾ। ਉਸ ਦੀ ਮਾਂ ਰਾਣੀ ਜਿੰਦ ਕੌਰ ਨੂੰ ਪਹਿਲਾਂ ਸ਼ੇਖੂਪੁਰੇ ਦੇ ਕਿਲੇ ਅਤੇ ਫਿਰ ਚੁਨਾਰ ਦੇ ਕਿਲੇ ਵਿਚ ਕੈਦ ਕਰ ਦਿਤਾ। ਬਚਪਨ ਵਿਚ ਸੋਹਣ ਸਿੰਘ ਸੀਤਲ ਦੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਸਨ ਅਤੇ ਥੋੜੀ ਬਹੁਤ ਜਾਣਕਾਰੀ ਸਿਖ ਇਤਿਹਾਸ ਦੀ ਹੋਣ ਕਰਕੇ ਮੈਂ ਗੁਨਦੀਪ ਨੂੰ ਐਲਵੀਡਨ ਜਾਣ ਲਈ ਤਿਆਰ ਕਰ ਲਿਆ। ਐਲਵੀਡਨ ਮਹਾਰਾਜਾ ਦਲੀਪ ਸਿੰਘ ਦੀ ਜਗੀਰ ਸੀ ਅਤੇ ਇਸ ਦੇ ਗਿਰਜਾਘਰ ਦੇ ਅੰਦਰ ਹੀ ਉਸਦੇ ਪਰੀਵਾਰ ਦੀਆਂ ਕਬਰਾਂ ਮਿਲਦੀਆਂ ਹਨ। ਗੁਨਦੀਪ ਨੂੰ ਇਸ ਜਗ੍ਹਾ ਬਾਰੇ ਕੋਈ ਵਾਕਫੀਅਤ ਨਹੀਂ ਸੀ ਪਰੰਤੂ ਉਸਨੇ ਆਪਣੇ ਕੰਪਿਊਟਰ ਤੇ ਇੰਟਰਨੈਟ ਦੀ ਮੱਦਦ ਨਾਲ ਦਲੀਪ ਸਿੰਘ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕਰ ਲਈ। ਪਹਿਲੀ ਨਵੰਬਰ ਨੂੰ ਅਸੀਂ ਮਹਾਰਾਜਾ ਦਲੀਪ ਸਿੰਘ ਦੀ ਯਾਦ ਨੂੰ ਸਮਰਪਿਤ ਹੋ ਕੇ ਲੰਡਨ ਤੋਂ ਐਮ-25 ਰੂਟ ਉਪਰ ਪੈ ਗਏ ਜੋ ਬਾਅਦ ਵਿਚ ਐਮ-11 ਬਣ ਕੇ ਕੈਂਬਰਿਜ ਪਹੁੰਚ ਜਾਂਦਾ ਹੈ। ਐਲਵੀਡਨ ਕੈਂਬਰਿਜ਼ ਤੋਂ ਅੱਗੇ ਏ-11 ਸੜਕ ਉਪਰ ਆਉਂਦਾ ਹੈ ਜੋ ਨਾਰਫੋਕ ਕਾਊਂਟੀ ਦੇ ਕਸਬੇ ਥੈਟਫੋਰਡ ਨੂੰ ਜਾਂਦੀ ਹੈ।
~~~

ਦੋ ਘੰਟੇ ਦੇ ਸਫਰ ਬਾਅਦ ਅਸੀਂ ਐਲਵੀਡਨ ਪਹੁੰਚ ਗਏ ਅਤੇ ਇਕ ਰੈਸਤੋਰਾਂ ਵਿਚ ਚਾਹ ਪੀਣ ਲਈ ਰੁਕੇ। ਗੁਨਦੀਪ ਨੇ ਰੈਸਤੋਰਾਂ ਦੇ ਮਾਲਕ ਨੂੰ ਮਹਾਰਾਜਾ ਦਲੀਪ ਸਿੰਘ ਦੇ ਮਹੱਲ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਉਹ ਮਹਾਰਾਜੇ ਦੇ ਖਾਨਸਾਮੇ (ਬਟਲਰ) ਦਾ ਹੀ ਲੜਕਾ ਹੈ। ਮਹੱਲ ਅਤੇ 1700 ਏਕੜ ਵਿਚ ਫੈਲੀ ਜਗੀਰ ਤਾਂ ਇਕ ਲਾਰਡ ਨੇ ਖਰੀਦ ਰੱਖੀ ਹੈ ਅਤੇ ਅੰਦਰ ਜਾਣ ਦੀ ਆਗਿਆ ਨਹੀਂ ਪਰੰਤੂ ਗਿਰਜਾਘਰ ਅੰਦਰ ਮਹਾਰਾਜੇ ਦੀ ਕਬਰ ਹੈ ਜੋ ਵੇਖੀ ਜਾ ਸਕਦੀ ਹੈ। ਮਹੱਲ ਤਾਂ ਹੁਣ ਡਿਗਣ ਕਿਨਾਰੇ ਹੈ ਪਰੰਤੂ ਮਹਾਰਾਜੇ ਦੀਆਂ ਕੁਝ ਨਿਸ਼ਾਨੀਆਂ ਥੈਟਫੋਰਡ ਦੇ ਅਜਾਇਬਘਰ ਵਿਚ ਸਾਂਭੀਆਂ ਹੋਈਆਂ ਹਨ। 1999 ਵਿਚ ਖਾਲਸਾ ਤ੍ਰੈ-ਸ਼ਤਾਬਦੀ ਦੇ ਮੌਕੇ ਇੰਗਲੈਂਡ ਦੇ ਸਿਖਾਂ ਨੇ ਮਹਾਰਾਜਾ ਦਲੀਪ ਸਿੰਘ ਦਾ ਇਕ ਬੁੱਤ ਵੀ ਥੈਟਫੋਰਡ ਵਿਚ ਲਗਾਇਆ ਹੈ।

ਜਾਣਕਾਰੀ ਪ੍ਰਾਪਤ ਕਰਕੇ ਅਸੀਂ ਥੈਟਫੋਰਡ ਪਹੁੰਚ ਗਏ ਜੋ ਐਲਵੀਡਨ ਤੋਂ ਚਾਰ ਮੀਲ ਦੀ ਵਿੱਥ ਉਪਰ ਹੈ। ਇਹ ਇੰਗਲੈਂਡ ਦੇ ਪੁਰਾਣੇ ਪਿੰਡਾਂ ਦਾ ਚੰਗਾ ਨਮੂਨਾ ਪੇਸ਼ ਕਰਦਾ ਹੈ। ਰੇਲਵੇ ਦਾ ਸਟੇਸ਼ਨ ਹੈ ਅਤੇ ਰੇਲਵੇ ਇੰਜਨ ਬਣਾਉਣ ਦਾ ਪਹਿਲਾ ਕਾਰਖਾਨਾ ਇਥੇ ਲਗਾ ਸੀ। ਪਿੰਡ ਦੀਆਂ ਗਲੀਆਂ ਵਿਚ ਚਹਿਲ-ਪਹਿਲ ਸੀ ਅਤੇ ਲੰਡਨ ਦੀ ਤੇਜ ਤਰਾਰ ਜਿੰਦਗੀ ਨਾਲੋਂ ਫਰਕ ਜਾਪਦਾ ਸੀ। ਪੁੱਛਦੇ ਪਛਾਂਦੇ ਅਸੀਂ ਅਜਾਇਬਘਰ ਵਿਚ ਪਹੁੰਚ ਗਏ। ਇਹ ਇਕ ਪੁਰਾਣੇ ਪੇਂਡੂ ਘਰ ਅੰਦਰ ਬਣਾਇਆ ਗਿਆ ਹੈ ਜਿਸ ਦੀ ਛੱਤ ਲੱਕੜੀ ਦੇ ਸ਼ਤੀਰਾਂ ਅਤੇ ਬਾਲਿਆਂ ਉਪਰ ਖੜੀ ਹੈ। ਮਹਾਰਾਜੇ ਦੇ ਪੁੱਤਰ ਸ਼ਹਿਜਾਦਾ ਫਰੈਡਰਿਕ ਦਲੀਪ ਸਿੰਘ ਨੇ ਇਹ ਘਰ ਖਰੀਦ ਕੇ 1924 ਵਿਚ ਥੈਟਫੋਰਡ ਨੂੰ ਅਜਾਇਬਘਰ ਬਣਾਉਣ ਖਾਤਰ ਸੌਂਪ ਦਿਤਾ ਸੀ। ਉਸਨੇ ਆਪਣੇ ਪਰੀਵਾਰ ਦੀਆਂ ਕੁਝ ਕੀਮਤੀ ਨਿਸ਼ਾਨੀਆਂ ਵੀ ਇਸ ਨੂੰ ਦਾਨ ਕਰ ਦਿਤੀਆਂ।

ਅਜਾਇਬਘਰ ਦੀ ਕਿਊਰੇਟਰ (Curator) ਇਕ ਸੁੰਦਰ ਮੁਟਿਆਰ ਸੀ ਜਿਸ ਨੇ ਸਾਡੀ ਇੱਛਾ ਮੁਤਾਬਿਕ ਮਹਾਰਾਜਾ ਦਲੀਪ ਸਿੰਘ ਬਾਰੇ ਪੂਰੀ ਜਾਣਕਾਰੀ ਲਈ ਕੁਝ ਕਿਤਾਬਾਂ ਅਤੇ ਪੈਂਫਲਟ ਵਿਖਾਏ। 'ਕਰਿਸਤੀ ਕੈਂਪਬਲ' ਦੀ ਨਵੀਂ ਪੁਸਤਕ 'ਮਹਾਰਾਜੇ ਦਾ ਡੱਬਾ' (Maharaja's Box) ਅਤੇ ਕੁਝ ਫੋਟੋਆਂ ਖਰੀਦੀਆਂ। ਮਹਾਰਾਜੇ ਦੇ ਪ੍ਰੀਵਾਰ ਦਾ ਕੁਰਸੀਨਾਮਾ ਵੀ ਮਿਲ ਗਿਆ। ਦਲੀਪ ਸਿੰਘ ਦੀਆਂ ਦੋ ਸ਼ਾਦੀਆਂ ਸਨ, ਪਹਿਲੀ ਮਹਾਰਾਣੀ ਬਾਂਬਾ ਮੁੱਲਰ (Bamba Muller) ਦੇ ਛੇ ਬੱਚੇ ਹੋਏ ਅਤੇ ਦੂਸਰੀ ਅਦਾ ਵੈਦਰਿਲ ਦੇ ਦੋ ਪੁੱਤਰੀਆਂ। ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦਾ ਖਾਨਦਾਨ ਤਬਾਹ ਹੋਇਆ ਸੀ ਉਸੇ ਤਰ੍ਹਾਂ ਹੀ ਦਲੀਪ ਸਿੰਘ ਦੀ ਵਿਰਾਸਤ ਵਿਚੋਂ ਵੀ ਕੋਈ ਵਾਰਸ ਬਾਕੀ ਨਹੀਂ ਬਚਿਆ। ਮਹਾਰਾਜੇ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਵਿਰਾਸਤ ਵਿਚ ਮਿਲਿਆ ਜਾਪਦਾ ਹੈ। ਐਲਬਮ ਵਿਚ ਬਹੁਤੇ ਫੋਟੋ ਸ਼ਿਕਾਰੀਆਂ ਨਾਲ ਹਨ। ਐਲਵੀਡਨ ਯੂਰਪ ਭਰ ਵਿਚ ਸਭ ਤੋਂ ਵੱਡੀ ਸ਼ਿਕਾਰਗਾਹ ਮੰਨੀ ਜਾਂਦੀ ਸੀ ਅਤੇ ਪਰਿੰਸ ਆਫ ਵੇਲਜ਼ ਮਹਾਰਾਜੇ ਦੀਆਂ ਸ਼ਿਕਾਰ ਪਾਰਟੀਆਂ ਵਿਚ ਸ਼ਾਮਲ ਹੋਇਆ ਕਰਦਾ ਸੀ।

ਥੈਟਫੋਰਡ ਵਿਚ ਕਈ ਪੁਰਾਣੇ ਗਿਰਜਾਘਰ ਵੀ ਹਨ। ਅਮਰੀਕਾ ਦਾ ਅਜ਼ਾਦੀ ਘੁਲਾਟੀਆ ਲੇਖਕ ਟਾਮਸ ਪੈਨ (Thomas Paine) ਵੀ ਥੈਟਫੋਰਡ ਵਿਚ ਹੀ ਜੰਮਿਆ ਸੀ। ਉਸ ਦਾ ਬੁੱਤ ਯਾਤਰੀਆਂ ਲਈ ਖਿੱਚ ਦਾ ਕਾਰਣ ਹੈ। ਮਹਾਰਾਜਾ ਦਲੀਪ ਸਿੰਘ ਦਾ ਬੁੱਤ ਪਿੰਡ ਦੇ ਪਾਰਕ ਵਿਚ ਲਗਾਇਆ ਗਿਆ ਹੈ। ਘੋੜੇ ਤੇ ਸਵਾਰ ਮਹਾਰਾਜੇ ਨੂੰ ਸਿਖੀ ਸਰੂਪ ਵਿਚ ਵਿਖਾਇਆ ਗਿਆ ਹੈ ਜੋ ਬਹੁਤ ਹੀ ਓਪਰਾ ਜਿਹਾ ਲਗਦਾ ਹੈ। ਦਲੀਪ ਸਿੰਘ ਨੂੰ ਈਸਾਈ ਬਣਾ ਕੇ ਇੰਗਲੈਂਡ ਲਿਆਂਦਾ ਗਿਆ ਸੀ, ਰਾਜਭਾਗ ਪਰਾਪਤੀ ਦੀ ਇੱਛਾ ਵੱਸ ਉਹ ਸਿੰਘ ਸਜ ਗਿਆ ਪਰੰਤੂ ਜਦੋਂ ਇਹ ਇੱਛਾ ਪੂਰੀ ਨਾ ਹੋਈ ਤਾਂ ਫਿਰ ਈਸਾਈ ਧਰਮ ਦੇ ਗੁਣ ਗਾਣ ਲਗ ਪਿਆ। ਉਸਦੀਆਂ ਦੋਵੇਂ ਪਤਨੀਆਂ ਅਤੇ ਬੱਚੇ ਤਾਂ ਈਸਾਈ ਹੀ ਰਹੇ ਅਤੇ ਸ਼ਾਦੀਆਂ ਵੀ ਈਸਾਈ ਰੀਤੀ ਰਿਵਾਜ ਅਨੁਸਾਰ ਹੀ ਹੋਈਆਂ। ਮਹਾਰਾਜੇ ਦੀ ਮੌਤ 1893 ਵਿਚ ਪੈਰਿਸ ਦੇ ਇਕ ਹੋਟਲ ਵਿਚ ਹੋਈ ਅਤੇ ਉਸ ਦੀ ਇੱਛਾ ਦੇ ਉਲਟ ਉਸ ਦੇ ਮਿਰਤਕ ਸਰੀਰ ਨੂੰ ਐਲਵੀਡਨ ਦੇ ਗਿਰਜਾਘਰ ਦੇ ਕਬਰਿਸਤਾਨ ਵਿਚ ਦਫਨਾਇਆ ਗਿਆ। ਥੈਟਫੋਰਡ ਤੋਂ ਵਾਪਸ ਪਰਤਦੇ ਹੋਏ ਅਸੀਂ ਗਿਰਜਾਘਰ ਦੇ ਅਹਾਤੇ ਵਿਚ ਮਹਾਰਾਜਾ ਦਲੀਪ ਸਿੰਘ, ਮਹਾਰਾਣੀ ਬਾਂਬਾ ਅਤੇ ਉਨ੍ਹਾਂ ਦੇ ਛੋਟੇ ਪੁੱਤਰ ਐਲਬਰਟ ਦੀਆਂ ਕਬਰਾਂ ਵੇਖੀਆਂ। ਕਿਸੇ ਸ਼ਰਧਾਵਾਨ ਸਿਖ ਨੇ ਮਹਾਰਾਜੇ ਦੀ ਕਬਰ ਤੇ ਫੁੱਲ ਭੇਂਟ ਕੀਤੇ ਹੋਏ ਸਨ। ਮੈਂ ਤਾਂ ਦੋ ਹੰਝੂ ਕੇਰ ਕੇ ਹੀ ਸ਼ਰਧਾਂਜਲੀ ਅਰਪਨ ਕਰ ਆਇਆ।

ਐਲਵੀਡਨ ਐਸਟੇਟ ਵਿਚ ਜਾਣ ਦੀ ਮਨਾਹੀ ਹੋਣ ਕਰਕੇ ਅਸੀਂ ਦਲੀਪ ਸਿੰਘ ਦੇ ਮਹੱਲ ਦੀਆਂ ਦੂਰੋਂ ਹੀ ਫੋਟੋ ਖਿੱਚੀਆਂ। ਸੂਰਜ ਦੀਆਂ ਢਲਦੀਆਂ ਕਿਰਣਾਂ ਨੇ ਮਹੱਲ ਨੂੰ ਰੁਸ਼ਨਾ ਦਿਤਾ ਪਰੰਤੂ ਪਾਰਕ ਦੇ ਰੁੱਖ ਪੱਤਝੜ ਕਾਰਣ ਉਦਾਸ ਲਗ ਰਹੇ ਸਨ। ਖਾਲਸਾ ਰਾਜ ਦੀ ਆਖਰੀ ਨਿਸ਼ਾਨੀ ਨੇ ਸਾਨੂੰ ਵੀ ਗਮਗੀਨ ਬਣਾ ਦਿੱਤਾ। ਦਲੀਪ ਸਿੰਘ ਦੀ ਯਾਦ ਨੂੰ ਅਲਵਿਦਾ ਕਹਿ ਕੇ ਅਸੀਂ ਕੈਂਬਰਿਜ਼ ਯੂਨੀਵਰਸਿਟੀ ਦੇ ਕੈਂਪਸ ਵਿਚ ਗੇੜਾ ਲਾਇਆ। ਰਾਤ ਪੈ ਰਹੀ ਸੀ ਅਤੇ ਕੈਂਬਰਿਜ਼ ਵਿਚ 1972 ਦੀ ਆਪਣੀ ਫੇਰੀ ਦੀ ਯਾਦ ਤਾਜਾ ਕਰਕੇ ਅਸੀਂ ਲੰਡਨ ਆਪਣੇ ਟਿਕਾਣੇ ਵੱਲ ਪਰਤ ਆਏ। ਮੈਂ ਸਰਦਾਰ ਤਰਲੋਚਨ ਸਿੰਘ, ਘਟਗਿਣਤੀ ਕਮਿਸ਼ਨ ਦੇ ਚੇਅਰਮੈਨ ਦੀ ਰਾਏ ਦਾ ਸਮਰਥਕ ਹਾਂ ਕਿ ਮਹਾਰਾਜਾ ਦਲੀਪ ਸਿੰਘ ਦੀਆਂ ਅਸਤੀਆਂ ਪੰਜਾਬ 'ਚ ਯਾਦਗਾਰ ਕਾਇਮ ਕਰਨ ਲਈ ਲਿਆਣੀਆਂ ਚਾਹੀਦੀਆਂ ਹਨ।

# ਜਰਮਨੀ ਦੇ ਪੰਜਾਬੀ ਢਾਬੇ

ਹਵਾਈ ਜਹਾਜ ਦਾ ਸਫਰ ਹਮੇਸ਼ਾ ਹੀ ਜੋਖਮ ਭਰਿਆ ਕੰਮ ਹੁੰਦਾ ਹੈ ਪਰੰਤੂ ਜੇਕਰ ਉਡਾਨ ਰੱਦ ਹੋ ਜਾਵੇ ਤਾਂ ਸਮਝੋ ਮੁਸੀਬਤ ਵਿਚ ਹੋਰ ਵਾਧਾ ਹੋ ਗਿਆ । ਇਸ ਵਾਰ ਮੈਂ ਜਰਮਨੀ ਦੇ ਸ਼ਹਿਰ ਡਰੈਸਡੇਨ ਵਿਚ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਵਿਸ਼ੇਸ਼ ਭਾਸ਼ਣ ਦੇਣ ਜਾਣਾ ਸੀ । ਮੇਰੇ ਮੇਜ਼ਬਾਨ ਨੇ ਸੱਦੇ ਨਾਲ ਹਵਾਈ ਸਫਰ ਦੇ ਖਰਚੇ ਦਾ ਪ੍ਰਬੰਧ ਵੀ ਕਰ ਰੱਖਿਆ ਸੀ । ਪਹਿਲਾਂ ਜਰਮਨੀ ਦੀ ਲੁਫਥਾਂਸਾ ਏਅਰਲਾਈਨ ਤੇ ਜਾਣ ਦਾ ਮਨ ਬਣਾਇਆ ਪਰੰਤੂ ਮੇਰੇ ਏਜੰਟ ਨੇ ਸਸਤੀ ਟਿਕਟ ਦਾ ਝਾਂਸਾ ਦੇ ਕੇ ਏਅਰ ਇੰਡੀਆ ਦੇ ਜਹਾਜ ਉਪਰ ਭੇਜਣ ਦਾ ਟਿਕਟ ਖਰੀਦ ਦਿਤਾ। ਕਹਾਵਤ "ਮਹਿੰਗਾ ਰੋਵੇ ਇਕ ਵਾਰ ਅਤੇ ਸਸਤਾ ਰੋਵੇ ਵਾਰ ਵਾਰ" ਮੇਰੀ ਯਾਤਰਾ ਉਪਰ ਖਰੀ ਉਤਰੀ । 27 ਮਾਰਚ (2006) ਨੂੰ ਸਵੇਰੇ ਚਾਰ ਵਜੇ ਚੈਕ-ਇਨ ਕਰਵਾ ਕੇ ਦਸ ਵਜੇ ਤੱਕ ਦਿੱਲੀ ਏਅਰ ਪੋਰਟ ਅੰਦਰ ਕੈਦੀਆਂ ਵਾਂਗ ਬੈਠੇ ਰਹੇ । ਉਡਾਨ ਦਾ ਸਮਾਂ 7 ਵਜੇ ਸਵੇਰ ਦਾ ਸੀ ਅਤੇ ਜਹਾਜ ਠੀਕ ਸਮੇਂ ਆਪਣੇ ਅੱਡੇ ਉਪਰ ਆ ਗਿਆ ਸੀ । ਲੋਕੀਂ, ਖਾਸ ਕਰਕੇ ਬੱਚੇ, ਹੈਰਾਨ ਪਰੇਸ਼ਾਨ ਹੋ ਰਹੇ ਸਨ ਕਿ ਉਡਾਨ ਵਿਚ ਦੇਰੀ ਕਿਉਂ ਹੋ ਰਹੀ ਹੈ । ਏਅਰ ਇੰਡੀਆ ਦੇ ਅਧਿਕਾਰੀ ਝੂਠ ਬੋਲਣ ਵਿਚ ਮਾਹਰ ਜਾਪਦੇ ਹਨ । ਸਾਨੂੰ ਦੱਸਿਆ ਗਿਆ ਕਿ ਜਹਾਜ ਦਾ ਰਾਡਾਰ ਕੰਮ ਨਹੀਂ ਕਰਦਾ ਪਰੰਤੂ ਘੁਸਰ ਮੁਸਰ ਤੋਂ ਅੰਦਾਜਾ ਲੱਗ ਗਿਆ ਕਿ ਜਹਾਜ ਅੰਦਰ ਬੰਬ ਰੱਖੇ ਹੋਣ ਦਾ ਖਦਸ਼ਾ ਹੈ ਜਿਸ ਕਰਕੇ ਉਡਾਨ ਅਣਮਿਥੇ ਸਮੇਂ ਲਈ ਰੱਦ ਕਰ ਦਿਤੀ ਗਈ।

ਸਾਰੀ ਰਾਤ ਦੇ ਉਨੀਂਦਰੇ ਕਾਰਣ ਮੁਸਾਫਿਰ ਹਵਾਈ ਅੱਡੇ ਅੰਦਰ ਹੀ ਲੰਮਲੇਟ ਹੋ ਰਹੇ ਸਨ । ਦਸ ਵਜੇ ਏਅਰ ਇੰਡੀਆ ਦੇ ਅਧਿਕਾਰੀ ਨੇ ਸੂਚਨਾ ਦਿਤੀ ਕਿ ਉਡਾਨ ਰੱਦ ਹੋ ਗਈ ਹੈ ਅਤੇ ਸਾਰੇ ਮੁਸਾਫਿਰ ਸੈਂਤੌਰ ਹੋਟਲ ਵਿਚ ਠਹਿਰਣਗੇ। ਭੁੱਖੇ ਭਾਣੇ, ਉਨੀਂਦਰੇ ਦੇ ਝੰਬੇ ਅਸੀਂ ਹੋਟਲ ਵਿਚ ਚੈਕ-ਇਨ ਕੀਤਾ । ਕਿਸੇ ਸਮੇਂ ਇਹ ਦਿੱਲੀ ਦਾ ਮਸ਼ਹੂਰ ਹੋਟਲ ਹੋਇਆ ਕਰਦਾ ਸੀ ਪਰੰਤੂ ਹੁਣ ਤਾਂ ਏਅਰ ਇੰਡੀਆ ਵਾਂਗ ਇਸ ਦੀ ਹਾਲਤ ਵੀ ਖਸਤਾ ਜਾਪਦੀ ਹੈ । ਇਹ ਸਰਕਾਰੀ ਅਫਸਰਾਂ ਅਤੇ ਏਅਰ-ਇੰਡੀਆ ਦੇ ਮੁਸਾਫਰਾਂ ਲਈ ਰਾਖਵਾਂ ਰੱਖਿਆ ਹੋਇਆ ਹੈ। ਰਾਤ ਦਾ ਖਾਣਾ ਖਾ ਰਹੇ ਮੁਸਾਫਰਾਂ ਨੂੰ ਸੂਚਨਾ ਮਿਲ ਗਈ ਕਿ ਹਵਾਈ-ਅੱਡੇ ਤੇ ਜਾਣ ਲਈ ਬੱਸਾਂ ਤਿਆਰ ਹਨ ਅਤੇ ਅਸੀਂ ਸਭ ਨੇ ਕਮਰੇ ਖਾਲੀ ਕਰਕੇ ਕੂਚ ਕਰ ਦਿਤਾ । ਚੈਕ-ਇਨ ਦਾ ਕੰਮ ਅੱਧੀ ਰਾਤ ਤੱਕ ਮੁਕੰਮਲ ਕਰਕੇ 28 ਮਾਰਚ ਸਵੇਰ ਦੇ ਦੋ ਵਜੇ ਏਅਰ ਇੰਡੀਆ ਦਾ ਜਹਾਜ ਫਰੈਂਕਫਰਟ ਲਈ ਰਵਾਨਾ ਹੋ ਗਿਆ। ਮੇਰੇ ਲਈ ਦੋ ਪਰੇਸ਼ਾਨੀਆਂ ਸਨ ਇਕ ਤਾਂ ਡਰੈਸਡੇਨ ਦੀ ਅਗਲੀ ਉਡਾਨ ਹੱਥੋਂ ਨਿਕਲ ਗਈ ਅਤੇ ਦੂਸਰਾ ਕਾਨਫਰੰਸ 27 ਤਰੀਕ ਤੋਂ ਸ਼ੁਰੂ ਹੋ ਚੁੱਕੀ ਸੀ । ਫਰੈਂਕਫਰਟ ਪਹੁੰਚ ਕੇ ਮੈਂ ਬਹੁਤ ਭੱਜ ਦੌੜ ਕੀਤੀ ਅਤੇ ਡਰੈਸਡੇਨ ਦੀ ਉਡਾਨ ਵਿਚ ਸੀਟ ਹਾਸਲ ਕਰ ਲਈ । ਆਪਣੇ ਮੇਜ਼ਬਾਨ ਨੂੰ ਦੇਰੀ ਨਾਲ ਪਹੁੰਚਣ ਦਾ ਕਾਰਣ ਵੀ ਦੱਸਿਆ । ਸ਼ੁਕਰ ਹੈ ਕਿ ਉਹ ਮੇਰੀ ਉਡੀਕ ਵਿਚ ਕਈ ਘੰਟੇ ਹਵਾਈ ਅੱਡੇ ਉਪਰ ਹੀ ਰੁਕਿਆ ਰਿਹਾ । ਗਿਆਰਾਂ ਵਜੇ ਦੇ ਕਰੀਬ ਮੈਂ ਡਰੈਸਡੇਨ ਪਹੁੰਚ ਗਿਆ ਅਤੇ ਟਾਮਸ ਸਟਰਾਈਲ ਦੀ ਕਾਰ ਵਿਚ ਬੈਠ ਕੇ ਉਸਦੇ ਫਲੈਟ ਉਪਰ ਆ ਡੇਰਾ ਲਾਇਆ। ਮੇਰੀ ਰਿਹਾਇਸ਼ ਦਾ ਪ੍ਰਬੰਧ ਮੇਰੇ ਜਰਮਨ ਦੋਸਤ ਨੇ ਕਰ ਰੱਖਿਆ ਸੀ। ਟਾਮਸ ਸਟਰਾਈਲ ਭੁਚਾਲ ਮਾਪਣ ਦੇ ਯੰਤਰ ਬਣਾਉਂਦਾ ਹੈ ਅਤੇ ਮੇਰੇ ਨਾਲ ਉਸ ਦੇ ਦੋਸਤਾਨਾ ਸਬੰਧ ਕਾਇਮ ਹਨ । ਟਾਮਸ ਡਰੈਸਡੇਨ ਟੈਕਨੀਕਲ ਯੂਨੀਵਰਸਿਟੀ ਵਿਚ ਲੈਕਚਰਾਰ ਸੀ ਅਤੇ ਨੌਕਰੀ ਛੱਡ ਕੇ ਫੈਕਟਰੀ ਸ਼ੁਰੂ ਕਰ ਬੈਠਾ । ਆਪਣੀ ਸਾਰੀ ਪੂੰਜੀ ਲਗਾ ਕੇ ਕੰਮ ਸ਼ੁਰੂ ਕੀਤਾ ਪਰ ਚੱਲਿਆ ਨਾ ਅਤੇ ਬਾਅਦ ਵਿੱਚ ਘਰਵਾਲੀ ਦੇ ਗਹਿਣੇ ਵੀ ਵੇਚ ਦਿੱਤੇ । ਸੇਬੀਨਾ ਨੂੰ ਗੁੱਸਾ ਆ ਗਿਆ ਅਤੇ ਉਹ ਟਾਮਸ ਦਾ ਸਾਥ ਛੱਡ ਕੇ ਕਿਸੇ ਹੋਰ ਦੇ ਘਰ ਜਾ ਵੱਸੀ । ਯੂਰਪ ਵਿਚ ਹੁਣ 'ਜੋੜੀਆਂ ਜੱਗ ਥੋੜੀਆਂ' ਵਾਲੀ ਕਹਾਵਤ ਪੂਰੀ ਤਰ੍ਹਾਂ ਲਾਗੂ ਹੈ ਅਤੇ ਮਰਦ-ਔਰਤ ਦੇ ਸੰਬੰਧ ਕੱਚੀ ਤੰਦ ਨਾਲ ਹੀ ਬੱਝੇ ਹੁੰਦੇ ਹਨ । ਟਾਮਸ ਨੇ ਵੀ ਬਗੈਰ ਕਿਸੇ ਹੀਲ-ਹੁੱਜਤ ਦੇ ਇਕ ਮੈਕਸੀਕਨ ਮੁਟਿਆਰ ਨਾਲ ਪ੍ਰੇਮ ਵਿਆਹ ਕਰ ਰੱਖਿਆ ਹੈ । ਮੈਂ ਸੇਬੀਨਾ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਪਰੰਤੂ ਟਾਮਸ ਟਾਲ ਮਟੋਲ ਕਰ ਗਿਆ।

ਦੁਪਹਿਰ ਹੋਣ ਤੱਕ ਮੈਂ ਅੰਤਰ-ਰਾਸ਼ਟਰੀ ਕਾਨਫਰੰਸ ਦੇ ਹਾਲ ਅੰਦਰ ਪਹੁੰਚ ਗਿਆ । ਰਜਿਸਟਰੇਸ਼ਨ ਡੈਸਕ ਉਪਰ ਮੇਰਾ ਬੈਗ ਤਿਆਰ ਪਿਆ ਸੀ । ਮੈਂ ਸ਼ੁਕਰ ਕੀਤਾ ਕਿ ਮੇਰਾ ਵਿਸ਼ੇਸ਼ ਭਾਸ਼ਣ 30 ਮਾਰਚ ਨੂੰ ਰੱਖਿਆ ਗਿਆ ਸੀ ਅਤੇ ਮੇਰੇ ਪਾਸ ਦੋ ਦਿਨ ਤਿਆਰੀ ਲਈ ਬਚੇ ਸਨ । ਇਸ ਕਾਨਫਰੰਸ ਵਿਚ 31 ਦੇਸ਼ਾਂ ਦੇ 5000 ਡੈਲੀਗੇਟ ਸ਼ਾਮਲ ਸਨ । ਜਰਮਨੀ ਵਿਚ ਭਾਰਤੀ ਵਿਦਿਆਰਥੀ ਹਰ ਯੂਨੀਵਰਸਿਟੀ ਵਿਚ ਮਿਲ ਜਾਂਦੇ ਹਨ ਅਤੇ ਇਸ ਕਾਨਫਰੰਸ ਵਿਚ ਵੀ ਭਾਰੀ ਗਿਣਤੀ ਵਿਚ ਸ਼ਾਮਲ ਸਨ । ਪਗੜੀ ਵਾਲਾ ਸਿੱਖ ਤਾਂ ਹੋਰ ਕੋਈ ਨਹੀਂ ਲੱਭਿਆ । ਲਾਹੌਰ ਦੇ ਦੋ ਪੰਜਾਬੀ ਵਿਗਿਆਨੀ ਵੀ ਬੜੇ ਤਪਾਕ ਨਾਲ ਮਿਲੇ । ਮੈਂ ਹਮੇਸ਼ਾਂ ਮਹਿਸੂਸ ਕੀਤਾ ਹੈ ਕਿ ਬੋਲੀ ਦੀ ਸਾਂਝ ਵੀ ਕਮਾਲ ਦੀ ਗੱਲ ਹੈ।

ਪਹਿਲੇ ਦਿਨ ਦੀ ਪ੍ਰਾਹੁਣਾਚਾਰੀ ਟਾਮਸ ਦੇ ਹਵਾਲੇ ਸੀ । ਉਹ ਖੁਦ ਵੀ ਪੰਜਾਬੀ ਖਾਣੇ ਦਾ ਸ਼ੁਕੀਨ ਹੈ । ਡਰੈਸਡੇਨ ਵਿਚ ਹੁਣ ਕਈ ਪੰਜਾਬੀ ਰੈਸਤੋਰਾਂ ਖੁੱਲ ਗਏ ਹਨ । ਪੰਜਾਬੀ ਮੁੰਡੇ ਰੁਲਦੇ ਖੁਲਦੇ ਜਰਮਨੀ ਪਹੁੰਚ ਕੇ ਚੋਰੀ ਕੰਮ ਕਰਦੇ ਹਨ। ਇਨ੍ਹਾਂ ਦੀ ਵਿਥਿਆ ਸੁਣ ਕੇ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਲੱਗਭੱਗ ਜਰਮਨੀ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਪੰਜਾਬੀ ਮੁੰਡੇ ਸ਼ਰਨਾਰਥੀ ਬਣ ਕੇ ਰਹਿੰਦੇ ਹਨ। ਇਨ੍ਹਾਂ ਨੂੰ ਸਰਕਾਰੀ ਭੱਤਾ ਮਿਲਦਾ ਹੈ ਅਤੇ ਕੰਮ ਦਾ ਪਰਮਿਟ ਵੀ ਹਾਸਲ ਹੋ ਜਾਂਦਾ ਹੈ। ਟਾਮਸ ਨੇ ਦੁਪਹਿਰ ਅਤੇ ਰਾਤ ਦੇ ਖਾਣੇ ਲਈ ਦੋ ਪੰਜਾਬੀ ਰੈਸਤੋਰਾਂ ਚੁਣ ਰੱਖੇ ਸਨ। ਸ਼ਹਿਰ ਦੇ ਅੰਦਰ ਐਲਬ ਦਰਿਆ ਵਹਿੰਦਾ ਹੈ । ਇਸ ਦੇ ਕਿਨਾਰੇ ਹੀ ਯਾਤਰੀਆਂ ਦੇ ਘੁੰਮਣ ਲਈ ਸੈਰਗਾਹ ਅਤੇ ਰੈਸਤੋਰਾਂ ਹਨ । ਦੁਪਹਿਰ ਦਾ ਖਾਣਾ ਮੋਗੇ ਦੇ ਨੌਜਵਾਨ ਨੇ ਤਿਆਰ ਕੀਤਾ ਹੋਇਆ ਸੀ ਅਤੇ ਮੇਰੇ ਲਈ ਆਲੂ ਗੋਬੀ ਦੇ ਪਰੌਂਠੇ ਬਣਾ ਰੱਖੇ ਸਨ । ਰਾਤ ਦਾ ਡਿਨਰ ਗੁਰਦਾਸਪੁਰੀਏ ਬੰਟੀ (ਗੁਰਜੰਟ ਸਿੰਘ) ਦੇ ਰੈਸਤੋਰਾਂ ਵਿਚ ਖਾਣ ਦਾ ਪ੍ਰਬੰਧ ਸੀ । ਬੰਟੀ ਨੂੰ ਜਦੋਂ ਪਤਾ ਲੱਗਾ ਕਿ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਰੀਟਾਇਰ ਹੋਇਆ ਹਾਂ ਤਾਂ ਉਹ ਬਹੁਤ ਹੀ ਭਾਵਕ ਹੋ ਕੇ ਮਿਲਿਆ ਅਤੇ ਚੰਗੀ ਸੇਵਾ ਕੀਤੀ। ਉਹ ਇਸ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦਾ ਵਿਦਿਆਰਥੀ ਰਹਿ ਚੁੱਕਾ ਹੈ ।

ਬੰਟੀ ਦਾ ਸੱਦਾ ਪ੍ਰਵਾਨ ਕਰਕੇ ਮੈਂ 29 ਮਾਰਚ ਨੂੰ ਉਸਦੇ ਘਰ ਦੁਪਹਿਰ ਦਾ ਲੰਚ ਕੀਤਾ । ਅੰਮ੍ਰਿਤਸਰ ਤੋਂ ਉਸਦੀ ਸੱਸ ਵੀ ਆਈ ਹੋਈ ਸੀ । ਭੋਜਨ ਦਾ ਤਾਂ ਐਵੇਂ ਬਹਾਨਾ ਹੀ ਸੀ, ਬੰਟੀ ਆਪਣੀ ਦਰਦਭਰੀ ਦਾਸਤਾਨ ਸੁਣਾਉਣ ਦਾ ਚਾਹਵਾਨ ਜਾਪਦਾ ਸੀ । ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਡੀਨ ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਰਹਿ ਚੁੱਕਾ ਹਾਂ। 1992 ਵਿਚ ਜਦੋਂ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਹੋਂਦ ਵਿਚ ਆਈ ਤਾਂ ਪੰਜਾਬ ਭਰ ਦੇ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਪੁਲਿਸ ਨੇ ਸੋਚੀ ਸਮਝੀ ਸਕੀਮ ਅਨੁਸਾਰ ਨੌਜਵਾਨ ਮੁੰਡਿਆਂ ਨੂੰ ਚੁੱਕਣਾ ਸ਼ੁਰੂ ਕੀਤਾ। ਝੂਠੇ ਮੁਕਾਬਲੇ ਬਣਾ ਕੇ ਕਈਆਂ ਨੂੰ ਬਿਲੇ ਲਗਾ ਦਿਤਾ । ਗੁਰਦਾਸਪੁਰ ਜਿਲੇ ਦੇ ਪਰਮ ਸਤਿੰਦਰ ਸਿੰਘ ਦਾ ਅਜੇ ਤੱਕ ਕੋਈ ਥਹੁ ਪਤਾ ਨਹੀਂ ਲੱਗਾ, ਉਹ ਈਲੈਕਟਰਾਨਿਕਸ ਵਿਭਾਗ ਦਾ ਵਿਦਿਆਰਥੀ ਸੀ । ਬੰਟੀ ਨੂੰ ਪੁਲਿਸ ਨੇ ਹੋਸਟਲ ਵਿਚੋਂ ਚੁੱਕਿਆ ਅਤੇ ਅਜੇ ਖੁਰਦ-ਬੁਰਦ ਨਹੀਂ ਸੀ ਕੀਤਾ ਕਿ ਉਸ ਨੇ ਪੁਲਿਸ ਦੇ ਪੰਜੇ ਤੋਂ ਨਿਕਲਣ ਦਾ ਰਾਹ ਲੱਭ ਲਿਆ । ਏਜੰਟਾਂ ਨੇ ਰੂਸ ਭੇਜ ਦਿੱਤਾ। ਉਥੋਂ ਉਹ ਰਾਤੋ ਬਰਾਤੇ ਸਫਰ ਕਰਦਾ ਹੋਇਆ ਪੋਲੈਂਡ ਪਹੁੰਚ ਗਿਆ ਅਤੇ ਫਿਰ ਲੁਕ ਛਿਪ ਕੇ ਜਰਮਨੀ । ਇਸ ਜੋਖਮ ਭਰੇ ਸਫਰ ਵਿਚ ਤਿੰਨ ਸਾਲ ਬੀਤ ਗਏ ਅਤੇ ਕਈ ਵਾਰ ਮੌਤ ਦੇ ਮੂੰਹ ਵਿਚ ਜਾਣਾ ਪਿਆ । ਪੁਰਾਣੇ ਪੁਲਿਸ ਰਿਕਾਰਡ ਅਤੇ ਬੱਬਰ ਖਾਲਸਾ ਦੀ ਮਦਦ ਨਾਲ ਬੰਟੀ ਜਰਮਨੀ ਵਿਚ ਇਕ ਸ਼ਰਨਾਰਥੀ ਦਾ ਪਹਿਚਾਣ ਪੱਤਰ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ ਅਤੇ ਹੁਣ ਦੋ ਰੈਸਤੋਰਾਂ ਦਾ ਮਾਲਕ ਬਣ ਚੁੱਕਾ ਹੈ। ਆਏ ਗਏ ਪੰਜਾਬੀ ਮੁੰਡਿਆਂ ਦੀ ਠਾਹਰ ਬਣ ਗਿਆ ਹੈ ਅਤੇ ਜਰਮਨ ਭਾਸ਼ਾ ਵਿਚ ਮੁਹਾਰਤ ਹਾਸਲ ਕਰ ਚੁੱਕਾ ਹੈ। ਡਰੈਸਡੇਨ ਵਿਚ ਕਪੂਰਥਲਾ ਜਿਲੇ ਦੇ ਵਡਾਲਾ ਪਿੰਡ ਦੇ ਭੁੱਲਰ ਭਰਾਵਾਂ ਦਾ ਕੱਪੜੇ ਦੇ ਥੋਕ ਦਾ ਚੰਗਾ ਕਾਰੋਬਾਰ ਹੈ। ਜਦੋਂ ਪੰਜਾਬੀ ਪੁੱਤ ਜਰਮਨੀ ਵਿਚ ਮਿਲ ਬੈਠਦੇ ਹਨ ਤਾਂ ਪੰਜਾਬ ਦਾ ਮਹੌਲ ਹੀ ਸਿਰਜਿਆ ਜਾਂਦਾ ਹੈ। ਇਹ ਆਏ ਗਏ ਮੁਸਾਫਿਰ ਨਾਲ ਆਪਣੇ ਗਿਲੇ ਸ਼ਿਕਵੇ ਸਾਂਝੇ ਕਰਕੇ ਮਨ ਹੌਲਾ ਕਰ ਲੈਂਦੇ ਹਨ।

## ਡਰੈਸਡੇਨ ਅਤੇ ਮੀਸਨ ਦੀ ਯਾਤਰਾ

---

29 ਮਾਰਚ ਨੂੰ ਜਰਮਨ ਭੌਤਿਕ ਵਿਗਿਆਨ ਸੰਸਥਾ ਦਾ ਇਨਾਮ ਵੰਡ ਸਮਾਰੋਹ ਰੱਖਿਆ ਗਿਆ । ਸੈਕਸੋਨੀ ਪ੍ਰਾਂਤ ਦਾ ਪ੍ਰਧਾਨ ਮੰਤਰੀ ਬੁਲਾਇਆ ਗਿਆ ਸੀ । ਗਿਆਰਾਂ ਵਜੇ ਤੱਕ ਕਾਨਫਰੰਸ ਹਾਲ ਖਚਾ ਖਚ ਭਰਿਆ ਪਿਆ ਸੀ। ਨੀਯਤ ਸਮੇਂ ਉਪਰ ਪ੍ਰਧਾਨ ਮੰਤਰੀ ਹਾਲ ਅੰਦਰ ਪਹੁੰਚ ਗਿਆ । ਮੈਂ ਹੈਰਾਨ ਹੋਇਆ ਕਿ ਪ੍ਰਧਾਨ ਮੰਤਰੀ ਨਾਲ ਕੋਈ ਸੁਰੱਖਿਆ ਦਸਤੇ ਅਤੇ ਹੋਰ ਅਮਲਾ ਨਹੀਂ ਸੀ । ਕਾਨਫਰੰਸ ਦਾ ਪ੍ਰਧਾਨ ਹੀ ਲੈ ਕੇ ਆਇਆ ਸੀ ਅਤੇ ਉਹ ਬਿਨਾ ਝਿਜਕ ਸਭ ਨਾਲ ਹੱਥ ਮਿਲਾ ਰਿਹਾ ਸੀ । ਪਤਾ ਲੱਗਾ ਕਿ ਪ੍ਰਧਾਨ ਮੰਤਰੀ ਡਰੈਸਡੇਨ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦਾ ਪ੍ਰੋਫੈਸਰ ਰਹਿ ਚੁੱਕਾ ਹੈ । ਯੂਰਪੀਨ ਦੇਸ਼ਾਂ ਵਿਚ ਮੰਤਰੀ ਅਤੇ ਪ੍ਰਧਾਨ ਮੰਤਰੀ ਯੂਨੀਵਰਸਿਟੀਆਂ ਦੇ ਪਰੋਫੈਸਰਾਂ ਦੀ ਬਹੁਤ ਕਦਰ ਕਰਦੇ ਹਨ ਅਤੇ ਪਰੋਫੈਸਰ ਵੀ ਉਨ੍ਹਾਂ ਦੇ ਦਫਤਰਾਂ ਦੇ ਗੇੜੇ ਨਹੀਂ ਲਾਉਂਦੇ । ਇਨਾਮ ਵੰਡ ਸਮਾਰੋਹ ਅੱਧੇ ਘੰਟੇ ਵਿਚ ਖਤਮ ਹੋਇਆ ਅਤੇ ਸਾਡੇ ਦੇਸ਼ ਵਾਂਗ ਫਾਲਤੂ ਰਸਮਾਂ ਨਾਲ ਸਮਾਂ ਬਰਬਾਦ ਨਹੀਂ ਕੀਤਾ ਗਿਆ । ਜਰਮਨੀ ਦੇ ਉਘੇ ਵਿਗਿਆਨੀਆਂ ਦਾ ਹਰ ਸਾਲ ਸਨਮਾਨ ਇਸੇ ਤਰ੍ਹਾਂ ਹੀ ਕੀਤਾ ਜਾਂਦਾ ਹੈ ।

ਦੁਪਹਿਰ ਦਾ ਭੋਜਨ ਕਾਨਫਰੰਸ ਦੇ ਡੈਲੀਗੇਟਾਂ ਨਾਲ ਕਰਕੇ ਮੈਂ ਟਾਮਸ ਸਟਰਾਈਲ ਦੀ ਫੈਕਟਰੀ ਪਹੁੰਚ ਗਿਆ। ਉਸਨੇ ਮੇਰੇ ਲਈ ਡਰੈਸਡੇਨ ਦੀ ਸੈਰ ਦਾ ਪ੍ਰਬੰਧ ਕੀਤਾ ਹੋਇਆ ਸੀ । ਅਸੀਂ ਐਲਬ ਦਰਿਆ ਦੇ ਕਿਨਾਰੇ ਸਥਿਤ ਸੈਕਸੋਨੀ ਬਾਦਸ਼ਾਹਾਂ ਦੇ ਮਹੱਲਾਂ ਦਾ ਦੌਰਾ ਕੀਤਾ। ਜਰਮਨੀ ਦੇ ਕਈ ਪ੍ਰਾਂਤ ਹਨ ਅਤੇ ਪੁਰਾਣੇ ਸਮੇਂ ਵਿਚ ਭਾਰਤ ਵਾਂਗ ਇਥੇ ਵੀ ਰਾਜੇ ਮਹਾਰਾਜੇ ਰਾਜ ਕਰਿਆ ਕਰਦੇ ਸਨ। ਜਰਮਨੀ ਦੇ ਬਾਕੀ ਰਾਜੇ ਪਰੋਟੈਸਟੈਂਟ ਸਨ ਪਰੰਤੂ ਸੈਕਸੋਨੀ ਦਾ ਬਾਦਸ਼ਾਹ ਰੋਮਨ ਕੈਥੋਲਿਕ ਚਰਚ ਦਾ ਧਾਰਣੀ ਰਿਹਾ। ਜਦੋਂ ਬਾਦਸ਼ਾਹ ਅਗੱਸਤੱਸ ਦੀ ਮੌਤ ਹੋਈ ਤਾਂ ਡਰੈਸਡੇਨ ਦੇ ਪਰੋਟੈਸਟੈਂਟ ਸ਼ਹਿਰੀਆਂ ਨੇ ਇਸ ਦੀ ਦੇਹ ਨੂੰ ਸ਼ਾਹੀ ਗਿਰਜਾਘਰ ਵਿਚ ਦਫਨਾਉਣ ਦੀ ਇਜ਼ਾਜਤ ਨਾ ਦਿੱਤੀ। ਬਾਦਸ਼ਾਹ ਇਸ ਸ਼ਹਿਰ ਦੀ ਸੁੰਦਰਤਾ ਤੋਂ ਕਾਇਲ ਸੀ ਅਤੇ ਤਹਿ ਦਿਲੋਂ ਆਪਣੀ ਪਰਜਾ ਨੂੰ ਪਿਆਰ ਕਰਦਾ ਸੀ। ਉਸਦੀ ਵਸੀਹਤ ਅਨੁਸਾਰ ਬਾਦਸ਼ਾਹ ਦੀ ਦੇਹ ਤਾਂ ਪੋਲੈਂਡ ਦੇ ਰੋਮਨ ਕੈਥੋਲਿਕ ਗਿਰਜਾਘਰ ਵਿਚ ਦਫਨਾਈ ਗਈ ਪਰੰਤੂ ਉਸਦਾ ਦਿਲ ਕੱਢ ਕੇ ਡਰੈਸਡੇਨ ਦੇ ਗਿਰਜਾਘਰ ਵਿਚ ਦਫਨਾਇਆ ਗਿਆ। ਇਕ ਦੰਦ-ਕਥਾ ਮਸ਼ਹੂਰ ਹੈ ਕਿ ਜਦੋਂ ਕੋਈ ਮੁਟਿਆਰ ਬਾਦਸ਼ਾਹ ਦੀ ਕਬਰ ਕੋਲੋਂ ਲੰਘਦੀ ਹੈ ਤਾਂ ਉਸਨੂੰ ਦਿਲ ਦੀ ਧੜਕਣ ਸੁਣਾਈ ਦੇਣ ਲਗਦੀ ਹੈ। ਮੈਂ ਬਾਦਸ਼ਾਹ ਦੇ ਮਹੱਲ, ਉਸਦਾ ਬੁੱਤ ਅਤੇ ਗਿਰਜਾਘਰ ਪਹਿਲਾਂ ਵੀ ਦੋ ਵਾਰ ਵੇਖ ਚੁੱਕਿਆ ਸਾਂ। ਦੂਸਰੇ ਵਿਸ਼ਵ ਯੁੱਧ ਦੌਰਾਨ ਡਰੈਸਡੇਨ ਦਾ ਗਿਰਜਾਘਰ ਤਬਾਹ ਹੋ ਗਿਆ ਸੀ । ਪਹਿਲੀ ਫੇਰੀ ਸਮੇਂ ਮੈਂ ਇਸ ਦੀ ਤਬਾਹੀ ਦਾ ਨਜ਼ਾਰਾ ਵੇਖ ਆਇਆ ਸਾਂ। ਇਸ ਦੀ ਪੁਨਰ ਉਸਾਰੀ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਕਮਾਲ ਦੀ ਗੱਲ ਹੈ ਕਿ ਇਸਦੀ ਉਸਾਰੀ ਲਈ ਪੁਰਾਣੇ ਪੱਥਰ ਹੀ ਵਰਤੇ ਗਏ ਹਨ ਜਦਕਿ ਸਾਡੇ ਕਾਰਸੇਵਾ ਵਾਲੇ ਬਾਬੇ ਤਾਂ ਇਤਿਹਾਸਕ ਗੁਰਦਵਾਰਿਆਂ ਦੀਆਂ ਇਮਾਰਤਾਂ ਮੁੜ ਉਸਾਰੀ ਸਮੇਂ ਵਿਰਾਸਤ ਪੱਖੋਂ ਤਬਾਹ ਕਰੀ ਜਾ ਰਹੇ ਹਨ । ਪੁਰਾਣੀਆਂ ਯਾਦਾਂ ਨੂੰ ਤਾਜਾ ਕਰਕੇ ਅਸੀਂ ਸ਼ਹਿਰ ਦੇ ਟਾਊਨਹਾਲ ਵਿਖੇ ਪਹੁੰਚ ਗਏ ਜਿਥੇ ਇਕ ਪ੍ਰੀਤੀ ਭੋਜਨ ਦਾ ਸੱਦਾ ਪ੍ਰਵਾਨ ਕੀਤਾ ਹੋਇਆ ਸੀ ।

30 ਮਾਰਚ ਨੂੰ ਕਾਨਫਰੰਸ ਹਾਲ ਵਿਚ ਮੇਰਾ ਵਿਸ਼ੇਸ ਭਾਸ਼ਣ ਸੀ । ਲਾਹੌਰ ਦੇ ਦੋਵੇਂ ਵਿਗਿਆਨੀ ਇਸ ਵਿਚ ਸ਼ਾਮਲ ਸਨ। ਜਰਮਨ ਭੌਤਿਕ ਵਿਗਿਆਨ ਸੋਸਾਇਟੀ ਦੇ ਪ੍ਰਧਾਨ ਨੇ ਮੇਰੀ ਜਾਣ ਪਹਿਚਾਣ ਕਰਵਾਈ । ਡਾਕਟਰ ਗੈਗਨਰ ਅਤੇ ਉਸਦੀ ਘਰਵਾਲੀ ਕਲੌਡੀਆ ਮੈਨੂੰ ਦੋ ਸਾਲ ਪਹਿਲਾਂ ਇਜ਼ਰਾਈਲ ਵਿਖੇ ਹੋਈ ਇਕ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਮਿਲੇ ਸਨ। ਪਹਿਲੀ ਮਿਲਣੀ ਸਮੇਂ ਹੀ ਸਾਡੀ ਮੁਲਾਕਾਤ ਦੋਸਤੀ ਵਿਚ ਬਦਲ ਗਈ ਅਤੇ ਇਹ ਜੋੜੀ ਵਿਸ਼ੇਸ਼ ਤੌਰ ਤੇ ਮੇਰੇ ਭਾਸ਼ਣ ਦਾ ਪ੍ਰਬੰਧ ਕਰਨ ਵਿਚ ਜੁਟੀ ਹੋਈ ਸੀ। ਭਾਸ਼ਣ ਉਪਰੰਤ ਸਵਾਲ-ਜਵਾਬ ਵੀ ਹੋਏ ਅਤੇ ਭਾਰਤ ਦੀ ਵਿਗਿਆਨਕ ਤਰੱਕੀ ਬਾਰੇ ਸਭ ਦੀ ਉਤਸੁਕਤਾ ਬਣੀ ਰਹੀ। ਸ਼ਾਮ ਦਾ ਡਿਨਰ ਇਸ ਜਰਮਨ ਜੋੜੀ ਨੇ ਵਰਜਿਆ ਹੋਇਆ ਸੀ। ਡਰੈਸਡੇਨ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਦੇ ਮੁਖੀ ਨੂੰ ਵੀ ਡਿਨਰ ਦਾ ਨਿਉਤਾ ਦਿਤਾ ਹੋਇਆ ਸੀ। ਉਹ ਆਪਣੀ ਕਾਰ ਤੇ ਸਾਨੂੰ ਡਰੈਸਡੇਨ ਤੋਂ ਬਾਹਰ ਇਕ ਇਤਿਹਾਸਿਕ ਸ਼ਹਿਰ ਦੀ ਯਾਤਰਾ ਤੇ ਲੈ ਗਿਆ।

ਮੀਸਨ ਦਰਿਆ ਐਲਬ ਦੇ ਕਿਨਾਰੇ ਵੱਸਿਆ ਇਕ ਹਜਾਰ ਸਾਲ ਪੁਰਾਣਾ ਸ਼ਹਿਰ ਹੈ । ਡਰੈਸਡੇਨ ਤੋਂ ਪਹਿਲਾਂ ਇਹ ਸੈਕਸੋਨੀ ਬਾਦਸ਼ਾਹਾਂ ਦੀ ਰਾਜਧਾਨੀ ਹੋਇਆ ਕਰਦਾ ਸੀ । ਸ਼ਹਿਰ ਦੀਆਂ ਗਲੀਆਂ ਪੱਥਰ ਚਿਣ ਕੇ ਬਣਾਈਆਂ ਹੋਈਆਂ ਹਨ ਅਤੇ ਇਸ ਸ਼ਹਿਰ ਦੀ ਵਿਰਾਸਤ ਕਾਇਮ ਰੱਖਣ ਲਈ ਕੋਈ ਤਬਦੀਲੀ ਨਹੀ ਕੀਤੀ ਗਈ । ਪੁਰਾਣੇ ਬਾਦਸ਼ਾਹਾਂ ਦੇ ਮਹੱਲ ਅਤੇ ਗਿਰਜਾਘਰ ਵੇਖੇ। ਹੇਠ ਐਲਬ ਦਰਿਆ ਦਾ ਨਜ਼ਾਰਾ ਲੱਭ ਰਿਹਾ ਸੀ । ਕਿਸੇ ਸਮੇਂ ਯੂਰਪ ਵਿਚ ਰੋਮਨ ਪੋਪ ਦਾ ਬੋਲਬਾਲਾ ਹੋਇਆ ਕਰਦਾ ਸੀ । ਯੂਰਪ ਦੇ ਕੈਥੋਲਿਕ ਬਾਦਸ਼ਾਹ ਪੋਪ ਦਾ ਪਾਣੀ ਭਰਿਆ ਕਰਦੇ ਸਨ ਕਿਉਂਕਿ ਪੋਪ ਇਨ੍ਹਾਂ ਨੂੰ ਬਰਖਾਸਤ ਵੀ ਕਰ ਸਕਦਾ ਸੀ । ਧਰਮ ਅਤੇ ਸਿਆਸਤ ਦੀ ਸਾਂਝ ਵਿਚ ਧਰਮ ਦੇ ਪੈਰੋਕਾਰ ਹਾਵੀ ਸਨ । ਮੀਸਨ ਵਿਚ ਡਿਊਕ ਦੇ ਮਹੱਲ ਨਾਲ ਗਿਰਜਾਘਰ ਵਿਚ ਬਿਸ਼ਪ ਦੀ ਕਚਹਿਰੀ ਵੇਖੀ। ਬਿਸ਼ਪ ਧਾਰਮਿਕ ਅਤੇ ਸਿਆਸੀ ਮੁਕੱਦਮੇ ਸੁਣਿਆ ਕਰਦਾ ਸੀ ਅਤੇ ਲੋੜ ਪੈਣ ਤੇ ਬਾਦਸ਼ਾਹ ਨੂੰ ਵੀ ਤਲਬ ਕਰ ਸਕਦਾ ਸੀ । ਵਾਪਸੀ ਵੇਲੇ ਅਸੀਂ ਮੀਸਨ ਸ਼ਹਿਰ ਦਾ ਦੌਰਾ ਕੀਤਾ ਅਤੇ ਮੋਰਿਜ਼ਬਰਗ ਦੇ ਰਸਤੇ ਡਰੈਸਡੇਨ ਪਰਤ ਆਏ ।

ਸੈਕਸੋਨੀ ਦੇ ਡਿਊਕ ਮੋਰਿਜ਼ ਨੇ ਆਪਣੇ ਸ਼ਿਕਾਰ ਖੇਡਣ ਅਤੇ ਐਸ਼ੋ ਇਸ਼ਰਤ ਲਈ ਮੀਸਨ ਅਤੇ ਡਰੈਸਡੇਨ ਵਿਚਕਾਰ ਇਕ ਮਹੱਲ ਤਾਮੀਰ ਕਰਵਾਇਆ । ਇਸ ਮਹੱਲ ਦੇ ਆਲੇ ਦੁਆਲੇ ਇਕ ਝੀਲ ਹੈ ਅਤੇ ਕੁਦਰਤੀ ਜੰਗਲ ਕਾਇਮ ਰੱਖਿਆ ਗਿਆ ਹੈ। ਕਿਸੇ ਸਮੇਂ ਆਮ ਜਨਤਾ ਲਈ ਇਸ ਮਹੱਲ ਦੇ ਪਾਸ ਜਾਣ ਦੀ ਮਨਾਹੀ ਸੀ ਪਰੰਤੂ ਹੁਣ ਇਹ ਯਾਤਰੀਆਂ ਲਈ ਖੁੱਲ੍ਹਾ ਰਹਿੰਦਾ ਹੈ। ਅਸੀਂ ਦੇਰੀ ਨਾਲ ਪਹੁੰਚੇ ਜਿਸ ਕਰਨ ਮੋਰਜ਼ਿਬਰਗ ਦਾ ਮਹੱਲ ਅੰਦਰੋਂ ਨਾ ਵੇਖ ਸਕੇ। ਰਾਤ ਦਾ ਡਿਨਰ ਇਕ ਪਹਾੜੀ ਉਪਰ ਸਥਿਤ ਰੈਸਤੋਰਾਂ ਵਿਚ ਪਰੋਸਿਆ ਗਿਆ ਜਿਥੋਂ ਡਰੈਸਡੇਨ ਸ਼ਹਿਰ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ। ਐਲਬ ਦਰਿਆ ਕਿਨਾਰੇ ਵੱਸੇ ਮੀਸਨ ਅਤੇ ਡਰੈਸਡੇਨ ਸ਼ਹਿਰ ਜਰਮਨ ਦੇ ਸੈਕਸੋਨੀ ਪ੍ਰਾਂਤ ਦੀ ਸਭਿਅਤਾ ਦੇ ਪ੍ਰਤੀਕ ਹਨ। ਆਧੁਨਿਕ ਅਤੇ ਪੁਰਾਤਨ ਜਰਮਨੀ ਦਾ ਮਿਲਗੋਭਾ ਸਭਿਆਚਾਰ ਮੇਰੀ ਯਾਤਰਾ ਦਾ ਮੁੱਖ ਵਿਸ਼ਾ ਰਿਹਾ ਹੈ।

~~~
~~~

# ਸਵਿਟਜ਼ਰਲੈਂਡ ਦੇ ਰਮਣੀਕ ਨਜ਼ਾਰੇ

31 ਮਾਰਚ ਨੂੰ ਟਾਮਸ ਸਟਰਾਈਲ ਦੀ ਸੈਕਟਰੀ ਮੈਨੂੰ ਰੇਲਵੇ ਸਟੇਸ਼ਨ ਉਪਰ ਛੱਡ ਗਈ ਅਤੇ ਮੈਂ ਫਰੈਂਕਫਰਟ ਸ਼ਹਿਰ ਲਈ ਰਵਾਨਾ ਹੋ ਪਿਆ । ਐਲਬ ਦਰਿਆ ਵਿਚ ਹੜ੍ਹ ਆਇਆ ਹੋਣ ਕਰਕੇ ਗੱਡੀ ਧੀਮੀ ਗਤੀ ਨਾਲ ਚੱਲ ਰਹੀ ਸੀ । ਰਸਤੇ ਵਿਚ ਲਿਪਜ਼ਿਗ, ਵਾਈਮਰ ਅਤੇ ਐਰਫੁਰਟ ਦੇ ਇਤਿਹਾਸਕ ਸ਼ਹਿਰ ਆਏ ਅਤੇ ਗੱਡੀ ਜਰਮਨੀ ਦੇ ਵਿਉਪਾਰਕ ਕੇਂਦਰ ਫਰੈਂਕਫਰਟ ਸਮੇਂ ਸਿਰ ਪਹੁੰਚ ਗਈ। ਫਰੈਂਕਫਰਟ ਤੋਂ ਗੱਡੀ ਬਦਲ ਕੇ ਮੈਂ ਸਵਿਟਜ਼ਰਲੈਂਡ ਦੀ ਰਾਜਧਾਨੀ ਬਰਨ ਪਹੁੰਚ ਗਿਆ। ਗੱਡੀ ਵਿਚ ਬਹੁਤੀ ਭੀੜ ਨਹੀਂ ਸੀ ਪਰੰਤੂ ਵੀਕ-ਐਂਡ ਹੋਣ ਕਰਕੇ ਜਰਮਨ ਯਾਤਰੀ ਸਵਿਟਜ਼ਰਲੈਂਡ ਛੁੱਟੀ ਮਨਾਣ ਜਾ ਰਹੇ ਸਨ। ਜਰਮਨ ਸਰਹੱਦ ਪਾਰ ਕਰਦਿਆਂ ਹੀ ਪਹਾੜੀ ਇਲਾਕਾ ਸ਼ੁਰੂ ਹੋ ਗਿਆ। ਸਵਿਟਜ਼ਰਲੈਂਡ ਦੀ ਸੁੰਦਰਤਾ ਦਾ ਕਾਰਣ ਬਰਫ ਲੱਦੀਆਂ ਚੋਟੀਆਂ, ਝੀਲਾਂ ਅਤੇ ਹਰੀਆਂ ਭਰੀਆਂ ਵਾਦੀਆਂ ਹਨ। ਵਾਦੀਆਂ ਵਿਚਕਾਰ ਦਰਿਆ ਅਤੇ ਨਦੀਆਂ ਵਹਿੰਦੇ ਹਨ, ਖੇਤੀ ਹੁੰਦੀ ਹੈ ਅਤੇ ਛੋਟੇ ਛੋਟੇ ਪਿੰਡ ਅਤੇ ਕਸਬੇ ਮਿਲ ਜਾਂਦੇ ਹਨ। ਮੈਂ ਕਈ ਵਾਰ ਗੱਡੀ ਰਾਹੀਂ ਸਵਿਟਜ਼ਰਲੈਂਡ ਥਾਣੀਂ ਇਟਲੀ ਅਤੇ ਫਰਾਂਸ ਗਿਆ ਸਾਂ ਪਰੰਤੂ ਇਸ ਦੇ ਰਮਣੀਕ ਨਜ਼ਾਰੇ ਵੇਖਣ ਦਾ ਇਹ ਪਹਿਲਾ ਮੌਕਾ ਸੀ । ਮੇਰੇ ਦੋਸਤ ਪ੍ਰੋ: ਸੂਰਬੈਕ ਹਾਈਂਜ਼ ਨੇ ਮੇਰੇ ਰਹਿਣ ਦਾ ਪ੍ਰਬੰਧ ਆਪਣੇ ਘਰ ਹੀ ਕਰ ਰੱਖਿਆ ਸੀ ਜੋ ਫਰੀਬਰਗ ਸ਼ਹਿਰ ਤੋਂ ਬਾਰਾਂ ਕਿਲੋਮੀਟਰ ਦੀ ਦੂਰੀ ਤੇ ਕਾਰਡੋਸਟ ਨਾਮ ਦੇ ਪਿੰਡ ਵਿਚ ਵਾਕਿਆ ਹੈ। ਸ਼ਾਮ ਦੇ ਪੰਜ ਵਜੇ ਦੇ ਕਰੀਬ ਮੇਰਾ ਦੋਸਤ ਆਪਣੀ ਕਾਰ ਵਿਚ ਮੈਨੂੰ ਆਪਣੇ ਪਿੰਡ ਲੈ ਗਿਆ।

ਕਾਰਡੋਸਟ ਪੰਜਾਹ ਕੁ ਘਰਾਂ ਦਾ ਛੋਟਾ ਜਿਹਾ ਪਿੰਡ ਹੈ। ਪਿੰਡ ਦੀਆਂ ਗਲੀਆਂ ਦੀ ਥਾਂ ਪੱਕੀਆਂ ਸੜਕਾਂ ਹਨ। ਜਿਮੀਂਦਾਰਾਂ ਦੇ ਘਰ ਵੀ ਵੇਖੇ, ਰਹਿਣ ਲਈ ਅਲਹਿਦਾ ਵੱਡੇ ਹਾਲ ਕਮਰੇ, ਖੇਤੀ ਦੇ ਸੰਦਾਂ ਲਈ ਬੇਸਮੈਂਟ ਅਤੇ ਘਰ ਦੇ ਬਜ਼ੁਰਗ ਮਾਪਿਆਂ ਲਈ ਅਲਹਿਦਾ ਛੋਟਾ ਘਰ। ਅਪ੍ਰੈਲ ਵਿਚ ਸਾਡੇ ਕਣਕ ਪੱਕ ਕੇ ਤਿਆਰ ਹੋ ਜਾਂਦੀ ਹੈ ਪਰੰਤੂ ਸਵਿਟਜ਼ਰਲੈਂਡ ਵਿਚ ਅਜੇ ਕਣਕ ਬੀਜੀ ਜਾ ਰਹੀ ਸੀ। ਇਥੇ ਖੇਤੀ ਦਾ ਧੰਦਾ ਲਾਹੇਵੰਦ ਨਹੀਂ ਮੰਨਿਆ ਜਾਂਦਾ। ਸਵਿਟਜ਼ਰਲੈਂਡ ਦੀ ਅਰਥ ਵਿਵਸਥਾ ਦੋ ਗੱਲਾਂ ਤੇ ਨਿਰਭਰ ਕਰਦੀ ਹੈ : ਵਿਸ਼ਵ ਭਰ ਦੇ ਸੈਲਾਨੀ ਹਰ ਸਾਲ ਇਥੇ ਸੈਰ ਸਪਾਟੇ ਲਈ ਆਉਂਦੇ ਹਨ ਅਤੇ ਦੂਸਰਾ ਸਰੋਤ ਸਵਿਸ ਬੈਂਕਾਂ ਵਿਚ ਜਮਾਂ ਹੋਈ ਪੂੰਜੀ ਹੈ। ਵਿਸ਼ਟ ਭਰ ਦੇ ਅਮੀਰ, ਰਾਜੇ ਮਹਾਰਾਜੇ ਅਤੇ ਹੋਰ ਧਨਾਢ ਆਪਣਾ ਪੈਸਾ ਸਵਿਸ ਬੈਂਕਾਂ ਵਿਚ ਜਮਾਂ ਕਰਵਾ ਦਿੰਦੇ ਹਨ। ਬੈਂਕਾਂ ਦੀ ਚੰਗੀ ਕਮਾਈ ਹੋ ਜਾਂਦੀ ਹੈ ਤੇ ਦੇਸ਼ ਦੀ ਅਰਥ ਵਿਵਸਥਾ ਯੂਰਪੀਨ ਦੇਸ਼ਾਂ ਵਿਚੋਂ ਆਹਲਾ ਦਰਜੇ ਦੀ ਮੰਨੀ ਜਾਂਦੀ ਹੈ। ਵੈਸੇ ਸਵਿਟਜ਼ਰਲੈਂਡ ਘੜੀਆਂ ਲਈ ਵੀ ਵਿਸ਼ਵ ਭਰ ’ਚ ਮਸ਼ਹੂਰ ਹੈ।

ਇਕ ਐਪ੍ਰਲ ਨੂੰ ਅਸੀਂ ਸਵਿਟਜ਼ਰਲੈਂਡ ਦੇ ਕਸਬੇ ਗਰੂਈਵੈਰ ਵਿਚ ਗਏ। ਇਸ ਇਲਾਕੇ ਵਿਚ ਡੇਅਰੀ ਦਾ ਕੰਮ ਜੋਰਾਂ ਤੇ ਹੈ ਅਤੇ ਹਰ ਜਿਮੀਂਦਾਰ ਨੇ ਵਲਾਇਤੀ ਗਊਆਂ ਪਾਲ ਰੱਖੀਆਂ ਹਨ। ਇਥੇ ਇਕ ਵੱਡੀ ਫੈਕਟਰੀ ਹੈ ਜਿਸ ਵਿਚ ਪਨੀਰ ਦੀਆਂ ਕਈ ਕਿਸਮਾਂ ਤਿਆਰ ਕਰਕੇ ਬਾਹਰਲੇ ਦੇਸ਼ਾਂ ਵਿਚ ਭੇਜੀਆਂ ਜਾਂਦੀਆਂ ਹਨ। ਇਸ ਇਲਾਕੇ ਦੇ ਜਿਮੀਂਦਾਰ ਕਾਰਡੋਸਟ ਦੇ ਜਿਮੀਂਦਾਰਾਂ ਨਾਲੋਂ ਵੱਧ ਅਮੀਰ ਜਾਪਦੇ ਸਨ। ਗਰੂਈਵੈਰ ਵਿਚ ਪੁਰਾਣਾ ਮਹੱਲ ਵੀ ਵੇਖਿਆ। ਦੱਸਿਆ ਜਾਂਦਾ ਹੈ ਕਿ ਇਥੋਂ ਦੇ ਡਿਊਕ ਨੇ ਨੈਪੋਲੀਅਨ ਦੀਆਂ ਫੌਜਾਂ ਨੂੰ ਹਰਾਇਆ ਸੀ। ਮਹੱਲ ਇਕ ਪਹਾੜੀ ਦੀ ਚੋਟੀ ਉਪਰ ਹੋਣ ਕਰਕੇ ਹੇਠ ਵਾਦੀ ਵਿਚ ਪਿੰਡਾਂ ਦੇ ਰਮਣੀਕ ਨਜ਼ਾਰੇ ਲੱਭ ਰਹੇ ਸਨ। ਆਲੇ ਦੁਆਲੇ ਉਚੀਆਂ ਪਹਾੜੀ ਚੋਟੀਆਂ ਉਪਰ ਤਾਜਾ ਬਰਫ ਦੇ ਤੋਦੇ ਨਜਰੀਂ ਪੈ ਰਹੇ ਸਨ। ਦੁਪਹਿਰ ਦਾ ਭੋਜਨ ਇਕ ਰੈਸਤੋਰਾਂ ਵਿਚ ਕਰਕੇ ਅਸੀਂ ਸ਼ਾਮ ਹੋਣ ਤੱਕ ਕਾਰਡੋਸਟ ਪਰਤ ਆਏ। ਰਾਹ ਵਿਚ ਸੂਰਬੈਕ ਨੇ ਆਪਣੇ ਦੋਸਤ ਦਾ ਮੱਛੀ ਫਾਰਮ ਵੀ ਵਿਖਾਇਆ। ਪਹਾੜੀ ਤੋਂ ਫੁੱਟ ਰਹੇ ਝਰਨੇ ਦਾ ਪਾਣੀ ਰੋਕ ਕੇ ਤਲਾਵਾਂ ਵਿਚ ਮੱਛੀਆਂ ਪਾਲੀਆਂ ਜਾਂਦੀਆਂ ਹਨ । ਵਿਗਿਆਨਿਕ ਤਰੀਕੇ ਦੀ ਵਰਤੋਂ ਕਰਕੇ ਸਾਲ ਭਰ ਵਿਚ ਇਕ ਫਸਲ ਤਿਆਰ ਹੋ ਜਾਂਦੀ ਹੈ ।

ਦੋ ਅਪ੍ਰੈਲ ਐਤਵਾਰ ਦਾ ਦਿਨ ਸੀ । ਨਾਸ਼ਤਾ ਕਰਕੇ ਅਸੀਂ ਜ਼ਿਊਰਿਕ ਹਾਈਵੇ ਉਪਰ ਜਾ ਚੜ੍ਹੇ । ਸਵਿਟਜ਼ਰਲੈਂਡ ਵਿਚ ਵਿਰਲੇ ਟਾਵੇਂ ਹੀ ਸਿਖ ਲੱਭਦੇ ਹਨ। ਇੰਟਰਨੈਟ ਦੀ ਵਰਤੋਂ ਕਰਕੇ ਮੇਰੇ ਦੋਸਤ ਨੇ ਪਤਾ ਲਗਾ ਰੱਖਿਆ ਸੀ ਕਿ ਸਿਖਾਂ ਨੇ ਸਵਿਟਜ਼ਰਲੈਂਡ ਵਿਚ ਨਵਾਂ ਗੁਰਦਵਾਰਾ ਬਣਾ ਲਿਆ ਹੈ। ਅਸੀਂ ਤੁਰਨ ਤੋਂ ਪਹਿਲਾਂ ਮਾਸਟਰ ਕਰਨ ਸਿੰਘ ਨੂੰ ਫੋਨ ਕਰਕੇ ਗੁਰਦਵਾਰੇ ਦਾ ਪਤਾ ਟਿਕਾਣਾ ਪੁੱਛ ਲਿਆ ਸੀ । ਲੈਂਗਥਲ ਪਹੁੰਚੇ ਤਾਂ ਤਿਆਰ ਬਰ ਤਿਆਰ ਸਿੰਘ ਸ਼ਹਿਰ ਤੋਂ ਬਾਹਰ ਸਾਨੂੰ ਲੈਣ ਆਇਆ ਹੋਇਆ ਸੀ । ਪਹਿਲਾਂ ਅਸੀਂ ਨਵੇਂ ਤਾਮੀਰ ਹੋਏ ਗੁਰਦਵਾਰੇ ਦੇ ਦਰਸ਼ਨ ਕੀਤੇ । ਸ਼ਾਇਦ ਇਹ ਯੂਰਪ ਦਾ ਪਹਿਲਾ ਗੁਰਦਵਾਰਾ ਹੈ ਜੋ ਪੰਜਾਬ ਦੇ ਗੁਰਦਵਾਰਿਆਂ ਦੀ ਇਮਾਰਤ ਕਲਾ ਦਾ ਨਮੂਨਾ ਪੇਸ਼ ਕਰਦਾ ਹੈ । ਵਧੇਰੇ ਕਰਕੇ ਸਿਖਾਂ ਦੇ ਗੁਰਦਵਾਰੇ ਗਿਰਜਾਘਰਾਂ ਜਾਂ ਫੈਕਟਰੀਆਂ ਵਿਚ ਕਾਇਮ ਕੀਤੇ ਗਏ ਹਨ । ਅਜੇ ਗੁਰਦਵਾਰੇ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਗਿਆ ਸੀ। ਨਿਸ਼ਾਨ ਸਾਹਿਬ ਝੂਲ ਰਿਹਾ ਹੈ ਅਤੇ ਦੂਰੋਂ ਹੀ ਗੁਰਦਵਾਰੇ ਦੇ ਗੁੰਬਦ ਨਜਰੀਂ ਪੈ ਜਾਂਦੇ ਹਨ। ਕਰਨ ਸਿੰਘ ਦੀ ਅਗਵਾਈ ਵਿਚ

ਅਸੀਂ ਇਕ ਪੰਜਾਬੀ ਰੈਸਤੋਰਾਂ ਅੱਗੇ ਰੁਕੇ। ਇਸ ਦੀ ਪਹਿਲੀ ਮੰਜਿਲ ਉਪਰ ਗੁਰਦਵਾਰਾ ਲਗਾਇਆ ਜਾਂਦਾ ਹੈ। ਪਤਾ ਲਗਾ ਕਿ ਲੈਂਗਥਲ ਵਿਚ ਦਸ ਦੇ ਕਰੀਬ ਸਿੱਖ ਪ੍ਰੀਵਾਰ ਰਹਿੰਦੇ ਹਨ ਅਤੇ ਕੁਝ ਜ਼ਿਊਰਿਕ ਦੇ ਇਲਾਕੇ ਵਿਚ ਵੱਸ ਗਏ ਹਨ । ਐਤਵਾਰ ਅਤੇ ਗੁਰਪੁਰਬਾਂ ਦੇ ਮੌਕੇ ਗੁਰਦਵਾਰਾ ਲਗਾਇਆ ਜਾਂਦਾ ਹੈ। ਜਲਦੀ ਹੀ ਨਵੀਂ ਇਮਾਰਤ ਵਿਚ ਪੱਕੇ ਤੌਰ ਤੇ ਗੁਰਦਵਾਰਾ ਕਾਇਮ ਹੋ ਜਾਵੇਗਾ। ਮੇਰੇ ਮਿੱਤਰ ਹੈਰਾਨ ਸਨ ਕਿ ਸਿੱਖਾਂ ਵਿਚ ਸੇਵਾ ਭਾਵ ਅਤੇ ਧਾਰਮਿਕ ਸ਼ਰਧਾ ਕਾਇਮ ਹੈ ਜਿਸ ਕਾਰਨ ਉਹ ਜਿਥੇ ਵੀ ਪਹੁੰਚਦੇ ਹਨ ਗੁਰਦਵਾਰਾ ਸਥਾਪਿਤ ਕਰਨ ਵਿਚ ਢਿੱਲ ਨਹੀਂ ਕਰਦੇ। ਸਾਡੇ ਬੈਠਿਆਂ ਹੀ ਦਮਦਮੀ ਟਕਸਾਲ ਦੇ ਅੰਮ੍ਰਿਤਧਾਰੀ ਸਿੰਘ ਤਾਂ ਬਰਮਿੰਘਮ ਤੋਂ ਪਹੁੰਚ ਗਏ ਪਰੰਤੂ ਢਾਡੀ ਜਥਾ ਲੇਟ ਹੋ ਗਿਆ ਅਤੇ ਅਸੀਂ ਲੰਗਰ ਛਕ ਕੇ ਬਰਨ ਸ਼ਹਿਰ ਵੱਲ ਰਵਾਨਾ ਹੋ ਪਏ।

ਸਵਿਟਜ਼ਰਲੈਂਡ ਵਿਚ ਅਲਬਰਟ ਆਇਨਸਟਾਈਨ ਦੀਆਂ ਖੋਜਾਂ ਅਤੇ ਜੀਵਨੀ ਬਾਰੇ ਇਕ ਸਾਲ ਤੋਂ ਨੁਮਾਇਸ਼ ਚੱਲ ਰਹੀ ਸੀ। ਦੁਨੀਆਂ ਦਾ ਸਭ ਤੋਂ ਮਹਾਨ ਵਿਗਿਆਨੀ ਮੁਢਲੇ ਸਾਲਾਂ ਵਿਚ ਸਵਿਟਜ਼ਰਲੈਂਡ ਵਿਚ ਹੀ ਪੜ੍ਹਿਆ ਅਤੇ ਬਰਨ ਸ਼ਹਿਰ ਦੇ ਪੇਟੈਂਟ ਦਫਤਰ ਵਿਚ ਕਲਰਕ ਭਰਤੀ ਹੋਇਆ ਸੀ । ਜਿਸ ਖੋਜ ਨੇ ਭੌਤਿਕ ਵਿਗਿਆਨ ਦੀ ਕਾਇਆ ਕਲਪ ਕਰ ਦਿਤੀ ਅਤੇ ਆਇਨਸਟਾਈਨ ਨੂੰ ਨੋਬਲ  ਪੁਰਸਕਾਰ ਮਹੱਈਆ ਕਰਵਾਇਆ ਉਹ ਬਰਨ ਸ਼ਹਿਰ ਵਿਚ ਹੀ ਸੰਪੰਨ ਹੋਈ ਸੀ । ਮੇਰੀ ਇੱਛਾ ਪੂਰੀ ਹੋ ਗਈ ਜਦੋਂ ਬਰਨ ਦੇ ਮਿਊਜ਼ੀਅਮ ਵਿਚ ਕਈ ਘੰਟੇ ਘੁੰਮ ਕੇ ਆਇਨਸਟਾਈਨ ਦੇ ਜੀਵਨ ਅਤੇ ਖੋਜਾਂ ਬਾਰੇ ਚੱਲ-ਚਿੱਤਰਾਂ ਰਾਹੀਂ ਜਾਣਕਾਰੀ ਹਾਸਲ ਕੀਤੀ । ਮਿਊਜ਼ੀਅਮ ਰਾਹੀਂ ਸਕੂਲੀ ਬੱਚਿਆਂ ਨੂੰ ਆਇਸਟਾਈਨ ਦੇ ਸਿਧਾਂਤਾਂ ਬਾਰੇ ਪੂਰੀ ਜਾਣਕਾਰੀ ਫਿਲਮ ਦੇ ਮਾਧਿਅਮ ਰਾਹੀਂ ਦਿਤੀ ਜਾ ਰਹੀ ਸੀ। ਬਰਨ ਸ਼ਹਿਰ ਵੀ ਦਰਿਆ ਕਿਨਾਰੇ ਵੱਸਿਆ ਹੈ ਅਤੇ ਸਵਿਟਜ਼ਰਲੈਂਡ ਦੀ ਰਾਜਧਾਨੀ ਹੈ ।

~~~

## ਫਰਾਂਸ ਦੇ ਸ਼ਹਿਰ ਲੂਰਦ ਅਤੇ ਤੁਲੂਜ਼ ਦੀ ਯਾਤਰਾ

---

3 ਅਪ੍ਰੈਲ ਸਵੇਰੇ ਹੀ ਮੇਰਾ ਦੋਸਤ ਵਿਦਾ ਕਰਨ ਆਇਆ ਅਤੇ ਮੈਂ ਫਰਾਂਸ ਜਾਣ ਲਈ ਜੇਨੀਵਾ ਜਾ ਰਹੀ ਗੱਡੀ ਉਪਰ ਸਵਾਰ ਹੋ ਗਿਆ । ਰਸਤੇ ਵਿਚ ਮੋਂਟ ਬਲਾਂਕ ਦੀ 4800 ਮੀਟਰ ਉਚੀ ਚੋਟੀ ਨਜਰੀਂ ਪੈ ਰਹੀ ਸੀ । ਗੱਡੀ ਦੀ ਖਿੜਕੀ ਵਿਚੋਂ ਸਵਿਟਜ਼ਰਲੈਂਡ ਦੇ ਪਿੰਡ ਅਤੇ ਬਰਫ ਲੱਦੀਆਂ ਪਹਾੜੀ ਚੋਟੀਆਂ ਵੀ ਸੁੰਦਰ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਜੇਨੀਵਾ ਪਹੁੰਚਣ ਤੋਂ ਪਹਿਲਾਂ ਲਗਭਗ 50 ਕਿਲੋਮੀਟਰ ਦਾ ਸਫਰ ਜੇਨੀਵਾ ਝੀਲ ਦੇ ਕੰਢੇ ਹੀ ਗੁਜਾਰਿਆ । ਜੇਨੀਵਾ ਜਾ ਕੇ ਬਾਰਡਰ ਪਾਸ ਕੀਤਾ ਅਤੇ ਫਰਾਂਸ ਦੀ ਹੱਦ ਅੰਦਰ ਦਾਖਲ ਹੋ ਗਿਆ । ਇਥੋਂ ਗੱਡੀ ਤੇ ਸਵਾਰ ਹੋ ਕੇ ਮੈਂ ਫਰਾਂਸ ਦੇ ਦੱਖਣੀ ਖਿੱਤੇ ਵਿਚ ਪਹੁੰਚ ਗਿਆ । ਇਸ ਖਿੱਤੇ ਵਿਚ ਮੌਸਮ ਸੁਹਾਵਣਾ ਰਹਿੰਦਾ ਹੈ ਕਿਉਂਕਿ ਜਲਵਾਯੂ ਉਪਰ ਰੋਮ ਸਾਗਰ ਦਾ ਪ੍ਰਭਾਵ ਪੈਂਦਾ ਹੈ । ਸਾਡੀ ਰੇਲ ਗੱਡੀ ਸਮੁੰਦਰ ਦੇ ਕੰਢੇ-ਕੰਢੇ ਜਾ ਰਹੀ ਸੀ ਅਤੇ ਸ਼ਾਮ ਦੇ ਛੇ ਵਜੇ ਤੱਕ ਮੈਂ ਨਾਰਬੋਨ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਫਰਾਂਸ ਭਰ ਵਿਚ ਅਗਲੇ ਦਿਨ ਰੇਲ ਅਤੇ ਹੋਰ ਸੇਵਾਵਾਂ ਰੱਦ ਹੋਣੀਆਂ ਸਨ ਸੋ ਮੈਨੂੰ ਚਿੰਤਾ ਸੀ ਕਿ ਰਾਤ ਪੈਣ ਤੋਂ ਪਹਿਲਾਂ ਹੀ ਮੈਂ ਆਪਣੇ ਟਿਕਾਣੇ ਪਹੁੰਚ ਜਾਵਾਂ। ਮੇਰੀ ਰਿਹਾਇਸ਼ ਦਾ ਪ੍ਰਬੰਧ ਕਾਰਕੋਸੋਨ ਤੋਂ 30 ਕਿਲੋਮੀਟਰ ਦੀ ਵਿੱਥ ਤੇ ਫਰਾਂਸ ਦੇ ਇਕ ਪਿੰਡ ਵਿਚ ਕੀਤਾ ਗਿਆ ਸੀ ।

ਨਾਰਬੋਨ ਤੋਂ ਪੈਰਿਸ ਜਾ ਰਹੀ ਗੱਡੀ ਕਾਰਕੋਸੋਨ ਹੋ ਕੇ ਜਾਣੀ ਸੀ ਪਰੰਤੂ ਮੇਰੀ ਟਿਕਟ ਸਧਾਰਣ ਗੱਡੀ ਦੀ ਸੀ। ਸਟੇਸ਼ਨ ਮਾਸਟਰ ਨੂੰ ਬੇਨਤੀ ਕੀਤੀ ਕਿ ਮੇਰਾ ਪਹੁੰਚਣਾ ਨਿਹਾਇਤ ਜਰੂਰੀ ਹੈ। ਸੋ ਉਸਨੇ ਮੈਨੂੰ ਪੈਰਿਸ ਜਾਣ ਵਾਲੀ ਤੇਜ ਰਫਤਾਰ ਗੱਡੀ ਵਿਚ ਬਿਠਾ ਦਿਤਾ ਅਤੇ ਮੇਰੀਆਂ ਮੇਜ਼ਬਾਨ ਭੈਣਾਂ ਨੂੰ ਫੋਨ ਕਰ ਦਿਤਾ ਕਿ ਮੈਂ ਸੱਤ ਵਜੇ ਕਾਰਕੋਸੋਨ ਦੇ ਸਟੇਸ਼ਨ ਤੇ ਪਹੁੰਚ ਰਿਹਾ ਹਾਂ। ਮਾਰੀ ਕਲੌਡ ਅਤੇ ਉਸਦੀ ਛੋਟੀ ਭੈਣ ਮੀਨੂੰ ਬੜੀ ਬੇਸਬਰੀ  ਨਾਲ ਮੇਰਾ ਇੰਤਜਾਰ ਕਰ ਰਹੀਆਂ ਸਨ। ਮਾਰੀ ਕਲੌਡ ਦੇ ਪ੍ਰੀਵਾਰ ਦੀ ਪਿਛਲੇ ਪੈਂਤੀ ਸਾਲ ਤੋਂ ਮੇਰੇ ਨਾਲ ਪ੍ਰੀਵਾਰਕ ਸਾਂਝ ਹੈ ਅਤੇ ਅਸੀਂ ਕਈ ਵਾਰ ਇਕ ਦੂਸਰੇ ਨਾਲ ਮੇਲਜੋਲ ਕਰ ਚੁੱਕੇ ਹਾਂ। ਰਾਤ ਅੱਠ ਵਜੇ ਦੇ ਕਰੀਬ ਦੱਖਣੀ ਫਰਾਂਸ ਦੇ ਪਿੰਡਾਂ ਥਾਣੀਂ ਲੰਘਦੇ ਹੋਏ ਅਸੀਂ ਮੀਨੂੰ ਦੇ ਘਰ ਪਹੁੰਚ ਗਏ। ਮੀਨੂੰ ਦਾ ਪਤੀ ਜਾਨ ਪਾਲ ਖਾਣਾ ਤਿਆਰ ਕਰੀ ਬੈਠਾ ਸਾਡੀ ਉਡੀਕ ਕਰ ਰਿਹਾ ਸੀ । ਮੀਨੂੰ ਦਾ ਘਰ ਇਕ ਹਜਾਰ ਸਾਲ ਪੁਰਾਣੇ ਪਿੰਡ ਦੇ ਥੇਹ ਉਪਰ ਕਾਇਮ ਹੈ। ਇਸ ਦੀਆਂ ਨੀਹਾਂ ਵਿਚ ਰੋਮਨ ਸਾਮਰਾਜ ਦੇ ਸਮੇਂ ਦੇ ਪੱਥਰ ਲੱਗੇ ਹੋਏ ਹਨ। ਜੇਕਰ ਕੋਈ ਭੁਚਾਲ ਆ ਗਿਆ ਤਾਂ ਇਸਦਾ ਢਾਂਚਾ ਚਿਕਨਾਚੂਰ ਹੋ ਜਾਵੇਗਾ। ਫਰਾਂਸ ਦੇ ਲੋਕ ਪੁਰਾਤਨ ਵਸਤਾਂ ਸੰਭਾਲਣ ਦੇ ਸ਼ੌਕੀਨ ਹਨ ਜਿਸ ਕਰਕੇ ਇਸ ਹਵੇਲੀ ਨੁਮਾ ਘਰ ਨੂੰ ਅਜੇ ਤੱਕ ਰਹਾਇਸ਼ ਲਈ ਵਰਤਿਆ ਜਾ ਰਿਹਾ ਹੈ।
~~~

ਚਾਰ ਅਪ੍ਰੈਲ ਨੂੰ ਮਾਰੀ ਕਲੌਡ ਮੇਰੀ ਗਾਈਡ ਬਣਕੇ ਰੋਮਨ ਬਾਦਸ਼ਾਹਾਂ ਦੇ ਸ਼ਹਿਰ ਕਾਰਕੋਸੋਨ ਲੈ ਗਈ । ਇਹ ਕਿਲਾ-ਨੁਮਾ ਸ਼ਹਿਰ ਯਾਤਰੀਆਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਭਾਰਤ ਵਿਚ ਤਾਂ ਅਜੇ ਵੀ ਅਜੇਹੇ ਕਈ ਸ਼ਹਿਰ ਮੌਜੂਦ ਹਨ। ਕਾਰਕੋਸੋਨ ਦੀ ਰਾਖੀ ਲਈ ਮੁੱਖ ਦੁਆਰ ਅਤੇ ਚਾਰ ਦੀਵਾਰੀ ਉਪਰ ਤੋਪਾਂ ਬੀੜੀਆਂ ਹੁੰਦੀਆਂ ਸਨ ਅਤੇ ਆਲੇ ਦੁਆਲੇ ਡੂੰਘੀ ਖਾਈ ਵਿਚ ਪਾਣੀ ਭਰਿਆ ਰਹਿੰਦਾ ਸੀ ਤਾਂ ਕਿ ਹਮਲਾਵਰਾਂ ਨੂੰ ਰੋਕਿਆ ਜਾ ਸਕੇ। ਇਸ ਪੁਰਾਤਨ ਸ਼ਹਿਰ ਦਾ ਕਬਰਸਤਾਨ ਵੀ ਮੇਰੀ ਦਿਲਚਸਪੀ ਦਾ ਕਾਰਣ ਹੋ ਨਿਬੜਿਆ। ਕਬਰਾਂ ਉਪਰ ਜੜੇ ਹੋਏ ਪੱਥਰਾਂ ਤੋਂ ਸ਼ਹਿਰ ਦੇ ਪਤਿਵੰਤੇ ਸੱਜਣਾਂ ਦੀ ਜਾਣਕਾਰੀ ਮਿਲ ਗਈ । ਕਈ ਵਾਰ ਇਹ ਸ਼ਹਿਰ ਤਬਾਹ ਹੋਇਆ ਅਤੇ ਫਿਰ ਵੱਸਦਾ ਰਿਹਾ । ਹੁਣ ਦਾ ਨਵਾਂ ਸ਼ਹਿਰ ਇਸ ਤੋਂ ਦੂਰ ਵੱਸ ਗਿਆ ਹੈ ।

ਪੰਜ ਅਪ੍ਰੈਲ ਨੂੰ ਮੈਂ ਫਰਾਂਸ ਦੇ ਰੋਮਨ ਕੈਥੋਲਿਕ ਧਰਮ ਦੇ ਤੀਰਥ ਅਸਥਾਨ ਅਤੇ ਧਾਰਮਿਕ ਸ਼ਹਿਰ 'ਲੂਰਦ' ਵੱਲ ਰਵਾਨਾ ਹੋ ਪਿਆ । ਰਸਤੇ ਵਿਚ ਭੇਡਾਂ ਅਤੇ ਗਊਆਂ ਦੇ ਵੱਗ ਚਰ ਰਹੇ ਸਨ । ਪਿਰਨੀਜ਼ ਪਹਾੜਾਂ ਦੀ ਕਤਾਰ ਸਾਡੇ ਨਾਲ ਚੱਲ ਰਹੀ ਸੀ ਅਤੇ ਇਸ ਦੇ ਦੂਜੇ ਪਾਸੇ ਸਪੇਨ ਆ ਲੱਗਦਾ ਹੈ । ਰਸਤੇ ਵਿਚ ਕਈ ਕਸਬੇ ਆਏ । ਫਰਾਂਸ ਦੇ ਇਸ ਦੱਖਣੀ ਪ੍ਰਾਂਤ ਨੂੰ 'ਮੀਦੀ' ਕਿਹਾ ਜਾਂਦਾ ਹੈ । ਦੁਪਹਿਰ ਹੋਣ ਤੱਕ ਅਸੀਂ ਲੂਰਦ ਦੇ ਤੀਰਥ ਅਸਥਾਨ ਉਪਰ ਪਹੁੰਚ ਗਏ। ਕਹਾਵਤ ਹੈ ਕਿ ਇਸ ਪਹਾੜੀ ਦੀ ਗੁਫਾ ਅੰਦਰੋਂ ਜੋ ਝਰਨਾ ਫੁੱਟਦਾ ਹੈ, ਉਸਦੇ ਪਾਣੀ ਵਿਚ ਕਰਾਮਾਤੀ ਸ਼ਕਤੀਆਂ ਹਨ। ਸਭ ਤੋਂ ਪਹਿਲਾਂ ਇਸ ਝਰਨੇ ਦੀ ਖੋਜ ਭੇਡਾਂ ਚਾਰ ਰਹੀ ਕੁੜੀ ਬਰਨਾਦੇਤ ਨੇ ਕੀਤੀ ਜਦੋਂ ਸੁਪਨੇ ਵਿਚ ਉਸਨੂੰ ਰੱਬੀ ਇਲਹਾਮ ਹੋਇਆ । ਇਸ ਝਰਨੇ ਦੇ ਪਾਣੀ ਵਿਚ ਨਹਾਉਣ ਨਾਲ ਸਰੀਰਕ ਰੋਗ ਦੂਰ ਹੋਣ ਲਗੇ । ਬਰਨਾਦੇਤ ਹਮੇਸ਼ਾਂ ਸਮਾਧੀ ਵਿਚ ਰਹਿਣ ਲਗੀ ਅਤੇ ਰੋਮ ਦੇ ਪੋਪ ਵੱਲੋਂ ਉਸਨੂੰ ਸੰਤ ਦੀ ਉਪਾਧੀ ਨਾਲ ਨਿਵਾਜਿਆ ਗਿਆ । ਉਨੀਵੀਂ ਸਦੀ ਦੇ ਅਰੰਭ ਵਿਚ ਇਥੇ ਗਿਰਜਾਘਰ ਉਸਾਰਿਆ ਗਿਆ । ਦੁਨੀਆਂ ਭਰ ਦੇ ਈਸਾਈ ਧਰਮ ਦੇ ਪੈਰੋਕਾਰ ਲੂਰਦ ਦੀ ਤੀਰਥ ਯਾਤਰਾ ਤੇ ਆਉਣ ਲੱਗੇ । ਅਪ੍ਰੈਲ ਦੇ ਮਹੀਨੇ ਇਥੇ ਭਾਰੀ ਮੇਲਾ ਲਗਦਾ ਹੈ। ਹੁਣ ਇਥੇ ਹਸਪਤਾਲ ਵੀ ਖੁੱਲ੍ਹ ਗਿਆ ਹੈ । ਝਰਨੇ ਦੇ ਪਾਣੀ ਦੀਆਂ ਬੋਤਲਾਂ ਮੁੱਲ ਵਿਕਦੀਆਂ ਹਨ । ਦੱਸਿਆ ਜਾਂਦਾ ਹੈ ਕਿ 7000 ਦੇ ਕਰੀਬ ਕਰਾਮਾਤੀ ਇਲਾਜ ਰੀਕਾਰਡ ਕੀਤੇ ਗਏ ਹਨ। ਕਈਆਂ ਦੀ ਅੱਖਾਂ ਦੀ ਰੋਸ਼ਨੀ ਪਰਤ ਆਈ, ਕਈ ਲਾ-ਇਲਾਜ ਬੀਮਾਰੀ ਤੋਂ ਖਹਿੜਾ ਛੁਡਾ ਕੇ ਤੰਦਰੁਸਤ ਹੋ ਗਏ । ਡਾਕਟਰੀ ਜਾਂਚ ਤੋਂ ਬਾਅਦ ਹੀ ਰੋਗੀ ਨੂੰ ਇਥੇ ਲਿਆਂਦਾ ਜਾਂਦਾ ਹੈ, ਇਸ਼ਨਾਨ ਕਰਨ ਬਾਅਦ ਫਿਰ ਡਾਕਟਰੀ ਜਾਂਚ ਕੀਤੀ ਜਾਂਦੀ ਹੈ ਤਾ ਕਿ ਕਰਾਮਾਤ ਦਾ ਪਤਾ ਲਗਾਇਆ ਜਾ ਸਕੇ। ਇਸ ਸਾਰੇ ਮਹੌਲ ਨੂੰ ਵੇਖਣ ਉਪਰੰਤ ਮੈਨੂੰ ਭਾਰਤ ਦੇ ਤੀਰਥ ਅਸਥਾਨਾਂ ਦੀ ਯਾਦ ਆ ਗਈ ਜਿਥੇ ਕਰਾਮਾਤੀ ਬਾਬਿਆਂ ਦੀ ਭਰਮਾਰ ਹੈ ।

ਰੈਣ ਬਸੇਰੇ ਲਈ ਅਸੀਂ ਮਾਰੀ ਕਲੌਡ ਦੇ ਪੁੱਤਰ ਹੈਨਰੀ ਦੇ ਘਰ ਜਾ ਠਹਿਰੇ। ਮੈਂ ਉਸਨੂੰ ਬਚਪਨ ਵਿਚ ਵੇਖਿਆ ਸੀ। ਹੁਣ ਉਹ ਹਵਾਈ ਫੌਜ ਦਾ ਪੈਰਾਸ਼ੂਟ ਇਸਟਰੱਕਟਰ ਬਣ ਗਿਆ ਹੈ ਅਤੇ ਪ੍ਰੀਵਾਰ ਦੇ ਸਾਰੇ ਮੈਂਬਰ ਹਵਾਈ ਜਹਾਜ ਤੋਂ ਪੈਰਾਸ਼ੂਟ ਰਾਹੀਂ ਕੁੱਦਣ ਵਿਚ ਮੁਹਾਰਤ ਰੱਖਦੇ ਹਨ । 6 ਅਪ੍ਰੈਲ ਨੂੰ ਅਸੀਂ ਮਾਰੀ ਕਲੌਡ ਦੇ ਜਨਮ ਅਸਥਾਨ ਅਤੇ ਹਵਾਈ ਜਹਾਜਾਂ ਦੀ ਫੈਕਟਰੀ ਲਈ ਮਸ਼ਹੂਰ ਸ਼ਹਿਰ ਤੁਲੂਜ਼ ਵੱਲ ਚਾਲੇ ਪਾ ਦਿਤੇ । ਇਸ ਸ਼ਹਿਰ ਵਿਚ ਇਮਾਰਤ ਕਲਾ ਦਾ ਨਮੂਨਾ ਇਕੋ ਰੱਖਿਆ ਗਿਆ ਹੈ ਅਤੇ ਉਹ ਹੈ ਲਾਲ ਇੱਟ ਦੀ ਵਰਤੋਂ । ਸ਼ਹਿਰ ਦੇ ਪੁਰਾਣੇ ਗਿਰਜਾਘਰ ਅਤੇ ਬਜ਼ਾਰਾਂ ਦਾ ਚੱਕਰ ਲਗਾ ਕੇ ਅਸੀਂ ਮਾਰੀ ਕਲੌਡ ਦੇ ਪਿੰਡ ਪਹੁੰਚ ਗਏ । ਇਹ ਪਿੰਡ ਇਕ ਛੋਟੀ ਨਦੀ ਦੇ ਕਿਨਾਰੇ ਵੱਸਿਆ ਹੈ । ਮਾਰੀ ਕਲੌਡ ਦਾ ਬਾਪ ਡਾਕਟਰ ਸੀ ਅਤੇ ਉਸ ਨੇ ਛੁੱਟੀਆਂ ਕੱਟਣ ਖਾਤਰ ਇਸ ਰਮਣੀਕ ਵਾਦੀ ਵਿਚ ਘਰ ਖਰੀਦ ਰੱਖਿਆ ਸੀ । ਦੂਰ ਦੂਰ ਤੱਕ ਕਣਕ ਅਤੇ ਸਰਹੁੰ ਦੇ ਖੇਤ ਪੰਜਾਬ ਦੇ ਪਿੰਡਾਂ ਦਾ ਭੁਲੇਖਾ ਪਾ ਰਹੇ ਸਨ। ਨਦੀ ਕਿਨਾਰੇ ਸੈਰ ਕਰਦਾ ਹੋਇਆ ਮੈਂ ਦੂਰ ਪਿੰਡ ਦੀ ਜੂਹ ਵਿਚ ਪਹੁੰਚ ਗਿਆ । ਰਾਤ ਦੇ ਖਾਣੇ ਉਪਰ ਮਾਰੀ ਕਲੌਡ ਦੇ ਗਵਾਂਢੀ ਵੀ ਹਾਜ਼ਰ ਸਨ । ਇਥੇ ਇਟਲੀ ਅਤੇ ਹੋਰ ਕਈ ਦੇਸ਼ਾਂ ਤੋਂ ਜਿਮੀਂਦਾਰ ਆ ਕੇ ਖੇਤੀ ਕਰਦੇ ਹਨ । ਮੌਸਮ ਸੁਹਾਵਣਾ ਹੋਣ ਕਰਕੇ ਫਲਦਾਰ ਬੂਟੇ ਅਤੇ ਸਬਜੀਆਂ ਬਹੁਤ ਹੁੰਦੀਆਂ ਹਨ ਪਰੰਤੂ ਸਭ ਤੋਂ ਮਸ਼ਹੂਰ ਇਥੋਂ ਦੀ ਸ਼ਰਾਬ ਹੈ ਜੋ ਦੂਰ ਦੁਰਾਡੇ ਸ਼ਹਿਰਾਂ ਵਿਚ ਭੇਜੀ ਜਾਂਦੀ ਹੈ । ਫਰਾਂਸ ਦੇ ਦੱਖਣ ਵਿਚ ਚਾਰ ਦਿਨ ਗੁਜਾਰ ਕੇ ਮੈਂ ਸੱਤ ਅਪ੍ਰੈਲ ਨੂੰ ਪੈਰਿਸ ਰਵਾਨਾ ਹੋ ਗਿਆ ।

~~~
~~~

# ਪੈਰਿਸ ਦੀ ਯਾਤਰਾ ਅਤੇ ਸਿੱਖ ਪਗੜੀ ਦਾ ਮਸਲਾ

---

ਸੱਤ ਅਪ੍ਰੈਲ ਨੂੰ ਮਾਰੀ ਕਲੌਡ ਮੈਨੂੰ ਕੌਸਾਦ ਰੇਲਵੇ ਸਟੇਸ਼ਨ ਤੱਕ ਵਿਦਾ ਕਰਨ ਆਈ ਅਤੇ ਮੈਂ ਪੈਰਿਸ ਜਾਣ ਵਾਲੀ ਗੱਡੀ ਤੇ ਰਵਾਨਾ ਹੋ ਗਿਆ। ਰਸਤੇ ਵਿਚ ਇਕ ਪਹਾੜੀ ਦੀ ਸਿਖਰ ਤੇ ਫਰਾਂਸੀਸੀ ਡਿਊਕ ਦਾ ਕਿਲਾ ਵੇਖਿਆ। ਦੱਸਿਆ ਜਾਂਦਾ ਹੈ ਕਿ ਇਹ ਜਾਲਮ ਡਿਊਕ ਆਪਣੇ ਵਿਰੋਧੀਆਂ ਨੂੰ ਕਿਲੇ ਦੇ ਤਹਿਖਾਨੇ ਵਿਚ ਕੈਦ ਕਰ ਰੱਖਦਾ ਸੀ ਅਤੇ ਫਿਰ ਪਹਾੜੀ ਤੋਂ ਥੱਲੇ ਧੱਕਾ ਮਾਰ ਕੇ ਡੇਗ ਦਿੰਦਾ ਸੀ । ਇਸ ਨੂੰ ਇਲਾਕੇ ਵਿਚ 'ਜ਼ਾਲਮ ਡਿਊਕ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੈਰਿਸ ਜਾਣ ਵਾਲੀ ਗੱਡੀ ਲੀਮੋਜ਼ ਅਤੇ ਆਰਲੀਨਜ਼ ਦੇ ਰਸਤੇ ਜਾਣੀ ਸੀ । ਪਹਿਲਾਂ ਪਹਾੜੀ ਸਫਰ ਸੀ ਅਤੇ ਲੀਮੋਜ਼ ਤੋਂ ਪੈਰਿਸ ਤੱਕ ਮੈਦਾਨੀ ਹਰੇ ਭਰੇ ਖੇਤਾਂ ਵਿਚੋਂ ਲੰਘ ਰਹੇ ਸਾਂ । ਪੈਰਿਸ ਤੋਂ ਆਰਲੀਨਜ਼ ਤੱਕ ਨਵਾਂ ਰੇਲ ਟਰੈਕ ਬਣਾਇਆ ਗਿਆ ਹੈ ਜਿਸ ਤੇ 350 ਕਿਲੋਮੀਟਰ ਰਫਤਾਰ ਦੀ ਰੇਲ ਗੱਡੀ ਪਰਖੀ ਜਾ ਚੁੱਕੀ ਹੈ। ਸ਼ਾਮ ਦੇ ਪੰਜ ਵਜੇ ਮੈਂ ਪੈਰਿਸ ਦੇ ਅਸਟਰਲਿਟਜ਼ ਸਟੇਸ਼ਨ ਤੇ ਜਾ ਉਤਰਿਆ। ਟੈਕਸੀ ਕਰਕੇ ਆਪਣੇ ਪੁਰਾਣੇ ਹੋਸਟਲ ਪਹੁੰਚ ਗਿਆ ਜਿਥੇ 1970 ਵਿਚ ਵਿਦਿਆਰਥੀ ਜੀਵਨ ਦੇ ਦੋ ਸਾਲ ਗੁਜਾਰੇ ਸਨ ।

ਪੈਰਿਸ ਦੁਨੀਆਂ ਦਾ ਸਭ ਤੋਂ ਸੁੰਦਰ ਸ਼ਹਿਰ ਮੰਨਿਆ ਜਾਂਦਾ ਹੈ । ਗਰਮੀਆਂ ਵਿਚ ਇਥੋਂ ਦੇ ਲੋਕ ਬਾਹਰ ਸੈਰ ਸਪਾਟੇ ਲਈ ਚਲੇ ਜਾਂਦੇ ਹਨ ਅਤੇ ਪੈਰਿਸ ਵਿਦੇਸ਼ੀ ਸੈਲਾਨੀਆਂ ਨਾਲ ਭਰ ਜਾਂਦਾ ਹੈ। ਦਸ ਲੱਖ ਦੇ ਕਰੀਬ ਸੈਲਾਨੀ ਹਰ ਮਹੀਨੇ ਪੈਰਿਸ 'ਚ ਦਾਖਲ ਹੁੰਦੇ ਹਨ। ਅਜੇ ਟੂਰਿਸਟ ਸਮਾਂ ਸ਼ੁਰੂ ਨਹੀਂ ਸੀ ਹੋਇਆ ਫਿਰ ਵੀ ਪੈਰਿਸ ਦੇ ਹੋਟਲ ਸੈਲਾਨੀਆਂ ਨਾਲ ਭਰੇ ਹੋਏ ਸਨ। ਰਿਹਾਇਸ਼ ਲਈ ਮੈਨੂੰ ਇੰਡੀਅਨ ਹੋਸਟਲ ਵਿਚ ਕਮਰਾ ਮਿਲ ਗਿਆ ਜਿਸਦਾ ਇਕ ਰਾਤ ਦਾ ਕਿਰਾਇਆ 1500 ਰੁਪਏ ਸੀ। ਇਥੇ ਰਸੋਈ ਦਾ ਪ੍ਰਬੰਧ ਵੀ ਹੈ ਅਤੇ ਆਪਣਾ ਭੋਜਨ ਤਿਆਰ ਕੀਤਾ ਜਾ ਸਕਦਾ ਹੈ। ਹੋਸਟਲ ਵਿਚ ਯੋਗਾ ਕਲਾਸ ਵੀ ਲਗਦੀ ਹੈ ਅਤੇ ਭਾਰਤ ਤੋਂ ਆਉਣ ਵਾਲੇ ਆਰਟਿਸਟ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਰਹਿੰਦੇ ਹਨ। ਮੇਰੇ ਲਈ ਪੁਰਾਣੀਆਂ ਯਾਦਾਂ ਤਾਜਾ ਕਰਨ ਦਾ ਚੰਗਾ ਮੌਕਾ ਮਿਲ ਗਿਆ।

8 ਅਪ੍ਰੈਲ ਨੂੰ ਮੈਂ ਪੈਰਿਸ ਸ਼ਹਿਰ ਦੀ ਯਾਤਰਾ ਤੇ ਨਿਕਲ ਗਿਆ । ਸਭ ਤੋਂ ਪਹਿਲਾਂ ਪੈਰਿਸ ਦੇ ਵਿਸ਼ਵ ਪ੍ਰਸਿੱਧ ਸਮਾਰਕ ਈਫਲ ਟਾਵਰ ਤੇ ਪਹੁੰਚਿਆ। ਇਸ ਦੀ ਸਿਖਰ ਤੇ ਜਾਣ ਲਈ ਹੁਣ ਚਾਰੇ ਪਾਸੇ ਲਿਫਟ ਲੱਗ ਗਏ ਹਨ ਪਰੰਤੂ ਘੁਮੱਕੜ ਕਿਸਮ ਦੇ ਸੈਲਾਨੀ ਅਜੇ ਵੀ ਪੌੜੀਆਂ ਰਾਹੀਂ ਉਪਰ ਚੜ੍ਹਨ ਦਾ ਲੁਤਫ ਲੈਂਦੇ ਹਨ । ਦਰਿਆ ਸੇਨ ਦੇ ਕਿਨਾਰੇ ਸੈਰ ਕਰਦਾ ਹੋਇਆ ਮੈਂ ਟਰੋਕਾਦੇਰੋ ਪਹੁੰਚ ਗਿਆ । ਇਸ ਜਗ੍ਹਾ ਤੋਂ ਈਫਲ ਟਾਵਰ ਦਾ ਨਜ਼ਾਰਾ ਲੱਭਦਾ ਹੈ ਅਤੇ ਪੈਰਿਸ ਦਾ ਮਸ਼ਹੂਰ ਅੱਡਾ ਹੈ । ਇਥੇ ਸ਼ਾਦੀ ਸ਼ੁਦਾ ਜੋੜੇ ਫੋਟੋ ਖਿਚਵਾ ਰਹੇ ਸਨ ਅਤੇ ਫਰਾਂਸ ਦੇ ਫਾਇਰ ਬਰੀਗੇਡ ਵਾਲੇ ਇਕ ਜਲਸਾ ਕਰ ਰਹੇ ਸਨ । ਮੈਂ ਕੁਝ ਫੋਟੋਆ ਖਿੱਚ ਕੇ ਮੈਟਰੋ ਗੱਡੀ ਰਾਹੀਂ ਪੈਰਿਸ ਦੇ ਮਸ਼ਹੂਰ ਗਿਰਜਾਘਰ 'ਨੋਟਰਡਾਮ' ਪਹੁੰਚ ਗਿਆ। ਇਥੇ ਵੀ ਸੈਲਾਨੀਆਂ ਦਾ ਤਾਂਤਾ ਲਗਾ ਰਹਿੰਦਾ ਹੈ ਅਤੇ ਅੰਦਰ ਜਾਣ ਲਈ ਅੱਧਾ ਕਿਲੋਮੀਟਰ ਲੰਬੀ ਕਤਾਰ ਪਿਛੇ ਲੱਗਣਾ ਪਿਆ। ਦਰਿਆ ਸੇਨ ਪੈਰਿਸ ਦੀ ਹਿਕ ਚੀਰ ਕੇ ਲੰਘਦਾ ਹੈ । ਇਸ ਵਿਚ ਸੈਲਾਨੀਆਂ ਲਈ ਜਹਾਜ ਚੱਲਦੇ ਹਨ ਅਤੇ ਰਾਤ ਨੂੰ ਪੈਰਿਸ ਦੀ ਸੁੰਦਰਤਾ ਵੇਖਣ ਦੇ ਸ਼ੌਕੀਨ ਇਨ੍ਹਾਂ ਬੇੜਿਆਂ ਦੀ ਸਵਾਰੀ ਕਰਦੇ ਹਨ । ਮੇਰੀ ਯੂਨੀਵਰਸਿਟੀ ਵੀ ਸੇਨ ਦਰਿਆ ਦੇ ਕੰਢੇ ਹੀ ਹੈ । ਛੁੱਟੀ ਦਾ ਦਿਨ ਹੋਣ ਕਰਕੇ ਮੈਂ ਬਾਹਰੋਂ ਹੀ ਗੇੜਾ ਲਾ ਕੇ ਮੁੜ ਆਇਆ । ਸਾਰਬੋਨ ਦੀ ਪੁਰਾਣੀ ਯੂਨੀਵਰਸਿਟੀ ਵੀ ਨੇੜੇ ਹੀ ਹੈ । ਇਥੇ ਦੇ ਰੈਸਤੋਰਾਂ ਵਿਦਿਆਰਥੀਆਂ ਨਾਲ ਭਰੇ ਰਹਿੰਦੇ ਹਨ ਅਤੇ ਇਸ ਮਹੱਲੇ ਨੂੰ 'ਲੈਟਿਨ ਕੁਆਰਟਰ' ਕਹਿੰਦੇ ਹਨ । ਵਿਦਿਆਰਥੀ ਜੀਵਨ ਨਾਲ ਸਬੰਧਿਤ ਯਾਦਾਂ ਨੂੰ ਤਾਜਾ ਕਰਕੇ ਮੈਂ ਸ਼ਾਮ ਹੋਣ ਤੱਕ ਆਪਣੇ ਹੋਸਟਲ ਪਰਤ ਆਇਆ । ਪੈਰਿਸ ਵਿਚ ਲੰਡਨ ਵਾਂਗ ਕਈ ਮਸ਼ਹੂਰ ਪਾਰਕ ਹਨ। ਮੋਂਟੇਸਰੀ ਪਾਰਕ ਇੰਡੀਅਨ ਹੋਸਟਲ ਦੇ ਲਾਗੇ ਹੀ ਹੈ। ਸੈਰ ਕਰਨ ਲਈ ਅੰਤਰ-ਰਾਸ਼ਟਰੀ ਹੋਸਟਲ ਦੇ ਕੈਂਪਸ ਵਿਚ ਪਾਰਕ ਹੈ । ਲਗਭਗ 30 ਦੇਸ਼ਾਂ ਦੇ ਆਪਣੇ ਹੋਸਟਲ ਇਸ ਕੈਂਪਸ ਵਿਚ ਬਣੇ ਹੋਏ ਹਨ ਅਤੇ ਦੁਨੀਆਂ ਭਰ ਤੋਂ ਵਿਦਿਆਰਥੀ ਪੈਰਿਸ ਦੀਆਂ ਚੌਦਾਂ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਆਉਂਦੇ ਹਨ।

9 ਅਪ੍ਰੈਲ ਐਤਵਾਰ ਦਾ ਦਿਨ ਹੋਣ ਕਰਕੇ ਮੇਰਾ ਪ੍ਰੋਗ੍ਰਾਮ ਬੋਬੀਨੀ ਦੇ ਸਿੰਘ ਸਭਾ ਗੁਰਦੁਵਾਰੇ ਜਾਣ ਦਾ ਸੀ । ਗਿਆਰਾਂ ਵਜੇ ਦੀ ਮੈਟਰੋ ਗੱਡੀ ਤੇ ਸਵਾਰ ਹੋ ਕੇ ਮੈਂ ਬੋਬੀਨੀ ਦੇ ਕਸਬੇ ਪਹੁੰਚ ਗਿਆ । ਪੈਰਿਸ ਦੇ ਆਲੇ ਦੁਆਲੇ ਕਈ ਕਸਬੇ ਆਬਾਦ ਹੋ ਚੁੱਕੇ ਹਨ ਅਤੇ ਵਿਦੇਸ਼ੀ ਕਾਮੇ ਇਨ੍ਹਾਂ ਸਸਤੇ ਕਰਾਏ ਵਾਲੇ ਕਸਬਿਆਂ ਵਿਚ ਰਹਿੰਦੇ ਹਨ । ਵਿਦੇਸ਼ਾਂ ਵਿਚ ਗੁਰਦਵਾਰੇ ਸਿਖਾਂ ਦੇ ਧਾਰਮਿਕ ਅਤੇ ਸਮਾਜਿਕ ਕੰਮਾਂ ਲਈ ਵਰਤੇ ਜਾਂਦੇ ਹਨ। ਬਾਰਾਂ ਵਜੇ ਤੱਕ ਵਿਆਹ ਸ਼ਾਦੀਆਂ ਅਤੇ ਅਖੰਡ ਪਾਠਾਂ ਦੀ ਬੁਕਿੰਗ ਹੁੰਦੀ ਹੈ ਅਤੇ

ਬਾਅਦ ਵਿਚ ਸੰਗਤ ਆ ਜੁੜਦੀ ਹੈ । ਜਦੋਂ ਮੈਂ ਗੁਰਦਵਾਰੇ ਪਹੁੰਚਿਆ ਤਾਂ ਕਿਸੇ ਵਿਰਕ ਪ੍ਰੀਵਾਰ ਦਾ ਰਖਾਇਆ ਅਖੰਡ ਪਾਠ ਦਾ ਭੋਗ ਪੈ ਰਿਹਾ ਸੀ । ਹਾਲ ਅੰਦਰ ਦਾਖਲ ਹੋ ਕੇ ਮੱਥਾ ਟੇਕਿਆ ਅਤੇ ਗੁਰਦਵਾਰੇ ਦੇ ਪ੍ਰਧਾਨ ਭਾਈ ਚੈਨ ਸਿੰਘ ਨੂੰ ਆਪਣੀ ਫਤਹ ਬੁਲਾਈ ਤੇ ਜਾਣ ਪਹਿਚਾਣ ਕਰਵਾਈ । ਕੁਝ ਸਾਲ ਪਹਿਲਾਂ ਵੀ ਮੈਂ ਇਸ ਗੁਰਦਵਾਰੇ ਦੇ ਦਰਸ਼ਨ ਕਰ ਗਿਆ ਸਾਂ ।

ਫਰਾਂਸ ਵਿਚ ਸਿੱਖਾਂ ਦਾ ਮੁੱਖ ਮੁੱਦਾ ਪਗੜੀ ਦਾ ਮਸਲਾ ਬਣ ਗਿਆ ਹੈ । ਫਰਾਂਸ ਸਰਕਾਰ ਨੇ 2004 ਵਿਚ ਇਕ ਕਾਨੂੰਨ ਬਣਾ ਕੇ ਰੋਕ ਲਗਾ ਦਿਤੀ ਹੈ ਕਿ ਸਰਕਾਰੀ ਸਕੂਲਾਂ ਅਤੇ ਹੋਰ ਸਰਕਾਰੀ ਅਦਾਰਿਆਂ ਵਿਚ ਧਾਰਮਿਕ ਚਿੰਨਾਂ ਦਾ ਪ੍ਰਦਰਸ਼ਨ ਕਰਨ ਤੇ ਮਨਾਹੀ ਹੋਵੇਗੀ । ਇਸ ਕਾਨੂੰਨ ਹੇਠ ਸਾਰੇ ਧਰਮਾਂ ਦੇ ਫਿਰਕੇ ਸ਼ਾਮਲ ਹਨ । ਸਿੱਖਾਂ ਦੇ ਡਰੈਸ ਕੋਡ ਵਿਚ ਪਗੜੀ ਸ਼ਾਮਲ ਹੈ ਜਿਸ ਕਰਕੇ ਸਿੱਖ ਬੱਚਿਆਂ ਨੂੰ ਪੈਰਿਸ ਦੇ ਸਰਕਾਰੀ ਸਕੂਲਾਂ ਵਿਚੋਂ ਬਾਹਰ ਕੱਢ ਦਿਤਾ ਗਿਆ। ਇਸ ਸਮੱਸਿਆ ਦੇ ਸਮਾਧਾਨ ਲਈ ਪੈਰਿਸ ਦੇ ਸਿਖ ਦੋ ਸਾਲ ਤੋਂ ਜੂਝ ਰਹੇ ਹਨ ਪਰੰਤੂ ਫਰਾਂਸ ਦੀ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਕਈ ਵਾਰ ਵਾਇਦਾ ਕਰਕੇ ਵੀ ਮੁਕਰ ਗਈ ਹੈ । ਮੇਰਾ ਪਹਿਲਾ ਸੁਝਾਅ ਸੀ ਕਿ ਪੈਰਿਸ ਦੇ ਸਿਖ ਬਾਕੀ ਧਰਮਾਂ ਨਾਲ ਰਲਕੇ ਰੋਸ ਪ੍ਰਗਟ ਕਰਨ ਤਾਂ ਵਧੇਰੇ ਅਸਰਦਾਇਕ ਹੋਵੇਗਾ । ਮੈਂ ਆਪਣੀ ਕਹਾਣੀ ਵੀ ਦੱਸੀ ਜਦੋਂ 1970 ਵਿਚ ਮੈਨੂੰ ਪਗੜੀ ਨਾਲ ਕਈ ਵਾਰ ਸਮੱਸਿਆ ਆਈ ਸੀ। ਦੂਸਰਾ ਸੁਝਾਅ ਭਾਰਤ ਸਰਕਾਰ ਤੋਂ ਮੱਦਦ ਲੈਣ ਦਾ ਸੀ ਅਤੇ ਅੰਤਮ ਸੁਝਾਅ ਪੈਰਿਸ ਵਿਚ ਸਿੱਖਾਂ ਦਾ ਆਪਣਾ ਖਾਲਸਾ ਸਕੂਲ ਕਾਇਮ ਕਰਨਾ ਸੀ । ਪੈਰਿਸ ਦੇ ਸਿੱਖ ਮੇਰੇ ਨਾਲ ਸਹਿਮਤ ਨਹੀਂ ਸਨ। ਚੈਨ ਸਿੰਘ ਨੇ ਆਪਣੇ ਭਾਸ਼ਣ ਵਿਚ ਮੇਰੇ ਸੁਝਾਵਾਂ ਬਾਰੇ ਚਰਚਾ ਕੀਤੀ ਅਤੇ ਦੱਸਿਆ ਕਿ ਇਕ ਵਫਦ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਪੰਜਾਬ ਗਿਆ ਹੋਇਆ ਹੈ । ਗੁਰਦਵਾਰੇ ਵਿਚ ਹਾਜ਼ਰ ਸੰਗਤ ਤੋਂ ਭਲੀ ਭਾਂਤ ਲੱਭ ਰਿਹਾ ਸੀ ਕਿ ਪਗੜੀ ਵਾਲੇ ਸਿੱਖ ਤਾਂ ਵਿਰਲੇ ਟਾਵੇਂ ਹੀ ਹਨ। ਸਿੱਖ ਕਾਮੇ ਮੋਨੇ ਹੀ ਹਨ ਅਤੇ ਗੁਰਦਵਾਰਾ ਇਕ ਸਭਿਆਚਾਰਕ ਕੇਂਦਰ ਦਾ ਕੰਮ ਸਾਰਦਾ ਹੈ। ਲੰਗਰ ਛਕ ਕੇ ਮੈਂ ਹੋਸਟਲ ਪਰਤ ਆਇਆ ਅਤੇ 10 ਅਪ੍ਰੈਲ ਨੂੰ ਏਅਰ ਇੰਡਿਆ ਦੀ ਉਡਾਨ ਰਾਹੀਂ ਦਿੱਲੀ ਵੱਲ ਰਵਾਨਾ ਹੋ ਗਿਆ।

~~~
~~~